ਗੁਰਮਤਿ ਲੈਕਚਰ

ਪ੍ਰਤਾਪ ਸਿੰਘ 'ਗਿਆਨੀ'

ਕਰਤਾ ਦੇ ਸਭ ਹੱਕ ਰਾਖਵੇਂ ਹਨ ।

ਗੁਰਮਤਿ ਲੈਕਚਰ

ਜੀਵਨ ਫ਼ਿਲਾਸਫ਼ੀ ਦਸ ਗੁਰੂ ਸਾਹਿਬਾਨ

ਕਰਤਾ-

ਪ੍ਰਤਾਪ ਸਿੰਘ ਗਿਆਨੀ

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ, ਅਨੰਦਪੁਰ ਸਾਹਿਬ
ਅਤੇ ਐਡੀਟਰ 'ਗਿਆਨ ਅੰਮ੍ਰਿਤ'

ਪ੍ਰਕਾਸ਼ਕ-

ਖਾਲਸਾ ਬ੍ਰਦਰਜ਼

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਦਸਵੀਂ ਐਡੀਸ਼ਨ ੧੯੯੯

ਤਤਕਰਾ

ਵਚਨਾਰੰਭ

ਇਸ ਪੁਸਤਕ ਵਿਚ ਕੀ ਹੈ ? ਦਸ ਸਤਿਗੁਰੂਆਂ ਦੇ ਜੀਵਨ ਚਰਿੱਤਰ ਤੇ ਫ਼ਿਲਾਸਫ਼ੀ। ਇਹ ਮੇਰੀ ਕਈ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ੧੯੧੮ ਵਿਚ ਗੁਰਪੁਰਵਾਸੀ ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਪ੍ਰੇਰਨਾ ਨਾਲ ਸੰਤ ਅਤਰ ਸਿੰਘ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਜੁਲਾਈ ੧੯੨੩ ਵਿਚ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਆਇਆ। ਪੰਦਰਾਂ ਬਰਸ ਪ੍ਰਚਾਰ ਦੀ ਸੇਵਾ ਕਰਨ ਦੇ ਬਾਅਦ ੧੯੪੯ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਪ੍ਰਾਪਤ ਹੋਈ। ਇਹ ਵੀਹ ਇਕੀ ਸਾਲ ਦੇ ਸਮੇਂ ਵਿਚ ਮੇਰਾ ਜੀਵਨ ਉਦੇਸ਼ ਸਿਖੀ ਪ੍ਰਚਾਰ ਰਿਹਾ ਹੈ ਅਤੇ ਹੁਣ ਵੀ ਹੈ। ਗੁਰਬਾਣੀ, ਸਿੱਖ ਇਤਿਹਾਸ, ਹੋਰ ਪੁਸਤਕਾਂ ਦੇ ਪੜ੍ਹਨ ਅਤੇ ਵਿਦਵਾਨ ਪੁਰਸ਼ਾਂ ਦੀ ਸੰਗਤ ਕਰਕੇ ਜੋ ਚੀਜ਼ਾਂ ਪ੍ਰਾਪਤ ਹੋਈਆਂ, ਉਨ੍ਹਾਂ ਨੂੰ ਮੈਂ ਲਿਖਤ ਰੂਪ ਵਿਚ ਨੋਟ ਕਰਦਾ ਰਿਹਾ। ਇਹ ਮਸਾਲਾ ਚਾਰ ਪੰਜ ਹਜ਼ਾਰ ਸਫ਼ੇ ਦਾ ਇਕੱਤਰ ਹੋ ਗਿਆ। ਬਹੁਤ ਸਾਰੇ ਸਜਨਾਂ ਮਿੱਤਰਾਂ ਦੀ ਪਰੇਰਨਾਂ ਨਾਲ ਉਸ 'ਚੋਂ ਕੁਛ 'ਗੁਰਮਤਿ ਲੈਕਚਰ' ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਇਹ ਬਿਤਾਲੀ ਵਿਆਖਿਆਨ ਹਨ। ਇਸ ਲਈ ਮਜ਼ਮੂਨਾਂ ਅਨੁਸਾਰ ਤਰਤੀਬ ਦਿਤੀ ਗਈ ਹੈ। ਸਾਖੀਆਂ ਤੇ ਘਟਨਾਵਾ ਨੂੰ ਇਤਿਹਾਸਕ ਖੋਜ ਤੇ ਸਮੇਂ ਦੀਆਂ ਲੀਹਾਂ ਅਨੁਸਾਰ ਠੀਕ ਕਰਨ ਦਾ ਖਿਆਲ ਰਖਿਆ ਗਿਆ ਹੈ। ਇਸ ਦੇ ਲਿਖਣ ਵਿਚ ਵੱਡੀ ਔਕੜ ਇਹ ਸੀ ਕਿ ਇਕ ਤੇ ਪ੍ਰਮਾਣੀਕ ਤੇ ਸਹੀ ਖੋਜ ਕਰਕੇ ਲਿਖਿਆ ਹੋਇਆ ਇਤਿਹਾਸ ਨਹੀਂ ਮਿਲਦਾ। ਦੂਜੇ ਸਿਖ ਫ਼ਿਲਾਸਫ਼ੀ ਉਤੇ ਵੀ ਪੁਸਤਕਾਂ

ਘਟ ਹੀ ਮਿਲਦੀਆਂ ਹਨ । ਵਰਤਮਾਨ ਸਮੇਂ ਵਿਚ ਇਤਿਹਾਸ ਤੇ ਗੁਰਮਤਿ ਸਬੰਧੀ ਨਵੀਂ ਰੋਸ਼ਨੀ, ਨਵੇਂ ਢੰਗ ਤੇ ਖੋਜ ਅਨੁਸਾਰ ਪੁਸਤਕਾਂ ਲਿਖਣ ਦੀ ਬੜੀ ਲੋੜ ਹੈ । ਇਹ ਕੰਮ ਇਕ ਆਦਮੀ ਦਾ ਨਹੀਂ, ਪੰਥ ਦਾ ਹੈ ।

'ਗੁਰਮਤਿ ਲੈਕਚਰ' ਨੂੰ ਪੁਸਤਕ ਰੂਪ ਦੇਣਾ ਮੇਰਾ ਨਿਤਾਣਾ ਜਿਹਾ ਜਤਨ ਹੈ । ਇਸ ਨੂੰ ਸੋਧਣ ਤੇ ਵਿਚਾਰਨ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਜੋ ਕਿਰਪਾ ਕੀਤੀ ਹੈ, ਉਸ ਲਈ ਮੈਂ ਉਨ੍ਹਾਂ ਦਾ ਰਿਣੀ ਤੇ ਕ੍ਰਿਤੱਗਯ ਹਾਂ । ਕੁਝ ਇਤਿਹਾਸਕ ਗੱਲਾਂ ਠੀਕ ਕਰਨ ਵਿਚ ਸਰਦਾਰ ਗੰਡਾ ਸਿੰਘ ਜੀ ਨੇ ਸਹਾਇਤਾ ਕੀਤੀ, ਉਹਨਾਂ ਦਾ ਹਾਰਦਾਇਕ ਧੰਨਵਾਦ ।

ਪਹਿਲੀ ਐਡੀਸ਼ਨ ਗਿਆਨੀ ਸੇਵਾ ਸਿੰਘ, ਸਿੰਘ ਬ੍ਰਦਰਜ਼ ਤੇ ਸਰਦਾਰ ਹਰਨਾਮ ਸਿੰਘ ਜੀ ਦੇ ਉਦਮ ਨਾਲ ਪ੍ਰਕਾਸ਼ਤ ਹੋਈ ਸੀ । ਇਸ ਤੇ ਕਿੰਨੀ ਕੁ ਮਿਹਨਤ ਕੀਤੀ ਗਈ ਹੈ ਤੇ ਇਸ ਵਿਚ ਕਿੰਨਾ ਕੁ ਨਿੱਗਰ ਮੈਟਰ ਦਿਤਾ ਗਿਆ ਹੈ ? ਇਸ ਦਾ ਨਿਰਨਾ ਸੁਹਿਰਦ ਪਾਠਕਾਂ ਤੇ ਛਡਦਾ ਹਾਂ ।

'ਗੁਰਮਤਿ ਲੈਕਚਰ' ਨੂੰ ਮੇਰੇ ਅਨੁਮਾਨ ਤੋਂ ਵਧੇਰੇ ਪਸੰਦ ਤੇ ਪ੍ਰਵਾਨ ਕੀਤਾ ਗਿਆ ਹੈ ।

ਸ੍ਰੀ ਅੰਮ੍ਰਿਤਸਰ ਜੀ] ਪ੍ਰਤਾਪ ਸਿੰਘ
ਪੋਹ ਸੁਦੀ ਸਪਤਮੀ ੨੦੦੧ ਬਿ:] ਗਿਆਨੀ

ਸਤਵੀਂ ਐਡੀਸ਼ਨ

ਅਸੀਂ ਪਾਠਕਾਂ ਦੀ ਸੇਵਾ ਵਿਚ 'ਗੁਰਮਤਿ ਲੈਕਚਰਜ਼' ਦੀ ਸਤਵੀਂ ਐਡੀਸ਼ਨ ਪੇਸ਼ ਕਰ ਰਹੇ ਹਾਂ। ਪੰਜਾਬੀ ਵਿਚ ਕਿਸੇ ਪੁਸਤਕ ਦਾ ਸਤ ਵੇਰ ਛਪਣਾ ਉਸ ਦੀ ਬੇਹੱਦ ਮਕਬੂਲੀਅਤ ਦਾ ਅਕੱਟ ਸਬੂਤ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਦਸ ਸਤਿਗੁਰੂਆਂ ਦੇ ਪਵਿੱਤ੍ਰ ਜੀਵਨ ਤੇ ਫਿਲਾਸਫੀ ਨੂੰ ਇਸ ਪੁਸਤਕ ਵਿਚ ਬਹੁਤ ਸੁਚੱਜੇ, ਖੋਜ ਭਰਪੂਰ, ਦਾਰਸ਼ਨਿਕ ਅਤੇ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਦੀ ਬਰਾਬਰੀ ਹੋਰ ਕੋਈ ਪੁਸਤਕ ਨਹੀਂ ਕਰਦੀ।

ਸਾਨੂੰ ਕਿਤਨੇ ਗੁਣੀਆਂ, ਗਿਆਨੀਆਂ. ਪ੍ਰਚਾਰਕਾਂ, ਰਾਗੀਆਂ, ਢਾਡੀਆਂ ਤੇ ਗ੍ਰੰਥੀਆਂ ਨੇ ਕਿਹਾ ਹੈ ਕਿ 'ਗੁਰਮਤਿ ਲੈਕਚਰ' ਸਾਡੇ ਲਈ ਅਤਿ ਲਾਭਦਾਇਕ 'ਗਾਈਡ ਬੁਕ' ਹੈ। ਜਦ ਵੀ ਕਿਸੇ ਗੁਰਪੁਰਬ ਉਤੇ ਦਸ ਗੁਰੂ ਸਾਹਿਬਾਨ ਦੇ ਪਵਿੱਤ੍ਰ ਜੀਵਨ ਪਰ ਕੁਝ ਕਹਿਣਾ ਹੋਵੇ ਤਾਂ ਅੱਧਾ ਘੰਟਾ ਪਹਿਲੋਂ ਇਸ ਦੇ ਮੁਤਾਲਿਆ ਨਾਲ ਆਸਾਨੀ ਨਾਲ ਸੰਗਤ ਵਿਚ ਕੁਝ ਕਿਹਾ ਜਾ ਸਕਦਾ ਹੈ।

ਕਈ ਸੱਜਨਾਂ ਨੇ ਤਾਂ ਇਥੋਂ ਤਕ ਵੀ ਕਿਹਾ ਹੈ ਕਿ ਇਸ ਪੁਸਤਕ ਨੇ ਸਾਨੂੰ ਪ੍ਰਚਾਰਕ ਬਣਾ ਦਿਤਾ ਹੈ।

ਕਈ ਲਿਖਾਰੀ ਤੇ ਐਡੀਟਰ ਵੀ ਦਸ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਕੁਝ ਲਿਖਣ ਲਈ ਇਸ ਦੀ ਸਹਾਇਤਾ ਲੈਂਦੇ ਹਨ। ਗੁਰੂ ਸਾਹਿਬਾਨ ਪਰ ਸ਼ਰਧਾ ਰਖਣ ਵਾਲਾ ਕੋਈ ਗੁਰਸਿਖ ਜਾਂ ਕੋਈ ਅਨਮਤੀ ਇਸ ਦਾ ਅਧੇਨ ਕਰੇ, ਉਹ ਜ਼ਰੂਰ ਪ੍ਰਭਾਵਤ ਹੁੰਦਾ ਹੈ।

ਕਈ ਮਿੱਤਰਾਂ ਨੇ ਕਿਹਾ ਹੈ ਕਿ ਇਸ ਪੁਸਤਕ ਨੂੰ ਹਿੰਦੀ ਵਿਚ ਵੀ ਪ੍ਰਕਾਸ਼ਤਕੀਤਾ ਜਾਵੇ,ਇਸ ਲਈ ਕਿ ਹਿੰਦੀ ਰਾਸ਼ਟਰ ਭਾਸ਼ਾ ਮੰਨੀਗਈ ਹੈ। ਇਸ ਪੁਸਤਕ ਦੇ ਹਿੰਦੀ ਵਿਚ ਹੋਣ ਨਾਲ ਇਸ ਦੇ ਪਾਠਕਾਂ ਦਾ ਘੇਰਾ ਹੋਰ ਮੋਕਲਾ ਹੋ ਜਾਇਗਾ ਅਤੇ ਗੁਰੂ ਇਤਿਹਾਸ ਨਾਲ ਦਿਲਚਸਪੀ ਰਖਣ ਵਾਲਿਆਂ ਨੂੰ ਵਧੇਰੇ ਲਾਭ ਪੁਜ ਸਕੇਗਾ।

ਇਸ ਵਕਤ ਅਸੀਂ 'ਗੁਰਮਤਿ ਲੈਕਚਰਜ਼' ਦੀ ਹਿੰਦੀ ਐਡੀਸ਼ਨ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ। ਪਰ ਸੱਜਣਾਂ ਮਿੱਤ੍ਰਾਂ ਦੀ ਤਜਵੀਜ਼ ਕਾਫ਼ੀ ਵਜ਼ਨਦਾਰ ਹੈ। ਉਸ ਨੂ ਅਮਲੀ ਸ਼ਕਲ ਦੇਣ ਲਈ ਜਤਨ ਜ਼ਰੂਰ ਕਰਾਂਗੇ।

ਇਸ ਐਡੀਸ਼ਨ ਵਿਚ ਕਈ ਥਾਈਂ ਸੁਧਾਈ ਕੀਤੀ ਗਈ ਹੈ। ਕੁਝ ਨਵਾਂ ਮੈਟਰ ਵੀ ਪਾਇਆ ਗਿਆ ਹੈ। ਇਸ ਲਈ ਸਫੇ ਅਗੇ ਨਾਲੋਂ ਕੁਝ ਵੱਧ ਗਏ ਹਨ।

ਪਿਛਲੇ ਮਹੀਨਿਆਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਵਰ੍ਹੇ ਗੰਢ ਦੇ ਕਾਰਨ ਅਤੇ ਰਸਾਲਾ ਗਿਆਨ ਅੰਮ੍ਰਿਤ ਦੀ ਵੇਖ ਭਾਲ ਕਰਕੇ ਇਸ ਪੁਸਤਕ ਲਈ ਪੂਰਾ ਵਕਤ ਨਹੀਂ ਦਿਤਾ ਜਾ ਸਕਿਆ। ਪਰ ਫਿਰ ਵੀ ਜਿਤਨਾ ਵਕਤ ਮਿਲ ਸਕਿਆ ਹੈ, ਇਸ ਦੀ ਸੁਧਾਈ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਪਾਵਨ ਗੁਰਬਾਣੀ ਦਾ ਵਾਕ ਹੈ-ਭੁਲਣ ਅੰਦਰ ਸਭੁ ਕੋ ਅਭੁਲੁ ਗੁਰੂ ਕਰਤਾਰੁ। ਇਸ ਅਨੁਸਾਰ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਜੇ ਉਹ ਇਸ ਪੁਸਤਕ ਵਿਚ ਕੋਈ ਤਰੁਟੀ ਜਾਂ ਭੁਲ ਵੇਖਣ ਤਾਂ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ, ਤਾਂ ਕਿ ਅਗਲੀ ਐਡੀਸ਼ਨ ਵਿਚ ਉਸ ਦੀ ਸੁਧਾਈ ਕੀਤੀ ਜਾ ਸਕੇ।

ਪੰਜਾਬੀ ਦੇ ਧਾਰਮਿਕ ਸਾਹਿਤ ਵਿਚ 'ਗੁਰਮਤਿ ਲੈਕਚਰਜ਼' ਦੀ ਏਨੀ ਮਕਬੂਲੀਅਤ ਅਤੇ ਸਫਲਤਾ ਸਰਬ ਸ਼ਕਤੀਮਾਨ ਵਾਹਿਗੁਰੂ ਤੇ ਸਤਿਗੁਰੂਆਂ ਦੀ ਮਿਹਰ ਤੇ ਬਖਸ਼ਿਸ਼ ਦਾ ਸਦਕਾ ਹੈ। ਇਸ ਲਈ ਉਨ੍ਹਾਂ ਦਾ ਧੰਨਵਾਦ ਹੈ।

ਸੋਮਵਾਰ ੭ ਚੇਤ ੨੦੨੩
੨੦ ਮਾਰਚ ੧੯੬੭

ਪ੍ਰਤਾਪ ਸਿੰਘ ਗਿਆਨੀ
ਸਾਬਕ ਜਥੇਦਾਰ ਸ੍ਰੀ ਅਕਾਲ ਤਖਤ
ਤੇ ਐਡੀਟਰ 'ਗਿਆਨ ਅੰਮ੍ਰਿਤ'
ਅੰਮ੍ਰਿਤਸਰ

ਜਗਤ ਤਾਰਕ

ਸ੍ਰੀ ਗੁਰੂ ਨਾਨਕ ਦੇਵ ਜੀ

(੧) ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦਏ ਜਹਿ ਤਹਿ ਭਏ ਸਹਾਇ।
(ਬਚਿਤ੍ਰ ਨਾਟਕ)

(੨) ਹਰ ਦੋ ਨੂਨੇ ਨਾਮ ਪਾਕਸ਼ ਨਈਮੋ ਨਸੀਰ।
ਅਲਫ਼ੇ ਮਿਆਨਾ ਅਹੱਦ ਕਾਫ਼ ਆਖਰੀਂ ਰਾ ਆਖਰੀਂ ਕਬੀਰ।

ਭਾਵ–ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਨਾਮ ਵਿਚ ਦੋ 'ਨ' ਇਕਠੇ ਆਉਂਦੇ ਹਨ। ਪਹਿਲਾਂ 'ਨ' ਉਨ੍ਹਾਂ ਨੂੰ ਨਈਮ–ਨਆਮਤਾਂ ਦੇਣ ਵਾਲਾ ਦੂਜਾ ਨਸੀਰ-ਮਦਦਗਾਰ ਪ੍ਰਗਟ ਕਰਦਾ ਹੈ। ਵਿਚਕਾਰਲਾ ਅਲਫ਼ (ਕੰਨਾ) ਅਹੱਦ-ਇਕ ਤੇ ਅੰਤਮ ਕਾਫ਼ (ਕ) ਉਨ੍ਹਾਂ ਨੂੰ ਕਬੀਰ (ਵੱਡਾ) ਦਸਦਾ ਹੈ।

(ਤੌਸੀਫ਼ੋਸਨਾ ਕ੍ਰਿਤ ਭਾਈ ਨੰਦ ਲਾਲ)

ਬਾਦਰ ਪਰਾਇ ਜਾਤ ਪਸ਼ਚਮ ਕੀ ਵਾਤ ਪਾਇ,
ਗੁਣ ਹੂੰ ਪਰਾਇ ਜਾਤ ਜੈਸੇ ਲੋਭਵਾਨ ਤੇ।
ਉਤਮ ਗੁਨੀ ਨਿਰਾਸ ਹੋਤ ਜਿਉਂ ਨਿਰਾਦਰ ਤੇ,
ਦੇਖ ਦ੍ਰਿਗ ਭੋਰ ਚੋਰ ਧਾਮ ਧਨਵਾਨ ਤੇ।
ਸਿੰਘ ਕੋ ਨਿਹਾਰ ਮ੍ਰਿਗ ਦੌਰ ਜਾਤ ਦੇਰ ਬਿਨ,
ਘਾਮ ਤੇ ਪਲਾਵੈ ਸੀਤ ਰੈਨਿ ਰਵਿ ਧਾਮ ਤੇ।
ਬਿਕ੍ਰਮ ਮ੍ਰਿਗੇਸ਼ ਤਿਮ ਅਗਯਾਨ ਕੁਲ ਭਾਗ ਜਾਤ,
ਕਾਨ ਸੁਨੇ ਨਾਮ ਗੁਰੂ ਨਾਨਕ ਨਿਰਬਾਨ ਕੇ।

ਸ੍ਰੀ ਗੁਰੂ ਨਾਨਕ ਦੇਵ ਜੀ

ਅਵਤਾਰ ਧਾਰਿਆ	: ਕਤਕ ਪੂਰਨਮਾਸ਼ੀ, ਸੰ: ੧੫੨੬ ਬਿਕ੍ਰਮੀ।
ਜਨਮ ਅਸਥਾਨ	: ਸ੍ਰੀ ਨਨਕਾਣਾ ਸਾਹਿਬ (ਰਾਇ ਭੁਇ ਦੀ ਤਲਵੰਡੀ)।
ਮਾਤਾ ਪਿਤਾ	: ਮਹਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਜੀ।
ਵਿਆਹ	: ਪੱਖੋਕੇ ਰੰਧਾਵੇ ਦੇ ਮੂਲ ਚੰਦ ਚੋਣੇ ਦੀ ਬੇਟੀ ਸ੍ਰੀ ਸੁਲੱਖਣੀ ਨਾਲ ਬਟਾਲੇ ਵਿਚ।
ਪਹਿਲੀ ਉਦਾਸੀ	: ਪੂਰਬ ਦੀ ਸੰਮਤ ੧੫੫੪।
ਦੂਜੀ ਉਦਾਸੀ	: ਦੱਖਣ ਦੀ ਸੰਮਤ ੧੫੬੭।
ਤੀਜੀ ਉਦਾਸੀ	: ਉਤਰ ਦੀ ਸੰਮਤ ੧੫੭੧।
ਚੌਥੀ ਉਦਾਸੀ	: ਪੱਛਮ ਦੀ ਸੰਮਤ ੧੫੭੫।
ਕਰਤਾਰਪੁਰ (ਰਾਵੀ)	: ਪਹਿਲੀ ਉਦਾਸੀ ਦੇ ਪਿਛੋਂ ਵਸਾਇਆ।
ਜੋਤੀ ਜੋਤ ਸਮਾਏ	: ਅਸੂ ਵਦੀ ੧੦ ਸੰਮਤ ੧੫੯੬ ਕਰਤਾਰ ਪੁਰ (ਹੁਣ ਜ਼ਿਲਾ ਸਿਆਲਕੋਟ ਪਾਕ:)।

ੴ ਸਤਿਗੁਰ ਪ੍ਰਸਾਦਿ ॥

ਪਹਿਲਾ ਵਿਆਖਿਆਨ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਦੇਸ਼ ਦੀ ਧਾਰਮਿਕ ਤੇ ਰਾਜਨੀਤਕ ਹਾਲਤ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਅਜੇਹੇ ਨਾਜ਼ਕ ਸਮੇਂ ਵਿਚ ਹੋਇਆ, ਜਦ ਕਿ ਭਾਰਤ ਵਿਚ ਧਾਰਮਿਕ ਤੇ ਰਾਜਨੀਤਕ ਤੌਰ ਤੇ ਬੜੀ ਗੜ ਬੜ ਮਚੀ ਹੋਈ ਸੀ । ਪੁਰਾਣੇ ਬ੍ਰਾਹਮਣ ਮਤ ਦੇ ਵਿਰੁਧ ਜੈਨ ਅਤੇ ਬੁਧ ਧਰਮ ਖੜੇ ਹੋਏ, ਪਰ ਮਿਟ ਚੁਕੇ ਸਨ । ਇਨ੍ਹਾਂ ਧਰਮਾਂ ਨੇ ਆਪਣੇ ਪਿਛੇ ਕਾਫੀ ਅਸਰ ਛੱਡਿਆ, ਇਸ ਲਈ ਕਈ ਨਵੀਆਂ ਸੰਪ੍ਰਦਾਵਾਂ ਦਾ ਜਨਮ ਹੋਇਆ ।

ਮਹਾਤਮਾ ਬੁਧ ਨੇ ਕਰਮ ਕਾਂਡ, ਕਠਨ ਤਪੱਸਿਆ, ਵੈਦਕ ਦੇਵ ਪੂਜਾ, ਜ਼ਾਤ ਪਾਤ ਦੇ ਬੰਧਨਾਂ ਤੋਂ ਇਨਕਾਰ ਕੀਤਾ । ਉਸ ਨੇ ਡੂੰਘੀ ਸੋਚ ਵਿਚਾਰ ਦੇ ਪਿਛੋਂ ਕੁਝ ਜੀਵਨ ਤਤ੍ਵ ਮਾਲੂਮ ਕੀਤੇ ਸਨ । ਇਸ ਲਈ ਚੰਗੀ ਸੂਝ ਵਾਲੇ ਆਦਮੀਆਂ ਤੇ ਕਈ ਰਾਜਿਆਂ ਨੇ ਇਸ ਮੱਤ ਨੂੰ ਧਾਰਨ ਕੀਤਾ ।

ਇਕ ਤੇ ਰਾਜ ਦਾ ਤੇਜੱਵਸੀ, ਦੂਜੇ ਬੁਧ ਨੇ ਪੁਰਾਤਨ ਮੁਰਦਾ ਬੋਲੀਆਂ ਦੀ ਥਾਂ ਪ੍ਰਚਲਤ ਲੋਕ ਬੋਲੀਆਂ ਨੂੰ ਧਰਮ ਵਿਚ ਥਾਂ ਦਿਤੀ । ਇਨ੍ਹਾਂ ਵਿਚ ਧਰਮ ਗਰੰਥ ਲਿਖੇ ਤੇ ਪ੍ਰਚਾਰ ਕੀਤਾ, ਇਸ ਲਈ ਸਾਧਾਰਨ ਜਨਤਾ ਨੇ ਵੀ ਬੁਧ ਧਰਮ ਨੂੰ ਅਪਣਾਇਆ ।

ਬੁਧ ਨੇ ਮਨੁਖ ਨੂੰ ਅੰਤਰਮੁਖੀ ਬਣਨ ਦੀ ਪ੍ਰੇਰਨਾ ਕੀਤੀ । ਸੇਵਾ, ਪਿਆਰ, ਬਰਾਬਰੀ ਤੇ ਅਹਿੰਸਾ ਦੇ ਨਾਲ 'ਨਿਰਬਾਣ ਪਦਵੀ ਪ੍ਰਾਪਤ ਕਰਨੀ ਇਸ ਲਈ ਅੰਤਮ ਨਿਸ਼ਾਨਾ ਸੀ । ਬੁਧ 'ਸ਼ੂੰਨ ਵਾਦੀ' ਸੀ । ਉਸ ਦਾ ਖਿਆਲ ਸੀ ਕਿ ਰੱਬ ਕੋਈ ਚੇਤੰਨ ਹਸਤੀ ਨਹੀਂ,

ਜਿਸ ਤੋਂ ਜਗਤ ਬਣਿਆ ਹੈ । ਉਹ ਕਹਿੰਦਾ ਸੀ–'ਜੇ ਪ੍ਰਮਾਤਮਾ ਹੈ, ਤਾਂ ਭੀ ਚੰਗੇ ਬਣਨ ਦੀ ਲੋੜ ਹੈ। ਜੇ ਨਹੀਂ ਤਾਂ ਭੀ ਨੇਕ ਬਣਨਾ ਚਾਹੀਦਾ ਹੈ ।'

ਬੁਧ ਧਰਮ ਵਿਚ ਸੇਵਾ ਤੇ ਬਰਾਬਰੀ ਤਾਂ ਸੀ, ਪਰ ਈਸ਼੍ਵਰ ਭਗਤੀ ਨਹੀਂ ਸੀ । ਇਸ ਤੋਂ ਬਿਨਾਂ ਬੁਧ ਨੇ ਤ੍ਰਿਸ਼ਨਾ ਨੂੰ ਦੁਖਾਂ ਦਾ ਮੂਲ ਅਤੇ ਮਨੁੱਖ ਜੀਵਨ ਨੂੰ ਦੁਖ ਰੂਪ ਮੰਨ ਕੇ ਸੰਸਾਰ ਵਲੋਂ ਉਪਰਾਮਤਾ ਪੈਦਾ ਕੀਤੀ । ਜੀਵਨ ਤੋਂ ਉਪਰਾਮਤਾ ਹੋਣ ਕਰਕੇ ਇਹ ਮੱਤ ਜਰਵਾਣਿਆਂ ਦੇ ਹਮਲਿਆਂ ਦਾ ਟਾਕਰਾ ਨਾ ਕਰ ਸਕਿਆ । ਇਸ ਲਈ ਜਦ ਸ਼ੰਕਰਚਾਰਯ ਨੇ ਅਦ੍ਵੈਤਵਾਦ ਰਾਹੀਂ ਇਸਦਾ ਖੰਡਨ ਕੀਤਾ ਗਿਆ, ਤਦ ਹਿੰਦੁਸਤਾਨ ਨੇ ਬੁਧ ਧਰਮ ਨੂੰ ਤਿਆਗ ਦਿਤਾ ।

ਸ਼ੰਕਰ ਨੇ ਪੁਰਾਣੇ ਧਰਮ ਦੀ ਟੁਟੀ ਹੋਈ ਤਾਣੀ ਨੂੰ ਮੁੜ ਗੰਢ ਲਿਆ। 'ਸ਼ੂੰਨਵਾਦ' ਦੇ ਮੁਕਾਬਲੇ ਤੇ ਭਗਤੀ ਅਤੇ ਦੁਸ਼ਮਨਾਂ ਦਾ ਟਾਕਰਾ ਕਰਨ ਲਈ ਰਾਜਪੂਤ ਤੇ ਛੱਤ੍ਰੀ ਰਾਜਿਆਂ ਨੂੰ ਜੋੜਿਆ ਗਿਆ।

ਓਦੋਂ ਤੋਂ ਬੁਧ ਧਰਮ ਹਿੰਦੁਸਤਾਨ ਵਿਚੋਂ ਮਿਟ ਗਿਆ। ਪਰ ਜੋ ਉਸ ਨੇ ਪਿਛੇ ਸੂਖਮ ਅਸਰ ਛੱਡਿਆ ਸੀ, ਉਸ ਨੇ ਜੋਗ ਮੱਤ ਨੂੰ ਜਨਮ ਦਿਤਾ। ਇਹ ਮੱਤ ਨਿਰੋਲ ਅੰਤਰਮੁਖੀ ਸੀ । ਸ੍ਰੀਰਕ ਤਪਸਿਆ ਪ੍ਰਾਣਾਯਾਮ, ਨਿਰਵਿਕਲਪ ਸਮਾਧੀ ਅਤੇ ਨਿਰੰਤਰ ਹੋ ਕੇ 'ਅਨਹਦ ਸ਼ਬਦ' ਸੁਣਨ ਦਾ ਉਪਦੇਸ਼ ਕਰਦਾ ਸੀ।

ਸੰਸਾਰਕ-ਜੀਵਨ ਤੋਂ ਉਪਰਾਮਤਾ ਇਸ ਵਿਚ ਭੀ ਸੀ । ਜੋਗ ਮੱਤ ਦਾ ਅਸਰ ਲਗ ਪਗ ਹਿੰਦੁਸਤਾਨ ਦੇ ਸਾਰੇ ਹਿਸਿਆਂ ਤੇ ਪਿਆ। ਜੋਗੀਆ ਦੇ ਟਿਕਾਣੇ ਸਾਰੇ ਪ੍ਰਾਂਤਾਂ ਵਿਚ ਮਿਲਦੇ ਹਨ, ਜਿਵੇਂ ਪੰਜਾਬ ਵਿਚ ਗੋਰਖਨਾਥ ਦਾ ਟਿੱਲਾ (ਜੇਹਲਮਤਾਸ), ਅਚਲ ਵਟਾਲਾ (ਮੱਧ ਪੰਜਾਬ) ਅਤੇ ਅਟਕ ਤੋਂ ਪਾਰ 'ਗੋਰਖ-ਹਟੜੀ' (ਪਿਸ਼ਾਵਰ) ਜੋਗੀਆਂ ਦੇ ਗੜ੍ਹ ਸਨ । ਰਾਜਪੂਤਾਨੇ ਤੇ ਮਰਵਾੜ ਵਿਚ ਅਜਮੇਰ ਬੜਾ ਭਾਰੀ ਕੇਂਦਰ ਸੀ। ਯੂ. ਪੀ. ਵਿਚ ਗੋਰਖ ਮਤਾ ਅਤੇ ਗੋਰਖਪੁਰ

ਆਦਿ ਟਿਕਾਣੇ ਸਨ । ਕਸ਼ਮੀਰ ਅਤੇ ਉਤਰਾ ਖੰਡ ਦੇ ਪਹਾੜਾਂ ਵਿਚ ਵੀ ਜੋਗੀਆਂ ਦੇ ਮਠ ਸਨ।

ਭਾਵੇਂ ਜੋਗ ਮੱਤ ਨੇ ਹਿੰਦੁਸਤਾਨ ਦੇ ਕਈ ਰਾਜਿਆਂ ਨੂੰ ਜੋਗੀ ਬਣਾਇਆ, ਪਰ ਬੁਧ ਧਰਮ ਵਾਂਗੂ ਇਸ ਵਿਚ ਭੀ ਕਈ ਘਾਟੇ ਸਨ। ਜੋਗ ਵਿਚ ਸੰਸਾਰਕ ਜੀਵਨ ਲਈ ਰਸ, ਉਤਸ਼ਾਹ, ਸਮਾਜਕ ਸੇਵਾ, ਕੌਮੀ ਜਜ਼ਬਾ ਦੁਸ਼ਮਨ ਦਾ ਟਾਕਰਾ ਕਰਨ ਦੀ ਸ਼ਕਤੀ ਆਦਿਕ ਗੁਣ ਨਹੀਂ ਸਨ। ਨਿਰੀ ਉਪਰਾਮਤਾ ਤੇ ਅੰਤਰਮੁਖੀ ਬ੍ਰਿਤੀਆਂ ਨੂੰ ਚਮਕਾਣ ਉਤੇ ਹੀ ਜ਼ੋਰ ਸੀ । ਸ਼ੰਕਰ ਦੇ ਪ੍ਰਚਾਰ ਪਿਛੋਂ ਅਜੇਹੇ ਹਾਲਾਤ ਵਿਚ ਵੈਸ਼ਨਵ ਸੰਪ੍ਰਦਾਵਾਂ ਦਾ ਜਨਮ ਹੋਇਆ, ਇਨ੍ਹਾਂ ਨੇ 'ਭਗਤੀ ਮਾਰਗ' ਨੂੰ ਪ੍ਰਚਾਰਿਆ ।

ਹੁਣ ਤਕ ਹਿੰਦੁਸਤਾਨ ਨੇ ਤਿੰਨ ਰੂਹਾਨੀ ਤਜਰਬੇ ਕੀਤੇ ਸਨ :—

(ੳ) ਪੁਰਾਣਾ ਬ੍ਰਾਹਮਣ ਧਰਮ, ਜਿਸ ਵਿਚ ਕਰਮ ਕਾਂਡ, ਯੱਗ, ਹੋਮ, ਦੇਵ ਪੂਜਾ ਤੇ ਜ਼ਾਤ ਪਾਤ ਦੀ ਪ੍ਰਧਾਨਤਾ ਸੀ।

(ਅ) ਦੂਸਰਾ ਤਜਰਬਾ—ਗਿਆਨ ਦਾ, ਜਦ ਕਿ ਉਪਨਿਸ਼ਦਾਂ ਸ਼ਾਸਤ੍ਰਾਂ ਤੇ ਗੀਤਾ ਦੀ ਰਚਨਾ ਹੋਈ । ਜੈਨ ਤੇ ਬੁਧ ਮਤ ਪੈਦਾ ਹੋਏ। ਸ਼ਾਸਤ੍ਰਾਂ ਵਿਚੋਂ ਸਾਂਖ ਦਾ ਕਾਫੀ ਅਸਰ ਬੁਧ ਮਤ ਤੇ ਪਿਆ।

(ੲ) ਤੀਸਰਾ ਤਜਰਬਾ-ਜੋਗ ਅਤੇ ਭਗਤੀ ਮਾਰਗ ਦਾ ਸੀ। ਜੋਗ ਮਤ ਬੁਧ ਧਰਮ ਤੇ ਸੂਖਮ ਜੇਹੇ ਅਸਰਾਂ ਦਾ ਨਤੀਜਾ ਸੀ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਭਗਤੀ ਮਾਰਗ ਕਿਉਂ ਪ੍ਰਚਲਤ ਹੋਇਆ ? ਰਾਮਾਨੁਜ, ਚੇਤਨ, ਵਲਭ ਆਦਿਕ ਦੀਆਂ ਵੈਸ਼ਨਵ ਸੰਪ੍ਰਦਾਵਾਂ ਨੇ ਕਿਉਂ ਜਨਮ ਲਿਆ ? ਇਸ ਦਾ ਉਤਰ ਇਹ ਹੈ ਕਿ ਬੁਧ, ਜੈਨ ਅਤੇ ਜੋਗ ਮਤ ਕਮਜ਼ੋਰ ਹੋ ਚੁਕੇ ਸਨ । ਦੇਸ਼ ਉਤੇ ਮੁਸਲਮਾਨਾਂ ਦੇ ਹਮਲੇ ਹੋ ਰਹੇ ਸਨ। ਕਿਸੇ ਕੌਮ ਨੂੰ ਨਿਤਾਣੀ ਹਾਲਤ ਵਿਚ ਰੱਬ ਵਧੇਰੇ ਯਾਦ ਆਉਂਦਾ ਹੈ।

ਵੈਸ਼ਨਵ ਭਗਤਾਂ ਨੂੰ ਰੱਬ ਚੇਤੇ ਆਇਆ । ਪਰ ਰਾਮ ਅਤੇ ਕ੍ਰਿਸ਼ਨ ਨੇ 'ਧਨੁਖ' ਤੇ 'ਚਕ੍ਰਧਾਰੀ' ਰੂਪ ਵਿਚ ਇਨ੍ਹਾਂ ਭਗਤਾਂ ਨੇ

ਅਵਤਾਰਾਂ ਦੀ ਉਸਤਤਿ ਵਿਚ ਸੋਹਣੇ ਅਤੇ ਮਿਠੇ ਭਜਨ ਦੇਸੀ ਬੋਲੀਆਂ ਵਿਚ ਰਚੇ ਤੇ ਗਾਵੇਂ । ਭਗਤਾਂ ਨੇ ਨੀਵਿਆਂ ਨੂੰ ਉਚਿਆਂ ਕਰਨ ਦਾ ਯਤਨ ਭੀ ਕੀਤਾ । ਕਈ ਸਮਾਜਕ ਖਰਾਬੀਆਂ ਦਾ ਖੰਡਨ ਕੀਤਾ । ਮਹਾਰਾਸ਼ਟਰ ਦੇ ਸੰਤਾਂ ਨੇ ਲੋਕਾਂ ਵਿਚ ਕੁਝ ਰਾਜਨੀਤਕ ਜਾਗ੍ਰਤ ਭੀ ਪੈਦਾ ਕੀਤੀ । ਪਰ ਬ੍ਰਾਹਮਣਾਂ ਨੇ ਛੇਤੀ ਹੀ ਭਗਤੀ-ਮਾਰਗ ਤੇ ਅਸਰ ਪਾ ਲਿਆ ਤੇ ਉਸ ਨੂੰ ਪ੍ਰਫੁਲਤ ਹੋਣ ਤੋਂ ਰੋਕ ਦਿਤਾ। ਵੈਸ਼ਨਵ ਸੰਪ੍ਰਦਾਵਾਂ ਸਾਧੂ ਮੰਡਲ ਬਣ ਕੇ ਰਹਿ ਗਈਆਂ। ਹਿੰਦੂ ਦਿਮਾਗ ਵਿਚ ਭਿੰਨ ਭਿੰਨ ਵਿਚਾਰਾਂ ਤੇ ਸੰਪ੍ਰਦਾਵਾਂ ਦੇ ਮਤ ਭੇਦ ਦਾ ਸੰਗਰਾਮ ਹੋ ਰਿਹਾ ਸੀ ਤੇ ਸਾਧਾਰਨ ਜਨਤਾ ਘੋਰ ਅੰਧਕਾਰ ਵਿਚ ਫਸੀ ਹੋਈ ਸੀ । ਕੋਈ ਕਰਮ ਕਾਂਡ ਤੇ ਕੋਈ ਦੇਵ ਪੂਜਾ ਕਰਦਾ ਸੀ। ਕੋਈ ਪਿਤ੍ਰ ਪੂਜਾ ਅਤੇ ਅਵਤਾਰਾਂ ਦੀ ਭਗਤੀ ਵਿਚ ਲਗਾ ਹੋਇਆ ਸੀ । ਸਾਧਾਰਨ ਲੋਕ ਸ਼ੰਕਰ ਦੀ ਅਦ੍ਵੈਤ ਫਿਲਾਸਫੀ ਨੂੰ ਸਮਝਦੇ ਨਹੀਂ ਸਨ । ਜੋਗ ਮਤ ਦੇ ਸਾਧਨ ਕਠਨ ਸਨ । 'ਸਿਧ ਛਪ ਬੈਠੇ ਪਰਬਤੀ' ਦੀ ਹਾਲਤ ਸੀ । ਜੋਗੀ ਮਸਾਣਾਂ ਵਿਚ ਬੈਠ ਕੇ ਸ਼ਰਾਬਾਂ ਪੀਂਦੇ ਸਨ । ਵਾਮ ਮਾਰਗੀ ਤੇ ਭੈਰਵੀ ਚਕ੍ਰ (ਅਯਾਸ਼ੀ ਲਈ ਗੁਪਤ ਸਭਾਵਾਂ) ਪਰਚਲਤ ਸਨ । ਗੁਰੂ ਡੰਮ ਤੇ ਪਖੰਡ ਦਾ ਜੋਰ ਵਧ ਰਿਹਾ ਸੀ।

ਜਦ ਕਿਸੇ ਕੌਮ ਦੀ ਮਾਨਸਿਕ ਅਵਸਥਾ ਇਤਨੀ ਖਿੰਡੀ-ਪੁੰਡੀ ਹੋਵੇ, ਉਹ ਕੀ ਉਨਤੀ ਕਰ ਸਕਦੀ ਹੈ ? ਉਸ ਦਾ ਆਚਰਣ ਤੇ ਇਖ਼ਲਾਕ ਕਿਸ ਤਰ੍ਹਾਂ ਚੰਗਾ ਰਹਿ ਸਕਦਾ ਹੈ ? ਇਹ ਤੇ ਹਿੰਦੂਆਂ ਦੀ ਧਾਰਮਿਕ ਹਾਲਤ ਸੀ। ਜ਼ਾਤ ਪਾਤ ਦੇ ਬੰਧਨਾਂ ਨੇ ਸਮਾਜਕ ਜੀਵਨ ਕਮਜ਼ੋਰ ਕਰ ਦਿਤਾ ਸੀ । ਇਸ ਦੇ ਨਾਲ ਹਿੰਦੁਸਤਾਨ ਉਤੇ ਬਾਹਰ-ਲੀਆਂ ਕੌਮਾਂ ਦੇ ਹਮਲਿਆਂ ਨੇ ਰਾਜਨੀਤਕ ਜੀਵਨ ਨੂੰ ਭੀ ਖੀਣ ਕਰ ਦਿਤਾ ਸੀ ।

ਮੁਸਲਮਾਨ ਬਾਦਸ਼ਾਹ ਹਮਲੇ ਕਰ ਰਹੇ ਸਨ। ਉਨ੍ਹਾਂ ਪਾਸ ਜਥੇਬੰਦੀ ਦੀ ਤਾਕਤ, ਤਲਵਾਰ, ਮਜ਼ਬੀ ਜੋਸ਼ ਅਤੇ ਪ੍ਰਚਾਰ ਲਈ

ਸੂਫੀ ਫ਼ਕੀਰ ਸਨ। ਹਿੰਦੂ ਧਰਮ ਤੇ ਸਭਿਅਤਾ ਅਤੇ ਇਸਲਾਮੀ ਵਿਚਾਰਾਂ ਦੀ ਸਖ਼ਤ ਟਕਰ ਹੋ ਰਹੀ ਸੀ। ਇਸਲਾਮ ਨਿਸਚੇ ਦਾ ਧਰਮ ਸੀ। ਹਿੰਦੂ ਫ਼ਿਲਾਸਫ਼ੀ ਅਤੇ ਗਿਆਨ ਦਾ ਪੁਜਾਰੀ ਸੀ। ਇਸ ਦੇ ਸਮਾਜਕ ਬੰਧਨ ਵੀ ਕਰੜੇ ਸਨ। ਇਸ ਲਈ ਹਿੰਦੂਆਂ ਨੇ ਇਸਲਾਮ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿਤਾ। ਜਿਸ ਤੇਜ਼ੀ ਨਾਲ ਇਸਲਾਮ ਅਰਬ, ਈਰਾਨ ਤੇ ਅਫ਼ਗਾਨਿਸਤਾਨ ਵਿਚ ਫੈਲਿਆ ਸੀ, ਹਿੰਦੁਸਤਾਨ ਵਿਚ ਨਹੀਂ ਫੈਲ ਸਕਿਆ। ਫਿਰ ਵੀ ਮੁਸਲਮਾਨਾਂ ਦੀ ਪੁਲੀਟੀਕਲ ਤਾਕਤ ਅਤੇ ਹਿੰਦੂਆਂ ਦੀਆਂ ਸਮਾਜਕ ਖਰਾਬੀਆਂ ਨੇ ਇਸਲਾਮ ਨੂੰ ਹਿੰਦੁਸਤਾਨ ਵਿਚ ਫੈਲਣ ਲਈ ਕਾਫ਼ੀ ਸਹਾਇਤਾ ਦਿਤੀ। ਉਸ ਸਮੇਂ ਦੀ ਹਾਲਤ ਇਹ ਸੀ :

ਚਾਰ ਵਰਨ ਚਾਰ ਮਜ਼ਹਬਾ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੱਚੋਤਾਨ ਕਰੇਨ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਹਬਾ ਮੁਸਲਮਾਣੇ।
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕ ਨਾਮ ਦੋਇ ਰਾਹ ਭੁਲਾਣੇ।

ਇਸ ਹਾਲਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪੰਜਾਬ ਵਿਚ ਹੋਇਆ। ਉਹ ਦੇਸ਼ ਦਾ ਗੌਰਵ ਹਨ।

ਉਸ ਵਕਤ ਪੰਜਾਬ ਦੀ ਕੀ ਹਾਲਤ ਸੀ? ਪੰਜਾਬੀਆਂ ਵਿਚ ਕੋਈ ਅਣਖ, ਸਵੈ-ਮਾਨ ਅਤੇ ਏਕਤਾ ਨਹੀਂ ਸੀ। ਸਾਹਿਤ, ਹੁਨਰ ਤੇ ਤਜਾਰਤ ਜੋ ਕਿਸੇ ਜੀਉਂਦੀ ਕੌਮ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ, ਪੰਜਾਬ ਵਿਚ ਨਹੀਂ ਸਨ। ਇਸ ਦਾ ਕਾਰਨ ਨਿਤ ਦੀਆਂ ਮੁਹਿੰਮਾਂ ਅਤੇ ਜਰਵਾਣਿਆਂ ਦੇ ਹਮਲੇ ਸਨ। ਉਸ ਸਮੇਂ ਹਮਲੇ ਉਤਰ ਲਹਿੰਦੇ ਵਲੋਂ ਹੁੰਦੇ ਸਨ, ਇਸ ਲਈ ਸਾਰਾ ਜ਼ੋਰ ਪੰਜਾਬ ਤੇ ਪੈਂਦਾ ਸੀ। ਦੱਰਾ ਖ਼ੈਬਰ ਹਿੰਦੁਸਤਾਨ ਦਾ ਦਰਵਾਜ਼ਾ ਸੀ ਤੇ ਪੰਜਾਬ ਪਾਇਦਾਨ ਵਾਂਗ ਸੀ। ਬਾਹਰੋਂ ਜੋ ਆਉਂਦਾ ਸੀ, ਇਥੋਂ ਪੈਰ ਝਾੜ ਕੇ ਲੰਘਦਾ ਸੀ।

ਜਿਥੇ ਨਿਤ ਹਨੇਰੀਆਂ ਤੇ ਝਖੜ ਝੁਲਣ, ਉਥੇ ਕਿਹੜਾ ਪੰਛੀ ਆਲ੍ਹਣਾ ਪਾ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਅਤੇ ਉਸ ਵਕਤ ਵੀ ਇਸ ਅਭਾਗੇ ਪੰਜਾਬ ਦੀ ਕੰਨੀ ਦੋ ਆਵਾਜ਼ਾਂ ਪੈਂਦੀਆਂ ਸਨ– ਜਰਵਾਣਿਆਂ ਦੇ ਆਉਣ ਸਮੇਂ ਉਨ੍ਹਾਂ ਦੇ ਘੋੜਿਆਂ ਦੇ ਸੁੰਮਾਂ ਦੀਆਂ ਟਾਪਾਂ, ਤੀਰਾਂ, ਤਲਵਾਰਾਂ ਆਦਿਕ ਦੀ ਆਵਾਜ਼ ਤੇ ਜਦ ਉਹ ਦੇਸ਼ ਨੂੰ ਲੁਟਕੇ ਵਾਪਸ ਜਾਂਦੇ ਸਨ, ਤਦ ਭਾਰਤ ਦੀਆਂ ਮਸੂਮ ਬੱਚੀਆਂ ਦੇ ਰੋਣ ਕੁਰਲਾਣ ਦੀ ਆਵਾਜ਼ । ਪੰਜਾਬ ਭਾਵੇਂ ਜੀਵਨ ਹੀਣ ਅਤੇ ਸਿਥਲ ਹੋ ਚੁਕਾ ਸੀ, ਪਰ ਇਸ ਵਿਚ ਕੁਝ ਖੂਬੀਆਂ ਬਾਕੀ ਸਨ । ਇਹ ਹਿੰਦੁਸਤਾਨ ਦਾ ਉਹ ਭਾਗ ਸੀ, ਜਿਸ ਦਾ ਸੰਬੰਧ ਮੱਧ ਏਸ਼ੀਆ ਬਲਕਿ ਯੂਰਪ ਨਾਲ ਕਈ ਸਦੀਆਂ ਤਕ ਰਿਹਾ ਸੀ । ਇਸ ਵਿਚ ਆਰੀਅਨ, ਹੂਨ, ਯੂਨਾਨੀ ਅਤੇ ਹੋਰ ਕਈ ਕੌਮਾਂ ਦਾ ਮੇਲ ਜੋਲ ਹੋਇਆ। ਪੰਜਾਬ ਦੇ ਪੰਜਾਂ ਦਰਿਆਵਾਂ ਦੇ ਕੰਢਿਆਂ ਤੇ ਹਿੰਦੂ ਰਿਸ਼ੀਆਂ ਨੇ ਵੇਦ ਮੰਤ੍ਰ ਗਾਇਨ ਕੀਤੇ। ਯੂਨਾਨੀਆਂ ਦਾ ਹੁਨਰ ਅਤੇ ਫਿਲਾਸਫੀ, ਸਿਥੀਅਨ ਆਦਿਕ ਕਈ ਕੌਮਾਂ ਦੀ ਬਹਾਦਰੀ ਤੇ ਹੋਰ ਗੁਣ ਸੰਗਮ ਰੂਪ ਵਿਚ ਮਿਲਦੇ ਸਨ।

ਐਹੋ ਜੇਹੇ ਡੂੰਘੇ ਇਨਸਾਨੀ ਤਜਰਬੇ, ਕੌਮਾਂ ਦੇ ਮੇਲ ਜੋਲ ਅਤੇ ਇਤਿਹਾਸਕ ਪਿਛਵਾੜੇ ਵਾਲੇ ਪ੍ਰਾਂਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੈਸੀ ਮਹਾਨ ਆਤਮਾ ਦਾ ਜਨਮ ਲੈਣਾ ਅਤੇ ਸਿਖੀ ਵਰਗੇ ਸਰਬਗੁਣ ਸਪੰਨ ਧਰਮ ਦ ਵਿਕਾਸ ਹੋਣਾ ਸੰਭਵ ਸੀ। ਮਸਾਲਾ ਮੌਜੂਦ ਸੀ, ਪਰ ਉਸਨੂੰ ਜੋੜਨ ਲਈ ਇਕ ਚੰਗੇ ਰਾਜ ਦੀ ਲੋੜ ਸੀ। ਨਿਤ ਗੜਿਆਂ ਦੀ ਮਾਰ ਦੇ ਕਾਰਨ ਪੰਜਾਬ ਨੇ ਸਦੀਆਂ ਤੋਂ ਕੋਈ ਮਹਾਂਪੁਰਖ ਪੈਦਾ ਨਹੀਂ ਸੀ ਕੀਤਾ ।* ਗੁਰੂ ਨਾਨਕ ਦੇਵ ਨੇ ਉਸ ਕਮੀ ਨੂੰ ਪੂਰਾ ਕਰ ਦਿਤਾ।

---

*ਹਜ਼ਾਰੋਂ ਸਾਲ ਨਰਗਸ ਆਪਨੀ ਬੇ ਨੂਰੀ ਪੈ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ, ਚਮਨ ਮੇਂ ਦੀਦਾਵਰ ਪੈਦਾ। (ਇਕਬਾਲ)

ਦੂਸਰਾ ਵਿਆਖਿਆਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ

ਹਿੰਦੁਸਤਾਨ ਵਿਚ ਧਾਰਮਿਕ ਤੇ ਰਾਜਨੀਤਕ ਜੁਗ-ਗਰਦੀ ਹੋ ਰਹੀ ਸੀ। ਦਿਲੀ ਦੇ ਤਖਤ ਉਤੇ ਬਹਿਲੋਲ ਲੋਧੀ ਰਾਜ ਕਰਦਾ ਸੀ। ਯੂਰਪ ਵਿਚ ਪੁਰਾਣੇ ਈਸਾਈ ਮਤ ਦੇ ਵਿਰੁਧ ਲੋਕਾਂ ਵਿਚ ਘ੍ਰਿਣਾ ਵਧ ਰਹੀ ਸੀ। ਪੂਰਬ ਅਤੇ ਪੱਛਮ ਵਿਚ ਇਨਕਲਾਬੀ ਲਹਿਰਾਂ ਜਨਮ ਲੈ ਰਹੀਆਂ ਸਨ। ਅਜਿਹੀ ਭਿਆਨਕ ਡਾਵਾਂਡੋਲ ਦਸ਼ਾ ਵਿਚ ਅਕਾਲ ਪੁਰਖ ਅੰਤਰਜਾਮੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿਤ੍ਰ ਆਤਮਾ ਨੂੰ ਸੰਸਾਰ ਵਿਚ ਭੇਜਿਆ।

ਕਤਕ ਸੁਦੀ ਪੂਰਨਮਾਸ਼ੀ ਸੰਮਤ ੧੫੨੬ ਬਿਕ੍ਰਮੀ ਨੂੰ ਰਾਇ ਭੋਇ ਦੀ ਤਲਵੰਡੀ ਵਿਚ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਗੁਰੂ ਜੀ ਨੇ ਅਵਤਾਰ ਧਾਰਿਆ।*

ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ-

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ।
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਯਾ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗ ਵਰਤਾਯਾ।
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ।

---

*ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ-ਸੰਮਤ ੧੫੨੬ ਬਾਬਾ ਨਾਨਕ ਜਨਮਿਆ, ਵੈਸਾਖ ਮਾਹਿ ਤ੍ਰਿਤੀਆ ਚਾਨਣੀ ਰਾਤ। ਅਸੀਂ ਕਤਕ ਪੂਰਨਮਾਸ਼ੀ ਪ੍ਰਚਲਤ ਕਰਕੇ ਦਿਤਾ ਹੈ।

ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਯਾ।
ਕਲਿ ਤਾਰਨ ਗੁਰੂ ਨਾਨਕ ਆਯਾ। (ਵਾਰ ੧-੨੩)

ਭਾਈ ਸਾਹਿਬ ਫਿਰ ਕਹਿੰਦੇ ਹਨ—

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ।
ਜਿਉ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ, ਭੰਨੀ ਜਾਇ ਨ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ।
ਬਾਬੇ ਤਾਰੇ ਚਾਰੇ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ।
ਗੁਰਮੁਖ ਕਲਿ ਵਿਚ ਪ੍ਰਗਟ ਹੋਆ। (ਵਾਰ ੧-੨੭)

ਜਿਸ ਤਰ੍ਹਾਂ ਕਾਲੀ ਬੋਲੀ ਰਾਤ ਵਿਚ ਤੇਜ਼ ਹਵਾ ਚਲਣ ਨਾਲ ਬੱਦਲਾਂ ਦੀ ਟਕਰ ਵਿਚੋਂ ਬਿਜਲੀ ਲਿਸ਼ਕਦੀ ਹੈ, ਹਿੰਦੁਸਤਾਨ ਵਿਚ ਹਿੰਦੂ ਮਤ ਤੇ ਮੁਸਲਮਾਨਾਂ ਦੀ ਟੱਕਰ ਸਮੇਂ ਗੁਰੂ ਨਾਨਕ-ਜੋਤ ਦਾ ਪ੍ਰਕਾਸ਼ ਹੋਇਆ। ਆਪ ਦਾ ਅਵਤਾਰ ਨਾ ਕੇਵਲ ਹਿੰਦੁਸਤਾਨ ਲਈ ਬਲਕਿ ਮਨੁਖ ਮਾਤ੍ਰ ਅਤੇ ਸਾਰੇ ਸੰਸਾਰ ਲਈ ਇਕ ਉਤਸ਼ਾਹ-ਜਨਕ ਘਟਨਾ ਸੀ ਤੇ ਬਰਕਤ ਸਾਬਤ ਹੋਇਆ।

ਗੁਰੂ ਜੀ ਨੇ ਕੇਵਲ ਹਿੰਦੁਸਤਾਨ ਵਿਚ ਧਾਰਮਕ ਤੇ ਸਮਾਜਕ ਇਨਕਲਾਬ ਹੀ ਪੈਦਾ ਨਹੀਂ ਕੀਤਾ, ਬਲਕਿ ਇਕ ਅਜਿਹੇ ਧਰਮ ਨੂੰ ਜਨਮ ਦਿਤਾ, ਜਿਸ ਨੇ ਰਾਜਨੀਤਕ ਤੌਰ ਤੇ ਭੀ ਇਤਿਹਾਸ ਤੇ ਬੜਾ ਡੂੰਘਾ ਅਸਰ ਪਾਇਆ ਹੈ।

ਗੁਰੂ ਜੀ ਨੇ ਇਕ ਵਾਹਿਗੁਰੂ ਦੀ ਭਗਤੀ ਤੇ ਪੂਜਾ, ਮਨੁਖਤਾ ਦੀ ਬਿਨਾ ਤੇ ਭਰਾਤ੍ਰੀ ਭਾਵ, ਸਾਂਝੀਵਾਲਤਾ, ਬਰਾਬਰੀ, ਨਿਸ਼ਕਾਮ-ਸੇਵਾ ਅਤੇ ਪ੍ਰੇਮ ਦਾ ਉਪਦੇਸ਼ ਕੀਤਾ। ਕਰਮ ਕਾਂਡ ਅਤੇ ਸ਼ਰ੍ਹਾ ਦੇ ਬੰਧਨਾਂ ਨੂੰ ਤੋੜਿਆ। ਜ਼ਾਤ ਪਾਤ, ਊਚ ਨੀਚ, ਮਲੇਛ ਅਤੇ ਕਾਫ਼ਰ ਦੇ ਵਿਤਕਰੇ ਨੂੰ ਮਿਟਾਇਆ। ਤਅੱਸਬ, ਵਹਿਮ, ਭਰਮ, ਪਖੰਡ ਅਤੇ ਰਸਮੀ

ਮਜ਼ਬ ਦੇ ਮੰਨਣ ਤੋਂ ਇਨਕਾਰ ਕੀਤਾ । ਮਨੁਖ ਜਾਤੀ ਦੇ ਸਾਹਮਣੇ ਸਮਾਜ-ਰਚਨਾ ਦਾ ਨਵਾਂ ਆਦਰਸ਼ ਅਤੇ ਜੀਵਨ ਦਾ ਅਮਲੀ ਫਿਲ-ਸਫ਼ਾ ਪੇਸ਼ ਕੀਤਾ । ਉਨ੍ਹਾਂ ਨੇ ਆਪਣੇ ਜੀਵਨ ਦਾ ਬਹੁਤ ਸਾਰਾ ਹਿੱਸਾ ਧਰਮ ਪ੍ਰਚਾਰ ਅਤੇ ਸੁਧਾਰ ਲਈ ਉਦਾਸੀਆਂ ਅਰਥਾਤ ਪ੍ਰਦੇਸ ਯਾਤਰਾ ਵਿਚ ਬਤੀਤ ਕੀਤਾ । ਆਪ ਦੀ ਮਿੱਠੀ ਪਿਆਰੀ ਸ਼ਖਸੀਅਤ, ਪਵਿਤ੍ਰ ਅਤੇ ਦ੍ਰਿੜ੍ਹ ਆਚਰਣ, ਪ੍ਰਬਲ ਯੁਕਤੀ ਅਤੇ ਆਤਮਿਕ ਉਚਤਾ ਨੇ ਹਰ ਥਾਵੇਂ ਅਸਰ ਪਾਇਆ ।

ਪੱਛਮ ਦੇ ਇਕ ਵਿਦਵਾਨ ਦਾ ਕਥਨ ਹੈ :

'ਇਹ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ ਕਿ ਹਿੰਦੁ-ਸਤਾਨ ਨੇ ਕਿਸ ਤਰ੍ਹਾਂ ਹਜ਼ਾਰਾਂ ਮਹਾਂ ਪੁਰਖ ਪੈਦਾ ਕੀਤੇ ਹਨ ਅਤੇ ਸੁਭਾਵਕ ਗੁਣਾਂ ਦੀ ਹਰ ਸ਼ਕਤੀ ਨੂੰ ਮਨੁਖੀ ਰੂਪ ਵਿਚ ਸੰਸਾਰ ਦੇ ਪੇਸ਼ ਕੀਤਾ ਹੈ ।'

ਇਸ ਦਾ ਭਾਵ ਇਹ ਹੈ ਕਿ ਭਾਰਤ ਵਰਸ਼ ਨੇ ਹਰ ਆਤਮਿਕ ਗੁਣ ਨੂੰ ਕਿਸੇ ਮਹਾਂ ਪੁਰਖ ਦੇ ਰੂਪ ਵਿਚ ਪ੍ਰਗਟ ਕੀਤਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਕੀ ਹਨ ? ਪ੍ਰੇਮ ਭਗਤੀ ਦਾ ਅਵ-ਤਾਰ । ਆਪ ਦੇ ਜੀਵਨ ਵਿਚ ਇਹ ਰੌ ਬਚਪਨ ਤੋਂ ਲੈ ਕੇ ਅੰਤ ਤਕ ਇਸ ਤਰ੍ਹਾਂ ਤੁਰੀ ਜਾਂਦੀ ਹੈ, ਜਿਸ ਤਰ੍ਹਾਂ ਕੋਈ ਇਕ ਰਸ ਵਗਦੀ ਨਦੀ । ਆਪ ਦਾ ਜੀਵਨ ਪੜ੍ਹੋ, ਬਾਣੀ ਦਾ ਮੁਤਾਲਿਆ ਕਰੋ, ਇਨ੍ਹਾਂ ਵਿਚੋਂ ਰਬ ਦੀ ਭਗਤੀ ਅਤੇ ਮਨੁਖ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ । ਬਾਲ ਅਵਸਥਾ ਵਿਚ ਹੀ ਆਪ ਨੂੰ ਰੱਬ ਦੀ ਲਗਨ ਸੀ । ਉਮਰ ਛੋਟੀ ਸੀ ਪਰ ਕਰਨੀ ਕਰ ਕੇ 'ਬਾਬੇ' ਸਨ ।

ਗੁਰਦੇਵ ਪੰਜ ਛੇ ਸਾਲ ਦੀ ਉਮਰ ਵਿਚ ਬਾਲਕਾਂ ਨਾਲ ਖੇਡਦੇ ਸਨ, ਆਪ ਸਤਿ ਕਰਤਾਰ ਜਪਦੇ ਤੇ ਹਾਣੀਆਂ ਨੂੰ ਜਪਾਉਂਦੇ ਸਨ । ਘਰੋਂ ਜੋ ਕੋਈ ਚੀਜ਼ ਮਿਲਦੀ ਤਾਂ ਗਰੀਬਾਂ ਤੇ ਅਨਾਥਾਂ ਨੂੰ ਦੇ ਆਉਂਦੇ ਸਨ ।

ਸੱਤ ਅੱਠ ਸਾਲ ਦੀ ਉਮਰ ਵਿਚ ਮਹਿਤਾ ਕਾਲੂ ਨੇ ਗੁਰੂ

ਜੀ ਨੂੰ ਗੋਪਾਲ ਪਾਂਧੇ ਪਾਸ ਪੜ੍ਹਨੇ ਪਾਇਆ ਅਤੇ ਕਿਹਾ, 'ਬੱਚਾ ਨਾਨਕਾ, ਲੇਖਾ ਪੱਤਾ ਸਿਖ

ਪਾਠਸ਼ਾਲਾ ਵਿਚ ਜਾਂਦਿਆਂ ਹੀ ਗੋਪਾਲ ਪਾਂਧੇ ਨੇ 'ਓਮ' ਅੱਖਰ ਲਿਖ ਕੇ ਪੱਟੀ ਗੁਰੂ ਜੀ ਦੇ ਹਥ ਫੜਾਈ ਅਤੇ ਕਿਹਾ।

'ਪੜ੍ਹ ਨਾਨਕ ਜੀ!

'ਪਾਂਧਾ ਜੀ! ਪੱਟੀ ਤੇ ਕੀ ਲਿਖਿਆ ਜੇ ?'

'ਇਹ ਓਮ ਦਾ ਅੱਖਰ ਏ ।'

'ਇਸ ਦਾ ਕੀ ਭਾਵ ਹੈ ?'

'ਮੈਂ ਅੱਖਰ ਪੜ੍ਹਾਉਣੇ ਜਾਣਦਾ ਹਾਂ, ਭਾਵ ਦਾ ਪਤਾ ਨਹੀਂ। ਸਾਰੇ ਬਾਲਕ ਅੱਖਰ ਲੇਖਾ ਪੱਤਾ ਪੜ੍ਹਦੇ ਹਨ, ਭਾਵ ਕਦੀ ਕਿਸੇ ਨੇ ਨਹੀਂ ਪੁਛਿਆ। ਤੁਹਾਨੂੰ ਕੀ ਲੋੜ ਪਈ ਹੈ ?" ਪਾਂਧੇ ਨੇ ਆਖਿਆ।

'ਜਦ ਅਸੀਂ ਪਹਿਲੇ ਅਖਰ ਨੂੰ ਹੀ ਨਾ ਸਮਝਿਆ, ਤਦ ਅਗੇਂ ਕੀ ਪੜ੍ਹਨਾ ਹੋਇਆ ?'

ਗੁਰੂ ਜੀ ਨੇ ਅਖਰਾਂ ਪਰ ਜੋ ਵਿਚਾਰ ਕੀਤੀ, ਉਸ ਨੂੰ ਸੁਣ ਕੇ ਪਾਂਧਾ ਬੜਾ ਹੈਰਾਨ ਹੋਇਆ। ਇਹ ਵਿਚਾਰ ਆਸਾ ਰਾਗ ਦੀ ਪੱਟੀ ਵਿਚ ਲਿਖੀ ਹੈ, ਜਿਸ ਦੀਆਂ ਮੁਢਲੀਆਂ ਤੁਕਾਂ ਇਹ ਹਨ :

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ॥
ਆਇਆ ਤਿਨ ਕਾ ਸਫਲੁ ਭਇਆ ॥

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ, 'ਜਬ ਗੁਰੂ ਨਾਨਕ ਬਰਸਾਂ ਨੌਆਂ ਕਾ ਹੋਆ, ਤਬ ਫਿਰ ਤੋਰਕੀ (ਫ਼ਾਰਸੀ) ਪੜ੍ਹਨੇ ਪਾਇਆ ਵਤ ਘਰ ਬਹਿ ਗਿਆ।'

ਕਹਿੰਦੇ ਹਨ ਕਿ ਜਦ ਗੁਰੂ ਜੀ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਲਈ ਭੇਜੇ ਗਏ, ਤਾਂ ਆਪ ਨੇ ਉਸ ਨੂੰ ਕਿਹਾ–

ਅਲਫ਼ ਅੱਲਾ ਨੂੰ ਯਾਦ ਕਰ ਗਫ਼ਲਤ ਮਨੋਂ ਵਿਸਾਰ।

ਸੁਆਸ ਪਲਟੇ ਨਾਮ ਬਿਨ ਧ੍ਰਿਗ ਜੀਵਣ ਸੰਸਾਰ।

ਡਾਕਟਰ ਗੋਕਲ ਚੰਦ ਨਾਰੰਗ 'ਸੀਰਤੁਲ ਮੁਤਾਖ਼ਰੀਨ' ਦੇ ਹਵਾਲੇ ਨਾਲ ਲਿਖਦੇ ਹਨ–'ਗੁਰੂ ਜੀ ਨੇ ਆਪਣੇ ਪਿਤਾ ਦੇ ਗਵਾਂਢੀ ਮੁਹੰਮਦ ਹੁਸੈਨ ਮੌਲਵੀ ਪਾਸੋਂ ਵਿਦਿਆ ਪ੍ਰਾਪਤੀ ਕੀਤੀ।*

'ਗੁਰਮੁਖ ਪਾਈ ਦਾਤ ਇਲਾਹੀ' ਅਨੁਸਾਰ ਮਹਾਰਾਜ ਨੂੰ ਰੱਬ ਵਲੋਂ ਉਚੀ ਸੂਝ, ਨਿਰਮਲ ਬੁਧੀ ਅਤੇ ਗਿਆਨ ਦਾ ਅਤੁਟ ਭੰਡਾਰ ਪ੍ਰਾਪਤ ਸੀ। ਮੌਲਵੀ ਤੇ ਪਾਂਧਾ ਉਨ੍ਹਾਂ ਨੂੰ ਅਖਰੀ ਗਿਆਨ ਤੋਂ ਬਿਨਾਂ ਹੋਰ ਕੀ ਦਸ ਸਕਦੇ ਸਨ ?

ਪੜ੍ਹਾਈ ਵਿਚ ਮਨ ਨਾ ਲਗਾ ਵੇਖ ਕੇ ਇਕ ਦਿਨ ਪਿਤਾ ਨੇ ਕਿਹਾ–'ਨਾਨਕ ! ਹੋਰ ਕੁਝ ਨਹੀਂ ਕਰਦਾ ਤਾਂ ਬਾਹਰ ਖੇਤਾਂ ਵਿਚ ਜਾ ਕੇ ਮਹੀਆਂ ਚਾਰ ਲਿਆ।' ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ–'ਗੁਰੂ ਨਾਨਕ ਰੁਖੀਂ ਬਿਰਖੀਂ ਜਾਇ ਉਦਾਸ ਰਹੈ। ਫਕੀਰਾਂ ਨਾਲ ਮਜਲਿਸ ਕਰੇ। ਹੋਰ ਕਿਸੇ ਨਾਲ ਗਲ ਕਰੇ ਨਾਹੀਂ। ਤਬ ਸਭ ਪ੍ਰਵਾਰ ਦੁਖਿਆ। ਆਖਣ, ਇਹ ਕਮਲਾ ਹੋਇਆ ਹੈ।'

ਇਹ ਦਸ਼ਾ ਵੇਖ ਕੇ ਮਹਿਤਾ ਕਾਲੂ ਨੇ ਕਿਹਾ–'ਬੇਟਾ ! ਖੇਤੀ ਦੀ ਸੰਭਾਲ ਕਰੋ, ਅਸਾਡੀ ਖੇਤੀ ਪੱਕੀ ਖੜੀ ਹੈ।

ਗੁਰੂ ਜੀ ਨੇ ਉਤਰ ਦਿਤਾ–

ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤ ॥
ਨਾਮੁ ਬੀਜੁ ਸੰਤੋਖ ਸੁਹਾਗਾ ਰਖੁ ਗਰੀਬੀ ਵੇਸ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖ ॥

ਪਿਤਾ ਨੇ ਕਿਹਾ–'ਬੇਟਾ ! ਖੇਤੀ ਨਹੀਂ ਕਰਦੇ ਤਾਂ ਹੱਟੀ ਕਰੋ।'

ਗੁਰੂ ਜੀ ਨੇ ਫੁਰਮਾਇਆ–

ਹਾਣੁ ਹਟੁ੧ ਕਰਿ ਆਰਜਾ੨ ਸਚੁ ਨਾਮੁ ਕਰਿ ਵਥੁ੩ ॥
ਸੁਰਤ ਸੋਚ ਕਰਿ ਭਾਂਡਸਾਲ੪ ਤਿਸ ਵਿਚ ਤਿਸਨੋ ਰਖੁ ॥

---

*ਦੀ ਟ੍ਰਾਂਸਫਾਰਮੇਸ਼ਨ ਆਫ਼ ਸਿਖਇਜ਼ਮ।

੧. ਨਾਸ ਹੁੰਦੀ, ੨. ਉਮਰ ਦੀ ਦੁਕਾਨ, ੩.ਸੌਦਾ, ੪. ਭਾਂਡਿਆਂ ਦੀ ਥਾਂ।

ਮਹਿਤਾ ਜੀ ਨੇ ਕਿਹਾ–'ਖੇਤੀ ਅਤੇ ਹੱਟੀ ਵਿਚ ਜੀ ਨਹੀਂ ਲਗਦਾ ਤਾਂ ਸੌਦਾਗਰੀ ਜਾਂ ਚਾਕਰੀ ਕਰੇ।' ਇਸ ਦਾ ਉਤਰ ਗੁਰੂ ਬਾਬਾ ਜੀ ਨੇ ਦਿਤਾ –

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥
(ਸੋਰਠਿ ਮ: ੧)

ਮੈਕਾਲਫ਼ ਲਿਖਦਾ ਹੈ :

ਉਹ ਆਵਾਜ਼ ਜੋ ਕੋਈ ਪ੍ਰਕਾਸ਼-ਚਿੱਤਾਂ ਵਿਚ ਬੋਲ ਚੁਕੀ ਸੀ, ਤਲਵੰਡੀ ਦੇ ਬਣਾਂ ਵਿਚ ਇਕ ਵੇਰ ਬੋਲ ਉੱਠੀ। ਇਹ ਗੁਰ ਨਾਨਕ ਦੇ ਖਿਆਲ-ਮੰਡਲ ਨੂੰ ਆਤਮਿਕ ਅਰੂੜਤਾ ਦੀ ਚੋਟੀ ਤੇ ਲੈ ਗਈ। ਉਨ੍ਹਾਲੇ ਦੀ ਗਰਮੀ, ਸਿਆਲੇ ਦੇ ਕੱਕਰਾਂ, ਅਸਮਾਨ ਦੇ ਜਲਾਲ ਅਤੇ ਕੁਦਰਤ ਦੇ ਬਦਲ ਰਹੇ ਰੰਗਾਂ, ਗਿਰਾਂ ਦੇ ਵਸ ਰਹੇ ਲੋਕਾਂ ਦੇ ਚਾਉ ਮਲ੍ਹਾਰਾਂ, ਉਦਾਸੀਆਂ ਅਤੇ ਗ਼ਮਾਂ ਵਿਚ ਗੁਰੂ ਨਾਨਕ ਚਮਕਦੇ ਅਖਰਾਂ ਵਿਚ ਨਿਰੰਕਾਰ ਦਾ ਨਾਮ ਵੇਖਦਾ ਅਤੇ ਵਾਚਦਾ ਸੀ। ਚਾਅ ਨਾਲ ਸਤਿ ਕਰਤਾਰ ਦੀ ਸੱਦ ਤੇ ਉਠਦਾ ਸੀ।'

ਜਦ ਗੁਰੂ ਜੀ ਯਾਰਾਂ ਬਾਰ੍ਹਾਂ ਵਰ੍ਹਿਆਂ ਦੇ ਹੋਏ, ਤਦ ਪਿਤਾ ਨੇ ਪ੍ਰੋਹਤ ਹਰਦਿਆਲ ਨੂੰ ਸਦਕੇ ਆਪ ਨੂੰ ਜਨੇਊ ਪਹਿਨਾਣਾ ਚਾਹਿਆ। ਜਦ ਪੰਡਤ ਜਨੇਊ ਪਾਉਣ ਲਗਾ, ਤਦ ਆਪ ਨੇ ਕਿਹਾ–'ਪੰਡਤ ਜੀ ! ਇਹ ਸੂਤ ਦਾ ਜਨੇਊ ਟੁਟ ਜਾਣ ਵਾਲਾ ਹੈ। ਸਰੀਰ ਦੇ ਸੜ ਜਾਣ ਨਾਲ ਸੜ ਜਾਵੇਗਾ। ਕੋਈ ਅਜਿਹਾ ਜਨੇਊ ਪਾਉ ਜੋ ਕਦੀ ਨਾ ਟੁਟੇ ਤੇ ਨਾ ਕਦੀ ਮੈਲਾ ਹੋਵੇ।'

'ਨਾਨਕ ਜੀ ਮੇਰੇ ਪਾਸ ਤੇ ਧਾਗੇ ਦਾ ਜਨੇਊ ਹੀ ਹੈ।' ਪੰਡਤ

ਨੇ ਉਤਰ ਦਿਤਾ।

ਗੁਰੂ ਜੀ ਨੇ ਫੁਰਮਾਇਆ :

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
(ਵਾਰ ਆਸਾ ਮ: ੧)

ਪੰਡਤ ਤੇ ਗੁਰੂ ਜੀ ਦੀ ਇਹ ਵਾਰਤਾਲਾਪ ਉਨ੍ਹਾਂ ਦੇ ਸੁਧਾਰਕ ਹੋਣ ਦੀ ਕਿੰਨੀ ਸੂਚਕ ਹੈ ?

ਵੈਦ ਰੋਗੀਆਂ ਦਾ :

ਗੁਰੂ ਜੀ ਦਾ ਕਿਸੇ ਗੱਲ ਵਿਚ ਜੀਅ ਲਗਦਾ ਨਾ ਵੇਖ ਕੇ ਮਾਤਾ ਪਿਤਾ ਨੂੰ ਬਹੁਤ ਦੁਖ ਹੋਇਆ । ਉਦਾਸ ਵੇਖ ਕੇ ਉਨ੍ਹਾਂ ਸਮਝਿਆ ਕਿ ਪੁਤਰ ਰੋਗੀ ਹੈ। ਇਕ ਦਿਨ ਇਕ ਸਿਆਣੇ ਵੈਦ ਨੂੰ ਸੱਦ ਕੇ ਗੁਰੂ ਜੀ ਦੀ ਬਾਂਹ ਵਿਖਾਈ । ਵੈਦ ਨਬਜ਼ ਟੋਹ ਕੇ ਅਤੇ ਲੱਛਣ ਦੇਖ ਕੇ ਰੋਗ ਲਭਣਾ ਚਾਹੁੰਦਾ ਸੀ, ਪਰ ਸਰੀਰ ਵਿਚ ਕੋਈ ਰੋਗ ਹੁੰਦਾ ਤਾਂ ਲੱਭਦਾ ? ਅਕਲ ਦੇ ਘੋੜੇ ਦੁੜਾ ਕੇ ਜਦ ਉਸ ਨੂੰ ਕੋਈ ਸਮਝ ਨਾ ਪਈ ਤਾਂ ਗੁਰੂ ਜੀ ਨੇ ਵੈਦ ਨੂੰ ਆਪ ਇਹ ਬਚਨ ਕੀਤਾ—

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*
(ਵਾਰ ਮਲਾਰ ਮ: ੧)

---

*ਫ਼ਾਰਸੀ ਦੇ ਇਕ ਸ਼ਾਇਰ ਨੇ ਭੀ ਲਿਖਿਆ ਹੈ—

ਅਜ਼ ਸਾਰੇ ਬਾਲੀਨੇ ਮਨ ਬਰਖੇਜ਼ ਐ ਨਾਦਾਂ ਤਬੀਬ;
ਦਰਦਮੰਦਾਂ ਇਸ਼ਕ ਰਾ ਦਾਰੂ ਬਜੁਜ਼ ਦੀਦਾਰੇ ਨੇਸਤ ।

ਭੋਲੇ ਵੈਦ ! ਮੇਰੇ ਸਿਰਹਾਣਿਓਂ ਉਠ ਖਲੋ । ਪ੍ਰੇਮ ਦੇ ਦਰਦਮੰਦਾਂ ਲਈ ਦੀਦਾਰ ਤੋਂ ਬਿਨਾ ਹੋਰ ਕੋਈ ਇਲਾਜ ਨਹੀਂ ।

ਵੈਦ ਆਇਆ ਸੀ ਰੋਗ ਲਭਣ, ਪਰ ਉਸ ਨੂੰ ਸੂਝ ਪਈ ਕਿ ਬਾਲਕ ਰੋਗੀ ਨਹੀਂ, ਸਗੋਂ ਇਹ ਤੇ ਸੰਸਾਰ ਰੋਗੀ ਨਾਮ-ਦਾਰੂ ਦੇ ਕੇ ਅਰੋਗ ਕਰਨ ਵਾਲਾ ਹੈ ।

ਖਰਾ ਸੌਦਾ :

ਉਦਾਸੀ ਦੂਰ ਕਰਨ ਲਈ ਪਿਤਾ ਨੇ ਗੁਰੂ ਜੀ ਨੂੰ ਕਾਰ-ਵਿਹਾਰ ਵਿਚ ਪਾਉਣਾ ਚਾਹਿਆ । ਮਹਿਤਾ ਕਾਲੂ ਜੀ ਇਕ ਦਿਨ ੨੦) ਰੁਪਏ ਦੇ ਕੇ ਕਹਿਣ ਲਗੇ—'ਨਾਨਕ ਜੀ ! ਸੌਦਾ ਲੈ ਆਓ ਤੇ ਹੱਟੀ ਕਰ ਲਓ ।' ਪਿਤਾ ਦਾ ਬਚਨ ਮੰਨ ਕੇ ਗੁਰੂ ਜੀ ਸੌਦਾ ਖ੍ਰੀਦਨ ਤੁਰ ਪਏ । ਰਾਹ ਵਿਚ ਚੂਹੜਕਾਣੇ ਦੇ ਪਾਸ ਵਣ ਵਿਚ ਬੈਠੇ ਮਹਾਤਮਾ ਸੰਤਗਣ ਤੇ ਉਨ੍ਹਾਂ ਦੀ ਮੰਡਲੀ ਨੂੰ ਭੁਖਿਆਂ ਦੇਖ ਕੇ ਆਪ ਨੇ ਵੀਹ ਰੁਪੈ ਦਾ ਆਟਾ ਘਿਉ ਆਦਿ ਲਿਆ ਕੇ ਸੰਤਾਂ ਨੂੰ ਭੋਜਨ ਕਰਾ ਦਿਤਾ ।

ਤਲਵੰਡੀ ਵਾਪਸ ਆ ਕੇ ਕਹਿਣ ਲਗੇ—'ਪਿਤਾ ਜੀ, ਮੈਂ 'ਖਰਾ ਸੌਦਾ' ਕਰ ਆਇਆ ਹਾਂ । ਵੀਹ ਰੁਪੈ ਦਾ ਭੁਖੇ ਸਾਧਾਂ ਫਕੀਰਾਂ ਨੂੰ ਭੋਜਨ ਛਕਾ ਦਿਤਾ ਹੈ ।'

ਪਿਤਾ ਨੇ ਕ੍ਰੋਧ ਵਿਚ ਆ ਕੇ ਗੁਰੂ ਬਾਬੇ ਨੂੰ ਸਖਤ ਚਪੇੜਾਂ ਮਾਰੀਆਂ । ਮਾਇਆ ਵਿਚ ਲੀਨ ਸੁਰਤ ਨੂੰ ਇਸ ਸੌਦੇ ਦਾ ਕੀ ਪਤਾ ਸੀ ?

ਬਚਪਨ ਵਿਚ ਗੁਰੂ ਨਾਨਕ ਦੇਵ ਜੀ ਨੂੰ ਟੱਬਰ ਵਿਚੋਂ ਬੇਬੇ ਨਾਨਕੀ ਜੀ ਦੀ ਪਵਿਤ੍ਰ ਆਤਮਾ ਤੇ ਤਲਵੰਡੀ ਵਿਚੋਂ ਰਾਇ ਬੁਲਾਰ ਭੱਟੀ ਨੇ ਸ਼ਰਧਾ ਅਤੇ ਭਗਤੀ ਨਾਲ ਦੇਵੀ ਆਤਮਾ ਜਾਣਿਆ । ਮਾਂ ਪਿਉ ਲਈ ਤਾਂ ਆਪ ਕਮਲੇ ਰਮਲੇ ਘਰ ਉਜਾੜੂ ਸਨ । ਰਾਇ ਬੁਲਾਰ ਨੂੰ ਪਤਾ ਲਗਾ ਕਿ ਮਹਿਤਾ ਕਾਲੂ ਨੇ ਗੁਰੂ ਜੀ ਨੂੰ ਮਾਰਿਆ ਹੈ । ਰਾਇ ਨੇ ਕਾਲੂ ਜੀ ਨੂੰ ਸਦ ਕੇ ਪੁਛਿਆ—'ਤੁਸਾਂ ਨਾਨਕ ਜੀ ਨੂੰ ਕਿਉ ਮਾਰਿਆ ਆਹਾ ?'

'ਵੀਹ ਰੁਪਏ ਸੌਦਾ ਖਰੀਦਣ ਲਈ ਦਿਤੇ ਆਹਨ । ਭੁਖੇਂ ਸਾਧੂਆਂ ਨੂੰ ਖੁਵਾਕੇ ਕਹਿੰਦਾ ਹੈ, ਖਰਾ ਸੌਦਾ ਕੀਤਾ ਹੈ ।' ਮਹਿਤਾ ਜੀ

ਨੇ ਉਤਰ ਦਿਤਾ—

'ਜਿੰਨਾ ਧਨ ਤੇਰਾ ਨਾਨਕ ਨੇ ਗਵਾਇਆ ਹੈ, ਸਾਥੋਂ ਲੈ ਲਵੇ। ਸੁਣ ਕਾਲੂ ! ਤੈਨੂੰ ਇਸ ਬਾਤ ਦੀ ਖਬਰ ਕਾਈ ਨਹੀਂ, ਮੇਰੇ ਪਾਸ ਜਿਤਨੀ ਦੌਲਤ, ਸੁਖ, ਰਥ ਘੋੜੇ ਅਤੇ ਹੁਕਮ ਹਾਸਲ ਹੈਨ,* ਸਭ ਗੁਰੂ ਨਾਨਕ ਦੇ ਚਰਨਾਂ ਦਾ ਸਦਕਾ ਹਨ। ਰਾਇ ਨੇ ਕਿਹਾ।

ਬਹੁਤ ਸਾਰੇ ਬੱਚਿਆਂ ਨੂੰ ਮਨੋਵਿਗਿਅਕ ਤੌਰ ਤੇ ਸਮਝਣਾ ਕਠਨ ਹੁੰਦਾ ਹੈ। ਕਿਉਂਕਿ ਉਹ ਗੁੰਝਲਦਾਰ ਹੁੰਦੇ ਹਨ। ਅਧਿਆਤਮਕ ਤੇ ਚਮਤਕਾਰੀ ਪੁਰਸ਼ਾਂ ਨੂੰ ਸਮਝਣਾ ਤਾਂ ਹੋਰ ਵੀ ਕਠਨ ਹੁੰਦਾ ਹੈ, ਕਿਉਂਕਿ ਸੂਰਜ ਜਰੀਬਾਂ ਜਾਂ ਗਜ਼ਾਂ ਨਾਲ ਨਹੀਂ ਨਾਪਿਆ ਜਾ ਸਕਦਾ। ਕਿਰਨਾਂ ਦੀ ਚਾਲ ਨਾਲ ਨਪਿਆ ਜਾਂਦਾ ਹੈ। ਇਸੇ ਤਰ੍ਹਾਂ ਮਹਾਂ ਪੁਰਸ਼ਾਂ ਨੂੰ ਸਮਝਣ ਲਈ ਵਿਵੇਕ ਬੁਧੀ ਤੇ ਦਿਬ ਦ੍ਰਿਸ਼ਟੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦੇ ਤਲਵੰਡੀ ਵਿਚ ਨਿਵਾਸ ਸਮੇਂ ਰਾਇ ਬੁਲਾਰ ਤੇ ਬੇਬੇ ਨਾਨਕੀ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਕਰ ਕੇ ਜਾਣਿਆ।

——

*ਰਾਇ ਬੁਦਿ ਦੀ ਤਲਵੰਡੀ ਦਾ ਨਾਮ ਬਦਲ ਕੇ ਸ੍ਰੀ ਨਨਕਾਣਾ ਸਾਹਿਬ ਹੋਇਆ। ਗੁਰਦਵਾਰੇ ਦੀ ਵਰਤਮਾਨ ਜਗੀਰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਲਾਈ। ਇਕ ਵੇਰ ਮਹਾਰਾਜਾ ਤੇ ਬੇਦੀ ਸਾਹਿਬ ਸਿੰਘ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਨੂੰ ਗਏ। ਜਨਮ ਅਸਥਾਨ ਅਤੇ ਲੰਗਰ ਦੀ ਹਾਲਤ ਚੰਗੀ ਨਾ ਵੇਖ ਕੇ 'ਸ਼ੇਰਿ ਪੰਜਾਬ' ਨੇ ਪੁਛਿਆ—'ਦਸੋ; ਬਾਬਾ ਜੀ ਕੀ ਸੇਵਾ ਕਰੀਏ ?' ਬਾਬਾ ਜੀ ਨੇ ਉਤਰ ਦਿਤਾ—'ਜਗੀਰ ਲਾ ਦਿਓ।' ਮਹਾਰਾਜੇ ਨੇ ਕਿਹਾ—'ਘੋੜਾ ਫੇਰੋ।' ਬਾਬਾ ਜੀ ਨੇ ਜਿਥੋਂ ਤਕ ਘੋੜਾ ਫੇਰਿਆ, ਉਸ ਜ਼ਮੀਨ ਦਾ ਪਟਾ ਮਹਾਰਾਜੇ ਨੇ ਗੁਰਦਵਾਰੇ ਦੇ ਨਾਮ ਲਿਖ ਦਿਤਾ।

(ਦੇਖੋ ਫੁਲਵਾੜੀ ਨਿਰੰਕਾਰੀ ਨੰਬਰ ੧੯੩੧)

ਤੀਸਰਾ ਵਿਆਖਿਆਨ

ਸੁਲਤਾਨਪੁਰ ਦਾ ਮੋਦੀਖਾਨਾ, ਵਿਵਾਹ, ਸਚਖੰਡ ਪ੍ਰਵੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡੀ ਭੈਣ ਬੇਬੇ ਨਾਨਕੀ, ਜਿਸ ਨੇ ਬਾਲਪਨ ਵਿਚ ਆਪਣੇ ਨਿਰੰਕਾਰ ਵੀਰ ਨੂੰ ਸਮਝਿਆ, ਕਈ ਵੇਰ ਪਿਤਾ ਦੀ ਮਾਰ ਤੋਂ ਬਚਾਇਆ, ਸੁਲਤਾਨਪੁਰ ਵਿਚ ਜੈਰਾਮ ਜੀ ਨਾਲ ਵਿਆਹੀ ਗਈ। ਉਥੇ ਜਾ ਕੇ ਭੀ ਬੇਬੇ ਜੀ ਦੇ ਦਿਲ ਵਿਚ ਆਪਣੇ ਵੀਰ ਦਾ ਨਿਸ਼ਕਾਮ ਤੇ ਨਿਰਛਲ ਪਿਆਰ ਬਣਿਆ ਰਿਹਾ। ਉਨ੍ਹਾਂ ਨੂੰ ਨਿਰੰਕਾਰੀ ਵੀਰ ਦੇ ਦਰਸ਼ਨਾਂ ਦੀ ਸਿਕ ਲਗੀ ਰਹੀ।

ਇਕ ਵੇਰ ਭਾਈਆ ਜੈਰਾਮ ਜੀ ਤਲਵੰਡੀ ਆਏ। ਮਹਿਤਾ ਕਾਲੂ ਜੀ ਨੇ ਉਨ੍ਹਾਂ ਨਾਲ ਗੁਰੂ ਨਾਨਕ ਜੀ ਦੀ ਉਦਾਸੀ ਤੇ ਕੰਮ ਵਲੋਂ ਬੇਰੁਖੀ ਦਾ ਜ਼ਿਕਰ ਕੀਤਾ ਅਤੇ ਕਿਹਾ–'ਇਨ੍ਹਾਂ ਨੂੰ ਸੁਲਤਾਨ ਪੁਰ ਹੀ ਲੈ ਜਾਵੋ। ਕਈ ਆਦਮੀ ਘਰ ਵਿਚ ਕੰਮ ਨਹੀਂ ਕਰਦੇ, ਪ੍ਰਦੇਸ ਜਾ ਕੇ ਸੁਧਰ ਜਾਂਦੇ ਹਨ।'

ਗੁਰੂ ਜੀ ਦੀਆਂ ਤਲਵੰਡੀਓਂ ਸੁਲਤਾਨ ਪੁਰ ਜਾਣ ਦੀਆਂ ਤਿਆਰੀਆਂ ਹੋ ਗਈਆਂ। ਜਦ ਰਾਇ ਬੁਲਾਰ ਨੂੰ ਪਤਾ ਲਗਾ ਕਿ ਗੁਰੂ ਜੀ ਨੇ ਚਲੇ ਜਾਣਾ ਹੈ, ਤਦ ਉਸ ਨੇ ਦਾਅਵਤ ਕੀਤੀ। ਰਾਇ ਨੇ ਕਿਹਾ–'ਜਾਂਦੀ ਵੇਰ ਕੋਈ ਸਿਖਿਆ ਦੇ ਜਾਓ।'

ਗੁਰੂ ਜੀ ਨੇ ਉਤਰ ਦਿਤਾ–'ਰਾਇ ਜੀ, ਸਾਡੀ ਸਿਖਿਆ ਇਹ ਜੇ ਕਿ ਜਦ ਤੁਹਾਡਾ ਆਪਣਾ ਬਲ ਕੰਮ ਨਾ ਕਰੇ, ਤਦ ਦੋਵੇਂ ਹਥ ਜੋੜ ਕੇ ਵਾਹਿਗੁਰੂ ਦੀ ਸ਼ਰਨ ਵਿਚ ਪੈ ਜਾਣਾ।'

ਵੈਸਾਖ ਸੰਮਤ ੧੫੪੨ ਨੂੰ ਗੁਰੂ ਜੀ ਭਾਈਆ ਜੈਰਾਮ ਜੀ ਨਾਲ ਸੁਲਤਾਨਪੁਰ ਰਵਾਨਾ ਹੋ ਗਏ । ਪ੍ਰੇਮ-ਪੁੰਜ ਬੇਬੇ ਨਾਨਕੀ ਗੁਰੂ ਨਾਨਕ ਨਿਰੰਕਾਰੀ ਜੀ ਦਾ ਰਾਹ ਤਕਦੀ ਸੀ । ਆਪ ਸੁਲਤਾਨ ਪੁਰ ਪੁਜੇ । ਦਰਸ਼ਨ ਕਰਕੇ ਬੇਬੇ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ।

ਭਾਈਆ ਜੈਰਾਮ ਜੀ ਨੇ ਦੌਲਤ ਖਾਂ ਲੋਧੀ ਪਾਸ ਗੁਰੂ ਜੀ ਨੂੰ ਮੋਦੀ ਰਖਵਾ ਦਿਤਾ ।

ਉਸ ਸਮੇਂ ਸਰਕਾਰੀ ਮਸੂਲ ਅਤੇ ਜ਼ਮੀਨ ਦਾ ਮਾਮਲਾ ਸਿਕੇ ਅਤੇ ਅਨਾਜ ਦੋਹਾਂ ਸ਼ਕਲਾਂ ਵਿਚ ਲਿਆ ਜਾਂਦਾ ਸੀ । ਮੋਦੀਖਾਨਾ ਅੰਨ ਦਾਣੇ ਦਾ ਸ਼ਾਹੀ ਸਟੋਰ ਹੁੰਦਾ ਸੀ । ਉਥੋਂ ਸਭ ਲੋਕ ਆਟਾ ਦਾਣਾ ਆਦਿ ਲੈਂਦੇ ਸਨ । ਮੋਦੀ ਨੂੰ ਤਨਖਾਹ ਤੋਂ ਬਿਨਾਂ ਵਟਕ ਵਿਚੋਂ ਭੀ ਹਿੱਸਾ ਮਿਲਦਾ ਸੀ, ਇਸ ਲਈ ਚੰਗੀ ਆਮਦਨੀ ਵਾਲੀ ਨੌਕਰੀ ਸੀ ।

ਇਕ ਬੋਲ ਪੂਰਾ ਤੋਲ ਤੇ ਸੁਚਾ ਵਿਹਾਰ ਕਰਨ ਦੀ ਸੰਸਾਰ ਨੂੰ ਜਾਚ ਦਸਣ ਲਈ ਸ੍ਰੀ ਗੁਰੂ ਨਾਨਕ ਜੀ ਮੋਦੀ ਬਣੇ ਸਨ । 'ਜੋ ਅਲੂਫਾ (ਤਨਖਾਹ ਤੋਂ ਵਖਰੀ ਰਸਦ) ਗੁਰੂ ਨਾਨਕ ਨੂੰ ਮਿਲੇ ਸੋ ਖਾਵੇ ਹੋਰ ਪ੍ਰਮੇਸ਼ਰ ਕੇ ਅਰਥ ਦੇਵੇ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਪ ਜਦ ਮੋਦੀਖਾਨੇ ਆ ਬੈਠਦੇ, ਗਾਹਕਾਂ ਦੀ ਭੀੜ ਲਗ ਜਾਂਦੀ । ਜਿਸ ਤਰ੍ਹਾਂ ਕਸਤੂਰੀ ਦੀ ਸੁਗੰਧੀ ਫੈਲ ਜਾਂਦੀ ਹੈ, ਆਪ ਦੇ ਸੁਚੇ ਵਿਹਾਰ ਦੀਆਂ ਧੁੰਮਾਂ ਪੈ ਗਈਆਂ । ਤਨਖਾਹ ਤੋਂ ਬਿਨਾਂ ਜੋ ਹਿੱਸਾ ਆਪ ਨੂੰ ਮਿਲਦਾ, ਉਹ ਲੋੜਵੰਦਾਂ ਨੂੰ ਦਿੰਦੇ । ਤਲਵੰਡੀ ਤੋਂ ਮਰਦਾਨਾ ਵੀ ਪੁਜ ਗਿਆ । ਕੀਰਤਨ ਤੇ ਸਤਿਸੰਗ ਹੋਣ ਲਗਾ ।

ਇਕ ਦਿਨ ਇਕ ਸਾਧੂ ਨੇ ਕਿਹਾ–'ਮੋਦੀ ਜੀ ਸੀਧਾ ਦਿਓ ।'

ਗੁਰੂ ਜੀ ਤਕੜੀ ਪਕੜ ਕੇ ਆਟਾ ਤੋਲਣ ਲਗੇ । ਧਾਰਨਾਂ ਤੋਲਦਿਆਂ ਤੁਲਦਿਆਂ ਜਦ ਬਾਰਾਂ ਤੋਂ ਪਿਛੋਂ 'ਤੇਰਾਂ' ਕਿਹਾ ਨੇ ਸੁਰਤ ਈਸ਼ਵਰ ਦੇ ਧਿਆਨ ਅਤੇ ਸਿਮਰਨ ਵਿਚ ਜੁੜ ਗਈ । ਤੇਰਾਂ ਦੀ ਗਿਣਤੀ ਵਿਚੋਂ ਉਚੇ ਹੋ ਕੇ 'ਅਨੰਤ' ਵਿਚ ਲੀਨ ਹੋ ਗਏ । ਨੈਣ

ਮੁੱਢੇ ਹੋਏ ਸਨ, ਭਗਤੀ ਦੇ ਰਸ ਵਿਚ ਮਗਨ ਮੂੰਹੋਂ ਤੇਰਾ ਦੀ ਥਾਂ 'ਤੇਰਾ ਤੇਰਾ' ਕਹਿੰਦੇ ਹੋਏ ਉਸ ਮੁਕਾਮ ਤੇ ਪੁਜ ਗਏ, ਜਿਥੇ ਮੈਂ-ਮੇਰੀ ਦਾ ਅਭਾਵ ਹੋ ਜਾਂਦਾ ਹੈ।

ਸਿਖ ਧਰਮ ਵਿਚ ਆਤਮਿਕ ਇਕਾਗਰਤਾ ਲਈ ਤਿੰਨ ਅਵਸਥਾਂ ਮੰਨੀਆਂ ਗਈਆਂ ਹਨ –

(੧) ਧਿਆਨ-ਮਨ ਦਾ ਕਿਸੇ ਇਕ ਨੁਕਤੇ ਉਤੇ ਕੁਝ ਸਮੇਂ ਲਈ ਇਕਾਗਰ ਹੋਣ ਜਾਂ ਟਿਕ ਜਾਣ ਨੂੰ ਧਿਆਨ ਕਿਹਾ ਜਾਂਦਾ ਹੈ।

(੨) ਸਿਮਰਨ–ਧਿਆਨ ਆਉਂਦਿਆਂ ਹੀ ਮਨ ਦਾ ਲਗਾਤਾਰ ਯਾਦ ਵਿਚ ਲਗ ਜਾਣਾ ਜਾਂ ਰਸਨਾ ਦਵਾਰਾ ਕਿਸੇ ਸ਼ਬਦ ਦਾ ਉਚਾਰਨ ਕਰਨਾ, ਅੰਦਰੋਂ ਰੱਬ ਨਾਲ ਤੇ ਹੱਥ ਕਾਰ ਵਲ ਸਿਮਰਨ ਦੀ ਅਵਸਥਾ ਹੈ ।

(੩) ਲਿਵ–ਇਸ ਹਾਲਤ ਵਿਚ ਪੁਜ ਕੇ ਮਨ ਨਿਸ਼ਾਨੇ ਤੋਂ ਨਹੀਂ ਉਖੜਦਾ। ਹਥਾਂ ਨਾਲ ਕੰਮ ਕਰਦਿਆਂ ਅੰਤਰ-ਮੁਖੀ ਲਿਵ ਜੁੜੀ ਰਹਿੰਦੀ ਹੈ, ਜਿਸ ਤਰ੍ਹਾਂ ਕੁਤਬਨੁਮਾਂ ਦੀ ਸੂਈ ਹਰ ਵੇਲੇ ਉਤਰ ਦਿਸ਼ਾ ਵਲ ਰਹਿੰਦੀ ਹੈ। ਲਿਵ ਦੀ ਅਵਸਥਾ ਵਿਚ ਪੁਜੀ ਹੋਈ ਆਤਮਾ ਇਕ ਰਸ ਆਪਣੇ ਉਦੇਸ਼ ਨਾਲ ਜੁੜੀ ਰਹਿੰਦੀ ਹੈ। ਧਿਆਨ ਉਖੜ ਸਕਦਾ ਹੈ, ਪਰ ਲਿਵ ਨਹੀਂ ਟੁਟਦੀ।

ਅਸੀਂ ਰੋਜ਼ ਕਈ ਵੇਰ ਤੇਰਾਂ ਗਿਣਦੇ ਹਾਂ, ਪਰ ਕਦੀ ਸੁਆਦ ਨਹੀਂ ਆਇਆ। ਮਹਾਨ ਆਤਮਾ ਕਿਸੇ ਨਿੱਕੀ ਗਲ ਦਾ ਬਹੁਤ ਉਚਾ ਅਸਰ ਕਬੂਲ ਕਰਦੀਆਂ ਹਨ, ਨੀਵਾਂ ਮਨੁਖ ਉਚੀਆਂ ਗਲਾਂ ਤੋਂ ਭੀ ਨੀਵਾਂ ਪ੍ਰਭਾਵ ਲੈਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੁਰਤ ਉਚੀ ਸੀ, ਤੇਰਾ ਤੇਰਾ ਕਹਿੰਦਿਆਂ ਨਿਰੰਕਾਰ ਵਿਚ ਲੀਨ ਹੋ ਗਏ । ਸਾਧੂ ਨੇ ਹੈਰਾਨ ਹੋ ਕੇ ਕਿਹਾ–'ਨਾਨਕ ਜੀ ! ਤੇਰਾਂ ਹੀ ਤੇ ਅਟਕ ਗਏ ਹੋ। ਇਸ ਤਰ੍ਹਾਂ ਦੀਆਂ ਧਾਰਨਾਂ ਤੋਲਦਿਆਂ ਮੋਦੀਖਾਨਾ ਕਦੋਂ ਵਸੇਗਾ ਅਜ ਭੀ ਉਜੜਿਆ, ਕਲ ਭੀ ?'

'ਸ਼ਾਈਂ' ਦੇ ਬੰਦੇ, ਨਿਰੰਕਾਰ ਦੇ ਨਾਂ ਪਰ ਤੇਰਾ ਤੇਰਾ ਕਰਦਿਆਂ ਬਰਕਤ ਪੈਂਦੀ ਹੈ, ਵਧੀਦਾ ਹੈ । ਇਹ ਸੰਸਾਰ ਮੇਰਾ ਮੇਰਾ ਕਰਕੇ ਉਜੜ ਰਿਹਾ ਹੈ, ਗੁਰੂ ਜੀ ਨੇ ਉਤਰ ਦਿਤਾ।

ਮੋਦੀ ਖਾਨੇ ਦਾ ਜਦ ਭੀ ਹਿਸਾਬ ਹੋਇਆ, ਗੁਰੂ ਜੀ ਦੀ ਰਕਮ ਵਧਦੀ ਹੀ ਰਹੀ । ਉਹ ਲੋੜਵੰਦਾਂ ਨੂੰ ਆਪਣੀ ਕਮਾਈ ਵਿਚੋਂ ਦਿੰਦੇ ਸਨ, ਮੋਦੀਖਾਨੇ ਵਿਚੋਂ ਨਹੀਂ । ਇਹ ਗਲਤ ਹੈ ਕਿ ਉਹ ਮੋਦੀਖਾਨਾ ਲੁਟਾਂਦੇ ਸਨ।

ਵਿਆਹ :

੧੫੪੫ ਵਿਚ ਗੁਰੂ ਜੀ ਦਾ ਵਿਆਹ ਪਿੰਡ ਪਖੋਂ ਕੇ ਰੰਧਾਵੇ ਪਰਗਨਾ ਬਟਾਲਾ ਦੇ ਸ੍ਰੀ ਮੂਲਚੰਦ ਚੋਣੇ ਖੱਤਰੀ ਦੀ ਬੇਟੀ ਸੁਲਖਣੀ ਜੀ ਨਾਲ ਹੋਇਆ,* ਜਿਨ੍ਹਾਂ ਤੋਂ ੧੫੫੧ ਵਿਚ ਬਾਬਾ ਸ੍ਰੀ ਚੰਦ ਤੇ ੧੫੫੩ ਵਿਚ ਬਾਬਾ ਲਖਮੀ ਦਾਸ ਜੀ ਪੈਦਾ ਹੋਏ। ਇਸਤ੍ਰੀ, ਪੁਤਰ, ਪ੍ਰਵਾਰ ਕਬੀਲਾ ਹੁੰਦਿਆਂ ਅਤੇ ਚੰਗਾ ਕੰਮ ਕਾਜ ਕਰਦਿਆਂ ਭੀ ਆਪ ਦੀ ਸੁਰਤ ਉਚੀ ਰਹੀ; ਜਿਸ ਤਰ੍ਹਾਂ ਕੰਵਲ ਪਾਣੀ ਵਿਚ ਰਹਿੰਦਾ ਹੈ ।

ਵੇਈਂ ਦਾ ਇਸ਼ਨਾਨ :

ਇਸ ਵਕਤ ਗੁਰੂ ਜੀ ਦੀ ਉਮਰ ੨੮-੨੯ ਸਾਲਾਂ ਦੀ ਹੋ ਚੁਕੀ ਸੀ। ਸੁਲਤਾਨਪੁਰ ਵਿਚ ਇਕ ਦਿਨ ਅੰਮ੍ਰਿਤ ਵੇਲੇ ਜਗਾ ਕੇ ਖਿਦਮਤਗਾਰ ਨੂੰ ਲੈ ਕੇ ਵੇਈਂ ਨਦੀ ਤੇ ਇਸ਼ਨਾਨ ਲਈ ਗਏ। ਇਤਿਹਾਸ ਦਸਦਾ ਹੈ ਕਿ 'ਤਿੰਨ ਦਿਨ ਅਲੋਪ ਰਹੇ। ਕਈ ਤਰ੍ਹਾਂ ਦੀ ਚਰਚਾ ਹੋ ਰਹੀ ਸੀ । ਜਦ ਲੋਕੀਂ ਬੇਬੇ ਨਾਨਕੀ ਨੂੰ ਕਹਿੰਦੇ, 'ਤੇਰਾ ਵੀਰ ਡੁਬ ਗਿਆ ਹੈ :' ਤਾਂ ਬੇਬੇ ਜੀ ਉਤਰ ਦੇਂਦੇ, 'ਮੇਰਾ ਵੀਰ, ਡੁਬਣ ਵਾਲਾ ਨਹੀਂ, ਜੇ ਉਹ ਡੁਬਾ ਹੈ ਤਾਂ ਜਗਤ ਨੂੰ ਤਾਰਨ ਲਈ।'

---

*ਗੁਰੂ ਜੀ ਦੀ ਜੰਞ ਦੇ ਬੈਠਣ ਵਾਲਾ ਥਾਂ ਗੁਰਦਵਾਰਾ ਕੰਧ ਸਾਹਿਬ ਤੇ ਵਿਆਹ ਵਾਲਾ ਘਰ ਬਟਾਲੇ ਵਿਚ ਮੌਜੂਦ ਹਨ।

ਜਾਲ ਪੁਆਏ ਗਏ, ਟੋਬੇ ਉਤਾਰੇ ਗਏ। ਪਰ ਗੁਰੂ ਜੀ ਦਾ ਕੋਈ ਪਤਾ ਨਾ ਲਗਾ। ਕਈ ਮਹਾਂ ਪੁਰਸ਼ਾਂ ਦੀ ਜ਼ਿੰਦਗੀ ਵਿਚ ਇਕ ਖਾਸ ਅਜੇਹਾ ਸਮਾਂ ਆਉਂਦਾ ਹੈ, ਜਦ ਉਨ੍ਹਾਂ ਦੀ ਉਚੀ ਸੁਰਤ ਜਾਗਦੀ ਹੈ। ਉਹ ਆਪਣੇ ਅੰਦਰ ਰੋਸ਼ਨੀ ਮਹਿਸੂਸ ਕਰਦੇ ਹਨ। ਇਸ ਰੋਸ਼ਨੀ ਵਿਚ ਓਹ ਆਪਣਾ ਆਦਰਸ਼ ਪ੍ਰਤੱਖ ਕਰਦੇ ਹਨ ।

ਗਯਾ ਵਿਚ ਮਹਾਤਮਾ ਬੁਧ ਨੂੰ ਗਿਆਨ ਪ੍ਰਾਪਤੀ, ਮੂਸਾ ਦਾ ਕੋਹਤੂਰ ਤੇ ਜਾਣਾ, ਹਜ਼ਰਤ ਈਸਾ ਦਾ ਜਾਡਰਨ ਦਰਿਆ ਤੇ ਜਾ ਕੇ ਯੂਹਨਾ ਪਾਸੋਂ ਬਿਪਤਸਮਾ ਲੈਣਾ ਤੇ ਰੂਹਲ ਕੁਦਸ ਦਾ ਉਤਰਨਾ ਅਤੇ ਹਜ਼ਰਤ ਮੁਹੰਮਦ ਦਾ ਮਿਅਰਾਜ ਤੇ ਜਾਣਾ ਮਿਲਦੀਆਂ ਜੁਲਦੀਆਂ ਗਲਾਂ ਹਨ ।

ਕਹਿਣ ਲਈ ਤਾਂ ਗੁਰੂ ਜੀ ਨੇ ਵੇਈਂ ਵਿਚ ਟੁਬੀ ਲਾਈ ਸੀ, ਪਰ ਅਸਲ ਵਿਚ ਉਹ ਅੰਤਰੀਵ ਆਤਮੇ ਲੀਨ ਹੋ ਕੇ ਸਚਖੰਡ ਵਿਚ ਪੁਜ ਗਏ ਸਨ। ਆਪ ਦੀ ਆਤਮਾ ਰਬ ਦੀ ਹਜ਼ੂਰੀ ਵਿਚ ਜਾ ਖਲੋਤੀ ਸੀ। ਸਚਖੰਡ ਵਿਚੋਂ ਗੁਰੂ ਜੀ ਨੇ ਦੋ ਚੀਜ਼ਾਂ ਪ੍ਰਾਪਤ ਕੀਤੀਆਂ 'ਨਾਮ' ਅਤੇ 'ਗਰੀਬੀ'* ਇਹ ਹਜ਼ੂਰ ਦੇ ਜੀਵਨ ਦਾ ਤਤ੍ਹ ਹਨ। ਆਤਮਾ ਵਿਸਮਾਦ ਦੀ ਹਾਲਤ ਵਿਚ ਆਪ ਨੇ ਸ੍ਰੀ ਨਿਰੰਕਾਰ ਜੀ ਦੇ ਸਨਮੁਖ ਹੋ ਕੇ ਇਉਂ ਉਸਤਤਿ ਕੀਤੀ –

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨਾ ਦੇਖਾ ਸੁਪਨੈ ਸਉਣ ਨਾ ਥਾਉ।
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥
(ਸ੍ਰੀ ਰਾਗ ਮ: ੧)

ਇਸੇ ਅਵਸਥਾ ਵਿਚ ਗੁਰਦੇਵ ਜੀ ਨੇ ਸਚਖੰਡ ਦਰਬਾਰ ਦੀ ਉਸਤਤਿ 'ਸੋਦਰ' ਦੀ ਬਾਣੀ ਵਿਚ ਕੀਤੀ ਹੈ। ਇਸ ਤੋਂ ਪਿਛੋਂ ਆਪ ਨੇ ਆਪਣਾ ਜੀਵਨ ਉਦੇਸ਼ ਇਉਂ ਦਸਿਆ ਹੈ–

---

*ਬਾਬਾ ਪੈਧਾ ਸਚਖੰਡ ਨਉਨਿਧ ਨਾਮ ਗਰੀਬੀ ਪਾਈ।
(ਭਾਈ ਗੁਰਦਾਸ ਵਾਰ ੧)

ਹਉ ਢਾਢੀ ਵੇਕਾਰ ਕਾਰੇ ਲਾਇਆ ॥
ਰਾਤ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
(ਵਾਰ ਸ੍ਰੀ ਰਾਗ ਮ: ੧)

ਤੀਸਰੇ ਦਿਨ ਗੁਰੂ ਸਾਹਿਬ ਵੇਈਂ ਪ੍ਰਵੇਸ਼ ਵਿਚੋਂ ਪਰਗਟ ਹੋਏ । ਭਾਈਆ ਜੈਰਾਮ, ਬੇਬੇ ਨਾਨਕੀ, ਨਵਾਬ ਦੌਲਤ ਖਾਂ ਤੇ ਸੁਲਤਾਨਪੁਰ ਨਿਵਾਸੀਆਂ ਨੂੰ ਬੜੀ ਪ੍ਰਸੰਨਤਾ ਹੋਈ। ਗੁਰੂ ਜੀ ਮਸਾਣਾਂ ਵਿਚ ਬੈਠੇ ਹੋਏ ਲੋਕਾਂ ਦੀ ਨਜ਼ਰੀਂ ਪਏ । ਜਦ ਸੁਲਤਾਨ ਪੁਰ ਵਿਚ ਆਏ, ਤਦ ਬਚਨ ਕੀਤਾ ਨੇ–'ਨਾਂਹ ਕੋਈ ਹਿੰਦੂ ਨਾਂਹ ਮੁਸਲਮਾਨ' ਭਾਵ ਸਾਰੇ ਮਨੁਖ ਰਬ ਦੇ ਪੈਦਾ ਕੀਤੇ ਹੋਏ ਹਨ । ਮਨੁਖਤਾ ਇਕੋ ਹੈ । ਇਸ ਵਿਚ ਮਜ਼ਹਬ ਜਾਂ ਫਿਰਕੇ ਦਾ ਕੋਈ ਵਿਤਕਰਾ ਨਹੀਂ ।

ਇਹ ਸੁਣ ਕੇ ਕਾਜ਼ੀ ਤੇ ਮੌਲਵੀ ਨੇ ਦੌਲਤ ਖਾਂ ਲੋਧੀ ਪਾਸ ਸ਼ਿਕਾਇਤ ਕੀਤੀ–'ਨਾਨਕ ਇਸਲਾਮ ਦੀ ਤੌਹੀਨ ਕਰਦਾ ਹੈ।'

ਦੌਲਤ ਖਾਂ ਲੋਧੀ ਨੇ ਗੁਰੂ ਜੀ ਨੂੰ ਸਦਿਆ । ਸੁਲਤਾਨ ਪੁਰ ਦੇ ਮੌਲਵੀ ਨੇ ਗੁਰੂ ਜੀ ਨੂੰ ਕਿਹਾ–'ਜੇ ਹਿੰਦੂ ਮੁਸਲਮਾਨ ਇਕੋ ਹਨ, ਤਦ ਤੁਸੀਂ ਮਸੀਤ ਵਿਚ ਆ ਕੇ ਸਾਡੇ ਨਾਲ ਨਮਾਜ਼ ਕਿਉਂ ਨਹੀਂ ਪੜ੍ਹਦੇ ?'

ਗੁਰੂ ਜੀ–'ਅਸੀਂ ਰਬ ਦੀ ਨਮਾਜ਼ ਪੜ੍ਹਨ ਲਈ ਤਿਆਰ ਹਾਂ।'

ਮਸੀਤ ਵਿਚ ਮੌਲਵੀ ਜਮਾਤ ਨੂੰ ਨਮਾਜ਼ ਪੜ੍ਹਾਣ ਲਗਾ। ਗੁਰੂ ਜੀ ਵੀ ਨਾਲ ਖਲੋ ਗਏ । ਮੌਲਵੀ ਤੇ ਨਮਾਜ਼ੀ ਸਿਜਦੇ ਕਰਦੇ ਰਹੇ, ਪਰ ਗੁਰੂ ਜੀ ਅਡੋਲ ਖੜੇ ਰਹੇ । ਨਮਾਜ਼ ਖਤਮ ਹੋ ਗਈ। ਮੌਲਵੀ ਨੇ ਗੁਰੂ ਜੀ ਨੂੰ ਪੁਛਿਆ–'ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ?'

ਗੁਰੂ ਜੀ–'ਅਸੀਂ ਨਮਾਜ਼ ਕਿਸ ਪਿਛੇ ਪੜ੍ਹਦੇ–ਤੁਹਾਡਾ ਚਿਤ ਤਾਂ ਘੋੜੀ ਦੀ ਵਛੇਰੀ ਪਿਛੇ ਭਟਕ ਰਿਹਾ ਸੀ । ਤੁਸੀਂ ਨਮਾਜ਼ ਕੀਤੀ, ਪਰ ਕਜ਼ਾ ਕੀਤੀ । ਅਸੀਂ ਨਹੀਂ ਕੀਤੀ ਤੇ ਨਾ ਹੀ ਕਜ਼ਾ

ਕੀਤੀ ਹੈ।' ਇਹ ਬਚਨ ਸੁਣ ਕੇ ਸਭ ਲੋਕਾਂ ਨੂੰ ਹੈਰਾਨੀ ਹੋਈ।

ਵੇਈਂ ਵਿਚੋਂ ਪ੍ਰਗਟ ਹੋਣ ਪਿਛੋਂ ਗੁਰੂ ਜੀ ਨੇ ਇਕ ਦਿਨ ਬੇਬੇ ਨਾਨਕੀ ਜੀ ਦੇ ਘਰ ਨਿਵਾਸ ਕੀਤਾ। ਸਵੇਰੇ ਉਠ ਕੇ ਕਹਿਣ ਲਗੇ-

'ਬੇਬੇ ਜੀ! ਹੁਣ ਸਾਡਾ ਅੰਨ ਜਲ ਏਥੋਂ ਉਠ ਖਲੋਤਾ ਹੈ। ਨਿਰੰਕਾਰ ਦੀ ਆਗਿਆ ਹੋਈ ਹੈ ਕਿ ਹੱਟੀ ਛੱਡ ਕੇ ਸੰਸਾਰ ਦੀ ਯਾਤਰਾ ਕਰੀਏ ਤੇ ਸਤਿਨਾਮ ਦਾ ਸੰਦੇਸ਼ ਦੇਵੀਏ।'

ਇਹ ਸੁਣ ਕੇ ਜੈ ਰਾਮ ਜੀ, ਬੇਬੇ ਨਾਨਕੀ ਤੇ ਸੁਲਖਣੀ ਨੂੰ ਖੇਦ ਹੋਇਆ। ਪਰ ਗੁਰੂ ਜੀ ਨੂੰ ਕੌਣ ਰੋਕ ਸਕਦਾ ਸੀ ? ਮਰਦਾਨੇ ਨੂੰ ਨਾਲ ਲੈ ਕੇ ਆਪ ਨੇ ਦੇਸ਼ਾਟਨ ਸ਼ੁਰੂ ਕੀਤਾ।

ਗੁਰੂ ਬਾਬੇ ਜੀ ਦਾ ਗੁਰੂ–

ਸਿਖ ਧਰਮ ਵਿਚ ਵਾਹਿਗੁਰੂ ਅਤੇ ਗੁਰੂ ਬੜੀ ਮਹਾਨਤਾ ਰਖਦੇ ਹਨ। ਸਿਖ ਹਰੇਕ ਗੱਲ ਤੇ ਵੱਡੀ ਤੋਂ ਵੱਡੀ ਸ਼ਖਸੀਅਤ ਨੂੰ ਭੁਲ ਸਕਦਾ ਹੈ, ਪਰ ਵਾਹਿਗੁਰੂ ਅਤੇ ਗੁਰੂ ਨੂੰ ਨਹੀਂ। ਸਿਖ ਬਣਦਾ ਹੀ ਤਦ ਹੈ ਜੇ ਗੁਰੂ ਹੋਵੇ। ਪ੍ਰਸ਼ਨ ਉਠਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ? ਸਚਖੰਡ-ਪ੍ਰਵੇਸ਼ ਦੀ ਵਾਰਤਾ ਵਿਚੋਂ ਇਸ ਦਾ ਉਤਰ ਮਿਲਦਾ ਹੈ। ਗੁਰੂ ਜੀ ਨੂੰ ਅਕਾਲ ਪੁਰਖ ਨੇ ਆਪਣਾ ਗਿਆਨ ਸਿੱਧਾ ਬਖਸ਼ਿਆ ਸੀ। ਇਸ ਲਈ ਇਕ ਵਾਹਿਗੁਰੂ ਹੀ ਉਹਨਾਂ ਦਾ ਗੁਰੂ ਹੈ। ਆਪ ਫੁਰਮਾਉਂਦੇ ਹਨ :

ਅਪਰੰਪਰ ਪਾਰਬ੍ਰਹਮ ਪ੍ਰਮੇਸੁਰ
ਨਾਨਕ ਗੁਰੁ ਮਿਲਿਆ ਸੋਈ ਜੀਉ ॥

ਸਿੱਧਾਂ ਨੇ ਪੁਛਿਆ –

ਕਵਣੁ ਮੂਲੁ ਕਵਣੁ ਮਤਿ ਵੇਲਾ ॥
ਕਵਣੁ ਗੁਰੂ ਜਿਸ ਕਾ ਤੂੰ ਚੇਲਾ ॥

ਗੁਰੂ ਜੀ ਦਾ ਉਤਰ–

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਸਿਧ ਗੋਸਟਿ, ੪੩-੪੪)

'ਸ਼ਬਦ ਗੁਰੂ' ਤੋਂ ਭਾਵ ਵਾਹਿਗੁਰੂ ਦੇ ਗਿਆਨ ਸਰੂਪ ਤੋਂ ਹੈ, ਜਿਸ ਨੂੰ ਸੁਰਤ ਹੀ ਕਬੂਲ ਕਰ ਸਕਦੀ ਹੈ। ਜਦ ਗੁਰੂ ਜੀ ਫੁਰਮਾਉਂਦੇ ਹਨ, 'ਸਤਿਗੁਰੂ ਵਿਚ ਆਪ ਰਖਿਓਨ' ਤਾਂ ਇਸ ਦਾ ਮਤਲਬ 'ਗੁਰੂ ਪਦਵੀ' ਨੂੰ ਵਰਣਨ ਕਰਨਾ ਹੈ।

ਜਿਸ ਤਰ੍ਹਾਂ ਕੋਈ ਬਾਦਸ਼ਾਹ ਰਾਜ ਪ੍ਰਬੰਧ ਲਈ ਨਿਯਮ ਬਣਾਉਂਦਾ ਹੈ ਤੇ ਉਹ ਆਪ ਹੀ ਬਾਦਸ਼ਾਹ ਦੇ ਅਧਿਕਾਰਾਂ ਦਾ ਵਰਨਣ ਕਰਦਾ ਹੈ, ਇਸੇ ਤਰ੍ਹਾਂ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਨੂੰ ਸੰਬੋਧਨ ਕਰਦੇ ਹਨ, ਤਦ ਉਸ ਦਾ ਭਾਵ ਗੁਰੂ-ਪਦਵੀ ਅਤੇ ਅਕਾਲ ਪੁਰਖ ਤੋਂ ਹੈ। ਜੋਗੀਆਂ ਨੇ ਇਕ ਹੋਰ ਥਾਵੇਂ ਇਹੀ ਪ੍ਰਸ਼ਨ ਪੁਛਿਆ ਸੀ—'ਤਪਾ ਜੀ, ਆਪ ਦਾ ਗੁਰੂ ਕੌਣ ਹੈ ? ਕਿਸ ਤੋਂ ਆਪ ਨੇ ਗੁਰਮੰਤ੍ਰ ਅਤੇ ਭੇਖ ਲਿਆ ਹੈ ?' ਤਾਂ ਸਤਿਗੁਰੂ ਜੀ ਨੇ ਉਤਰ ਦਿਤਾ—

ਏਕੰਕਾਰ ਗੁਰੂ ਸਿਰ ਮੇਰੇ।
ਕਹੈ ਨਾਨਕ ਸੁਣ ਗੋਪੀ ਚੰਦਾ
ਦਰਸਮਾਨ ਕੀਨੇ ਸਭ ਚੇਰੇ।*

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਅਕਾਲ ਪੁਰਖ ਹੀ ਸਤਿਗੁਰੂ ਦਾ ਗੁਰੂ ਸੀ। ਕੋਈ 'ਦੇਹਧਾਰੀ' ਵਯਕਤੀ ਉਨ੍ਹਾਂ ਦਾ ਗੁਰੂ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਆਪ 'ਗੁਰੂ ਅਵਤਾਰ' ਸਨ। ਸਿਖੀ ਦੇ ਉਹ 'ਸਤਿਗੁਰੂ' ਹਨ, ਪ੍ਰੰਤੂ ਉਨ੍ਹਾਂ ਦਾ ਗੁਰੂ ਇਕ ਵਾਹਿਗੁਰੂ ਹੈ, ਜਿਸ ਨੇ ਗੁਰੂ ਜੀ ਨੂੰ ਆਪਣਾ ਗਿਆਨ ਬਖਸ਼ ਕੇ ਸੰਸਾਰ ਦੇ ਨਿਸਤਾਰਨ ਲਈ ਪਰੇਰਨਾ ਕੀਤੀ।

—o—

*(੧) ਆਦਿ ਅੰਤਏਕੈ ਅਵਤਾਰਾ।
ਸੋਈ ਗੁਰੂ ਸਮਝਿਅਹੁ ਹਮਾਰਾ। (ਚੌ: ਪਾਤਸ਼ਾਹੀ੧੦)
(੨) ਗਿਆਨ ਗੁਰੂ ਆਤਮ ਉਪਦੇਸਹੁ॥ (੩੩ ਸਵੱਯੇ)

ਚੌਥਾ ਵਿਆਖਿਆਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸੰਦੇਸ਼
ਇਕ ਵਾਹਿਗੁਰੂ ਦੀ ਪੂਜਾ ਤੇ ਪ੍ਰੇਮ ਭਗਤੀ

ਸ੍ਰੀ ਅਕਾਲ ਪੁਰਖ ਪਾਸੋਂ ਉਪਦੇਸ਼ ਅਤੇ ਹੁਕਮ ਲੈਣ ਦੇ ਬਾਅਦ ਗੁਰਦੇਵ ਜੀ ਨੇ ਪ੍ਰਚਾਰ ਦਾ ਕੰਮ ਆਰੰਭ ਕੀਤਾ। ਜਗਤ-ਜਲੰਦੇ ਨੂੰ ਠਾਰਨ ਲਈ ਸਭ ਤੋਂ ਪਹਿਲਾਂ ਇਹ ਉਪਦੇਸ਼ ਕੀਤਾ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਹ ਸਿਖ ਧਰਮ ਦਾ ਮੂਲ ਮੰਤਰ ਹੈ। ਜਿਸ ਦਾ ਭਾਵ ਇਹ ਹੈ–ਵਹਿਗੁਰੂ ਇਕ ਹੈ ਤੇ ਸ੍ਰਿਸ਼ਟੀ ਦਾ ਕਰਤਾ ਹੈ। ਨਿਰਭੈ ਤੇ ਨਿਰਵੈਰ ਹੈ। ਜਨਮ ਅਤੇ ਕਾਲ ਤੋਂ ਰਹਿਤ ਹੈ। ਸ੍ਵੈ-ਪ੍ਰਕਾਸ਼ ਹੈ ਤੇ ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ। ਮੂਲ ਮੰਤਰ ਦੀ ਵਿਆਖਿਆ ਸ੍ਰੀ ਜਪੁਜੀ ਵਿਚ ਕੀਤੀ ਹੈ, ਜੋ ਸਤਿਗੁਰੂ ਜੀ ਦੀ ਆਤਮਿਕ ਸਿਧਾਂਤ ਦਰਸਾਉਣ ਵਾਲੀ ਗੁਰੂ ਬਾਣੀ ਹੈ। ਇਸ ਬਾਣੀ ਵਿਚ ਕਈ ਮਤਾਂ ਸਿਧਾਂਤਾਂ ਪਰ ਟੀਕਾ ਟਿਪਣੀ ਭੀ ਕੀਤੀ ਗਈ ਹੈ। ਅੰਤ ਵਿਚ ਆਤਮਿਕ ਉਨਤੀ ਦੀਆਂ ਮੰਜ਼ਲਾਂ ਅਰਥਾਤ 'ਖੰਡ' ਕਥਨ ਕੀਤੇ ਹਨ। ਖੰਡ ਇਹ ਹਨ :

(੧) ਧਰਮ ਖੰਡ–ਇਹ ਪਹਿਲੀ ਆਤਮਿਕ ਅਵਸਥਾ ਦਾ ਨਾਂ ਹੈ, ਜਿਸ ਵਿਚ ਮਨੁਖ ਨਿਯਮ-ਬੱਧ ਹੋ ਕੇ ਕੋਈ ਕੰਮ ਕਰਦਾ ਹੈ। ਇਸ ਵਿਚ ਦਸਿਆ ਹੈ-'ਰਾਤੀ ਰੁਤੀ ਥਿਤੀ ਵਾਰ'। ਭਾਵ–ਦਿਨ, ਰਾਤ

ਸੂਰਜ, ਚੰਦ੍ਰਮਾ, ਤਾਰੇ, ਪਉਣ ਅਤੇ ਪਾਣੀ ਕਿਸੇ ਅਗਾਂਹਿਤ ਦੇ ਹੁਕਮ ਅਤੇ ਨਿਯਮ ਵਿਚ ਬਧੇ ਹੋਏ ਕੰਮ ਕਰ ਰਹੇ ਹਨ । ਇਸ ਖੰਡ ਵਿਚ ਮਨੁਖ ਨੂੰ ਫਰਜ਼ ਦੀ ਪਛਾਣ ਦਸੀ ਹੈ।

(੨) ਗਿਆਨ ਖੰਡ–ਇਸ ਅਵਸਥਾ ਵਿਚ ਮਨੁਖ ਕੇਵਲ ਨਿਯਮਾਂ ਦੇ ਅਧੀਨ ਹੋ ਕੇ ਕੰਮ ਨਹੀਂ ਕਰਦਾ । ਉਸ ਦਾ ਜੀਵਨ ਮਸ਼ੀਨ ਵਰਗਾ ਨਹੀਂ ਹੁੰਦਾ, ਬਲਕਿ ਉਤਮ ਗਿਆਨ, ਉਚੀ ਸੂਝ ਅਤੇ ਵਿਚਾਰ ਸ਼ਕਤੀ ਪੈਦਾ ਹੁੰਦੀ ਹੈ । ਗਿਆਨ ਖੰਡ ਵਿਚ ਮਨੁਖ ਰਬ ਦੀ ਰਚਨਾਂ ਨੂੰ ਵਿਚਾਰ ਦ੍ਰਿਸ਼ਟੀ ਨਾਲ ਵੇਖਦਾ ਹੈ, ਉਸ ਨੂੰ ਬੇਅੰਤ ਅਨੁਭਵ ਕਰਦਾ ਹੈ । ਇਸੇ ਮੁਕਾਮ ਤੇ ਤਰ੍ਹ ਵੇਤਾ, ਸਾਇੰਸਦਾਨ, ਭਗਤ ਅਤੇ ਗਿਆਨੀ 'ਨੇਤਿ ਨੇਤਿ' ਨਹੀਂ ਇਤਨਾ, ਨਹੀਂ ਇਤਨਾ ਕਹਿ ਉਠਦੇ ਹਨ ।

(੩) ਸਰਮ ਖੰਡ–ਗਿਆਨ ਖੰਡ ਦੇ ਪਿਛੋਂ ਕਿਸੇ ਕੰਮ ਲਈ ਉਦਮ ਹੁੰਦਾ ਹੈ । ਜਿਸ ਗਲ ਨੂੰ ਅਸੀਂ ਜਾਣਦੇ ਹੀ ਨਹੀਂ, ਉਸ ਸਬੰਧੀ ਯਤਨ ਕੀ ਕਰਨਾ ਹੋਇਆ ? ਜੀਵਨ ਤੋਂ ਪਿਛੋਂ ਵਾਹਿਗੁਰੂ ਦੀ ਪ੍ਰਾਪਤੀ ਲਈ ਉਦਮ ਦੀ ਜੋ ਅਵਸਥਾ ਹੈ, ਉਸ ਨੂੰ ਗੁਰੂ ਜੀ ਨੇ ਸਰਮ ਖੰਡ ਕਥਨ ਕੀਤਾ ।

(੪) ਕਰਮ ਖੰਡ–ਇਹ ਉਹ ਅਵਸਥਾ ਹੈ, ਜਿਥੇ ਪੁਜ ਕੇ ਮਨੁਖ ਸੁਭਾਵਕ ਕੰਮ ਕਰਦਾ ਹੈ। ਉਸ ਨੂੰ ਕੋਈ ਕਰਮ ਕਰਨ ਵੇਲੇ ਸੋਚਣ ਅਤੇ ਵਿਚਾਰਨ ਦੀ ਲੋੜ ਨਹੀਂ ਰਹਿੰਦੀ । ਜਿਸ ਤਰ੍ਹਾਂ ਅੱਖਾਂ ਕਿਸੇ ਚੀਜ਼ ਨੂੰ ਵੇਖਦੀਆਂ ਅਤੇ ਕੰਨ ਸੁਣਦੇ ਹਨ, ਜੀਭ ਛੋਹਣ ਨਾਲ ਸਵਾਦ ਪਰਖ ਲੈਂਦੀ ਹੈ, ਇਸੇ ਤਰ੍ਹਾਂ ਕਰਮ ਖੰਡ ਵਿਚ ਪੁਜ ਕੇ ਨੇਕੀ ਅਤੇ ਚੰਗੇ ਕਰਮ ਸੁਭਾਵਕ ਹੋ ਜਾਂਦੇ ਹਨ।

(੫) ਸੱਚ ਖੰਡ–ਨਿਯਮ ਬੱਧ ਜੀਵਨ, ਗਿਆਨ, ਉਦਮ ਅਤੇ ਕਰਮ ਖੰਡ ਵਿਚੋਂ ਲੰਘ ਕੇ ਜਿਸ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ, ਉਸ ਦਾ ਨਾਂ ਸੱਚ ਖੰਡ ਹੈ, ਭਾਵ ਵਾਹਿਗੁਰੂ ਵਿਚ ਲੀਨਤਾ ।

ਜਿਸ ਸੁੰਦਰਤਾ ਅਤੇ ਸਾਦਗੀ ਨਾਲ ਰੂਹਾਨੀ ਮੰਜ਼ਲਾਂ ਨੂੰ ਗੁਰੂ ਜੀ ਨੇ ਕਥਨ ਕੀਤਾ ਹੈ, ਧਾਰਮਿਕ ਅਤੇ ਫ਼ਿਲਾਸਫ਼ੀ ਦੀ ਦੁਨੀਆਂ ਵਿਚ ਇਸ ਦੀ ਉਦਾਹਰਣ ਨਹੀਂ। ਜਿਸ ਤਰ੍ਹਾਂ ਹਿੰਦੂ ਧਰਮ ਦੇ ਤੱਤ੍ਹ ਵੇਦ ਉਪਨਿਸ਼ਦਾਂ ਅਤੇ ਗੀਤਾ ਵਿਚ ਮਿਲਦੇ ਹਨ, ਇਸੇ ਤਰ੍ਹਾਂ ਸਿਖੀ ਦੇ ਸਿਧਾਂਤ ਅਤੇ ਬੁਨਿਆਦੀ ਅਸੂਲ ਸ੍ਰੀ ਜਪੁਜੀ ਵਿਚ ਵਰਨਣ ਕੀਤੇ ਗਏ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਮੂਲ ਮੰਤ੍ਰ' ਵਿਚ ਸਭ ਤੋਂ ਪਹਿਲਾਂ ਵਾਹਿਗੁਰੂ ਦੀ ਏਕਤਾ ਪਰ ਜ਼ੋਰ ਦਿਤਾ ਸੀ। ਹਿੰਦੁਸਤਾਨ ਦੇ ਪੁਰਾਤਨ ਗ੍ਰੰਥਾਂ ਵਿਚ 'ਓਮ' ਸ਼ਬਦ ਆਉਂਦਾ ਹੈ ਜਿਸ ਵਿਚ ਅਕਾਰ, ਮਕਾਰ ਤੇ ਅਰਧ ਬਿੰਦੂ ਭਾਵ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤਿੰਨ ਦੇਵਤੇ ਕਲਪਤ ਕੀਤੇ ਹੋਏ ਸਨ।

ਗੁਰੂ ਜੀ ਨੇ 'ਓਮ' ਦੀ ਥਾਵੇਂ ੧ ਓੇਕਰ ਕੇ ਲਿਖਿਆ। ਇਸ ਦਾ ਭਾਵ ਇਹ ਹੈ ਕਿ ਵਾਹਿਗੁਰੂ ਇਕ ਹੈ, ਹੋਰ ਕੋਈ ਹਸਤੀ ਉਸ ਦੇ ਮੁਕਾਬਲੇ ਦੀ ਨਹੀਂ।*

ਸਾਡੇ ਦੇਸ਼ ਵਿਚ ਈਸ਼੍ਵਰ ਦੇ ਦੋ ਰੂਪ ਮੰਨੇ ਹੋਏ ਸਨ—ਇਕ ਨਿਰਗੁਣ, ਦੂਜਾ ਸਰਗੁਣ। ਨਿਰਗੁਣ ਸਰੂਪ ਨੂੰ ਤੇ ਲੋਕੀਂ ਸਮਝਦੇ ਨਹੀਂ ਸਨ, ਇਸ ਲਈ ਦੇਵਤਿਆਂ ਤੇ ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਪੂਜਾ ਕਰਦੇ ਸਨ। ਇਥੇ ਸਾਕਾਰ ਪੂਜਾ ਦਾ ਬਹੁਤ ਜ਼ੋਰ ਰਿਹਾ ਹੈ। ਗੁਰੂ ਜੀ ਨੇ ਨਿਰੰਕਾਰ ਦੀ ਭਗਤੀ ਤੇ ਜੋਰ ਦਿਤਾ ਤੇ ਕਿਹਾ, ਵਾਹਿਗੁਰੂ 'ਸਦਾ ਸਲਾਮਤ ਨਿਰੰਕਾਰ' ਹੈ। ਆਪ ਨੇ ਮੂਰਤੀ ਪੂਜਾ ਤੇ ਅਵਤਾਰ ਪੂਜਾ ਦਾ ਖੰਡਨ ਕੀਤਾ।

ਭਾਰਤ ਵਿਚ ਵੈਸ਼ਨਵ ਸੰਪ੍ਰਦਾਵਾਂ ਨੇ ਅਵਤਾਰ ਪੂਜਾ ਨੂੰ ਖਾਸ ਕਰ ਜ਼ੋਰ ਨਾਲ ਪ੍ਰਚਾਰਿਆ ਸੀ। ਸਤਿਗੁਰੂ ਇਸ ਦਾ ਖੰਡਨ ਕਰਦੇ

---

*ਏਕਾ ਏਕੰਕਾਰ ਲਿਖ ਦਿਖਾਲਿਆ।
ਊੜਾ ਓਅੰਕਾਰ ਪਾਸ ਬਹਾਲਿਆ। (ਭਾ: ਗੁ: ਵਾ: ੩-੧੫)

ਹੋਏ ਫੁਰਮਾਉਂਦੇ ਹਨ—

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧ ਕੀਆ ॥ ਅੰਧੁਲੈ ਦਹਸਿਰਿ ਮੂੰਡ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥ ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵਲਾਇ ॥ (ਆਸਾ ਮਹਲਾ ੧-੪੭)

ਸਾਡੇ ਦੇਸ਼ ਵਿਚ ਜਨਤਾ ਦਾ ਨਿਸਚਾ ਤੇ ਅਮਲ ਹੋਰ ਸੀ ਅਤੇ ਫਿਲਾਸਫਰਾਂ ਦਾ ਮਤ ਹੋਰ ਸੀ। ਹਿੰਦੂ ਰਿਸ਼ੀਆਂ ਛੇ ਸ਼ਾਸਤ੍ਰਾਂ ਵਿਚ ਈਸ਼ਵਰ, ਸ੍ਰਿਸ਼ਟੀ ਰਚਨਾਂ, ਜੀਵ-ਆਤਮਾ, ਕਰਮ, ਗਿਆਨ ਤੇ ਯੋਗ ਆਦਿਕ ਤੇ ਵਿਚਾਰ ਕੀਤੀ ਹੈ। ਨਿਆਇ ਸ਼ਾਸਤ੍ਰ ਦਾ ਮਤ ਸੀ ਕਿ ਈਸ਼ਵਰ ਜੀਵ ਅਤੇ ਪ੍ਰਕਿਰਤੀ ਤਿੰਨ ਚੀਜ਼ਾਂ 'ਅਨਾਦੀ' ਹਨ। ਈਸ਼ਵਰ ਘੁਮਿਆਰ ਵਾਂਗੂ ਭਾਂਡੇ ਬਣਾਉਂਦਾ ਹੈ ਪਰ ਚੱਕ ਅਤੇ ਮਿਟੀ ਉਸ ਤੋਂ ਵਖਰੇ ਹਨ।

ਸਾਂਖ ਦਾ ਮਤ ਸੀ ਈਸ਼ਵਰ ਦੀ ਕੋਈ ਹਸਤੀ ਨਹੀਂ। ਜੀਵ ਅਤੇ ਪ੍ਰਕਿਰਤੀ ਹੀ ਹਨ। ਜਦ ਤੀਕ ਦੋਵੇਂ ਨਾ ਮਿਲਣ, ਜੀਵਨ ਦਾ ਫਲ ਨਹੀਂ ਖਾ ਸਕਦੇ। ਸਾਂਖ ਦਾ ਅਰਥ ਹੈ—ਸੰਖਿਆ। ਇਸ ਸਾਸਤ੍ਰ ਨੇ ਬੜੀ ਗਿਣਤੀ ਮਿਣਤੀ ਕੀਤੀ ਹੈ।

ਵਰਤਮਾਨ ਸਮੇਂ ਵਿਚ ਪੱਛਮ ਦੇ ਪ੍ਰਸਿਧ ਨਾਸਤਕ ਕਾਰਲ ਮਾਰਕਸ ਦਾ ਮਤ 'ਵਿਗਯਾਨਕ ਪ੍ਰਕਿਰਤੀ ਵਾਦ' Dialectrical Materialism ਬਹੁਤ ਹੱਦ ਤੀਕ ਸਾਂਖ ਦੇ ਨਾਸਤਕ ਪੁਣੇ ਨਾਲ ਮਿਲਦਾ ਹੈ।

ਸ਼ਾਸਤ੍ਰਾਂ ਵਿਚੋਂ ਜਿਸ ਮਤ ਦਾ ਭਾਰਤ ਦੀਆਂ ਸੰਪ੍ਰਦਾਵਾਂ ਤੇ ਬਹੁਤ ਅਸਰ ਪਿਆ ਹੈ, ਉਹ ਹੈ ਵੇਦਾਂਤ। ਵੇਦਾਂਤ ਦਾ ਅਰਥ ਹੈ—ਗਿਆਨ ਦਾ ਨਿਚੋੜ। ਵੇਦਾਂਤ ਕੀ ਹੈ ? ਬ੍ਰਹਮ ਸੱਤ ਹੈ, ਜਗਤ ਮਿਥਿਆ ਅਤੇ ਇੰਦ੍ਰੀਆਂ ਦੇ ਅਗਯਾਨ ਕਰਕੇ ਪ੍ਰਤੀਤ ਹੁੰਦਾ ਹੈ। ਜਿਵੇਂ ਰਸੀ ਵਿਚ ਸੱਪ ਅਤੇ ਮਾਰੂ-ਥਲ ਵਿਚ ਮ੍ਰਿਗ ਤ੍ਰਿਸ਼ਨਾ

ਦਾ ਜਲ ਹੁੰਦਾ ਹੈ । ਸ੍ਵੈ-ਸਰੂਪ ਦੇ ਗਿਆਨ ਵਿਚ ਮੁਕਤੀ ਹੈ। ਮੈਂ ਬ੍ਰਹਮ ਹਾਂ' ਇਹ ਵੇਦਾਂਤ ਦਾ ਸਾਰੰਸ ਹੈ। ਰਿਸ਼ੀ ਬਿਆਸ ਤੇ ਸ਼ੰਕਰਾ-ਚਾਰਯ ਇਸ ਦੇ ਪ੍ਰਚਾਰਕ ਸਨ।

ਗੁਰੂ ਜੀ ਨੇ ਦਸਿਆ ਕਿ ਜੀਵ, ਪ੍ਰਕਿਰਤੀ ਅਤੇ ਈਸ਼੍ਵਰ ਤਿੰਨ ਅਨਾਦੀ ਨਹੀਂ, ਬਲਕਿ ਇਕ ਵਾਹਿਗੁਰੂ ਹੀ ਅਨਾਦੀ ਹੈ। ਉਹ 'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥' ਹੈ, ਉਸ ਅਕਾਲ ਦੇ ਫੁਰਨੇ ਨਾਲ ਸ੍ਰਿਸ਼ਟੀ ਬਣੀ ਹੈ।* ਉਹ ਜੀਵ, ਪ੍ਰਕਿਰਤੀ ਜਾਂ ਤੱਤਾਂ ਦੀ ਸੰਖਿਆ ਨਹੀਂ, ਬਲਕਿ 'ਆਦਿ ਅਨੀਲ ਅਨਾਦਿ ਅਨਾਹਤ ਜੁਗੁ ਜੁਗੁ ਏਕੋ ਵੇਸੁ' ਹੈ । ਮੈਂ ਬ੍ਰਹਮ ਨਹੀਂ, ਉਹ ਬ੍ਰਹਮ ਹੈ ਤੇ ਸਰਬ ਵਿਆਪਕ ਹੈ। ਗੁਰੂ ਜੀ ਫੁਰਮਾਉਂਦੇ ਹਨ-

ਤੂੰ ਦਰਿਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥

ਭਾਵ-ਵਾਹਿਗੁਰੂ ਸ਼ਹੁ ਦਰਿਆ ਹੈ। ਅਸੀਂ ਉਸ ਵਿਚ ਮਛੀ ਦੀ ਤਰ੍ਹਾਂ ਹਾਂ। ਅਸੀਂ ਉਸ ਦੀ ਥਾਹ ਕਿਸ ਤਰ੍ਹਾਂ ਲੈ ਸਕਦੇ ਹਾਂ ? ਮੱਛੀ ਦਾ ਜੀਵਨ ਮਰਨ ਪਾਣੀ ਵਿਚ ਹੁੰਦਾ ਹੈ ਤਿਵੇਂ ਮਨੁਖ ਰਬ ਤੋਂ ਪਰੇ ਨਹੀਂ ਜਾ ਸਕਦਾ।

ਪਿਛੇ ਦਸ ਆਏ ਹਾਂ ਕਿ ਬੁਧ ਧਰਮ ਸੁੰਨਵਾਦੀ ਸੀ। ਇਸਦਾ ਜੋਗ ਮਤ ਤੇ ਕਾਫ਼ੀ ਅਸਰ ਪਿਆ। ਗੁਰੂ ਜੀ ਨੇ ਸੁਮੇਰ ਤੇ ਜਦ ਸਿਧਾਂ ਨਾਲ ਗੋਸ਼ਟ ਕੀਤੀ ਤਾਂ ਇਕ ਸੁੰਨਵਾਦੀ ਜੋਗੀ ਨੇ ਪ੍ਰਸ਼ਨ ਕੀਤਾ-

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥

ਭਾਵ-ਜਦ ਮੈਂ ਅੰਦਰ ਦੇਖਦਾ ਹਾਂ ਤਾਂ ਸੁੰਨ (ਨੇਸਤੀ) ਤੋਂ ਬਿਨਾ ਕੁਝ ਨਹੀਂ। ਦ੍ਰਿਸ਼ਟਮਾਨ ਜਗਤ ਵੀ ਨਾਸਵੰਤ ਹੈ । ਤਿੰਨੇ ਭਵਨ ਸੁੰਨ ਮਸੁੰਨ ਹਨ।

ਗੁਰੂ ਜੀ ਇਸ ਦਾ ਉਤਰ ਦਿੰਦੇ ਹਨ-

ਚਉਥੇ ਸੁੰਨੈ ਜੋ ਨਰ ਚੀਨੈ ਤਾ ਕਉ ਪਾਪੁ ਨ ਪੁੰਨੰ ॥ (ਸਿਧ ਗੋਸਟਿ)

---

*ਕੀਤਾ ਪਸਾਉ ਏਕੋ ਕਵਾਉ ॥ (ਸ੍ਰੀ ਜਪੁਜੀ ਸਾਹਿਬ ੧੬)

ਭਾਵ–ਹੇ ਜੋਗੀ ! ਜੇ ਕਰ ਸਭ ਕੁਝ ਸੁੰਨ ਹੀ ਹੈ ਤਾਂ ਜੋ ਆਤਮਾ ਸੁੰਨ ਨੂੰ ਅਨੁਭਵ ਕਰਦਾ ਹੈ, ਉਹ ਆਪ ਸੁੰਨ ਨਹੀਂ ਹੋ ਸਕਦਾ। ਮੁਰਦੇ ਨੂੰ ਕੀ ਪਤਾ ਹੈ ਕਿ ਕੋਈ ਜੀਉਂਦਾ ਹੈ। ਮਨੁਖ ਦੀ ਆਤਮਾ ਚੇਤਨ ਹਸਤੀ ਸ੍ਰੀ ਵਾਹਿਗੁਰੂ ਦੀ ਅੰਸ਼ ਹੈ । ਜਗਤ ਰਚਨਾ ਉਸ ਚੇਤਨ ਹਸਤੀ ਤੋਂ ਹੋਈ ਹੈ, ਜਿਸ ਵਿਚ ਗਿਆਨ, ਇਰਾਦਾ ਅਤੇ ਕੰਮ ਕਰਨ ਦੀ ਸ਼ਕਤੀ ਹੈ।

'ਨਹੀਂ' ਤੋਂ ਕੋਈ ਚੀਜ਼ ਨਹੀਂ ਹੋ ਸਕਦੀ, 'ਹੈ' ਤੋਂ ਸ੍ਰਿਸ਼ਟੀ ਹੋਈ ਹੈ । ਹੋਂਦ ਤੋਂ ਕਿਸੇ ਦੀ ਹੋਂਦ ਹੋ ਸਕਦੀ ਹੈ, 'ਅਨਹੋਂਦ' ਤੋਂ ਨਹੀਂ ।

ਗੁਰੂ ਜੀ ਨੇ ਇਸ ਤਰ੍ਹਾਂ ਕਈ ਦਾਰਸ਼ਨਿਕ ਭੁਲੇਖਿਆਂ ਨੂੰ ਦੂਰ ਕੀਤਾ ਅਤੇ ਨਾਸਤਕ ਪੁਣੇ ਨੂੰ ਜੜ੍ਹੋਂ ਪੁਟਿਆ ਹੈ । ਪੁਰਾਣੇ ਮਜ਼ਹਬ ਵਿਚ ਰੱਬ ਸਬੰਧੀ ਕਈ ਭੁਲੇਖੇ ਸਨ, ਜਿਨ੍ਹਾਂ ਨਿਰਨਾ ਕਰ ਕੇ ਅਸਲੀਅਤ ਨੂੰ ਸਮਝਾਇਆ ਹੈ।

ਪੁਰਾਣੇ ਆਰੀਅਨ ਅਤੇ ਇਬਰਾਨੀ ਮਤਾਂ–ਯਹੂਦੀ, ਇਸਾਈ ਅਤੇ ਇਸਲਾਮ ਆਦਿ ਦੇ ਰੱਬ ਸਬੰਧੀ ਖਿਆਲ ਅੱਡ ਅੱਡ ਸਨ। ਇਕ ਵਿਚਾਰ ਸ਼ੈਲੀ ਆਰੀਅਨ ਦੀ ਸੀ, ਦੂਜੀ ਇਬਰਾਨੀ ਮਤਾਂ ਦੀ। ਜਿਥੇ ਕੋਈ ਮਨੁਖ ਜਨਮ ਲੈਂਦਾ ਹੈ, ਉਥੋਂ ਦੀ ਪ੍ਰਕਿਰਤੀ ਉਸ ਦੇ ਦਿਲ ਦਿਮਾਗ, ਸਰੀਰਕ ਬਣਤਰ ਅਤੇ ਖਿਆਲਾਂ ਤੇ ਡੂੰਘਾ ਅਸਰ ਪਾਂਦੀ ਹੈ । ਭਾਰਤ ਵਰਸ਼ ਦੀ ਪ੍ਰਕਿਰਤੀ ਦੂਜੇ ਸਾਰੇ ਦੇਸ਼ਾਂ ਨਾਲੋਂ ਨਿਰਾਲੀ ਅਤੇ ਅਸਚਰਜ ਹੈ । ਇਸ ਨੇ ਹਿੰਦੂ ਰਿਸ਼ੀਆਂ ਦੇ ਮਨਾਂ ਉਤੇ ਬਹੁਤ ਡੂੰਘਾ ਅਸਰ ਪਾਇਆ ਹੈ । ਸੁੰਦਰ ਬਨ, ਨਿਰਮਲ ਜਲ ਨਾਲ ਭਰਪੂਰ ਵਗਦੇ ਦਰਿਆ, ਬਨਾਸਪਤੀ, ਫੁਲਾਂ ਅਤੇ ਫਲਾਂ ਨਾਲ ਲੱਦੇ ਹੋਏ ਪਹਾੜ ਤੇ ਹਰੇ ਭਰੇ ਲੰਬੇ ਮੈਦਾਨ ਇਸ ਦੇਸ਼ ਵਿਚ ਸਨ। ਇਥੇ ਪ੍ਰਕਿਰਤੀ ਨੇ ਇਕ ਤਰ੍ਹਾਂ ਸ਼ਿੰਗਾਰ ਕੀਤਾ ਹੋਇਆ ਸੀ, ਇਸ ਲਈ ਇਥੇ ਰੱਬ ਨੂੰ ਸਤ, ਚਿਤ ਤੇ ਅਨੰਦ ਸਰੂਪ ਮੰਨਿਆ ਗਿਆ। ਉਸ ਦੀ ਸੁੰਦਰਤਾ ਨੂੰ ਪ੍ਰਕਿਰਤੀ ਵਿਚ ਹੀ ਦੇਖ ਕੇ ਉਸ ਦ

ਪੂਜਾ ਸ਼ੁਰੂ ਕਰ ਦਿਤੀ ਗਈ। ਜੋ ਕੁਝ ਹੈ, ਸਭ ਬ੍ਰਹਮ ਹੈ।

ਫ਼ਲਸਤੀਨ ਅਤੇ ਅਰਬ ਵਿਚ ਇਬਰਾਨੀ ਮਤਾਂ ਨੇ ਜਨਮ ਲਿਆ ਹੈ। ਉਥੇ ਜੰਗਲ ਬੀਆਬਾਨ ਤੇ ਮਾਰੂ-ਥਲਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਉਥੋਂ ਦੀ ਪ੍ਰਕਿਰਤੀ ਵਿਚ ਸੁੰਦਰਤਾ ਅਤੇ ਕੋਮਲਤਾ ਨਹੀਂ ਸੀ। ਜੇ ਵੇਖਣ ਵਾਲੀ ਕੋਈ ਚੀਜ਼ ਸੀ ਤਾਂ ਉਹ ਅਸਮਾਨ ਵਿਚ ਚਮਕਦੇ ਤਾਰੇ ਤੇ ਚੰਦਰਮਾਂ ਆਦਿਕ ਸਨ। ਇਬਰਾਨੀ ਮਤਾਂ ਨੇ ਇਸ ਲਈ ਰਬ ਦਾ ਤਸਵਰ ਆਸਮਾਨ ਵਿਚ ਕਾਇਮ ਕੀਤਾ ਹੈ। ਇਨ੍ਹਾਂ ਨੇ ਆਸਮਾਨੀ ਬਾਪ ਅਤੇ ਆਸਮਾਨੀ ਬਾਦਸ਼ਾਹਤ **Kingdom of Heavan** ਦਾ ਖਿਆਲ ਦਿਤਾ। ਹਿੰਦੂਆਂ ਨੇ ਪ੍ਰਕਿਰਤੀ ਵਿਚ ਵੀ ਬ੍ਰਹਮ ਸਮਝ ਕੇ ਉਸ ਦੀ ਪੂਜਾ ਕੀਤੀ। ਈਸਾਈਅਤ ਅਤੇ ਇਸਲਾਮ ਨੇ ਰਬ ਨੂੰ ਦ੍ਰਿਸ਼ਟਮਾਨ ਜਗਤ ਤੋਂ ਪਰੇ ਮੰਨ ਕੇ ਪ੍ਰਕਿਰਤੀ ਪੂਜਾ ਦੀ ਨਖੇਧੀ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਸ਼ੈਲੀ ਆਪਣੀ ਹੈ। ਇਸ ਲਈ ਆਪ ਨੇ ਆਰੀਯਨ ਅਤੇ ਇਬਰਾਨੀ ਮਤਾਂ ਤੋਂ ਵਖਰਾ ਤੇ ਇਕ ਨਵਾਂ ਖਿਆਲ ਦਿਤਾ ਹੈ। ਆਪ ਕਹਿੰਦੇ ਹਨ–

'ਬਲਿਹਾਰੀ ਕੁਦਰਤਿ ਵਸਿਆ।' (ਵਾਰ ਆਸਾ ਮ: ੧)

ਭਾਵ–ਕਾਦਰ ਕੁਦਰਤ ਵਿਚ ਹੈ। ਕੁਦਰਤ ਨੂੰ ਕਾਦਰ ਦੀ ਸਮਝ ਕੇ ਇਸ ਨਾਲ ਪਿਆਰ ਕਰਨਾ ਹੈ। 'ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ॥' ਜਦ ਇਹ ਰੱਬ ਦੀ ਰਚਨਾ ਹੈ, ਫਿਰ ਇਸ ਨਾਲ ਨਫ਼ਰਤ ਕਿਉਂ ਕੀਤੀ? ਪ੍ਰਕਿਰਤੀ ਨਾਲ ਪਿਆਰ ਕਰਨਾ ਹੈ, ਪਰ ਇਸ ਦੀ ਪੂਜਾ ਨਹੀਂ ਕਰਨੀ, ਕਿਉਂਕਿ ਇਹ 'ਮਹਿਦੂਦ' ਹੈ। ਇਸ ਦਾ ਰਚਨ ਵਾਲਾ 'ਅਨੰਤ' ਹੈ। ਦ੍ਰਿਸ਼ਟਮਾਨ ਜਗਤ ਹੱਦ ਵਿਚ ਹੈ, ਪਰ ਵਾਹਿਗੁਰੂ ਅਨ-ਹੱਦ ਹੈ।

ਗੁਰੂ ਜੀ ਨੇ ਇਕ ਪਿਤਾ ਤੇ ਅਸੀਂ ਸਾਰੇ ਉਸ ਦੇ ਪੁਤਰ ਹਾਂ, ਦੋ ਗੱਲਾਂ ਨੂੰ ਜ਼ੋਰ ਨਾਲ ਪ੍ਰਚਾਰਿਆ। ਇਕ ਪਿਤਾ **Fatherhood of God** ਅਤੇ ਭਰਾਤਰੀ ਭਾਵ **Brother hood of men**

ਦਾ ਖਿਆਲ ਹਜ਼ਰਤ ਈਸਾ ਨੇ ਭੀ ਦਿਤਾ ਸੀ, ਪਰ ਸਤਿਗੁਰੂ ਤੇ ਈਸਾ ਦੇ ਉਪਦੇਸ਼ ਵਿਚ ਇਕ ਬੁਨਿਆਦੀ ਫ਼ਰਕ ਇਹ ਹੈ ਕਿ ਹਜ਼ਰਤ ਈਸਾ ਕਹਿੰਦੇ ਮਨ–'ਰਬ ਸਾਡਾ ਬਾਪ ਹੈ, ਪਰ ਪਾਪ-ਰਹਿਤ ਉਸ ਦਾ ਪੁਤ੍ਰ ਕੇਵਲ ਮੈਂ ਹੀ ਹਾਂ ।' ਈਸਾਈ ਮੱਤ ਦਾ ਨਿਸਚਾ ਹੈ ਕਿ ਬਦੀ ਮਨੁਖ ਦੇ ਖ਼ਮੀਰ ਵਿਚ ਸ਼ਾਮਲ ਹੈ। ਸਭ ਆਤਮਾਵਾਂ ਗੁਨਾਹਗਾਰ ਹਨ। ਇਕੋ ਈਸਾ ਦੀ ਆਤਮਾ ਪਾਪ ਤੋਂ ਬਰੀ ਹੈ। ਉਸ ਪਰ ਈਮਾਨ ਲਿਆ-ਉਣ ਨਾਲ ਮਨੁਖ ਬਖ਼ਸ਼ੇ ਜਾ ਸਕਦੇ ਹਨ।

ਗੁਰੂ ਜੀ ਨੇ ਕਿਹਾ, 'ਰੱਬ ਸਭ ਦਾ ਪਿਤਾ ਹੈ। ਅਸੀਂ ਸਾਰੇ ਉਸ ਦੇ ਪੁਤਰ ਹਾਂ । ਕਿਸੇ ਸ਼ਖਸੀਅਤ ਪਰ ਈਮਾਨ ਲਿਆਉਣ ਨਾਲ ਨਹੀਂ ਬਲਕਿ ਰਬ ਦੀ ਭਗਤੀ, ਨੇਕੀ ਦੇ ਕਰਮ ਅਤੇ ਸੇਵਾ ਕਰਕੇ ਬਖਸ਼ੇ ਜਾ ਸਕਦੇ ਹਾਂ ।'

ਜੋ ਲੋਕ ਗੁਰਬਾਣੀ ਤੇ ਸਿਖ ਇਤਿਹਾਸ ਨੂੰ ਧਿਆਨ ਨਾਲ ਨਹੀਂ ਪੜ੍ਹਦੇ, ਉਨ੍ਹਾਂ ਵਿਚ ਇਕ ਭੁਲੇਖਾ ਇਹ ਭੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਅਕਾਲ ਪੁਰਖ ਦੀ ਪੂਜਾ (ਤੌਹੀਦ) ਦਾ ਖਿਆਲ ਇਸਲਾਮ ਤੋਂ ਲਿਆਹੈ। ਇਹ ਗੱਲ ਠੀਕ ਨਹੀਂ।

ਇਕ ਵਾਹਿਗੁਰੂ ਦਾ ਖਿਆਲ ਇਸਲਾਮ ਤੋਂ ਪਹਿਲੇ ਯਹੂਦੀ ਤੇ ਈਸਾਈ ਮਤ ਵਿਚ ਭੀ ਸੀ । ਇਹ ਤਿੰਨੇ ਮਤ ਅਜੇ ਪੈਦਾ ਵੀ ਨਹੀਂ ਹੋਏ ਸਨ, ਜਦੋਂ ਹਿੰਦੁਸਤਾਨ ਵਿਚ ਰਿਸ਼ੀਆਂ ਨੇ ਉਪਨਿਸ਼ਦਾਂ ਵਿਚ ਇਹ ਖਿਆਲ ਦਿਤਾ ਸੀ–'ਸਰਬ ਭੂਤੇਸ਼ੂ ਏਕ ਦੇਵਾ' ਭਾਵ ਸਾਰੇ ਤੱਤਾਂ ਵਿਚ ਏਕੋ ਦੇਵ ਵਿਆਪਕ ਹੈ। ਇਸ ਦੇ ਹੁੰਦਿਆਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਹਿੰਦੁਸਤਾਨ ਵਿਚ ਤੌਹੀਦ (ਇਕ ਦੀ ਪੂਜਾ) ਸਿਰਫ ਇਸਲਾਮ ਨੇ ਹੀ ਲਿਆਂਦੀ ਹੈ।

ਜਦ ਹਿੰਦੂ ਰਿਸ਼ੀ ਈਸ਼ਵਰ ਨੂੰ ਨਿਰਗੁਣ, ਨਿਰਾਕਾਰ, ਅਨੰਤ ਤੇ ਨੇਤਿ ਨੇਤਿ ਕਥਨ ਕਰਦੇ ਹਨ ਤਾਂ ਉਹ ਰੱਬ ਦੇ ਇਕ ਹੋਣ ਤੋਂ ਇਨਕਾਰੀ ਕਿਸ ਤਰ੍ਹਾਂ ? ਅਸਲ ਗੱਲ ਇਹ ਕਿ ਹਿੰਦੁਸਤਾਨ ਵਿਚ ਰਬ ਦੀ ਏਕਤਾ ਦਾ ਖਿਆਲ ਫ਼ਿਲਾਸਫ਼ੀ ਦੇ ਰੂਪ ਵਿਚ ਮੌਜੂਦ

ਸੀ, ਪਰ ਅਮਲ ਵਿਚ ਨਹੀਂ ਸੀ । ਇਥੇ ਦੇਵ ਪੂਜਾ, ਪ੍ਰਕਿਰਤ ਪੂਜਾ ਅਤੇ ਅਵਤਾਰ ਪੂਜਾ ਦਾ ਜ਼ੋਰ ਸੀ। ਗੁਰੂ ਜੀ ਨੇ ਇਕ ਰਬ ਦੀ ਪੂਜਾ ਅਮਲੀ ਤੋਰ ਤੇ ਦਿਤੀ ਹੈ।

ਜੇ ਹਿੰਦੂ ਧਰਮ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਹਸਤੀ ਮੰਨੀ ਸੀ ਤਾਂ ਇਸਲਾਮ ਵਿਚ ਭੀ ਮਨੁਖ ਅਤੇ ਰਬ ਦੇ ਵਿਚਕਾਰ ਜਬਰਾਈਲ, ਮੇਕਾਈਲ, ਅਸਰਾਫ਼ੀਲ ਆਦਿ ਫਰਿਸ਼ਤੇ ਮੰਨ ਕੇ ਰਬ ਦੀਆਂ ਸ਼ਕਤੀਆਂ ਨੂੰ ਵੰਡਿਆ ਹੋਇਆ ਸੀ। ਰਬ ਇਕ ਹੈ, ਉਹ ਸਾਰੀਆਂ ਸ਼ਕਤੀਆਂ ਦਾ ਕੇਂਦਰ ਹੈ, 'ਨਾਉ ਪੂਜੀਐ ਨਾਉ ਮੰਨੀਐ' ਪਰ ਜੋਰ ਗੁਰੂ ਜੀ ਨੇ ਦਿਤਾ।

ਇਸਲਾਮ ਦਾ ਇਕ ਹੋਰ ਨਿਸਚਾ ਸੀ ਕਿ 'ਰੱਬ ਤਾਂ ਇਕ ਹੈ ਪਰ ਜੋ ਆਦਮੀ ਹਜ਼ਰਤ ਮੁਹੰਮਦ ਪਰ ਈਮਾਨ ਨਹੀਂ ਲਿਆਉਂਦਾ ਉਸ ਦੀ ਸਿਫ਼ਾਇਤ ਕਰਨ ਵਾਲਾ ਦਰਗਾਹ ਵਿਚ ਕੋਈ ਨਹੀਂ ਹੋਏਗਾ ।' ਮਹਾਰਾਜ ਨੇ ਇਸ ਦਾ ਵੀ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਗੁਰੂ ਸਾਹਿਬ ਪਸਰੂਰ ਦੇ ਪਾਸ ਕੋਟਲੇ ਵਿਚ ਜਦ ਮੀਆਂ ਮਿਠੇ ਨੂੰ ਮਿਲੇ ਤਦ ਉਸ ਨੇ ਇਹੀ ਗਲ ਕਹੀ ਸੀ :

ਇਕੋ ਨਾਮ ਖੁਦਾਇ ਦਾ ਦੂਜਾ ਨਬੀ ਰਸੂਲ।
ਨਾਨਕ ਕਲਮਾ ਜੇ ਪੜਹਿ ਦਰਗਹਿ ਪਵਹਿ ਕਬੂਲ ॥

ਗੁਰੂ ਜੀ ਨੇ ਇਸ ਦਾ ਉਤਰ ਦਿਤਾ—

ਅਵਲ ਨਾਮ ਖੁਦਾਇ ਦਾ ਦਰ ਦਰਵਾਨ ਰਸੂਲ।
ਸੇਖਾ ਨੀਯਤ ਰਾਸ ਕਰ ਦਰਗਹਿ ਪਵਹਿ ਕਬੂਲ ॥

(ਪੁਰਾਤਨ ਜਨਮ ਸਾਖੀ)

ਸਾਇੰਸ ਦੇ ਵਿਕਾਸ ਨਾਲ ਪੱਛਮ ਵਿਚ ਇਹ ਖਿਆਲ ਪੈਦਾ ਹੋ ਗਿਆ ਹੈ ਕਿ ਮਜ਼ਹਬ ਅਤੇ ਰੱਬ ਦੀ ਬੁਨਿਆਦ ਡਰ ਤੇ ਹੈ। ਜਦ ਮਨੁਖ ਬੇਸਮਝ ਸੀ, ਉਸ ਨੇ ਤੱਤਾਂ ਦੀ ਪੂਜਾ ਕੀਤੀ ਸੀ। ਫਿਰ ਦੇਵਤਿਆਂ ਨੂੰ ਮੰਨਿਆ । ਇਸ ਤੋਂ ਰਬ ਦੀ ਹੋਂਦ ਦਾ ਖਿਆਲ ਪੈਦਾ ਹੋਇਆ। ਹੁਣ ਜਦ ਕਿ ਸਾਇੰਸ ਨੇ ਮਨੁਖ ਨੂੰ ਪ੍ਰਕਿਰਤੀ ਦਾ ਗਿਆਨ

ਕਰਾ ਦਿਤਾ ਹੈ, ਉਹ ਪ੍ਰਕਿਰਤਕ ਤਬਦੀਲੀਆਂ ਜਾਂ ਉਨ੍ਹਾਂ ਦੇ ਕਾਰਨਾਂ ਤੋਂ ਜਾਣੂ ਹੋ ਕੇ ਨਾ ਕੇਵਲ ਤੱਤ-ਪੂਜਾ ਤੇ ਮਜ਼ਬੀ ਮਨੌਤਾਂ ਨੂੰ ਹੀ ਮਿਥਿਆ ਮੰਨੇਗਾ, ਸਗੋਂ ਰਬ ਦੀ ਹਸਤੀ ਤੋਂ ਵੀ ਇਨਕਾਰੀ ਹੋ ਜਾਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬ ਦੀ ਹੋਂਦ ਨੂੰ ਬੜੇ ਹੀ ਵਿਗਿਆਨਕ ਢੰਗ ਨਾਲ ਸਮਝਾਇਆ ਹੈ। ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿਚ ਦਸਿਆ ਹੈ ਕਿ ਰਬ ਦਾ ਖਿਆਲ ਡਰ ਤੋਂ ਨਹੀਂ ਪੈਦਾ ਹੋਇਆ, ਸਗੋਂ ਜਿਸ ਦਿਨ ਮਨੁਖ ਨੇ ਸੁਰਤ ਸੰਭਾਲੀ, ਇਸ ਵਿਸ਼ਾਲ ਜਗਤ ਵਿਚ ਅੱਖਾਂ ਖੋਲ੍ਹੀਆਂ, ਉਸ ਦੇ ਦਿਲ ਵਿਚ ਇਹ ਸਵਾਲ ਪੈਦਾ ਹੋਇਆ, ਕੀ ਇਹ ਜਗਤ ਬਿਨਾਂ ਕਾਰਨ ਦੇ ਬਣ ਗਿਆ ਹੈ ਜਾਂ ਇਸ ਦੇ ਪਿਛੇ ਕਿਸੇ ਦਾ ਗਿਆਨ ਤੇ ਇਰਾਦਾ ਕੰਮ ਕਰਦਾ ਹੈ? ਕੀ ਜੜ੍ਹ ਪ੍ਰਕਿਰਤੀ ਹੀ ਸੰਸਾਰ ਦੀ ਰਚਨਾ ਕਰ ਦੇਂਦੀ ਹੈ ਜਾਂ ਸ੍ਰਿਸ਼ਟੀ ਦਾ ਰਚਨਹਾਰ ਵੀ ਕੋਈ ਹੈ ? ਇਹ ਹੈ ਰਬ ਦੀ ਹਸਤੀ ਦੇ ਨਿਸਚੇ ਦੀ ਜੜ੍ਹ। ਮਨੁਖ ਜਦ ਸੰਸਾਰ ਦੀ ਅਸਚਰਜ ਰਚਨਾ, ਅਦਭੁਤ ਘਟਨਾਵਾਂ ਤੇ ਤਬਦੀਲੀਆਂ ਨੂੰ ਵੇਖਦਾ ਹੈ ਤਾਂ ਉਸ ਦੇ ਮਨ ਵਿਚ ਸਭ ਤੋਂ ਪਹਿਲੇ ਹੈਰਾਨੀ ਅਤੇ 'ਅਨੰਦ' ਦੀ ਇਕ ਹਾਲਤ ਪੈਦਾ ਹੁੰਦੀ ਹੈ। ਗੁਰੂ ਜੀ ਉਸ ਨੂੰ 'ਵਿਸਮਾਦ' ਕਹਿੰਦੇ ਹਨ। ਬੇਅੰਤ ਰਚਨਾ ਵੇਖ ਕੇ ਫੁਰਮਾਉਂਦੇ ਹਨ :

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ
ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ
ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ
ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ
ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ
ਵਿਸਮਾਦੁ ਭੋਗੁ ॥

ਅੰਤ ਵਿਚ ਕਹਿੰਦੇ ਹਨ :

ਵੇਖ ਵਿਡਾਣੁ ਰਹਿਆ ਵਿਸਮਾਦੁ ॥*

(ਆਸਾ ਦੀ ਵਾਰ ਮ: ੧)

ਜਦ ਮਨੁਖ ਅਗਾਧ ਰਚਨਾ ਨੂੰ ਵੇਖ ਕੇ ਵਿਸਮਾਦੁ' ਦੀ ਹਾਲਤ ਵਿਚ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਪ੍ਰਸ਼ਨ ਉਠਦਾ ਹੈ, ਜਗਤ ਦਾ ਕਾਰਨ ਕੀ ਹੈ ? ਸਤਿਗੁਰੂ ਇਸੇ ਸਲੋਕ ਵਿਚ ਸਮਝਾਉਂਦੇ ਹਨ ਕਿ ਰਚਨਾ ਦਾ ਕਾਰਨ ਕੇਵਲ ਇਕ ਵਾਹਿਗੁਰੂ ਹੈ, ਜੋ ਕੁਦਰਤ ਤੋਂ ਜਾਣਿਆਂ ਜਾਂਦਾ ਹੈ। ਯਥਾ–

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ
ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ

---

*ਵਰਤਮਾਨ ਸਾਇੰਸ ਦੀ ਖੋਜ ਵੀ ਸਾਨੂੰ ਗਿਆਨ ਅਤੇ ਤਜਰਬੇ ਦੀ ਹੱਦ ਤੋਂ ਪਰੇ 'ਵਿਸਮਾਦ ਤੇ ਅਨੰਤ' ਵਿਚ ਜਾ ਕੇ ਲੀਨ ਕਰਦੀ ਹੈ। ਜਿਸ ਤਰ੍ਹਾਂ ਦਿਲੀ ਵਿਚ ਰਾਜਾ ਜੈ ਸਿੰਘ ਦਾ ਬਣਾਇਆ ਹੋਇਆ ਜੰਤਰ ਮੰਤਰ ਹੈ, ਇਸੇ ਤਰ੍ਹਾਂ ਅਮਰੀਕਾ ਵਿਚ ਅਕਾਸ਼ ਮੰਡਲ ਦਾ ਗਿਆਨ ਪ੍ਰਾਪਤ ਕਰਨ ਲਈ ਅਕਾਸ਼ ਲੋਚਨ (observatory) ਮਾਊਂਟ ਵਿਲਸਨ ਤੇ ਮਾਊਂਟ ਪਲੋਮਰ ਹਨ। ਇਹਨਾਂ ਵਿਚ ਅਕਾਸ਼ ਮੰਡਲ ਬਾਰੇ ਤਜਰਬਾ ਕਰਨ ਵਾਲੇ ਖੋਜੀਆਂ ਨੇ ਇਕ ਸੌ ਤੇ ਦੋ ਸੌ ਇੰਚ ਸ਼ੀਸ਼ੇ ਦੀਆਂ ਦੂਰਬੀਨਾਂ ਨਾਲ ਸੂਰਜ, ਚੰਦ੍ਰਮਾਂ ਗ੍ਰਹਿਆਂ ਤੇ ਨਛੱਤਰਾਂ ਨੂੰ ਵੇਖ ਕੇ ਕਿਹਾ–'ਜੋ ਕੁਛ ਅਸੀਂ ਹੁਣ ਤੀਕ ਮਾਲੂਮ ਕਰ ਸਕੇ ਹਾਂ, ਇਹ ਬਹੁਤ ਥੋੜ੍ਹਾ ਹੈ। ਬੇਅੰਤ ਰਚਨਾ ਐਸੀ ਹੈ ਜਿਸ ਨੂੰ ਮਨੁਖ ਬੁਧੀ ਜਾਣ ਨਹੀਂ ਸਕੀ।

ਬਨਾਸਪਤੀ ਲਈ ਪਾਣੀ ਤੇ ਨਾਈਟਰੋਜਨ ਜ਼ਰੂਰੀ ਹਨ। ਪਾਣੀ ਆਕਸੀਜਨ ਅਤੇ ਹਾਈਡਰੋਜਨ ਤੋਂ ਬਣਦਾ ਹੈ। ਨਾਈਟਰੋਜਨ ਦਾ ਇਕ ਅਣੂ ਕਿੰਨੀਆਂ ਤਬਦੀਲੀਆਂ ਵਿਚੋਂ ਲੰਘਦਾ ਹੈ ? ਇਸ ਸੰਬੰਧੀ

(ਬਾਕੀ ਦੇਖੋ ਸਫ਼ਾ ੪੫)

ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਬੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨਣਾ ਕੁਦਰਤਿ ਸਰਬ ਪਿਆਰੁ ॥

ਇਸੇ ਸਲੋਕ ਦੇ ਅੰਤ ਵਿਚ ਫੁਰਮਾਉਂਦੇ ਹਨ–

ਕੁਦਰਤਿ ਪਾਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰ ਵੇਖੈ ਵਰਤੈ ਤਾਕੋ ਤਾਕ ॥ (ਵਾਰ ਆਸਾ ਮ: ੧

ਭਾਵ–ਕੁਦਰਤ ਰੱਬ ਦੀਆਂ ਉਨ੍ਹਾਂ ਪ੍ਰਤੱਖ ਸ਼ਕਤੀਆਂ ਦਾ ਨਾਂ ਹੈ, ਜਿਨ੍ਹਾਂ ਦਾ ਕਾਰਨ ਉਹ ਆਪ ਹੈ । ਕੁਦਰਤ ਅੰਨ੍ਹੀਆਂ ਸ਼ਕਤੀਆਂ ਦਾ ਨਾਂ ਨਹੀਂ । ਇਸ ਦੇ ਪਿਛੇ ਸਿਆਣੇ ਵਾਹਿਗੁਰੂ ਦਾ ਇਰਾਦਾ

(ਸਫਾ ੪੪ ਦੀ ਬਾਕੀ)

ਇਕ ਪਛਮੀ ਵਿਗਿਆਨਕ ਦੀ ਰਾਇ ਇਉਂ ਹੈ–

Each Nitrogen atom has doubtless under gone a never ceasing of change.

ਭਾਵ–ਬਿਲਾ-ਸ਼ਕ ਨਾਈਟਰੋਜਨ ਦਾ ਹਰ ਇਕ ਅਣੂ ਤਬਦੀਲੀਆਂ ਦੇ ਨਾ ਮੁਕਣ ਵਾਲੇ ਚਕਰ ਵਿਚੋਂ ਲੰਘਿਆ ਹੈ ।

ਬਾਰਸ਼ ਰਾਹੀਂ ਨਾਈਟਰੋਜਨ ਪ੍ਰਿਥਵੀ ਤੇ ਡਿਗ ਕੇ ਬਨਾਸਪਤੀ ਤੇ ਜਾਨਵਰਾਂ ਦੀ ਖ਼ੁਰਾਕ ਬਣਦੀ ਹੈ ।

'ਜੋ ਕੁਝ ਮੈਂ ਜਾਣਿਆ ਹੈ, ਉਸ ਤੋਂ ਇਹ ਪਤਾ ਲਗਦਾ ਹੈ ਕਿ ਅਜੇ ਮੈਂ ਕੁਝ ਨਹੀਂ ਜਾਣ ਸਕਿਆ ।' (ਅਰਸਤੂ)

ਆਕਰਸ਼ਣ ਸ਼ਕਤੀ ਦਾ ਪਤਾ ਕਰਨ ਵਾਲਾ ਨਿਊਟਨ ਕਹਿੰਦਾ ਹੈ–'ਮੈਂ ਜੋ ਕੁਝ ਲਭ ਸਕਿਆ ਹਾਂ, ਉਹ ਇਸ ਤਰ੍ਹਾਂ ਹੈ ਜਿਵੇਂ ਸਮੁੰਦਰ ਦੇ ਕਿਨਾਰੇ ਕੋਈ ਬੱਚਾ ਗੀਟੀਆਂ ਚੁਣਦਾ ਹੈ ।

ਕੰਮ ਕਰਦਾ।

ਬੇਸਮਝੀ ਦੇ ਕਾਰਨ ਮਨੁਖ ਕਾਦਰ ਦੀ ਥਾਂ ਕੁਦਰਤ ਪਾਸੋਂ ਡਰਦਾ ਤੇ ਉਸ ਦੀ ਪੂਜਾ ਕਰਦਾ ਸੀ। ਗੁਰੂ ਜੀ ਅਗਲੇ ਸਲੋਕ ਵਿਚ ਇਸ ਭੁਲੇਖੇ ਨੂੰ ਇਉਂ ਦੂਰ ਕਰਦੇ ਹਨ–

ਭੈ ਵਿਚ ਪਵਣੁ ਵਹੈ ਸਦ ਵਾਉ ॥
ਭੈ ਵਿਚ ਚਲਹਿ ਲਖ ਦਰੀਆਉ ॥
ਭੈ ਵਿਚ ਅਗਨਿ ਕਢੈ ਵੇਗਾਰਿ ॥
ਭੈ ਵਿਚ ਧਰਤੀ ਦਬੀ ਭਾਰਿ ॥

ਅੰਤ ਵਿਚ ਕਹਿੰਦੇ ਹਨ–

ਸਗਲਿਆ ਭਉ ਲਿਖਿਆ ਸਿਰ ਲੇਖੁ ॥
ਨਾਨਕ ਨਿਰਭਉ ਨਿਰੰਕਾਰ ਸਚੁ ਏਕੁ ॥
(ਵਾਰ ਆਸਾ ਮ: ੧-੪)

ਇਸ ਦਾ ਭਾਵ ਸਪਸ਼ਟ ਹੈ ਕਿ ਕੁਦਰਤ ਦੀਆਂ ਸਾਰੀਆਂ ਸ਼ਕ-ਤੀਆਂ ਰਬ ਦੇ ਡਰ ਵਿਚ ਹਨ, ਨਿਰਭੈ ਕੇਵਲ ਇਕੋ ਨਿਰੰਕਾਰ ਹੀ ਹੈ।

ਮਨੁਖ ਉਨਤੀ ਕਰਦਾ ਕਰਦਾ ਇਕ ਅਜੇਹੀ ਉਚੀ ਥਾਂ ਤੇ ਪੁਜ ਗਿਆ ਹੈ, ਜਿਥੇ ਉਹ ਪ੍ਰਿਥਵੀ ਦੀ ਸਾਰੀ ਰਚਨਾ ਤੋਂ ਸ਼ਰੋਮਣੀ ਹੋ ਜਾਂਦਾ ਹੈ, ਤਦ ਉਸ ਨੂੰ ਆਪਣੀ ਅਸੀਮ ਉਨਤੀ ਲਈ ਇਕ ਅਸੀਮ ਬੁਲੰਦੀ ਵਾਲਾ ਨਿਸ਼ਾਨਾਂ ਚਾਹੀਦਾ ਹੈ, ਜੋ ਉਸ ਨੂੰ ਸਾਰੀ ਉਮਰ ਉਚਿਆਈ ਵਲ ਖਿਚਦਾ ਰਹੇ। ਮਨੁਖ ਦੇ ਮਨ ਵਿਚ ਉਚਾ ਹੋਣ ਦੀ ਇਛਾ ਹਮੇਸ਼ਾਂ ਉਭਰਦੀ ਰਹਿੰਦੀ ਹੈ। ਉਹ ਉਚੀ ਥਾਂ ਤੇ ਪੁਜ ਕੇ ਵੀ ਰੁਕਣਾ ਨਹੀਂ ਚਾਹੁੰਦਾ ਤੇ ਉਸ ਦੀਆਂ ਨਜ਼ਰਾਂ ਸਦਾ ਉਤਾਂਹ ਵਲ ਲਗੀਆਂ ਰਹਿੰਦੀਆਂ ਹਨ, ਸਵਾਲ ਪੈਦਾ ਹੁੰਦਾ ਹੈ, ਉਹ ਬੇਹੱਦ ਉਚਾਈਆਂ ਦਾ ਨਿਸ਼ਾਨਾਂ ਕੀ ਹੋ ਸਕਦਾ ਹੈ ? ਇਕ ਰਬ ਦੀ ਹੋਂਦ ਦਾ ਵਿਸ਼ਵਾਸ। ਜੇ ਇਹ ਹਸਤੀ ਮਨੁਖ ਦੇ ਸਾਹਮਣਿਓਂ ਹਟ ਜਾਏ, ਤਦ ਉਸ ਲਈ ਉਤਾਹਾਂ ਵੇਖਣ ਵਾਸਤੇ ਕੁਝ ਵੀ ਬਾਕੀ ਨਹੀਂ ਰਹਿ ਜਾਂਦਾ।

ਪ੍ਰਿਥਵੀ ਤੇ ਜਿੰਨੀਆਂ ਚੀਜ਼ਾਂ ਹਨ, ਮਨੁਖ ਤੋਂ ਹੇਠਲੇ ਦਰਜੇ ਦੀਆਂ ਹਨ। ਉਹ ਇਨ੍ਹਾਂ ਵਲ ਨਜ਼ਰ ਨਹੀਂ ਉਠਾ ਸਕਦਾ । ਇਸ ਦੇ ਉਪਰ ਅਕਾਸ਼ ਵਿਚ ਸੂਰਜ, ਚੰਨ ਅਤੇ ਤਾਰਿਆਂ ਦੀ ਦੁਨੀਆਂ ਪਸਰੀ ਹੋਈ ਹੈ, ਪ੍ਰੰਤੂ ਉਨ੍ਹਾਂ ਵਿਚ ਵੀ ਕੋਈ ਹੋਂਦ ਅਜੇਹੀ ਨਹੀਂ, ਜਿਹੜੀ ਮਨੁਖ ਲਈ ਲਖਸ਼ ਬਣ ਸਕੇ । ਸੂਰਜ ਤੋਂ ਉਸ ਗਰਮੀ ਤੇ ਰੋਸ਼ਨੀ ਮਿਲਦੀ ਹੈ, ਪਰ ਉਸ ਦੀਆਂ ਗੁਪਤ ਸ਼ਕਤੀਆਂ ਨੂੰ ਕੋਈ ਨਿਘ ਨਹੀਂ ਮਿਲਦੀ । ਮਨ ਦਾ ਹਨੇਰਾ ਦੂਰ ਨਹੀਂ ਹੁੰਦਾ। ਤਾਰੇ ਉਸ ਦੀਆਂ ਹਨੇਰੀਆਂ ਰਾਤਾਂ ਨੂੰ ਰੋਸ਼ਨ ਕਰਦੇ ਹਨ, ਪਰ ਉਸ ਦੇ ਦਿਲ ਦਿਮਾਗ ਨੂੰ ਕੋਈ ਰੋਸ਼ਨੀ ਨਹੀਂ ਪਹੁੰਚਾਂਦੇ । ਫਿਰ ਉਹ ਕਿਹੜੀ ਹਸਤੀ ਹੈ, ਜਿਸ ਨਾਲ ਮਨੁਖ ਉਚੀਆਂ ਉਡਾਰੀਆਂ ਮਾਰਨ ਲਈ ਨਜ਼ਰ ਦੁੜਾ ਸਕਦਾ ਹੈ ?

ਮਨੁਖ ਨੂੰ ਬੇਹੱਦ ਉਚਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਲ ਉਹ ਇਕ ਰਸ ਵੇਖਦਾ ਰਹੇ, ਜੋ ਉਸ ਨੂੰ ਹਰ ਦਮ ਉਚੇ ਤੋਂ ਉਚਾ ਹੋਣ ਦਾ ਇਸ਼ਾਰਾ ਕਰਦੀਆਂ ਰਹਿਣ। ਇਸੇ ਗਲ ਨੂੰ ਜਰਮਨ ਫ਼ਿਲਾਸਫ਼ਰ ਗੀਲ ਨੇ ਇਸ ਤਰ੍ਹਾਂ ਕਿਹਾ ਹੈ :

'ਮਨੁਖ ਆਪਣੇ ਆਪ ਵਿਚ ਤਣ ਕੇ ਸਿੱਧਾ ਖੜਾ ਨਹੀਂ ਰਹਿ ਸਕਦਾ। ਜਦ ਤੀਕ ਕੋਈ ਅਜਿਹੀ ਵਸਤੂ ਉਸ ਦੇ ਸਾਹਮਣੇ ਮੌਜੂਦ ਨਾ ਹੋਵੇ, ਜੋ ਆਪਣੇ ਆਪ ਵਿਚ ਉਸ ਤੋਂ ਉਚੀ ਹੋਵੇ। ਉਹ ਕਿਸੇ ਉਚੀ ਚੀਜ਼ ਨੂੰ ਵੇਖਣ ਲਈ ਸਿਰ ਉਤਾਹਾਂ ਨੂੰ ਚੁਕ ਸਕਦਾ ਹੈ।'

ਉਚਿਆਈ ਦਾ ਇਹ ਨਿਸ਼ਾਨਾ ਵਾਹਿਗੁਰੂ ਦੀ ਹਸਤੀ ਦੀ ਮਨੌਤ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ ?* ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਰਚਨਾ ਨੂੰ ਵੇਖ ਕੇ ਮਨੁਖ ਨੂੰ ਰਚਨਹਾਰ

---

*ਨਵਨੀਤ ਦੀਪ ਮਾਲਾ ਅੰਕ ੧੯੪੫, ਲੇਖ ਮੌਲਾਨਾ ਅਬੁਲ ਕਲਾਮ ਅਜ਼ਾਦ ।

ਅਰਥਾਤ ਉਸ ਕਰਤਾ ਪੁਰਖ ਨਾਲ ਜੋੜਿਆ, ਜਿਸ ਨੇ ਸਾਰੀ ਸਰਿਸ਼ਟੀ ਦੀ ਰਚਨਾ ਕੀਤੀ ਹੈ।

ਗੁਰੂ ਜੀ ਨੇ ਵਾਹਿਗੁਰੂ ਨਾਲ ਸੰਬੰਧ ਕਾਇਮ ਕਰਨ ਲਈ ਜੋ ਸਾਧਨ ਦਸਿਆ ਹੈ, ਉਸ ਨੂੰ ਸਿਖ ਧਰਮ ਦੇ ਸੰਕੇਤਕ ਸ਼ਬਦਾਂ ਵਿਚ ਨਾਮ ਜਪਣਾ ਕਹਿੰਦੇ ਹਨ ਜਾਂ ਅਰਦਾਸ। ਨਾਮ ਜਪਣ ਜਾਂ ਸਿਮਰਨ ਤੋਂ ਭਾਵ ਰਬ ਦੀ ਹਜ਼ੂਰੀ ਨੂੰ ਪ੍ਰਤੱਖ ਕਰ ਕੇ ਨਾਮੀ ਦੇ ਗੁਣਾਂ ਨੂੰ ਹਿਰਦੇ ਵਿਚ ਲਿਆ ਕੇ ਉਸ ਦੀ ਸਿਫ਼ਤ ਸਲਾਹ ਕਰਨੀ ਹੈ। 'ਗੁਣ ਕਹਿ ਗੁਣੀ ਸਮਾਵਣਿਆ' ਦੀ ਅਵਸਥਾ ਵਿਚ ਪੁਜਣਾ ਹੈ।

ਸਿਖ ਧਰਮ ਵਿਚ ਵਾਹਿਗੁਰੂ ਸੰਬੰਧੀ ਨਿਰੇ ਮੰਤਰ-ਜਪ, ਗਿਆਨ, ਫ਼ਿਲਾਸਫ਼ੀ ਅਤੇ ਕੇਵਲ ਦਿਮਾਗੀ ਤੌਰ ਤੇ ਨਿਸਚਾ ਕਰ ਲੈਣਾ ਕਾਫ਼ੀ ਨਹੀਂ ਮੰਨਿਆ, ਬਲਕਿ ਉਸ ਨੂੰ ਅੰਤ੍ਰੀਵ ਆਤਮੇ ਮਹਿਸੂਸ ਕਰਨਾ ਹੈ। ਹਾਜ਼ਰ ਨਾਜ਼ਰ ਜਾਣ ਕੇ ਅਰਦਾਸ ਕਰਨੀ ਹੈ। ਉਸ ਦੀ ਰੋਸ਼ਨੀ ਵਿਚ ਜੀਵਨ ਦੇ ਕਰਮ ਕਰਨੇ ਹਨ। ਸਿਖੀ ਵਿਚ ਕਠਨ ਤਪਸਿਆ ਅਖਾਂ ਮੀਟ ਕੇ ਜਾਂ ਕੰਨ ਬੰਦ ਕਰਕੇ ਸਮਾਧੀ ਵਿਚ ਜੁੜਨਾ, ਜੁਹਦ ਕਰਨੇ ਅਤੇ ਚਿਲੇ ਕਟਨੇ ਨਹੀਂ ਦਸੇ, ਬਲਕਿ ਸਹਿਜ ਅਵਸਥਾ ਵਿਚ ਰਹਿੰਦੇ ਹੋਏ 'ਮਨ ਕਰਤਾਰ ਮਹਿ ਔਰ ਕਰ ਹੈਂ ਕਿਰਤ ਮਾਂਹਿ' ਦਾ ਜੀਵਨ ਬਤੀਤ ਕਰਨਾ ਦਸਿਆ ਹੈ। ਹਠ ਕਰਕੇ ਕੀਤੀ ਹੋਈ ਭਗਤੀ ਦੀ ਗੁਰੂ ਸਾਹਿਬ ਨੇ ਜ਼ੋਰਦਾਰ ਸ਼ਬਦਾਂ ਵਿਚ ਇਸ ਦੀ ਨਿਖੇਧੀ ਕੀਤੀ ਹੈ।

ਕਿਸੇ ਚੀਜ਼ ਨੂੰ ਜਾਨਣਾ ਤੇ ਮਹਿਸੂਸ ਕਰਨਾ ਦੋ ਵੱਖ ਵੱਖ ਹਾਲਤਾਂ ਹਨ। ਇਕ ਮਾਂ ਦਾ ਬੱਚਾ ਮਰ ਜਾਂਦਾ ਹੈ। ਲੋਕੀਂ ਜਾਣਦੇ ਹਨ ਕਿ ਮਰ ਗਿਆ ਹੈ। ਮਮਤਾ ਦੀ ਮਾਰੀ ਮਾਂ ਮਹਿਸੂਸ ਕਰਦੀ ਹੈ। ਉਸ ਦੇ ਮਨ ਦੀ ਹਾਲਤ ਨੂੰ ਕੌਣ ਦਸ ਸਕਦਾ ਹੈ? ਫ਼ਿਲਾਸਫ਼ਰਾਂ, ਪੰਡਤਾਂ ਅਤੇ ਅਗਿਆਨੀਆਂ ਨੇ ਈਸ਼ਵਰ ਨੂੰ ਮੰਤਕ ਅਤੇ ਦਲੀਲ ਦੀਆਂ ਉਲਝਣਾਂ ਵਿਚ ਪਾ ਕੇ ਸਿੱਧ ਕਰਨ ਦਾ ਯਤਨ ਕੀਤਾ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਅੰਤ੍ਰੀਵ ਆਤਮੇ ਮਹਿਸੂਸ ਕੀਤਾ ਹੈ।

ਪੁਰਾਣੇ ਮਜ਼੍ਹਬ ਵਿਚ ਇਕ ਭੁਲੇਖਾ ਇਹ ਵੀ ਸੀ ਕਿ ਉਹ ਆਪਣਾ ਗਿਆਨ ਕਿਸੇ ਖਾਸ ਬੋਲੀ ਵਿਚ ਦੇਂਦਾ ਹੈ। ਬ੍ਰਾਹਮਣ ਈਸ਼੍ਵਰੀ ਗਿਆਨ ਸੰਸਕ੍ਰਿਤ ਵਿਚ ਦਸਦੇ ਸਨ, ਮੋਮਨ ਅਰਬੀ ਵਿਚ ਤੇ ਈਸਾਈ ਇਬਰਾਨੀ ਵਿਚ ਹੋਣਾ ਮੰਨਦੇ ਸਨ। ਸਤਿਗੁਰੂ ਜੀ ਨੇ ਦਸਿਆ, ''ਵਾਹਿਗੁਰੂ ਕਿਸੇ ਬੋਲੀ ਵਿਚ, ਇਕ ਥਾਂ ਜਾਂ ਸਮੇਂ ਦੀ ਬੰਦਸ਼ ਵਿਚ ਨਹੀਂ। ਹਰ ਜ਼ਬਾਨ, ਹਰ ਮਕਾਨ ਤੇ ਜ਼ਮਾਨੇ ਵਿਚ ਉਹ ਮੌਜੂਦ ਹੈ।''

ਸ੍ਰੀ ਗੁਰੂ ਨਾਨਕ ਦੇ ਜੀ ਦਾ ਭਾਰਤ ਨੂੰ ਪਹਿਲਾ ਸੰਦੇਸ਼ ਇਹੋ ਸੀ ਕਿ 'ਇਕ ਵਾਹਿਗੁਰੂ ਦੀ ਪੂਜਾ ਤੇ ਇਕ ਦੀ ਭਗਤੀ ਕਰੋ।' ਆਪ ਨੇ ਸਤਿ ਕਰਤਾਰ ਤੇ ਧੰਨ ਨਿਰੰਕਾਰ ਦੀ ਇਤਨੀ ਗੂੰਜ ਪਾਈ ਕਿ ਆਪ ਦਾ ਨਾਮ ਹੀ ਗੁਰੂ 'ਨਾਨਕ ਨਿਰੰਕਾਰੀ' ਪੈ ਗਿਆ।

ਮਜ਼੍ਹਬ ਵਿਚ ਭਗਤੀ, ਕਰਮ ਤੇ ਗਿਆਨ ਈਸ਼੍ਵਰ ਪ੍ਰਾਪਤੀ ਦੇ ਸਾਧਨ ਮੰਨੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਵਾਹਿਗੁਰੂ ਦੀ ਭਗਤੀ ਨਾਲ ਚੰਗੇ ਕੰਮ ਕਰਨ ਦੀ ਸਿਖਿਆ ਦਿਤੀ ਹੈ। ਸਾਰੇ ਮਨੁਖਾਂ ਨੂੰ ਰੱਬ ਦੇ ਪੈਦਾ ਕੀਤੇ ਹੋਏ ਭਾਈ ਸਮਝ ਕੇ ਉਨ੍ਹਾਂ ਨਾਲ ਪਿਆਰ, ਬਰਾਬਰੀ ਤੇ ਨਿਆਂ ਭਰਿਆ ਵਰਤਾਓ ਕਰਨਾ ਦਸਿਆ ਹੈ।

ਗੁਰੂ ਜੀ ਦੇ ਮੱਤ ਅਨੁਸਾਰ ਕੋਈ ਮਜ਼੍ਹਬ, ਫ਼ਿਰਕਾ, ਕੌਮੀਅਤ ਭੂਗੋਲਿਕ ਹੱਦ ਬੰਦੀਆਂ ਜਾਂ ਅਮੀਰੀ, ਗਰੀਬੀ ਮਨੁਖਤਾ ਵਿਚ ਕੋਈ ਫ਼ਰਕ ਨਹੀਂ ਪਾ ਸਕਦੀਆਂ।

ਗੁਰੂ ਜੀ ਨੇ ਜਪੁ ਜੀ ਦੇ ਅੰਤ ਵਿਚ 'ਕੇਤੀ ਛੁਟੀ ਨਾਲ' ਦੇ ਵਾਕ ਵਿਚ ਸਮੁਚੀ ਮਨੁਖਤਾ ਦੀ ਕਲਿਆਨ ਤਾਂ ਦਸੀ ਹੈ। ਅਰਦਾਸ ਦੇ ਅੰਤ ਵਿਚ 'ਸਰਬਤ ਦਾ ਭਲਾ' ਮੰਗਿਆ ਹੈ।

—o—

ਪੰਜਵਾਂ ਵਿਆਖਿਆਨ

ਪਹਿਲੀ ਉਦਾਸੀ ਸੰਮਤ ੧੫੫੪
ਸਾਂਝੀਵਾਲਤਾ ਦਾ ਪ੍ਰਚਾਰ ਤੇ ਸੁਧਾਰ

ਗੁਰੂ ਜੀ ਸਚਖੰਡ ਪ੍ਰਵੇਸ਼ ਦੇ ਬਾਅਦ ਬਹੁਤਾ ਸਮਾਂ ਸੁਲਤਾਨ ਪੁਰ ਨਹੀਂ ਟਿਕੇ। ਆਪ ਨੇ ਮੋਦੀਖਾਨਾ ਛਡ ਕੇ ਚਹੁੰ ਕੂੰਟਾਂ ਦੇ ਤਾਰਨ ਲਈ ਚਾਰ ਉਦਾਸੀਆਂ ਕੀਤੀਆਂ। ਭਾਈ ਗੁਰਦਾਸ ਜੀ ਲਿਖਦੇ ਹਨ–

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।

ਉਦਾਸੀ ਦਾ ਭਾਵ–ਪ੍ਰਚਾਰ ਲਈ ਕੀਤਾ ਗਿਆ ਦੇਸ਼ਾਟਨ ਅਰਥਾਤ ਸੰਸਾਰ ਯਾਤਰਾ। ਗੁਰੂ ਜੀ ਨੇ ਆਪਣੇ ਜੀਵਨ ਦਾ ਬਹੁਤ ਸਾਰਾ ਹਿੱਸਾ ਉਦਾਸੀਆਂ ਵਿਚ ਬਤੀਤ ਕੀਤਾ। ਆਪ ਹਿੰਦੂ ਤੀਰਥਾਂ ਤੇ ਗਏ। ਮੁਸਲਮਾਨਾਂ ਦੇ ਮਜ਼ਹਬੀ ਟਿਕਾਣਿਆਂ ਤੇ ਪੁਜੇ। ਦੋਹਾਂ ਧਰਮਾਂ ਦੇ ਆਗੂਆਂ ਨੂੰ ਮਿਲੇ। ਬੋਧੀਆਂ, ਜੈਨੀਆਂ ਤੇ ਸੰਨਿਆਸੀਆਂ ਦੇ ਮਠਾਂ ਵਿਚ ਪੁਜ ਕੇ ਗੋਸ਼ਟ ਕੀਤੀ। ਸਾਧਾਰਨ ਜਨਤਾ ਵਿਚ ਵਿਚਰੇ। ਆਵੀਜਾਈ ਦਾ ਪ੍ਰਬੰਧ ਅਤੇ ਸੋਖ ਨਾ ਹੋਣ ਦੇ ਬਾਵਜੂਦ ਗੁਰੂ ਬਾਬਾ ਜੀ ਨੇ ਸਾਰੇ ਭਾਰਤ ਦਾ ਸਫਰ ਕਰਨ ਤੋਂ ਬਿਨਾਂ ਤਿਬਤ, ਚੀਨ, ਨੀਪਾਲ, ਭੂਟਾਨ, ਸਿਕਮ, ਲੰਕਾ, ਸਿਆਮ, ਅਰਬ, ਈਰਾਨ ਤੇ ਅਫਗਾਨਿਸਤਾਨ ਵਿਚ ਫਿਰ ਕੇ ਪ੍ਰਚਾਰ ਕੀਤਾ। ਕਿਸੇ ਹੋਰ ਮੱਤ ਦੇ ਆਚਾਰਯ ਨੇ ਏਨਾ ਫਿਰ ਕੇ ਸੰਸਾਰ ਨੂੰ ਆਪਣਾ ਸੰਦੇਸ਼ ਨਹੀਂ ਦਿਤਾ।

ਗੁਰੂ ਜੀ ਦੀ ਉਦਾਸੀ ਸੰਸਾਰ ਤੋਂ ਉਪਰਾਮ ਹੋਣ ਕਰਕੇ ਨਹੀਂ ਸੀ। ਉਨਾਂ ਦਾ ਤਿਆਗ ਬੁਧ ਭਿਖਸ਼ੂਆਂ, ਸੰਨਿਆਸੀਆਂ ਅਤੇ ਈਸਾਈ ਸਾਧੂਆਂ ਵਾਲਾ ਨਹੀਂ ਸੀ। ਆਪ ਹਰ ਉਦਾਸੀ ਦੇ ਬਾਅਦ

ਘਰ ਆਉਂਦੇ ਸਨ । ਤਲਵੰਡੀ ਆ ਕੇ ਮਾਤਾ ਪਿਤਾ ਦਾ ਸਤਿਕਾਰ ਧਰਮ ਪਤਨੀ ਤੇ ਬੱਚਿਆਂ ਦੀ ਸੰਭਾਲ ਕਰਦੇ ਸਨ। ਬਾਬਾ ਜੀ ਦੀ ਉਦਾਸੀ ਜਗਤ ਨਿਸਤਾਰਣ ਲਈ ਸੀ, ਉਪਰਾਮਤਾ ਕਰਕੇ ਨਹੀਂ ਸੀ। ਪਹਿਲੀ ਉਦਾਸੀ ਦੇ ਪਿਛੋਂ ਹੀ ਆਪ ਨੇ ਕਰਤਾਰ ਪੁਰ (ਰਾਵੀ) ਆਬਾਦ ਕੀਤਾ। ਦੇਸ਼ਾਂਟਨ ਕਰਕੇ ਬਾਕੀ ਜੀਵਨ ਇਥੇ ਹੀ ਗਹ੍ਰਿਸਤ ਵਿਚ ਗੁਜ਼ਾਰਿਆ । ਸਤਸੰਗ ਭਜਨ-ਕੀਰਤਨ ਅਤੇ ਉਪਦੇਸ਼ ਦੇ ਨਾਲ ਖੇਤੀ ਬਾੜੀ ਦਾ ਕੰਮ ਕਰਾਂਦੇ ਰਹੇ।

ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬਾ ਆਯਾ ਕਰਤਾਰ ਪੁਰ ਭੇਖ ਉਦਾਸੀ ਸਗਲ ਉਤਾਰਾ।
ਪਹਿਨ ਸੰਸਾਰੀ ਕਪੜੇ ਮੰਜੀ ਬੈਠ ਕੀਆ ਪਸਾਰਾ ।

ਗੁਰੂ ਜੀ ਦੇ ਪਰਚਾਰ ਦਾ ਢੰਗ ਭੀ ਅਸਚਰਜ ਸੀ । ਉਦਾਸੀ ਸਮੇਂ ਜਿਸ ਦੇਸ਼ ਵਲ ਗਏ, ਉਹੋ ਜਿਹਾ ਭੇਸ ਧਾਰਨ ਕਰ ਲਿਆ। ਲੋਕਾਂ ਨਾਲ ਮਿਲ ਜੁਲ ਕੇ ਉਨ੍ਹਾਂ ਦੀ ਬੋਲੀ ਵਿਚ ਉਪਦੇਸ਼ ਕੀਤਾ। ਇਸ ਲਈ ਹਜ਼ੂਰ ਨੂੰ ਪ੍ਰਚਾਰ ਵਿਚ ਹਰ ਥਾਵੇਂ ਸਫਲਤਾ ਹੁੰਦੀ ਰਹੀ। ਪਹਿਲੀ ਉਦਾਸੀ ਸਮੇਂ ਗਲ ਵਿਚ ਖਫ਼ਨੀ, ਮਥੇ ਤੇ ਕੇਸਰ ਦਾ ਤਿਲਕ, ਸਿਰ ਤੇ ਟੋਪੀ, ਹਥ ਵਿਚ ਮਾਲਾ, ਪੈਰੀਂ ਖੜਾਵਾਂ ਪਾ ਕੇ ਹਿੰਦੂ ਤੀਰਥਾਂ ਤੇ ਗਏ। ਆਪ ਨੇ ਇਸਲਾਮੀ ਮੁਲਕਾਂ ਵਿਚ ਨੀਲ਼ਾ ਬਾਣਾ ਪਾ ਕੇ ਸਫਰ ਕੀਤਾ।

ਇਤਿਹਾਸ ਵਿਚ ਉਦਾਸੀਆਂ ਦਾ ਕ੍ਰਮ ਇਕੋ ਜਿਹਾ ਨਹੀਂ ਮਿਲਦਾ, ਪਰ ਇਸ ਗਲ ਤੇ ਸਾਰੇ ਇਤਿਹਾਸਕਾਰ ਸਹਿਮਤ ਹਨ ਕਿ ਗੁਰੂ ਬਾਬੇ ਨੇ ਸੰਸਾਰ ਦੇ ਤਾਰਨ ਲਈ ਉਦਾਸੀਆਂ ਕੀਤੀਆਂ ਹਰੇਕ ਉਦਾਸੀ ਖਾਸ ਆਦਰਸ਼ ਅਤੇ ਪ੍ਰਯੋਜਨ ਨੂੰ ਮੁਖ ਰਖ ਕੇ ਕੀਤੀ ਗਈ ਉਦਾਸੀਆਂ ਦਾ ਕ੍ਰਮ ਇਸ ਪ੍ਰਕਾਰ ਠੀਕ ਮਾਲੂਮ ਹੁੰਦਾ ਹੈ । ਪਹਿਲੀ ਉਦਾਸੀ ਪੂਰਬ ਦੀ, ਦੂਜੀ ਦਖਣ ਦੀ, ਤੀਜੀ ਉਤਰ ਦਿਸ਼ਾ ਅਤੇ ਚੌਥੀ ਪਛਮ ਦੀ।

ਪੁਰਾਤਨ ਜਨਮ ਸਾਖੀ ਦੀ ਲਿਖਤ ਅਨੁਸਾਰ ਪੰਜਵੀਂ

ਉਦਾਸੀ ਗੋਰਖ ਹਟੜੀ (ਪਿਸ਼ਾਵਰ) ਦੀ ਸੀ।

ਭਾਰਤ ਵਿਚੋਂ ਬੋਧ ਭਿਖਸ਼ੂਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਧਰਮ ਪ੍ਰਚਾਰ ਕੀਤਾ ਸੀ, ਉਨ੍ਹਾਂ ਤੋਂ ਪਿਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਦੇਸਾਂ ਵਿਚ ਜਾ ਕੇ ਸਿੱਕਾ ਮਾਰਿਆ ਹੈ।

ਗੁਰੂ ਜੀ ਨੇ ਸੰਸਾਰ ਦੀ ਯਾਤਰਾ ਕਰਕੇ ਮਨੁਖ ਮਾਤਰ ਨੂੰ ਦੋ ਗੱਲਾਂ ਦਾ ਉਪਦੇਸ਼ ਕੀਤਾ :

(੧) ਮਨੁਖ ਤੇ ਰੱਬ ਦਾ ਸੰਬੰਧ।

(੨) ਮਨੁਖ ਦਾ ਦੂਜੇ ਮਨੁਖਾਂ ਨਾਲ ਵਰਤੋਂ ਵਿਹਾਰ।

ਪਹਿਲੇ ਦਾ ਨਾਂ ਭਗਤੀ ਜਾਂ ਰੂਹਾਨੀਅਤ ਹੈ। ਦੂਜੇ ਦਾ ਨਾਂ ਸਭਿਆਚਾਰ ਜਾਂ ਇਖਲਾਕ ਹੈ। ਈਸ਼ਵਰ ਭਗਤੀ ਮਨੁਖ ਵਿਚ ਜੀਵਨ ਦਾ ਰਸ ਪੈਦਾ ਕਰਦੀ ਹੈ। ਆਤਮਕ ਗੁਣ ਮਨੁਖ ਨੂੰ ਦੇਵਤਾ ਬਣਾਉਂਦੇ ਹਨ। ਇਖਲਾਕ ਮਨੁਖ ਨੂੰ ਪਸ਼ੂ ਤੋਂ ਸਹੀ ਮਨੁਖ ਬਣਾਉਂਦਾ ਹੈ। ਇਸ ਦਾ ਅਸਰ ਸਾਰੇ ਸਮਾਜ ਤੇ ਪੈਂਦਾ ਹੈ।

ਦੂਜਾ ਸੰਦੇਸ਼ ਹੈ ਭਰਾਤ੍ਰੀ ਭਾਵ, ਸਾਂਝੀਵਾਲਤਾ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦਾ । ਇਹ ਗੁਣ ਦੇ ਕੇ ਇਖਲਾਕੀ ਤੇ ਸਮਾਜਕ ਪਹਿਲੂ ਵਿਚ ਉਚਿਆਂ ਕੀਤਾ ਹੈ।

ਧਰਮ ਤੇ ਇਖਲਾਕ ਦਾ ਧੁਰਾ ਇਕ ਵਾਹਿਗੁਰੂ ਦੀ ਹੋਂਦ ਨੂੰ ਮੰਨਿਆ ਹੈ। ਫਿਰ ਕਿਹਾ ਹੈ ਕਿ ਮਨੁਖ 'ਜੋਤਿ ਸਰੂਪ' ਹੈ। ਇਸ ਦਾ ਮੂਲ ਵੀ ਇਕ ਵਾਹਿਗੁਰੂ ਹੈ।

ਪੱਛਮ ਦੇ ਕਈ ਵਿਦਵਾਨਾਂ ਨੇ ਮਨੁਖ ਨੂੰ ਸਮਾਜਕ ਜੀਵ ਕਿਹਾ ਹੈ। ਗੁਰੂ ਜੀ ਦਸਦੇ ਹਨ ਕਿ ਇਹ 'ਰਾਮ ਦੀ ਅੰਸ਼' ਹੈ। ਵਾਹਿਗੁਰੂ ਇਕ ਹੈ, ਉਸ ਦੇ ਪੈਦਾ ਕੀਤੇ ਹੋਏ ਮਨੁਖ ਆਪਸ ਵਿਚ ਭਾਈ ਹਨ।

ਸਾਡੇ ਦੇਸ਼ ਵਿਚ ਸਦੀਆਂ ਤੋਂ ਜ਼ਾਤ ਪਾਤ, ਛੂਤ ਛਾਤ ਤੇ ਉਚ ਨੀਚ ਦਾ ਵਿਤਕਰਾ ਪਿਆ ਹੋਇਆ ਸੀ। ਗੁਰੂ ਬਾਬਾ ਜੀ ਨੇ ਇਸ ਨੂੰ ਅਮਲੀ ਤੌਰ ਤੇ ਦੂਰ ਕੀਤਾ।

ਗੁਰੂ ਜੀ ਨੇ ਪਹਿਲੀ ਉਦਾਸੀ ਸੁਲਤਾਨ ਪੁਰੋਂ ਆਰੰਭ ਕੀਤੀ* । ਆਪ ਨੇ ਇਸ ਵਿਚ ਭਾਈ ਮਰਦਾਨੇ ਤੇ ਬਾਲੇ ਨੂੰ ਸਾਥੀ ਬਣਾਇਆ। ਮਰਦਾਨੇ ਨੂੰ ਫਿਰੰਦੇ ਪਾਸੋਂ ਰਬਾਬ ਲੈ ਦਿਤਾ । ਉਹ ਰਬਾਬ ਵਜਾਂਦਾ ਸੀ, ਸਤਿਗੁਰੂ ਮਧੁਰ ਬਾਣੀ ਉਚਾਰਨ ਕਰਦੇ ਸਨ । ਇਹ ਤਿੰਨਾਂ ਦਾ ਜੋੜ ਪਿਆਰ ਦਾ ਕਿੰਨਾ ਅਲੌਕਿਕ ਸਬੂਤ ਹੈ ?

ਭਾਈ ਲਾਲੋ ਦੀ ਝੁਗੀ ਵਿਚ—

ਗੁਰੂ ਸਾਹਿਬ ਸੁਲਤਾਨ ਪੁਰੋਂ ਤੁਰ ਕੇ ਬਿਆਸਾ ਪਾਰ ਹੋਏ । ਜਿਥੇ ਹੁਣ ਸ੍ਰੀ ਅੰਮ੍ਰਿਤਸਰ ਹੈ, ਇਥੇ ਆ ਕੇ ਬੈਠੇ। ਇਥੋਂ ਚਲ ਕੇ ਰਾਮ ਤੀਰਥ ਹੁੰਦੇ ਹੋਏ ਸੈਦਪੁਰ ਸੈਂਡਿਆਲੀ ਪੁਜੇ । ਗਰੀਬ ਤਰਖਾਣ ਦੀ ਝੁਗੀ ਵਿਚ ਜਾ ਕੇ ਕਿਹਾ ਨੇ, 'ਕਰਤਾਰ ਚਿੱਤ ਆਵੇ।'

ਲਾਲੋ ਨੇ ਪਿਛੇ ਤਕ ਕੇ ਕਿਹਾ—'ਜੀ ਆਇਆਂ ਨੂੰ ਸੰਤ ਜੀ ! ਮੇਰੇ ਧੰਨ ਭਾਗ, ਗਰੀਬ ਦੀ ਕੁਲੀ ਵਿਚ ਚਰਨ ਪਾਏ ਜੇ ।'

'ਭਾਈ ਸਾਰੀ ਉਮਰ ਕਿੱਲੀਆਂ ਹੀ ਘੜਦਾ ਰਹੇਂਗਾ ? ਕਦੀ ਮਨ ਭੀ ਘੜਿਆ ਕਰ।'

'ਗਰੀਬ ਨਿਵਾਜ਼ ! ਮੈਨੂੰ ਤਾਂ ਇਹੀ ਕੰਮ ਆਉਂਦਾ। ਮਨ ਘੜਨਾ ਆਪ ਵਰਗੇ ਮਹਾਂ ਪੁਰਖਾਂ ਦਾ ਕੰਮ ਹੈ। ਝੁਗੀ ਨੂੰ ਭਾਗ ਲਾਓ, ਆਪ ਦੀ ਸੰਗਤ ਕਰ ਕੇ ਮਨ ਭੀ ਸੁਧਰ ਜਾਏਗਾ ।'

ਸਤਿਗੁਰੂ ਜੀ ਨੇ ਕੁਝ ਦਿਨ ਭਾਈ ਲਾਲੋ ਦੀ ਝੁਗੀ ਵਿਚ ਨਿਵਾਸ ਕੀਤਾ । ਸਤਸੰਗ ਹੋਇਆ । ਭਾਈ ਲਾਲੋ ਦੇ ਆਤਮੇ

---

*ਤਵਾਰੀਖ ਗੁਰੂ ਖਾਲਸਾ ਨੇ ਪਹਿਲੀ ਉਦਾਸੀ ਦਾ ਸੰਮਤ ੧੫੫੯ ਦਿਤਾ ਹੈ । ਜਿਸ ਅਨੁਸਾਰ ਗੁਰੂ ਜੀ ਦੀ ਉਮਰ ਉਸ ਵੇਲੇ ੩੨ ਸਾਲ ਦੀ ਹੁੰਦੀ ਹੈ । ਪਰ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਪਹਿਲੀ ਉਦਾਸੀ ਆਰੰਭ ਕਰਨ ਦਾ ਸੰਮਤ ੧੫੫੪ ਲਿਖਿਆ ਹੈ। ਇਸ ਅਨੁਸਾਰ ੨੮ ਬਰਸ ਦੀ ਆਯੂ ਬਣਦੀ ਹੈ।

ਠੰਢ ਪਈ । ਪਰੇਮ ਨਾਲ ਸੇਵਾ ਕਰਦਾ ਰਿਹਾ । ਜਿਸ ਤਰ੍ਹਾਂ ਚੰਦਨ ਦੀ ਸੁਗੰਧੀ ਹਰ ਪਾਸੇ ਖਿਲਰਦੀ ਹੈ, ਗੁਰੂ ਨਾਨਕ ਦਾ ਜੱਸ ਹੋਣ ਲਗ ਪਿਆ । ਸੈਦ ਪੁਰ ਦੇ ਜ਼ਾਤ ਅਭਿਮਾਨੀ ਖੱਤ੍ਰੀਆਂ ਬ੍ਰਾਹਮਣਾਂ ਵਿਚ ਵੀ ਚਰਚਾ ਚਲ ਪਈ ਕਿ ਇਕ ਤਪਾ ਆਇਆ ਹੈ, ਜੋ ਸ਼ੂਦਰ ਲਾਲੋ ਦੇ ਘਰ ਰਹਿੰਦਾ ਅਤੇ ਖਾਂਦਾ ਪੀਂਦਾ ਹੈ ।

ਸੈਦ ਪੁਰ ਦੇ ਵਡੇ ਹਾਕਮ ਮਲਕ ਭਾਗੋ ਨੇ ਇਕ ਦਿਨ ਬ੍ਰਹਮ ਭੋਜ ਕੀਤਾ । ਸਾਧਾਂ ਫਕੀਰਾਂ ਨੂੰ ਨਿਉਤਾ ਭੇਜਿਆ । ਮਲਕ ਦੇ ਆਦਮੀ ਗੁਰੂ ਜੀ ਪਾਸ ਭੀ ਆਏ ਤੇ ਕਹਿਣ ਲਗੇ–'ਤਪਾ ਜੀ, ਅਜ ਭੋਜਨ ਮਲਕ ਹੋਰਾਂ ਦੇ ਘਰ ਕਰਨਾ ।'

ਸਤਿਗੁਰੂ–ਅਸੀਂ ਬ੍ਰਹਮ ਭੋਜ ਵਿਚ ਨਹੀਂ ਜਾਣਾ ਨਾ ਭੋਜਨ ਖਾਣਾ ਹੈ ।

ਮਲਕ ਭਾਗੋ ਨੂੰ ਇਸ ਗਲ ਦਾ ਪਤਾ ਲਗਾ । ਜ਼ਾਤ-ਅਭਿਮਾਨ, ਦੌਲਤ ਤੇ ਹਕੂਮਤ ਦਾ ਨਸ਼ਾ ਜੋਸ਼ ਵਿਚ ਆ ਗਿਆ । ਮਲਕ ਨੇ ਕਰੋਧ ਵਿਚ ਕੰਬਦਿਆਂ ਕਿਹਾ–ਮੇਰੀ ਨਗਰੀ ਵਿਚ ਵਿਚ ਕੋਈ ਅਜਿਹਾ ਸਾਧੂ ਹੋ ਸਕਦਾ ਹੈ ਜੋ ਆਖੇ ਕਿ ਬ੍ਰਹਮ ਭੋਜ ਨਹੀਂ ਖਾਣਾ ? ਜਾਓ ਤਪੇ ਨੂੰ ਪਕੜ ਕੇ ਲੈ ਆਓ ।'

ਨੇਕੀ ਦੇ ਪੁੰਜ, ਗਰੀਬਾਂ ਦੀ ਪਨਾਹ, ਨੀਚਾਂ ਨੂੰ ਊਚ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਗਏ, ਜਿਵੇਂ ਕੋਈ ਚੰਗਾ ਵੈਦ ਰੋਗੀ ਦੀ ਹਾਲਤ ਤੇ ਤਰਸ ਖਾ ਕੇ ਜਾਂਦਾ ਹੈ । ਅਗੇ ਬ੍ਰਹਮ ਭੋਜ ਛਕਣ ਵਾਲਿਆਂ ਦੀ ਭੀੜ ਲਗੀ ਹੋਈ ਸੀ । ਮਲਕ ਭਾਗੋ ਗੁਸੇ ਵਿਚ ਭਰਿਆ ਪੀਤਾ ਸਤਿਗੁਰੂ ਜੀ ਨੂੰ ਵੇਖ ਕੇ ਕਹਿਣ ਲਗਾ :

ਮਲਕ–ਤਪਾ ਜੀ ! ਤੁਸੀਂ ਨੀਚ ਤਰਖਾਣ ਦੇ ਘਰ ਭੋਜਨ ਕਰੋ ਅਤੇ ਮੇਰਾ ਨਿਓਤਾ ਪ੍ਰਵਾਨ ਨਾ ਕਰੋ, ਇਹ ਕੀ ਗਲ ?

ਗੁਰੂ ਜੀ–ਧਰਮ ਦੀ ਕਿਰਤ ਦਾ ਅੰਨ ਖਾਣ ਨਾਲ ਮਨ ਪਵਿਤ੍ਰ ਹੁੰਦਾ ਹੈ । ਸੁਰਤ ਉਚੀ ਹੋ ਕੇ ਭਜਨ ਵਿਚ ਜੁੜਦੀ ਹੈ ।

ਅੰਤ੍ਰੀਵ ਆਤਮੇ ਠੰਢ ਪੈਂਦੀ ਹੈ । 'ਜੈਸਾ ਅੰਨ ਤੈਸਾ ਮਨ' ਪਾਪ ਅਤੇ ਜਬਰ ਦੀ ਕਮਾਈ ਖਾਣ ਨਾਲ ਮਨ ਨੀਵਾਂ ਹੁੰਦਾ ਅਤੇ ਸੁਰਤ ਢਹਿ ਜਾਂਦੀ ਹੈ, ਇਸ ਲਈ ਤੁਹਾਡਾ ਬ੍ਰਹਮ ਭੋਜ ਦਾ ਨਿਉਂਤਾ ਪ੍ਰਵਾਨ ਨਹੀਂ ਕੀਤਾ।

ਮਲਕ–ਕੀ ਮੇਰੀ ਕਮਾਈ ਪਾਪ ਦੀ ਹੈ ?

ਗੁਰੂ ਜੀ–ਗਰੀਬਾਂ ਤੇ ਜ਼ੋਰ ਜੁਲਮ ਕਰ ਕੇ ਜੋ ਕਮਾਈ ਕੀਤੀ ਜਾਵੇ, ਉਹ ਪਾਪ ਦੀ ਕਮਾਈ ਸਮਝਣੀ ਚਾਹੀਦੀ ਹੈ।

ਮਲਕ ਜੀ ! ਧਰਮ ਦੀ ਕੀਤੀ ਹੋਈ ਕਿਰਤ ਦੀ ਰੁਖੀ ਰੋਟੀ ਵਿਚ ਦੁਧ ਹੁੰਦਾ ਹੈ, ਪਰ ਪਾਪ ਦੀ ਖੱਟੀ ਦੇ ਮਾਹਲ ਪੂੜਿਆਂ ਤੇ ਪੂੜਿਆਂ ਵਿਚ ਗਰੀਬਾਂ ਦਾ ਲਹੂ ਹੁੰਦਾ ਹੈ। ਇਸ ਲਈ ਮੈਨੂੰ ਲਾਲੋ ਦੀ ਕੋਧਰੀ ਦੀ ਰੋਟੀ ਪ੍ਰਵਾਨ ਹੈ, ਪਰ ਤੁਹਾਡੇ ਪਕਵਾਨ ਨਹੀਂ ਖਾ ਸਕਦਾ ।

ਜੀਭ ਦੇ ਸਵਾਦ ਦੇ ਮਾਰੇ ਹੋਏ, ਨੀਯਤ ਦੇ ਭੁਖੇ ਅਤੇ ਦਛਣਾ ਲੈ ਕੇ ਕੁਸੱਤ ਦੀ ਕਮਾਈ ਦਾ ਬ੍ਰਹਮ ਭੋਜ ਖਾਣ ਵਾਲੇ ਸਾਧ ਫ਼ਕੀਰ ਬਥੇਰੇ ਸਨ, ਪਰ ਮਲਕ ਭਾਗੋ ਦੇ ਮਨ ਨੂੰ ਟੁੰਬਣ ਵਾਲੀ ਕੋਈ ਆਤਮਾ ਨਹੀਂ ਸੀ।

ਸਤਿਗੁਰੂ ਜੀ ਦੇ ਖਰੇ ਬਚਨ ਮਲਕ ਭਾਗੋ ਦੇ ਸੀਨੇ ਵਿਚ ਘਾਅ ਕਰ ਗਏ । ਉਸ ਦਾ ਕ੍ਰੋਧ ਦੂਰ ਹੋ ਗਿਆ । ਹਉਮੈ ਦੇ ਛਉੜ ਕਟੇ ਗਏ। ਮਨ ਨਿਰਮਲ ਤੇ ਹੌਲਾ ਫੁਲ ਹੋ ਗਿਆ । ਚਰਨਾਂ ਤੇ ਡਿਗ ਪਿਆ ਤੇ ਕਹਿਣ ਲਗਾ–'ਬਖਸ਼ ਦਿਓ, ਅਗੋਂ ਲਈ ਮੈਂ ਗਰੀਬਾਂ ਨੂੰ ਤੰਗ ਨਹੀਂ ਕਰਾਂਗਾ। ਧਰਮ ਦੀ ਕਿਰਤ ਕਰਨ ਦਾ ਪ੍ਰਣ ਕਰਦਾ ਹਾਂ।'

ਸੈਦ ਪੁਰ ਵਿਚ ਸਤਿਗੁਰੂ ਨੇ ਭਾਈ ਲਾਲੋ ਨੂੰ ਮੰਜੀ ਬਖਸ਼ੀ । ਪਹਿਲੀ ਉਦਾਸੀ ਦੇ ਪਿਛੋਂ ਫਿਰ ਉਸ ਦੀ ਝੁਗੀ ਨੂੰ ਕਈ ਵੇਰ ਭਾਗ ਲਾਏ । ਇਸ ਨਗਰ ਦਾ ਨਾਮ ਐਮਨਾਬਾਦ ਹੋਇਆ । ਇਥੇ ਭਾਈ ਲਾਲੋ ਦਾ ਘਰ ਤੇ ਗੁਰਦਵਾਰਾ ਰੋੜੀ ਸਾਹਿਬ ਪ੍ਰਸਿਧ

ਹਨ* ।

ਅਜ ਸਾਰੀ ਦੁਨੀਆਂ ਵਿਚ ਸਾਂਝੀਵਾਲਤਾ ਦੀ ਚਰਚਾ ਹੈ । ਇਹ ਲਹਿਰ ਪੱਛਮ ਦੀ ਸਰਮਾਏਦਾਰੀ ਅਤੇ ਸਾਮਰਾਜੀ ਬ੍ਰਿਤੀ ਦਾ ਨਤੀਜਾ ਹੈ । ਸਾਇੰਸ ਦੀ ਤਰੱਕੀ ਦੇ ਨਾਲ ਮਸ਼ੀਨਰੀ ਪੈਦਾ ਹੋਈ। ਉਸ ਪਰ ਪੂੰਜੀਦਾਰਾਂ ਦਾ ਕਬਜ਼ਾ ਹੋਣ ਦੇ ਕਾਰਨ ਗਰੀਬਾਂ ਤੇ ਮਜ਼ਦੂਰਾਂ ਦੀ ਕਮਾਈ ਲੁਟੀ ਗਈ । ਲੁਹਾਰ, ਤਰਖਾਣ, ਜੁਲਾਹੇ ਆਪਣੇ ਸੁਤੰਤਰ ਕਿੱਤੇ ਛਡ ਕੇ ਵਡੇ ਸ਼ਹਿਰਾਂ ਵਿਚ ਕਾਰਖਾਨਿਆਂ ਅਤੇ ਫੈਕਟਰੀਆਂ ਦੇ ਮਜ਼ਦੂਰ ਜਾ ਬਣੇ। ਕਾਰਖਾਨੇ ਦਾ ਪੂੰਜੀਦਾਰ ਮਾਲਕ ਮੁਨਾਫੇ ਦੇ ਰੂਪ ਵਿਚ ਤਕੜੀ ਰਕਮ ਕਢ ਕੇ ਲੈ ਜਾਂਦਾ ਹੈ। ਮਜ਼ਦੂਰ ਨੇ ਜਥੇਬੰਦੀ ਕੀਤੀ । ਪੱਛਮੀ ਦੁਨੀਆਂ ਵਿਚ ਸੇਂਟ ਸੀਮੋਂ, ਬਾਜ਼ਾਰ, ਕਾਰਲ ਮਾਰਕਸ, ਪ੍ਰਾਊਡਨ, ਏਂਜਲਜ਼ ਅਤੇ ਲੈਨਿਨ ਨੇ ਸਾਂਝੀਵਾਲਤਾ ਦੇ ਖਿਆਲਾਂ ਨੂੰ ਜਨਮ ਦਿਤਾ ਤੇ ਇਸ ਨੂੰ ਪ੍ਰਚਾਰਿਆ ।

੧੯੧੪-੧੯ ਦੇ ਜੰਗ ਦੇ ਬਾਅਦ ਰੂਸ ਵਿਚ ਜੁਗ-ਗਰਦੀ ਹੋਈ। ਰੂਸ ਦਾ ਜ਼ਾਰ ਲੋਕਾਂ ਤੇ ਜ਼ੁਲਮ ਕਰਦਾ ਤੇ ਉਥੋਂ 'ਚਰਚ' ਉਸ ਦੀ ਪਿਠ ਠੋਕਦਾ ਸੀ । ਇਸ ਲਈ 'ਸੋਸ਼ਲਿਸਟ ਰੂਸ' ਨੇ ਜਿਥੇ ਜ਼ਾਰ ਦਾ ਖਾਤਮਾ ਕੀਤਾ, ਨਾਲ ਹੀ ਮਜ਼ਹਬ ਨੂੰ ਮਿਟਾਉਣ ਦਾ ਯਤਨ ਕੀਤਾ। ਰੂਸ ਦਾ ਪ੍ਰਬੰਧ ਅਜੇ ਭੀ ਸਰਮਾਏਦਾਰੀ ਦੇ ਜਿਲ੍ਹਣ ਵਿਚੋਂ ਪੂਰੀ ਤਰ੍ਹਾਂ ਨਹੀਂ ਨਿਕਲਿਆ । ਪੰਚਾਇਤੀ ਰਾਜ ਦੀ ਥਾਵੇਂ ਉਥੇ ਇਕ ਧੜੇ ਦਾ ਰਾਜ ਹੈ। ਚੀਨ ਵੀ ਸਮਾਜਵਾਦੀ ਬਣ ਗਿਆ ਹੈ।

ਪਿਛਲੇ ਸਮਿਆਂ ਵਿਚ ਮਨੁਖ ਦਾ ਝਗੜਾ ਮਜ਼੍ਹਬੀ, ਨਸਲੀ ਜਾਂ ਰਾਜਨੀਤਕ ਹੁੰਦਾ ਸੀ । ਵਰਤਮਾਨ ਸਮੇਂ ਵਿਚ ਇਹ ਘੋਲ ਆਰਥਿਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਭਾਵੇਂ ਮਨੁਖ-ਸਮਾਜ

---

*੧੯੪੭ ਵਿਚ ਪੰਜਾਬ ਦੀ ਵੰਡ ਤੇ ਗੜ ਬੜ ਵਿਚ ਗੁਰਦਵਾਰਾ ਰੋੜੀ ਸਾਹਿਬ ਨਸ਼ਟ ਭ੍ਰਸ਼ਟ ਕਰ ਦਿਤਾ ਗਿਆ ਹੈ।

ਅਜੇ ਪੁਰਾਣੀਆਂ ਲੀਹਾਂ ਵਿਚੋਂ ਨਹੀਂ ਨਿਕਲ ਸਕਿਆ, ਪਰ ਹੁਣ ਉਸ ਲਈ ਆਰਥਿਕ ਬਰਾਬਰੀ ਅਰਥਾਤ ਸਾਂਝੀਵਾਲਤਾ ਦਾ ਨਵਾਂ ਰਾਹ ਕਢਿਆ ਜਾ ਰਿਹਾ ਹੈ। ਇਕ ਪਾਸੇ ਸਰਮਾਏਦਾਰ, ਦੂਜੇ ਪਾਸੇ ਕਿਰਤ ਕਰਨ ਵਾਲੇ ਗਰੀਬ ਕਿਸਾਨ ਅਤੇ ਮਜ਼ਦੂਰ ਹਨ । ਅਜੇ ਤਕ ਸਾਰੀ ਦੁਨੀਆਂ ਵਿਚ ਸਰਮਾਏਦਾਰੀ ਅਤੇ ਸਾਮਰਾਜੀ ਰਾਜ ਪ੍ਰਬੰਧ ਹਨ । ਰੂਸ ਤੇ ਚੀਨ ਸਾਂਝੀਵਾਲ ਦੇਸ਼ ਹਨ, ਪਰ ਉਹਨਾਂ ਵਿਚ ਵੀ ਮਲਕੀਅਤ ਪੂਰੀ ਖਤਮ ਨਹੀਂ ਹੋਈ। ਅਸੂਲ ਦੀ ਥਾਂ ਡਿਪਲੋਮੇਸੀ ਨੇ ਮਲ ਲਈ ਹੈ । ਇਸ ਵਕਤ ਭਾਰਤ ਵਿਚ ਵੀ ਆਰਥਿਕ ਸਮਾਨਤਾ ਤੇ ਸਾਂਝੀ-ਵਾਲਤਾ ਦੀ ਚਰਚਾ ਚਲ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਪੰਜ ਸੌ ਸਾਲ ਪਹਿਲੇ ਭਰਾਤ੍ਰੀ ਭਾਵ ਤੇ ਸਾਂਝੀਵਾਲਤਾ ਨੂੰ ਪ੍ਰਚਾਰਿਆ ਹੈ। ਇਹ ਆਪ ਦਾ ਆਤਮਿਕ ਅਨੁਭਵ ਸੀ। ਉਸ ਸਮੇਂ ਸਾਡੇ ਦੇਸ਼ ਵਿਚ ਨਾ ਸਰਮਾਏਦਾਰੀ ਜਥੇਬੰਦ ਸੀ, ਨਾ ਮਸ਼ੀਨਰੀ ਤੇ ਨਾ ਹੀ ਬੈਂਕ ਸਨ। ਹਿੰਦੁਸਤਾਨ ਦਾ ਮਜ਼੍ਹਬ ਭੀ ਮੁਗਲਾਂ ਦੇ ਅਧੀਨ ਨਹੀਂ ਸੀ। ਆਪ ਨੇ ਸਦੀਆਂ ਤੋਂ ਸੂਦਰ ਅਤੇ ਨੀਵੇਂ ਸਮਝੇ ਜਾਣ ਵਾਲੇ ਮਨੁਖਾਂ ਨੂੰ ਭਰਾਤ੍ਰੀ ਭਾਵ ਦਾ ਸੰਦੇਸ਼ ਦਿਤਾ। ਆਪ ਫੁਰਮਾਉਂਦੇ ਹਨ—

(੧) ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
(ਸ੍ਰੀ ਰਾਗ ਮ: ੧)

(੨) ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥

ਗੁਰੂ ਜੀ ਨੇ ਜ਼ਾਤ ਪਾਤ ਦਾ ਖੰਡਨ ਕਰਕੇ ਊਚ ਨੀਚ ਦੇ ਭੇਦ ਨੂੰ ਮਿਟਾਇਆ ਹੈ। ਧਰਮਸਾਲ, ਸੰਗਤ, ਕੜਾਹ ਪ੍ਰਸ਼ਾਦਿ ਤੇ ਲੰਗਰ ਸਭ ਲਈ ਇਕੋ ਜਿਹੇ ਰਖੇ ਹਨ। ਮਰਦਾਨੇ ਤੇ ਬਾਲੇ ਨੂੰ ਅਤੇ ਹੋਰ ਸਾਰੇ ਮੁਖੀ ਸਿਖਾਂ ਨੂੰ 'ਭਾਈ' ਦੀ ਪਦਵੀ ਬਖਸ਼ੀ ਹੈ। ਕਈ ਥਾਈਂ ਜ਼ਾਤ ਅਭਿਮਾਨੀ ਬ੍ਰਾਹਮਣ ਤੇ ਖੱਤਰੀ ਗੁਰੂ ਜੀ ਪਾਸੋਂ ਪੁਛਦੇ ਸਨ,

ਮਰਦਾਨੇ ਨੂੰ ਆਪ ਭਾਈ ਕਿਉਂ ਕਹਿੰਦੇ ?' ਆਪ ਉਤਰ ਦਿੰਦੇ ਸਨ-'ਇਕ ਵਾਹਿਗੁਰੂ ਸਭ ਦਾ ਪਿਤਾ ਹੈ। ਅਸੀਂ ਸਾਰੇ ਉਸ ਦੇ ਪੁਤਰ ਹਾਂ। ਇਸ ਲਈ ਮਰਦਾਨਾ ਸਾਡਾ ਪਿਆਰਾ ਭਾਈ ਹੈ।' ਭਾਈ ਸ਼ਬਦ ਸਿਖੀ ਸਮਾਨਤਾ ਦੀ ਨੀਂਹ ਹੈ।

ਅਜ ਕਲ ਦੇ ਸਮਾਜਵਾਦੀ ਇਹ ਕਹਿੰਦੇ ਹਨ-

'ਰੱਬ ਨੂੰ ਜਾਣ ਦਿਓ, ਮਨੁਖਾਂ ਵਿਚ ਪਿਆਰ ਪੈਦਾ ਕਰੋ। ਇਨ੍ਹਾਂ ਨੂੰ ਭਰਾ ਬਣਾਓ'ਅਜਿਹੇ ਲੋਕ ਇਹ ਗੱਲ ਭੁਲ ਜਾਂਦੇ ਹਨ ਕਿ ਇਕ ਪਿਤਾ ਵਾਹਿਗੁਰੂ ਦਾ ਖਿਆਲ ਛਡ ਦਿਤਾ ਜਾਵੇ ਤਾਂ ਭਰਾਤ੍ਰੀ ਭਾਵ ਕਾਇਮ ਹੀ ਕਿਸ ਤਰ੍ਹਾਂ ਹੋ ਸਕਦਾ ਹੈ ? ਇਹੀ ਇਕ ਵਿਸ਼ਵਾਸ਼ ਹੈ, ਜੋ ਦੁਨੀਆਂ ਵਿਚ ਸਹੀ ਸਮਾਨਤ ਅਤੇ ਅਮਨ ਪੈਦਾ ਕਰ ਸਕਦਾ ਹੈ।

ਸ੍ਰੀ ਗੁਰੂ ਜੀ ਨੇ ਸਮਾਜ ਦੀ ਆਦਰਸ਼ ਉਨਤੀ ਲਈ ਤਿੰਨ ਸਾਧਨ ਦਸੇ ਹਨ-

੧. ਨਾਮ ਜਪਣਾ-ਆਤਮਿਕ ਉਤਨੀ ਲਈ । **੨. ਵੰਡ ਛਕਣਾ**-ਸਮਾਜ ਦੇ ਭਲੇ ਅਤੇ ਸੇਵਾ ਲਈ । **੩. ਕਿਰਤ ਕਰਨੀ**-ਸ਼ਖਸੀ ਉਦਮ ਹੈ ਕਿਰਤ ਅਰਥਾਤ ਪ੍ਰੀਸ਼ਰਮ ਆਪਣੇ ਅਤੇ ਸਮਾਜ ਦੇ ਭਲੇ ਲਈ ਜ਼ਰੂਰੀ ਹੈ। ਸਿਖੀ ਵਿਚ ਬੇਕਾਰ ਅਤੇ ਮੰਗਤਿਆਂ ਲਈ ਕੋਈ ਥਾਂ ਨਹੀਂ। ਸਤਿਗੁਰੂ ਫੁਰਮਾਉਂਦੇ ਹਨ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਜੇ ਗੁਰੂ ਜੀ ਦੇ ਇਸ ਆਦਰਸ਼ ਨੂੰ ਅਮਲ ਵਿਚ ਲਿਆਂਦਾ ਜਾਵੇ ਤਾਂ ਕੋਈ ਆਦਮੀ ਭੁਖਾ ਨੰਗਾ ਨਹੀਂ ਮਰ ਸਕਦਾ ਤੇ ਕੋਈ ਆਦਮੀ ਗਰੀਬਾਂ ਨੂੰ ਲੁਟ ਕੇ ਸਰਮਾਏਦਾਰ ਨਹੀਂ ਹੋ ਸਕਦਾ। ਹਰੇਕ ਮਨੁਖ ਕੰਮ ਕਰਨ ਲਈ ਬਣਿਆ ਹੈ। ਧਨ ਅਤੇ ਪਦਾਰਥ ਆਪਣੇ ਨਿਰਬਾਹ ਦੂਜਿਆਂ ਦੀ ਸੇਵਾ ਤੇ ਪੁਰਸ਼ਾਰਥ ਲਈ ਹਨ। ਸਿਖੀ ਨੇ ਮਨੁਖ ਦੀ ਮਨੋ ਬ੍ਰਿਤੀ ਨੂੰ ਬਦਲਿਆ ਹੈ। 'ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗ ਵਰਤਾਯਾ' ਇਹ ਆਦਰਸ਼ ਗੁਰੂ ਬਾਬੇ ਦਾ ਹੈ।

ਮਨੁਖ ਦੀ ਪਹਿਲੀ ਸਰੀਰਕ ਲੋੜ 'ਰੋਟੀ' ਹੈ । ਗੁਰੂ ਕਾ ਲੰਗਰ ਜਾਰੀ ਕਰਕੇ ਇਸ ਨੂੰ ਪੂਰਾ ਕਰ ਦਿਤਾ ਹੈ। ਛਕਣ ਵਾਲਾ ਤੇ ਦੇਣ ਵਾਲਾ ਦੋਵੇਂ ਸਿਰਜਨਹਾਰ ਦਾ ਸ਼ੁਕਰ ਕਰਨ ਤੇ ਆਖਣ 'ਦਾਨਾ ਪਾਣੀ ਗੁਰੂ ਕਾ ਟਹਿਲ ਭਾਵਨਾ ਸੇਵਕਾਂ ਦੀ।' ਇਸ ਤੋਂ ਵਧ ਸਾਂਝੀਵਾਲਤਾ ਕੀ ਹੋ ਸਕਦੀ ਹੈ ?

ਇਕ ਵੇਰ ਕੁਝ ਜੋਗੀ ਗੁਰੂ ਜੀ ਨੂੰ ਮਿਲਣ ਆਏ। ਵੰਡ ਛਕਣ ਦੇ ਸਿਧਾਂਤ ਪਰ ਵਿਚਾਰ ਕਰਦੇ ਹੋਏ ਉਨ੍ਹਾਂ ਨੇ ਕਿਹਾ, 'ਜੇ ਚੀਜ਼ ਥੋੜ੍ਹੀ ਮਾਤ੍ਰਾ ਵਿਚ ਹੋਵੇ ਤਾਂ ਕਿਵੇਂ ਵੰਡ ਛਕੀਏ ?' ਇਸ ਪ੍ਰਸ਼ਨ ਦੇ ਨਾਲ ਉਨਾਂ ਨੇ ਕੁਝ ਤਿਲ ਗੁਰੂ ਜੀ ਅਗੇ ਰਖੇ ਤੇ ਕਹਿਣ ਲਗੇ–'ਲਓ, ਵੰਡ ਕੇ ਵਿਖਾਓ ?'

ਗੁਰੂ ਜੀ ਨੇ ਤਿਲ ਕੂੰਡੇ ਵਿਚ ਘੁਟਾ ਲਏ ਥੋੜ੍ਹਾ ਜੇਹਾ ਪਾਣੀ ਪਾ ਕੇ ਸਭ ਨੂੰ ਵਰਤਾ ਦਿਤਾ । ਜੋਗੀਆਂ ਨੂੰ ਸਮਝਾਇਆ ਕਿ ਸੰਗਤ ਵਿਚ ਥੋੜ੍ਹੀ ਚੀਜ਼ ਭੀ ਹੋਵੇ ਤਾਂ ਇਸ ਤਰ੍ਹਾਂ ਵੰਡ ਕੇ ਛਕੋ।

ਸਾਡੇ ਦੇਸ਼ ਵਿਚ ਕਈ ਲੋਕੀਂ ਇਹ ਕਹਿੰਦੇ ਸਨ ਕਿ ਭਗਤ ਕਬੀਰ, ਸ੍ਰੀ ਰਵਿਦਾਸ, ਨਾਮਦੇਵ ਜੀ ਆਦਿ ਜਨਮ ਕਰਕੇ ਨੀਵੇਂ ਸਨ, ਪਰ ਭਗਤੀ ਕਰਕੇ ਉਚੇ ਹੋਏ ਹਨ। ਸਤਿਗੁਰੂ ਜੀ ਨੇ ਇਸ ਭੁਲੇਖੇ ਨੂੰ ਦੂਰ ਕੀਤਾ ਅਤੇ ਦਸਿਆ ਕਿ ਸਾਰੇ ਮਨੁਖ ਜਨਮ ਕਰਕੇ ਬਰਾਬਰ ਹੁੰਦੇ ਹਨ। ਪਰ ਚੰਗੀ ਮਾੜੀ ਕਰਨੀ ਕਰਕੇ ਉਚੇ ਨੀਵੇਂ ਕਹੇ ਜਾ ਸਕਦੇ ਹਨ।

ਉਸ ਵਕਤ ਭਾਰਤ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਖਿਚੋਤਾਣ ਸੀ। ਗੁਰੂ ਜੀ ਨੇ ਦੋਹਾਂ ਨੂੰ ਮੇਲਣ ਦਾ ਬੜਾ ਜਤਨ ਕੀਤਾ। ਜਿਸ ਤਰ੍ਹਾਂ ਸੂਰਜ ਹਰ ਥਾਵੇਂ ਆਪਣੀ ਰੋਸ਼ਨੀ ਦਿੰਦਾ ਹੈ, ਗੁਰੂ ਜੀ ਨੇ ਹਿੰਦੂਆਂ, ਮੁਸਲਮਾਨਾਂ, ਸ਼ੂਦਰਾਂ ਤੇ ਨੀਚਾਂ ਨੂੰ ਇਕੋ ਜਿਹਾ ਉਪਦੇਸ਼ ਕੀਤਾ। ਇਹੀ ਸਚੀ ਸਾਂਝੀਵਾਲਤਾ ਹੈ।

ਗੁਰੂ ਜੀ ਐਮਨਾਬਾਦ ਤੋਂ ਚਲ ਕੇ ਸਿਆਲ ਕੋਟ ਪੁਜੇ । ਸ਼ਹਿਰ ਦੇ ਬਾਹਰਵਾਰ ਇਕ ਬੇਰ ਥਲੇ ਜਾ ਬੈਠੇ । ਇਸ ਦੇ ਲਾਗੇ

ਇਕ ਮੁਸਲਮਾਨ ਫਕੀਰ ਹਮਜ਼ਾ ਗੌਂਸ ਦਾ ਮਠ ਸੀ। ਸ਼ਹਿਰ ਦਾ ਇਕ ਖਤਰੀ ਫਕੀਰ ਨੂੰ ਪੁਤ੍ਰ ਦੇਣ ਦੀ ਮੰਨਤ ਮੰਨ ਕੇ ਮੁਨਕਰ ਹੋ ਗਿਆ ਸੀ। ਇਸ ਲਈ ਫਕੀਰ ਸਾਈਂ ਸਿਆਲਕੋਟ ਨੂੰ ਗਰਕ ਕਰਨ ਲਈ ਚਲੀਹਾ ਕਟ ਰਹੇ ਸਨ। ਗੁਰੂ ਜੀ ਨੇ ਉਥੇ ਮਧੁਰ ਕੀਰਤਨ ਕੀਤਾ। ਜਿਸ ਨੂੰ ਸੁਣ ਕੇ ਹਮਜ਼ਾ ਗੌਂਸ ਦੀ ਸਮਾਧੀ ਖੁਲ੍ਹ ਗਈ। ਉਹ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋਇਆ । ਬਾਬਾ ਜੀ ਨੇ ਬਚਨ ਕੀਤਾ 'ਗੌਂਸ ਜੀ ! ਰਬ ਦੀ ਭਗਤੀ ਮਨੁਖ ਦੇ ਮਨ ਨੂੰ ਕੋਮਲ ਬਣਾਉਂਦੀ ਹੈ, ਪਰ ਤੁਸੀਂ ਏਨੇ ਸਖਤ ਦਿਲ ਹੋ ਗਏ ਕਿ ਇਕ ਦੇ ਬਦਲੇ ਸਾਰੇ ਸ਼ਹਿਰ ਨੂੰ ਗਰਕ ਕਰਨ ਲਈ ਤੁਲ ਗਏ ਹੋ ? ਏਨੀ ਕਠੋਰਤਾ ਫਕੀਰਾਂ ਨੂੰ ਨਹੀਂ ਸੋਭਦੀ। ਫਕੀਰ ਸਾਈਂ ! ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ । ਇਸ ਸ਼ਹਿਰ ਵਿਚ ਸਾਰੇ ਬੰਦੇ ਮਾੜੇ ਹੀ ਨਹੀਂ ਵਸਦੇ। ਜੇ ਪੂਰ ਵਿਚ ਇਕ ਆਦਮੀ ਮਾੜਾ ਹੋਵੇ, ਤਾਂ ਸਾਰੀ ਬੇੜੀ ਨਹੀਂ ਡੋਬ ਦੇਣੀ ਚਾਹੀਦੀ।'

ਗੁਰੂ ਜੀ ਦੇ ਪਵਿਤ੍ਰ ਬਚਨ ਸੁਣ ਕੇ ਹਮਜ਼ਾ ਗੌਂਸ ਦਾ ਮਨ ਪੰਘਰ ਗਿਆ । ਉਸ ਨੇ ਭਗਤੀ ਤੇ ਫਕੀਰੀ ਦੀ ਅਸਲੀਅਤ ਨੂੰ ਸਮਝ ਲਿਆ।

ਗੁਰੂ ਜੀ ਨੇ ਮਰਦਾਨੇ ਨੂੰ ਸ਼ਹਿਰ ਵਿਚ ਸਚ ਤੇ ਝੂਠ ਖਰੀਦਣ ਲਈ ਭੇਜਿਆ । ਮੂਲੇ ਖਤ੍ਰੀ ਨੇ ਮਰਦਾਨੇ ਨੂੰ ਕਿਹਾ-'ਮਰਨਾ ਚੱਚ ਤੇ ਜੀਊਣਾ ਝੂਠਾ' ਮੂਲਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਉਸ ਨੂੰ ਵੇਖ ਕੇ ਮਹਾਰਾਜਾ ਨੇ ਫਕੀਰ ਨੂੰ ਕਿਹਾ-'ਵੇਖੋ ਗੌਂਸ ਜੀ, ਅਸਲੀਅਤ ਨੂੰ ਸਮਝਣ ਵਾਲੇ ਬੰਦੇ ਵੀ ਇਥੇ ਮੌਜੂਦ ਹਨ।'

ਗੁਰੂ ਜੀ ਸਿਆਲ ਕੋਟ ਤੋਂ ਸੀਹੋਕੇ ਪੁਜੇ ਉਥੇ ਲੋਕਾਂ ਨੂੰ ਸਤ ਧਰਮ ਦਾ ਉਪਦੇਸ ਕਰਕੇ ਲਹੌਰ ਵਲ ਰੁਖ ਕੀਤਾ।

❋

ਛੇਵਾਂ ਵਿਆਖਿਆਨ

ਪਹਿਲੀ ਉਦਾਸੀ

ਗੁਰੂ ਜੀ ਦੀ ਪਹਿਲੀ ਉਦਾਸੀ ਸਭ ਤੋਂ ਵਡੀ ਹੈ। ਕੁਝ ਚਿਰ ਐਮਨਾਬਾਦ, ਤਲਵੰਡੀ, ਲਾਹੌਰ ਨੂੰ ਤਾਰਦੇ ਹੋਏ ਦਖਣੀ ਪੰਜਾਬ ਵਿਚ ਗਏ। ਇਸ ਤੋਂ ਬਾਅਦ ਪੂਰਬ ਦਿਸ਼ਾ ਅਤੇ ਹਿੰਦੂ ਤੀਰਥਾਂ ਵਲ ਰੁਖ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ—

ਬਾਬਾ ਆਯਾ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੇ।
(ਵਾਰ ੧–੨੫)

ਤੀਰਥਾਂ ਤੇ ਜਾਣ ਅਤੇ ਧਾਰਮਿਕ ਆਗੂਆਂ ਨੂੰ ਮਿਲਣ ਦਾ ਪ੍ਰਯੋਜਨ ਇਹ ਸੀ ਕਿ ਧਰਮ ਮੰਦਰ ਅਤੇ ਤੀਰਥ ਮਜ਼੍ਹਬ ਦਾ ਕੇਂਦਰ ਹੁੰਦੇ ਹਨ। ਧਰਮ ਦੇ ਇਹ ਸੋਮੇਂ ਗੰਧਲੇ ਹੋ ਜਾਣ ਤਾਂ ਮਜ਼੍ਹਬ ਦੀ ਸ਼ਕਲ ਵਿਗੜ ਜਾਂਦੀ ਹੈ। ਲੋਕਾਂ ਦੀ ਧਾਰਮਿਕ ਅਤੇ ਇਖਲਾਕੀ ਦਸ਼ਾ ਖਰਾਬ ਹੋ ਜਾਂਦੀ ਹੈ। ਧਰਮ ਮੰਦਰ ਅਤੇ ਤੀਰਥਾਂ ਦੇ ਸੁਧਾਰ ਨਾਲ ਜਨਤਾ ਸੌਖੀ ਸੁਧਰ ਜਾਂਦੀ ਹੈ।

ਤੀਰਥਾ ਤੇ ਜਾਣ ਦਾ ਦੂਜਾ ਕਾਰਨ ਇਹ ਸੀ ਕਿ ਲੋਕੀਂ ਉਥੇ ਮੇਲਿਆਂ ਦੀ ਸ਼ਕਲ ਵਿਚ ਇਕੱਤ੍ਰ ਹੁੰਦੇ ਸਨ। ਤੀਰਥਾਂ ਤੇ ਪ੍ਰਚਾਰ ਕਰਨਾ ਸੌਖਾ ਸੀ। ਉਸ ਸਮੇਂ ਵਿਚ ਤੀਰਥ ਅਤੇ ਮੇਲੇ ਹੀ ਪ੍ਰਚਾਰ ਦਾ ਵਡਾ ਸਾਧਨ ਸਨ।

ਗੁਰੂ ਜੀ ਧਾਰਮਿਕ ਆਗੂਆਂ ਨੂੰ ਭੀ ਮਿਲੇ ਹਨ, ਭਾਵੇਂ ਉਹ ਮਜ਼੍ਹਬੀ ਕੇਂਦਰਾਂ ਵਿਚ ਸਨ ਜਾਂ ਇਕਾਂਤ ਵਿਚ। ਉਹਨਾਂ ਨੂੰ ਮਿਲਣ ਦਾ ਕਾਰਨ ਇਹ ਸੀ ਕਿ ਆਗੂਆਂ ਦੇ ਸੁਧਰਨ ਨਾਲ ਉਹਨਾਂ ਦੇ

ਪਿਛੇ ਲਗੀ ਹੋਈ ਜਨਤਾ ਆਪ ਹੀ ਸੁਧਰ ਜਾਂਦੀ ਹੈ।

ਮਹਾਰਾਜ ਨੇ ਪੰਡਤਾਂ ਅਤੇ ਮੌਲਵੀਆਂ ਵਾਂਗੂ ਸ਼ਾਸਤ੍ਰਾਰਥ ਤੇ ਮੁਬਾਹਸੇ ਨਹੀਂ ਕੀਤੇ, ਬੜੇ ਪਰੇਮ, ਧੀਰਜ ਅਤੇ ਸ਼ਾਂਤੀ ਨਾਲ ਗੋਸ਼ਟ ਕੀਤੀ ਹੈ । ਆਪਣੇ ਵਿਚਾਰ ਦਿਤੇ ਹਨ ਅਤੇ ਦੂਜਿਆਂ ਦੇ ਖਿਆਲਾਂ ਨੂੰ ਸੁਣਿਆ ਹੈ। ਇਸ ਤਰ੍ਹਾਂ ਆਪ ਜੀ ਨੇ ਹਰ ਥਾਵੇਂ ਜਿੱਤ ਪ੍ਰਾਪਤ ਕੀਤੀ ।

ਆਪ ਤੇ ਪ੍ਰਚਾਰ ਦਾ ਢੰਗ ਬੜਾ ਅਲੌਕਕ ਸੀ । ਆਮ ਲੋਕਾਂ ਦੀ ਰੁਚੀ ਆਪਣੇ ਵਲ ਕਰਨ ਅਤੇ ਸਿਖਿਆ ਦੇਣ ਲਈ ਕਈ ਵੇਰ ਅਜੇਹੇ ਕੌਤਕ ਕਰਦੇ, ਜਿਸ ਨਾਲ ਲੋਕੀਂ ਆਪੇ ਖਿਚੇ ਤੁਰੇ ਆਉਂਦੇ ਸਨ।

ਤੀਰਥਾਂ ਤੇ ਜਾਣ ਅਤੇ ਧਾਰਮਿਕ ਆਗੂਆਂ ਨੂੰ ਮਿਲਣ ਦਾ ਉਦੇਸ਼ ਇਹ ਸੀ ਕਿ ਮਜ਼੍ਹਬ ਵਿਚ ਜੋ ਖਰਾਬੀਆਂ ਆ ਗਈਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇ । ਫੋਕੇ ਕਰਮ ਕਾਂਡ, ਦਿਖਾਵੇ ਅਤੇ ਪਖੰਡ ਦੇ ਮਜ਼੍ਹਬ ਨੂੰ ਗੁਰੂ ਜੀ ਨੇ ਬਹੁਤ ਖੰਡਨ ਕੀਤਾ । ਆਸਾ ਦੀ ਵਾਰ ਦੇ ਪਿਛਲੇ ਸਲੋਕਾਂ ਵਿਚ ਇਸ ਗੱਲ ਤੇ ਖਾਸ ਜ਼ੋਰ ਦਿਤਾ ਗਿਆ ਹੈ ।

ਪਖੰਡ ਕਿਸੇ ਮਜ਼੍ਹਬ ਲਈ ਸਭ ਤੋਂ ਵਡੀ ਬੀਮਾਰੀ ਹੁੰਦੀ ਹੈ। ਜਿਵੇਂ ਸਰੀਰ ਨੂੰ ਕੋਈ ਰੋਗ ਅਤੇ ਲਕੜੀ ਨੂੰ ਘੁਣ ਖਾ ਜਾਂਦਾ ਹੈ, ਇਸੇ ਤਰ੍ਹਾਂ ਪਖੰਡ ਮਜ਼੍ਹਬ ਨੂੰ ਨਸ਼ਟ ਕਰਕੇ ਰਖ ਦਿੰਦਾ ਹੈ। ਪਾਖੰਡੀ ਆਦਮੀ ਦੀ ਸ਼ਕਲ ਬਦਲਦੀ ਹੈ, ਖ਼ਸਲਤ ਨਹੀਂ ਬਦਲਦੀ।

ਪਖੰਡ ਕੀ ਹੈ ? ਜੋ ਕੁਝ ਆਦਮੀ ਆਪਣੇ ਆਪ ਨੂੰ ਬਾਹਰੋਂ ਦਸਦਾ ਹੋਵੇ, ਉਹ ਜਿਹਾ ਅੰਦਰੋਂ ਨਾ ਹੋਵੇ। ਪਾਖੰਡੀ ਆਦਮੀ ਨਿਜ-ਸਵਾਰਥ, ਮਾਨ ਵਡਿਆਈ ਅਤੇ ਲੋਕਾਂ ਨੂੰ ਧੋਖਾ ਦੇਣ ਲਈ ਬਾਹਰੋਂ ਸੋਨੇ ਵਾਂਗੂ ਚਮਕਦਾ ਹੈ, ਪਰ ਅੰਦਰੋਂ ਮੁਲੱਮਾ ਹੁੰਦਾ ਹੈ । ਧਰਮ ਵਿਚ ਪਖੰਡ ਦੇ ਆਉਣ ਦੇ ਇਕ ਦੋ ਕਾਰਨ ਹੁੰਦੇ ਹਨ । ਧਰਮ ਦੇ ਜੋ ਚੰਗੇ ਤਤ੍ਹ ਹਨ, ਉਨ੍ਹਾਂ ਨੂੰ ਕੁਝ ਮਹਾਂ ਪੁਰਖ ਬੜੀ ਕਠਨ ਘਾਲਣਾ

ਕਰਕੇ ਲਭਦੇ ਹਨ । ਸੰਸਾਰ ਵਿਚ ਉਨ੍ਹਾਂ ਦੀ ਪ੍ਰਭਤਾ ਹੁੰਦੀ ਹੈ। ਕੁਝ ਪਾਖੰਡੀ ਆਦਮੀ ਚੰਗੇ ਆਦਮੀਆਂ ਦੀ ਨਕਲ ਕਰਕੇ ਹੀ ਲੋਕਾਂ ਨੂੰ ਧੋਖਾ ਦਿੰਦੇ ਹਨ।

ਦੂਜਾ ਕਾਰਨ ਇਹ ਹੁੰਦਾ ਹੈ ਕਿ ਕਈ ਮਜ਼ਬਾਂ ਵਿਚ ਆਦਰਸ਼ ਨੂੰ ਬਹੁਤ ਉਚਾ ਮੰਨ ਲਿਆ ਜਾਂਦਾ ਹੈ । ਉਹ ਸਿਰਫ ਤਖੱਈਅਲ ਹੁੰਦਾ ਹੈ, ਅਮਲ ਵਿਚ ਨਹੀਂ ਆ ਸਕਦਾ । ਅਜੇਹੇ ਮਜ਼ੂਬਾਂ ਵਿਚ ਪਖੰਡ ਜ਼ੋਰ ਪਕੜਦਾ ਜਾਂਦਾ ਹੈ । ਸਾਡੇ ਦੇਸ਼ ਵਿਚ ਗੁਰੂ ਜੀ ਦੇ ਸਮੇਂ ਪਾਖੰਡ, ਵਹਿਮ, ਭਰਮ ਅਤੇ ਕਰਮ ਕਾਂਡ ਦਾ ਖਾਸ ਜ਼ੋਰ ਸੀ ।

ਦੁਨੀ ਚੰਦ ਨੂੰ ਉਪਦੇਸ਼ –

ਗੁਰੂ ਜੀ ਐਮਨਾਬਾਦ ਅਤੇ ਸਿਆਲਕੋਟ ਤੋਂ ਹੁੰਦੇ ਹੋਏ ਲਾਹੌਰ ਪੁਜੇ । ਇਥੇ ਇਕ ਦੁਨੀ ਚੰਦ ਧੁਪੜ ਖੱਤਰੀ ਆਪ ਨੂੰ ਮਿਲਿਆ । ਉਹ ਕਹਿਣ ਲਗਾ–'ਮੇਰੇ ਪਿਤਾ ਦਾ ਸਰਾਧ ਹੈ, ਚਲ ਕੇ ਭੋਜਨ ਕਰੋ ।

ਗੁਰੂ ਜੀ–'ਵੇਖ ਦੁਨੀ ਚੰਦ, ਕਿਸੇ ਹੋਰ ਆਦਮੀ ਦਾ ਦਿਤਾ ਹੋਇਆ ਦਾਨ ਜਾਂ ਭਜਨ ਪ੍ਰਲੋਕ ਵਿਚ ਪਿਤਰਾਂ ਨੂੰ ਨਹੀਂ ਮਿਲਦਾ–

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

(ਵਾਰ ਆਸਾ ਮ: ੧–੨੦)

ਮਨੁਖ ਦੇ ਆਪਣੇ ਕੀਤੇ ਹੋਏ ਕਰਮ ਉਸ ਦੇ ਅਗੇ ਆਉਂਦੇ ਹਨ। ਪ੍ਰਲੋਕ ਵਿਚ ਕੋਈ ਆਦਮੀ ਸੂਈ ਭੀ ਨਾਲ ਨਹੀਂ ਲਿਜਾ ਸਕਦਾ, ਭੋਜਨ ਤੇ ਬਸਤਰ ਉਥੇ ਕਿਸ ਪਹੁੰਚਾਣੇ ਹਨ ?

ਸਤਿਗੁਰੂ ਜੀ ਦੇ ਬਚਨ ਸੁਣ ਕੇ ਦੁਨੀ ਚੰਦ ਦੇ ਕਪਾਟ ਖੁਲ੍ਹ ਗਏ । ਉਸ ਨੂੰ ਸਮਝ ਪੈ ਗਈ ਕਿ ਪਿਤਰ-ਪੂਜਾ ਬਿਅਰਥ ਹੈ । ਉਹ ਸਿਖ ਬਣਿਆ। ਇਤਿਹਾਸਕਾਰ ਲਿਖਦੇ ਹਨ ਕਿ ਆਸਾ ਦੀ ਵਾਰ ਦੀਆਂ ਪੰਦਰਾਂ ਪਉੜੀਆਂ ਉਪਦੇਸ਼ ਰੂਪ ਵਿਚ ਗੁਰੂ ਜੀ ਨੇ ਦੁਨੀ

ਚੰਦ ਪ੍ਰਤੀ ਉਚਾਰਨ ਕੀਤੀਆਂ।

ਪਾਕ-ਪਟਨ ਵਿਚ :

ਗੁਰੂ ਜੀ ਲਾਹੌਰ ਤੋਂ ਚਲ ਕੇ ਡੇਰਾ ਚਾਹਲ ਪੁਜੇ ਜਾਹਮਣ ਵਿਚ ਇਕ ਭਾਬੜੇ ਨਾਲ ਗੋਸ਼ਟ ਕੀਤੀ। ਉਥੋਂ ਦੀਪਾਲ ਪੁਰ ਤੇ ਪਾਕ ਪਟਨ ਵਲ ਰੁਖ ਕੀਤਾ। ਉਸ ਸਮੇਂ ਪਾਕ ਪਟਨ ਵਿਚ ਸ਼ੇਖ ਫਰੀਦ ਸ਼ਕਰਗੰਜ ਦੀ ਗੱਦੀ ਤੇ ਸ਼ੇਖ ਇਬਰਾਹੀਮ ਸਨ। ਮਹਾਰਾਜ ਨਗਰੋਂ ਬਾਹਰ ਬੈਠ ਗਏ। ਮਰਦਾਨੇ ਨੇ ਰਬਾਬ ਵਜਾਇਆ। ਆਪ ਨੇ ਮਿਠੀ ਧੁਨਿ ਵਿਚ ਬਾਣੀ ਉਚਾਰਨ ਕੀਤੀ-

ਆਪੇ ਪਟੀ ਕਲਮ ਆਪਿ ਉਪਰਿ ਲੇਖ ਭੀ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥
(ਵਾਰ ਮਲਾਰ)

ਇਹ ਸਲੋਕ ਸ਼ੇਖ ਇਬਰਾਹੀਮ ਦੇ ਚੇਲੇ ਕਮਾਲ ਨੇ ਸੁਣਿਆ, ਜੋ ਉਥੇ ਲਕੜੀਆਂ ਚੁਣ ਰਿਹਾ ਸੀ। ਉਸ ਨੇ ਗੁਰੂ ਜੀ ਦੇ ਆ ਦਰਸ਼ਨ ਕੀਤੇ। ਉਥੋਂ ਵਾਪਸ ਜਾ ਕੇ ਸ਼ੇਖ ਜੀ ਨੂੰ ਖਬਰ ਕੀਤੀ। ਉਹ ਵੀ ਮਹਾਰਾਜ ਨੂੰ ਮਿਲਣ ਆਏ। ਦੀਦਾਰ ਕਰਕੇ ਸ਼ੇਖ ਇਬਰਾਹੀਮ ਨੇ ਪਹਿਲਾ ਪ੍ਰਸ਼ਨ ਇਹ ਕੀਤਾ-

ਏਕੋ ਸਾਹਿਬ ਇਕੋ ਹੱਦੀਂ।
ਕਿਹੜਾ ਸੇਵੀਂ ਕਿਹੜਾ ਰੱਦੀਂ।

ਭਾਵ-ਰੱਬ ਇਕ ਹੈ, ਹਿੰਦੂ ਤੇ ਮੁਸਲਮਾਨ ਦੋ ਹੱਦਾਂ ਹਨ। ਕਿਹੜੇ ਮੱਤ ਨੂੰ ਕਬੂਲ ਕਰੀਏ ?

ਗੁਰੂ ਜੀ ਨੇ ਉਤਰ ਦਿਤਾ—

ਇਕੋ ਸਾਹਿਬ ਇਕੋ ਹੱਦ।
ਇਕੋ ਸੇਵੀ ਤੇ ਦੂਜਾ ਰੱਦ।

ਭਾਵ-ਰਬ ਇਕ ਹੈ। ਸਾਰੇ ਮਨੁਖ ਇਕੋ ਜਿਹੇ ਹਨ। ਇਨ੍ਹਾਂ ਵਿਚ ਕੋਈ ਮਜ਼੍ਹਬੀ ਜਾਂ ਨਸਲੀ ਵਿਤਕਰਾ ਨਹੀਂ ਪਾਇਆ

ਜਾ ਸਕਦਾ।

ਸਜਣ ਠੱਗ ਦਾ ਨਿਸਤਾਰਾ–

ਇਸ ਤੋਂ ਬਾਅਦ ਗੁਰੂ ਜੀ ਨੇ ਹੜੱਪੇ ਦੀ ਧਰਤੀ ਨੂੰ ਤਾਰਿਆ। ਇਥੋਂ ਤਲੰਬੇ ਗਏ। ਇਸ ਇਲਾਕੇ ਵਿਚ ਸ਼ੇਖ ਸੱਜਣ ਨਾਮੀ ਠੱਗ ਰਹਿੰਦਾ ਸੀ। ਉਸ ਨੇ ਬਾਹਰੋਂ ਫਕੀਰੀ ਬਾਣਾ ਧਾਰਨ ਕੀਤਾ ਹੋਇਆ ਸੀ। ਲੰਮੀ ਦਾੜ੍ਹੀ, ਗਲ ਵਿਚ ਖਫਨੀ, ਮੱਥੇ ਤੇ ਮਹਿਰਾਬ, ਹੱਥ ਵਿਚ ਤਸਬੀ, ਜ਼ਬਾਨ ਹਰ ਵਕਤ ਅੱਲ੍ਹਾ-ਹੂ ਦਾ ਰਟਣ ਕਰਦੀ ਸੀ। ਇਸ ਨੇ ਆਪਣੇ ਘਰ ਵਿਚ ਹਿੰਦੂਆਂ ਲਈ ਠਾਕਰ ਦਵਾਰਾ ਅਤੇ ਮੁਸਲਮਾਨਾਂ ਲਈ ਮਸੀਤ ਬਣਾਈ ਹੋਈ ਸੀ। ਆਏ ਗਏ ਰਾਹੀ, ਮੁਸਾਫ਼ਰ ਤੇ ਸਾਧ ਸੰਤ ਦੀ ਸੇਵਾ ਕਰਦਾ ਸੀ। ਰਾਤ ਸਮੇਂ ਲੋਕਾਂ ਨੂੰ ਲੁਟ ਲੈਂਦਾ ਤੇ ਮਾਰ ਕੇ ਅੰਦਰ ਹੀ ਦਬ ਦਿੰਦਾ ਸੀ। ਪਖੰਡ-ਜਾਲ ਵਿਚ ਫਸਾ ਕੇ ਇਸ ਨੇ ਕਈਆਂ ਦਾ ਘਾਤ ਕੀਤਾ ਸੀ।

ਹਨੇਰੇ ਦਿਲਾਂ ਨੂੰ ਰੋਸ਼ਨ ਕਰਨ ਵਾਲੇ ਸਚ ਚੰਦ੍ਰਮਾ ਸ੍ਰੀ ਗੁਰੂ ਨਾਨਕ ਜੀ ਜਾਂਦੇ ਜਾਂਦੇ ਸ਼ੇਖ ਸਜਣ ਕੇ ਘਰ ਜਾਇ ਨਿਕਲੇ। 'ਉਸ ਕਾ ਘਰ ਪੈਂਡੇ ਵਿਚ ਥਾਂ।'

ਸੱਜਣ ਠਗ ਦਾ ਬਾਣਾ ਅਤੇ ਅਡੰਬਰ ਦੇਖ ਕੇ ਮਰਦਾਨੇ ਨੇ ਕਿਹਾ–'ਬਾਬਾ ਜੀ, ਔਹੋ ਜਿਹਾ ਨੇਕ ਆਦਮੀ! ਕੇਹਾ ਸੋਹਣਾ ਨਾਂ ਹੈ। ਇਹ ਹਿੰਦੂ ਮੁਸਲਮਾਨ ਦੋਹਾਂ ਦੀ ਸੇਵਾ ਕਰਦਾ ਹੈ। ਸੋਹਣਾ ਦੀਦਾਰ ਹੈ, ਐਹੋ ਜਿਹਾ ਕੋਈ ਵਿਰਲਾ ਬੰਦਾ ਹੀ ਮਿਲਣਾ ਹੈ?'

ਗੁਰੂ ਜੀ–ਇਸ ਦਾ ਨਾਂ ਸੱਜਣ ਹੈ, ਪਰ ਕਰਦਾ ਧਰੋਹ ਹੈ। ਬਾਹਰੋਂ ਗੁੜ ਵਾਂਗੂ ਮਿਠਾ ਹੈ। ਪਰ ਅੰਦਰੋਂ ਜ਼ਹਿਰ ਦਾ ਭਰਿਆ ਹੋਇਆ ਹੈ। ਪਾਖੰਡ ਕਰਕੇ ਲੋਕਾਂ ਨੂੰ ਲੁਟਦਾ ਹੈ। ਇਸ ਨੇ ਸੈਂਕੜੇ ਹੀ ਮਨੁਖਾਂ ਦਾ ਘਾਤ ਕੀਤਾ ਹੈ।'

ਮਰਦਾਨਾ–'ਫਿਰ ਤਾਂ ਬਾਬਾ ਕੁਥਾਇ ਲਿਆ ਮਾਰਿਆ ਈ?'

ਗੁਰੂ ਜੀ–ਮਰਦਾਨਿਆ, ਇਸ ਦਾ ਭਲਾ ਵੀ ਕਰਨਾ ਹੈ। ਇਸ ਨੂੰ ਸਿਧੇ ਰਾਹੇ ਪਾਉਣ ਹੈ।

ਸੱਜਣ ਠੱਗ ਨੇ ਗੁਰੂ ਜੀ ਅਤੇ ਮਰਦਾਨੇ ਦੀ ਸੇਵਾ ਕਰਨੀ ਚਾਹੀ, ਪਰ ਆਪ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਰਾਤ ਪੈ ਗਈ। ਸੱਜਣ ਗੁਰੂ ਜੀ ਪਾਸ ਆਇਆ ਤੇ ਕਹਿਣ ਲਗਾ–'ਸੰਵੋ ਜੀ।' ਹਜ਼ੂਰ ਨੇ ਉਤਰ ਦਿਤਾ-'ਇਕ ਸ਼ਬਦ ਪੜ੍ਹ ਕੇ ਸੌਂਵਾਂਗੇ।'

ਰਾਤ ਦੀ ਖਾਮੋਸ਼ੀ ਵਿਚ ਮਰਦਾਨੇ ਨੇ ਰਬਾਬ ਵਜਾਇਆ। ਸੂਹੀ ਰਾਗ ਦੀ ਮਿੱਠੀ ਸੁਰ ਵਿਚ ਨਿਰੰਕਾਰੀ ਸਤਿਗੁਰੂ ਨੇ ਸ਼ਬਦ ਗਾਂਵਿਆ–

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥
ਸਜਣ ਸੇਈ ਨਾਲਿ ਮੈ ਚਲਦਿਆਂ ਨਾਲ ਚਲੰਨ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਸੰਨਿ॥

(ਸੂਹੀ ਮਹਲਾ ੧)

ਪਵਿਤ੍ਰ ਹਿਰਦੇ ਵਿਚੋਂ ਨਿਕਲੀ ਹੋਈ ਬਾਣੀ ਸੱਜਣ ਦੇ ਸੀਨੇ ਨੂੰ ਤੀਰ ਵਾਂਗੂ ਵਿਨ੍ਹ ਗਈ। ਉਸ ਦਾ ਮਨ ਕੰਬ ਗਿਆ। 'ਹਾਂ, ਮੈਂ ਕੈਂਹ ਦੇ ਭਾਂਡੇ ਵਰਗਾ ਹਾਂ, ਜੋ ਬਾਹਰੋਂ ਚਿੱਟਾ ਹੁੰਦਾ ਹੈ, ਪਰ ਉਸ ਦੇ ਅੰਦਰ ਕਾਲਖ ਭਰੀ ਹੁੰਦੀ ਹੈ। ਮੈਂ ਪਾਖੰਡ ਕਰਕੇ ਸੈਂਕੜੇ ਬੇ-ਗੁਨਾਹ ਲੋਕਾਂ ਨਾਲ ਧਰੋਹ ਕੀਤਾ ਹੈ।

ਸੱਜਣ ਦੇ ਦਿਮਾਗ ਵਿਚ ਇਕ ਖਿਆਲ ਆਉਂਦਾ ਤੇ ਇਕ ਜਾਂਦਾ ਸੀ। ਆਦਮੀ ਦਾ ਮਨ ਬਦਲਦਿਆਂ ਕੋਈ ਬਹੁਤਾ ਸਮਾਂ ਨਹੀਂ ਲਗਦਾ। ਸਿਰਫ ਮਨ ਨੂੰ ਸਿੱਧੇ ਰਾਹ ਪਾਉਣ ਦੀ ਲੋੜ ਹੁੰਦੀ ਹੈ। ਉਸ ਲਈ ਸਤ ਪੁਰਸ਼ ਬੜੇ ਸਹਾਇਕ ਹੁੰਦੇ ਹਨ।

ਸੱਜਣ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਖਿੜਕਦੀ ਜ਼ਬਾਨ ਨਾਲ ਕਹਿਣ ਲਗਾ-'ਫਜ਼ਲ ਕਰੋ।'

'ਸੱਜਣਾ! ਫਜ਼ਲ ਕਰਨ ਵਾਲਾ ਤਾਂ ਰੱਬ ਹੈ। ਪਰ ਕਰਦਾ

ਹੁੰਦਾ ਹੈ, ਜਦੋਂ ਸਚੇ ਦਿਲੋਂ ਨੇਕੀ ਅਤੇ ਉਸ ਵਲ ਲਗ ਜਾਈਏ।' ਕੀਤੇ ਹੋਏ ਪਾਪਾਂ ਦਾ ਪਛਤਾਵਾ ਕਰੀਏ, ਗੁਰੂ ਜੀ ਨੇ ਉਤਰ ਦਿਤਾ ।

ਸਤਿਗੁਰੂ ਦੇ ਦਰਸ਼ਨ ਅਤੇ ਸੰਗਤ ਕਰਕੇ ਸਜਣ ਠਗ ਦਾ ਮਨ ਪਵਿਤ੍ਰ ਹੋ ਗਿਆ। ਉਸ ਨੇ ਠਗੀ ਛੱਡ ਦਿਤੀ। 'ਲਗਾ ਗੁਰੂ ਗੁਰੂ ਜਪਣ, ਨਾਮ ਧਰੀਕ ਸਿਖ ਹੋਇਆ। ਗੁਰੂ ਬਾਬਾ ਜੀ ਨੇ ਪਹਿਲੀ ਧਰਮਸਾਲ ਉਥੇ ਬੱਧੀ।   (ਪੁਰਾਤਨ ਜਨਮ ਸਾਖੀ)

ਤਲੰਬੇ ਤੇ ਪਾਕ ਪਟਨ ਤੋਂ ਵਾਪਸੀ ਸਮੇਂ ਗੁਰੂ ਸਾਹਿਬ ਕੰਗਣ ਪੁਰ ਕਸੂਰ, ਪੱਟੀ ਆਦਿਕ ਥਾਵਾਂ ਤੋਂ ਹੁੰਦੇ ਹੋਏ ਗੋਇੰਦਵਾਲ ਦੇ ਪਤਨ ਤੇ ਪੁਜੇ। ਇਥੇ ਇਕ ਕੋਹੜੀ ਫ਼ਕੀਰ ਰਹਿੰਦਾ ਸੀ। ਉਸ ਨੂੰ ਕਹਿਣ ਲਗੇ— 'ਅਸੀਂ ਇਥੇ ਰਾਤ ਰਹਿਣਾ ਹੈ।'

ਫ਼ਕੀਰ--'ਮੈਂ ਕੋਹੜੀ ਹਾਂ । ਮੇਰੇ ਪਾਸਹੁ ਜਾਨਵਰ ਨਸਦੇ ਹੈਨ। ਖੁਦਾ ਦਾ ਰਕਮ ਹੋਇਆ, ਜੋ ਆਦਮੀ ਦੀ ਸੂਰਤ ਨਜ਼ਰ ਆਈ।'

ਗੁਰੂ ਜੀ ਨੇ ਰਾਤ ਉਸਦੀ ਝੁਗੀ ਵਚ ਨਿਵਾਸ ਕੀਤਾ। ਉਹ ਅਸਾਧ ਰੋਗੀ ਭੁੱਬਾਂ ਮਾਰ ਕੇ ਰੋ ਪਿਆ, ਕਿਉਂਕਿ ਕੋਈ ਉਸ ਦੇ ਨੇੜੇ ਨਹੀਂ ਸੀ ਢੁਕਦਾ । ਕੋਈ ਉਸ ਦਾ ਦਰਦੀ ਨਹੀਂ ਸੀ। ਗੁਰੂ ਜੀ ਨੇ ਕੋਹੜੀ ਫ਼ਕੀਰ ਨੂੰ ਧੀਰਜ ਦਿਤਾ। ਉਸ ਦੇ ਮਨ ਨੂੰ ਅਰੋਗ ਕਰਨ ਲਈ ਇਹ ਸ਼ਬਦ ਉਚਾਰਨ ਕੀਤਾ :

ਜੀਉ ਤਪਤੁ ਹੈ ਬਾਰੋ ਬਾਰ ॥
ਤਪਿ ਤਪਿ ਖਪੈ ਬਹੁਤ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥

(ਧਨਾਸਰੀ ਮ: ੧)

ਗੁਰੂ ਬਾਬਾ ਜੀ ਦੇ ਦਰਸਨ ਕਰਕੇ, ਪਵਿਤ੍ਰ ਬਾਣੀ ਸੁਣ ਕੇ, ਪਿਆਰ, ਸੇਵਾ ਤੇ ਬਰਕਤ ਨਾਲ ਕੋਹੜੀ ਦਾ ਕੋਹੜ ਦੂਰ ਹੋਇਆ। ਇਸ ਤਰ੍ਹਾਂ ਗੁਰੂ ਜੀ ਨੇ ਭਗਤੀ ਭਾਵ ਤੇ ਸੇਵਾ ਦਾ ਪ੍ਰਚਾਰ ਕੀਤਾ ।

ਤੀਰਥਾਂ ਵਲ—

ਸੱਜਣ ਨੂੰ ਤਾਰਨ ਦੇ ਪਿਛੋਂ ਮੱਧ ਪੰਜਾਬ ਵਿਚੋਂ ਹੁੰਦੇ ਹੋਏ ਪੂਰਬ ਦਿਸ਼ਾ ਨੂੰ ਚਲ ਪਏ । ਹਜ਼ੂਰ ਨੇ ਤੀਰਥਾਂ ਵਲ ਪ੍ਰਚਾਰ ਲਈ ਰੁਖ ਕੀਤਾ। ਪਹਿਲੇ ਜਗਾ ਧਰੀ ਤੋਂ ਹੁੰਦੇ ਹੋਏ 'ਪਹੋਏ' ਪੁਜੇ। ਇਥੇ ਮੇਲੇ ਵਿਚ ਸਤਿਨਾਮ ਦਾ ਉਪਦੇਸ਼ ਦੇ ਕੇ ਅਗੇ ਹਰਦਵਾਰ ਨੂੰ ਪਧਾਰੇ । ਇਥੇ ਗੰਗਾ ਦੇ ਕਿਨਾਰੇ ਲੋਕੀਂ ਸੂਰਜ ਵਲ ਚੜ੍ਹਦੇ ਪਾਸੇ ਮੂੰਹ ਕਰਕੇ ਪਿਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਲਹਿੰਦੇ ਪਾਸੇ ਮੂੰਹ ਕਰਕੇ ਪਾਣੀ ਦੇਣਾ ਸ਼ੁਰੂ ਕਰ ਦਿਤਾ। ਲੋਕ ਹੈਰਾਨ ਹੋ ਕੇ ਪੁਛਣ ਲਗੇ—'ਤਪਾ ਜੀ ! ਇਹ ਕੀ ਕਰਦੇ ਹੋ ?'

ਗੁਰੂ ਜੀ—'ਪੰਜਾਬ ਵਿਚ ਆਪਣੀ ਖੇਤੀ ਨੂੰ ਪਾਣੀ ਦਿੰਦਾ ਹਾਂ।'

ਲੋਕੀਂ—ਉਥੇ ਪਾਣੀ ਕਿਵੇਂ ਪਹੁੰਚ ਸਕਦਾ ਹੈ ?'

ਗੁਰੂ ਜੀ—'ਜਿਵੇਂ ਤੁਹਾਡਾ ਦਿਤਾ ਹੋਇਆ ਪਾਣੀ ਪਿਤਰ ਲੋਕ ਵਿਚ ਪੁਜਦਾ ਹੈ।'

ਇਹ ਉਤਰ ਸੁਣ ਕੇ ਸਭਨਾਂ ਦਾ ਭਰਮ ਦੂਰ ਹੋ ਗਿਆ। ਹਰਦਵਾਰ ਵਿਚ ਲੋਕਾਂ ਨੂੰ ਪਿਤਰ ਪੂਜਾ ਛੁਡਾ ਕੇ ਇਕ ਵਾਹਿਗੁਰੂ ਦੀ ਪ੍ਰੇਮ-ਭਗਤੀ ਦਾ ਉਪਦੇਸ਼ ਕਰਦੇ ਹੋਏ ਕੁਰਖੇਤਰ ਨੂੰ ਗਏ । ਇਹ ਕੌਰਵਾਂ ਤੇ ਪਾਂਡਵਾਂ ਦੀ ਧਰਤੀ ਸੀ। ਇਥੇ ਸੂਰਜ ਗ੍ਰਹਿਣ ਦਾ ਮੇਲਾ ਸੀ। ਆਪ ਇਕ ਪਾਸੇ ਜਾ ਬੈਠੇ । ਮੇਲੇ ਵਿਚ ਇਕ ਰਾਜ ਕੁਮਾਰ ਹਰਨ ਮਾਰ ਕੇ ਲੈ ਆਇਆ । ਸਤਿਗੁਰੂ ਜੀ ਨੇ ਮਾਸ ਰਿੰਨ੍ਹਣਾ ਧਰਾ ਦਿਤਾ । ਬਸ ਫੇਰ ਕੀ ਸੀ, ਖਲਕਤ ਉਲਟ ਕੇ ਪੈ ਗਈ । ਇਕ ਤੀਰਥ, ਦੂਜੇ 'ਸੂਰਜ ਗ੍ਰਹਿਣ' ਦਾ ਮੇਲਾ, ਇਸ ਤੇ ਮਾਸ ਰਿਝੇ ? ਲੋਕਾਂ ਵਿਚ ਬਹੁਤ ਚਰਚਾ ਹੋਈ । ਬੁਧ ਅਤੇ ਜੈਨ ਮਤ ਦੇ ਸਿਧਾਂਤ 'ਅਹਿੰਸਾ ਪਰਮੋ ਧਰਮ' ਉਤੇ ਗੁਰੂ ਜੀ ਨਾਲ ਚਰਚਾ ਕਰਨ ਲਈ ਬੜੇ ਬੜੇ ਵਿਦਵਾਨ ਪੰਡਤ ਅਤੇ ਬ੍ਰਾਮਣ ਆਏ । ਨਾਨੂੰ ਪੰਡਤ ਨਾਲ ਹਜ਼ੂਰ ਦੀ ਇਸ ਸਿਧਾਂਤ ਪਰ ਗੋਸ਼ਟ ਹੋਈ। ਆਪ ਨੇ ਇਹ

ਸਲੋਕ ਉਚਾਰਨ ਕੀਤਾ—

ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥

ਆਪ ਨੇ ਯੁਕਤੀਆਂ ਦੇ ਕੇ ਮਾਸ ਦੇ ਭਰਮ ਨੂੰ ਖੰਡਨ ਕਰਨ ਦੇ ਬਾਅਦ ਫਿਰ ਇਹ ਬਚਨ ਕੀਤਾ—

ਮਾਸੁ ਮਾਸੁ ਕਰ ਮੂਰਖ ਝਗੜੇ ਗਿਆਨ ਧਿਆਨ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ* ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜ ਕਰਿ ਲੋਕਾ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
(ਵਾਰ ਮਲਾਰ ਮ: ੧-੨੫)

ਇਹ ਉਪਦੇਸ਼ ਸੁਣ ਕੇ ਨਾਨੂੰ ਪੰਡਤ, ਹੋਰ ਕਈ ਵਿਦਵਾਨਾਂ ਅਤੇ ਹਜ਼ਾਰਾਂ ਲੋਕਾਂ ਦਾ ਭਰਮ ਦੂਰ ਹੋਇਆ।

ਸ਼ਾਹ ਸ਼ਰਫ ਨਾਲ ਗੋਸ਼ਟ—

ਕੁਰਖੇਤਰ ਵਿਚ ਸਤ ਧਰਮ ਦਾ ਪ੍ਰਕਾਸ਼ ਕਰਕੇ ਗੁਰੂ ਜੀ ਕਰਨਾਲ ਤੋਂ ਹੁੰਦੇ ਹੋਏ ਪਾਨੀਪਤ ਪੁਜੇ। ਉਥੇ ਆਪ ਸ਼ੇਖ ਤਾਹਿਰ

---

*ਪ੍ਰਸਿਧ ਵਿਗਿਯਾਨਕ ਸੁਰਗਵਾਸੀ ਸ੍ਰੀ ਜਗਦੀਸ਼ ਚੰਦਰ ਬੋਸ ਨੇ ਸਾਬਤ ਕਰ ਦਿਤਾ ਹੈ ਕਿ ਬਨੱਸਪਤੀ ਵਿਚ ਉਸੇ ਤਰ੍ਹਾਂ ਜੀਵ ਹੈ, ਜਿਸ ਤਰ੍ਹਾਂ ਸਰੀਰ ਧਾਰੀਆਂ ਵਿਚ। ਬ੍ਰਿਛ ਬੂਟੇ ਭੀ ਦੁਖ, ਸੁਖ, ਜੀਵਨ ਅਤੇ ਮੌਤ ਨੂੰ ਅਨੁਭਵ ਕਰਦੇ ਹਨ।

ਅਤੇ ਉਸ ਦੇ ਮੁਰਸ਼ਦ ਸ਼ੇਖ ਸ਼ਰਫ ਨੂੰ ਮਿਲੇ।

'ਫ਼ਕੀਰ ਚੀਸਤ ?' (ਫ਼ਕੀਰੀ ਕੀ ਹੈ ?) ਸ਼ੇਖ ਸ਼ਰਫ ਨੇ ਪੁਛਿਆ। 'ਇਬਤਦਾਏ ਫ਼ਕੀਰੀ ਫ਼ਨਾਹ ਅਸਤ। ਇੰਤਹਾਏ ਫ਼ਕੀਰੀ ਬਕਾਸਤ।' ਗੁਰੂ ਜੀ ਨੇ ਉਤਰ ਦਿਤਾ। ਭਾਵ--ਫ਼ਕੀਰੀ ਦਾ ਆਰੰਭ ਆਪਣੇ ਆਪ ਨੂੰ ਕਿਸੇ ਉਚੇ ਆਦਰਸ਼ ਲਈ ਮਿਟਾ ਦੇਣਾ ਹੈ। ਫ਼ਕੀਰੀ ਦਾ ਅੰਤ ਹੈ ਸਦਾ ਲਈ ਅਮਰ ਹੋ ਜਾਣਾ। ਸ਼ੇਖ ਸ਼ਰਫ਼ ਨੂੰ ਕ੍ਰਿਤਾਰਥ ਕਰਕੇ ਦਿੱਲੀ ਪੁਜੇ।

ਦਿੱਲੀ ਵਿਚ–

ਉਸ ਵਕਤ ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਸੀ। ਇਹ ਬੜਾ ਮੁਤੱਸਬੀ ਬਾਦਸ਼ਾਹ ਸੀ। ਕਈ ਸਾਧੂਆਂ ਤੇ ਫ਼ਕੀਰਾਂ ਨੂੰ ਇਸ ਨੇ ਬੰਦੀਖਾਨੇ ਪਾਇਆ। ਕਾਰਦਾਰਾਂ ਨੇ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਇਕ ਤਪਾ ਆਇਆ ਹੈ। ਉਹ ਹਿੰਦੂਆਂ ਤੇ ਮੁਸਲਮਾਨਾਂ ਨੂੰ ਵਿਗਾੜਦਾ ਹੈ। ਇਸ ਪਰ ਗੁਰੂ ਜੀ ਅਤੇ ਮਰਦਾਨੇ ਨੂੰ ਪਕੜ ਕੇ ਬੰਦੀਖਾਨੇ ਪਾ ਦਿਤਾ ਗਿਆ। ਬੰਦੀਖਾਨੇ ਵਿਚ ਸਤਿਗੁਰੂ ਜੀ ਦੀ ਮਿਠੀ ਪਿਆਰੀ ਸ਼ਖਸੀਅਤ ਅਤੇ ਬਾਣੀ ਨੇ ਕੈਦੀਆਂ ਤੇ ਬੜਾ ਚੰਗਾ ਪ੍ਰਭਾਵ ਪਾਇਆ। ਜਦ ਸਿਕੰਦਰ ਲੋਧੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਬੰਦੀਖਾਨੇ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਦਰਸ਼ਨ ਕਰਕੇ ਅਤੇ ਬਚਨ ਸੁਣਕੇ ਠੰਢ ਪਈ। ਕਹਿਣ ਲਗਾ–

'ਫ਼ਕੀਰ ਸਾਈਂ! ਮੇਰੀ ਤਕਸੀਰ ਮਾਫ਼ ਕਰੋ, ਹੁਕਮ ਦੇਵੋ ਕੀ ਕਰਾਂ?' 'ਬੰਦੀਵਾਨਾਂ ਦੇ ਬੰਧਨ ਕਟ ਦੇਹ, ਪਰਜਾ ਨਾਲ ਇਨਸਾਫ ਕਰ।' ਗੁਰੂ ਜੀ ਨੇ ਉਤਰ ਦਿਤਾ। ਬਾਦਸ਼ਾਹ ਨੇ ਸਭ ਕੈਦੀ ਛੋੜ ਦਿਤੇ। ਲੋਕਾਂ ਨਾਲ ਨਿਆਂ ਕਰਨ ਦਾ ਪ੍ਰਣ ਕੀਤਾ।

ਗੋਰਖ ਮਤੇ ਵਿਚ–

ਦਿਲੀ ਤੋਂ ਚਲਕੇ ਮਥਰਾ ਬ੍ਰਿੰਦਾਬਨ, ਆਗਰੇ ਤੋਂ ਹੁੰਦੇ ਹੋਏ ਪੀਲੀ ਭੀਤ ਪਧਾਰੇ। ਇਥੇ ਗੋਰਖ ਮਤਾ ਜੋਗੀਆਂ ਦਾ ਭਾਰਾ ਕੇਂਦਰ

ਸੀ। ਸਤਿਗੁਰੂ ਜੀ ਨੇ ਸਿਧਾਂ ਨਾਲ ਗੋਸ਼ਟ ਕੀਤੀ। ਜੋਗੀ ਚਰਨੀਂ ਲਗੇ। ਇਸ ਥਾਂ ਦਾ ਨਾਂ ਨਾਨਕ ਮਤਾ ਹੋਇਆ। ਇਥੋਂ ਚਾਲੀ ਕੁ ਮੀਲ ਦੀ ਵਿਥ ਤੇ ਪਹਾੜ ਵਿਚ ਮਿਠਾ ਰੀਠਾ ਹੈ। ਇਸ ਥਾਂ ਤੇ ਵੀ ਗੁਰੂ ਜੀ ਨੇ ਜੋਗੀਆਂ ਨਾਲ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ।

ਇਸ ਤੋਂ ਬਾਅਦ ਆਪ ਹਿੰਦੂ ਧਰਮ ਦੇ ਸਭ ਤੋਂ ਵਡੇ ਕੇਂਦਰ ਕਾਂਸ਼ੀ ਵਿਚ ਪੁਜੇ। ਇਥੇ ਆਪ ਨੇ ਪੰਡਤ ਚਤੁਰ ਦਾਸ ਨਾਲ ਗੋਸ਼ਟ ਕੀਤੀ। ਪੰਡਤ ਨੇ ਪੁਛਿਆ—'ਆਪ ਦੇ ਪਾਸ ਸਾਲਗਰਾਮ ਨਹੀਂ, ਤੁਲਸੀ ਮਾਲਾ ਨਹੀਂ,ਆਪ ਦਾ ਮੱਤ ਕੀ ਹੈ ?'

ਗੁਰੂ ਜੀ ਨੇ ਉਤਰ ਦਿਤਾ :

ਸਾਲਗਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥
ਰਾਮ ਨਾਮੁ ਜਪਿ ਬੇੜਾ ਬਾਧਹੁ ਦਇਆ ਕਰਹੁ ਦਇਆਲਾ ॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ
ਕਾਹੇ ਗਚੁ ਲਾਵਹੁ ॥ (ਬਸੰਤ ਮ: ੧)

ਭਾਵ—ਪੰਡਤ ਜੀ ਤੁਹਾਡਾ ਕਰਮ ਕਾਂਡ ਕਲਰ ਨੂੰ ਸਿੰਜਣ ਵਤ ਹੈ। ਇਹ ਕੱਚੀ ਕੰਧ ਢਹਿ ਜਾਣ ਵਾਲੀ ਹੈ। ਇਸ ਨੂੰ ਗਚ ਲਾਉਣ ਦਾ ਕੀ ਲਾਭ ? ਇਥੇ ਹਜ਼ੂਰ ਨੇ ਇਕ ਵਾਹਿਗੁਰੂ ਦੀ ਪੂਜਾ ਤੇ ਭਗਤੀ ਦ੍ਰਿੜ ਕਰਾਉਣ ਲਈ ਪੰਡਤ ਚਤੁਰ ਦਾਸ ਪ੍ਰਤਿ ਰਾਮਕਲੀ ਦਖਣੀ ਵਿਚ 'ਓਅੰਕਾਰ' ਬਾਣੀ ਦੀਆਂ ੫੪ ਪਉੜੀਆਂ ਉਚਾਰਨ ਕੀਤੀਆਂ। ਕਈ 'ਓਅੰਕਾਰ' ਦੇ ਮੰਦਰ (ਇੰਦੌਰ) ਵਿਖੇ ਉਚਾਰਨ ਕੀਤੀ ਮੰਨਦੇ ਹਨ।

ਇਸ ਉਦਾਸੀ ਵਿਚ ਗੁਰੂ ਜੀ ਸ੍ਰੀ ਕਬੀਰ ਜੀ ਨੂੰ ਹੀ ਮਿਲੇ। ਇਸ ਬਾਰੇ ਕੁਝ ਇਤਿਹਾਸਕਾਰ ਸਹਿਮਤ ਹਨ, ਕੁਝ ਨਹੀਂ। ਵਿਚਾਰਨ ਵਾਲੀ ਗਲ ਇਹ ਹੈ ਕਿ ਆਪ ਭਾਰਤ ਵਰਸ਼ ਦੇ ਸਾਰੇ ਮੁਖੀ ਹਿੰਦੂ ਸਾਧੂਆਂ ਅਤੇ ਮੁਸਲਮਾਨ ਫ਼ਕੀਰਾਂ ਨੂੰ ਮਿਲੇ ਹਨ, ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਕਬੀਰ ਸਾਹਿਬ ਵਰਗੇ

ਪ੍ਰਸਿਧ ਭਗਤ ਅਤੇ ਸੁਧਾਰਕ ਨੂੰ ਨਾ ਮਿਲਣ ? ਕਬੀਰ ਪੰਥੀਆਂ ਦੀਆਂ ਪੁਸਤਕਾਂ ਅਨੁਸਾਰ ਕਬੀਰ ਜੀ ਦਾ ਦੇਹਾਂਤ ੧੫੭੫ ਬਿਕ੍ਰਮੀ ਵਿਚ ਹੋਇਆ ਹੈ। ਇਸ ਲਈ ਇਹ ਸ਼ੱਕ ਭੀ ਨਹੀਂ ਕੀਤਾ ਜਾ ਸਕਦਾ ਕਿ ਉਹ ਉਸ ਵੇਲੇ ਮੌਜੂਦ ਨਹੀਂ ਸਨ । ਸਾਡੀ ਰਾਇ ਹੈ ਕਿ ਮੁਲਾਕਾਤ ਹੋਈ ਹੈ। ਇਕ ਵਾਹਿਗੁਰੂ ਦੀ ਭਗਤੀ, ਮੂਰਤੀ ਪੂਜਾ, ਪਿਤਰ ਅਤੇ ਅਵਤਾਰ ਪੂਜਾ ਤੋਂ ਇਨਕਾਰ, ਜ਼ਾਤ ਪਾਤ ਦਾ ਖੰਡਨ, ਮਜ਼੍ਹਬੀ ਤੇ ਸਮਾਜਕ ਖਰਾਬੀਆਂ ਨੂੰ ਦੂਰ ਕਰਨ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਵਿਚਾਰ ਮਿਲਦੇ ਹਨ । ਪਰ ਗੁਰੂ ਜੀ ਦਾ ਮਤ ਤੇ ਪ੍ਰਚਾਰ ਦਾ ਢੰਗ ਵੱਖਰਾ ਸੀ । ਕਬੀਰ ਜੀ ਤੇ ਵੈਸ਼ਨਵ ਮਤ ਦਾ ਬਹੁਤ ਪ੍ਰਭਾਵ ਸੀ । ਉਹ 'ਅਹਿੰਸਾ' ਦੇ ਕੱਟੜ ਹਾਮੀ ਸਨ। ਕਰਮ ਕਾਂਡ ਦਾ ਖੰਡਨ ਕਰਦੇ ਹੋਏ ਭੀ 'ਨਿਤ ਉਠ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ' ਪਰ ਅਮਲ ਕਰਦੇ ਸਨ। ਉਹ ਸੁਧਾਰਕ ਸਨ, ਇਸ ਲਈ ਚੁਭਵੇਂ ਸ਼ਬਦਾਂ ਅਤੇ ਹਾਸ ਰਸ ਵਿਚ ਦੂਜੇ ਮਤਾਂ ਦਾ ਖੰਡਨ ਕਰਦੇ ਸਨ । ਗੁਰੂ ਜੀ ਦੀ ਸਿਖਿਆ ਕੇਵਲ ਖੰਡਨ ਨਹੀਂ ਸੀ, ਬਲਕਿ ਉਸ ਵਿਚ ਠਿਗਰ ਅਸੂਲ ਭੀ ਪੇਸ਼ ਕੀਤੇ ਗਏ ਹਨ । ਖੰਡਨ ਵੀ ਪਰੇਮ ਨਾਲ ਕੀਤਾ ਹੈ । ਹਿੰਦੂਆਂ ਮੁਸਲਮਾਨਾਂ ਨੂੰ ਇਹ ਨਹੀਂ ਕਿਹਾ ਕਿ ਤੁਹਾਡਾ ਧਰਮ ਮਾੜਾ ਹੈ। ਇਹ ਦਸਿਆ ਕਿ ਚੰਗੇ ਹਿੰਦੂ ਤੇ ਚੰਗੇ ਮੁਸਲਮਾਨ ਬਣੋ।

ਬਨਾਰਸ ਤੋਂ ਬਾਅਦ ਗੁਰੂ ਜੀ ਪਟਨੇ ਗਏ । ਇਹ ਬੁਧ ਧਰਮ ਦਾ ਪੁਰਾਣਾ ਗੜ੍ਹ ਸੀ। ਇਥੇ ਮਰਦਾਨੇ ਨੂੰ ਉਪਦੇਸ਼ ਕੀਤਾ ਕਿ ਮਨੁਖ ਜਨਮ ਅਮੋਲਕ ਹੀਰਾ ਹੈ। ਇਸ ਦੀ ਸਾਰ ਕੋਈ ਜੌਹਰੀ ਹੀ ਜਾਣਦਾ ਹੈ । ਪ੍ਰੀਖਿਆ ਲਈ ਉਸ ਨੂੰ ਇਕ ਲਾਲ ਦੇ ਕੇ ਬਾਜ਼ਾਰ ਵਿਚ ਭੇਜਿਆ। ਕਿਸੇ ਨੇ ਲਾਲ ਦੀ ਪਰਖ ਨਾ ਕੀਤੀ। ਸਾਲਸ ਰਾਇ ਜੌਹਰੀ ਨੇ ਉਸ ਦਾ ਸਹੀ ਮੁਲ ਪਾਇਆ।

ਉਹ ਮਰਦਾਨੇ ਪਾਸੋਂ ਜਸ ਸੁਣ ਕੇ ਸਤਿਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਸਿਖੀ ਧਾਰਨ ਕੀਤੀ। ਉਸਦਾ ਨੌਕਰ ਬਦਰਿਕਾ

ਸੀ, ਉਹ ਵੀ ਸਿਖ ਬਣਿਆ । ਗੁਰੂ ਜੀ ਨੇ ਉਸ ਨੂੰ ਮੰਜੀ ਬਖਸ਼ੀ। ਇਸ ਤੋਂ ਅਗੇ ਗੁਰੂ ਜੀ ਗਯਾ ਨੂੰ ਪਧਾਰੇ । ਇਥੇ ਹਿੰਦੂ ਆਪਣੇ ਅਬਿਗਤ ਗਏ ਪਿਤਰਾਂ ਲਈ ਪਿੰਡ ਭਰਾਉਂਦੇ ਅਤੇ ਦੀਵੇ ਬਾਲਦੇ ਸਨ। ਗਯਾ ਦੇ ਪਾਂਡਿਆਂ ਨੇ ਗੁਰੂ ਜੀ ਨੂੰ ਕਿਹਾ—'ਆਪ ਵੀ ਕਿਸੇ ਪਿਤਰ ਦੇ ਨਾਮ ਪਿੰਡ ਭਰਾਓ ?' ਗੁਰੂ ਜੀ ਨੇ ਇਸ ਵਹਿਮ ਦਾ ਖੰਡਨ ਕਰਦੇ ਹੋਏ ਇਹ ਸ਼ਬਦ ਉਚਾਰਨ ਕੀਤਾ--

ਦੀਵਾ ਮੇਰਾ ਏਕ ਨਾਮੁ ਦੁਖ ਵਿਚ ਪਾਇਆ ਤੇਲ ॥
ਉਨਿ ਚਾਨਣੁ ਉਹ ਸੋਖਿਆ ਚੂਕਾ ਜਮ ਸਿਉ ਮੇਲ ॥
ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ
ਏਕਠੇ ਏਕ ਰਤੀ ਲੇ ਭਾਹਿ ॥ (ਆਸਾ ਮ: ੧)

ਭਾਵ--ਪ੍ਰਲੋਕ ਵਿਚ ਇਕ ਵਾਹਿਗੁਰੂ ਦਾ ਨਾਮ ਦੀਪਕ ਹੈ, ਜੋ ਰੌਸ਼ਨੀ ਦੇ ਸਕਦਾ ਹੈ। ਜਿਸ ਤਰ੍ਹਾਂ ਥੋੜ੍ਹੀ ਜਿਹੀ ਅੱਗ ਲਕੜੀ ਦੇ ਕਈ ਢੇਰਾਂ ਨੂੰ ਫੂਕ ਦਿੰਦੀ ਹੈ, ਨਾਮ ਪਾਪਾਂ ਨੂੰ ਨਾਸ ਕਰ ਦਿੰਦਾ ਹੈ।

ਗੁਰੂ ਜੀ ਗਯਾ ਨੂੰ ਤਾਰਦੇ ਹੋਏ ਮਾਲਦਾ, ਮੁੰਘੇਰ, ਭਾਗਲ ਪੁਰ ਤੋਂ ਹੁੰਦੇ ਹੋਏ ਬੰਗਾਲ ਵਿਚ ਪੁਜੇ । ਮੁਰਸ਼ਦਾਬਾਦ ਵਿਚ ਆਪ ਨੇ ਸੁਜੇ ਨਾਮੀ ਜੜੀਏ ਨੂੰ ਮੰਜੀ ਬਖਸ਼ੀ। ਢਾਕੇ ਵਿਚ ਲੂਣੀਏ ਸਿਖ, ਸ਼ੇਖ ਅਹਿਮਦ, ਸਾਮਲ ਦਾਸ, ਚੇਤਨ ਦਾਸ ਅਤੇ ਨਰੈਣ ਦਾਹ ਆਦਿ ਨੂੰ ਸਤਿਨਾਮ ਦਾ ਉਪਦੇਸ ਦੇ ਕੇ ਧਰਮ ਮਾਰਗ ਤੇ ਲਾਇਆ ।

ਢਾਕੇ ਤੋਂ ਕੁਝ ਵਿਥ ਤੇ ਧਨ ਪੁਰ ਵਿਚ ਨੂਰ ਸ਼ਾਹ ਨਾਮੀਂ ਜਾਦੂਗਰਨੀ ਰਹਿੰਦੀ ਸੀ । ਇਸ ਦੀਆਂ ਕਈ ਚੇਲੀਆਂ ਸਨ। ਇਹ ਜੰਤਰ ਮੰਤਰ, ਜਾਦੂ ਟੂਣਿਆਂ ਨਾਲ ਲੋਕਾਂ ਨੂੰ ਭਰਮਾਉਂਦੀ ਸੀ। ਗੁਰੂ ਜੀ ਨਗਰੋਂ ਬਾਹਰ ਜਾ ਬੈਠੇ। ਮਰਦਾਨੇ ਨੂੰ ਭੋਜਨ ਲਈ ਨਗਰ ਵਿਚ ਭੇਜਿਆ। ਨੂਰ ਸ਼ਾਹ ਨੇ ਜਾਦੂ ਦੇ ਹਾਵ ਭਾਵ ਨਾਲ ਮਰਦਾਨੇ ਨੂੰ ਭਰਮਾ ਲਿਆ। ਉਹ ਆਪਣੀ ਮਨ ਮਰਜ਼ੀ ਛਡ ਕੇ ਲੇਲੇ ਵਾਂਗ ਉਸ ਦੇ ਪਿਛੇ ਹੋ ਤੁਰਿਆ।

ਗੁਰੂ ਜੀ ਮਰਦਾਨੇ ਦੀ ਭਾਲ ਵਿਚ ਨੂਰ ਸ਼ਾਹ ਦੇ ਦੁਆਰੇ ਪੁਜੇ

ਅਤੇ ਫੁਰਮਾਇਆ–'ਨੂਰ ਸ਼ਾਹ ਤੂੰ ਸਾਡਾ ਆਦਮੀ ਭਰਮਾ ਲਿਆ ਹੈ, ਫ਼ਕੀਰਾਂ ਨਾਲ ਇਹ ਮਸਖਰੀ ਨਹੀਂ ਚਾਹੀਦੀ ?' ਆਪ ਨੇ ਇਹ ਆਖਕੇ ਸੁਰਤ ਨਿਰੰਕਾਰ ਨਾਲ ਜੋੜ ਕੇ ਇਹ ਸ਼ਬਦ ਉਚਾਰਨ ਕੀਤਾ–

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ
ਜਾਉ ਜੀਉ ॥ ਇਕ ਦੂ ਇਕਿ ਚੜੰਦੀਆ ਕਉਣੁ ਜਾਣੈ
ਮੇਰਾ ਨਾਉ ਜੀਉ ॥ (ਸੂਹੀ ਮ: ੧)

ਇਸ ਸ਼ਬਦ ਨੇ ਨੂਰ ਸ਼ਾਹ ਦੇ ਮਨ ਨੂੰ ਪਵਿਤ੍ਰ ਕਰ ਦਿਤਾ। ਉਹ ਚਰਨਾਂ ਤੇ ਡਿੱਗੀ। ਗੁਰੂ ਜੀ ਨੇ ਉਸ ਨੂੰ ਜਾਦੂ ਟੂਣੇ ਤਿਆਗ ਕੇ ਸਚੀ ਭਗਤੀ ਕਰਨ ਦਾ ਉਪਦੇਸ਼ ਕੀਤਾ ਅਤੇ ਅਗੇ ਨੂੰ ਚਲ ਪਏ।

ਢਾਕੇ ਨੂੰ ਤਾਰਕੇ, ਚਿਟਾਗਾਂਗ ਤੇ ਆਸਾਮ ਦੇ ਇਲਾਕੇ ਵਿਚੋਂ ਹੁੰਦੇ ਹੋਏ ਬਰਮਾ ਦੀ ਹੱਦ ਤੇ ਮਨੀਪੁਰ ਪੁਜੇ। ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ ਕਿ ਇਥੇ ਝੰਡੇ ਬਾਡੀ* ਨੂੰ ਮੰਜੀ ਬਖਸ਼ੀ ਹੈ। ਬਰਮਾ ਤੇ ਹੋਰ ਟਾਪੂਆਂ ਵਿਚ ਪ੍ਰਚਾਰ ਕਰਦੇ ਸਮੁੰਦਰ ਰਾਹੀਂ ਜਗਨ ਨਾਥ ਪੁਰੀ ਨੂੰ ਆਏ।

ਜਗਨ ਨਾਥ ਹਿੰਦੂ ਧਰਮ ਤੇ ਵੈਸ਼ਨਵ ਮੱਤ ਦਾ ਕੇਂਦਰ ਤੇ ਪ੍ਰਸਿਧ ਮੰਦਰ ਹੈ। ਇਥੇ ਕ੍ਰਿਸ਼ਨ ਦੀ ਮੂਰਤੀ ਦੀ ਪੂਜਾ ਹੁੰਦੀ ਹੈ। ਗੁਰੂ ਜੀ ਨੇ ਮੰਦਰ ਦੇ ਲਾਂਭੇ ਬੈਠ ਕੇ ਮਧੁਰ ਸੁਰ ਵਿਚ ਕੀਰਤਨ ਕੀਤਾ। ਕੀਰਤਨ ਸੁਣ ਕੇ ਲੋਕੀਂ ਦਰਸ਼ਨ ਕਰਨ ਆਏ। ਗੋਸ਼ਟ ਹੋਈ। ਸੰਧਿਆ ਦੇ ਸਮੇਂ ਜਗਨ ਨਾਥ ਦੇ ਮੰਦਰ ਵਿਚ ਜਾ ਬਿਰਾਜੇ। ਆਰਤੀ ਹੋਣ ਲਗੀ। ਆਪ ਬਾਹਰ ਆ ਕੇ ਨੀਲੇ ਅਸਮਾਨ ਵਿਚ ਚਮਕ ਰਹੇ ਤਾਰਿਆਂ ਨੂੰ ਦੇਖ ਕੇ ਸਰਬ ਵਿਆਪੀ ਵਾਹਿਗੁਰੂ ਦੀ

---

*ਪੁਰਾਤਨ ਜਨਮ ਸਾਖੀ ਅਨੁਸਾਰ ਝੰਡਾ ਬਾਢੀ 'ਬਿਸੀਅਰ' ਦੇਸ਼ ਵਿਚ ਹੋਇਆ ਲਿਖਿਆ ਹੈ। ਕਈ ਨਵੀਨ ਇਤਿਹਾਸ ਖੋਜੀ 'ਬਿਸੀਅਰ' ਦਾ ਅਰਥ 'ਬੁਸ਼ਹਿਰ' ਕਰਦੇ ਹਨ, ਜੋ ਗੜ੍ਹਵਾਲ ਤੇ ਕੁਲੂ ਨਾਲ ਲਗਦਾ ਹੈ।

ਭਗਤੀ ਵਿਚ ਜੁੜ ਗਏ । ਆਰਤੀ ਖਤਮ ਹੋਈ । ਪੰਡਤਾਂ ਨੇ ਕਿਹਾ, 'ਆਰਤੀ ਵਿਚ ਕਿਉਂ ਨਹੀਂ ਸ਼ਾਮਲ ਹੋਏ ?' ਮੇਰਾ ਜਗਨ ਨਾਥ ਕਿਸੇ ਮੂਰਤੀ ਦੇ ਰੂਪ ਵਿਚ ਨਹੀਂ, ਉਹ ਸਰਬ ਵਿਆਪਕ ਹੈ । ਜਿੰਨਾਂ ਉਹ ਵਡਾ ਹੈ, ਉਤਨੀ ਵਡੀ ਉਸਦੀ ਆਰਤੀ ਹੋ ਰਹੀ ਹੈ। ਇਹ ਆਖ ਕੇ ਆਤਮ ਵਿਸਮਾਦ ਵਿਚ ਆਪ ਨੇ ਇਹ ਸ਼ਬਦ ਉਚਾਰਨ ਕੀਤਾ–

ਗਗਨ ਮੈ ਥਾਲਿ ਰਵਿ ਚੰਦ ਦੀਪਕ ਬਨੇ ਤਾਰਕਾ ਮੰਡਲ
ਜਨਕ ਮੋਤੀ ॥ ਧੂਪ ਮਲਿਆਨਲੋ ਪਵਨ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥ (ਧਨਾਸਰੀ ਮ: ੧)

ਜਗਨਨਾਥ ਪੁਰੀ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਸਮੁੰਦਰ ਦੇ ਕੰਢੇ ਇਕ ਬਾਉਲੀ ਹੈ। ਜਿਸ ਦਾ ਜਲ ਮਿਠਾ ਹੈ । ਛੋਟਾ ਜਿਹਾ ਇਕ ਅਸਥਾਨ ਵੀ ਬਣਿਆ ਹੋਇਆ ਹੈ, ਜਿਸ ਨੂੰ ਮੰਗੂ ਮਠ ਕਹਿੰਦੇ ਹਨ।

ਗੁਰਦੇਵ ਜਗਨਨਾਥ ਵਿਚ ਇਕ ਵਾਹਿਗੁਰੂ ਦੀ ਪ੍ਰੇਮ ਭਗਤੀ ਦਾ ਉਪਦੇਸ਼ ਕਰਕੇ ਇਥੋਂ ਚਲ ਪਏ । ਅਗੇ ਇਕ ਪਖੰਡੀ ਜੋਗੀ ਦਾ ਟਿਕਾਣਾ ਸੀ। ਇਹ ਲੋਕਾਂ ਨੂੰ ਸਮਾਧੀਆਂ ਲਾ ਕੇ ਭਰਮਾਉਂਦਾ ਸੀ। ਸੁਆਸ ਚੜ੍ਹਾ ਕੇ ਬ੍ਰਹਮ ਲੋਕ ਅਤੇ ਵਿਸ਼ਨੂੰ ਲੋਕ ਦੀਆਂ ਗਲਾਂ ਦਸਦਾ ਸੀ। ਸਤਿਗੁਰੂ ਜੀ ਇਸ ਜੋਗੀ ਦੇ ਪਾਸ ਪੁਜੇ, ਉਸ ਦੀ ਸਮਾਧੀ ਖੁਲ੍ਹ ਚੁਕੀ ਸੀ। ਸਿਖ ਸੇਵਕ ਪੂਜਾ ਭੇਟ ਦੇ ਕੇ ਚਲੇ ਗਏ ਸਨ । ਆਪ ਜੀ ਨੇ ਮਰਦਾਨੇ ਨੂੰ ਕਿਹਾ–'ਇਹ ਸਾਧੂ ਪਖੰਡੀ ਹੈ। ਸਮਾਧੀ ਵਿਚ ਇਹ ਕਿਤੇ ਨਹੀਂ ਜਾਂਦਾ, ਮੂਰਖਾਂ ਨੂੰ ਲੁਟਣ ਲਈ ਬ੍ਰਹਮ ਲੋਕ ਦੀਆਂ ਖਬਰਾਂ ਦਿੰਦਾ ਹੈ।'

ਮਰਦਾਨੇ ਦੇ ਕਹਿਣ ਤੇ ਨਾਥ ਨੇ ਸਮਾਧੀ ਲਾਈ। ਸਤਿਗੁਰੂ ਜੀ ਦੇ ਕਹਿਣ ਪਰ ਮਰਦਾਨੇ ਨੇ ਜੋਗੀ ਦਾ ਮਾਇਆ ਵਾਲਾ ਲੋਟਾ ਚੁਕ ਕੇ ਪਿਛੇ ਰਖ ਦਿਤਾ।

ਨਾਥ ਨੇ ਕੁਝ ਚਿਰ ਬਾਹਦ ਸਮਾਧੀ ਖੋਲ੍ਹੀ । ਬ੍ਰਹਮ ਲੋਕ ਦੀਆਂ ਗਲਾਂ ਕਰਨ ਲਗਾ । ਮਰਦਾਨੇ ਪੁਛਿਆ–'ਆਪ ਦਾ

ਪੈਸਿਆਂ ਵਾਲਾ ਲੋਟਾ ਕਿਥੇ ਹੈ ?' ਬਸ ਫੇਰ ਕੀ ਸੀ, ਜੋਗੀ ਦੀਆਂ ਸਤੇ ਸੁਧਾਂ ਭੁਲ ਗਈਆਂ। ਦੀਨ ਦਿਆਲ ਸਤਿਗੁਰੂ ਜੀ ਨੇ ਜੋਗੀ ਨੂੰ ਸੰਬੋਧਨ ਕਰਕੇ ਇਹ ਸ਼ਬਦ ਉਚਾਰਨ ਕੀਤਾ—

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ। ਥਾਨਸਟ
ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ ਕਲਿ ਮਹਿ ਰਾਮ ਨਾਮੁ
ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥
ਰਹਾਉ ॥ ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥

(ਧਨਾਸਰੀ ਮ: ੧)

ਜਿਵੇਂ ਕੋਈ ਸੁਤਾ ਹੋਇਆ ਆਦਮੀ ਜਾਗ ਪੈਂਦਾ ਹੈ, ਉਪਦੇਸ਼ ਸੁਣ ਕੇ ਜੋਗੀ ਦੀ ਸੁਰਤ ਜਾਗ ਪਈ । ਗੁਰੂ ਜੀ ਦੇ ਚਰਨੀਂ ਲਗਾ। ਪਖੰਡ ਤਿਆਗ ਕੇ ਸਚੀ ਭਗਤੀ ਦਾ ਧਾਰਨੀ ਹੋਇਆ।

ਗੁਰੂ ਜੀ ਉੜੀਸਾ ਦੀ ਧਰਤੀ ਨੂੰ ਤਾਰਦੇ ਹੋਏ ਮਧ ਭਾਰਤ ਚੋਂ ਲੰਘਕੇ ਰੁਹੇਲ ਖੰਡ ਆ ਗਏ। ਇਥੇ ਇਕ ਬੜਾ ਜ਼ਾਲਮ ਰੁਹੇਲਾ ਪਠਾਣ ਰਹਿੰਦਾ ਸੀ । ਇਸ ਨੇ ਕਈ ਗਰੀਬਾਂ ਨੂੰ ਪਕੜ ਕੇ ਗੁਲਾਮ ਅਤੇ ਬੰਦੀਵਾਨ ਬਣਾਇਆ ਹੋਇਆ ਸੀ । ਇਸ ਨੇ ਗੁਰੂ ਜੀ ਨੂੰ ਭੀ ਪਕੜ ਲਿਆ । ਆਪ ਦੇ ਪਵਿਤ੍ਰ ਜੀਵਨ ਅਤੇ ਬਾਣੀ ਨੇ ਰੁਹੇਲੇ ਦਾ ਦਿਲ ਮੋਮ ਕਰ ਦਿਤਾ। ਹਜ਼ੂਰ ਨੇ ਉਸ ਨੂੰ ਗੁਲਾਮਾਂ ਦੀ ਬੰਦ-ਖਲਾਸ ਕਰਨ ਲਈ ਉਪਦੇਸ਼ ਕੀਤਾ। ਰੁਹੇਲੇ ਨੇ ਸਭ ਦੀ ਬੰਦ ਖਲਾਸ ਕਰ ਦਿਤੀ ਤੇ ਅਗੋਂ ਲਈ ਜਬਰ ਤੇ ਜ਼ੁਲਮ ਨਾ ਕਰਨ ਦਾ ਪ੍ਰਣ ਕੀਤਾ।

ਰੁਹੇਲ ਖੰਡ ਵਿਚ ਗੁਲਾਮਾਂ ਦੀ ਬੰਦ ਖਲਾਸੀ ਕਰਾ, ਸਤਿਨਾਮ ਦਾ ਉਪਦੇਸ਼ ਦੇ ਕੇ ਅਨੇਕ ਜੀਵਾਂ ਨੂੰ ਤਾਰਦੇ ਹੋਏ ਯੂ. ਪੀ. ਤੇ ਹਰਿਆਣੇ ਤੋਂ ਹੁੰਦੇ ਹੋਏ ੧੫੫੫ ਬਿਕ੍ਰਮੀ ਨੂੰ ਪਹਿਲੀ ਉਦਾਸੀ ਖਤਮ ਕਰਕੇ ਵਾਪਸ ਸੁਲਤਾਨ ਪੁਰ ਪੁਜੇ ।

ਪੁਰਾਤਨ ਜਨਮ ਸਾਖੀ ਦੀ ਲਿਖਤ ਅਨੁਸਾਰ ਪਹਿਲੀ ਉਦਾਸੀ ਬਾਰਾਂ ਬਰਸਾਂ ਦੀ ਹੋਈ।

ਸਤਵਾਂ ਵਿਆਖਿਆਨ

ਦੂਜੀ ਉਦਾਸੀ

ਸੁਲਤਾਨ ਪੁਰ ਤੇ ਤਲਵੰਡੀ ਵਿਚ ਮੁੜ ਫੇਰੀ
ਕਰਤਾਰ ਪੁਰ ਵਸਾਉਣਾ

ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮਾਪਤ ਕਰ ਕੇ ਸੁਲਤਾਨ ਪੁਰ ਪੁਜੇ। ਬੇਬੇ ਨਾਨਕੀ, ਭਾਈਆ ਜੈ ਰਾਮ, ਧਰਮ ਪਤਨੀ ਸੁਲਖਣੀ ਤੇ ਪੁਤਰ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੂੰ ਬਾਬਾ ਜੀ ਦੇ ਘਰ ਆਉਣ ਦੀ ਬੜੀ ਖੁਸ਼ੀ ਹੋਈ। ਮਰਯਾਦਾ ਪਰਸ਼ੋਤਮ ਸਤਿਗੁਰੂ ਕੁਝ ਦਿਨ ਸੁਲਤਾਨ ਪੁਰ ਨਿਵਾਸ ਕਰਕੇ ਮਾਤਾ ਤ੍ਰਿਪਤਾ ਤੇ ਮਹਿਤਾ ਕਾਲੂ ਜੀ ਨੂੰ ਮਿਲਣ ਲਈ ਤਲਵੰਡੀ ਆਏ। ਆਪ ਨਗਰੋਂ ਬਾਹਰ ਬੈਠ ਗਏ। ਮਰਦਾਨੇ ਨੂੰ ਖਬਰ ਦੇਣ ਲਈ ਭੇਜਿਆ। ਉਸ ਨੇ ਜਾ ਖਬਰ ਦਿਤੀ। ਗੁਰੂ ਜੀ ਦੇ ਆਉਣ ਦੀ ਖਬਰ ਸੁਣਕੇ ਮਾਤਾ ਪਿਤਾ ਨੂੰ ਚੈਨ ਚੜ੍ਹ ਗਿਆ। ਉਹ ਆ ਕੇ ਮਹਾਰਾਜ ਨੂੰ ਘਰ ਲੈ ਗਏ।

ਮਾਤਾ ਪਿਤਾ ਨੇ ਬੜਾ ਪਰੇਮ ਕਰਨ ਪਿਛੋਂ ਕਿਹਾ—'ਨਾਨਕ ਜੀ! ਹੁਣ ਪ੍ਰਦੇਸ ਜਾਣ ਦਾ ਖਿਆਲ ਛਡ ਦਿਓ। ਘਰ ਵਿਚ ਬੈਠ ਕੇ ਬਾਲ ਬਚਿਆਂ ਦੀ ਸੰਭਾਲ ਕਰੋ।'

ਗੁਰੂ ਜੀ ਨੇ ਉਤਰ ਦਿਤਾ:—'ਜਿਵੇਂ ਨਿਰੰਕਾਰ ਦੀ ਆਗਿਆ ਹੋਸੀ।'

ਮਹਾਨ ਪੁਰਸ਼ਾਂ ਦੇ ਇਰਾਦਿਆਂ ਤੇ ਦਰਿਆਵਾਂ ਦੇ ਵਹਿਣਾਂ ਨੂੰ ਕੌਣ ਮੋੜ ਸਕਦਾ ਹੈ? ਇਸ ਲਈ ਗੁਰੂ ਜੀ ਕੁਝ ਦਿਨ ਤਲਵੰਡੀ

ਨਿਵਾਸ ਕਰਕੇ ਮਾਤਾ ਪਿਤਾ ਦੀ ਪ੍ਰਸੰਨਤਾ ਲੈ ਕੇ ਫਿਰ ਉਥੋਂ ਤੁਰ ਪਏ । ਉਸ ਵਕਤ ਪੰਜਾਬ ਵਿਚ ਗੁਰੂ ਬਾਬੇ ਜੀ ਦੀਆਂ ਧੁੰਮਾਂ ਪੈ ਗਈਆਂ ਸਨ ।

ਤਲਵੰਡੀਓਂ ਚਲ ਕੇ ਕਈ ਪਿੰਡਾਂ ਤੇ ਨਗਰਾਂ ਨੂੰ ਤਾਰਦੇ ਹੋਏ ਸਤਿਗੁਰੂ ਜੀ ਇਕ ਦਿਨ ਸ਼ਕਰ ਗੜ੍ਹ ਦੇ ਇਲਾਕੇ ਵਿਚ ਦਰਿਆ ਰਾਵੀ ਦੇ ਕੰਢੇ ਆ ਬੈਠੇ । ਉਥੇ ਦੋਦੇ ਜਟ ਦੀ ਪੈਲੀ ਸੀ । ਉਹ ਪੈਲੀ ਵਿਚ ਕੰਮ ਕਰ ਰਿਹਾ ਸੀ । ਮਹਾਰਾਜ ਨੇ ਉਸ ਥਾਂ ਰਸ ਭਿੰਨਾ ਅਤੇ ਮਨੋਹਰ ਕੀਰਤਨ ਕੀਤਾ । ਦੋਦੇ ਦੀ ਕੰਨੀ ਵੀ ਕੀਰਤਨ ਦੀ ਮਿਠੀ ਧੁਨ ਪਈ । ਉਹ ਦਰਸ਼ਨ ਕਰਕੇ ਨਿਹਾਲ ਨਿਹਾਲ ਹੋਇਆ ।

ਦੋਦੇ ਤੇ ਦੁਨੀ ਚੰਦ (ਕ੍ਰੋੜੀਏ) ਨੇ ਗੁਰੂ ਜੀ ਦੇ ਚਰਨਾਂ ਵਿਚ ਪਿੰਡ ਬੰਨ੍ਹਣ ਤੇ ਧਰਮਸਾਲ ਬਨਾਉਣ ਲਈ ਬੇਨਤੀ ਕੀਤੀ । ਉਹਨਾਂ ਦੀ ਬੇਨਤੀ ਮੰਨ ਕੇ ਹਜ਼ੂਰ ਨੇ ਰਾਵੀ ਦੇ ਕੰਢੇ ਕਰਤਾਰ ਪੁਰ ਵਸਾਇਆ ਤੇ ਧਰਮਸਾਲ ਬੱਧੀ* ।

ਸਤਿਗੁਰੂ ਜੀ ਨੇ ਕੁਝ ਦਿਨ ਕਰਤਾਰ ਪੁਰ ਵਿਚ ਨਿਵਾਸ ਕੀਤਾ । ਮਾਤਾ ਪਿਤਾ ਤੇ ਪਰਵਾਰ ਨੂੰ ਵੀ ਉਥੇ ਹੀ ਸਦ ਲਿਆ । ਮਲਸੀਹੇਂ ਦਾ ਭਗੀਰਥ ਸੁਲਤਾਨ ਪੁਰ ਵਿਚ ਚਰਨ ਛੋਹ ਪ੍ਰਾਪਤ ਕਰਕੇ ਸਿਖ ਬਣਿਆ ਸੀ, ਉਹ ਵੀ ਕਰਤਾਰ ਪੁਰ ਆ ਗਿਆ । ਉਸ ਦੀ ਸੰਗਤ ਕਰਕੇ ਲਾਹੌਰ ਨਿਵਾਸੀ ਪ੍ਰਸਿਧ ਵਪਾਰੀ ਮਨਸੁਖ

---

*ਇਹ ਕਰਤਾਰਪੁਰ ਰਾਵੀ ਵਿਚ ਰੁੜ੍ਹ ਗਿਆ । ਪਿਛੋਂ ਬਾਬਾ ਸ੍ਰੀ ਚੰਦ ਤੇ ਲਖਮੀਦਾਸ ਜੀ ਨੇ ਰਾਵੀ ਦੇ ਉਰਲੇ ਪਾਸੇ ਸੰਮਤ ੧੬੫੪ ਵਿਚ ਡੇਹਰਾ ਬਾਬਾ ਨਾਨਕ ਆਬਾਦ ਕੀਤਾ । ਪੰਜਾਬ ਦੀ ਵੰਡ ਕਰਕੇ ਕਰਤਾਰ ਪੁਰ ਪਾਕਿਸਤਾਨ ਵਿਚ ਚਲਾ ਗਿਆ ਹੈ ।

ਵੀ ਸਿਖ ਬਣਿਆ*।

ਭਾਈ ਭਗੀਰਥ ਨੂੰ ਕਰਤਾਰਪੁਰ ਦੀ ਸੇਵਾ ਤੇ ਪ੍ਰਬੰਧ ਸੌਂਪ ਕੇ ਮਰਦਾਨੇ ਨੂੰ ਵੀ ਇਥੇ ਛੱਡ ਕੇ ੧੫੬੭ ਵਿਚ ਗੁਰੂ ਜੀ ਨੇ ਦੂਜੀ ਉਦਾਸੀ ਲਈ ਤਿਆਰੀ ਕਰ ਲਈ।

ਪੁਰਾਤਨ ਜਨਮ ਸਾਖੀ ਦੀ ਲਿਖਤ ਅਨੁਸਾਰ ਦੂਜੀ ਉਦਾਸੀ ਦਖਣ ਦੀ ਹੈ। ਇਸ ਵਿਚ ਮਹਾਰਾਜ ਦੇ ਨਾਲ ਸੈਦੋ ਅਤੇ ਸ਼ੀਹਾ ਸਨ। ਕਰਤਾਰ ਪੁਰੋਂ ਚਲ ਕੇ ਧਰਮ ਕੋਟ, ਭਟਨੇਰ ਤੇ ਬਠਿੰਡੇ ਤੋਂ ਹੁੰਦੇ ਹੋਏ ਸਰਸੇ ਪੁਜੇ। ਇਥੇ ਮੁਸਲਮਾਨ ਫ਼ਕੀਰਾਂ ਨਾਲ ਗੋਸ਼ਟ ਕੀਤੀ। ਖ਼ਵਾਜ਼ਾ ਅਬਦੁਲ ਸ਼ਕੂਰ ਇਨ੍ਹਾਂ ਦੇ ਮੁਖੀ ਸਨ। ਇਹ ਫ਼ਕੀਰ ਕਠਨ ਤਪਸਿਆ, ਜ਼ੁਹਦ ਅਤੇ ਚਿਲੇ ਕਟਣ ਤੇ ਯਕੀਨ ਰਖਦੇ ਸਨ। ਜਦ ਇਹ ਗੋਸ਼ਟ ਵਿਚ ਗੁਰੂ ਜੀ ਨੂੰ ਜਿਤ ਨਾ ਸਕੇ ਤਾਂ ਕਹਿਣ ਲਗੇ–'ਸਾਡੇ ਨਾਲ ਚਲੀਹਾ ਕਟ ਕੇ ਦਸੋ?'

'ਭੁਖੇ ਰਹਿਣਾ ਕੋਈ ਆਤਮਿਕ ਉਨਤੀ ਦਾ ਸਾਧਨ ਨਹੀਂ

---

*ਭਾਈ ਭਗੀਰਥ ਪਹਿਲੇ ਦੇਵੀ ਦਾ ਭਗਤ ਸੀ, ਸਤਿਗੁਰੂ ਜੀ ਦੀ ਸੰਗਤ ਕਰਕੇ ਇਕ ਅਕਾਲ ਪੁਰਖ ਦਾ ਉਪਾਸ਼ਕ ਹੋਇਆ। ਕਿਸੇ ਗਰੀਬ ਦੀ ਲੜਕੀ ਦੀ ਸ਼ਾਦੀ ਸੀ। ਸਤਿਗੁਰੂ ਜੀ ਨੇ ਇਸ ਨੂੰ ਲਾਹੌਰ ਚੀਜ਼ਾਂ ਖ਼੍ਰੀਦਣ ਲਈ ਭੇਜਿਆ। ਭਾਈ ਭਗੀਰਥ ਮਨਸੁਖ ਨੂੰ ਮਿਲਿਆ, ਜਿਸ ਦਾ ਵਪਾਰ ਟਾਪੂਆਂ ਤਕ ਹੁੰਦਾ ਸੀ। ਸਿਖ ਸੰਗਤ ਕਰਕੇ ਮਨਸੁਖ ਵੀ ਸਿਖ ਹੋਇਆ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ–

'ਮਨਸੁਖ ਤੀਨ ਬਰਸ ਬਾਬੇ ਕੋਲ ਰਿਹਾ। ਗੁਰੂ ਬਾਬੇ ਦੀ ਬਾਣੀ ਬਹੁਤ ਲਿਖਿਆ ਸੁ। ਪੋਥੀਆਂ ਲਿਖ ਲੀਤੀਆਂ।'

ਜਾਪਦਾ ਹੈ ਕਿ ਭਾਈ ਮਨਸੁਖ ਗੁਰਬਾਣੀ ਲਿਖਣ ਵਾਲਾ ਪਹਿਲਾ ਸਿਖ ਹੋਇਆ ਹੈ। ਪਿਛੋਂ ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜੇ ਮੋਖੇ ਪਾਸੋਂ ਇਤਿਹਾਸ ਤੇ ਗੁਰਬਾਣੀ ਲਿਖਵਾਈ।

ਇਹ ਅਭਿਆਸ ਹੈ । ਸਰੀਰ ਨੂੰ ਕਮਜ਼ੋਰ ਕਰਨ ਨਾਲ ਮਨ ਬਲਵਾਨ ਨਹੀਂ ਹੁੰਦਾ' ਗੁਰੂ ਜੀ ਨੇ ਉਤਰ ਦਿਤਾ । ਫਕੀਰਾਂ ਨੇ ਚਿਲਾ ਕਟਿਆ, ਪੀਲੇ ਭੂਕ ਹੋ ਗਏ ਤੇ ਛਿਥੇ ਪੈ ਗਏ । ਸਹਿਜ ਜੋਗ ਵਿਚ ਵਿਚਰਨ ਵਾਲੇ ਸਤਿਗੁਰੂ ਸਰਸੇ ਦੇ ਫ਼ਕੀਰਾਂ ਨੂੰ ਉਪਦੇਸ਼ ਦੇ ਕੇ ਅਗੇ ਚਲ ਪਏ । ਬੀਕਾਨੇਰ ਤੇ ਮਾਰਵਾੜ ਨੂੰ ਤਾਰਦੇ ਹੋਏ ਅਜਮੇਰ ਪੁਜੇ । ਇਹ ਜੋਗੀਆਂ ਦਾ ਗੜ੍ਹ ਅਤੇ ਮੁਸਲਮਾਨ ਸੂਫ਼ੀ ਫ਼ਕੀਰਾਂ ਦਾ ਵੀ ਕੇਂਦਰ ਸੀ । ਇਥੇ ਖ਼ਵਾਜਾ ਮੁਈਨੁਦੀਨ ਚਿਸ਼ਤੀ ਦਾ ਮਜ਼ਾਰ ਤੇ ਗੱਦੀ ਹੈ ।

ਗੁਰੂ ਜੀ ਨੇ ਜੋਗੀਆਂ ਤੇ ਸੂਫ਼ੀਆਂ ਨਾਲ ਗੋਸ਼ਟ ਕਰਕੇ ਸਭ ਨੂੰ ਨਿਵਾਇਆ । ਆਪ ਅਜਮੇਰ ਤੋਂ ਚਲ ਕੇ ਸਤੋਹੀ ਤੇ ਕੋਹ ਆਬੂ ਵਲ ਗਏ । ਇਥੇ ਜੈਨ ਧਰਮ ਮੰਦਰ ਤੇ ਧਾਰਮਕ ਆਗੂ ਰਹਿੰਦੇ ਸਨ। ਇਸ ਦੇਸ਼ ਵਿਚ ਅਨਭੀ ਨਾਮੀ ਸਰੇਵੜੇ ਨਾਲ ਚਰਚਾ ਹੋਈ । ਗੁਰਦੇਵ ਨੂੰ ਜੈਨ ਮੱਤ ਦੀਆਂ ਖਰਾਬੀਆਂ ਦਾ ਪਤਾ ਸੀ, ਉਨ੍ਹਾਂ ਨੂੰ 'ਸਿਰ ਖੁਆਹਿ ਪੀਵਹਿ ਮਲਵਾਣੀ ਜੂਠ ਮੰਗਿ ਮੰਗਿ ਖਾਹੀ' (ਵਾਰ ਮਾਝ ਮ: ੧) ਦੇ ਸਲੋਕ ਵਿਚ ਖੰਡਨ ਚੀਤਾਂ । ਮਾਝ ਵਾਰ ਦੇ ਕੁਝ ਸਲੋਕ ਤੇ ਪਉੜੀਆਂ ਉਪਦੇਸ਼ ਰੂਪ ਵਿਚ ਇਥੇ ਉਚਾਰਨ ਕੀਤੀਆਂ । 'ਅਨਭੀ' ਆਪਣੇ ਚੇਲਿਆਂ ਸਮੇਤ ਗੁਰੂ ਕਾ ਸਿਖ ਹੋਇਆ । ਇਸ ਨੂੰ ਮੰਜੀ ਬਖਸ਼ ਕੇ ਸਤਿਗੁਰੂ ਜੀ ਅਗੇ ਚੱਲ ਪਏ ।

ਮਹਾਰਾਜ ਰਾਜਪੂਤਾਨੇ ਨੂੰ ਤਾਰਦੇ ਹੋਏ ਇੰਦੌਰ ਪੁਜੇ । ਇਸ ਤੋਂ ਅਗੇ ਨਰਬਦਾ ਪਾਰ ਕਰਕੇ ਸੀ. ਪੀ. ਵਿਚ ਹੋਸ਼ੰਗਾਬਾਦ, ਨਰਸਿੰਗ ਪੁਰ ਤੇ ਪਰੰਮ ਮੜੀ ਗਏ । ਇਸ ਇਲਾਕੇ ਦੀਆਂ ਝਾੜੀਆਂ ਵਿਚ ਆਦਮ ਖੋਰ ਤੇ ਜੰਗਲੀ ਕੌਮਾਂ ਦੇ ਸਰਦਾਰ ਕੌਡੇ ਨੇ ਗੁਰੂ ਜੀ ਦੇ ਇਕ ਸਾਥੀ ਨੂੰ ਪਕੜ ਲਿਆ । ਉਹ ਉਸ ਨੂੰ ਮਾਰ ਕੇ ਖਾਣਾ ਚਾਹੁੰਦਾ ਸੀ ਕਿ ਆਪ ਕੌਡੇ ਪਾਸ ਪੁਜ ਗਏ । ਉਸ ਨੂੰ ਉਪਦੇਸ਼ ਦੇ ਕੇ ਨਾ ਸਿਰਫ ਮਨੁਖ ਮਾਰਨੋਂ ਹੀ ਹਟਾਇਆ, ਬਲਕਿ ਰਾਕਸ਼ ਤੋਂ ਦੇਵਤਾ ਬਣਾ ਦਿਤਾ । ਇਸ ਤੋਂ ਅਗੇ ਆਪ ਹੈਦਰਾਬਾਦ, ਗੋਲਕੰਡੋ ਤੋਂ ਹੁੰਦੇ ਮਦਰਾਸ ਵਲ ਗਏ ਹਨ । ਪਾਂਡੀਚਰੀ, ਤੰਜੋਰ ਅਤੇ ਸਵੇਤ ਬੰਦ

ਰਿਾਮੇਸ਼ੁਰ ਤੇ ਪ੍ਰਚਾਰ ਕਰਦੇ ਹੋਏ ਸੰਗਲਾਦੀਪ ਪੁਜੇ । ਇਥੋਂ ਦਾ ਰਾਜ ਸ਼ਵਨਾਭ ਸੀ । ਇਸ ਨੇ ਭਾਈ ਮਨਸੁਖ ਪਾਸੋਂ ਗੁਰੂ ਜੀ ਦੀ ਉਸਤਤਿ ਸੁਣੀ ਹੋਈ ਸੀ, ਪਰ ਆਮ ਸਾਧਾਂ ਫ਼ਕੀਰਾਂ ਕੋਲੋਂ ਬਹੁਤ ਬੇਜ਼ਾਰ ਸੀ। ਇਸ ਨੇ ਕੰਚਨ ਤੇ ਕਾਮਨੀ ਦੇ ਤਿਆਗ ਦੀ ਝੂਠੀ ਰਟ ਲਾਉਣ ਵਾਲੇ ਪਖੰਡੀਆਂ ਦੀ ਪ੍ਰੀਖਿਆ ਲਈ ਸੁੰਦਰ ਇਸਤਰੀਆਂ ਰਖੀਆਂ ਹੋਈਆਂ ਸਨ । ਰਾਜਾ ਸਾਧੂਆਂ ਨੂੰ ਆਪਣੇ ਇਕ ਬਾਗ ਵਿਚ ਡੇਰਾ ਦਿੰਦਾ ਸੀ ਤੇ ਮੋਹਣੀਆਂ ਉਥੇ ਜਾ ਕੇ ਸਾਧੂਆਂ ਨੂੰ ਭਰਮਾ ਲੈਂਦੀਆਂ ਸਨ ।

ਗੁਰੂ ਜੀ ਨੇ ਸੰਗਲਾਦੀਪ ਪੁਜ ਕੇ ਇਸ ਬਾਗ ਵਿਚ ਜਾ ਡੇਰਾ ਕੀਤਾ । ਸ਼ਿਵਨਾਭ ਨੇ ਮੋਹਣੀਆਂ ਇਸਤ੍ਰੀਆਂ ਭੇਜੀਆ। ਹਵਾਂ ਨਾਲ ਗਲੀਆਂ ਦੇ ਕੱਖ ਉਡ ਸਕਦੇ ਹਨ, ਨਿਕੇ ਨਿਕੇ ਝਾੜ ਬੂਟੇ ਜੜੋਂ ਪੁਟੇ ਜਾ ਸਕਦੇ ਹਨ, ਸੁਮੇਰ ਵਾਂਗੂ ਅਚਲ ਗੁਰੂ ਜੀ ਦੇ ਦ੍ਰਿੜ ਆਚਰਣ ਨੂੰ ਕੌਣ ਡੁਲਾ ਸਕਦਾ ਹੈ ?

ਸਤਿਗੁਰੂ ਨੇ ਮੋਹਣੀਆਂ ਨੂੰ ਉਪਦੇਸ਼ ਕੀਤਾ—

ਗਾਛਹੁ[1] ਪੁਤਰੀ ਰਾਜ ਕੁਆਰ ॥
ਨਾਮ ਭਣਹੁ ਸਚਦੋਤਰ[2] ਸਵਾਰ ॥ (ਬਸੰਤ ਮ: ੧)

ਇਹ ਉਚਾ ਆਚਰਣ ਵੇਖਕੇ ਸ਼ਿਵਨਾਭ ਚਰਨੀਂ ਆ ਲਗਾ । ਸਿਖ ਬਣਿਆ । ਉਸ ਦੇ ਨਾਲ ਹੋਰ ਬਹੁਤ ਸਾਰੇ ਲੋਕ ਸਿਖ ਬਣੇ। ਭਾਈ ਬੰਨੋ ਜੀ ਦੀ ਬੀੜ ਵਿਚ ਜੋ ਹਕੀਕਤ ਰਾਹ ਮੁਕਾਮ ਕੀ ਲਿਖੀ ਹੋਈ ਹੈ, ਉਹ ਸੰਗਲਾਦੀਪ ਦੇ ਪ੍ਰਚਾਰ ਤੇ ਰੌਸ਼ਨੀ ਪਾਂਦੀ ਹੈ ।

ਗੁਰੂ ਜੀ ਸੰਗਲਾ ਦੀਪ ਤੋਂ ਹੋ ਕੇ ਕਜਲੀ ਬਨ ਵਿਚ ਸਿਧਾਂ ਨੂੰ ਤਾਰਦੇ ਸ੍ਰੀ ਰੰਗ ਪਟਮ, ਬੰਬਈ, ਸੋਮਨਾਥ, ਦੁਆਰਕਾ, ਕੱਛ ਮਾਂਡਵੀ ਤੋਂ ਹੁੰਦੇ ਹੋਏ ਰਾਜਪੂਤਾਨੇ ਰਾਹੀਂ ਬਹਾਵਲਪੁਰ ਆਏ ਤੇ ਸਤਲੁਜੋਂ ਪਾਰ ਹੋ ਕੇ ੧੫੭੨ ਵਿਚ ਕਰਤਾਰ ਪੁਰ ਪੁਜੇ । ਇਸ ਉਦਾਸੀ ਵਿਚ ਬੁਧ ਅਤੇ ਜੈਨ ਧਰਮ ਦੇ ਟਿਕਾਣਿਆ ਤੇ ਖਾਸ ਪ੍ਰਚਾਰ ਕੀਤਾ ਹੈ।

੧-ਜੀਉ । ੨—ਸੱਚਾ ਸ਼ਿੰਗਾਰ।

ਅਠਵਾਂ ਵਿਆਖਿਆਨ

ਤੀਜੀ ਉਦਾਸੀ ਉਤਰਾ ਖੰਡ ਦੀ
ਸਿਧਾਂ ਨਾਲ ਗੋਸ਼ਟ-ਕਰਾਮਾਤਾਂ ਦਾ ਖੰਡਨ

ਸ੍ਰੀ ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਪਿਛੋਂ ਥੋੜ੍ਹਾ ਚਿਰ ਹੀ ਕਰਤਾਰ ਪੁਰ ਟਿਕੇ । ਆਪ ਨੇ ੧੫੭੩ ਵਿਚ ਉਤਰਾ ਖੰਡ ਨੂੰ ਤਾਰਨ ਦੀ ਤਿਆਰੀ ਕਰ ਲਈ । ਪਹਾੜਾਂ ਵਿਚ ਜਾਣਾ ਸੀ। ਇਸ ਲਈ ਗਰਮ ਪੁਸ਼ਾਕ ਅਤੇ ਚਮੜੇ ਦੀਆਂ ਚੀਜ਼ਾਂ ਪਹਿਨ ਲਈਆਂ । ਇਸ ਉਦਾਸੀ ਦਾ ਮੁਦਾ ਕੀ ਸੀ ? ਹਿਮਾਲਾ ਦੀਆਂ ਕੰਧਰਾਂ ਵਿਚ ਬੈਠੇ ਸਿਧਾਂ ਤੇ ਜੋਗੀਆਂ ਨੂੰ ਹਠ ਜੋਗ, ਰਿਧੀਆਂ ਸਿਧੀਆਂ ਅਤੇ ਕਰਾਮਾਤਾਂ ਦੇ ਚਿਕੜ ਵਿਚੋਂ ਕਢ ਕੇ ਆਤਮਿਕ ਉਨਤੀ ਦੇ ਸਿਧੇ ਰਾਹ ਪਾਉਣਾ। ਪਹਾੜੀ ਲੋਕ ਵਹਿਮ, ਭਰਮ, ਜੰਤ੍ਰ ਮੰਤ੍ਰ ਤੇ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ । ਹਸੂ ਲੁਹਾਰ ਤੇ ਸੀਂਹਾ ਛੀਂਬਾ ਨਾਲ ਸਨ ।

ਕਰਤਾਰ ਪੁਰੋਂ ਚਲਕੇ ਜੰਮੂ ਦੇ ਰਸਤੇ ਸਤਿਗੁਰੂ ਜੀ ਕਸ਼ਮੀਰ ਪੁਜੇ। ਇਥੇ ਪੰਡਤ ਬ੍ਰਹਮ ਦਾਸ ਨਾਲ ਗੋਸ਼ਟ ਕੀਤੀ। ਇਹ ਪੰਡਤ ਪੁਸਤਕਾਂ ਦੇ ਦੋ ਊਠ ਲਦਕੇ ਬਹਿਸ ਕਰਨ ਜਾਂਦਾ ਸੀ । ਗੁਰੂ ਜੀ ਨਾਲ ਵਿਚਾਰ ਕਰਕੇ ਇਸ ਨੂੰ ਸ਼ਾਂਤੀ ਆ ਗਈ। ਵਿਦਿਆ ਦਾ ਹੰਕਾਰ ਛਡ ਕੇ ਸਿਖ ਬਣਿਆ। ਆਪ ਨੇ ਮਲਾਰ ਦੀ ਵਾਰ ਦੇ ਕੁਝ ਸਲੋਕ ਬ੍ਰਹਮ ਦਾਸ ਪ੍ਰਤਿ ਉਪਦੇਸ਼ ਰੂਪ ਵਿਚ ਉਚਾਰੇ। ਕਸ਼ਮੀਰ ਵਿਚ ਇਕ ਕਮਾਲ ਨਾਮੇ ਮੁਸਲਮਾਨ ਫਕੀਰ ਨੂੰ ਭੀ ਤਾਰਿਆ । ਪਿਛੋਂ ਇਹ ਸ਼ਖਸ ਕੁਰਨ ਵੈਲੀ ਵਿਚ ਸਿਖੀ ਦਾ ਪ੍ਰਚਾਰਕ ਬਣਿਆ।

ਗੁਰੂ ਜੀ ਕਸ਼ਮੀਰ ਤੋਂ ਹੋ ਕੇ ਸ਼ਿਵਾਲਕ ਦੀਆਂ ਪਹਾੜੀਆਂ

ਵਲ ਆਏ। ਆਪ ਨੇ ਜਿਥੇ ਹੁਣ ਕੀਰਤ ਪੁਰ ਹੈ, ਪੀਰ ਬੁਢਣ ਸ਼ਾਹ ਨੂੰ ਉਪਦੇਸ਼ ਕਰਕੇ ਨਿਹਾਲ ਕੀਤਾ। ਇਥੋਂ ਅਗੇ ਸਰਮੌਰ, ਗੜ੍ਹਵਾਲ, ਬਦਰੀ ਨਾਥ, ਹੇਮ ਕੁੰਡ ਤੇ ਰਾਜ ਪੁਰ ਬੁਸ਼ਹਿਰ ਨੂੰ ਤਾਰਿਆ। ਇਸ ਇਲਾਕੇ ਵਿਚ ਜੋਗੀ ਤੇ ਸਾਧੂ ਬਹੁਤ ਰਹਿੰਦੇ ਸਨ। ਇਸ ਦਾ ਕਾਰਨ ਇਹ ਸੀ ਕਿ ਉਤਰਾ ਖੰਡ ਰਾਹੀਂ ਹਿੰਦੁਸਤਾਨ ਤੇ ਬਾਹਰੋਂ ਹਮਲਾ ਨਹੀਂ ਸੀ ਹੁੰਦਾ। ਸਿਧ ਲੋਕ ਹਿਮਾਲਾ ਦੀਆਂ ਕੰਧਰਾਂ ਵਿਚ ਬੈਠੇ ਸਾਫ ਜਲ ਵਾਯੂ ਭਖਦੇ ਅਤੇ ਸ਼ਾਂਤ ਚਿਤ ਰਹਿ ਕੇ ਸੌਖੀਆਂ ਸਮਾਧੀਆਂ ਲਾ ਸਕਦੇ ਸਨ।

ਕਈ ਇਤਿਹਕਾਸਾਰਾਂ ਦਾ ਖਿਆਲ ਹੈ ਕਿ ਤਿਬਤ, ਭੂਟਾਨ ਅਤੇ ਨੇਪਾਲ ਵਿਚ ਜੋ ਬੁਧ ਧਰਮ ਹੈ, ਇਸ ਨੂੰ ਜੋਗੀਆਂ ਨੇ ਪ੍ਰਚਾਰਿਆ। ਅਜੇ ਤਕ ਵੀ ਗੜ੍ਹਵਾਲ ਤੇ ਗੰਗੋਤਰੀ ਦੇ ਇਲਾਕੇ ਵਿਚ ਬੜੇ ਸਾਧੂ ਰਹਿੰਦੇ ਹਨ। ਇਥੇ ਹਰੇਕ ਸਾਧ ਨੂੰ 'ਜੋਗੀ' ਹੀ ਕਹਿੰਦੇ ਹਨ। ਸਚੇ ਪਾਤਸ਼ਾਹ ਕਈ ਥਾਵਾਂ ਤੇ ਉਪਦੇਸ ਕਰਦੇ, ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ' ਅਨੁਸਾਰ ਗੜ੍ਹਵਾਲ ਤੋਂ ਲੰਘ ਕੇ ਸੁਮੇਰ ਤੇ ਪੁਜੇ। ਹਿਮਾਲਾ ਦੀਆਂ ਚੋਟੀਆਂ ਤੇ ਗੁਰੂ ਜੀ ਨੂੰ ਵੇਖ ਕੇ ਸਿਧ ਹੈਰਾਨ ਹੋ ਗਏ। ਉਨ੍ਹਾਂ ਪੁਛਿਆ–'ਕੋਣ ਸ਼ਕਤਿ ਤੋਹਿ ਏਥੇ ਲਿਆਈ?' ਗੁਰੂ ਜੀ ਨੇ ਉਤਰ ਦਿਤਾ, 'ਇਕ ਵਾਹਿਗੁਰੂ ਦੀ ਟੇਕ ਨਾਲ ਇਥੇ ਆਏ ਹਾਂ।'

ਸਿਧਾਂ ਨੇ ਪੁਛਿਆ–'ਦੇਸ਼ ਦੀ ਕੀ ਹਾਲਤ ਹੈ?'

ਸਤਿਗੁਰੂ ਉਤਰ ਦਿਤਾ--

ਕਲਿ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖੋਂ ਅਲਾਈ।
ਚੇਲੇ ਸਾਜ ਵਜਾਇੰਦੇ ਨਚਨ ਗੁਰੂ ਬਹੁਤ ਬਿਧ ਭਾਈ॥
ਸੇਵਕ ਬੈਠਨ ਘਰਾਂ ਵਿਚ ਗੁਰੂ ਉਠ ਘਰੀਂ ਤਿਨਾੜੇ ਜਾਈ॥ (ਵਾਰ੧)

ਗੁਰੂ ਜੀ ਨੇ ਦੇਸ਼ ਦੀ ਹਾਲਤ ਵਰਣਨ ਕੀਤੀ। ਸਿੱਧਾਂ ਨੇ

ਆਪ ਨੂੰ ਜੋਗੀ ਬਨਾਉਣ ਲਈ ਇਕ ਵਿਉਂਤ ਸੋਚੀ। ਕਹਿਣ ਲਗੇ, 'ਚਿਪੀ ਲੈ ਜਾਓ, ਸਾਹਮਣੇ ਤਲਾ ਤੋਂ ਪਾਣੀ ਲੈ ਆਓ।' ਉਨ੍ਹਾਂ ਨੇ ਮੈਸਮਰੇਜਮ ਅਤੇ ਕਰਾਮਾਤ ਕਰਕੇ ਤਲਾ ਉਤੇ ਸੋਨੇ ਚਾਂਦੀ ਦੀ ਧਰਤੀ ਤੇ ਹੀਰੇ ਮੋਤੀ ਜੜੇ ਹੋਏ ਵਿਖਾ ਦਿਤੇ। ਗੁਰੂ ਜੀ ਪਾਣੀ ਲੈਣ ਗਏ, ਪਰ ਮੁੜ ਆਏ। ਸਿਧਾਂ ਨੇ ਜੋ ਕੁਝ ਵਿਖਾਇਆ ਸੀ ਉਸ ਦਾ ਕੋਈ ਅਸਰ ਆਪ ਨੇ ਕਬੂਲ ਨਾ ਕੀਤਾ।

ਕਰਾਮਾਤ ਕੀ ਹੈ ? ਇਸ ਸੰਬੰਧੀ ਸਾਡੇ ਦੇਸ਼ ਵਿਚ ਦੋ ਖਿਆਲ ਸਨ। ਇਕ ਇਹ ਸੀ ਕਿ ਈਸ਼ਵਰ 'ਕਲਾਧਾਰੀ' ਹੋ ਕੇ ਅਵਤਾਰ ਲੈਂਦਾ ਹੈ ਅਤੇ ਓਹ ਅਵਤਾਰ ਚਮਤਕਾਰ ਵਿਖਾਂਦੇ ਹਨ। ਦੂਜਾ ਇਹ ਸੀ ਕਿ ਜੋਗ ਸਾਧਨਾਂ ਨਾਲ ਰਿਧੀਆਂ ਸਿਧੀਆਂ ਅਤੇ ਅਜਿਹੀਆਂ ਮਾਨਸਕ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਨਾਲ ਮਨੁਖ ਬੁਧੀ ਨੂੰ ਚਕ੍ਰਿਤ ਕਰਨ ਵਾਲੀਆਂ ਗਲਾਂ ਕੀਤੀਆਂ ਜਾ ਸਕਦੀਆਂ ਹਨ।

ਇਬਰਾਨੀ ਮੱਤਾਂ ਦਾ ਨਿਸਚਾ ਸੀ ਕਿ 'ਮੁਅਜਜ਼ਾ' ਪੈਗੰਬਰੀ ਦੀ ਸ਼ਰਤ ਹੈ। ਜੇ ਕੋਈ ਪੈਗੰਬਰ ਆਪਣੇ ਆਪ ਨੂੰ ਸਚਾ ਸਾਬਤ ਕਰਨ ਲਈ ਚਮਤਕਾਰ ਵਿਖਾਂਦਾ ਹੈ। ਉਸ ਨੂੰ 'ਮੁਅਜਜ਼ਾ' ਤੇ ਰੱਬ ਨੂੰ ਪੁਜਾ ਹੋਇਆ ਮੰਨਦੇ। ਕੋਈ ਫ਼ਕੀਰ ਜਾਂ ਵਲੀਅੱਲਾ ਜੋ ਅਲੌਕਿਕ ਗਲ ਕਰਦਾ, ਉਸ ਨੂੰ 'ਕਰਾਮਾਤ' ਕਹਿੰਦੇ ਸਨ।

ਪੁਰਾਣੇ ਮਜ਼੍ਹਬਾਂ ਵਿਚ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦਾ ਬੜਾ ਜ਼ੋਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਵਿਚ ਇਨ੍ਹਾਂ ਨੂੰ ਕੋਈ ਮਹਾਨਤਾ ਨਹੀਂ ਦਿਤੀ। ਆਪ ਨੇ ਕਰਾਮਾਤ ਨੂੰ 'ਕਹਿਰ' ਦਸਿਆ ਹੈ। ਸਿਖੀ ਨੇ ਕਰਾਮਾਤ ਤੋਂ ਇਨਕਾਰ ਨਹੀਂ ਕੀਤਾ। ਪਰ ਇਸ ਨੂੰ ਸਚਾਈ ਜਾਂ ਆਤਮਿਕ ਉਨਤੀ ਦਾ ਸਬੂਤ ਨਹੀਂ ਮੰਨਿਆ ਨਾ ਹੀ ਸਿਖ ਧਰਮ ਨੂੰ ਇਸ ਤੇ ਖੜਾ ਕੀਤਾ ਹੈ।

ਵਰਤਮਾਨ ਸਮੇਂ ਵਿਚ ਇਕ ਉਹ ਆਦਮੀ ਹਨ, ਜੋ ਕਰਾ-ਮਾਤਾਂ ਤੋਂ ਇਨਕਾਰੀ ਹਨ। ਦੂਜੇ ਉਹ ਹਨ ਜਿਹੜੇ ਕਹਿੰਦੇ ਹਨ

ਕਿ ਜਿਸ 'ਕਾਰਜ' ਦਾ 'ਕਾਰਣ' ਸਾਨੂੰ ਮਾਲੂਮ ਨਹੀਂ, ਓਹੀ ਸਾਡੇ ਲਈ ਕਰਾਮਾਤ ਹੈ। ਇਹ ਵਿਗਿਆਨਕ ਨੁਕਤਾ ਖਿਆਲ ਹੈ। ਸਿਖੀ ਇਹ ਕਹਿੰਦੀ ਹੈ ਰੱਬ ਦੇ ਕੀਤੇ ਹੋਏ ਕੰਮ ਤੇ ਉਸ ਦੀ ਬਖਸ਼ਸ਼* ਹੀ ਕਰਾਮਾਤ ਹੈ। ਉਸ ਦੀ ਰਜ਼ਾ ਤੇ ਕੁਦਰਤ ਦੇ ਕਾਨੂੰਨ ਦੇ ਵਿਰੁਧ ਗੱਲਾਂ ਕਰਨੀਆਂ ਠੀਕ ਨਹੀਂ।

ਸੁਮੇਰ ਤੇ ਸਿਧਾਂ ਨਾਲ ਗੁਰੂ ਜੀ ਨੇ ਗੋਸ਼ਟ ਕੀਤੀ। ਉਨ੍ਹਾਂ ਨੂੰ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦੇ ਜਿਲ੍ਹਣ ਵਿਚੋਂ ਕਢ ਕੇ ਸਤਿਨਾਮ ਦਾ ਉਪਦੇਸ਼ ਕੀਤਾ। ਸਿਧ ਗੋਸ਼ਟ ਦੀ ਬਾਣੀ ਉਪਦੇਸ਼ ਰੂਪ ਵਿਚ ਆਪ ਨੇ ਉਚਾਰਨ ਕੀਤੀ।†

ਉਥੋਂ ਗੁਰੂ ਜੀ ਨੇ ਅਗੋਂ ਚਲ ਕੇ ਤਿੱਬਤ ਵਿਚ ਦੇਵਲੂਤ ਨੂੰ ਤਾਰਿਆ ਅਤੇ ਫਿਰ ਸਿਕਮ, ਭੂਟਾਨ, ਨੇਪਾਲ ਅਤੇ ਚੀਨ ਵਿਚ ਉਪਦੇਸ਼ ਕਰਕੇ ਵਾਪਸ ਕਰਤਾਰ ਪੁਰ ਪੁਜੇ।

---

*ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥ (ਵ: ਆ: ਮ: ੨)
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦੁ ਹੈ ਧਿਗੁ ਸਿਧਿ ਧਿਗੁ ਕਰਾਮਾਤਿ ॥
ਸਾ ਸਿਧਿ ਸਾ ਕਰਾਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ (ਵ:ਸ:ਮ:੩)

†ਹਾਥ ਰਸ ਦੇ ਕੂੰਡਾ ਪੰਥੀ ਸਾਧੂ ਤੁਲਸੀ ਦਾਸ ਨੇ ਆਪਣੀ ਪੁਸਤਕ 'ਪਲਕ ਰਾਮ ਨਾਨਕ ਪੰਥੀ ਸੇ ਸੰਬਾਦ' ਵਿਚ ਲਿਖਿਆ ਹੈ ਕਿ ਗੋਰਖ, ਭਰਥਰੀ, ਲੁਹਾਰੀਪਾ ਆਦਿ ਸਿਧ ਗੁਰੂ ਜੀ ਤੋਂ ਬਹੁਤ ਪਹਿਲਾਂ ਹੋਏ ਸਨ। ਦਸੋ ਸਿਧ ਗੋਸ਼ਟ ਕਿਸ ਨਾਲ ਹੋਈ ? ਇਸ ਦਾ ਉਤਰ ਇਹ ਕਿ ਜੋਗ ਮਤ ਅਨੁਸਾਰ ਸਿਧ ਦੀਰਘ ਆਯੂ ਵਾਲੇ ਤੇ ਇਛਾ ਧਾਰੀ ਹੁੰਦੇ ਹਨ। ਜੇ ਇਹ ਗਲ ਨਾ ਭੀ ਮੰਨੀ ਜਾਵੇ ਤਾਂ ਜਿਥੇ ਇਤਿਹਾਸ ਖੋਜੀ ਇਹ ਕਹਿੰਦੇ ਹਨ ਕਿ ਸਿਧ ਸਤਵੀਂ ਤੇ ਦਸਵੀਂ ਸਦੀ ਵਿਚ ਹੋਏ ਹਨ, ਉਹ ਨਾਲ ਹੀ ਦਸਦੇ ਹਨ ਕਿ ਇਨ੍ਹਾਂ ਨਾਵਾਂ ਦੇ ਕਈ ਸਿਧ ਪਿਛੋਂ ਭੀ ਹੋਏ ਹਨ, ਜਿਨ੍ਹਾਂ ਦਾ ਜ਼ਿਕਰ ਤਿਬਤੀ ਬੋਲੀ ਦੇ ਗ੍ਰੰਥ 'ਦੋਹਾ ਕਾਖਾ' ਵਿਚ ਮਿਲਦਾ ਹੈ। (ਸੁਰਸ੍ਵਤੀ ਜੂਨ ੩੧)

ਨੌਵਾਂ ਵਿਆਖਿਆਨ

ਮਾਤਾ ਪਿਤਾ ਦਾ ਦੇਹਾਂਤ, ਪੱਛਮ ਦੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ ਜੀ ਤੀਜੀ ਉਦਾਸੀ ਪਿਛੋਂ ਕੁਝ ਸਮਾਂ ਕਰਤਾਰਪੁਰ ਬਿਰਾਜੇ । ਇਸ ਦੌਰਾਨ ਵਿਚ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦਾ ਚਲਾਣਾ ਹੋਇਆ । ਆਪ ਨੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ।

ਗੁਰਦੇਵ ਇਕ ਦਿਨ ਰਾਵੀ ਦੇ ਨੇੜੇ (ਰਮਦਾਸ ਦੇ ਕੋਲ) ਵਿਚਰ ਰਹੇ ਸਨ ਕਿ ਇਕ ਬਾਲਕ ਗਊਆਂ ਮਹੀਆਂ ਚਾਰਦਾ ਮਿਲ ਪਿਆ । ਉਸ ਨੇ ਬੜੀ ਸੇਵਾ ਕੀਤੀ ਅਤੇ ਬਹੁਤ ਸਿਆਣੀਆਂ ਗੱਲਾਂ ਕੀਤੀਆਂ । ਆਪ ਨੇ ਪੁਛਿਆ–'ਤੇਰਾ ਨਾਂ ਕੀ ਹੈ ?' 'ਜੀ ਮੈਨੂੰ ਬੂੜਾ ਆਖਦੇ ਹਨ।' ਗੁਰਦੇਵ ਪ੍ਰਸੰਨ ਹੋ ਕੇ ਕਹਿਣ ਲਗੇ--'ਤੂੰ ਬੂੜਾ ਨਹੀਂ ਬੁਢਾ ਹੈਂ।' ਇਹ ਜ਼ਿਕਰ ੧੫੭੫ ਦਾ ਹੈ। ਬਾਹਦ ਵਿਚ ਇਹ ਮਹਾਨ ਵਿਅਕਤੀ ਸ੍ਰੀ ਬਾਬਾ ਬੁਢਾ ਜੀ ਦੇ ਨਾਮ ਪ੍ਰਸਿਧ ਹੋਏ।

ਸਤਿਗੁਰੂ ਜੀ ਨੇ ਕੁਝ ਚਿਰ ਕਰਤਾਰਪੁਰ ਨਿਵਾਸ ਕੀਤਾ। ਪੰਜਾਬ ਨੂੰ ਤਾਰ ਕੇ ੧੫੭੫ ਵਿਚ ਹੀ ਪੱਛਮੀ ਦੇਸ਼ਾਂ ਨੂੰ ਜਾਣ ਲਈ ਤਿਆਰੀ ਕਰ ਲਈ । ਇਸ ਉਦਾਸੀ ਵਿਚ ਭਾਈ ਮਰਦਾਨਾ ਨਾਲ ਸੀ। ਹਿੰਦੂ ਤੀਰਥਾਂ ਤੇ ਜਾਣ ਸਮੇਂ ਹਿੰਦੂ ਲਿਬਾਸ ਸੀ । ਪਛਮ ਨੂੰ ਜਾਣ ਸਮੇਂ ਨੀਲੇ ਬਸਤਰ, ਹਥ ਵਿਚ ਸੋਟਾ, ਕਛ ਵਿਚ ਕਿਤਾਬ, ਮੋਢੇ ਤੇ ਮੁਸੱਲਾ ਸੀ। ਕਰਤਾਰ ਪੁਰੋਂ ਚੱਲਕੇ ਤਲਵੰਡੀ, ਸ਼ਕਰਪੁਰ ਰੁਹਤਾਸ, ਕਟਾਸ ਤੇ ਡੇਹਰਾ ਗਾਜ਼ੀ ਖਾਂ ਤੋਂ ਹੁੰਦੇ ਹੋਏ ਸਿੰਧ ਦੇ ਰਸਤੇ ਹਿੰਦੁਸਤਾਨ ਦੇ ਹਾਜੀਆਂ ਨਾਲ ਮਕੇ ਪੁਜੇ । ਰਾਤੀਂ ਕਾਬੇ ਵਲ ਪੈਰ ਕਰਕੇ ਸੌਂ ਗਏ। ਜੀਵਨ ਹਾਜੀ ਨੇ ਵੇਖ ਕੇ ਕਿਹਾ–'ਰੱਬ ਦੇ ਬੰਦੇ ਕਿੰਨਾ ਗੁਨਾਹਗਾਰ ਹੈਂ', ਜੇਹੜਾ ਰੱਬ ਦੇ ਘਰ ਵੱਲ ਪੈਰ ਪਸਾਰ ਕੇ ਸੁਤਾ ਪਿਆ ਹੈਂ ?'

ਗੁਰੂ ਜੀ–'ਜਿਸ ਪਾਸੇ ਰੱਬ ਦਾ ਘਰ ਨਹੀਂ', ਉਧਰ ਸਾਡੇ ਪੈਰ ਕਰ ਦਿਓ।' ਇਸ ਨੇ ਜੀਵਨ ਦੀਆਂ ਰੂਹਾਨੀ ਅੱਖਾਂ ਖੋਲ੍ਹ ਦਿਤੀਆਂ। ਸਵੇਰੇ ਹਾਜੀਆਂ ਨਾਲ ਗੁਰੂ ਜੀ ਦੀ ਚਰਚਾ ਹੋਈ। ਮਖਦੂਮ ਰੁਕਨ ਦੀਨ ਬਹਿਸ ਕਰਨ ਵਾਲੇ ਮੁਖੀ ਸਨ । ਭਾਈ ਗੁਰਦਾਸ ਜੀ ਲਿਖਦੇ ਹਨ–

ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ ।
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤ ਕੋਈ ।
ਪੁਛਨ ਖੋਹਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ ।
ਬਾਬਾ ਆਖੇ ਹਾਜੀਆਂ ਸੁਭ ਅਮਲਾਂ ਬਾਝਹੁ ਦੋਵੇਂ ਰੋਈ। ੧-੩੩

ਗੁਰਦੇਵ ਨੇ ਮਕੇ ਵਿਚ ਨਿਰਭੈਤਾ ਨਾਲ ਕਿਹਾ, ਵਾਹਿਗੁਰੂ ਦਾ ਘਰ ਇਕ ਥਾਂ ਨਹੀਂ, ਉਹ ਸਭ ਥਾਵੇਂ ਹੈ। ਹਿੰਦੂ ਜਾਂ ਮੁਸਲਮਾਨ ਚੰਗਾ ਉਹ ਹੈ, ਜਿਸ ਦੇ ਅਮਲ ਚੰਗੇ ਹਨ।

'ਰੱਬ ਦੀ ਦਰਗਾਹ ਵਿਚ ਚੰਗੇ ਅਮਲ ਜਾਂਦੇ ਹਨ। ਕਬਰ ਵਿਚ ਦਬਣ ਨਾਲ ਕੋਈ ਆਦਮੀ ਬਹਿਸ਼ਤ ਨੂੰ ਨਹੀਂ ਜਾਂਦਾ ਤੇ ਅੱਗ ਵਿਚ ਸਾੜਨ ਨਾਲ ਕੋਈ ਦੋਜ਼ਖੀ ਨਹੀਂ ਬਣਦਾ। ਇਹ ਆਪੋ ਆਪਣੇ ਦੇਸ਼ਾਂ ਦੀਆਂ ਰਸਮਾਂ ਹਨ। ਵਾਹਿਗੁਰੂ ਦੇ ਦਰਵਾਜ਼ੇ ਤੇ ਲਖਾਂ ਪੀਰ ਪੈਗੰਬਰ ਅਵਤਾਰ ਅਤੇ ਦੇਵਤੇ ਖੜੇ ਬਖਸ਼ਿਸ਼ ਮੰਗ ਰਹੇ ਹਨ, ਉਨ੍ਹਾਂ ਨੇ ਕਿਸੇ ਦੀ ਕੀ ਹਾਮੀ ਭਰਨੀ ਹੈ' ?*

ਇਸ ਉਪਦੇਸ਼ ਨੇ ਹਾਜੀਆਂ ਤੇ ਜਾਦੂ ਦਾ ਅਸਰ ਕੀਤਾ। ਜਲਾਲ ਸ਼ਾਨੀ ਮਖਦੂਮ ਰੁਕਨ ਦੀਨ, ਜੋ ਹਾਜੀਆਂ ਵਲੋਂ ਚਰਚਾ

---

*ਇਕ ਮਿਰਜ਼ਈ ਅਬਦੁਲ ਰਹਿਮਾਨ ਨੇ 'ਬਾਵਾ ਨਾਨਕ ਕਾ ਦੀਨੋ ਧਰਮ' ਟਰੈਕਟ ਲਿਖਿਆ ਸੀ। ਸਰਕਾਰ ਨੇ ਉਸ ਵਿਰੁਧ ਮੁਕੱਦਮਾ ਚਲਾ ਦੋਸ਼ੀ ਨੂੰ ਛੇ ਮਹੀਨੇ ਕੈਦ ਤੇ ਪੰਜ ਸੌ ਜੁਰਮਾਨੇ ਦੀ ਸਜ਼ਾ ਹੋਈ। ਹਾਈ ਕੋਰਟ ਵਿਚ ਅਪੀਲ ਕਰਨ ਤੇ ੨੪-੧੦-੩੯ ਨੂੰ ਫੈਸਲਾ ਹੋਇਆ ਕਿ ਦੋਸ਼ੀ ਜਿੰਨੀ ਸਜ਼ਾ ਕਟ ਚੁਕਾ ਹੈ, ਕਾਫੀ ਹੈ।

ਕਰ ਰਹੇ ਸਨ, ਗੁਰੂ ਬਾਬੇ ਦੇ ਚਰਨਾਂ ਤੇ ਡਿਗ ਪਏ ਤੇ ਕਿਹਾ–'ਇਸ ਮੁਲਾਕਾਤ ਦੀ ਕੋਈ ਨਿਸ਼ਾਨੀ ਬਖਸ਼ੋ, ਜੋ ਯਾਦਗਾਰ ਦੇ ਤੌਰ ਤੇ ਕੋਲ ਰਖੀਏ ।' ਗੁਰੂ ਜੀ ਨੇ ਰੁਕਨਦੀਨ ਨੂੰ ਖੜਾਂ ਬਖਸ਼ੀ। ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ–'ਧਰੀ ਨਿਸ਼ਾਨੀ ਕੌਸ ਦੀ ਮਕੇ ਅੰਦਰ ਪੂਜ ਕਰਾਈ ।' (ਵਾਰ ੧–੩੪) ਦਸਿਆ ਜਾਂਦਾ ਹੈ ਕਿ ਇਹ ਪਵਿਤ੍ਰ ਖੜਾਂ ਮਖਦੂਮ ਹੋਰੀਂ ਹਿੰਦੁਸਤਾਨ ਲੈ ਆਏ ਜੋ ਅਜੇ ਤਕ ਉਨ੍ਹਾਂ ਦੀ ਸੰਤਾਨ ਉਚ (ਬਹਾਵਲਪੁਰ) ਦੇ ਪੀਰਾਂ ਦੇ ਤੋਸ਼ੇਖਾਨੇ ਵਿਚ ਮੌਜੂਦ ਹੈ।

ਮਕਾ ਇਸਲਾਮ ਦਾ ਸਭ ਤੋਂ ਵਡਾ ਕੇਂਦਰ ਸੀ । ਇਥੇ ਉਪਦੇਸ਼ ਕਰਕੇ ਗੁਰੂ ਜੀ ਮਦੀਨੇ ਨੂੰ ਗਏ । ਇਥੋਂ ਹੀ ਸਚੇ ਧਰਮ ਦਾ ਉਪਦੇਸ਼ ਕਰਕੇ ਬਗਦਾਦ ਨੂੰ ਪਧਾਰੇ। ਇਹ ਇਸਲਾਮੀ ਤਾਲੀਮ ਦਾ ਕੇਂਦਰ ਸੀ।

ਗੁਰੂ ਜੀ ਨਗਰੋਂ ਬਾਹਰ ਜਾ ਬੈਠੇ। ਦੂਜੇ ਦਿਨ ਅੰਮ੍ਰਿਤ ਵੇਲਾ ਹੋਇਆ । ਮੁਸਲਮਾਨ ਨਮਾਜ਼ ਪੜ੍ਹਨ ਲਈ ਜਾ ਰਹੇ ਸਨ। ਸਚੇ ਪਾਤਸ਼ਾਹ ਪਹਿਲੇ ਕੁਝ ਚਿਰ ਭਜਨ ਵਿਚ ਬੈਠੇ ਰਹੇ, ਉਪਰੰਤ 'ਗੁਰ ਬਰ ਅਕਾਲ ਸਤਿ ਸ੍ਰੀ ਅਕਾਲ' ਦੀ ਆਵਾਜ਼ ਕੀਤੀ। ਇਸ ਬਾਂਗ ਨੂੰ ਸੁਣ ਕੇ ਲੋਕੀਂ ਹੈਰਾਨ ਹੋ ਗਏ । ਬੋਲੀ ਓਪਰੀ ਸੀ। ਇਸ ਦੇ ਬਾਅਦ ਗੁਰੂ ਜੀ ਨੇ ਕੀਰਤਨ ਕੀਤਾ। ਇਸਲਾਮ ਵਿਚ ਰਾਗ ਮਨ੍ਹਾਂ ਸੀ । ਇਸਨੇ ਵੀ ਲੋਕਾਂ ਤੇ ਅਸਰ ਪਾਇਆ। ਉਨ੍ਹਾਂ ਨੇ ਸ਼ੇਖ ਅਬਦੁਲ ਕਾਦਰ ਜੀਲਾਨੀ ਨੇ ਗਦੀ ਨਸ਼ੀਨ ਪੀਰ ਅਤੇ ਹਾਕਮ ਪਾਸ ਸ਼ਿਕਾਇਤ ਕੀਤੀ । ਸ਼ਰ੍ਹਾ ਦੇ ਵਿਰੁਧ ਹੋਣ ਕਰਕੇ ਗੁਰੂ ਜੀ ਨੂੰ ਸੰਗਸਾਰ ਕਰਨ ਦਾ ਹੁਕਮ ਦਿਤਾ ਗਿਆ। ਜਦ ਲੋਕੀਂ ਵਟੇ ਮਾਰਨ ਵਾਸਤੇ ਆਏ ਤਾਂ ਆਪ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਮਨ ਸ਼ਾਂਤ ਹੋ ਗਏ। ਪੀਰ ਨੇ ਗੋਸ਼ਟ ਕੀਤੀ। ਹਜ਼ੂਰ ਨੇ ਪੀਰ ਅਤੇ ਉਸ ਦੇ ਬੇਟੇ ਨੂੰ ਸਮਝਾਇਆ ਕਿ ਇਹ ਮਨੌਤ ਗਲਤ ਹੈ ਕਿ ਸ੍ਰਿਸ਼ਟੀ ਦੇ ਚੌਦਾਂ ਤਬਕ ਹਨ। ਵਾਹਿਗੁਰੂ ਦੀ ਰਚਨਾਂ ਵਿਚ ਲਖਾਂ ਅਕਾਸ਼ ਅਤੇ

ਲਖਾਂ ਪਤਾਲ ਹਨ ।

ਬਗਦਾਦ ਦੇ ਪੱਛਮ ਵੱਲ ਇਕ ਨਿਸ਼ਾਨ ਅਜੇ ਤੀਕ ਮੌਜੂਦ ਹੈ। ਇਥੇ ਗੁਰੂ ਜੀ ਨੇ ਬਹਿਲੋਲ ਨਾਲ ਗਲਬਾਤ ਕੀਤੀ । ਇਥੇ ਚਾਰ ਦੀਵਾਰੀ ਵਿਚ ਇਕ ਥੜ੍ਹਾ ਬਣਿਆ ਹੋਇਆ ਹੈ, ਜਿਸ ਵਿਚ ਪੱਥਰ ਦਾ ਕੁਤਬਾ ਲਗਾ ਹੋਇਆ ਹੈ । ਉਸ ਕੁਤਬੇ ਦੀ ਇਬਾਰਤ ਅਰਬੀ ਅੱਖਰਾਂ ਵਿਚ ਹੈ, ਜਿਸ ਦਾ ਅਨੁਵਾਦ ਇਉਂ ਹੈ–'ਜਦ ਮੁਰਾਦੇ ਨੇ ਦੇਖੀ ਗਿਰੀ ਹੋਈ ਹਜ਼ਰਤ ਰਬਿ ਮਜੀਦ ਬਾਬਾ ਨਾਨਕ ਔਲੀਆ ਅੱਲਾ ਦੀ ਇਮਾਰਤ, ਤਾਂ ਨਵੀਂ ਆਪਣੇ ਹੱਥਾਂ ਦੀ ਮਦਦ ਨਾਲ ਬਣਾਈ ਤਾਕਿ ਤਾਰੀਖ਼ ਦੇ ਤੌਰ ਤੇ ਪੁਸ਼ਤ ਦਰ ਪੁਸ਼ਤ ਕਾਇਮ ਰਹੇ ਤੇ ਉਸ ਨੇਕ ਬਖ਼ਤ ਮੁਰੀਦ ਦਾ ਸੁਆਬ ਜਾਰੀ ਰਹੇ।'

ਗੁਰੂ ਜੀ ਅਰਬ ਤੋਂ ਬਾਅਦ ਮਿਸਰ ਤੇ ਅਫ਼ਰੀਕਾ ਗਏ । ਉਥੋਂ ਹੋ ਕੇ ਤੁਰਕੀ ਵਿਚ ਆਏ। ਇਥੋਂ ਦੇ ਖ਼ਲੀਫ਼ੇ ਨੂੰ ਪਰਜਾ ਨਾਲ ਇਨਸਾਫ਼ ਕਰਨ ਦਾ ਉਪਦੇਸ਼ ਕਰਕੇ ਅਰਬ ਤੇ ਈਰਾਨ ਤੋਂ ਹੁੰਦੇ ਹੋਏ ਕੰਧਾਰ ਪੁਜੇ, ਜਿਥੇ ਆਪ ਫ਼ਕੀਰ ਅਲੀਯਾਰ ਨੂੰ ਮਿਲੇ । ਉਸ ਨੂੰ ਹਉਮੈ ਤਿਆਗ ਕੇ ਵਾਹਿਗੁਰੂ ਨੂੰ ਮਿਲਣ ਦੀ ਜਾਚ ਦਸੀ । ਇਥੋਂ ਚਲ ਕੇ ਕਾਬਲ ਨੂੰ ਆਏ । ਇਥੇ ਸਤਿਗੁਰੂ ਦੀ ਯਾਦ ਵਿਚ ਗੁਰਦੁਆਰਾ ਮੌਜੂਦ ਹੈ। ਅਫ਼ਗਾਨਿਸਤਾਨ ਵਿਚੋਂ ਹੁੰਦੇ ਹੋਏ ਦਰਾ ਖ਼ੈਬਰ ਵਿਚੋਂ ਲੰਘ ਕੇ ਅਟਕ ਪਾਰ ਹੋ ਕੇ ਹਸਨ ਅਬਦਾਲ ਵਿਚ ਵਲੀ ਕੰਧਾਰੀ ਦਾ ਹੰਕਾਰ ਦੂਰ ਕੀਤਾ, ਜਿਸ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹੈ। ਉਸ ਵੇਲੇ ਹਿੰਦੁਸਤਾਨ ਤੇ ਬਾਬਰ ਦਾ ਹਮਲਾ ਹੋਣ ਵਾਲਾ ਸੀ। ਇਸ ਲਈ ਆਪ ੧੫੨੯ ਵਿਚ ਚੌਥੀ ਉਦਾਸੀ ਖ਼ਤਮ ਕਰਕੇ ਕਰਤਾਰ ਪੁਰ ਪੁਜੇ।

ਗੁਰੂ ਜੀ ਦੀ ਸਿਖਿਆ ਹਿੰਦੂਆਂ ਤੇ ਮੁਸਲਮਾਨਾਂ ਸਭ ਲਈ ਇਕੋ ਜੇਹੀ ਸੀ, ਜਿਸ ਦਾ ਸਾਰੰਸ਼ ਇਹ ਹੈ–

ਏਥੈ ਜਾਣੈ ਸੁ ਜਾ ਸਿਞਾਣੈ । ਹੋਰ ਫਕੜ ਹਿੰਦੂ ਮੁਸਲਮਾਣੈ ।
ਸਭਨਾ ਕਾ ਦਰਿ ਲੇਖਾ ਹੋਇ । ਕਰਣੀ ਬਾਝਹੁ ਤਰੈ ਨ ਕੋਇ ।

ਦਸਵਾਂ ਵਿਆਖਿਆਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਰਾਜਨੀਤਕ ਅਸਰ

ਗੁਰੂ ਜੀ ਦੇ ਜੀਵਨ, ਕੀਤੇ ਹੋਏ ਕੰਮਾਂ ਅਤੇ ਪ੍ਰਚਾਰ ਦਾ ਹਿੰਦੁਸਤਾਨ ਤੇ ਰਾਜਨੀਤਕ ਅਸਰ ਕੀ ਪਿਆ ? ਇਸਦਾ ਉਤ੍ਰ ਇਤਿਹਾਸ ਚੋਂ ਮਿਲਦਾ ਹੈ । ਉਸ ਸਮੇਂ ਜਿਤਨੇ ਸੰਤ, ਭਗਤ ਤੇ ਸੁਧਾਰਕ ਹੋਏ ਹਨ, ਉਨ੍ਹਾਂ ਦਾ ਪ੍ਰਚਾਰ ਵਧਰੇ ਭਗਤੀ ਮਾਰਗ ਅਤੇ ਸਮਾਜਿਕ ਸੁਧਾਰ ਦਾ ਸੀ । ਮਹਾਰਾਸ਼ਟਰ ਵਿਚ ਗਿਆਨੇਸ਼੍ਵਰ, ਸ੍ਰੀ ਨਾਮਦੇਵ, ਮੁਕਤਾ ਬਾਈ, ਏਕ ਨਾਥ, ਜਨਾਰਧਨ, ਤੁਕਾ ਰਾਮ ਆਦਿ ਭਗਤ ਹੋਏ ਹਨ । ਬਾਹਦ ਵਿਚ ਸੰਤ ਰਾਮਦਾਸ ਜੀ ਆਦਿਕ ਅਜੇਹੇ ਮਹਾਂ ਪੁਰਸ਼ ਹੋਏ ਹਨ, ਜਿਨ੍ਹਾਂ ਦੀ ਸਿਖਿਆ ਨੇ ਦਖਣ ਵਿਚ ਮਰਹੱਟਿਆਂ ਨੂੰ ਰਾਜਨੀਤਕ ਤਾਕਤ ਦਾ ਰੂਪ ਦਿਤਾ । ਪੰਜਾਬ ਵਿਚ ਸਤਿਗੁਰਾਂ ਦੀ ਸਿਖਿਆ ਨੇ ਪੰਥ ਖਾਲਸੇ ਨੂੰ ਜਨਮ ਦਿਤਾ, ਜਿਸ ਨੇ ਧਰਮ ਦੇ ਨਾਲ ਰਾਜਨੀਤਕ ਅਸਰ ਭੀ ਪਾਇਆ ।*

ਮੁਸਲਮਾਨਾਂ ਦੀ ਹਕੂਮਤ ਕਾਇਮ ਹੋਣ ਨਾਲ ਹਿੰਦੂਆਂ ਦੀ ਰਾਜਨੀਤਕ ਤਾਕਤ ਕਮਜ਼ੋਰ ਹੋ ਚੁਕੀ ਸੀ । ਪਹਿਲੇ ਦਿਲੀ, ਕਨੌਜ, ਪਟਨਾ ਤੇ ਉਜੈਨ ਹਿੰਦੂ ਧਰਮ ਅਤੇ ਰਾਜਨੀਤ ਦੇ ਕੇਂਦਰ ਸਨ । ਰਾਜਨੀਤਕ ਬਲ ਘਟਨ ਨਾਲ ਮਥਰਾ ਤੇ ਅਯੁਧਿਆ ਕੇਂਦਰ ਬਣ ਗਏ । ਭਗਤੀ ਭਾਵ ਦੇ ਭਜਨ ਗਾਉਣ ਤੇ ਲਿਖਣ ਵਾਲੇ ਸੰਤ ਆਤਮਿਕ ਗੁਣਾਂ ਦੀ ਟੇਕ ਲੈਂਦੇ ਹਨ ।

ਗੁਰੂ ਜੀ ਦੇ ਸਮੇਂ ਬਹੁਤ ਸਾਰੇ ਭਗਤਾਂ ਨੇ ਭਗਤੀ, ਗਿਆਨ, ਵੈਰਾਗ ਅਤੇ ਸਮਾਜਕ ਸੁਧਾਰ ਲਈ ਜ਼ੋਰ ਦਿਤਾ, ਪਰ ਉਨ੍ਹਾਂ ਦੀ

---

*ਮਰਾਠੀ ਇਤਿਹਾਸ, ਲਿਖਤ ਗੋਪਾਲ ਤਾਮਸਕਰ ਐਮ, ਏ, ।

ਸਿਖਿਆ ਨੇ ਕਈ ਰਾਜਨੀਤਕ ਅਸਰ ਪੈਦਾ ਨਹੀਂ ਕੀਤਾ। ਹਾਂ ਕੁਝ ਭਗਤਾਂ ਨੇ ਜ਼ੁਲਮ ਦੇ ਵਿਰੁਧ ਆਵਾਜ਼ ਉਠਾਈ ਤੇ ਦੇਸ਼ ਦੀ ਸਭਿਅਤਾ, ਬੋਲੀ ਅਤੇ ਧਰਮ ਖੀਣ ਹੋਣ ਦਾ ਜ਼ਿਕਰ ਕੀਤਾ। ਗੁਰੂ ਜੀ ਨੇ ਜਿਥੇ ਆਤਮਿਕ ਅਤੇ ਸਮਾਜਕ ਪਹਿਲੂ ਵਲ ਧਿਆਨ ਦਿਤਾ ਹੈ ਉਥੇ ਜ਼ੁਲਮ ਦੇ ਵਿਰੁਧ ਭੀ ਜ਼ਬਰਦਸਤ ਆਵਾਜ਼ ਉਠਾਈ। ਆਪ ਨੇ ਉਸ ਵਕਤ ਦੇ ਬਾਦਸ਼ਾਹਾਂ, ਹਾਕਮਾਂ ਤੇ ਪਰਜਾ ਦੀ ਗਿਰਾਵਟ ਨੂੰ ਜ਼ੋਰਦਾਰ ਸ਼ਬਦਾਂ ਵਿਚ ਇਉਂ ਵਰਨਣ ਕੀਤਾ–

ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰਿ ਉਡਰਿਆ ॥
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।

(ਵਾਰ ਮਾਝ ਮ: ੧)

ਗੁਰੂ ਜੀ ਦੇ ਦਿਲ ਵਿਚ ਆਪਣੇ ਦੇਸ਼ ਲਈ ਅਤੁਟ ਪਿਆਰ ਸੀ। ਸੰਮਤ ੧੫੭੫ (੧੫੨੧ ਈ:) ਵਿਚ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ। ਉਸ ਸਮੇਂ ਆਪ ਕਰਤਾਰ ਪੁਰੋਂ ਚਲ ਕੇ ਏਮਨਾਬਾਦ ਵਿਚ ਭਾਈ ਲਾਲੋ ਪਾਸ ਪੁਜੇ। ਉਥੇ ਆਪ ਨੇ ਤਿਲੰਗ ਰਾਗ ਵਿਚ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ' ਦਾ ਸ਼ਬਦ ਉਚਾਰਨ ਕੀਤਾ। ਜਿਸ ਵਿਚ ਦੇਸ਼ ਦੀ ਹਾਲਤ, ਬਾਬਰ ਦੇ ਜਬਰ ਤੇ ਧਾਰਮਿਕ ਆਗੂਆਂ ਦੇ ਨੀਵੇਂ ਇਖਲਾਕ ਦਾ ਜ਼ਿਕਰ ਕੀਤਾ। ਆਪ ਕਹਿੰਦੇ ਹਨ--ਲਾਲੋ! ਇਸ ਦੇਸ਼ ਵਿਚ ਖੂਨ ਦੇ ਸੋਹਲੇ ਗਾਏ ਜਾਂਦੇ ਹਨ। ਇਹ ਮੁਰਦਿਆਂ ਦੀ ਧਰਤੀ (ਮਾਸਪੁਰੀ) ਹੈ। ਇਥੇ ਕਾਂਇਆਂ ਤੇ ਕਪੜ ਟੁਕ ਟੁਕ ਹੋਣਗੇ। ਉਸ ਸਮੇਂ ਹਿੰਦੁਸਤਾਨ ਮੇਰੇ ਬਚਨਾਂ ਨੂੰ ਯਾਦ ਕਰੇਗਾ, ਇਹ ਵਕਤ ਸਚ ਸੁਨਾਣ ਦਾ ਹੈ। ਇਸ ਲਈ ਸੱਚੀ ਗਲ ਕਹਿੰਦਾ ਹਾਂ। ਮੁਗਲ, ਜੋ ਸਖਤੀ ਕਰ ਰਿਹਾ ਹੈ, ਇਹ ਵੀ ਨਹੀਂ ਰਹੇਗਾ। ਸਚੇ ਵਾਹਿਗੁਰੂ ਨੇ ਨਿਆਂ ਕਰਨਾ ਹੈ। ੧੫੯੭ ਵਿਚ ਮੁਗਲ ਨੂੰ ਕਢਣ ਵਾਲਾ ਮਰਦ ਦਾ ਚੇਲਾ ਉਠੇਗਾ।' ਇਹ ਵਾਕ ਉਸ ਸਮੇਂ ਪੂਰਾ ਹੋਇਆ, ਜਦ ਸੇਰ ਸ਼ਾਹ ਸੂਰੀ ਨੇ ਹਮਾਯੂੰ ਤੇ ਜਿੱਤ ਪ੍ਰਾਪਤ

ਕੀਤੀ ਤੇ ਉਸ ਨੂੰ ਇਸ ਦੇਸ 'ਚੋਂ ਕਢ ਦਿਤਾ।

ਇਸ ਸ਼ਬਦ ਵਿਚ ਕਿੰਨੀ ਨਿਰਭੈਤਾ, ਦਲੇਰੀ, ਦੇਸ ਲਈ ਪਿਆਰ, ਭਰਾਵਾਂ ਲਈ ਦਰਦ ਤੇ ਆਜ਼ਾਦੀ ਦੀ ਤੜਪ ਭਰੀ ਪਈ ਹੈ।

ਬਾਬਰ ਹਿੰਦੁਸਤਾਨ ਵਿਚ ਪੁਜ ਗਿਆ। ਏਮਨਾਬਾਦ ਵਿਚ ਮੁਗਲਾਂ ਅਤੇ ਲੋਧੀਆਂ ਦੀ ਲੜਾਈ ਹੋਈ। ਦੇਸ ਵਿਚ ਕਤਲਾਮ ਤੇ ਲੁਟ ਮਾਰ ਹੋਈ। ਗੁਰੂ ਜੀ ਨੇ ਉਸ ਹਾਲਤ ਦਾ ਜ਼ਿਕਰ ਇਉਂ ਕੀਤਾ ਹੈ–

ਜਿਨ ਸਿਰ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ ॥
ਸੇ ਸਿਰ ਕਾਤੀ ਮੁੰਨੀਅਨ ਗਲ ਵਿਚ ਆਵੈ ਧੂੜ ॥

ਅਗਲੀ ਅਸ਼ਟਪਦੀ ਵਿਚ ਕਹਿੰਦੇ ਹਨ–

ਕਹਾ ਸੁ ਖੇਲ ਤਬੇਲਾ ਘੋੜੇ ਕਹਾਂ ਭੇਰੀ ਸਹਿਨਾਈ ॥
ਕਹਾ ਸੁ ਤੇਗਬੰਦਿ ਗਾਡੇਰੜਿ1 ਕਹਾ ਸੁ ਲਾਲ ਕਵਾਈਂ2 ॥
(ਰਾਗ ਆਸਾ ਮ: ੧)

ਮਰਦਾਨੇ ਪੁਛਿਆ–'ਸਤਿਗੁਰੂ ! ਦੇਸ ਦੀ ਇਹ ਹਾਲਤ ਕਿਉਂ ਹੋਈ ?

ਮਹਾਰਾਜ ਉਤਰ ਦੇਂਦੇ ਹਨ–

ਜਿਸ ਨੋ ਆਪ ਖੁਆਏ ਕਰਤਾ ਖੁਸਿ ਲਏ ਚੰਗਿਆਈ।'

ਭਾਵ–ਜਿਸ ਕੌਮ ਨੂੰ ਰੱਬ ਗਿਰਾਉਂਦਾ ਹੈ, ਉਸ ਪਾਸੋਂ ਚੰਗਿਆਈਆਂ ਖੋਹ ਲੈਂਦਾ ਹੈ। ਕੋਈ ਕੌਮ ਚੰਗੇ ਗੁਣਾਂ ਤੋਂ ਬਿਨਾਂ ਸੁਤੰਤ੍ਰ ਤੇ ਜਿਊਂਦੀ ਨਹੀਂ ਰਹਿ ਸਕਦੀ।

ਦੁਖੀ ਦੇਸ਼ ਦੀ ਪੁਕਾਰ ਰੱਬ ਅਗੇ ਕਰਦੇ ਹੋਏ ਫੁਰਮਾਂਦੇ ਹਨ–

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥
(ਆਸਾ ਮ: ੧)

ਲੋਧੀ ਬਾਦਸ਼ਾਹ ਅਨਿਆਈ, ਵਿਸ਼ਈ ਤੇ ਰਾਜ ਪ੍ਰਬੰਧ ਦੇ

੧–ਰਣ ਭੂਮੀ ਵਿਚ ਦ੍ਰਿੜ ਸੂਰਮੇ। ੨–ਪੁਸ਼ਾਕ।

ਜੈਤਾ ਨਹੀਂ ਸਨ ਰਹੇ ਉਹ ਮੁਗਲਾਂ ਦੇ ਸਾਹਮਣੇ ਕਿਵੇਂ ਠਹਿਰ ਸਕਦੇ ਸਨ ? ਉਨ੍ਹਾਂ ਦੀ ਗਿਰਾਵਟ ਉਤੇ ਗੁਰੂ ਜੀ ਨੇ ਕਿਹਾ–

'ਰਤਨ ਵਿਗਾੜ ਵਿਗੋਏ ਕੁਤੀ ਮੁਇਆ ਸਾਰ ਨ ਕਾਈ।'

ਭਾਵ–ਇਹਨਾਂ ਨਿਕੰਮਿਆਂ ਨੇ ਹਿੰਦੁਸਤਾਨ ਰੂਪੀ ਰਤਨ ਨੂੰ ਗਵਾ ਲਿਆ ਹੈ। ਅਜੇਹੇ ਕਾਇਰਾਂ ਦੀ ਮੌਤ ਪਰ ਇਹਨਾਂ ਨੂੰ ਕੌਣ ਚੇਤੇ ਕਰੇਗਾ ?

ਜਿਥੇ ਲੋਧੀਆਂ ਦੀ ਗਿਰਾਵਟ ਤੇ ਮੁਗਲਾਂ ਦੀ ਸਖਤੀ ਦਾ ਜ਼ਿਕਰ ਕੀਤਾ ਹੈ, ਉਥੇ ਦੇਸ਼ ਵਾਸੀਆਂ ਨੂੰ ਵੀ ਕਿਹਾ ਹੈ–

ਅੰਧੀ ਰਯਤ ਗਿਆਨ ਵਿਹੂਣੀ ਭਾਇ ਭਰਹਿ ਮੁਰਦਾਰੁ ॥ (ਵਾ: ਆਸਾ)

ਭਾਵ–ਰਾਜੇ ਜ਼ਾਲਮ ਹਨ, ਪਰਜਾ ਅੰਨ੍ਹੀ ਹੈ। ਮੁਰਦਿਆਂ ਵਾਂਗੂ ਇਹ ਹਾਕਮਾਂ ਦੀ ਵਫ਼ਾਦਾਰੀ ਕਰਦੀ ਹੈ। ਇਸ ਸਲੋਕ ਵਿਚ ਦੇਸ ਨੂੰ ਕਿਤਨਾ ਟੁੰਬਿਆ ਹੈ ?

ਏਮਨਾਬਾਦ ਵਿਚ ਲੁਟਮਾਰ ਤੇ ਕਤਲਾਮ ਦੇ ਨਾਲ ਬਾਬਰ ਦੀ ਫੌਜ ਨੇ ਬਹੁਤ ਸਾਰੇ ਹਿੰਦੂਆਂ ਨੂੰ ਫੜ ਲਿਆ। ਕਈ ਸਾਧੂ ਫ਼ਕੀਰ ਭੀ ਫੜੇ ਗਏ। ਉਨ੍ਹਾਂ ਵਿਚ ਗੁਰੂ ਜੀ ਤੇ ਮਰਦਾਨਾ ਭੀ ਸਨ। ਮੁਗਲ ਸਿਪਾਹੀਆਂ ਨੇ ਬੋਝ ਸਿਰ ਉਤੇ ਚੁਕਾ ਕੇ ਫ਼ਕੀਰਾਂ ਨੂੰ ਟੋਰਿਆ ਤੇ ਦਾਣੇ ਪੀਹਣ ਲਈ ਚੱਕੀਆਂ ਦਿਤੀਆਂ।

ਮਰਦਾਨੇ ਨੇ ਕਿਹਾ–'ਗਰੀਬ ਨਿਵਾਜ਼ ! ਮੈਥੋਂ ਚੱਕੀ ਕਿਸ ਤਰ੍ਹਾਂ ਪੀਠੀ ਜਾ ਸਕਦੀ ਹੈ ?'

'ਜਦ ਦੇਸ ਉਤੇ ਮੁਸੀਬਤ ਆਵੇ, ਅਸੀਂ ਕਿਵੇਂ ਵਖ ਰਹਿ ਸਕਦੇ ਹਾਂ ? ਮਰਦਾਨਿਆਂ ਕਰਤਾਰ ਨੂੰ ਯਾਦ ਕਰ। ਉਸਦੀ ਰਜ਼ਾ ਵਿਚ ਰਾਜ਼ੀ ਹੋ ਕੇ ਚੱਕੀ ਪੀਹ।' ਗੁਰੂ ਜੀ ਨੇ ਉਤਰ ਦਿਤਾ।

ਬਾਬਰ ਨੂੰ ਗੁਰੂ ਜੀ ਦਾ ਪਤਾ ਲਗਾ। ਉਸ ਨੇ ਬੰਦੀਖਾਨੇ ਵਿਚ ਜਾ ਕੇ ਦਰਸ਼ਨ ਕੀਤੇ ਤੇ ਕਿਹਾ–'ਕੋਈ ਸੇਵਾ ਦਸੋ ?'

ਗੁਰੂ ਜੀ–ਇਹ ਜੋ ਬੰਦੀ ਹੋਈ ਹੈ ਸੈਦ ਪੁਰ ਦੀ, ਛੋੜ ਦੇਹਿ।

(ਪੁਰਾਤਨ ਜਨਮ ਸਾਖੀ)

ਸਭ ਦੇ ਬੰਧਨ ਕਟਾਕੇ ਆਪ ਨੇ ਬਾਬਰ ਨੂੰ ਨਿਆਂ ਕਰਨ ਦਾ ਉਪਦੇਸ਼ ਕੀਤਾ । ਪੁਰਾਤਨ ਜਨਮ ਸਾਖੀਆਂ ਵਿਚ ਲਿਖਿਆ ਹੈ ਕਿ ਬਾਬਰ ਨੇ ਦਰਵੇਸ਼ ਸਮਝ ਕੇ ਭੰਗ ਪੇਸ਼ ਕੀਤੀ। ਗੁਰੂ ਜੀ ਨੇ 'ਭਾਉ ਮੇਰਾ ਭਾਂਗ ਖਲੜੀ ਮੇਰਾ ਚੀਤ' ਸ਼ਬਦ ਉਚਾਰਨ ਕਰਕੇ ਭੰਗ ਪੀਣ ਦੀ ਨਿਖੇਧੀ ਕੀਤੀ ਤੇ ਦਸਿਆ ਕਿ ਇਕੋ ਵਾਹਿਗੁਰੂ ਦਾ ਨਾਮ ਹੀ ਇਕ ਨਸ਼ਾ ਹੈ ਜੋ ਕਦੀ ਨਹੀਂ ਉਤਰ ਸਕਦਾ।

ਮੁਸਲਮਨਾਂ ਦੀ ਗੁਲਾਮੀ ਦੇ ਕਾਰਨ ਕਈ ਹਿੰਦੂ ਨੀਲੇ ਕਪੜੇ ਪਹਿਨਦੇ, ਫ਼ਾਰਸੀ ਬੋਲਦੇ ਤੇ ਕੁਠਾ ਮਾਸ ਖਾਂਦੇ ਸਨ। ਗੁਰੂ ਜੀ ਨੇ ਉਨ੍ਹਾਂ ਦੀ ਗਿਰਾਵਟ ਦੇ ਵਿਰੁਧ ਸਖਤ ਆਵਾਜ਼ ਉਠਾਈ।

ਦਿਲੀ ਵਿਚ ਸਿਕੰਦਰ ਲੋਧੀ ਦੇ ਪਾਸ, ਰੁਹੇਲ ਖੰਡ ਤੇ ਏਮਨਾ-ਬਾਦ ਵਿਚ ਦੇਸ਼ ਵਾਸੀਆਂ ਤੇ ਦੀਨ ਦੁਖੀਆਂ ਦੇ ਬੰਧਨ ਕਟ ਕੇ ਸਬੂਤ ਦਿਤਾ ਕਿ ਆਪ ਰਾਜਨੀਤਕ ਜ਼ੁਲਮ ਦੇ ਵਿਰੋਧੀ ਸਨ । ਇਸ ਸਿਖਿਆ ਨੇ ਹੀ ਸਿਖ ਧਰਮ ਨੂੰ ਤਾਕਤਵਰ ਬਣਾਇਆ ਤੇ ਜ਼ੁਲਮ ਦੇ ਵਿਰੋਧੀ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਲਈ ਤਿਆਰ ਕੀਤਾ।

ਇਸ ਵਕਤ ਕੁਝ ਦੇਸਾਂ ਵਿਚ ਸ਼ਖਸੀ ਰਾਜ ਹੈ ਅਤੇ ਕਈਆਂ ਵਿਚ ਪੰਚਾਇਤੀ । ਭਾਵੇਂ ਪੱਛਮੀ ਦੇਸ਼ ਪੰਚਾਇਤੀ ਰਾਜ ਦੇ ਹਾਮੀ ਹਨ, ਪਰ ਅਜੇ ਇਸ ਨੂੰ ਅਮਲ ਵਿਚ ਨਹੀਂ ਲਿਆਂਦਾ ਜਾ ਰਿਹਾ । ਤਾਕਤ ਨਾਲ ਹਕੂਮਤ ਕੀਤੀ ਜਾ ਰਹੀ ਹੈ। ਪੱਛਮੀ ਪੰਚਾਇਤੀ ਰਾਜ ਦੀ ਨੀਂਹ ਇਸ ਅਸੂਲ ਤੇ ਰਖੀ ਗਈ ਹੈ-'ਉਹੀ ਗਲ ਬਹੁਤ ਚੰਗੀ ਹੈ, ਜਿਸ ਵਿਚ ਬਹੁਤਿਆਂ ਦਾ ਭਲਾ ਹੋਵੇ ।' ਜੇ ਬਹੁਤੇ ਭੇੜੇ ਰਲ ਜਾਣ ਧਕਾ ਕਰਨ ਤਾਂ ਇਸ ਫਾਰਮੂਲੇ ਅਨੁਸਾਰ ਉਹ ਰਾਸਤੀ ਤੇ ਹੋਣਗੇ । ਸ੍ਰੀ ਗੁਰੂ ਨਾਨਕ ਦੇਵ ਨੇ ਸਮਾਜ ਲਈ ਇਕ ਆਦਰਸ਼ ਪੇਸ਼ ਕੀਤੀ ਹੈ-'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ ।' ਇਸ ਵਿਚ ਸੰਸਾਰ ਲਈ ਅਮਨ, ਇਨਸਾਫ, ਬਰਾਬਰੀ ਤੇ ਆਤ-ਮਿਕ ਸ਼ਾਂਤੀ ਹੈ ।

—o—

ਗਿਆਰ੍ਹਵਾਂ ਵਿਆਖਿਆਨ

ਅਚਲ ਵਟਾਲੇ ਤੇ ਮੁਲਤਾਨ ਦੀ ਗੋਸ਼ਟ
ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਤੇ ਸਚਖੰਡ ਪਯਾਨੇ

ਚਾਰ ਉਦਾਸੀਆਂ ਖਤਮ ਕਰਕੇ ਗੁਰੂ ਜੀ ੧੫੨੯ ਵਿਚ ਕਰਤਾਰ ਪੁਰ ਆ ਬਿਰਾਜੇ । ਆਪ ਨੇ ਜੋ ਧਰਮ ਸਾਰੇ ਸੰਸਾਰ ਵਿਚ ਫਿਰ ਕੇ ਪ੍ਰਚਾਰਿਆ ਸੀ, ਇਥੇ ਬੈਠ ਕੇ ਉਸ ਦੀ ਮਰਯਾਦਾ 'ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ' (ਭਾ: ਗੁ: ਵਾਰ ੧) ਆਦਿ ਸਿਖੀ ਦੀ ਰਹੁ ਰੀਤ ਤੇ ਨਿਯਮ ਸਮਝਾਏ। ਜਿਸ ਤਰ੍ਹਾਂ ਚੁੰਬਕ ਵਲ ਲੋਹੇ ਦੇ ਹਜ਼ਾਰਾਂ ਕਿਣਕੇ ਖਿਚੇ ਤੁਰੇ ਆਉਂਦੇ ਹਨ ਗੁਰੂ ਕੇ ਸਿਖ ਦੇਸਾਂ ਦੇਸਾਂਤਰਾਂ ਵਿਚੋਂ ਕਰਤਾਰ ਪੁਰ ਖਿਚੇ ਆ ਰਹੇ ਸਨ । ਪ੍ਰਿਥੀ ਮਲ ਸਹਿਗਲ, ਰਾਮਾ ਡਿਡੀ, ਪਿਰਥਾ, ਖੇਡਾ ਸੋਇਰੀ, ਭਗਤਾ, ਫਿਰਣਾ ਜੋਧ, ਸ਼ੀਹਾਂ ਉਪਲ, ਤਾਰੂ, ਪੋਪਟ ਤੇ ਅਜਿਤੇ ਰੰਧਾਵੇ ਨੇ ਸਿਖੀ ਪ੍ਰਾਪਤ ਕੀਤੀ ।

ਇਸ ਦੌਰਾਨ ਵਿਚ ਲਹਿਣਾ ਜੀ ਦਾ ਮਿਲਾਪ ਹੋਇਆ । ਉਹ ਦੇਵੀ ਦੀ ਪੂਜਾ ਛੱਡ ਕੇ ਇਕ ਅਕਾਲ ਪੁਰਖ ਦੀ ਭਗਤੀ ਅਤੇ ਸੇਵਾ ਵਲ ਲਗੇ। ਸ਼ੇਖ ਮਾਲੋ, ਉਬਾਰੇ ਖਾਂ ਤੇ ਅਬਦੁਲ ਰਹਿਮਾਨ ਨੇ ਭੀ ਗੁਰੂ ਬਾਬੇ ਪਾਸੋਂ ਉਪਦੇਸ਼ ਲਿਆ ।

ਕਰਤਾਰ ਪੁਰ ਵਿਚ ਭਾਈ ਮਰਦਾਨੇ ਦਾ ਚਲਾਣਾ ਹੋਇਆ । ਗੁਰੂ ਜੀ ਨੇ ਪ੍ਰੇਮ ਨਾਲ ਆਪਣੇ ਬਾਲ ਸਖਾਈ ਤੇ ਸਫਰ ਦੇ ਸਾਥੀ ਦਾ ਅੰਤਮ ਸੰਸਕਾਰ ਕੀਤਾ ।

ਇਕ ਵੇਰ ਗੁਰੂ ਬਾਬਾ ਜੀ ਸ਼ਿਵਰਾਤ੍ਰੀ ਦਾ ਮੇਲਾ ਸੁਣ ਕੇ ਫਿਰ ਅਚਲ ਵਟਾਲੇ ਆਏ ਇਥੇ ਬੜੇ ੨ ਸਿਧ ਤੇ ਜੋਗੀ ਪੁਜੇ ਹੋਏ ਸਨ, ਜਿਨ੍ਹਾਂ ਨੂੰ ਆਪ ਨੇ ਗੋਸ਼ਟ ਕਰਕੇ ਜਿਤਿਆ ਸੀ । ਜਦ ਸਿਧਾਂ ਨੂੰ

ਪਤਾ ਲਗਾ ਕਿ ਸਤਿਗੁਰੂ ਜੀ ਨੇ ਉਦਾਸੀ ਭੇਖ ਉਤਾਰ ਦਿਤਾ ਹੈ ਅਤੇ ਗ੍ਰਹਿਸਤ ਵਿਚ ਪਰਵਿਰਤ ਹੋ ਗਏ ਹਨ, ਤਾਂ ਉਨ੍ਹਾਂ ਨੇ ਸਮਝਿਆ ਕਿ ਇਸ ਨੁਕਤੇ ਉਤੇ ਬਹਿਸ ਕਰਕੇ ਉਹ ਮਹਾਰਾਜ ਨੂੰ ਜਿਤ ਲੈਣਗੇ।

ਹਿੰਦੁਸਤਾਨ ਵਿਚ ਇਕ ਪੁਰਾਣਾ ਖਿਆਲ ਇਹ ਸੀ ਕਿ ਗ੍ਰਹਿਸਤੀ ਹੋ ਕੇ ਕੋਈ ਆਦਮੀ ਆਤਮਿਕ ਉਪਦੇਸ਼ ਨਹੀਂ ਕਰ ਸਕਦਾ। ਉਸ ਵਕਤ ਗ੍ਰਿਹਿਸਤ ਤੇ ਸੰਨਿਆਸ ਵਿਚਕਾਰ ਕਾਫੀ ਵਿਥ ਪੈ ਚੁਕੀ ਸੀ। ਦੁਨੀਆਦਾਰੀ ਦੇ ਤਿਆਗ ਉਤੇ ਜ਼ੋਰ ਦਿਤਾ ਜਾਂਦਾ ਸੀ। ਇਸ ਨੂੰ ਮੁਖ ਰਖ ਕੇ ਸਿੱਧਾਂ ਨੇ ਚਰਚਾ ਸ਼ੁਰੂ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ—

ਖਾਧੀ ਖੁਣਸ ਜੁਗੀਸਰਾਂ ਗੋਸ਼ਟ ਕਰਨ ਸਭੇ ਉਠ ਆਈ।
ਪੁਛੇ ਜੋਗੀ ਭੰਗਰਨਾਥ ਤੁਧ ਦੁਧ ਵਿਚ ਕਿਉਂ ਕਾਂਜੀ ਪਾਈ।
ਫਿਟਿਆ ਚਾਟਾ ਦੁਧ ਦਾ ਮਖਣ ਰਿੜਕਿਆ ਹਥ ਨ ਆਈ।
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ।

ਜੋਗੀਆਂ ਦੀ ਨਜ਼ਰ ਵਿਚ ਤਿਆਗ ਅਤੇ ਸੰਨਿਆਸ ਦੁਧ ਤੇ ਗ੍ਰਿਹਿਸਤ ਕਾਂਜੀ ਸੀ।

ਗੁਰੂ ਜੀ ਨੇ ਇਸ ਪ੍ਰਸ਼ਨ ਦਾ ਉਤਰ ਦਿਤਾ—

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂ ਕੇ ਘਰ ਮੰਗਣ ਜਾਈ।

ਭਾਵ--ਜਿਸ ਗ੍ਰਿਹਿਸਤ ਨੂੰ ਮਾੜਾ ਕਹਿੰਦੇ ਹੋ, ਰੋਟੀ ਕਪੜਾ ਲੈਣ ਲਈ ਉਸੇ ਦੀ ਸ਼ਰਨ ਲੈਂਦੇ ਹੋ।

ਸਿਧ ਲਾਜਵਾਬ ਹੋ ਗਏ। ਉਹਨਾਂ ਦੀ ਹੋਰ ਕੋਈ ਪੇਸ਼ ਨਾ ਗਈ ਤਾਂ ਕਰਾਮਾਤਾਂ ਵਿਖਾਣ ਤੇ ਆ ਗਏ। ਕਹਿਣ ਲਗੇ—'ਸਾਨੂੰ ਕੋਈ ਕਰਾਮਾਤ ਹੀ ਵਿਖਾਓ।'

ਭਾਈ ਗੁਰਦਾਸ ਜੀ ਲਿਖਦੇ ਹਨ—

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚ ਮੁਖਹੁ ਅਲਾਹੀ।
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ।

ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ ।
ਕਰੋਂ ਰਸੋਈ ਸਾਰ ਦੀ ਸਗਲੀ ਧਰਤੀ ਨਥ ਚਲਾਈ ।
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ ।
ਤੋਲੀ ਧਰਤਿ ਆਕਾਸ਼ ਦੋਇ ਪਿਛੇ ਛਾਬੇ ਟੰਕ ਚੜ੍ਹਾਈ ।
ਇਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ ।
ਸਤਿਨਾਮ ਬਿਨਾ ਬਾਦਰ ਛਾਈ । (੧-੪੩)

ਆਪ ਨੇ ਸਿੱਧਾਂ ਨੂੰ ਇਕ ਰਬ ਦੀ ਟੇਕ ਤੇ ਸਾਧ-ਸੰਗਤ, ਦੋ ਵੱਡੀਆਂ ਕਰਾਮਾਤਾਂ ਦਸੀਆਂ ।

ਸਚੇ ਪਾਤਸ਼ਾਹ ਅਚਲ ਵਿਚ ਸਿੱਧਾਂ ਨੂੰ ਨਿਵਾ ਕੇ ਮੁਲਤਾਨ ਦੇ ਪੀਰਾਂ ਨੂੰ ਮਿਲਣ ਲਈ ਗਏ । ਅਗੋਂ ਉਨ੍ਹਾਂ ਨੇ ਦੁਧ ਦਾ ਕਟੋਰਾ ਭਰਕੇ ਭੇਜਿਆ । ਜਿਸ ਦਾ ਮਤਲਬ ਇਹ ਸੀ ਕਿ ਮੁਲਤਾਨ ਪੀਰੀ ਪੁਰ ਹੈ । ਇਥੇ ਹੋਰ ਕਿਸੇ ਫ਼ਕੀਰ ਦੀ ਗੁੰਜਾਇਸ਼ ਨਹੀਂ । ਗੁਰੂ ਜੀ ਨੇ ਚੰਬੇਲੀ ਦਾ ਫੁਲ ਰੱਖ ਕੇ ਦੁਧ ਦਾ ਕਟੋਰਾ ਵਾਪਸ ਕਰ ਦਿਤਾ । ਭਾਵ ਇਹ ਸੀ ਕਿ ਅਸੀਂ ਪਿਆਰ ਤੇ ਸੁਗੰਧੀ ਵਾਂਗੂ ਤੁਹਾਡੇ ਵਿਚ ਲੀਨ ਹੋ ਕੇ ਸਭ ਤੋਂ ਉਤੇ ਰਹਿ ਸਕਦੇ ਹਾਂ । ਮੁਲਤਾਨ ਦੇ ਪੀਰਾਂ ਨਾਲ ਗੋਸਟ ਕਰਕੇ ਹਜ਼ੂਰ ਨੇ ਉਨ੍ਹਾਂ ਨੂੰ ਕ੍ਰਿਤਾਰਥ ਕੀਤਾ ।

ਦੱਖਣੀ ਪੰਜਾਬ ਵਿਚ ਹੀ ਗੁਰੂ ਜੀ ਨੇ ਸ਼ਾਹ ਸੁਹਾਗਣ ਨਾਮੀਂ ਮੁਸਲਮਾਨ ਫ਼ਕੀਰ ਨੂੰ ਪਖੰਡ ਛਡ ਕੇ ਸਚੇ ਧਰਮ ਦੇ ਮਾਰਗ ਤੇ ਚਲਣ ਦਾ ਉਪਦੇਸ਼ ਕੀਤਾ । ਮੁਲਤਾਨ ਦੀ ਜ਼ਿਆਰਤ ਕਰਕੇ ਆਪ ਕਰਤਾਰ ਪੁਰ ਆ ਬਿਰਾਜੇ ।

ਬਹੁਤ ਸਾਰੇ ਮਹਾਂ ਪੁਰਖਾਂ ਨੂੰ ਆਪਣੇ ਪਿਛੋਂ ਕੋਈ ਯੋਗ ਜਾਨਸ਼ੀਨ ਨਹੀਂ ਮਿਲਿਆ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਹੀ ਭਾਈ ਲਹਿਣਾ ਜੀ ਨੂੰ ਆਤਮਿਕ ਸਿਖਿਆ ਦੇ ਕੇ ਗੁਰਗੱਦੀ ਦੀ ਜ਼ਿੰਮੇਂਵਾਰੀ ਸੰਭਾਲਣ ਲਈ ਤਿਆਰ ਕੀਤਾਂ । ਪੁਤਰਾਂ ਨੂੰ ਛਡ ਕੇ ਗੁਰਗੱਦੀ ਉਨ੍ਹਾਂ ਨੂੰ ਬਖਸ਼ਕੇ ਸ੍ਰੀ ਗੁਰੂ ਅੰਗਦ ਦੇਵ ਬਣਾ ਦਿਤਾ । ਇਹ ਮਜ਼ਬ ਵਿਚ ਇਕ ਭਾਰੀ ਪਰਿਵਰਤਨ ਸੀ ।

ਪੁਤਰਾਂ ਨੇ ਰੋਸ ਕੀਤਾ, ਪਰ ਗੁਰੂ ਜੀ ਨੇ ਕਿਹਾ'–ਸ੍ਰੀ ਲਹਿਣਾ ਜੀ ਗੱਦੀ ਦੇ ਹੱਕਦਾਰ ਹਨ । ਇਸ ਲਈ ਇਹ ਦਾਤ ਉਨ੍ਹਾਂ ਨੂੰ ਮਿਲੀ ਹੈ ।'

ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ–

ਜ਼ਯਾਰਤ ਕਰ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਯਾ ।
ਚੜ੍ਹੇ ਸਵਾਈ ਦਹਿ ਦਿਹੀ ਕਲਜੁਗ ਨਾਨਕ ਨਾਮ ਧਿਆਯਾ ।
ਵਿਣ ਨਾਵੇ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ ।
ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ ।
ਜੋਤੀ ਜੋਤ ਮਿਲਾਇ ਕੇ ਸਤਿਗੁਰ ਨਾਨਕ ਰੂਪ ਵਟਾਯਾ ॥
ਕਾਯਾ ਪਲਟ ਸਰੂਪ ਬਣਾਯਾ । (੧-੩)

ਪੁਰਾਣਾ ਮਜ਼ਬ ਮੜ੍ਹੀਆਂ, ਗੋਰਾਂ ਤੇ ਸ਼ਖਸੀਅਤਾਂ ਦਾ ਪੁਜਾਰੀ ਬਣ ਗਿਆ ਸੀ । ਗੁਰੂ ਜੀ ਨੇ ਅੰਤਮ ਸਮੇਂ ਕਿਹਾ–

'ਬਾਬਾ ਮੜੀ ਨ ਗੋਰ, ਗੁਰ ਅੰਗਦ ਕੇ ਹੀਏ ਮਹਿ ।
ਪੁਨ ਸਤਿਸੰਗਤ ਔਰ, ਨਿਸਦਿਨ ਬਸਬੈ ਮੈਂ ਕਰਹੁ ।'

ਅੰਤਮ ਸਮੇਂ ਹਜ਼ੂਰ ਨੇ ਸੋਹਲੇ ਦੇ ਸ਼ਬਦ, ਤੁਖਾਰੀ ਬਾਰਾਂ ਮਾਹ ਤੇ ਵਡਹੰਸ ਦੀਆਂ ਅਲਾਹਣੀਆਂ ਉਚਾਰਨ ਕੀਤੀਆਂ । ੭੦ ਬਰਸ ੪ ਮਹੀਨੇ ੩ ਦਿਨ ਸੰਸਾਰ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਅਸੂ ਵਦੀ ੧੦ ਸੰਮਤ ੧੫੯੬ ਨੂੰ ਕਰਤਾਰ ਪੁਰ ਵਿਚ ਸਤਿ ਕਰਤਾਰ ਵਿਚ ਲੀਨ ਹੋ ਗਏ ।

ਸੇਵਾ ਤੇ ਭਗਤੀ ਦੇ ਪੁੰਜ

ਸ੍ਰੀ ਗੁਰੂ ਅੰਗਦ ਦੇਵ ਜੀ

ਅਮਿਆ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ।
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ।
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ।
ਗੁਰ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ।
ਸੁ ਕਹੁ 'ਟਲ' ਗੁਰ ਸੇਵੀਐ ਅਹਿਨਿਸਿ ਸਹਜਿ ਸੁਭਾਇ ।
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖ ਜਾਇ ।
(ਸਵਈਏ ਮਹਲੇ ਦੂਜੇ ਕੇ–੧੦)

--

ਪਾਰਸ ਹੋਯਾ ਪਾਰਸਹੁੰ ਸਤਿਗੁਰ ਪਰਚੇ ਸਤਿਗੁਰ ਕਹਿਣਾ ।
ਚੰਦਨ ਹੋਯਾ ਚੰਦਨਹੁੰ ਗੁਰ ਉਪਦੇਸ ਰਹਿਤ ਵਿਚ ਰਹਿਣਾ ।
ਜੋਤ ਸਮਾਣੀ ਜੋਤ ਵਿਚ ਗੁਰਮਤਿ ਸੁਖ ਦੁਰਮਤਿ ਦੁਖ ਦਹਿਣਾ ।
ਅਚਰਜ ਨੂੰ ਅਚਰਜ ਮਿਲੈ ਵਿਸਮਾਦੇ ਵਿਸਮਾਦ ਸਮਹਿਣਾ ।
ਅਪਿਉ ਪੀਣ ਨਿਝਰ ਝਰਨ ਅਜਰ ਜਰਨ ਅਸਹਨ ਸਹਿਣਾ ।
ਸਚ ਸਮਾਣਾ ਸਚ ਵਿਚ ਗਾਡੀਰਾਹ ਸਾਧ ਸੰਗ ਵਹਿਣਾ ।
ਬਾਬਾਣੇ ਘਰ ਚਾਨਣ ਲਹਿਣਾ । (ਵਾਰ ੨੪–੬)

ਸ੍ਰੀ ਗੁਰੂ ਅੰਗਦ ਦੇਵ ਜੀ

ਅਵਤਾਰ ਧਾਰਿਆ	: ਵੈਸਾਖ ਸੁਦੀ ੧ ਸੰਮਤ ੧੫੬੧ ਬਿਕ੍ਰਮੀ।
ਜਨਮ ਅਸਥਾਨ	: ਮੱਤੇ ਦੀ ਸਰਾਂ ਜ਼ਿਲਾ ਫ਼ੀਰੋਜ਼ਪੁਰ।
ਮਾਤਾ ਪਿਤਾ	: ਸ੍ਰੀ ਫੇਰੂ ਮਲ ਜੀ ਤੇ ਮਾਤਾ ਸਭਰਾਈ ਜੀ।
ਵਿਆਹ	: ਗੁਰੂ ਜੀ ਦੀ ਸ਼ਾਦੀ ਸੰਮਤ ੧੫੭੬ ਵਿਚ ਸ੍ਰੀ ਖੀਵੀ ਜੀ ਨਾਲ ਹੋਈ।
ਸੰਤਾਨ	: ਦਾਸੂ ਜੀ ਤੇ ਦਾਤੂ ਜੀ ਦੋ ਪੁਤਰ ਅਤੇ ਬੀਬੀ ਅਮਰੋ ਤੇ ਅਣੋਖੀ ਦੋ ਪੁਤ੍ਰੀਆਂ ਸਨ।
ਗੁਰੂ ਮਿਲਾਪ	: ੧੫੯੯ ਬਿਕ੍ਰਮੀ ਨੂੰ ਕਰਤਾਰ ਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ।
ਗੁਰ-ਗੱਦੀ	: ਅਸੂ ਵਦੀ ੫ ਸੰਮਤ ੧੫੯੬ ਬਿ: ਨੂੰ ਕਰਤਾਰਪੁਰ ਵਿਖੇ ਗੁਰ-ਗੱਦੀ ਤੇ ਬਿਰਾਜੇ।
ਜੋਤੀ ਜੋਤ ਸਮਾਏ	: ਚੇਤਰ ਸੁਦੀ ੪ ਸੰਮਤ ੧੬੦੯ ਬਿਕ੍ਰਮੀ ਨੂੰ ਖਡੂਰ ਸਾਹਿਬ ਜ਼ਿਲਾ ਅੰਮ੍ਰਿਤਸਰ ਵਿਚ।

ਬਾਰ੍ਹਵਾਂ ਵਿਆਖਿਆਨ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿਸ਼ਕਾਮ ਸੇਵਾ ਤੇ ਭਗਤੀ

ਸਿੱਖ ਕਿਵੇਂ ਬਣੀਦਾ ਹੈ ? ਇਸ ਦਾ ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਤੋਂ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛੋਂ ਸਭ ਤੋਂ ਵੱਡਾ ਕੰਮ ਉਨ੍ਹਾਂ ਦੇ ਕੀਤੇ ਹੋਏ ਕੰਮ ਦੀ ਸੰਭਾਲ ਕਰਨਾ ਸੀ। ਸਿਖੀ ਨੂੰ ਸਹੀ ਸਮਝਣਾ, ਅਮਲ ਵਿਚ ਲਿਆਉਣਾ ਅਤੇ ਉਸ ਨੂੰ ਪ੍ਰਚਾਰਨਾ ਸੀ। ਇਹ ਮਹਾਨ ਕਾਰਜ ਆਪ ਜੀ ਨੇ ਕੀਤਾ।

ਗੁਰੂ ਦੇ ਹੁਕਮ ਦੀ ਪਾਲਣਾ, ਨਿਸ਼ਕਾਮ ਸੇਵਾ, ਖਿਮਾਂ, ਨਿਰਭੈਤਾ ਅਤੇ ਭਗਤੀ ਆਪ ਦੇ ਖਾਸ ਗੁਣ ਸਨ। ਵਿਸ਼ਵ-ਵਿਆਪੀ ਪ੍ਰਚਾਰ ਨੂੰ ਕੇਂਦਰੀ ਕਰਕੇ ਉਸ ਦੀ ਜੜ੍ਹ ਨੂੰ ਪਕਿਆਂ ਕਰਨਾ, ਗੁਰਬਾਣੀ ਅਤੇ ਸਿਖ ਇਤਿਹਾਸ ਦੀ ਸੰਭਾਲ ਦਾ ਪਹਿਲਾ ਉਦਮ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤਾ।

ਗੁਰੂ ਜੀ ਦਾ ਜਨਮ ਵੈਸਾਖ ੧੫੬੧ ਵਿਚ ਮੱਤੇ ਕੀ ਸਰਾਂ ਜ਼ਿਲ੍ਹਾ ਫੀਰੋਜ਼ਪੁਰ ਵਿਚ ਸ੍ਰੀ ਫੇਰੂ ਮਲ ਜੀ ਤਰੇਹਣ ਖਤਰੀ ਦੇ ਘਰ ਮਾਤਾ ਸਭਰਾਈ ਜੀ ਦੀ ਕੁਖੋਂ ਹੋਇਆ। ਇਹ ਦੋਵੇਂ ਜੀਅ ਚੰਗੇ ਗ੍ਰਿਹਸਥੀ, ਕਾਰੋਬਾਰ ਤੇ ਵੈਸ਼ਨੋ ਦੇਵੀ ਦੇ ਭਗਤ ਸਨ। ਫੇਰੂ ਮਲ ਜੀ ਦੁਕਾਨ ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਪੁਤਰ ਦਾ ਨਾਂ ਲਹਿਣਾ ਰਖਿਆ। ਮਾਤਾ ਪਿਤਾ ਦੇ ਵਿਚਾਰਾਂ ਦਾ ਪ੍ਰਭਾਵ ਬੱਚੇ ਤੇ ਪੈਣਾ ਸੁਭਾਵਿਕ ਗਲ ਸੀ। ਸ੍ਰੀ ਲਹਿਣਾ ਜੀ ਬਚਪਨ ਤੋਂ ਹੀ ਭਗਤੀ ਭਾਵ ਵਾਲੇ ਤੇ ਦੇਵੀ ਦੇ ਉਪਾਸ਼ਕ ਸਨ।

ਮੁਸਲਮਾਨ ਹਾਕਮਾਂ ਦੀ ਸਖਤੀ ਕਰਕੇ ਫੇਰੂ ਜੀ ਆਪਣਾ ਨਗਰ ਛੱਡ ਕੇ ਪਿੰਡ ਖਡੂਰ ਜ਼ਿਲ੍ਹਾ ਅੰਮ੍ਰਿਤਸਰ ਵਿਚ ਆ ਵਸੇ। ਇਥੇ ਹੀ ੧੫੭੬ ਬਿ: ਵਿਚ ਲਹਿਣਾ ਜੀ ਦੀ ਸ਼ਾਦੀ ਦੇਵੀ ਚੰਦ

ਖੱਤਰੀ ਦੀ ਬੇਟੀ ਖੀਵੀ ਨਾਲ ਹੋਈ । ਆਪ ਚੰਗੇ ਗ੍ਰਿਹਸਤੀ ਬਣ ਗਏ। ਕੰਮ ਭੀ ਦੁਕਾਨ ਦਾ ਕਰਨ ਲਗ ਪਏ। ਦਾਸੂ ਅਤੇ ਦਾਤੂ ਦੋ ਪੁਤਰ, ਬੀਬੀ ਅਮਰੋ ਤੇ ਅਣੋਖੀ ਦੋ ਪੁਤਰੀਆਂ ਆਪ ਦੇ ਘਰ ਹੋਈਆਂ ।

ਪਿਤਾ ਜੀ ਦੇ ਦੇਹਾਂਤ ਮਗਰੋਂ ਲਹਿਣਾ ਜੀ ਨੇ ਘਰ ਦਾ ਸਾਰਾ ਕੰਮ ਕਾਜ ਸੰਭਾਲ ਲਿਆ। ਉਨ੍ਹਾਂ ਦੀਆਂ ਲੀਹਾਂ ਤੇ ਚਲ ਕੇ ਆਪ ਨੇ ਭੀ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਦਾ ਇਰਾਦਾ ਕੀਤਾ। ਉਨ੍ਹਾਂ ਦਿਨਾਂ ਵਿਚ ਖਡੂਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਭਾਈ ਜੋਧਾ ਰਹਿੰਦਾ ਸੀ । ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦਾ ਸੀ । ਇਕ ਦਿਨ ਉਹ ਪੜ੍ਹ ਰਿਹਾ ਸੀ ।

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬ ਸਦਾ ਸਮਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲਿ ਬੁਰੀ ਕਿਉ ਘਾਲੀਐ ॥
ਮੰਦਾ ਮੂਲ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥

(ਵਾਰ ਆਸਾ ਮ: ੧)

ਇਸ ਵਾਕ ਨੂੰ ਸੁਣ ਕੇ ਲਹਿਣਾ ਜੀ ਨੂੰ ਬੜੀ ਠੰਢ ਪਈ। ਭਗਤੀ ਭਗਤ ਅਤੇ ਜਗਿਆਸਾ ਭਾਵ ਤੇ ਅਗੇ ਹੀ ਸੀ। ਆਪ ਨੇ ਭਾਈ ਜੋਧੇ ਪਾਸੋਂ ਪੁਛਿਆ--'ਇਹ ਕਿਸ ਦੀ ਬਾਣੀ ਪੜ੍ਹਦੇ ਹੋ ?'

'ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ।' ਜੋਧੇ ਨੇ ਉਤਰ ਦਿਤਾ। ਬਸ, ਉਸ ਦਿਨ ਤੋਂ ਹੀ ਆਪ ਨੂੰ ਗੁਰੂ ਦਰਸ਼ਨਾਂ ਦੀ ਲਟਕ ਲਗੀ।

ਕੁਦਰਤ ਦੀ ਰਚਨਾਂ ਵਿਚ ਇਕ ਅਸੂਲ ਹੈ ਕਿ ਜੈਸੀ ਕੋਈ ਚੀਜ਼ ਹੁੰਦੀ ਹੈ, ਉਹ ਆਪ ਵਰਗੀ ਚੀਜ਼ ਨੂੰ ਲਭ ਲੈਂਦੀ ਹੈ। ਜਦ ਕਿਸੇ ਗੱਲ ਦੀ ਲਾਲਸਾ ਹੋਵੇ, ਤਦ ਉਸ ਦੀ ਪ੍ਰਾਪਤੀ ਲਈ ਸਾਧਨ

ਇਕੱਠੇ ਹੋ ਜਾਂਦੇ ਹਨ । ਲਹਿਣਾ ਜੀ ਦੇਵੀ-ਭਗਤਾਂ ਦੀ ਮੰਡਲੀ ਲੈ ਕੇ ਕਰਤਾਰ ਪੁਰ ਦੇ ਕੋਲੋਂ ਲੰਘ ਰਹੇ ਸਨ ਕਿ ਅਗੋਂ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋ ਗਏ। ਪਹਿਲੀ ਵੇਰ ਹੀ ਆਪ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਆਪ ਨੂੰ ਪ੍ਰਤੀਤ ਹੋਇਆ ਕਿ ਜਿਸ ਦੇਵੀ ਦੇ ਦਰਸ਼ਨ ਨੂੰ ਉਹ ਜਾ ਰਹੇ ਹਨ, ਗੁਰੂ ਕੀ ਸੰਗਤ ਤੇ ਉਸਦੇ ਦਵਾਰੇ ਤੇ ਉਹੋ ਜਿਹੀਆਂ ਕਈ ਦੇਵੀਆਂ ਝਾੜੂ ਦਿੰਦੀਆਂ ਹਨ । ਬਸ ਫੇਰ ਕੀ ਸੀ, ਕਦਮ ਅਗੇ ਜਾਣੋਂ ਰੁਕ ਗਏ। ਸਤਿਗੁਰੂ ਦੇ ਚਰਨਾਂ ਵਿਚ ਹੀ ਨਿਵਾਸ ਕਰ ਲਿਆ। ਭਜਨ ਸਿਮਰਨ ਤੇ ਸੇਵਾ ਕਰਨ ਲਗ ਪਏ।

ਆਪ ਦਾ ਜੀਵਨ ਧਾਰਮਿਕ, ਪਰੇਮ ਭਗਤੀ ਅਤੇ ਸੇਵਾ ਵਾਲਾ ਸੀ । ਪੂਰਨ ਸਤਿਗੁਰੂ ਦੀ ਚਰਨ-ਛੁਹ ਨੇ ਉਸ ਨੂੰ ਹੋਰ ਰੋਸ਼ਨ ਕਰ ਦਿਤਾ। ਦੇਵੀ ਪੂਜਾ ਵਲੋਂ ਹਟਾ ਕੇ ਇਕ ਅਕਾਲ ਪੁਰਖ ਦੀ ਭਗਤੀ ਅਤੇ ਸੇਵਾ ਵਲ ਲਾ ਦਿਤਾ ਤੇ ਆਤਮਿਕ ਗੁਣਾਂ ਦੇ ਨਾਲ ਜੀਵਨ ਜੋਤ ਜਗਾ ਦਿਤੀ । ਕਰਤਾਰ ਪੁਰ ਵਿਚ ਰਹਿ ਕੇ ਲਹਿਣਾ ਜੀ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਪੂਰਨ ਸਤਿਗੁਰੂ ਮਿਲ ਗਏ ਹਨ । ਇਸ ਲਈ ਆਪ ਨੇ ਭਗਤੀ, ਸੇਵਾ ਅਤੇ ਹੁਕਮ ਮੰਨਣ ਵਿਚ ਕਮਾਲ ਕਰ ਦਿਤਾ।

ਸਿਖੀ ਵਿਚ 'ਹੁਕਮ' ਮੰਨਣਾ ਪਹਿਲੀ ਪਉੜੀ ਹੈ । ਇਹ ਦਾਸ-ਬ੍ਰਿਤੀ ਪੈਦਾ ਕਰਨ ਲਈ ਨਹੀਂ। ਇਥੇ ਮਾਲਕ ਜਾਂ ਨੌਕਰ ਦੀ ਭਾਵਨਾ ਨਹੀਂ ਰਹਿੰਦੀ । ਸਿੱਖ ਗੁਰੂ ਨਾਲ ਮਿਲ ਕੇ ਗੁਰੂ ਰੂਪ ਹੋ ਜਾਂਦਾ ਹੈ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਨੂੰ ਕਿਤਨੀ ਖੂਬੀ ਨਾਲ ਕਥਨ ਕੀਤਾ ਹੈ–

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨਾ ਜਾਇ ॥
ਨਾਨਕ ਸੇਵਕ ਕਾਢੀਐ ਜਿ ਸੇਤੀ ਖਸਮ ਸਮਾਇ ॥

(ਵਾਰ ਆਸਾ ਮ: ੨)

ਉਹ ਸੇਵਾ ਤੇ ਚਾਕਰੀ ਕਾਹਦੀ ਹੋਈ, ਜਿਸ ਵਿਚ ਮਾਲਕ ਦਾ ਭਉ ਬਣਿਆ ਰਹੇ ? ਆਰੰਭ ਵਿਚ ਆਚਰਣ ਦੀ ਉਸਾਰੀ ਲਈ

'ਭਊ' ਜ਼ਰੂਰੀ ਪਰ ਅੰਤ ਵਿਚ ਇਹ ਨਹੀਂ ਰਹਿ ਜਾਂਦਾ।

ਉਸ ਸਮੇਂ ਪਰ-ਅਧੀਨ ਦੇਸ਼ ਵਿਚ ਹੁਕਮ ਮੰਨਣਾ, ਚਾਕਰੀ, ਸੇਵਾ ਅਤੇ ਵਫ਼ਾਦਾਰੀ ਕੋਈ ਵੱਡੀ ਗੱਲ ਨਹੀਂ ਸੀ। ਸਿੱਖੀ ਨੇ ਇਹ ਗੱਲਾਂ ਮਾਨਸਿਕ ਜਾਂ ਦਿਮਾਗੀ ਗੁਲਾਮੀ ਲਈ ਨਹੀਂ ਦਿਤੀਆਂ। 'ਹੁਕਮ ਮੰਨਿ ਹੋਵੈ ਪਰਵਾਣੁ' ਦਾ ਅਸੂਲ ਦਸਿਆ ਹੈ ਪਰ ਇਸ ਰਾਹੀਂ ਸਿਖ ਪੁਜਦਾ ਉਸ ਮੁਕਾਮ ਤੇ ਹੈ, ਜਿਥੇ ਹੁਕਮ ਦੇਣ ਵਾਲਾ ਗੁਰੂ ਤੇ ਮੰਨਣ ਵਾਲਾ ਸਿੱਖ ਇਕ ਰੂਪ ਹੋ ਜਾਂਦੇ ਹਨ। ਗੁਰੂ ਤੇ ਸੰਗਤ ਓਤ ਪੋਤ ਹੋ ਜਾਂਦੇ ਹਨ।

ਹੁਕਮ ਵਿਚ ਚਲਣਾ ਅੰਧ ਵਿਸ਼ਵਾਸ ਨਹੀਂ, ਕਿਉਂਕਿ ਬਾਣੀ ਵਿਚ ਦਸਿਆ ਗਿਆ ਹੈ, 'ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥' ਉਚੀ ਸੂਝ ਤੇ ਉਚੀ ਪਰਖ ਨਾਲ ਪੂਰਨ ਸਤਿਗੁਰੂ ਤਕ ਪੁਜਣਾ ਸਿੱਖ ਦਾ ਕੰਮ ਹੈ। ਪੂਰਨ ਸ਼ਰਧਾ ਦ੍ਰਿੜ ਵਿਸਵਾਸ ਨਿਸ਼-ਤਕ ਪੁਜਣਾ ਸਿੱਖ ਦਾ ਕੰਮ ਹੈ।

ਪੂਰਨ ਸ਼ਰਧਾ ਦ੍ਰਿੜ ਵਿਸਵਾਸ ਨਿਸ਼ਕਾਮ ਸੇਵਾ ਤੇ ਭਗਤੀ ਸਿੱਖ ਲਈ ਜ਼ਰੂਰੀ ਹਨ। ਆਤਮਿਕ ਉਨਤੀ ਲਈ ਉਦਮ ਕਰਨਾ ਸਿੱਖ ਦਾ ਫ਼ਰਜ਼ ਹੈ, ਪਰ ਰਹਿਨੁਮਾਈ ਕਰਨੀ ਪੂਰਨ ਗੁਰੂ ਦਾ ਕੰਮ ਹੈ।

ਅਸੀਂ ਹਿਮਾਲਾ ਦੀ ਸਭ ਤੋਂ ਉਚ ਚੋਟੀ ਜਾਂ ਸਮੁੰਦਰ ਦੀ ਡੂੰਘੀ ਤਹਿ ਨਹੀਂ ਵੇਖੀ, ਪਰ ਜਿਨ੍ਹਾਂ ਨੇ ਕਠਨ ਮਿਹਨਤ ਕਰਕੇ ਇਨ੍ਹਾਂ ਨੂੰ ਵੇਖਿਆ ਹੈ, ਸਾਨੂੰ ਉਨ੍ਹਾਂ ਪਰ ਯਕੀਨ ਕਰਨਾ ਪੈਂਦਾ ਹੈ। ਗੁਰੂ ਦੀ ਸਿਖਿਆ, ਰਹਿਨੁਮਾਈ ਅਤੇ ਉਸ ਦੀ ਕਿਰਪਾ ਤੋਂ ਬਿਨਾ ਆਤਮਿਕ ਉਨਤੀ ਨਹੀਂ ਹੋ ਸਕਦੀ। ਇਸ ਲਈ ਗੁਰੂ ਤੇ ਸਿਦਕ ਅਤੇ ਭਰੋਸਾ ਹੋਣਾ ਜ਼ਰੂਰੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਆ ਕੇ ਸ੍ਰੀ ਲਹਿਣਾ ਜੀ ਨੂੰ ਅਨੁਭਵ ਹੋਇਆ ਕਿ ਉਨ੍ਹਾਂ ਨੂੰ ਪੂਰਨ-ਪੁਰਖ ਮਿਲ ਪਏ ਹਨ। ਇਸ ਲਈ ਹੁਕਮ ਮੰਨਣ, ਨਿਸ਼ਕਾਮ ਸੇਵਾ ਅਤੇ ਗੁਰੂ ਭਗਤੀ ਵਿਚ ਆਪ ਨੂੰ ਸਵਾਦ ਆ ਗਿਆ। ਗੁਰੂ ਜੀ ਸਮੇਂ ਸਮੇਂ ਸਿੱਖਾਂ ਅਤੇ ਪੁਤਰਾਂ ਦੀ ਪ੍ਰੀਖਿਆ ਲੈਂਦੇ ਰਹੇ, ਲਹਿਣਾ ਜੀ ਦੀਆਂ

੧੨ ਪ੍ਰੀਖਿਆ ਲਈਆਂ। ਆਪ ਉਨ੍ਹਾਂ ਵਿਚ ਪੂਰੇ ਉਤਰੇ।

ਇਕ ਦਿਨ ਗੁਰੂ ਜੀ ਨੇ ਕਰਤਾਰ ਪੁਰ ਵਿਚ ਸਿੱਖਾਂ ਨੂੰ ਕਿਹਾ– 'ਪਸ਼ੂਆਂ ਲਈ ਘਾਹ ਮਾਰ ਕੇ ਲਿਆਉ।' ਹੋਰ ਸੇਵਕਾਂ ਦੇ ਨਾਲ ਸ੍ਰੀ ਲਹਿਣਾ ਜੀ ਭੀ ਖੁਰਪਾ ਤੰਗੜੀ ਫੜ ਕੇ ਘਾਹ ਮਾਰਨ ਗਏ। ਰਾਵੀ ਦੇ ਕੰਢੇ ਤੇ ਬਰਸਾਤ ਦਾ ਮੌਸਮ ਸੀ। ਜਦ ਆਪ ਨੇ ਘਾਹ ਦੀ ਪੰਡ ਬੱਧੀ ਤਾਂ ਉਸ ਵਿਚੋਂ ਚਿਕੜ ਤੇ ਪਾਣੀ ਚੋ ਰਿਹਾ ਸੀ। ਡੇਰੇ ਆ ਕੇ ਆਪ ਨੇ ਘਾਹ ਪਸ਼ੂਆਂ ਨੂੰ ਪਾ ਦਿਤਾ ਪਰ ਚਿਕੜ ਨਾਲ ਆਪ ਦੇ ਬਸਤ੍ਰ ਤੇ ਸਰੀਰ ਭਰ ਗਿਆ। ਇਹ ਦੇਖ ਕੇ ਮਾਤਾ ਸੁਲੱਖਣੀ ਜੀ ਬੜੇ ਹੈਰਾਨ ਹੋਏ। ਜਦ ਸ਼ਾਮ ਨੂੰ ਸਤਿਗੁਰੂ ਘਰ ਆਏ ਤਦ ਮਾਤਾ ਜੀ ਨੇ ਉਨ੍ਹਾਂ ਨਾਲ ਜ਼ਿਕਰ ਕੀਤਾ। ਹਜ਼ੂਰ ਬੜੇ ਪ੍ਰਸੰਨ ਹੋਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–

ਗੁਨਖਾਨੀ ਗੁਨ ਬੈਨ ਉਚਾਰੇ। ਨਹੀਂ ਪੰਕ ਸੰਗ ਭਰਯੋ ਭਾਰੇ।
ਦੀਨ ਦੁਨੀ ਕਾ ਛਤ੍ਰ ਸੁ ਦੀਓ। ਅਪਰ ਨ ਇਹ ਸਮ ਜਗਮਹਿਬੀਓ।
(ਨਾਨਕ ਪ੍ਰਕਾਸ਼ ਉਤਰਾ: ੪੭)

ਇਕ ਵੇਰ ਸਿਆਲ ਦੀ ਰੁਤ ਸੀ, ਠਕਾ ਵਗ ਰਿਹਾ ਸੀ। ਗੁਰੂ ਜੀ ਰਾਵੀ ਤੇ ਇਸ਼ਨਾਨ ਕਰਨ ਗਏ। ਭਾਈ ਬੁਢਾ, ਭਗੀਰਥ, ਅਜਿਤਾ, ਸਧਾਰਨ ਤੇ ਸ੍ਰੀ ਲਹਿਣਾ ਜੀ ਨਾਲ ਸਨ। ਬਾਰਸ਼ ਸ਼ੁਰੂ ਹੋ ਗਈ। ਸਾਰੇ ਸਿਖ ਮੁੜ ਆਏ। ਲਹਿਣਾ ਜੀ ਦਰਿਆ ਦੇ ਕੰਢੇ ਖੜੇ ਰਹੇ। ਗੁਰੂ ਜੀ ਇਸ਼ਨਾਨ ਕਰਕੇ ਬਾਹਰ ਨਿਕਲੇ ਤਾਂ ਉਨ੍ਹਾਂ ਨੇ ਸ੍ਰੀ ਲਹਿਣਾ ਜੀ ਨੂੰ ਖੜੋਤੇ ਦੇਖ ਕੇ ਕਿਹਾ–'ਸਾਰੇ ਚਲੇ ਗਏ ਹਨ, ਤੁਸੀਂ ਕਿਉਂ ਨਹੀਂ ਗਏ?'

ਭਾਈ ਲਹਿਣਾ–ਗਰੀਬ ਨਿਵਾਜ! ਸੇਵਕ ਦਾ ਕੰਮ ਆਪ ਦੇ ਨਾਲ ਰਹਿਣਾ ਹੈ, ਪਿਛੇ ਮੁੜਨਾ ਨਹੀਂ।

ਇਕ ਵੇਰ ਦੀ ਗਲ ਹੈ ਕਿ ਗੁਰੂ ਜੀ ਨੇ 'ਧਾਣਿਕ-ਰੂਪ' ਧਾਰਨ ਕੀਤਾ। ਅਜੀਬ ਕਪੜੇ ਪਾ ਲਏ। ਲੱਕ ਵਿਚ ਛੁਰਾ ਬੰਨ੍ਹ ਲਿਆ ਤੇ ਕੁਤੇ ਮਗਰ ਲਾ ਲਏ। ਇਉਂ ਜਾਪਦਾ ਸੀ ਕਿ ਆਪ

ਸ਼ਿਕਾਰ ਕਰਨ ਚਲੇ ਹਨ। ਕੁਝ ਸਿਖ ਇਹ ਸਰੂਪ ਵੇਖ ਕੇ ਡਰ ਗਏ, ਕੁਝ ਬਚਨ ਸੁਣ ਕੇ ਮੁੜ ਆਏ । ਕਈਆਂ ਆਖਿਆ, 'ਗੁਰੂ ਬਾਬਾ ਜੀ ਮਸਤਾਨੇ ਹੋ ਗਏ ਹਨ ।' ਹਜ਼ੂਰ ਜੰਗਲ ਵਿਚ ਜਾ ਰਹੇ ਸਨ, ਆਪ ਦੇ ਨਾਲ ਕੇਵਲ ਲਹਿਣਾ ਜੀ ਰਹਿ ਗਏ।

ਗੁਰੂ ਜੀ–ਸਾਰੇ ਪਿਛੇ ਪਰਤ ਗਏ ਹਨ, ਤੁਸੀਂ ਕਿਉਂ ਸਾਡੇ ਪਿਛੇ ਤੁਰੇ ਆਉਂਦੇ ਹੋ ?

ਭਾਈ ਲਹਿਣਾ ਜੀ–ਸਚੇ ਪਾਤਸ਼ਾਹ ! ਜੋ ਮੁੜ ਗਏ ਹਨ, ਉਨ੍ਹਾਂ ਦਾ ਪਿਛੇ ਕੁਛ ਹੈ, ਮੇਰਾ ਤਾਂ ਆਪ ਬਿਨਾਂ ਕੁਝ ਹੈ ਨਹੀਂ, ਮੈਂ ਕਿਥੇ ਜਾ ਸਕਦਾ ਸਾਂ ? ਉਸ ਵਕਤ ਪ੍ਰੇਮ ਰਸ ਪੂਰਤ ਹੋ ਕੇ ਆਪ ਨੇ ਇਹ ਸ਼ਲੋਕ ਉਚਾਰਨ ਕੀਤਾ–

ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥
(ਵਾਰ ਸ੍ਰੀ ਰਾਗ ਮ: ੨)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰੇਮ ਦਾ ਜੋ ਉਚਾ ਮਿਆਰ ਪੇਸ਼ ਕੀਤਾ ਹੈ, ਉਹ ਮਜ਼੍ਹਬ ਦੀ ਜਾਨ ਹੈ। ਜਿਸ ਮਜ਼੍ਹਬ ਵਿਚ ਸਚਾ ਪ੍ਰੇਮ, ਨਿਸ਼ਕਾਮ ਸੇਵਾ, ਸ਼ਰਧਾ ਤੇ ਭਗਤੀ ਨਹੀਂ, ਅਜੇਹਾ ਮਜ਼੍ਹਬ ਬੇਜਾਨ ਫ਼ਿਲਾਸਫ਼ੀ ਹੈ। ਉਸ ਵਿਚ ਜੀਵਨ ਦਾ ਰਸ ਨਹੀਂ ਹੋਵੇਗਾ। ਜਿਹੜਾ ਮਜ਼੍ਹਬ ਨਿਰੀ ਸਰਧਾ, ਪੀਰ-ਪ੍ਰਸਤੀ ਤੇ ਦਿਮਾਗੀ-ਗੁਲਾਮੀ ਦੇ ਆਸਰ ਚਲੇ ਹੈ, ਉਹ ਅੰਧ ਵਿਸ਼ਵਾਸ ਦਾ ਰੂਪ ਧਾਰਨ ਕਰ ਲੈਂਦਾ ਹੈ। ਜਿਹੜਾ 'ਅਕਲ ਤੇ ਇਸ਼ਕ' ਨੂੰ ਆਪਣੀ ਆਪਣੀ ਥਾਂ ਤੇ ਵਰਤਦਾ ਹੈ, ਅਕਲ ਨੂੰ ਨਾਸਤਕਤਾ ਦੀ ਹਦ ਤਕ ਨਹੀਂ ਜਾਣ ਦਿੰਦਾ, ਉਹ ਸ਼ਰਧਾ ਤੇ ਭਗਤੀ ਨੂੰ ਅੰਧ ਵਿਸ਼ਵਾਸ ਨਹੀਂ ਬਣਨ ਦਿੰਦਾ।*

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਦਿਨ ਜੰਗਲ ਵਿਚ ਵਿਚਰ

---

*ਅਛਾ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ
ਲੇਕਨ ਕਭੀ ਕਭੀ ਇਸੇ ਤਿਨਹਾ ਭੀ ਛੋੜ ਦੇ। (ਇਕਬਾਲ)

ਰਹੇ ਸਨ ਕਿ ਇਕ ਮੁਰਦਾ ਆਪ ਦੀ ਨਜ਼ਰੀਂ ਪਿਆ। ਸਿਖਾਂ ਨੂੰ ਕਹਿਣ ਲਗੇ, 'ਮੁਰਦਾ ਖਾਓ।' ਸਭ ਹੈਰਾਨ ਸਨ ਕਿ ਮੁਰਦਾ ਕੌਣ ਖਾਵੇ ?

ਸ੍ਰੀ ਲਹਿਣਾ ਜੀ ਨੇ ਬੇਨਤੀ ਕੀਤੀ, 'ਜਿਤ ਦਿਸ ਹੁਕਮ ਕਰੋ ਤਿਹ ਖਾਵੇਂ।' ਮੁਰਦਾ ਕੌਮ ਨੂੰ ਸੁਰਜੀਤ ਕਰਨ ਦੇ ਮਕਸਦ ਨੂੰ ਸ੍ਰੀ ਲਹਿਣਾ ਜੀ ਹੀ ਸਮਝੇ।

ਕਰਤਾਰ ਪੁਰ ਵਿਚ ਇਕ ਦਿਨ ਅਧੀ ਰਾਤ ਦੇ ਸਮੇਂ ਗੁਰੂ ਬਾਬਾ ਜੀ ਨੇ ਪੁਛਿਆ, 'ਦਸੋ ਰਾਤ ਕਿਤਨੀ ਗੁਜ਼ਰੀ ਹੈ ?' ਭਾਈ ਬੁਢਾ, ਭਗੀਰਥ ਤੇ ਅਜਿਤੇ ਆਦਿਕਾਂ ਵਿਚੋਂ ਕਿਸੇ ਨੇ ਕਿਹਾ ਅਧੀ ਤੇ ਕਿਸੇ ਨੇ ਕਿਹਾ ਢਾਈ ਪਹਿਰ ਗੁਜ਼ਰੀ ਹੈ।

ਗੁਰਦੇਵ ਜੀ ਨੇ ਸ੍ਰੀ ਲਹਿਣਾ ਜੀ ਨੂੰ ਸਦ ਕੇ ਪੁਛਿਆ, 'ਪੁਰਖਾ ! ਰਾਤ ਕਿਤਨੀ ਬਤੀਤ ਹੋਈ ਹੈ।

ਲਹਿਣਾ ਜੀ—ਜਿੰਨੀ ਆਪ ਦੇ ਭਾਣੇ ਵਿਚ ਗੁਜ਼ਰ ਗਈ ਹੈ, ਓਨੀ ਗੁਜਰੀ ਹੈ, ਜਿੰਨੀ ਆਪ ਦੀ ਰਜ਼ਾ ਵਿਚ ਬਾਕੀ ਹੈ, ਓਨੀ ਹੀ ਬਾਕੀ। ਆਪ ਤੋਂ ਵਧ ਸੇਵਕ ਨੂੰ ਪਤਾ ਕੀ ਹੋ ਸਕਦਾ ਹੈ।

ਗੁਰੂ ਜੀ ਨੇ ਸਿਖਾਂ ਤੇ ਪੁਤਰਾਂ ਨੂੰ ਹੁਕਮ ਕੀਤਾ, 'ਬਸਤਰ ਧੋ ਲਿਆਓ।'

ਕਈਆਂ ਨੇ ਉਤਰ ਦਿਤਾ, 'ਰਾਤ ਦਾ ਸਮਾਂ ਹੈ, ਜੰਗਲੀ ਜਾਨ-ਵਰਾਂ ਦਾ ਖਤਰਾ ਹੈ, ਸਵੇਰੇ ਧੋ ਲਿਆਵਾਂਗੇ।'

ਸ੍ਰੀ ਚੰਦ ਤੇ ਲਖਮੀਦਾਸ ਨੇ ਕਿਹਾ, 'ਜੇ ਅਸੀਂ ਬਸਤਰ ਧੋਣੇ ਸਨ ਤਾਂ ਸਿਖ ਕਾਹਦੇ ਲਈ ਹਨ ?'

ਨਿਸ਼ਕਾਮ ਸੇਵਾ ਤੇ ਪ੍ਰੇਮ ਦੇ ਪੁੰਜ ਸ੍ਰੀ ਲਹਿਣਾ ਜੀ ਬਸਤਰ ਲੈ ਕੇ ਰਾਵੀ ਤੇ ਧੋਣ ਲਈ ਗਏ। ਸਿਦਕ ਨਾਲ ਰੌਸ਼ਨ ਹੋਈ ਆਤਮਾ ਨੇ ਇਉਂ ਧੋ ਲਿਆਂਦੇ, ਜਿਵੇਂ ਚਿਟ-ਚਾਨਣੇ ਧੋਈਦੇ ਹਨ।

ਇਕ ਦਿਨ ਬਰਸਾਤ ਵਿਚ ਰਾਤ ਦੇ ਸਮੇਂ ਗੁਰਦਵਾਰਾ ਕਰਤਾਰ ਪੁਰ ਦੀ ਕੰਧ ਡਿਗ ਪਈ। ਗੁਰੂ ਜੀ ਨੇ ਸਿਖਾਂ ਨੂੰ ਕਿਹਾ,

'ਕੰਧ ਬਣਾਂਦੇ।' ਪਰ ਕੌਣ ਬਣਾਵੇ ? ਜਦ ਸ੍ਰੀ ਲਹਿਣਾ ਜੀ ਨੂੰ ਆਗਿਆ ਕੀਤੀ ਗਈ, ਆਪ ਸਾਰੀ ਰਾਤ ਕੰਧ ਬਣਾਉਣ ਵਿਚ ਲਗੇ ਰਹੇ। ਇਹ ਦੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ।

ਸ੍ਰੀ ਲਹਿਣਾ ਜੀ ਦੀ ਨਿਸ਼ਕਾਮ ਸੇਵਾ, ਪਵਿਤਰ ਆਚਰਣ, ਯੋਗਤਾ ਅਤੇ ਸਿਖੀ ਦੀਆਂ ਜਿੰਮੇਵਾਰੀਆਂ ਨੂੰ ਨਿਭਾਹੁਣ ਦੇ ਸਮਰਥ ਸਮਝਕੇ ਸਤਿਗੁਰੂ ਨੇ ਆਪ ਨੂੰ 'ਲਹਿਣੇ' ਤੋਂ ਸ੍ਰੀ ਗੁਰੂ ਅੰਗਦ ਦੇਵ ਬਣਾ ਦਿਤਾ ਤੇ ਪੰਜ ਪੈਸੇ ਨਾਰੀਅਲ ਅਗੇ ਰਖ ਕੇ ਗੁਰ-ਗੱਦੀ ਤੇ ਬਿਠਾ ਦਿਤਾ।

ਗੁਰ ਗੱਦੀ ਵਿਰਾਸਤ ਨਹੀਂ ਸੀ। ਇਹ ਗੁਣਾਂ ਦੀ ਬਿਨਾ ਤੇ ਦਿਤੀ ਗਈ ਦਾਤ ਸੀ। ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਨਰਾਜ਼ ਹੋਏ। ਪਰ ਜੋ ਚੀਜ਼ ਜਿਸ ਥਾਂ ਦੀ ਹੁੰਦੀ ਹੈ, ਕੁਦਰਤ ਉਸ ਨੂੰ ਉਥੇ ਹੀ ਟਿਕਾਉਂਦੀ ਹੈ। ਸਿਖੀ ਦੀ ਸਾਂਝ ਦੈਵੀ-ਗੁਣਾਂ ਨਾਲ ਹੈ*। ਜਿਸ ਤਰ੍ਹਾਂ ਦੀਵੇ ਤੋਂ ਦੀਵਾ ਜਗਦਾ ਹੈ, ਤਿਵੇਂ 'ਨਿਰੰਕਾਰੀ ਜੋਤ' ਦੀ ਛੋਹ ਪ੍ਰਾਪਤ ਕਰਕੇ ਸ੍ਰੀ ਲਹਿਣਾ ਜੀ ਉਸ ਦਾ ਰੂਪ ਹੋ ਗਏ। ਜਿਸਮ ਦੋ ਸਨ, ਪਰ 'ਜੋਤ ਤੇ ਜੁਗਤਿ' ਇਕੋ ਸਨ। ਭਾਈ ਗੁਰਦਾਸ ਜੀ ਲਿਖਦੇ ਹਨ -

ਸੋ ਟਿੱਕਾ ਸੋ ਛਤ੍ਰ ਸਿਰ ਸੋਈ ਸਚਾ ਤਖਤ ਟਿਕਾਈ।
ਗੁਰ ਨਾਨਕ ਹੰਦੀ ਮੋਹਰ ਹੱਥ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ।
ਜੰਮੇ ਪੂਰਬ ਬੀਜਿਆ ਵਿਚ ਵਿਰ ਹੋਰ ਕੂੜੀ ਚਤੁਰਾਈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੱਦੀ ਤੇ ਬੈਠ ਕੇ ਜੋ ਉਪਕਾਰ ਕੀਤੇ ਹਨ, ਉਨ੍ਹਾਂ ਦਾ ਵਰਣਨ ਅਗੇ ਆਵੇਗਾ।

--

*ਦੋ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨ ਪੜੀਦਦੇ।
(ਵਾਰ ਰਾਮਕਲੀ ਸ: ਬ:)

ਤੇਰ੍ਹਵਾਂ ਵਿਆਖਿਆਨ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਆਤਮਿਕ ਗੁਣ
ਸਿਖ ਧਰਮ ਦੀ ਉਸਾਰੀ ਲਈ ਕੰਮ

ਗੁਰਗੱਦੀ ਮਿਲਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਆਪ ਮਾਤਾ ਭਿਰਾਈ ਦੇ ਘਰ ਬਿਰਾਜਦੇ ਸਨ। ਆਪ ਦਾ ਜੀਵਨ ਬੜਾ ਪਵਿਤ੍ਰ, ਸਾਦਾ, ਸਹਿਨਸ਼ੀਲਤਾ, ਖਿਮਾ ਤੇ ਭਗਤੀ ਵਾਲਾ ਸੀ। ਦਰਸ਼ਨ ਵਿਚ ਬੜੀ ਖਿਚ ਸੀ। ਜੇਕਰ ਆਪ ਗੁਰ-ਗਦੀ ਪਰ ਨਾ ਹੁੰਦੇ ਤਾਂ ਜਿਸ ਤਰ੍ਹਾਂ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਦੇ ਗੱਦੀ ਨਾ ਮਿਲਣ ਦਾ ਰੋਸ ਕੀਤਾ ਸੀ, ਉਸ ਸਮੇਂ ਸਿਖ ਜਥੇਬੰਦੀ ਦੇ ਕਮਜ਼ੋਰ ਹੋ ਜਾਣ ਦਾ ਡਰ ਸੀ। ਗੁਰੂ ਜੀ ਨੇ ਜਥੇਬੰਦੀ ਨੂੰ ਪਕਿਆਂ ਕੀਤਾ ਤੇ ਨਿਗਰ ਉਸਾਰੀ ਦੇ ਕੰਮ ਕੀਤੇ।

ਜਿਤਨਾ ਕੋਈ ਵਡਾ ਹੁੰਦਾ ਹੈ, ਉਸ ਵਿਚ ਉਤਨੀ ਹੀ ਸਹਿਨ ਸ਼ਕਤੀ ਹੁੰਦੀ ਹੈ। ਸਮੁੰਦਰ ਸੈਂਕੜੇ ਦਰਿਆਵਾਂ ਨੂੰ ਆਪਣੇ ਵਿਚ ਲੀਨ ਕਰਕੇ ਆਪੇ ਤੋਂ ਬਾਹਰ ਨਹੀਂ ਹੁੰਦਾ। ਛੋਟੇ ਨਾਲੇ ਥੋਹੜੇ ਪਾਣੀ ਨਾਲ ਹੀ ਉਛਲ ਪੈਂਦੇ ਹਨ।

ਗੁਰੂ ਜੀ ਖਡੂਰ ਸਾਹਿਬ ਟਿਕੇ ਹੋਏ ਸਨ ਕਿ ਸੰਮਤ ੧੫੯੭ ਵਿਚ ਹਮਾਯੂੰ ਬਕਸਰ ਦੇ ਮੁਕਾਮ ਤੇ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਪੰਜਾਬ ਵਲ ਆਇਆ। ਉਹ ਪੀਰਾਂ-ਫ਼ਕੀਰਾਂ ਦੀ ਦੁਆ ਹਾਸਲ ਕਰਨ ਲਈ ਭਟਕਦਾ ਸੀ। ਇਸੇ ਖ਼ਿਆਲ ਨਾਲ ਖਡੂਰ ਸਾਹਿਬ ਆਇਆ। ਗੁਰੂ ਜੀ ਵਾਹਿਗੁਰੂ ਦੇ ਧਿਆਨ ਵਿਚ ਮਗਨ ਸਨ। ਆਪ ਨੇ ਬਾਦਸ਼ਾਹ ਵਲ ਖਾਸ ਗਹੁ ਨਾ ਕੀਤਾ। ਹਮਾਯੂੰ ਨੇ ਇਸ ਨੂੰ ਆਪਣੀ ਨਿਰਾਦਰੀ ਸਮਝਿਆ ਤੇ ਤਲਵਾਰ ਖਿਚ ਕੇ ਗੁਰੂ ਜੀ ਪਰ ਵਾਰ ਕਰਨਾ ਚਾਹਿਆ। ਆਪ ਵੇਖ ਕੇ ਕਿਹਾ, 'ਫ਼ਕੀਰਾਂ

ਉਤੇ ਤੇਰੀ ਤਲਵਾਰ ਚਲਦੀ ਹੈ, ਸ਼ੇਰ ਸ਼ਾਹ ਦੇ ਮੁਕਾਬਲੇ ਤੇ ਖੁੰਢੀ ਹੋ ਗਈ ਸੀ ?' ਇਹ ਬਚਨ ਸੁਣ ਕੇ ਬਾਦਸ਼ਾਹ ਬਹੁਤ ਸ਼ਰਮਿੰਦਾ ਹੋਇਆ ਤੇ ਹਜ਼ੂਰ ਦੇ ਚਰਨਾਂ ਤੇ ਡਿਗ ਪਿਆ।

ਖਡੂਰ ਵਿਚ ਇਕ ਮਲੂਕਾ ਨਾਮੀ ਜਟ ਰਹਿੰਦਾ ਸੀ। ਉਹ ਬੜਾ ਸ਼ਰਾਬੀ ਸੀ। ਉਸ ਨੂੰ ਮਿਰਗੀ ਦੀ ਬੀਮਾਰੀ ਹੋ ਗਈ। ਗੁਰੂ ਜੀ ਦੇ ਪਾਸ ਆ ਕੇ ਕਹਿਣ ਲਗਾ, 'ਮੇਰੀ ਮਿਰਗੀ ਹਟਾ ਦਿਓ।'

ਗੁਰੂ ਜੀ–'ਸ਼ਰਾਬ ਛਡ ਦੇਹ, ਮਿਰਗੀ ਹਟ ਜਾਏਗੀ।'

ਮਲੂਕੇ ਨੇ ਬਚਨ ਮੰਨ ਕੇ ਸ਼ਰਾਬ ਛਡ ਦਿਤੀ, ਮਿਰਗੀ ਹਟ ਗਈ। ਕੁਝ ਚਿਰ ਪਿਛੋਂ ਉਸ ਨੂੰ ਫਿਰ ਪੁਰਾਣਾ ਝਸ ਜਾਗ ਪਿਆ ਤੇ ਸ਼ਰਾਬ ਪੀ ਕੇ ਕੋਠੇ ਤੇ ਚੜ੍ਹਕੇ ਗੰਦ ਬਕਣ ਲਗਾ। ਸਿਖਾਂ ਨੇ ਗੁਰੂ ਜੀ ਨੂੰ ਆ ਦਸਿਆ। ਆਪ ਜੀ ਨੇ ਫੁਰਮਾਇਆ, 'ਮਲੂਕਾ ਆਪਣਾ ਕੀਤਾ ਪਾਏਗਾ।' ਇਤਿਹਾਸ ਵਿਚ ਲਿਖਿਆ ਹੈ ਕਿ ਉਹ ਸ਼ਰਾਬ ਦੀ ਹਾਲਤ ਵਿਚ ਕੋਠੇ ਤੋਂ ਡਿਗ ਕੇ ਮਰ ਗਿਆ।

ਸੰਮਤ ੧੬੦੪ ਵਿਚ ਗੁਰੂ ਜੀ ਮਾਲਵੇ ਵਿਚ ਪ੍ਰਚਾਰ ਲਈ ਗਏ। ਹਰੀ ਕੇ ਪਿੰਡ ਵਿਚ ਠਹਿਰੇ ਹੋਏ ਸਨ ਕਿ ਚੋਧਰੀ ਬਖਤਾਵਰ ਮੱਲ ਆਪ ਦੇ ਦਰਸ਼ਨ ਕਰਨ ਆਇਆ। ਉਹ ੭੨ ਪਿੰਡਾਂ ਦਾ ਮਾਮਲਾ ਭਰਦਾ ਸੀ ਅਤੇ ਬਹੁਤ ਹੰਕਾਰੀ ਪੁਰਸ਼ ਸੀ। ਦੀਵਾਨ ਵਿਚ ਆ ਕੇ ਸੰਗਤ ਵਿਚ ਬੈਠਣ ਦੀ ਥਾਂ ਹਜ਼ੂਰ ਦੇ ਸਿਰਹਾਣੇ ਵਲ ਹੋ ਬੈਠਾ। ਸਿਖਾਂ ਨੂੰ ਚੋਧਰੀ ਦਾ ਇਹ ਵਤੀਰਾ ਬੁਰਾ ਲਗਾ। ਖਿਮਾ ਦੇ ਪੁੰਜ ਸਤਿਗੁਰੂ ਜੀ ਨੇ ਬਖਤਾਵਰ ਮਲ ਨੂੰ ਸੰਬੋਧਨ ਕਰਕੇ ਕਿਹਾ, 'ਵਡਾ ਉਹ ਆਦਮੀ ਹੈ ਜਿਸ ਨੂੰ ਨਿਰੰਕਾਰ ਵਡਾ ਕਰਦਾ ਹੈ।'

ਚੋਧਰੀ–ਮੈਂ ਕਿੰਨੇ ਪਿੰਡਾਂ ਦਾ ਮਾਲਕ ਹਾਂ। ਕੋਈ ਛੋਟਾ ਆਦਮੀ ਹਾਂ ਕਿ ਸਭ ਦੇ ਬਰਾਬਰ ਬੈਠਾਂ ?

ਗੁਰੂ ਜੀ–ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥
(ਵਾਰ ਆਸਾ ਮ: ੧)

ਜਿਸ ਤਰ੍ਹਾਂ ਹਿਮਾਲਾ ਦੇ ਪਾਸ ਗਿਆਂ, ਤਨ ਮਨ ਸੀਤਲ ਹੋਂਦਾ ਹੈ, ਉਪਦੇਸ਼ ਸੁਣ ਕੇ ਬਖਤਾਵਰ ਮਲ ਦਾ ਚਿਤ ਸ਼ਾਂਤ ਹੋ ਗਿਆ। ਉਹ ਹਉਮੈ ਤਿਆਗ ਕੇ ਸਿਖ ਬਣਿਆ ਤੇ ਸੰਗਤ ਦੀ ਸੇਵਾ ਕਰਨ ਲਗ ਪਿਆ।

ਉਸ ਸਮੇਂ ਪੰਜਾਬ ਵਿਚ ਜੋਗੀਆਂ ਦਾ ਬੜਾ ਅਸਰ ਸੀ। ਮਾਝੇ ਵਿਚ ਭੀ ਇਨ੍ਹਾਂ ਦੀ ਸਿਖੀ ਸੇਵਕੀ ਸੀ। ਖਡੂਰ ਵਿਚ ਇਕ ਸ਼ਿਵ ਨਾਥ ਨਾਮੀ ਜੋਗੀ ਰਹਿੰਦਾ ਸੀ। ਇਕ ਵੇਰ ਔੜ ਲਗ ਗਈ, ਬਾਰਸ਼ ਨਾ ਹੋਈ। ਕਾਲ ਪੈਣ ਜਾਣ ਦਾ ਡਰ ਸੀ। ਜੋਗੀ ਲੋਕਾਂ ਨੂੰ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਦੇ ਨਾਂ ਪਰ ਭਰਮਾਉਂਦਾ ਸੀ। ਉਹ ਜੱਟਾਂ ਨੂੰ ਕਹਿਣ ਲਗਾ, 'ਮੀਂਹ ਤੇ ਪੈ ਸਕਦਾ ਹੈ, ਪਰ ਤੁਸੀਂ ਸਾਡੀ ਪੂਜਾ ਛਡ ਕੇ ਇਕ ਹੋਰ ਨੂੰ ਗੁਰੂ ਬਣਾ ਬੈਠੇ ਹੋ। ਜੇ ਉਸ ਨੂੰ ਪਿੰਡੋਂ ਕਢ ਦਿਓ ਤਾਂ ਮੈਂ ਮੀਂਹ ਪੁਆ ਸਕਦਾ ਹਾਂ।'

ਬੇਸਮਝ ਆਦਮੀਆਂ ਨੇ ਗੁਰੂ ਜੀ ਨੂੰ ਕਿਹਾ, 'ਤੁਸੀਂ ਪਿੰਡ ਛਡ ਦਿਓ ਤਾਂ ਮੀਂਹ ਪੈ ਸਕਦਾ ਹੈ।'

ਗੁਰੂ ਜੀ–ਮੀਂਹ ਪਾਉਣਾ ਵਾਹਿਗੁਰੂ ਦੇ ਹੱਥ ਹੈ, ਕਿਸੇ ਬੰਦੇ ਦੇ ਨਹੀਂ। ਪਰ ਜੇ ਮੇਰੇ ਜਾਣ ਨਾਲ ਮੀਂਹ ਪੈਂਦਾ ਹੋਵੇ ਤਾਂ ਮੈਨੂੰ ਚਲੇ ਜਾਣ ਵਿਚ ਕੀ ਇਤਰਾਜ਼ ਹੈ?

ਇਹ ਕਹਿ ਕੇ ਆਪ ਖਡੂਰ ਤੋਂ ਚਲੇ ਗਏ। ਜੋਗੀ ਨੇ ਬਥੇਰੇ ਜਾਦੂ ਟੂਣੇ ਕੀਤੇ ਪਰ ਮੀਂਹ ਨਾ ਪਿਆ। ਲੋਕਾਂ ਨੇ ਸਮਝਿਆ ਕਿ ਅਸੀਂ ਭੁਲ ਕੀਤੀ ਹੈ। ਇਸ ਦੌਰਾਨ ਵਿਚ ਸ੍ਰੀ ਗੁਰੂ ਅਮਰਦਾਸ ਜੀ ਹਜ਼ੂਰ ਦੇ ਦਰਸ਼ਨ ਕਰਨ ਆਏ। ਜਦ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਬਹੁਤ ਦੁਖੀ ਹੋਏ। ਉਨ੍ਹਾਂ ਨੇ ਖੇਹਰਿਆਂ ਨੂੰ ਕਿਹਾ, 'ਜੋਗੀ ਨੇ ਅਜੇ ਮੀਂਹ ਨਹੀਂ ਪੁਆਇਆ, ਇਸ ਨਾਲ ਸਿਝਦੇ ਕਿਉਂ ਨਹੀਂ?'

ਜੋਗੀ ਦੇ ਝੂਠੇ ਲਾਰਿਆਂ ਤੋਂ ਜਟ ਖਿਝੇ ਹੋਏ ਸਨ। ਉਨ੍ਹਾਂ ਨੇ ਸ਼ਿਵ ਨਾਥ ਨੂੰ ਫੜ ਕੇ ਖੇਤਾਂ ਵਿਚ ਧੂਹਿਆ। ਉਸ ਦੀ ਹੱਡੀ ਬੋਟੀ

ਕਰ ਸੁਟੀ। ਦੇਵ ਨੇਤ ਨਾਲ ਮੀਂਹ ਪੈ ਗਿਆ।

ਜਦ ਖਿਮਾਂ ਦੇ ਅਵਤਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ ਗਲ ਦਾ ਪਤਾ ਲਗਾ, ਤਾਂ ਆਪ ਨੇ ਗੁਰੂ ਅਮਰਦਾਸ ਜੀ ਨੂੰ ਸਦ ਕੇ ਕਿਹਾ, 'ਤੁਹਾਨੂੰ ਆਪਣਾ ਹਿਰਦਾ ਵਿਸ਼ਾਲ ਕਰਨਾ ਚਾਹੀਦਾ ਸੀ। ਵਾਹਿਗੁਰੂ ਦੀ ਮਰਜ਼ੀ ਇਹ ਸੀ ਕਿ ਅਸੀਂ ਖਡੂਰ ਛਡ ਦੇਵੀਏ। ਤੁਸੀਂ ਕਿਉਂ ਕ੍ਰੋਧ ਕੀਤਾ ਹੈ?'

ਸ੍ਰੀ ਅਮਰਦਾਸ ਜੀ—ਜੋਗੀ ਨੇ ਆਪ ਨਾਲ ਬਹੁਤ ਮਾੜਾ ਸਲੂਕ ਕੀਤਾ ਸੀ। ਉਸ ਨੂੰ ਸਜ਼ਾ ਮਿਲਣੀ ਚਾਹੀਦੀ ਸੀ।

ਗੁਰੂ ਜੀ—ਮਾੜਿਆਂ ਨਾਲ ਚੰਗਾ ਵਰਤਾਉ ਕਰਕੇ ਉਨ੍ਹਾਂ ਨੂੰ ਸੁਧਾਰਨਾ 'ਸਿਖੀ' ਹੈ। ਅਪਰਾਧੀ ਨੂੰ ਮੁਆਫ ਕਰ ਦੇਣਾ ਸਾਡਾ ਆਦਰਸ਼ ਹੈ। ਇਸ ਲਈ ਅਗੋਂ ਕਦੀ ਐਸੀ ਗਲ ਨਹੀਂ ਕਰਨੀ।

ਖਡੂਰ ਤੋਂ ਤਿੰਨ ਕੋਹ ਦੀ ਵਿਥ ਤੇ ਭਾਈ ਜੀਵਾ ਨਾਮੀ ਗੁਰੂ ਕਾ ਸਿਖ ਰਹਿੰਦਾ ਸੀ। ਇਸ ਦੀ ਬੇਟੀ ਜਿਵਾਈ ਖਿਚੜੀ ਤਿਆਰ ਕਰਕੇ ਗੁਰੂ ਜੀ ਛਕਾਉਂਦੀ ਸੀ। ਇਕ ਦਿਨ ਹਨੇਰੀ ਆ ਗਈ। ਜਿਵਾਈ ਨੇ ਦਿਲ ਵਿਚ ਅਰਦਾਸ ਕੀਤੀ,'ਹੇ ਅਕਾਲ ਪੁਰਖ ਅੰਤਰਜਾਮੀ, ਹਨੇਰੀ ਹਟ ਜਾਏ ਤਾਂ ਕਿ ਮੈਂ ਭੋਜਨ ਤਿਆਰ ਕਰਕੇ ਗੁਰੂ ਜੀ ਨੂੰ ਛਕਾਵਾਂ।'

ਜਦ ਉਹ ਖਿਚੜੀ ਤਿਆਰ ਕਰਕੇ ਲਿਆਈ ਤਾਂ ਗੁਰੂ ਜੀ ਨੇ ਕਿਹਾ, 'ਬੇਟੀ! ਤੂੰ ਨਿਰੰਕਾਰ ਦੀ ਰਜ਼ਾ ਦੀ ਉਲੰਘਣਾ ਕੀਤੀ ਹੈ। ਤੂੰ ਕਿਉਂ ਕਿਹਾ ਕਿ ਹਨੇਰੀ ਹਟ ਜਾਏ? ਨਿਰੰਕਾਰ ਜੋ ਕਰਦਾ ਹੈ, ਠੀਕ ਕਰਦਾ ਹੈ। ਇਸ ਵਿਚ ਕਈ ਜੀਵਾਂ ਦਾ ਭਲਾ ਹੁੰਦਾ ਹੈ। ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਸਿਖੀ ਹੈ।'

ਹਿੰਦੁਸਤਾਨ ਵਿਚ ਇਕ ਪੁਰਾਣਾ ਖਿਆਲ ਸੀ ਕਿ ਕਠਨ ਤਪ ਕਰਕੇ ਸਰੀਰ ਨੂੰ ਜਿੰਨਾ ਗਾਲਿਆ ਜਾਵੇ, ਮਨ ਉਤਨਾ ਹੀ ਬਲਵਾਨ ਹੁੰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਖੰਡਨ ਕੀਤਾ ਹੈ। ਆਪ ਸਵਾ ਪਹਿਰ ਦਿਨ ਚੜ੍ਹੇ ਤਕ ਭਜਨ ਵਿਚ ਬੈਠਦੇ

ਸਨ । ਪਿਛੋਂ ਗਭਰੂਆਂ ਨੂੰ ਕਸਰਤ ਕਰਵਾਂਦੇ ਸਨ । ਭਜਨ ਨਾਲ ਮਨ ਬਲਵਾਨ ਕੀਤਾ ਜਾਵੇ ਤੇ ਕਸਰਤ ਨਾਲ ਸਰੀਰ । ਇਸ ਯਾਦ ਵਿਚ ਖਡੂਰ ਸਾਹਿਬ ਵਿਚ ਗੁਰਦਵਾਰਾ 'ਮੱਲ ਅਖਾੜਾ' ਹੁਣ ਤੀਕ ਮੌਜੂਦ ਹੈ।

ਜਦੋਂ ਕੋਈ ਮਹਾਂ ਪੁਰਖ ਪਰਚਾਰ ਕਰਦਾ ਹੈ ਤਾਂ ਉਸ ਦੇ ਆਲੇ ਦੁਆਲੇ ਕਈ ਪਖੰਡੀ ਆਦਮੀ ਇਕਠੇ ਹੋ ਜਾਂਦੇ ਹਨ, ਜੋ ਨਿਰੋ ਸੁਆਰਥ ਲਈ ਸ਼ਾਮਲ ਹੁੰਦੇ ਹਨ ਅਤੇ ਦਿਖਾਵਾ ਕਰਕੇ ਲੋਕਾਂ ਨੂੰ ਧੋਖਾ ਦੇਣਾ ਚਾਹੁੰਦੇ ਹਨ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿਖ ਧਰਮ ਦੇ ਆਰੰਭ ਵਿਚ ਹੀ ਦਿਖਾਵੇ ਦੀ ਸਿਖੀ ਨੂੰ ਸਖਤ ਖੰਡਨ ਕੀਤਾ ਹੈ। ਇਕ ਮਾਹਣਾ ਨਾਮੀ ਸਿਖ ਸੰਗਤ ਵਿਚ ਰਹਿੰਦਾ ਸੀ । ਪ੍ਰਸ਼ਾਦ ਛਕਣ ਲਈ ਤਿਆਰ ਬਰ ਤਿਆਰ, ਪਰ ਜਦ ਕੋਈ ਉਸ ਨੂੰ ਸੇਵਾ ਲਈ ਕਹਿੰਦਾ ਤਾਂ ਉਤਰ ਦਿੰਦਾ–'ਸਤਿਗੁਰੂ ਹੁਕਮ ਦੇਣਗੇ ਤਾਂ ਸੇਵਾ ਕਰਾਂਗਾ। ਤੁਹਾਡੇ ਆਖੇ ਕਿਵੇਂ ਕਰਾਂ ?' ਇਹ ਉਤਰ ਸੁਣ ਕੇ ਸਿਖ ਚੁਪ ਹੋ ਜਾਂਦੇ ਸਨ।

ਇਕ ਦਿਨ ਗੁਰੂ ਜੀ ਨੇ ਮਾਹਣੇ ਨੂੰ ਸਦ ਕੇ ਕਿਹਾ–'ਕਿਉਂ ਭਾਈ ਮਾਹਣਾ, ਸੇਵਾ ਲਈ ਤਿਆਰ ਹੈਂ ?'

ਮਾਹਣਾ–ਜਿਵੇਂ ਆਪ ਦਾ ਹੁਕਮ ਹੋਵੇ।

ਗੁਰੂ ਜੀ–ਜਾਹ ਸੜ ਮਰ।

ਬਸ ਫੇਰ ਕੀ ਸੀ, ਮਾਹਣੇ ਦੀ ਖਾਨਿਓਂ ਗਈ। ਉਸ ਦਾ ਪਾਜ ਉਘੜ ਗਿਆ । ਗੁਰੂ ਜੀ ਦਾ ਬਚਨ ਨਾ ਮੰਨਣ ਕਰਕੇ ਕਮੌਤੇ ਮਰਿਆ।

ਹਜ਼ੂਰ ਦੇ ਮੁਖੀ ਸਿਖਾਂ ਵਿਚੋਂ ਭਾਈ ਪਾਰੋ ਜੁਲਕਾ ਜੀ ਸਨ। ਗੁਰੂ ਜੀ ਨੇ ਕਹਿਣਾ ਮਾਤਰ ਛੋਟੀਆਂ ਜਾਤਾਂ ਵਿਚ ਹੀ ਸਿਖੀ ਦਾ ਪ੍ਰਚਾਰ ਕੀਤਾ । ਗੁਜਰ ਲੁਹਾਰ ਤੇ ਪਿੰਡਾ ਨਾਈ ਆਪ ਦੇ ਮੁਖੀ ਸਿਖ ਸਨ।

ਸਤਿਗੁਰੂ ਜੀ ਨੇ ਆਪ ਬਹੁਤ ਥੋੜ੍ਹੀ ਬਾਣੀ ਉਚਾਰਨ ਕੀਤੀ

ਹੈ। ਆਪ ਦੇ ਕੁਝ ਸਲੋਕ ਹੀ ਵਾਰਾਂ ਵਿਚ ਮਿਲਦੇ ਹਨ । ਇਨ੍ਹਾਂ ਵਿਚ ਪ੍ਰੇਮ-ਭਗਤੀ ਠਾਠਾਂ ਮਾਰਦੀ ਹੈ । ਆਪ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਜਨਮ ਸਾਖੀ ਨੂੰ ਭਾਈ ਪੈੜੇ ਮੋਖੇ ਪਾਸੋਂ ਲਿਖਵਾਇਆ । ਗੁਰਬਾਣੀ ਤੇ ਇਤਿਹਾਸ ਦੀ ਸੰਭਾਲ ਦਾ ਪਹਿਲਾ ਉਦਮ ਆਪ ਨੇ ਹੀ ਕੀਤਾ। ਇਨ੍ਹਾਂ ਦੋਹਾਂ ਚੀਜ਼ਾਂ ਨੂੰ ਸੁਰਖਤ ਰਖਣ ਲਈ ਗੁਰਮੁਖੀ ਅਖਰ ਪ੍ਰਚਲਤ ਕੀਤੇ ।*

ਭਜਨ ਬੰਦਗੀ, ਸੇਵਾ, ਪਰਉਪਕਾਰ, ਖਿਮਾ ਤੇ ਸਹਿਨ ਸ਼ੀਲਤਾ ਦਾ ਜੀਵਨ ਬਤੀਤ ਕਰਦੇ ਹੋਏ ਤੇਰਾਂ ਸਾਲ ਗੁਰਗਦੀ ਪਰ ਬਿਰਾਜ ਕੇ ਸੰਸਾਰ ਦੀ ਕਲਿਆਣ ਕਰਦੇ, ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰਗਦੀ ਦੇ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਚੇਤਰ ਸੁਦੀ ੪ ਸੰਮਤ ੧੬੦੪ ਬਿਕ੍ਰਮੀ ਨੂੰ ਖਡੂਰ ਸਾਹਿਬ ਵਿਖੇ ਸਚਖੰਡ ਪਧਾਰੇ ।

*

---

*ਕਈ ਸਜਨ ਇਹ ਕਹਿੰਦੇ ਹਨ ਕਿ ਗੁਰਮੁਖੀ ਅਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਣਾਏ ਹਨ, ਇਹ ਠੀਕ ਨਹੀਂ । ਇਹ ਬਣਾਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਨ। ਆਸਾ ਰਾਗ ਦੀ ਪੱਟੀ ਇਸ ਗਲ ਦਾ ਸਬੂਤ ਹੈ। ਗੁਰਮੁਖੀ ਲਿਪੀ ਪ੍ਰਚਲਤ ਦੂਜੇ ਸਤਿਗੁਰੂ ਨੇ ਕੀਤੀ ਹੈ। ਜਿਸ ਨੂੰ ਆਪ 'ਗੁਰਮੁਖੀ' ਕਹਿੰਦੇ ਸਨ, ਉਹ ਪਹਿਲੇ ਸਤਿਗੁਰੂ ਦੀ ਰਚਨਾ ਹੀ ਹੋ ਸਕਦੀ ਹੈ।

ਬਾਬਾ ਮੋਹਨ ਜੀ ਦੀਆਂ ਸੈਂਚੀਆਂ ਦੇ ਪੰਨੇ ੨੧੫ ਤੇ ੨੨੩ ਤੇ ਕਿਸੇ ਨੇ ਲਿਖ ਦਿਤਾ ਕਿ ਗੁਰਮੁਖੀ ਅਖਰ ਦੂਸਰੇ ਗੁਰੂ ਜੀ ਨੇ ਬਣਾਏ। ਇਸ ਲਈ ਲਈ ਭੁਲੇਖਾ ਪਿਆ ਹੈ।

ਨਿਮਾਣਿਆਂ ਦੇ ਮਾਣ

ਸ੍ਰੀ ਗੁਰੂ ਅਮਰਦਾਸ ਜੀ

ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ।
ਫੇਰ ਵਸਾਇਆ ਗੋਇੰਦਵਾਲ ਅਚਰਜ ਖੇਲ ਨ ਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ। (ਵਾਰ ੧–੪੬

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨਹੀ ਆਵੈ।
ਰਵਿਸਸਿ ਕਿਰਣਿ ਉਦਰੁ ਸਾਗਰਕੋ ਗੰਗ ਤਰੰਗ ਅੰਤ ਕੋ ਪਾਵੈ।
ਰੁਦ੍ਰ ਧਿਆਨ ਗਿਆਨ ਸਤਿਗੁਰਕੇ ਕਬਿਜਨ ਭਲਉ ਨਹ ਜੋ ਗਾਵੈ।
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ।
(ਸਵਈਏ ਮਹਲੇ ਤੀਜੇ ਕੇ)

--

ਸਤਿਗੁਰ ਹੋਆ ਸਤਿਗੁਰਹੁ ਅਚਰਜ 'ਅਮਰ' ਅਮਰ ਵਰਤਾਯਾ।
ਸੋ ਟਿਕਾ ਸੋ ਬਹਿਣਾ ਸੋਈ ਸਚਾ ਹੁਕਮ ਚਲਾਯਾ।
ਖੋਲ੍ਹ ਖਜ਼ਾਨਾ ਸ਼ਬਦ ਦਾ ਸਾਧ ਸੰਗਤ ਸਚੁ ਮੇਲ ਮਿਲਾਯਾ।
ਗੁਰ ਚੇਲਾ ਪਰਵਾਣ ਕਰ ਚਾਰ ਵਰਨ ਲੈ ਪੈਰੀਂ ਪਾਯਾ।
ਗੁਰਮੁਖਿ ਇਕ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਯਾ।
ਕੁਲਾ ਧਰਮ ਗੁਰ ਸਿਖ ਸਭ ਮਾਇਆ ਵਿਚ ਉਦਾਸ ਰਹਾਯਾ।

ਸ੍ਰੀ ਗੁਰੂ ਅਮਰ ਦਾਸ ਜੀ

ਅਵਤਾਰ ਧਾਰਿਆ	: ਵੈਸਾਖ ਸੁਦੀ ੧੪ ਸੰਮਤ ੧੫੨੬ ।
ਜਨਮ ਅਸਥਾਨ	: ਬਾਸਰਕੇ ਜ਼ਿਲਾ ਅੰਮ੍ਰਿਤਸਰ ।
ਮਾਤਾ ਪਿਤਾ	: ਸ੍ਰੀ ਤੇਜ ਭਾਨ ਜੀ ਤੇ ਮਾਤਾ ਲਖਮੀ ।
ਵਿਆਹ	: ਪਿੰਡ ਸਣਖਤਰੇ ਵਿਚ ਦੇਵੀ ਚੰਦ ਬਹਿਲ ਖਤਰੀ ਦੀ ਬੇਟੀ ਰਾਮ ਕੌਰ ਜੀ ਨਾਲ ਹੋਇਆ ।
ਸੰਤਾਨ	: ਮੋਹਰੀ ਤੇ ਮੋਹਨ ਜੀ ਦੋ ਪੁਤਰ, ਦਾਨੀ ਤੇ ਭਾਨੀ ਜੀ ਦੋ ਪੁਤਰੀਆਂ ਸਨ ।
ਗੁਰੂ ਮਿਲਾਪ	: ਸੰਮਤ ੧੫੯੭ ਨੂੰ ਖਡੂਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲੇ ।
ਗੋਇੰਦਵਾਲ ਵਸਾਇਆ	: ਸੰਮਤ ੧੬੦੩ ਬਿਕ੍ਰਮੀ ।
ਗੁਰ-ਗੱਦੀ	: ਚੇਤਰ ਸੁਦੀ ੧ ਸੰਮਤ ੧੬੦੯ ਬਿ: ਨੂੰ ਖਡੂਰ ਸਾਹਿਬ ।
ਬਾਉਲੀ ਸਾਹਿਬ ਤਿਆਰ ਹੋਈ	: ਸੰਮਤ ੧੬੧੬ ਤੋਂ ੧੬੨੧ ਤਕ ।
ਜੋਤੀ ਜੋਤ ਸਮਾਏ	: ਭਾਦਰੋਂ ਸੁਦੀ ੧੫ ਸੰਮਤ ੧੬੩੧ ਨੂੰ ਗੋਇੰਦਵਾਲ ।

—o—

ਚੌਧਵਾਂ ਵਿਆਖਿਆਨ

ਸ੍ਰੀ ਗੁਰੂ ਅਮਰਦਾਸ ਜੀ ਦਾ ਆਰੰਭਕ ਜੀਵਨ
ਤੀਰਥ ਯਾਤਰਾ, ਗੁਰੂ ਮਿਲਾਪ, ਸੇਵਾ ਤੇ ਗੁਰ ਗੱਦੀ

ਆਤਮਿਕ ਉਨਤੀ ਲਈ ਜਗਯਾਸੂ, ਧਾਰਮਿਕ ਅਤੇ ਪਵਿਤ੍ਰ ਜੀਵਨ ਵਾਲੇ ਗ੍ਰਹਿਸਤੀ, ਸੇਵਾ ਤੇ ਭਗਤੀ ਦੇ ਪੁੰਜ, ਸਹਿਨ ਸ਼ੀਲਤਾ ਤੇ ਤਿਆਗ ਦੇ ਸਚੇ ਨਮੂਨੇ, ਨਿਮਾਣਿਆਂ ਦੇ ਮਾਣ ਸ੍ਰੀ ਗੁਰੂ ਅਮਰਦਾਸ ਜੀ ਸਨ। ਆਪ ਸਿਖੀ ਨੂੰ ਆਦਰਸ਼ਕ ਬਨਾਉਣ ਲਈ ਸਮਾਜਕ ਕੁਰੀਤੀਆਂ ਦਾ ਖੰਡਨ, ਜਥੇਬੰਦੀ ਨੂੰ ਪਕਿਆਂ ਕਰਨ ਲਈ ਤੀਰਥਾਂ ਅਤੇ ਮੇਲਿਆਂ ਦੇ ਜਾਰੀ ਕਰਨ ਵਾਲੇ ਸਤਿਗੁਰੂ ਹਨ। ਜ਼ਾਤ-ਪਾਤ ਤੇ ਛੂਤ-ਛਾਤ ਦੀ ਬੀਮਾਰੀ ਨੂੰ ਦੂਰ ਕਰਨ ਲਈ ਆਪ ਨੇ ਜੋ ਮਰਯਾਦਾ ਕਾਇਮ ਕਰਕੇ ਨਿਗਰ ਕੰਮ ਕੀਤਾ ਹੈ, ਉਹ ਸਿਰਫ ਹਿੰਦੁਸਤਾਨ ਲਈ ਨਹੀਂ, ਬਲਕਿ ਮਨੁਖ ਜਾਤੀ ਲਈ ਆਦਰਸ਼ਕ ਹੈ।

ਸ੍ਰੀ ਗੁਰੂ ਜੀ ਦਾ ਜਨਮ ਵੈਸਾਖ ਸੁਦੀ ੧੪ ਸੰਮਤ ੧੫੨੬ ਵਿਚ ਬਾਸਰਕੇ ਪਰਗਣਾ ਅੰਮ੍ਰਿਤਸਰ ਵਿਚ ਸ੍ਰੀ ਤੇਜ ਭਾਨ ਜੀ ਭੱਲੇ ਖੱਤਰੀ ਦੇ ਘਰ ਮਾਤਾ ਲਖਮੀ ਜੀ ਤੋਂ ਹੋਇਆ। ਇਹ ਦੋਵੇਂ ਜੀਅ ਬੜੇ ਧਾਰਮਿਕ ਤੇ ਸੁਚੇ ਜੀਵਨ ਵਾਲੇ ਸਨ। ਪੁਤਰ ਦਾ ਨਾਂ ਇਨ੍ਹਾਂ ਨੇ ਅਮਰਦਾਸ ਰਖਿਆ। ਮਾਤਾ ਪਿਤਾ ਦੇ ਸੰਸਕਾਰਾਂ ਦਾ ਅਸਰ ਬਚਿਆਂ ਤੇ ਪੈਣਾ ਕੁਦਰਤੀ ਗਲ ਹੈ। ਇਸ ਲਈ ਗੁਰੂ ਜੀ ਭੀ ਬਚਪਨ ਤੋਂ ਹੀ ਧਾਰਮਿਕ ਭਾਵ ਵਾਲੇ ਸਨ। ਸ੍ਰੀ ਤੇਜ ਭਾਨ ਜੀ ਦੁਕਾਨਦਾਰੀ ਦਾ ਕੰਮ ਕਰਦੇ ਸਨ। ਉਨ੍ਹਾਂ ਦੇ ਪਿਛੋਂ ਸ੍ਰੀ ਗੁਰੂ ਅਮਰਦਾਸ ਜੀ ਭੀ ਇਹੀ ਕੰਮ ਕਰਦੇ ਰਹੇ। ਆਪ ਘੋੜੀ ਤੇ ਸੌਦਾ

ਲੱਦ ਕੇ ਪਿੰਡਾਂ ਵਿਚ ਫੇਰੀ ਦਾ ਕੰਮ ਕਰਦੇ ਸਨ।

ਆਪ ਦੀ ਸ਼ਾਦੀ ਪਿੰਡ ਸਣਖਤਰਾ ਪਰਗਣਾ ਅੰਮ੍ਰਿਤਸਰ ਵਿਚ ਦੇਵੀ ਚੰਦ ਬਹਿਲ ਖਤਰੀ ਦੀ ਪੁਤ੍ਰੀ ਰਾਮ ਕੌਰ ਜੀ ਨਾਲ ਹੋਈ, ਜਿਨ੍ਹਾਂ ਚੋਂ ਦੋ ਪੁਤਰ ਮੋਹਰੀ ਤੇ ਮੋਹਣ ਜੀ ਅਤੇ ਦੋ ਪੁਤ੍ਰੀਆਂ ਬੀਬੀ ਦਾਨੀ ਅਤੇ ਭਾਨੀ ਜੀ ਹੋਈਆ।

ਗੁਰੂ ਜੀ ਚੰਗੇ ਗ੍ਰਹਿਸਤੀ ਹੋਣ ਦੇ ਨਾਲ ਜਪ-ਤਪ, ਦਾਨ-ਪੁੰਨ, ਸੰਤ ਸੇਵਾ ਤੇ ਧਰਮ ਦੀ ਕਿਰਤ ਕਰਨ ਵਾਲੇ ਸਨ। ਆਪ ਨੇ ੨੧ ਵੇਰ ਪੈਰੀਂ ਚਲ ਕੇ ਗੰਗਾ ਦੀ ਯਾਤਰਾ ਕੀਤੀ। ਇਕ ਵੇਰ ਹਰਦਵਾਰ ਤੋਂ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਇਕ ਥਾਂ ਠਹਿਰ ਗਏ। ਉਥੇ ਆਪ ਨੂੰ ਗਣਿਤ ਅਤੇ ਰੇਖਾ ਦਾ ਜਾਣੂ ਇਕ ਪੰਡਤ ਮਿਲ ਪਿਆ। ਉਸ ਨੇ ਆਪ ਦੇ ਚਰਨਾਂ ਦੀ ਰੇਖਾ ਵੇਖ ਕੇ ਕਿਹਾ—'ਤੁਸੀਂ ਕਿਸੇ ਦਿਨ ਪੂਰਨ ਪੁਰਖ ਬਣੋਂਗੇ। ਆਪ ਦਾ ਤੇਜ ਪ੍ਰਤਾਪ ਵਧੇਗਾ। ਪੂਜਨੀਕ ਹੋਵੇਗਾ।' ਆਪ ਪੰਡਤ ਦੀ ਇਸ ਗਲ ਨੂੰ ਸੁਣ ਕੇ ਮਨ ਵਿਚ ਕੁਝ ਸੋਚ ਹੀ ਰਹੇ ਸਨ ਕਿ ਭੋਜਨ ਦਾ ਵੇਲਾ ਹੋ ਗਿਆ। ਆਪ ਦੇ ਪਾਸ ਜੋ ਭੋਜਨ ਸੀ, ਛਕਣ ਲਗੇ, ਉਸ ਵਿਚੋਂ ਕੁਝ ਹਿਸਾ ਪੰਡਤ ਜੀ ਨੂੰ ਪੇਸ਼ ਕੀਤਾ।

ਪੰਡਤ—ਆਪ ਦਾ ਗੁਰੂ ਕੌਣ ਹੈ?

ਸ੍ਰੀ ਅਮਰਦਾਸ ਜੀ—ਅਜੇ ਤੀਕ ਮੈਂ ਕੋਈ ਗੁਰੂ ਧਾਰਨ ਨਹੀਂ ਕੀਤਾ।

ਪੰਡਤ—ਮੈਂ ਨਿਗੁਰੇ ਦੇ ਹਥੋਂ ਭੋਜਨ ਨਹੀਂ ਖਾਣਾ। ਨਿਗੁਰੇ ਦਾ ਤਾਂ ਦਰਸ਼ਨ ਕਰਨਾ ਭੀ ਸ਼ਾਸਤ੍ਰ ਵਿਚ ਮਾੜਾ ਲਿਖਿਆ ਹੈ।

ਇਹ ਆਖਕੇ ਪੰਡਤ ਨੇ ਭੋਜਨ ਵਾਪਸ ਕਰ ਦਿਤਾ। ਇਸ ਦਾ ਸ੍ਰੀ ਅਮਰਦਾਸ ਜੀ ਤੇ ਬਹੁਤ ਡੂੰਘਾ ਅਸਰ ਹੋਇਆ। ਪੂਰਨ ਗੁਰੂ ਧਾਰਨ ਦੀ ਤੀਬਰ ਇਛਾ ਪੈਦਾ ਹੋ ਗਈ। ਆਪ ਬੜੇ ਵੈਰਾਗ ਵਿਚ ਕਈ ਸੰਤਾਂ ਮਹੰਤਾਂ ਤੇ ਫਕੀਰਾਂ ਨੂੰ ਮਿਲੇ, ਪਰ ਮਨ ਨੂੰ ਕਿਤੋਂ ਵੀ ਸ਼ਾਂਤੀ ਪ੍ਰਾਪਤ ਨਾ ਹੋਈ। ਜਿਸ ਆਦਰਸ਼ ਦੀ ਪ੍ਰਾਪਤੀ

ਲਈ ਇਰਾਦਾ ਨੇ ਹੋਵੇ, ਉਸ ਦੀ ਸਫਲਤਾ ਵਿਚ ਕੁਦਰਤ ਸਹਾਇਤਾ ਕਰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁਤਰੀ ਬੀਬੀ ਅਮਰੋ ਸ੍ਰੀ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਇਕ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੀਬੀ ਪਾਠ ਕਰ ਰਹੀ ਸੀ। ਉਸ ਨੇ ਪਰੇਮ ਨਾਲ ਇਹ ਸ਼ਬਦ ਪੜ੍ਹਿਆ—

ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ
ਲੇਖ ਪਏ। ਜਿਉ ਜਿਉ ਕਿਰਤੁ ਚਲਾਏ ਤਿਉ
ਚਲੀਐ ਤਉ ਗੁਣ ਨਾਹੀ ਅੰਤੁ ਹਰੇ। (ਵਾਰ ਮ: ੧)

ਇਸ ਸ਼ਬਦ ਨੇ ਆਪ ਦੇ ਮਨ ਤੇ ਅਸਚਰਜ ਅਸਰ ਕੀਤਾ। ਆਪ ਨੇ ਬੀਬੀ ਨੂੰ ਪੁਛਿਆ—'ਪੁਤਰੀ ! ਇਹ ਕਿਸ ਦੀ ਬਾਣੀ ਪੜ੍ਹਦੀ ਹੈਂ ?'

ਬੀਬੀ ਅਮਰੋ ਨੇ ਉਤਰ ਦਿਤਾ—'ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਆਪ ਜਾਣਦੇ ਹੋ, ਉਨ੍ਹਾਂ ਦੀ ਗਦੀ ਤੇ ਮੇਰੇ ਪਿਤਾ ਜੀ ਬਿਰਾਜਮਾਨ ਹਨ।

ਇਹ ਉਤਰ ਸੁਣ ਕੇ ਆਪ ਦੇ ਹਿਰਦੇ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਦੀ ਲਾਲਸਾ ਪੈਦਾਂ ਹੋਈ, ਜੋ ਦਿਨੋ ਦਿਨ ਵਧਦੀ ਗਈ।

ਕੀ ਬਾਸਰਕੇ ਵਿਚ ਰਹਿੰਦਿਆਂ ਸ੍ਰੀ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦਾ ਪਤਾ ਨਹੀਂ ਸੀ ? ਪਤਾ ਸੀ। ਪਰ ਜਾਪਦਾ ਇਹ ਸੀ ਕਿ ਜਪ ਤਪ, ਤੀਰਥ ਯਾਤਰਾ, ਕੁੜਮਾਚਾਰੀ ਤੇ ਵਡੀ ਉਮਰ ਦਾ ਖਿਆਲ, ਮਿਲਾਪ ਤੇ ਗੁਰੂ ਧਾਰਨ ਦੇ ਰਾਹ ਵਿਚ ਰੋਕ ਸਨ। ਜਦੋਂ ਹਿਰਦੇ ਵਿਚ ਪ੍ਰੇਮ ਦੀ ਗੰਗਾ ਉਮਡ ਪਈ ਉਸ ਨੇ 'ਹਉਮੈਂ' ਤੇ 'ਲੋਕ-ਲਾਜ' ਦੇ ਟੋਏ ਟਿਬੇ ਪਧਰੇ ਕਰ ਸੁਟੇ। ਵੈਰਾਗ ਤੇ ਪ੍ਰੇਮ ਦੀ ਨਿਰਮਲ ਧਾਰਾ ਹਿਰਦੇ ਵਿਚ ਚਲ ਰਹੀ ਸੀ। ਬੀਬੀ ਅਮਰੋ ਪਾਸੋਂ ਗੁਰਬਾਣੀ ਸੁਣ ਕੇ ਆਪ ਨੂੰ ਸਹੀ ਸੋਧ ਮਿਲ ਗਈ। ਬਸ ਫੇਰ ਕੀ ਸੀ, ਗੁਰੂ ਦਰਸ਼ਨਾਂ ਲਈ ਬਿਹਬਲ ਹੋ ਉਠੇ।

ਬੀਬੀ ਜੀ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁਜੇ । ਸੰਮਤ ੧੫੯੯ ਵਿਚ ਪਹਿਲੀ ਵੇਰ ਆਪ ਦੀ ਮੁਲਾਕਾਤ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਹੋਈ । ਦਰਸ਼ਨ ਅਤੇ ਸੰਗਤ ਕਰਕੇ ਆਪ ਨੂੰ ਇਹ ਮਾਲੂਮ ਹੋਇਆ ਕਿ ਜੋ ਵਸਤੂ ਬੜੇ ਕਠਨ ਸਾਧਨ, ਸੰਜਮ ਤੇ ਤੀਰਥ ਯਾਤਰਾ ਕਰਕੇ ਨਹੀਂ ਪ੍ਰਾਪਤ ਹੋ ਸਕੀ, ਉਹ ਸਤਿਗੁਰੂ ਪਾਸੋਂ ਮਿਲ ਗਈ ਹੈ । ਇਸ ਦਿਨ ਤੋਂ ਆਪ ਖਡੂਰ ਸਾਹਿਬ ਹੀ ਟਿਕ ਗਏ ਤੇ ਗੁਰੂ ਅਤੇ ਸੰਗਤ ਕਰਨ ਲਗ ਪਏ ।

ਸਿਖ ਧਰਮ ਵਿਚ ਗੁਰੂ ਅਤੇ ਵਾਹਿਗੁਰੂ ਦੀ ਪ੍ਰਾਪਤੀ ਲਈ ਸੇਵਾ ਪਹਿਲੀ ਪਉੜੀ ਹੈ* । ਪਹਿਲੇ ਗੁਰੂ-ਸੰਗਤ ਸੇਵਾ, ਫਿਰ ਮਨੁਖ ਮਾਤਰ ਦੀ ਸੇਵਾ ਸਿਖੀ ਨੇ ਦਸੀ ਹੈ । ਇਸ ਨਾਲ ਮਨ ਨੀਵਾਂ ਅਤੇ ਨਿਰਮਲ ਹੁੰਦਾ ਹੈ ਤੇ ਸੁਭ ਗੁਣਾਂ ਦਾ ਧਾਰਨੀ ਬਣਦਾ ਹੈ। ਖਡੂਰ ਵਿਚ ਰਹਿ ਕੇ ਸ੍ਰੀ ਅਮਰਦਾਸ ਜੀ ਬਾਰਾਂ ਬਰਸ ਤਕ ਨਿਸ਼ਕਾਮ ਸੇਵਾ ਕੀਤੀ । ਅੰਮ੍ਰਿਤ ਵੇਲੇ ਜਲ ਭਰ ਕੇ ਲਿਆਉਂਦੇ ਤੇ ਗੁਰੂ ਜੀ ਦਾ ਇਸ਼ਨਾਨ ਕਰਾਉਂਦੇ ਸਨ ਦਿਨੇ ਤੇ ਰਾਤ ਨੂੰ ਲੰਗਰ ਵਿਚ ਝਾੜੂ ਦੇਣ, ਭਾਂਡੇ ਮਾਂਜਣ ਤੇ ਪ੍ਰਸ਼ਾਦ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਸੇਵਾ ਕਰਦੇ । ਆਪ ਫੁਰਮਾਉਂਦੇ ਹਨ—

> ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ
> ਲਾਇ । ਸਦਾ ਸਹਿਜ ਫਿਰਿ ਦੁਖੁ ਨ ਲਗਈ ਹਰਿ
> ਆਪਿ ਵਸੈ ਮਨਿ ਆਇ । (ਸੋਰਠਿ ਮ: ੩)

ਸੇਵਾ ਦੇ ਬਦਲੇ ਜੋ ਕੁਝ ਸਤਿਗੁਰੂ ਦੇ ਦਰ ਤੋਂ ਪ੍ਰਾਪਤ ਹੁੰਦਾ ਉਸ ਨੂੰ ਬਖਸ਼ਸ਼ ਸਮਝ ਕੇ ਗ੍ਰਹਿਣ ਕਰਦੇ ।

ਪ੍ਰੇਮ ਦੀ ਮੰਜ਼ਲ ਬੜੀ ਕਠਨ ਹੈ। ਇਸ ਵਿਚ ਕਈ ਵੇਰ ਬੜੇ ਬੜੇ ਆਸ਼ਿਕ-ਸਾਦਕ ਭੀ ਉਖੜ ਜਾਂਦੇ ਹਨ। ਸੋਨਾ ਕੁਠਾਲੀ ਵਿਚ ਪੈ ਕੇ ਸੁਧ ਹੁੰਦਾ ਹੈ। ਪਰੇਮ ਦੀ ਮੰਜ਼ਲ ਕੇ ਪ੍ਰੀਖਿਆ ਦੀ ਕੁਠਾਲੀ

---

*ਗੁਰਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ । (ਭਾ: ਗੁ:)

ਵਿਚ ਗੁਰੂ ਜੀ ਪੂਰੇ ਉਤਰੇ।

ਇਕ ਦਿਨ ਆਪ ਬਿਆਸਾ ਦਰਿਆ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਜਲ ਲੈਣ ਲਈ ਜਾ ਰਹੇ ਸਨ ਕਿ ਕੁਦਰਤ ਨੇ ਆਪ ਦੇ ਸਿਦਕ ਦਾ ਇਮਤਿਹਾਨ ਲੈਣਾ ਚਾਹਿਆ । ਰਾਤ ਹਨੇਰੀ ਅਤੇ ਰੁਤ ਸਰਦੀ ਦੀ ਸੀ । ਤਨ ਨੂੰ ਚੀਰ ਦੇਣ ਵਾਲੀ ਠੰਢੀ ਹਵਾ ਚਲ ਪਈ। ਬਾਰਸ਼ ਸ਼ੁਰੂ ਹੋ ਗਈ । ਬਿਜਲੀ ਕੜਕ ਰਹੀ ਸੀ। ਇਕ ਪਾਸੇ ਬਿਰਧ ਸਰੀਰ, ਢਾਈ ਤਿੰਨ ਕੋਹ ਦੀ ਵਿਥ ਸੀ, ਦੂਸਰੇ ਪਾਸੇ ਸਰੀਰਕ ਕਸ਼ਟ ਤੇ ਕਠਨ ਪ੍ਰੀਖਿਆ ਸੀ। ਹਾਫ਼ਿਜ਼ ਸ਼ੀਰਾਜ਼ੀ ਨੇ ਕਿਹਾ ਹੈ :

ਸ਼ਬੇ ਤਾਰੀਕ ਬੀਮੇ ਮੌਜ ਗਰਦਾਬੇ ਚੁਨੀਂ ਹਾਇਲ
ਕੁਜਾ ਦਾਨੰਦ ਹਾਲੇ ਮਾ ਸੁਬਕ ਸਾਰਾਨੇ ਸਾਹਿਲ ਹਾ।*

ਭਾਵ–ਰਾਤ ਹਨੇਰੀ, ਦਰਿਆ ਵਿਚ ਘੁੰਮਣ ਘੇਰੀਆਂ ਪੈ ਰਹੀਆਂ ਹਨ। ਕੰਢੇ ਤੇ ਵਸਣਵਾਲੇ ਸਾਡਾ ਹਾਲ ਕੀ ਜਾਣ ਸਕਦੇ ਹਨ ?

ਹਾਫ਼ਿਜ਼ ਦੇ ਇਸ ਕਥਨ ਵਿਚ ਸਚਾਈ ਹੈ ਕਿ ਜੋ ਲੋਕ ਸਿਦਕ ਤੇ ਪ੍ਰੇਮ ਦੇ ਸ਼ਹੁ ਸਾਗਰ ਵਿਚ ਨਹੀਂ ਠਿਲੇ, ਉਨ੍ਹਾਂ ਨੂੰ ਇਸ ਦੀਆਂ ਔਕੜਾਂ ਦਾ ਕੀ ਪਤਾ ਹੋ ਸਕਦਾ ਹੈ ? ਉਸ ਨੇ ਇਸ ਵਿਚ ਅਸੰਤੋਸ਼ ਪ੍ਰਗਟ ਕੀਤਾ ਹੈ । ਸਿਖੀ ਦੇ ਪ੍ਰੇਮ ਵਿਚ ਸੰਤੁਸ਼ਟਤਾ ਤੇ ਸ਼ੁਕਰਾਨਾ ਹੈ। ਦੁਖ ਨੂੰ ਦੁਖ ਨਹੀਂ ਮੰਨਿਆ, ਸੁਖ ਜਾਣਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਨਿਸ਼ਕਾਮ ਸੇਵਾ ਵਿਚ ਜੋ ਰਸ ਮਾਣਿਆ, ਉਸ ਦਾ ਅਨੁਮਾਨ ਅਸੀਂ ਕੀ ਲਾ ਸਕਦੇ ਹਾਂ ?

ਬਿਰਧ ਸਰੀਰ ਪਰ ਉਚੀ ਸੁਰਤ ਗੁਰੂ ਪਿਆਰ ਵਿਚ ਰੱਤੇ ਹੋਏ ਬਿਆਸਾ ਵਿਚੋਂ ਜਲ ਦੀ ਗਾਗਰ ਭਰ ਕੇ ਤੁਰੇ ਆ ਰਹੇ ਹਨ।

---

*ਰਾਤ ਹਨੇਰੀ ਘੁੰਮਣ ਘੇਰੀ ਪਾਣੀ ਠਾਠਾਂ ਮਾਰੇ ।
ਉਹ ਕੀ ਜਾਨਣ ਹਾਲ ਅਸਾਡਾ ਜਿਹੜੇ ਵਸਦੇ ਨਦੀ ਕਿਨਾਰੇ ।

ਨਗਰ ਦੇ ਨੇੜੇ ਆਏ । ਨਜ਼ਰ ਭੁਲੇਖਾ ਖਾ ਗਈ ਗਈ। ਪਵਿਤਰ, ਕਦਮ ਰਾਹ ਤੋਂ ਲਾਂਭੇ ਜਾ ਪਏ । ਲਾਗੇ ਜੁਲਾਹਿਆਂ ਦਾ ਘਰ ਸੀ, ਉਧਰ ਚਲੇ ਗਏ । ਅਗੇ ਖੱਡੀ ਦਾ ਕਿੱਲਾ ਸੀ । ਉਸ ਦੀ ਠੋਹਕਰ ਖਾ ਕੇ ਡਿਗ ਪਏ ਪਰ ਮੋਢੇ ਤੋਂ ਜਲ ਦੀ ਗਾਗਰ ਨਾ ਡਿਗਣ ਦਿਤੀ । ਖੜਾਕ ਸੁਣ ਕੇ ਜੁਲਾਹਾ ਤੇ ਜੁਲਾਹੀ ਜਾਗ ਪਏ ।

ਜੁਲਾਹਾ-ਭਾਗਵਾਨੇ, ਖੜਾਕ ਸੁਣਿਆ ਈ, ਐਸ ਵੇਲੇ ਕੌਣ ਹੈ ਜੋ ਖਡੀ ਵਿਚ ਡਿਗ ਪਿਆ ਹੈ ?

ਜੁਲਾਹੀ-ਇਹ ਅਮਰੂ ਨਿਥਾਵਾਂ ਹੋਣਾ ਏ, ਜਿਸ ਨੂੰ ਨਾ ਦਿਨੇ ਆਰਾਮ ਨਾ ਰਾਤੀਂ ਚੈਨ, ਪੇਟ ਦੀ ਖਾਤਰ ਗੁਰੂ ਦਾ ਪਾਣੀ ਢੋਂਦਾ ਹੈ ।

ਸ੍ਰੀ ਅਮਰਦਾਸ ਜੀ-ਭੋਲੀਏ ਇਹ ਕੀ ਆਖਿਆ ਈ। ਹੁਣ ਤੇ ਮੈਂ ਨਿਥਾਵਾਂ ਨਹੀਂ ਰਿਹਾ, ਗੁਰੂ ਦੀ ਸ਼ਰਨ ਵਿਚ ਆ ਗਿਆ ਹਾਂ।

ਇਹ ਕਹਿਕੇ ਆਪ ਜਲ ਦੀ ਗਾਗਰ ਲੈ ਕੇ ਸਤਿਗੁਰੂ ਦੇ ਨਿਵਾਸ ਅਸਥਾਨ ਤੇ ਪੁਜੇ ਤੇ ਪ੍ਰੇਮ ਨਾਲ ਇਸ਼ਨਾਨ ਕਰਾਇਆ। ਹਜ਼ੂਰ ਅਗੇ ਭੀ ਇਸ਼ਨਾਨ ਕਰਦੇ ਸਨ, ਪਰ ਅਜ ਦਾ ਇਸ਼ਨਾਨ ਨਿਰਾਲਾ ਸੀ। ਪ੍ਰੇਮ-ਰਸ ਪੂਰਤ ਹੋ ਕੇ ਹੁਕਮ ਦਿਤਾ-'ਸ੍ਰੀ ਅਮਰਦਾਸ ਜੀ ਨੂੰ ਨਵੀਂ ਪੁਸ਼ਾਕ ਪਹਿਨਾਓ, ਉਨ੍ਹਾਂ ਦੀ ਘਾਲਿ ਥਾਇ ਪਈ ਹੈ।' ਇਹ ਬਚਨ ਕਰਕੇ ਆਪ ਸੰਗਤ ਵਿਚ ਆ ਗਏ ।

ਚੇਤਰ ਸੁਦੀ ੧ ਸੰਮਤ ੧੬੦੯ ਨੂੰ ਬਾਬਾ ਬੁਢਾ ਜੀ ਹਥੋਂ ਗੁਰਿਆਈ ਦਾ ਤਿਲਕ ਗੁਰੂ ਅਮਰਦਾਸ ਜੀ ਨੂੰ ਦਿਵਾਕੇ ਫੁਰਮਾਯਾ- 'ਗੁਰੂ ਅਮਰਦਾਸ ਨਿਮਾਣਿਆਂਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ।'

ਸਾਰੀ ਸੰਗਤ ਤੇ ਦਾਸੂ ਜੀ ਨੇ ਮਥਾ ਟੇਕਿਆ ਪਰ ਦਾਤੂ ਜੀ ਨੇ ਬਹੁਤ ਕ੍ਰੋਧ ਕੀਤਾ । ਇਸ ਲਈ ਸਤਿਗੁਰੂ ਨੇ ਤੀਸਰੇ ਪਾਤਸ਼ਾਹ ਨੂੰ ਗੋਇੰਦਵਾਲ ਜਾਣ ਦੀ ਆਗਿਆ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਜਾ ਟਿਕੇ, ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ ਤੇ ਅਤੁਟ ਲੰਗਰ ਚਲਣ ਲਗ ਪਿਆ ।

ਤੇਜ ਪ੍ਰਤਾਪ ਵਧਦਾ ਦੇਖ ਕੇ ਦਾਤੂ ਜੀ ਕੋਲੋਂ ਜਰਿਆ ਨਾ ਗਿਆ। ਇਕ ਦਿਨ ਗੋਇੰਦਵਾਲ ਆ ਕੇ ਕਹਿਣ ਲਗੇ–'ਗਦੀ ਪੁਤਰਾਂ ਦਾ ਹੱਕ ਹੈ ਕਿ ਸੇਵਕਾਂ ?'

ਗੁਰੂ ਜੀ ਚੁਪ ਰਹੇ, ਪਰ ਦਾਤੂ ਨੇ ਗੁਸੇ ਵਿਚ ਆਪ ਨੂੰ ਲੱਤ ਕਢ ਮਾਰੀ। ਹਜ਼ੂਰ ਚੌਂਕੀ ਤੋਂ ਥਲੇ ਡਿਗ ਪਏ। ਆਪ ਨੇ ਛੇਤੀ ਨਾਲ ਉਠ ਕੇ ਦਾਤੂ ਜੀ ਦੇ ਚਰਨ ਫੜ ਲਏ ਤੇ ਕਿਹਾ--

ਇਕ ਤੋ ਸੇਵਾ ਕਰਤ ਰਹਯੋ ਹੋਂ ।
ਦੁਤੀਏ ਬਯ* ਤੇ ਬਿਰਧ ਭਯੋ ਹੋਂ ।
ਯਾਤੇ ਅਧਿਕ ਸਰੀਰ ਕਠੋਰਾ ।
ਤੁਮਰੋ ਚਰਨ ਮ੍ਰਿਦਲ† ਨਹਿ ਥੋਰਾ ।
(ਗੁ: ਪ: ਸੂ: ਰਾਸ ੧-੩੪)

ਇਹ ਕੋਮਲ ਬਚਨ ਸੁਣ ਕੇ ਦਾਤੂ ਜੀ ਦਾ ਕਠੋਰ ਮਨ ਨਰਮ ਹੋ ਗਿਆ। ਉਨ੍ਹਾਂ ਦਾ ਕ੍ਰੋਧ ਢਲ ਗਿਆ । ਗੁਰੂ ਜੀ ਗੋਇੰਦਵਾਲ ਭੀ ਛਡ ਕੇ ਚਲੇ ਆਏ । ਬਾਸਰ ਕੇ ਪਿੰਡ ਦੇ ਬਾਹਰ ਜੰਗਲ ਵਿਚ ਇਕ ਮਕਾਨ ਵਿਚ ਇਕਾਂਤਵਾਸ ਕਰਕੇ ਭਜਨ ਕਰਨ ਲਗ ਪਏ । ਸੇਵਕਾਂ ਨੂੰ ਹੁਕਮ ਦਿਤਾ ਕਿ ਕੋਈ ਦਰਵਾਜ਼ਾ ਨਾ ਖੋਲੇ। ਗੁਰੂ ਜੀ ਦੇ ਲੋਪ ਹੋ ਜਾਣ ਨਾਲ ਸੰਗਤਾਂ ਵਿਚ ਬੜੀ ਘਬਰਾਹਟ ਪੈਦਾ ਹੋਈ। ਬਾਬਾ ਬੁਢਾ ਜੀ ਨੇ ਭਾਲ ਸ਼ੁਰੂ ਕੀਤੀ ਜਿਸ ਘੋੜੀ ਪਰ ਸਤਿਗੁਰੂ ਸਵਾਰੀ ਕਰਦੇ ਸਨ, ਉਹ ਛਡੀ ਗਈ। ਉਹ ਘੋੜੀ ਬਾਸਰਕੇ ਪੁਜ ਗਈ। ਬਾਬਾ ਜੀ ਨੇ ਬਾਸਰ ਕੇ ਪੁਜ ਕੇ ਮਕਾਨ ਦੀ ਕੰਧ ਪਾੜੀ ਤੇ ਬੇਨਤੀ ਕੀਤੀ--'ਸਚੇ ਪਾਤਸ਼ਾਹ ਦਰਸ਼ਨ ਦੇਵੋ।'

ਗੁਰੂ ਜੀ ਬਾਹਰ ਆਏ । ਆਪ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ । ਉਸ ਯਾਦ ਵਿਚ ਗੁਰਦਵਾਰਾ ਸੰਨ੍ਹ ਸਾਹਿਬ ਮੌਜੂਦ ਹੈ। ਇਥੇ ਹਰ ਸਾਲ ਭਾਦਰੋਂ ਸੁਦੀ ੧੫ ਨੂੰ ਜੋੜ ਮੇਲਾ ਹੁੰਦਾ ਹੈ।

---

*ਉਮਰ। †ਕੋਮਲ।

ਪੰਦਰ੍ਹਵਾਂ ਵਿਆਖਿਆਨ

ਗੋਇੰਦਵਾਲ ਵਸਾਣਾ, ਬਾਉਲੀ ਦੀ ਰਚਨਾ, ਬਾਈ ਮੰਜੀਆਂ ਗੁਰੂ ਕਾ ਲੰਗਰ ਤੇ ਸਮਾਜ-ਸੁਧਾਰ ਦਾ ਕੰਮ

ਸ੍ਰੀ ਗੁਰੂ ਜੀ ਨੇ ਸਿਖ ਧਰਮ ਦੀ ਉਨਤੀ ਤੇ ਉਨਾਰੀ ਲਈ ਬੜੀ ਨਿਗਰ ਸੇਵਾ ਕੀਤੀ ਹੈ। ਜਥੇਬੰਦੀ ਲਈ ਆਪਨੇ ਗੋਇੰਦਵਾਲ ਨੂੰ ਕੇਂਦਰ ਬਣਾਇਆ। ਬਾਉਲੀ ਦੀ ਰਚਨਾ ਕੀਤੀ ਤੇ ਵਿਸਾਖੀ ਦਾ ਮੇਲਾ ਆਰੰਭ ਕੀਤਾ । ਹਜ਼ੂਰ ਨੇ ਪ੍ਰਚਾਰ ਲਈ ੨੨ ਮੰਜੀਆਂ ਥਾਪੀਆਂ ਜ਼ਾਤ-ਪਾਤ ਤੇ ਛੂਤ-ਛਾਤ ਨੂੰ ਖੰਡਨ ਕੀਤਾ। ਗੁਰੂ ਕੇ ਲੰਗਰ ਸੰਬੰਧੀ ਖਾਸ ਹੁਕਮ ਜਾਰੀ ਕੀਤਾ । ਜ਼ਾਤ-ਪਾਤ ਤੋੜ ਕੇ ਰਿਸ਼ਤੇ ਕਰਨੇ ਤੇ ਪੁਨਰ ਵਿਵਾਹ ਭੀ ਆਪ ਨੇ ਪ੍ਰਚਲਤ ਕੀਤਾ ਤੇ ਹੋਰ ਕਈ ਸਮਾਜਿਕ ਖਰਾਬੀਆਂ ਨੂੰ ਦੂਰ ਕੀਤਾ। ਖਿਮਾ ਤੇ ਸਹਿਨ ਸ਼ੀਲਤਾ ਜਿੰਨੀ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਸੀ, ਓਨੀ ਹੀ ਆਪ ਦੇ ਹਿਸੇ ਆਈ । ਆਪ ਦਾ ਭਜਨ ਬੰਦਗੀ, ਦੁਖੀਆਂ ਦਾ ਦਰਦ, ਤਿਆਗ ਤੇ ਲੋਕ ਸੇਵਾ ਦਾ ਉਤਸ਼ਾਹ ਕਮਾਲ ਦਰਜੇ ਦਾ ਸੀ। ਆਪ ਦੇ ਕੀਤੇ ਹੋਏ ਕੰਮ, ਆਤਮਿਕ ਗੁਣਾਂ ਤੇ ਪਵਿਤਰ ਆਚਰਣ ਦਾ ਸੰਖੇਪ ਵਰਣਨ ਅਗੇ ਚਲਕੇ ਕੀਤਾ ਗਿਆ ਹੈ ।

ਗੋਇੰਦਵਾਲ ਵਸਾਉਣਾ :

ਸ੍ਰੀ ਗੁਰੂ ਅਮਰਦਾਸ ਜੀ ਅਜੇ ਗੁਰ ਗੱਦੀ ਪਰ ਬਿਰਾਜਮਾਨ ਨਹੀਂ ਸਨ ਹੋਏ ਕਿ ਆਪ ਨੇ ਲੋਕ ਸੇਵਾ ਦਾ ਕੰਮ ਸ਼ੁਰੂ ਕਰ ਦਿਤਾ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੋਇੰਦੇ ਖੱਤਰੀ ਦੀ ਬੇਨਤੀ

ਮੰਨ ਕੇ ਸੰਮਤ ੧੬੦੩ ਵਿਚ ਆਪ ਨੇ ਗੋਇੰਦਵਾਲ ਵਸਾਇਆ।

ਗੋਇੰਦੇ ਨੂੰ ਵਹਿਮ ਸੀ ਕਿ ਇਥੇ ਪਰੇਤ ਵਸਦੇ ਹਨ। ਉਹ ਪਿੰਡ ਬਝਣ ਨਹੀਂ ਦੇਂਦੇ। ਗੁਰੂ ਜੀ ਨੇ ਇਸ ਭਰਮ ਨੂੰ ਦੂਰ ਕੀਤਾ। ਗੁਰਿਆਈ ਮਿਲਣ ਦੇ ਬਾਅਦ ਆਪ ਇਥੇ ਆ ਕੇ ਬਿਰਾਜੇ। ਉਨ੍ਹਾਂ ਦਿਨਾਂ ਵਿਚ ਗੋਇੰਦਵਾਲ ਲਾਹੌਰੋਂ ਦਿਲੀ ਨੂੰ ਜਾਣ ਵਾਲੀ ਸ਼ਾਹੀ ਸੜਕ ਦਾ ਪੜਾਅ ਤੇ ਪੱਤਣ ਹੁੰਦਾ ਸੀ। ਆਵਾ ਜਾਈ ਬਹੁਤ ਹੁੰਦੀ ਸੀ। ਭੱਟਾਂ ਨੇ ਕਿਹਾ ਹੈ—'ਗੋਇੰਦਵਾਲ ਗੋਬਿੰਦ ਪੁਰੀ ਸਮ ਜਲਨ ਤੀਰ ਬਿਪਾਸ ਬਨਾਯਉ।' (ਸਵਈਏ ਮ: ਚੌਥੇ ਕੇ)। ਇਥੇ ਸਿਖ ਸੰਗਤਾਂ ਤੋਂ ਬਿਨ੍ਹਾਂ ਅਕਬਰ ਵਰਗੇ ਬਾਦਸ਼ਾਹ, ਹਿੰਦੁਸਤਾਨ ਦੇ ਪੰਡਤ ਸਾਧੂ ਮਹਾਤਮਾ ਤੇ ਫ਼ਕੀਰ ਆਉਂਦੇ ਰਹੇ। ਤੀਸਰੇ ਤੇ ਚੌਥੇ ਸਤਿਗੁਰੂ ਇਥੇ ਹੀ ਜੋਤੀ ਜੋਤ ਸਮਾਏ। ਪੰਚਮ ਸਤਿਗੁਰੂ ਨੇ ਇਥੇ ਹੀ ਅਵਤਾਰ ਧਾਰਿਆ।

ਬਾਉਲੀ ਸਾਹਿਬ ਦੀ ਰਚਨਾ :

ਗੁਰੂ ਜੀ ਨੇ ਸੰਮਤ ੧੬੧੬ ਵਿਚ ਗੋਇੰਦਵਾਲ ਵਿਚ ਬਾਉਲੀ ਸਾਹਿਬ ਆਰੰਭ ਕੀਤੀ। ਇਹ ਸਿਖ ਤੀਰਥਾਂ ਵਿਚੋਂ ਪਹਿਲਾ ਤੀਰਥ ਹੈ। ਇਹ ਲਗਾਤਾਰ ਛੇ ਸਾਲ ਬਣਦੀ ਰਹੀ ਅਤੇ ੧੬੨੧ ਵਿਚ ਮੁਕੰਮਲ ਹੋਈ। ਬਾਉਲੀ ਦੀਆਂ ੮੪ ਪਉੜੀਆਂ ਹਨ।

ਸਿਖ ਇਤਿਹਾਸ ਵਿਚ ਇਸ ਸਬੰਧੀ ਇਕ ਸਾਖੀ ਆਉਂਦੀ ਹੈ ਕਿ ਜਦ ਬਾਉਲੀ ਤਿਆਰ ਹੋ ਰਹੀ ਸੀ, ਉਨ੍ਹਾਂ ਦਿਨਾਂ ਵਿਚ ਅਕਬਰ ਨੇ ਚਤੌੜ ਪਰ ਹਮਲਾ ਕੀਤਾ। ਕਿਲ੍ਹਾ ਸਰ ਹੋਣ ਵਿਚ ਨਹੀਂ ਸੀ ਆਉਂਦਾ ਕਿ ਬਾਦਸ਼ਾਹ ਨੇ ਦੀਵਾਨ ਟੋਡਰ ਮਲ ਦਾ ਕਹਿਣਾ ਮੰਨ ਕੇ ਸੂਬੇ ਤਾਹਿਰ ਖਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਪਾਸ ਭੇਜਿਆ। ਆਪ ਨੇ ਵਰ ਦਿਤਾ—'ਜਬ ਕੜ ਟੂਟੇ ਤਬ ਗੜ ਛੂਟੇ। ਭਾਵ ਜਿਸ ਸਮੇਂ ਬਾਉਲੀ ਦਾ ਕੜ ਟੁਟੇਗਾ, ਚਤੌੜ ਗੜ੍ਹ ਦਾ ਕਿਲ੍ਹਾ ਫ਼ਤਹਿ ਹੋ ਜਾਏਗਾ। ਨਾਜ਼ਮ ਲਾਹੌਰ ਨੇ ਕਾਰੀਗਰ ਲਾਏ। ੨੩ ਚੇਤਰ ੧੬੨੧

ਨੂੰ ਬਾਉਲੀ ਦਾ ਕੜ ਟੁਟਾ । ਉਧਰ ਅਕਬਰ ਨੇ ਚਤੌੜ ਫ਼ਤਹਿ ਕਰ ਲਿਆ।*

ਇਹ ਗਲ ਇਤਿਹਾਸਕ ਖੋਜ ਨਾਲ ਠੀਕ ਨਹੀਂ ਜਾਪਦੀ।

---

*ਤਵਾਰੀਖ ਗੁਰੂ ਖਾਲਸਾ ਹਿਸਾ ੨, ਪੰਨਾ ੬੧੧। ਗੁ: ਪ: ਸੂਰਜ ਰਾਸ ੩ ਅੰਸੂ ੭।

ਚਤੌੜ ਦਾ ਕਿਲ੍ਹਾ ਭਾਰਤ ਦੇ ਪੁਰਾਤਨ ਕਿਲ੍ਹਿਆਂ ਵਿਚੋਂ ਇਕ ਹੈ। ਇਹ ਇਕ ਪਹਾੜੀ ਤੇ ੬੯੦ ਏਕੜ ਲੰਮਾ ਚੌੜਾ ਹੈ।

ਇਤਿਹਾਸਕ ਤੌਰ ਤੇ ਮੰਨਿਆ ਜਾਂਦਾ ਹੈ ਕਿ ਇਹ ਕਿਲ੍ਹਾ ਮੌਰੀਆ ਖਾਨਦਾਨ ਦੇ ਰਾਜਾ ਚਿਤ੍ਰਾਂਗਦ ਨੇ ਬਣਵਾਇਆ ਸੀ। ਮੌਰੀਆ ਵੰਸ਼ ਦੇ ਰਾਜਪੂਤ ਰਾਜੇ ੭੦੦ ਸਾਲ ਇਸ਼ ਪਰ ਕਾਬਜ ਰਹੇ। ਇਸ ਕਿਲ੍ਹੇ ਦਾ ਪੁਰਾਤਨ ਨਾਂ ਚਿਤ੍ਰ ਕੂਟ ਸੀ, ਜਿਸ ਤੋਂ 'ਚਤੌੜ' ਬਣਿਆ।

ਸੰਨ ੭੩੪ ਈ: ਵਿਚ ਚਤੌੜ ਦੇ ਕਿਲ੍ਹੇ ਤੇ ਮਹਾਰਾਣਾ ਪ੍ਰਤਾਪ ਦੇ ਬਜ਼ੁਰਗ ਬਾਪਾ ਰਾਵਲ ਦਾ ਕਬਜ਼ਾ ਹੋਇਆ। ਉਸ ਦਿਨ ਤੋਂ ਲੈ ਕੇ ਪਿਛਲੇ ੧੨ ਸੌ ਸਾਲਾਂ ਵਿਚ ਹੁਣ ਤੀਕ ਬਾਪਾ ਰਾਵਲ ਦੀਆਂ ੭੧ ਪੀਹੜੀਆਂ ਇਸ ਪਰ ਕਾਬਜ਼ ਰਹੀਆਂ ਹਨ।

ਸੰਨ ੧੩੦੩ ਈ: ਵਿਚ ਅਲਾਉਦੀਨ ਖਿਲਜੀ ਨੇ ਚਤੌੜ ਤੇ ਹਮਲਾ ਕੀਤਾ। ਰਾਜਪੂਤਾਂ ਨੇ ਬੜੀ ਦਲੇਰੀ ਨਾਲ ਟਾਕਰਾ ਕੀਤਾ, ਪਰ ਸਫਲ ਨਾ ਹੋਏ। ਉਸ ਵਕਤ ਰਾਵਲ ਰਤਨ ਸਿੰਘ ਦੀ ਧਰਮ ਪਤਨੀ ਪਦਮਨੀ ਕਈ ਹਜ਼ਾਰ ਰਾਜਪੂਤ ਇਸਤ੍ਰੀਆਂ ਨਾਲ ਸਤੀ ਹੋਈ।

ਦੂਜੀ ਵੇਰ ਸੰਨ ੧੫੩੫ ਈ: ਵਿਚ ਬਹਾਦਰ ਸ਼ਾਹ ਹਾਕਮ ਗੁਜਰਾਤ ਨੇ ਚਤੌੜ ਪਰ ਕਬਜ਼ਾ ਕੀਤਾ। ਤੀਸਰੀ ਵੇਰ ੧੫੭੯ ਵਿਚ ਅਕਬਰ ਨੇ ਇਸ ਨੂੰ ਘੇਰਾ ਪਾਇਆ। ਉਸ ਵਕਤ ਮਹਾਰਾਣਾ ਪ੍ਰਤਾਪ ਦੇ ਪਿਤਾ ਮਹਾਰਾਣਾ ਉਦੇ ਸਿੰਘ ਨੇ ਰਾਜਪੂਤਾਂ ਨੂੰ ਲੜਨ ਮਰਨ ਲਈ ਤਿਆਰ ਕੀਤਾ। ਕਈ ਮਹੀਨੇ ਲੜਾਈ ਜਾਰੀ ਰਹੀ।

ਨਾ ਇਹ ਵਰ ਹੋ ਸਕਦਾ ਹੈ, ਤੇ ਨਾ ਭਵਿਖਤ ਬਾਣੀ। ਜੋ ਰਾਜਪੂਤ ਆਪਣੇ ਸਵੈਮਾਨ, ਰਖਿਆ ਤੇ ਆਜ਼ਾਦੀ ਲਈ ਲੜ ਰਹੇ ਸਨ, ਉਨ੍ਹਾਂ ਵਿਰੁਧ ਸਤਿਗੁਰੂ ਅਜੇਹਾ ਵਰ ਕਿਸ ਤਰ੍ਹਾਂ ਦੇ ਸਕਦੇ ਸਨ ? ਇਹ ਭਵਿਖ ਬਾਣੀ ਇਸ ਲਈ ਨਹੀਂ ਕਿ 'ਅਕਬਰ ਨਾਮੇ' ਦਾ ਲੇਖਕ ਤੇ ਅਕਬਰ ਦਾ ਦਰਬਾਰੀ ਅਬੁਲ ਫਜ਼ਲ, ਟਾਡ, ਸਮਿਥ ਤੇ ਲੇਨ ਆਦਿਕ ਵਿਦੇਸ਼ੀ ਅਤੇ ਸਾਰੇ ਦੇਸੀ ਇਤਿਹਾਸਕਾਰ ਇਸ ਗਲ ਤੇ ਸਹਿਮਤ ਹਨ ਕਿ ਅਕਬਰ ਨੇ ਸੰਨ ੧੫੬੭ ਈ: ਅਰਥਾਤ ੧੬੨੪ ਬਿਕ੍ਰਮੀ ਵਿਚ ਚਤੌੜ ਤੇ ਹਮਲਾ ਕੀਤਾ। ਇਸ ਦਾ ਕਾਰਨ ਇਸ ਸੀ ਕਿ ਰਾਜਾ ਬਿਹਾਰੀ ਮਲ ਅੰਬਰ ਨੇ ਆਪਣੀ ਲੜਕੀ ਅਕਬਰ ਨੂੰ ਦਿਤੀ ਸੀ। ਇਸ ਪਰ ਰਾਣਾ ਉਦੈ ਸਿੰਘ ਮੇਵਾੜ ਪਤੀ ਨਰਾਜ਼ ਸੀ। ਬਾਦਸ਼ਾਹ ਰਾਣੇ ਨੂੰ ਅਧੀਨ ਕਰਨਾ ਚਾਹੁੰਦਾ ਸੀ। ਰਾਣਾ ਆਪ ਪਹਾੜਾਂ ਨੂੰ ਚਲਾ ਗਿਆ ਤੇ ਕਿਲ੍ਹਾ ਜੈਮਲ ਤੇ ਫ਼ਤੇ ਨੂੰ ਸੌਂਪ ਗਿਆ।

ਡਾਕਟਰ ਈਸ਼੍ਵਰੀ ਪ੍ਰਸ਼ਾਦ ਆਪਣੀ ਪੁਸਤਕ 'ਮੁਸਲਿਮ ਰੂਲ ਇਨ ਇੰਡੀਆ' ਦੇ ਪੰਨਾ ੩੪੮-੪੯ ਤੇ ਲਿਖਦੇ ਹਨ—'ਅਕਬਰ ੨੦ ਅਕਤੂਬਰ ੧੫੬੭ ਈਸਵੀ ਨੂੰ ਚਤੌੜ ਪੁਜਾ ਤੇ ਉਸ ਨੇ ਘੇਰਾ ਘਤ ਲਿਆ। ੧੩ ਫਰਵਰੀ ੧੫੬੯ ਨੂੰ ਉਸ ਦੇ ਹਥੋਂ ਜੈਮਲ ਮਾਰਿਆ ਗਿਆ।

ਕਰਨਲ ਟਾਡ ਆਪਣੀ ਪੁਸਤਕ 'ਰਾਜਿਸਥਾਨ' ਵਿਚ ਲਿਖਦੇ ਹਨ--'ਚੇਤਰ ਸੁਦੀ ੧੧ ਸੰਮਤ ੧੬੨੪ ਬਿਕ੍ਰਮੀ ਨੂੰ ਅਕਬਰ ਨੇ ਚਤੌੜ ਸਰ ਕੀਤਾ। ਤੀਹ ਹਜ਼ਾਰ ਇਥੋਂ ਦੇ ਵਸਨੀਕ ਤੇ ਸਤ ਸੌ ਸ਼ਾਹੀ ਖਾਨਦਾਨ ਦੇ ਆਦਮੀ ਮਾਰੇ ਗਏ। ਬੀਰ ਰਾਜਪੂਤ ਇਸਤ੍ਰੀਆਂ ਸਤੀ ਹੋ ਗਈਆਂ। ਰਾਜਪੂਤਾਨੇ ਦੀਆਂ ਰਿਆਸਤੀ ਲਿਖਤਾਂ, ਚਿਠੀਆਂ ਤੇ ਦਾਨ-ਪਾਤਰਾਂ ਤੇ ਲਿਖਿਆ ਹੁੰਦਾ ਹੈ, 'ਚਤੌੜ ਮਾਰਿਆ ਰਾ ਪਾਪ' ਭਾਵ—ਜੋ ਇਹ ਦਾਨ ਬੰਦ ਕਰੇ, ਉਸ ਨੂੰ ਚਤੌੜ ਦੀ ਹਤਿਆ ਲਗੇ।

ਠਾਕਰ ਲਾਲ ਸਿੰਘ ਆਪਣੀ ਅੰਗਰੇਜ਼ੀ ਦੀ ਪੁਸਤਕ 'ਦੀ

ਇੱਮਾਰਟਲ ਚਿਤੌੜ ਫੋਰਟ' ਵਿਚ ਲਿਖਦੇ ਹਨ—'ਅਠ ਹਜ਼ਾਰ ਰਾਜ-ਪੂਤ ਕੇਸਰੀ ਬਾਣੇ ਪਾ ਕੇ ਖੇਤਰ ਵਿਚ ਜੂਝੇ। ੯ ਰਾਣੀਆਂ, ਪੰਜ ਰਾਜ ਕੁਮਾਰੀਆਂ ਅਤੇ ਇਕ ਹਜ਼ਾਰ ਦੇ ਕਰੀਬ ਰਾਜਪੂਤ ਇਸਤਰੀਆਂ ਸਤੀ ਹੋਈਆਂ। ਸੂਰਬੀਰ ਜੈਮਲ ਤੇ ਫਤਾ ਵੀ ਇਸ ਜੰਗ ਵਿਚ ਸ਼ਹੀਦ ਹੋਏ।

ਅਬੁਲ ਫਜ਼ਲ ਕ੍ਰਿਤ ਅਕਬਰ ਨਾਮੇ ਅਨੁਸਾਰ ਭੀ ਇਸ ਸਾਕੇ ਦਾ ਸੰਮਤ ੧੬੨੩-੨੪ ਬਣਦਾ ਹੈ।

ਤਵਾਰੀਖ ਗੁਰੂ ਖਾਲਸਾ ਦੀ ਲਿਖਤ ਅਨੁਸਾਰ ਬਾਉਲੀ ਸਾਹਿਬ ਗੋਇੰਦਵਾਲ ਦਾ ਕੜ ਚੇਤਰ ਸੰਮਤ ੧੬੨੧ ਬਿਕ੍ਰਮੀ ਨੂੰ ਟੁਟਾ। ਭਾਵ ਅਕਬਰ ਦੇ ਚਤੌੜ ਤੇ ਹਮਲਾ ਕਰਨ ਤੋਂ ਤਿੰਨ ਸਾਲ ਪਹਿਲੇ ਬਾਉਲੀ ਸਾਹਿਬ ਬਣ ਚੁਕੀ ਸੀ। ਇਸ ਲਈ ਜਬ ਕੜ ਟੁਟੇ ਤਬ ਗੜ੍ਹ ਛੁਟੇ' ਨਾ ਤੇ ਵਰ ਹੈ, ਨਾ ਪੇਸ਼ੀਨ ਗੋਈ। ਜਿਸ ਤਰ੍ਹਾਂ ਪਹਿਲੇ ਗੁਰੂ ਜੀ ਨਾਲ ਸੱਤ ਮੁਠਾਂ ਭੰਗ ਦੇ ਬਦਲੇ ਬਾਬਰ ਨੂੰ ਸਤ ਪਾਤਸ਼ਾਹੀਆਂ ਦੇਣ ਦੀ ਸਾਖੀ ਜੋੜੀ ਗਈ ਹੈ, ਇਸੇ ਤਰ੍ਹਾਂ ਕਿਸੇ ਨੇ ਤੀਸਰੇ ਪਾਤਸ਼ਾਹ ਨਾਲ ਚਤੌੜ ਬਾਰੇ ਇਹ ਵਰ ਦੇਣ ਦੀ ਸਾਖੀ ਜੋੜ ਦਿਤੀ ਹੈ। ਇਹ ਦਰੁਸਤ ਨਹੀਂ।

ਵਿਸਾਖੀ ਦਾ ਮੇਲਾ—

ਇਕ ਦਿਨ ਭਾਈ ਪਾਰੋ *ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਵਖੋ ਵਖ ਥਾਵਾਂ ਤੋਂ ਨਿਤ ਸੰਗਤਾਂ ਆਪ ਦੇ ਦਰਸ਼ਨ ਕਰਨ ਆਉਂਦੀਆਂ ਹਨ। ਸਾਰੀਆਂ ਸੰਗਤਾਂ ਦਾ ਸਾਂਝਾ ਜੋੜ ਮੇਲਾ ਨਹੀਂ ਹੁੰਦਾ। ਇਸ ਲਈ ਇਕ ਦਿਨ ਦਾ ਮੇਲਾ ਨੀਅਤ ਕਰਨਾ ਚਾਹੀਦਾ ਹੈ, ਤਾਕਿ ਸਾਰੇ ਸਿਖ ਇਕਠੇ ਹੋ ਸਕਣ।

---

*ਪਾਰੋ ਜੁਲਕਾ ਪਰਮ ਹੰਸ ਪੂਰੇ ਸਤਿਗੁਰ ਕਿਰਪਾ ਧਾਰੀ।
(ਭਾਈ ਗੁਰਦਾਸ ੧੧-੧੫)

ਭਾਈ ਪਾਰੋ ਦੀ ਇਹ ਗਲ ਸੁਣ ਕੇ ਸਤਿਗੁਰੂ ਬੜੇ ਪ੍ਰਸੰਨ ਹੋਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ -

ਸੁਨ ਸ੍ਰੀ ਅਮਰ ਸੁ ਭਏ ਪ੍ਰਸੰਨ।
ਕਹਯੋ ਬਾਕ ਪਾਰੋ ਤੁਮ ਧੰਨ।
ਪਰਉਪਕਾਰ ਬਿਚਾਰਨ ਰਹੇ।
ਸਿਖ ਅਨੇਕ ਮਿਲੇ ਨਿਸਤਰੈ।
ਜੋ ਤੁਮ ਚਿਤਵੀ ਮਮ ਚਿਤ ਸੋਇ।
ਸਗਰੇ ਆਵਹਿ ਦਿਵਸ ਬਸੋਇ।

(ਰਾਸ ੧ ਅੰਸੂ ੪੩)

ਇਸ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਗੋਇੰਦਵਾਲ ਸਾਹਿਬ ਵਿਚ ਸਭ ਤੋਂ ਪਹਿਲੇ ਸੰਮਤ ੧੬੨੪ ਬਿਕ੍ਰਮੀ ਵਿਚ ਵਿਸਾਖੀ ਦਾ ਮੇਲਾ ਸ਼ੁਰੂ ਕੀਤਾ। ਇਸ ਤੇ ਹਜ਼ਾਰਾਂ ਸੰਗਤਾਂ ਆਈਆਂ। ਉਨ੍ਹਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਬਾਅਦ ਵਿਚ ਇਹ ਸਿਖੀ ਦਾ ਕੌਮੀ ਤਿਉਹਾਰ ਬਣ ਗਿਆ। ਜਿਥੇ ਕੋਈ ਸਤਿਗੁਰੂ ਨਿਵਾਸ ਕਰਦੇ ਰਹੇ, ਉਥੇ ਵਿਸਾਖੀ ਦਾ ਜੋੜ ਮੇਲਾ ਹੁੰਦਾ ਰਿਹਾ।

ਬਾਈ ਮੰਜੀਆਂ-

ਪਿਛੇ ਦਸੀਆਂ ਸਾਰੀਆਂ ਗਲਾਂ ਦਾ ਪ੍ਰਚਾਰ ਦੇ ਵਾਧੇ ਲਈ ਬੜੀ ਮਹਾਨਤਾ ਰਖਦੀਆਂ ਹਨ। ਪਰ ਸਭ ਤੋਂ ਵਡਾ ਕੰਮ ਪ੍ਰਚਾਰ ਨੂੰ ਜਥੇਬੰਦ ਕਰਨਾ ਸੀ। ਇਹ ਗੁਰੂ ਜੀ ਨੇ ਕੀਤਾ ਹੈ। ਮੁਖੀ ਸਿਖਾਂ ਨੂੰ ਪ੍ਰਚਾਰ ਲਈ ਬਾਈ ਮੰਜੀਆਂ ਬਖਸ਼ੀਆਂ। ਪ੍ਰਚਾਰ ਦੇ ਇਹ ੨੨ ਕੇਂਦਰ ਹਿੰਦੁਸਤਾਨ ਵਿਚ ਤੇ ਬਾਹਰ ਟਾਪੂਆਂ ਤਕ ਫੈਲੇ ਹੋਏ ਸਨ।

ਭਾਈ ਸਾਵਣ ਮਲ ਜੀ ਨੂੰ ਕਾਂਗੜਾ, ਕੁਲੂ ਤੇ ਸਕੇਤ ਦੇ ਪਹਾੜੀ ਇਲਾਕੇ ਵਿਚ ਪ੍ਰਚਾਰਕ ਨੀਯਤ ਕੀਤਾ ਗਿਆ । ਇਸ ਪਹਾੜ ਵਿਚ ਹਰੀ ਪੁਰ ਦਾ ਰਾਜਾ ਬੈਰਾਗੀ ਸਾਧੂਆਂ ਦਾ ਉਪਾਸ਼ਕ ਸੀ । ਇਕਾਦਸ਼ੀ ਵਾਲੇ ਦਿਨ ਉਸ ਦੀ ਪਰਜਾ ਨੂੰ ਵਰਤ ਰਖਣਾ ਪੈਂਦਾ ਸੀ। ਭਾਈ ਸਾਵਣ ਮਲ ਜੀ ਹਰੀ ਪੁਰ ਟਿਕੇ ਹੋਏ ਸਨ ਕਿ ਇਕਾ-ਦਸ਼ੀ ਆ ਗਈ । ਆਪ ਨੇ ਪ੍ਰਸ਼ਾਦ ਤਿਆਰ ਕਰਕੇ ਛਕ ਲਿਆ। ਰਾਜੇ ਪਾਸ ਸ਼ਿਕਾਇਤ ਹੋਈ । ਆਪ ਨੂੰ ਪਕੜ ਕੇ ਰਾਜੇ ਦੇ ਪੇਸ਼ ਕੀਤਾ ਗਿਆ ।

ਰਾਜਾ–ਤੁਸੀਂ ਵਰਤ ਕਿਉਂ ਨਹੀਂ ਰਖਿਆ ?

ਭਾਈ ਜੀ–ਗੁਰਬਾਣੀ ਵਿਚ ਦਸਿਆ ਹੈ–'ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ।' (ਵਾਰ ਆਸਾ ਮ: ੧)

ਰਾਜਨ ! ਈਸ਼ਵਰ ਨੇ ਅੰਨ ਜਲ ਛਕਣ ਲਈ ਬਣਾਇਆ ਹੈ । ਭੁਖੇ ਰਹਿਣ ਨਾਲ ਕੋਈ ਵਧੇਰੇ ਮਹਾਤਮ ਨਹੀਂ ਹੁੰਦਾ। ਸੰਜਮ ਦਾ ਖਾਣਾ, ਪਰਾਏ ਧਨ ਤੇ ਪਰਾਈ ਨਿੰਦਾ ਤੋਂ ਬਚਣਾ, ਇਹੀ ਵਡਾ ਵਰਤ ਹੈ ।

ਇਹ ਉਤਰ ਸੁਣ ਕੇ ਹਰੀ ਪੁਰ ਦੇ ਰਾਜੇ ਨੂੰ ਅਸਲੀਅਤ ਦੀ ਸਮਝ ਆ ਗਈ। ਉਹ ਭਾਈ ਸਾਹਿਬ ਦੀ ਰਾਹੀਂ ਗੁਰੂ ਜੀ ਦਾ ਸਿਖ ਬਣਿਆ ਤੇ ਗੋਇੰਦਵਾਲ ਤੇ ਲੰਗਰ ਅਤੇ ਇਮਾਰਤ ਲਈ ਪਹਾੜ ਵਿਚੋਂ ਬਹੁਤ ਸਾਰੀ ਲਕੜੀ ਭੇਜਦਾ ਰਿਹਾ । ਜਦ ਭਾਈ ਸਾਹਿਬ ਗੋਇੰਦਵਾਲ ਆਏ ਤਾਂ ਆਪ ਦੇ ਨਾਲ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਆਇਆ ।

ਇਕ ਅਲਾਹ ਸ਼ਾਹ ਨਾਮੀ ਪਠਾਣ ਡੱਲੇ ਦਾ, ਲਾਹੌਰ ਅਤੇ ਦਿਲੀ ਵਿਚ ਘੋੜਿਆਂ ਦਾ ਵਪਾਰ ਕਰਦਾ ਸੀ, ਭਾਈ ਪਾਰੋ ਜੁਲਕੇ ਦੀ ਸੰਗਤ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਿਖ ਬਣਿਆ ।

ਸਹੂਰ ਨੇ ਇਸ ਨੂੰ ਪਰਚਾਰ ਲਈ ਮੰਜੀ ਬਖਸ਼ੀ।

ਇਨ੍ਹਾਂ ਤੋਂ ਬਿਨਾਂ ਭਾਈ ਸਚਨ ਸੱਚ, ਸਾਧਾਰਨ, ਸੁਖਣ ਹਿੰਦਾਲ, ਕੇਦਾਰੀ, ਖੇਡਾ, ਰੰਗੂ ਸ਼ਾਹ ਦਰਬਾਰੀ, ਫੇਰਾ, ਬੂਆ, ਬੈਣੀ, ਮਹੇਸ਼ਾ, ਮਾਈ ਦਾਸ, ਮਾਣਕ ਚੰਦ, ਮੁਰਾਰੀ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ ਤੇ ਭਾਈ ਲਾਲੋ ਨੂੰ ਮੰਜੀਆਂ ਦੀ ਬਖਸ਼ਸ਼ ਹੋਈ। ਕਈ ਵਿਦਵਾਨਾਂ ਦਾ ਖਿਆਲ ਹੈ ਕਿ ਗੁਰੂ ਜੀ ਨੇ ਸਿਖ ਧਰਮ ਦੀਆਂ ਪ੍ਰਚਾਰਕ ਇਸਤਰੀਆਂ ਨੂੰ ਵੀ ਪਰ ਪੀਹੜੇ ਬਖਸ਼ੇ।

ਜਾਤ ਪਾਤ ਦਾ ਖੰਡਨ–

ਗੁਰੂ ਜੀ ਨੇ ਸਿਖੀ ਨੂੰ ਆਦਰਸ਼ ਬਣਾਉਣ ਲਈ ਆਤਮਿਕ ਸਿਖਿਆ ਦੇ ਨਾਲ ਸਮਾਜਕ ਪਹਿਲੂ ਵਲ ਵਿਸ਼ੇਸ਼ ਧਿਆਨ ਦਿਤਾ ਹੈ ਅਤੇ ਉਸ ਸਮੇਂ ਦੀਆਂ ਸਾਰੀਆਂ ਸਮਾਜਕ ਖਰਾਬੀਆਂ ਨੂੰ ਜੋਰ ਨਾਲ ਖੰਡਨ ਕੀਤਾ ਹੈ। ਇਹ ਗਲ ਆਪ ਜੀ ਦੀ ਬਾਣੀ ਤੇ ਜੀਵਨ ਤੋਂ ਸਪਸ਼ਟ ਹੈ। ਪਿਛੇ ਦਸ ਆਏ ਹਾਂ ਕਿ ਜ਼ਾਤ ਪਾਤ ਤੇ ਛੂਤ ਛਾਤ ਦੀ ਬੀਮਾਰੀ ਨੂੰ ਪਹਿਲੇ ਅਤੇ ਦੂਜੇ ਸਤਿਗੁਰੂ ਜੀ ਨੇ ਦੂਰ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਨੂੰ ਦੂਰ ਕਰਨ ਲਈ ਖਾਸ ਕਦਮ ਉਠਾਇਆ। ਇਕ ਵੇਰ ਦਾ ਜ਼ਿਕਰ ਹੈ ਕਿ ਆਪ ਪ੍ਰਚਾਰ ਲਈ ਦੁਆਬੇ ਵਿਚ ਡੱਲੇ ਨਗਰ ਪਧਾਰੇ। ਆਪ ਜੀ ਦੇ ਦਰਸ਼ਨ ਕਰਨ ਲਈ ਸੰਗਤ ਆਈ। ਇਸ ਨਗਰ ਵਿਚ ਪ੍ਰਿਥੀ ਮਲ ਤੇ ਤੁਲਸਾ ਦੋ ਭੱਲੇ ਖਤਰੀ ਰਹਿੰਦੇ ਸਨ*। ਉਹ ਭੀ ਦਰਸ਼ਨਾਂ ਲਈ ਆਏ। ਗੁਰੂ ਜੀ ਨਾਲ ਇਨ੍ਹਾਂ ਦੇ ਜੋ ਪ੍ਰਸ਼ਨੋਤਰ ਹੋਏ, ਉਨ੍ਹਾਂ ਨੂੰ ਭਾਈ ਸੰਤੋਖ ਸਿੰਘ

*ਪ੍ਰਿਥੀ ਮਲ ਤੁਲਸਾ ਭੱਲਾ ਮੱਲਣ ਗੁਰ ਸੇਵਾ ਹਿਤਕਾਰੀ।
ਭਾ: ਗੁ: ੧੧)

ਜੀ ਇਉਂ ਲਿਖਦੇ ਹਨ :

ਉਹ ਹੰਕਾਰੀ ਗਿਰਾ ਉਚਾਰੀ । ਏਕੋ ਜਾਤ ਹਮਾਰੀ ਤੁਮਾਰੀ । ਸ੍ਰੀ ਗੁਰੂ ਅਮਰ ਭਨਿਓ ਸੁਨ ਸੋਇ । ਜਾਤ ਪਾਤ ਗੁਰ ਕੀ ਨਹ ਕੋਇ । ਉਪਜਹਿ ਜੇ ਸਰੀਰ ਜਗ ਮਾਹੀ । ਇਨ ਕੀ ਜਾਤ ਸਾਚ ਸੋ ਨਾਹੀ । ਬਿਨਸ ਜਾਤ ਇਹ ਜਰ ਜਰ ਹੋਇ । ਆਗੈ ਜਾਤ ਪਾਤਿ ਨਹਿ ਕੋਇ ।

ਗੁਰੂ ਜੀ ਦਾ ਇਹ ਉਪਦੇਸ਼ ਸੁਣ ਕੇ ਪ੍ਰਿਥੀਮਲ ਤੇ ਤੁਲਸੇ ਦਾ ਜਾਤੀ ਅਭਿਮਾਨ ਦੂਰ ਹੋ ਗਿਆ ।

ਗੁਰੂ ਜੀ ਇਕ ਜ਼ਾਤ ਅਭਿਮਾਨੀ ਪੰਡਤ ਪ੍ਰਤੀ ਉਪਦੇਸ਼ ਕਰਦੇ ਹਨ –

ਜਾਤਿ ਕਾ ਗਰਬੁ ਨਾ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ ॥ ਜਾਤਿ ਕਾ ਗਰਬੁ ਨ ਮੂਰਖ ਗਵਾਰਾ ॥ ਇਸ ਗਰਬ ਤੇ ਚਲਹਿ ਬਹੁਤ ਬਿਕਾਰਾ ॥ ਚਾਰ ਵਰਨ ਆਖੈ ਸਭ ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤ ਹੋਈ ॥ ਮਾਟੀ ਏਕ ਸਗਲਾ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੈ ਕੁਮਾਰਾ ॥ ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਭੈਰਉ ਮਹਲਾ ੩)

ਗੁਰੂ ਕਾ ਲੰਗਰ–

ਸ੍ਰੀ ਗੁਰੂ ਅਮਰਦਾਸ ਜੀ ਨੇ ਜ਼ਾਤ-ਪਾਤ ਤੇ ਛੂਤ-ਛਾਤ ਨੂੰ ਉਡਾਣ ਤੇ ਸਾਰੇ ਮਨੁਖਾਂ ਵਿਚ ਅਮਲੀ ਤੌਰ ਤੇ ਸਮਾਨਤਾ ਪੈਦਾ ਕਰਨ ਲਈ ਗੁਰੂ ਕੇ ਲੰਗਰ ਸੰਬੰਧੀ ਵਿਸ਼ੇਸ਼ ਹੁਕਮ ਜਾਰੀ ਕੀਤਾ– 'ਜੋ ਦਰਸ਼ਨ ਕਰਨ ਆਵੇ, ਪਹਿਲੇ ਲੰਗਰ ਵਿਚੋਂ ਪ੍ਰਸ਼ਾਦ ਛਕੇ' । ਜੋ

ਅਮੀਰ ਗਰੀਬ ਦਰਸ਼ਨ ਕਰਨ ਆਉਂਦੇ ਸਨ, ਸਾਰੇ ਇਕ ਪੰਗਤ ਵਿਚ ਪ੍ਰਸ਼ਾਦ ਛਕਦੇ ਸਨ।

ਇਸ ਮਰਯਾਦਾ ਨੂੰ ਵੇਖ ਕੇ ਜਾਤ ਅਭਿਮਾਨੀ ਖਤ੍ਰੀ ਬ੍ਰਾਹਮਣ ਵਿਰੋਧੀ ਹੋ ਗਏ ਤੇ ਨਾਲ ਹੀ ਗੋਇੰਦਵਾਲ ਦੇ ਮੁਸਲਮਾਨ ਸ਼ੇਖ ਭੀ ਈਰਖਾ ਕਰਨ ਲਗ ਪਏ। ਉਹ ਸਮਝਦੇ ਸਨ ਕਿ ਵਰਣ ਆਸ਼ਰਮ ਦੀ ਮਰਯਾਦਾ ਤੇ ਸ਼ਰ੍ਹਾ ਦੇ ਬੰਧਨ ਟੁਟਦੇ ਹਨ।

ਗੁਰੂ ਜੀ ਸੁਤੰਤ੍ਰਤਾ ਦੇ ਪ੍ਰਚਾਰਕ ਸਨ। ਆਪ ਕਹਿੰਦੇ ਸਨ ਕਿ ਸਮਾਜਕ ਜਾਂ ਸ਼ਰ੍ਹਾ ਦੇ ਨਿਯਮ ਮਨੁਖ ਦੇ ਬਣਾਏ ਹੋਏ ਹਨ। ਜ਼ਾਤ-ਪਾਤ ਜਾਂ ਮਜ਼੍ਹਬ ਦੀ ਬਿਨਾ ਤੇ ਵਿਤਕਰਾ ਨਹੀਂ ਹੋਣਾ ਚਾਹੀਦਾ।

ਗੋਇੰਦਵਾਲ ਵਿਚ ਸ਼ੇਖਾਂ ਦੇ ਮੁੰਡੇ ਪੱਥਰ ਮਾਰ ਕੇ ਸਿਖਾਂ ਦੇ ਘੜੇ ਭੰਨਣ ਲਗ ਪਏ। ਜਦ ਉਨ੍ਹਾਂ ਨੇ ਗੁਰੂ ਜੀ ਪਾਸ ਜ਼ਿਕਰ ਕੀਤਾ ਤਾਂ ਆਪ ਨੇ ਫੁਰਮਾਇਆ–'ਮਸ਼ਕਾਂ ਬਣਾ ਦਿਓ।' ਦੋਖੀਆਂ ਨੇ ਤੀਰ ਮਾਰ ਮਾਰ ਕੇ ਮਸ਼ਕਾਂ ਖਰਾਬ ਕਰ ਦਿਤੀਆਂ। ਮਹਾਰਾਜ ਨੇ ਗਾਗਰਾਂ ਵਰਤਣ ਦਾ ਹੁਕਮ ਦਿਤਾ। ਇਸ ਪਰ ਭੀ ਉਹ ਨਾ ਟਲੇ। ਸਿਖਾਂ ਨੇ ਤੰਗ ਆ ਕੇ ਬੇਨਤੀ ਕੀਤੀ :

ਜੋ ਕਾਹੂ ਕੋ ਬੁਰਾ ਕਰਾਵੈ। ਤੌ ਕਯਾ ਕਰੈ ਕਹੁ ਸੁਖ ਦਾਵੈ।

ਗੁਰੂ ਜੀ ਨੇ ਉਤਰ ਦਿਤਾ–

ਭਲਾ ਕਰੋ ਜੋ ਬੁਰਾ ਕਮਾਵੈ। ਬਦਲ ਲੇਵਨ ਤੇ ਹਟ ਜਾਵੈ।
ਫੇਰ ਕਰੈ ਤੌ ਭਲਾਈ ਕਰਿਹੈ॥ ਤਉ ਵਹ ਅਤਿ ਦੁਖ ਭਰਿਹੈ।
ਕਰਨੇ ਜੋਗਾ ਰਹੈ ਨ ਸੋਊ॥ ਆਪੇ ਹੀ ਮਰ ਜੈਹੈ ਸੋਊ।
(ਗੁ: ਪ੍ਰ: ਸੂ:)

ਖਤ੍ਰੀਆਂ, ਬ੍ਰਾਹਮਣਾਂ ਤੇ ਸ਼ੇਖਾਂ ਨੇ ਮਿਲਕੇ ਸੂਬਾ ਲਾਹੌਰ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਜੀ ਦੋਹਾਂ ਮਜ਼੍ਹਬਾਂ ਦੀ ਮਰਯਾਦਾ ਭੰਗ ਕਰ ਰਹੇ ਹਨ। ਇਸ ਤੇ ਸੂਬੇ ਨੇ ਗੁਰੂ ਜੀ ਨੂੰ ਸਦਿਆ। ਮਹਾਰਾਜ ਨੇ ਸ੍ਰੀ

ਰਾਮ ਦਾਸ ਜੀ ਭਾਈ ਬੁਢਾ ਜੀ, ਭਾਈ ਬੂਲੇ ਤੇ ਕਿਦਾਰੀ ਨੂੰ ਉਤ੍ਰ ਦੇਣ ਲਈ ਲਾਹੌਰ ਭੇਜਿਆ। ਇਨ੍ਹਾਂ ਨੇ ਬੜੀ ਖੂਬੀ ਨਾਲ ਆਪਣਾ ਪੱਖ ਪੇਸ਼ ਕੀਤਾ, ਜਿਸ ਨੂੰ ਸੁਣ ਕੇ ਸਭ ਲੋਕੀਂ ਦੰਗ ਰਹਿ ਗਏ । ਵਿਰੋਧੀ ਨਿਰੁਤਰ ਹੋ ਗਏ। ਸੂਬੇ ਨੇ ਗੁਰੂ ਦੋਖੀਆਂ ਦੀ ਅਰਜ਼ੀ ਖਾਰਜ ਕਰ ਦਿਤੀ । ਦੋਖੀਆਂ ਨੇ ਦਿਲੀ ਜਾ ਕੇ ਅਕਬਰ ਪਾਸ ਅਪੀਲ ਕੀਤੀ। ਪੜਤਾਲੀਏ ਨੇ ਲਿਖਿਆ ਕਿ 'ਗੁਰੂ ਜੀ ਪ੍ਰੇਮ, ਭਗਤੀ ਤੇ ਸਮਾਨਤਾ ਦੇ ਪ੍ਰਚਾਰਕ ਹਨ। ਗੁਰੂ ਕਾ ਲੰਗਰ ਰੱਬ ਦੀ ਖ਼ਲਕਤ ਦੀ ਸੇਵਾ ਹੈ । ਸ਼ੇਖਾਂ ਅਤੇ ਖਤਰੀਆਂ ਦਾ ਵਿਰੋਧ ਝੂਠਾ ਹੈ।' ਇਸ ਪਰ ਬਾਦਸ਼ਾਹ ਨੇ ਅਪੀਲ ਭੀ ਖਾਰਜ ਕਰ ਦਿਤੀ।

ਕਈ ਲੇਖਕ ਕਹਿੰਦੇ ਹਨ ਕਿ ਅਕਬਰ ਨੇ ਲੰਗਰ ਸੰਬੰਧੀ ਖਤਰੀਆਂ ਤੇ ਸ਼ੇਖਾਂ ਦੀ ਅਪੀਲ ਖਾਰਜ ਕਰ ਦਿਤੀ, ਪਰ ਨਾਲ ਹੀ ਗੁਰੂ ਜੀ ਨੂੰ ਸਲਾਹ ਦਿਤੀ ਕਿ ਉਹ ਵਿਰੋਧੀਆਂ ਦਾ ਦਿਲ ਰਖਣ ਲਈ ਪ੍ਰਾਸਚਤ ਕਰ ਦੇਣ ਤੇ ਤੀਰਥਾਂ ਦੀ ਯਾਤਰਾ ਕਰ ਆਉਣ। ਇਸ ਲਈ ਗੁਰੂ ਜੀ ਤੀਰਥਾਂ ਤੇ ਗਏ। ਇਹ ਗਲ ਠੀਕ ਨਹੀਂ । ਸ੍ਰੀ ਗੁਰੂ ਰਾਮ ਦਾਸ ਜੀ ਨੇ ਤੁਖਾਰੀ ਰਾਗ ਦੇ ਸ਼ਬਦ 'ਦੂਤੀਆ ਜਮਨ ਗਏ' ਵਿਚ ਇਸ ਗਲ ਨੂੰ ਸਪਸ਼ਟ ਕਰ ਦਿਤਾ ਹੈ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਤੀਰਥਾਂ ਤੇ ਜਾਣ ਦਾ ਕਾਰਨ ਦਸਦੇ ਹਨ :

ਤੀਰਥ ਉਦਮ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।

ਭਾਵ–ਤੀਰਥਾਂ ਤੇ ਗੁਰੂ ਜੀ ਦਾ ਜਾਣਾ ਪ੍ਰਾਸਚਿਤ ਨਹੀਂ ਸੀ ਬਲਕਿ ਸਭ ਲੋਕਾਂ ਦਾ ਉਧਾਰ ਕਰਨ ਲਈ ਸੀ । ਪ੍ਰਾਸਚਿਤ ਉਹ ਆਦਮੀ ਕਰਦਾ ਹੈ, ਜਿਹੜਾ ਇਹ ਸਮਝ ਲਵੇ ਕਿ ਮੈਥੋਂ ਕੋਈ ਭੁਲ ਹੋਈ ਹੈ। ਜਿਹੜੇ ਸਤਿਗੁਰੂ ਇਹ ਹੁਕਮ ਦੇਂਦੇ ਹਨ–'ਪਹਿਲੇ ਲੰਗਰ ਵਿਚੋਂ ਪ੍ਰਸ਼ਾਦ ਛਕੋ ਤੇ ਫਿਰ ਦਰਸ਼ਨ ਕਰੋ' ਉਨ੍ਹਾਂ ਪ੍ਰਾਸਚਿਤ ਕੀ

ਕਰਨਾ ਸੀ ?

ਅਕਬਰ ਦੇ ਭਰਾ ਮਿਰਜ਼ਾ ਹਕੀਮ ਸ਼ਾਹ ਕਾਬਲ ਨੇ ਪੰਜਾਬ ਪਰ ਹਮਲਾ ਕਰਨਾ ਚਾਹਿਆ। ਉਸ ਦੀ ਰੋਕ ਲਈ ਸੰਮਤ ੧੬੨੨ (੧੫੬੫ ਈਸਵੀ) ਵਿਚ ਬਾਦਸ਼ਾਹ ਨੂੰ ਏਧਰ ਆਉਣਾ ਪਿਆ । ਅਕਬਰ ਬੜਾ ਨੀਤੀਵਾਨ ਸੀ। ਜਿਥੇ ਉਹ ਅਜਮੇਰ ਦੀ ਜ਼ਿਆਰਤ ਕਰਦਾ, ਸੀਕਰੀ ਵਿਚ ਖਵਾਜਾ ਸਲੀਮ ਚਿਸ਼ਤੀ ਦੇ ਜਾਂਦਾ ਰਿਹਾ, ਕਾਂਗੜੇ ਦੇ ਮੰਦਰ ਵਿਚ ਛਤਰ ਚੜ੍ਹਾਂਦਾ ਸੀ, ਪੰਜਾਬ ਵਿਚ ਆ ਕੇ ਉਹ ਗੋਇੰਦਵਾਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ।

ਗੁਰੂ ਜੀ ਨੇ ਸਾਂਝੀ ਪੰਗਤ ਵਿਚ ਬਿਠਾ ਕੇ ਉਸ ਨੂੰ ਪ੍ਰਸ਼ਾਦ ਛਕਾਇਆ । ਲੰਗਰ ਦੀ ਮਰਯਾਦ ਤੇ ਸੇਵਾ ਵੇਖ ਕੇ ਅਕਬਰ ਬਹੁਤ ਪ੍ਰਸੰਨ ਹੋਇਆ। ਇਤਿਹਾਸ ਵਿਚ ਲਿਖਿਆ ਹੈ ਕਿ ਬਾਦਸ਼ਾਹ ਨੇ ਕਿਹਾ– 'ਕੋਈ ਸੇਵਾ ਦਸੋ ?'

ਗੁਰੂ ਜੀ ਨੇ ਉਤਰ ਦਿਤਾ–'ਸਾਨੂੰ ਕਿਸੇ ਚੀਜ ਦੀ ਲੋੜ ਨਹੀਂ, ਵਾਹਿਗੁਰੂ ਬਹੁਤ ਕੁਝ ਦੇਂਦਾ ਹੈ। ਗੁਰੂ ਕਾ ਲੰਗਰ ਸਿਖਾਂ ਦੀ ਧਰਮ ਕਿਰਤ ਨਾਲ ਚਲਣਾ ਚਾਹੀਦਾ ਹੈ। ਜੋ ਕੁਝ ਆਉਂਦਾ ਹੈ, ਸੰਗਤਾਂ ਨੂੰ ਛਕਾ ਦੇਂਦੇ ਹਾਂ। ਲੋੜ ਤੋਂ ਵਧ ਇਕਠਾ ਕਰਨਾ ਸਾਨੂੰ ਬੋਝ ਪ੍ਰਤੀਤ ਹੁੰਦਾ ਹੈ। ਜਗੀਰ ਆਦਿਕ ਦੀ ਸਾਨੂੰ ਲੋੜ ਨਹੀਂ।'

ਇਹ ਉਤਰ ਸੁਣ ਕੇ ਬਾਦਸ਼ਾਹ ਵਧੇਰੇ ਖੁਸ਼ ਹੋਇਆ। ਭਾਈ ਸੰਤੋਖ ਸਿੰਘ ਲਿਖਦੇ ਹਨ–

ਪਟਾ ਪਰਗਨੇ ਕੋ ਲਿਖ ਦੀਨ । ਰਹੇ ਗ੍ਰਾਮ ਸਭਿ ਗੁਰੂ ਅਧੀਨ ।
ਆਦਿ ਝਬਾਲ ਬੀੜ ਜਹ ਕਰਜੇ । ਬਹੁਤੇ ਗ੍ਰਾਮ ਅਰਪ ਮੁਚ ਧਰਜੇ ।
(ਗੁ: ਪ੍ਰ: ਸੂ: ਰਾਸ ੨-੧੦)

ਗੁਰੂ ਜੀ ਦੇ ਲੰਗਰ ਸਬੰਧੀ ਇਹ ਗਲ ਖਾਸ ਵਰਨਣ ਯੋਗ

ਹੈ ਕਿ ਰੋਜ਼ ਦੇ ਰੋਜ਼ ਜੋ ਰਸਦ ਆਉਂਦੀ ਸੀ, ਉਹ ਸਾਰੀ ਖਰਚ ਕਰ ਕੇ ਰਾਤ ਨੂੰ ਭਾਂਡੇ ਮੂਧੇ ਮਾਰ ਦਿਤੇ ਜਾਂਦੇ ਸਨ। ਇਕਤਰ ਕਰਕੇ ਰਖਣ ਦਾ ਖਿਆਲ ਨਹੀਂ ਸੀ, ਕਿਉਂਕਿ ਧਰਮ ਅਸਥਾਨਾਂ ਵਿਚ ਇਕੱਤਰ ਹੋਇਆ ਪੂਜਾ ਦਾਧ ਨ ਤੇ ਪਦਾਰਥ ਲੜਾਈ ਝਗੜੇ ਦਾ ਕਾਰਨ ਬਣ ਜਾਂਦੇ ਹਨ।

ਲੰਗਰ ਦਾ ਮਕਸਦ ਵਿਹਲੜਾਂ ਜਾਂ ਮੁਫਤ ਖੋਰਿਆਂ ਨੂੰ ਖੁਆਉਣਾ ਨਹੀਂ, ਨਾ ਹੀ ਕੁਝ ਆਦਮੀਆਂ ਨੂੰ ਇਸ ਦਾ ਆਦੀ ਬਨਾਉਣਾ ਸੀ। ਇਸ ਦਾ ਉਦੇਸ਼ ਤਾਂ ਇਹ ਸੀ ਕਿ ਧਰਮ ਦੀ ਕਿਰਤ ਕਰਕੇ ਆਪਣੀ ਕਮਾਈ ਵਿਚੋਂ ਲੋੜਵੰਦਾਂ ਨੂੰ ਦੇ ਕੇ ਫਿਰ ਸਾਰੀ ਸੰਗਤ ਨਾਲ ਮਿਲ ਕੇ ਛਕਿਆ ਜਾਵੇ, ਇਸ ਲਈ ਲੰਗਰ ਦਾ ਪ੍ਰਸ਼ਾਦ ਪਵਿਤ੍ਰ ਸਮਝਿਆ ਜਾਂਦਾ ਹੈ।

ਇਕ ਵੈਸ਼ਨੋ ਪੰਡਤ ਮਾਈ ਦਾਸ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਇਕ ਪੰਗਤ ਵਿਚ ਸਭ ਨੂੰ ਖਾਂਦਾ ਵੇਖ ਕੇ ਉਸ ਨੇ ਬੜੀ ਗਿਲਾਨੀ ਕੀਤੀ। ਗੁਰੂ ਜੀ ਨੇ ਉਸ ਨੂੰ ਕਿਹਾ–

> ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ
> ਕੋਇ ॥ ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥
> (ਮਾਰੂ ਮ: ੩)

ਜ਼ਾਤ ਪਾਤ ਨੂੰ ਤੋੜ ਕੇ ਵਿਆਹ–

ਸ੍ਰੀ ਗੁਰੂ ਅਮਰਦਾਸ ਜੀ ਨੇ ਜ਼ਾਤ ਪਾਤ ਤੇ ਬਰਾਦਰੀ ਦੇ ਬੰਧਨ ਤੇ ਇਲਾਕੇ ਦੀ ਹਦਬੰਦੀ ਤੋੜ ਕੇ ਵਿਆਹ ਦੇ ਰਿਸ਼ਤੇ ਕਰਨੇ ਪ੍ਰਚਲਤ ਕੀਤੇ ਹਨ। ਸਾਡੇ ਦੇਸ਼ ਵਿਚ ਚਾਰ ਵਰਨਾਂ ਦੀ ਵੰਡ ਦੇ ਕਾਰਨ ਬ੍ਰਹਮਣ ਖਤ੍ਰੀ ਤੇ ਵੈਸ਼ ਨਾ ਸਿਰਫ ਆਪਸ ਵਿਚ ਹੀ ਰਿਸ਼ਤੇ

ਨਹੀਂ ਸਨ ਕਰ ਸਕਦੇ, ਬਲਕਿ ਨਾਲ ਮਿਲਦੀਆਂ ਕਈ ਜ਼ਾਤਾਂ ਤੇ ਗੋਤਾਂ ਵਿਚ ਭੀ ਕਰਨ ਤੋਂ ਸੰਕੋਚ ਕਰਦੇ ਸਨ। ਇਹ ਸਮਾਜਕ ਬੰਧਨ ਬਹੁਤ ਕਰੜੇ ਸਨ। ਆਪ ਨੇ ਇਨ੍ਹਾਂ ਨੂੰ ਤੋੜਿਆ ਹੈ।

ਇਕ ਪ੍ਰੇਮ ਕੁਸ਼ਟੀ ਗੁਰੂ ਜੀ ਦੀ ਸੰਗਤ ਵਿਚ ਆਇਆ। ਉਸਦਾ ਕੋਹੜ ਦੂਰ ਹੋ ਗਿਆ। ਪ੍ਰੇਮੇ ਨੇ ਉਚੀ ਆਵਾਜ਼ ਨਾਲ ਕਿਹਾ– 'ਗਿਆ ਕਛੇਰਾ ਲਾਧੋ ਰੇ।' ਸੰਗਤ ਵਿਚ ਉਸਦਾ ਨਾਂ ਮੁਰਾਰੀ ਪ੍ਰਸਿਧ ਹੋਇਆ। ਇਕ ਦਿਨ ਮਹਾਰਾਜ ਨੇ ਦੀਵਾਨ ਵਿਚ ਬਚਨ ਕੀਤਾ– 'ਕੋਈ ਸਿਖ ਇਸ ਨੂੰ ਆਪਣੀ ਲੜਕੀ ਦੇਵੇ।' ਇਹ ਬਚਨ ਸੁਣ ਕੇ ਸ਼ੀਹੇਂ ਉਪਲ ਨੇ ਬੇਨਤੀ ਕੀਤੀ–'ਸਚੇ ਪਾਤਸ਼ਾਹ! ਮੇਰੀ ਬੇਟੀ ਹਾਜ਼ਰ ਹੈ। ਇਸ ਦੀ ਸ਼ਾਦੀ ਆਪ ਕਰ ਦੇਵੋ।' ਜਦ ਸ਼ੀਹੇਂ ਦੀ ਇਸਤ੍ਰੀ ਨੂੰ ਗਲ ਦਾ ਪਤਾ ਲਗਾ, ਤਦ ਉਹ ਬਹੁਤ ਦੁਖੀ ਹੋਈ। ਦਰਬਾਰ ਵਿਚ ਆ ਕੇ ਕਹਿਣ ਲਗੀ–

ਕੁਸ਼ਟੀ ਮਾਤ੍ਰ ਪਿਤਾ, ਕੁਲ ਹੀਨ।
ਸੁਤਾ ਨਿਥਾਵੇਂ ਕੋ ਮੁਰ ਦੀਨ ?
ਸੁਨ ਸ੍ਰੀ ਅਮਰਦਾਸ ਗੁਰ ਹਸੇ।
ਕਹਿਓ ਤਾਂਹਿ ਕਰੁਣਾ ਰੰਗ ਰਸੇ।
ਜਾਨੋ ਮਮ ਸੁਤ ਇਹ ਜੋ 'ਮੁਰਾਰੀ'।
ਦਯਾਹਯੋ ਤਨੁਜਾ ਸੰਗ ਤੁਮਾਰੀ।
ਤਵ ਤਨੁਜਾ ਕੋ ਨਾਮ 'ਮਥੋ' ਹੈ।
ਨਾਮ ਮੁਰਾਰੀ ਯਾਹਿ ਕਥੋ ਹੈ।
ਮਥੋ ਮੁਰਾਰੀ ਸਿਮਰੇ ਨਾਮ।
ਪੂਰਨ ਹੋਇ ਨਰਨ ਕੇ ਕਾਮ।
(ਗੁ: ਪ੍ਰ: ਸੂ: ਰਾਸ ੧–੬੦)

ਸਤਿਗੁਰੂ ਜੀ ਨੇ ਮਥੋ ਤੇ ਮੁਰਾਰੀ ਦੀ ਸ਼ਾਦੀ ਕਰਾ ਕੇ ਉਨ੍ਹਾਂ

ਨੂੰ ਅਸ਼ੀਰਵਾਦ ਦਿਤੀ ਤੇ ਵਿਦਾ ਕੀਤਾ।

ਭਾਈ ਸਚਨ ਸਚ ਦਾ ਪੁਨਰ ਵਿਵਾਹ ਭੀ ਜ਼ਾਤ-ਪਾਤ ਦੇ ਬੰਧਨ ਤੋੜ ਕੇ ਕੀਤਾ ਗਿਆ।

ਗੁਰੂ ਜੀ ਬੜੇ ਸਮਾਜ ਸੁਧਾਰਕ ਸਨ । ਚੰਗੇ ਸਮਾਜ ਲਈ ਚੰਗੇ ਗ੍ਰਹਿਸਤ ਦੀ ਲੋੜ ਹੈ। ਚੰਗੇ ਗ੍ਰਹਿਸਤ ਲਈ ਲੜਕੇ ਤੇ ਲੜਕੀ ਦੀ ਸਹੀ ਚੋਣ ਜ਼ਰੂਰੀ ਹੈ। ਸਾਡੇ ਦੇਸ਼ ਵਿਚ ਇਹ ਚੋਣ ਗੁਣ, ਕਰਮ ਸੁਭਾਵ ਤੇ ਉਮਰ ਨੂੰ ਵੇਖ ਕੇ ਘਟ ਕੀਤੀ ਜਾਂਦੀ ਹੈ। ਵਡਾ ਘਰ, ਧਨਾਢ ਜਾਂ ਕੁਲੀਨ ਵਰ ਦੇਖ ਕੇ ਰਿਸ਼ਤੇ ਕਰਨ ਵਿਚ ਭਾਈਚਾਰਕ ਸੁਧਾਰ ਦੀ ਅਸਚਰਜ ਮਿਸਾਲ ਪੇਸ਼ ਕੀਤੀ ਹੈ।

ਆਪ ਨੇ ਦਾਨੀ ਜੀ ਦਾ ਰਿਸ਼ਤਾ ਰਾਮੇ ਨਾਮੀ ਸਾਧਾਰਨ ਸਿਖ ਨਾਲ ਕੀਤਾ ਤੇ ਭਾਈ ਜੀ ਲਈ ਸ੍ਰੀ ਰਾਮ ਦਾਸ ਜੀ ਨੂੰ ਚੁਣਿਆ, ਜੋ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ। ਇਹ ਚੋਣ ਕਿੰਨੀ ਸਫਲ ਹੋਈ ? ਇਸ ਦਾ ਉਤਰ ਇਤਿਹਾਸ ਬੜੇ ਸ਼ਾਨਦਾਰ ਅੱਖਰਾਂ ਵਿਚ ਦਿੰਦਾ ਹੈ ।

ਗੁਰੂ ਜੀ ਨੇ ਸਤੀ ਦੀ ਰਸਮ ਦਾ ਖੰਡਨ ਕਰਦੇ ਹੋਏ ਕਿਹਾ :

ਸਤੀਆ ਇਹੁ ਨ ਆਖੀਅਨਿ ਜੋ ਮੜਿਆਂ ਲਗ ਜਲੰਨਿ ॥
ਸਤੀਆਂ ਸੇਈ ਨਾਨਕਾ ਜੋ ਬਿਰਹੇ ਚੋਟ ਮਰੰਨ ॥

ਰਾਜਾ ਹਰੀ ਪੁਰ ਦੀ ਰਾਣੀ ਨੂੰ ਉਪਦੇਸ਼ ਕੀਤਾ ਕਿ ਸੰਗਤ ਵਿਚ ਪਰਦਾ ਕਰਨ ਤੇ ਘੁੰਡ ਕਢਣ ਦੀ ਲੋੜ ਨਹੀਂ।

ਰਾਮਕਲੀ ਸਦ ਵਿਚ ਆਪ ਨੇ ਮਿਰਤਕ ਸਮੇਂ ਦੀਆਂ ਰਸਮਾਂ ਦਾ ਸੁਧਾਰ ਦਸਿਆ ਹੈ।

★

ਸੋਲ੍ਹਵਾਂ ਵਿਆਖਿਆਨ

ਸ੍ਰੀ ਗੁਰੂ ਅਮਰਦਾਸ ਜੀ ਦਾ ਤਿਆਗ, ਸਵੈਮਾਨ, ਕਰਮ ਯੋਗੀ ਜੀਵਨ ਤੇ ਮਨੁਖਤਾ ਲਈ ਪਿਆਰ

ਗੁਰੂ ਜੀ ਨੇ ਝੂਠੇ ਤਿਆਗ ਦਾ ਖੰਡਨ ਕੀਤਾ ਹੈ ਪਰ ਨਾਲ ਹੀ ਸੱਚਾ ਤਿਆਗ ਦਸਿਆ ਹੈ। ਉਹ ਕੀ ? ਧਰਮ ਦੀ ਕਿਰਤ ਕਰਨੀ, ਉਸ ਵਿਚੋਂ ਆਪਣਾ ਨਿਰਬਾਹ ਕਰਨਾ ਤੇ ਮਾਇਆ ਨੂੰ ਭਲੇ ਕੰਮਾਂ ਲਈ ਵਰਤਣਾ। ਅਸੀਂ ਦੌਲਤ ਲਈ ਨਹੀਂ, ਦੌਲਤ ਸਾਡੇ ਲਈ ਹੈ, ਇਹ ਆਦਰਸ਼ ਪ੍ਰਚਾਰਿਆ ਹੈ। ਅਕਬਰ ਤੋਂ ਜਗੀਰ ਲੈਣ ਤੋਂ ਨਾਂਹ ਕਰਨੀ ਤੇ ਲੰਗਰ ਦੀ ਰਸਦ ਪਕਾ ਕੇ ਰਾਤ ਨੂੰ ਭਾਂਡੇ ਮੂਧੇ ਮਾਰ ਦੇਣੇ ਸਚੇ ਤਿਆਗ ਦੀਆਂ ਦੋ ਸੁੰਦਰ ਮਿਸਾਲਾਂ ਹਨ।

ਮਹਾਰਾਜ ਨੂੰ ਸਰਮਾਏ ਜਾਂ ਦੌਲਤ ਤੋਂ ਨਫਰਤ ਨਹੀਂ ਸੀ। ਸਰਮਾਏਦਾਰ ਬ੍ਰਿਤੀ ਤੋਂ ਨਫਰਤ ਸੀ। ਇਕ ਦਿਨ ਆਪ ਦੇ ਪੁਤਰ ਮੋਹਰੀ ਜੀ ਨੂੰ ਖਿਆਲ ਆਇਆ ਕਿ ਕੁਝ ਰੁਪਿਆ ਇਕਠਾ ਕਰ ਲਈਏ, ਕਿਉਂਕਿ ਐਸ ਵੇਲੇ ਪੂਜਾ ਭੇਟ ਬਹੁਤ ਚੜ੍ਹਦੀ ਹੈ। ਗੁਰਦੇਵ ਉਸ ਦੀ ਇਸ ਰੁਚੀ ਨੂੰ ਤਾੜ ਗਏ। ਆਪ ਨੇ ਇਕ ਸਿਖ ਨੂੰ ਕਿਹਾ, 'ਇਕ ਲਖ ਟਕਾ ਮੋਹਰੀ ਨੂੰ ਲਿਆ ਦੇਵੋ।' ਸਿਖ ਨੇ ਲਿਆ ਦਿਤਾ। ਮੋਹਰੀ ਸਵੇਰ ਤੋਂ ਲੈ ਕੇ ਸ਼ਾਮ ਤਕ ਟਕੇ ਗਿਣਦਾ ਰਿਹਾ। ਉਸ ਦੇ ਹਥ ਕਾਲੇ ਹੋ ਗਏ। ਵਿਹਲਾ ਹੋ ਕੇ ਦੀਵਾਨ ਵਿਚ ਆਇਆ।

ਗੁਰੂ ਜੀ–ਕਿਉਂ ਬੇਟਾ, ਅਜ ਤੁਹਾਡੇ ਹਥ ਕਾਲੇ ਹਨ, ਕੀ ਕਰਦੇ ਰਹੇ ਹੋ ?

ਮੋਹਰੀ–ਸਚੇ ਪਾਤਸ਼ਾਹ, ਸਵੇਰ ਤੋਂ ਟਕੇ ਗਿਣਦਾ ਰਿਹਾ ਹਾਂ। ਬਹੁਤੀ ਮਾਇਆ ਗਿਣਨ ਨਾਲ ਹਥ ਕਾਲੇ ਹੋ ਗਏ ਹਨ।

ਗੁਰੂ ਜੀ -ਜਿਸ ਦੇ ਗਿਣਨ ਨਾਲ ਹਥ ਕਾਲੇ ਹੁੰਦੇ ਹਨ, ਜੇ ਮਨ ਹਰ ਵੇਲੇ ਉਸ ਦੇ ਧਿਆਨ ਵਿਚ ਮਗਨ ਰਹੇ ਜਾਂ ਮਾਇਆ ਦਾ ਪੁਜਾਰੀ ਬਣ ਜਾਏ, ਤਾਂ ਉਸ ਦੀ ਕੀ ਹਾਲਤ ਹੋਵੇਗੀ ? ਕੀ ਉਹ ਕਾਲਾ ਨਹੀਂ ਹੋ ਜਾਵੇਗਾ ?

ਇਹ ਬਚਨ ਸੁਣ ਕੇ ਮੋਹਰੀ ਨੂੰ ਸੂਝ ਆ ਗਈ ਕਿ ਹਰ ਵੇਲੇ ਮਾਇਆ ਦਾ ਧਿਆਨ ਕਰਨ ਨਾਲ ਮਨ ਕਾਲਾ ਹੋ ਜਾਂਦਾ ਹੈ।

ਇਕ ਪਾਸੇ ਇਹ ਤਿਆਗ ਦੀ ਬਿਰਤੀ ਹੈ, ਦੂਜੇ ਪਾਸੇ ਸਿਖਾਂ ਨੂੰ ਵਪਾਰ, ਕਿਰਤ ਕਰਨ ਤੇ ਆਰਥਿਕ ਉਨਤੀ ਦੀ ਪ੍ਰੇਰਨਾ ਕੀਤੀ ਹੈ, ਤਾਕਿ ਨਿਰਬਾਹ ਲਈ ਸਿਖ ਕਿਸੇ ਦੇ ਮੁਥਾਜ ਨਾ ਹੋਣ।

ਸੁਲਤਾਨ ਪੁਰ ਦਾ ਭਾਈ ਮਹੇਸ਼ਾ ਸਤਿਗੁਰੂ ਜੀ ਦੀ ਸ਼ਰਨ ਆਇਆ। ਉਹ ਬੜਾ ਅਮੀਰ ਆਦਮੀ ਸੀ । ਆਪ ਨੇ ਉਸ ਨੂੰ ਕਿਹਾ—'ਤੇਰੇ ਪਾਸ ਧਨ ਨਹੀਂ ਰਹਿਣਾ, ਸਿਖ ਬਣਨ ਨਾਲ ਘਰ ਵਾਲਿਆਂ ਤੇ ਬਰਾਦਰੀ ਨੇ ਭੀ ਵਿਰੋਧਤਾ ਕਰਨੀ ਹੈ, ਸੋਚ ਲੈ ।' ਇਹ ਬਚਨ ਸੁਣ ਕੇ ਉਸ ਨੇ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਤਨ ਮਨ ਧਨ ਆਪ ਦਾ ਹੈ, ਮੇਰਾ ਕੁਝ ਨਹੀਂ। ਇਸ ਲਈ ਜਾਣਾ ਕੀ ਹੈ ? ਆਪ ਮੈਨੂੰ ਸਿਖੀ ਬਖਸ਼ੋ।' ਲਿਖਿਆ ਹੈ—

ਦ੍ਰਿੜ ਨਿਸਚਾ ਦੇਖਯੋ ਜਿਸ ਕਾਲਾ। ਨਿਜ ਕਰ ਧਰਯੋ
ਤਿਸ ਕੀ ਭਾਲਾ। ਸਤਿਨਾਮ ਸੋ ਮੰਤ੍ਰ ਜਪਾਵਾ । ਸਿਖ
ਨੇ ਦ੍ਰਿੜ ਕੀਨਸ ਸੁਖ ਪਾਵਾ।

ਅਜਿਹਾ ਭਾਣਾ ਵਰਤਿਆ ਕਿ ਕੁਝ ਦਿਨਾਂ ਦੇ ਬਾਅਦ ਮਹੇਸ਼ੇ ਦਾ ਧਨ ਪਦਾਰਥ ਜਾਂਦਾ ਰਿਹਾ। ਉਹ ਗਰੀਬ ਹੋ ਗਿਆ। ਲੋਕਾਂ ਨੇ ਕਿਹਾ— 'ਸਿਖ ਬਣ ਕੇ ਕੀ ਖਟਿਆ ਈ ?'

ਸੁਣਤਿ ਮਹੇਸ਼ੇ ਸਭ ਸੋਂ ਕਹਯੋ। ਮੈਂ ਗੁਰ ਊਚ ਪ੍ਰੇਮ ਪਦ
ਲਹਯੋ। ਜੋ ਕਬਹੂੰ ਨਹਿ ਬਿਨਸਨ ਹਾਰਾ। ਦੁਖ ਸਾਗਰ
ਤੇ ਕਰੈ ਉਧਾਰਾ।

(ਗੁ: ਪ੍ਰ: ਸੂ: ਰਾਸ ੧-੩੮)

ਗੁਰੂ ਜੀ ਨੇ ਮਹੇਸ਼ੇ ਦੀ ਹਾਲਤ ਦੇਖ ਕੇ ਫੁਰਮਾਇਆ-'ਧਰਮ ਦੀ ਕਿਰਤ ਕਰੋ, ਵਾਹਿਗੁਰੂ ਬਰਕਤ ਪਾਏਗਾ । ਬਚਨ ਮੰਨ ਕੇ ਉਸ ਨੇ ਵਪਾਰ ਕੀਤਾ । ਨੌ ਨਿਧਾਂ ਤੇ ਬਾਰਾਂ ਸਿਧਾਂ ਹੋ ਗਈਆਂ ।

ਇਕ ਗੰਗੋ ਸ਼ਾਹ ਬੱਸੀ ਖਤ੍ਰੀ ਗੁਰੂ ਜੀ ਦੀ ਸ਼ਰਨ ਆਇਆ। ਆਪ ਨੇ ਉਸ ਨੂੰ ਸਿਖੀ ਦਾ ਉਪਦੇਸ਼ ਕੀਤਾ । ਉਸ ਦੀ ਰੁਚੀ ਤੇ ਯੋਗਤਾ ਵੇਖ ਕੇ ਆਗਿਆ ਕੀਤੀ ਕਿ ਦਿਲੀ ਜਾ ਕੇ ਲੈਣ ਦੇਣ (ਬੈਂਕਿੰਗ) ਦਾ ਕੰਮ ਕਰੇ। ਗੰਗੋ ਸ਼ਾਹ ਨੇ ਦਿਲੀ ਵਿਚ ਕੋਠੀ ਪਾਈ । ਬੈਂਕ ਦਾ ਕੰਮ ਸ਼ੁਰੂ ਕੀਤਾ। ਲਾਹੌਰ ਤਕ ਉਸ ਦੀ ਇਕ ਲਖ ਮੋਹਰ ਦੀ ਦਰਸ਼ਨੀ ਹੁੰਡੀ ਚਲਦੀ ਰਹੀ।

ਸਾਡੇ ਦੇਸ਼ ਵਿਚ ਕਈ ਆਦਮੀ ਗਰੀਬੀ ਤੇ ਗ੍ਰਿਹਸਤ ਦੇ ਦੁਖਾਂ ਤੋਂ ਤੰਗ ਆਉਣ ਕਰਕੇ ਜਾਂ ਕੰਮ ਕਾਜ ਤੋਂ ਜੀ ਚਰਾਉਣ ਦੇ ਕਾਰਨ ਸਾਧੂ ਬਣਦੇ ਹਨ। ਅਜਿਹੇ ਆਦਮੀਆਂ ਦਾ ਨਾ ਮਨ ਕਾਬੂ ਵਿਚ ਹੁੰਦਾ ਹੈ, ਨਾਂ ਮਾਇਆ ਤੇ ਪਦਾਰਥਾਂ ਦੀ ਪ੍ਰਾਪਤੀ ਤੋਂ ਉਹ ਉਪਰਾਮ ਹੁੰਦੇ ਹਨ । ਉਹ ਗ੍ਰਿਹਸਤੀਆਂ ਤੋਂ ਵਧ ਧਨ ਜੋੜਦੇ, ਜਾਇਦਾਦ ਬਣਾਉਂਦੇ ਅਤੇ ਵਿਸ਼ਿਆਂ ਵਿਕਾਰਾਂ ਵਿਚ ਲੀਨ ਰਹਿੰਦੇ ਹਨ । ਸ੍ਰੀ ਗੁਰੂ ਜੀ ਨੇ ਅਜਿਹੇ ਝੂਠੇ ਤਿਆਗ ਤੇ ਪਖੰਡ ਦਾ ਸਖਤ ਖੰਡਨ ਕੀਤਾ ਹੈ।

ਗੋਇੰਦਵਾਲ ਵਿਚ ਇਕ ਤਪਾ ਆ ਕੇ ਰਿਹਾ। ਗੁਰੂ ਜੀ ਦਾ ਤੇਜ ਪ੍ਰਤਾਪ ਦੇਖ ਕੇ ਉਹ ਦਿਲੋਂ ਈਰਖਾ ਕਰਦਾ ਸੀ । ਲੋਭੀ ਅਤੇ ਪਾਖੰਡੀ ਸੀ ਪਰ ਲੋਕਾਂ ਨੂੰ ਠਗਣ ਲਈ ਬੜਾ ਅਤੀਤ ਦੇ ਤਿਆਗੀ ਬਣਦਾ ਸੀ। ਹਜ਼ੂਰ ਨੇ ਬਾਉਲੀ ਦੀ ਚੱਠ ਕੀਤੀ। ਉਸ ਨੂੰ ਭੀ ਸਦਿਆ ਪਰ ਉਹ ਨਾ ਆਇਆ। ਆਪ ਨੇ ਕਿਹਾ--'ਜੋ ਭੋਜਨ ਖਾਣ ਆਵੇਗਾ। ਉਸ ਨੂੰ ਇਕ ਮੋਹਰਾ ਦਛਣਾ ਭੀ ਮਿਲੇਗੀ।'

ਬਸ ਫਿਰ ਕੀ ਸੀ, ਤਪੇ ਪਾਸੋਂ ਰਿਹਾ ਨਾ ਗਿਆ। ਆਪ ਤੇ ਨਾ ਆਇਆ, ਪੁਤਰ ਨੂੰ ਕੰਧ ਤੋਂ ਚੜ੍ਹਾ ਕੇ ਅੰਦਰ ਭੇਜਣ ਲਗਾ ਕਿ ਉਸ ਦੀ ਟੰਗ ਟੁਟ ਗਈ । ਇਸ ਪ੍ਰਤਿ ਸ੍ਰੀ ਗੁਰੂ ਰਾਮਦਾਸ ਜੀ ਨੇ

ਗਉੜੀ ਰਾਗ ਦੀ ਵਾਰ ਵਿਚ ਸਲੋਕ ਉਚਾਰਨ ਕੀਤਾ :

ਤਪਾ ਨ ਹੋਵੈ ਅੰਦਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥ ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥

ਲੋਕਾਂ ਨੂੰ ਤਪੇ ਦੇ ਇਸ ਸਾਰੇ ਪਖੰਡ ਦਾ ਪਤਾ ਲਗ ਗਿਆ।

ਕਰਮ ਯੋਗੀ ਜੀਵਨ–ਜਿਸ ਤਰ੍ਹਾਂ ਸਿਆਲ ਵਿਚ ਨਦੀਆਂ ਸੁਕ ਜਾਂਦੀਆਂ ਹਨ, ਬੁਢਾਪੇ ਵਿਚ ਮਨੁਖ ਦੀਆਂ ਸਾਰੀਆਂ ਸ਼ਕਤੀਆਂ ਖੀਨ ਹੋ ਜਾਂਦੀਆਂ ਹਨ, ਅੰਗ ਸਿਥਲ ਹੋ ਜਾਂਦੇ ਹਨ ਤੇ ਮਨ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ। ਇਸ ਦੇ ਉਲਟ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਬੜਾ ਕਰਮਯੋਗੀ ਸੀ।

ਗੁਰੂ ਜੀ ਨੇ ਗੋਇੰਦਵਾਲ ਵਿਚ ਰਾਤ ਨੂੰ ਭਜਨ ਕਰਨ ਲਈ ਇਕ ਥੜ੍ਹਾ ਬਣਾਇਆ ਹੋਇਆ ਸੀ। ਉਸ ਤੇ ਇਕ ਕਿੱਲੀ ਗਡੀ ਹੋਈ ਸੀ, ਜਿਸ ਨੂੰ ਪਕੜ ਕੇ ਰਾਤ ਨੂੰ ਭਜਨ ਕਰਦੇ ਸਨ। ਇਕ ਦਿਨ ਸੰਗਤ ਨੇ ਬੇਨਤੀ ਕੀਤੀ–'ਸਚੇ ਪਾਤਸ਼ਾਹ! ਆਪ ਨੇ ਪੂਰਨ ਪਦਵੀ ਪ੍ਰਾਪਤ ਕਰ ਲਈ ਹੈ, ਹੁਣ ਆਪ ਨੂੰ ਤਪ ਕਰਨ ਦੀ ਕੀ ਲੋੜ ਹੈ?'

ਹਜ਼ੂਰ ਨੇ ਉਤ੍ਰ ਦਿਤਾ–'ਕਿਸੇ ਆਦਮੀ ਨੂੰ ਪਹਾੜ ਪੁਟਦਿਆਂ ਲਾਲ ਲਭਾ ਸੀ। ਉਹ ਧਨੀ ਹੋ ਕੇ ਭੀ ਪਹਾੜ ਖੋਦਦਾ ਰਿਹਾ। ਜਦ ਤੀਕ ਜੀਵਨ ਹੈ, ਚੰਗੇ ਕਰਮ ਕਰੀ ਜਾਣੇ ਚਾਹੀਦੇ ਹਨ।

ਬੁਢਾਪੇ ਵਿਚ ਮਾਯੂਸੀ ਆ ਜਾਂਦੀ ਹੈ। ਫਰੀਦ ਨੇ ਕਿਹਾ ਸੀ–

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥

ਗੁਰੂ ਜੀ ਨੇ ਇਸ ਪਰ ਫੁਰਮਾਇਆ–

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇਇ ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥

ਗੁਰੂ ਜੀ ਨੇ ਬੁਢਾਪੇ ਵਿਚ ਚੜ੍ਹਦੀ ਕਲਾ* ਦਾ ਸਬੂਤ ਦਿੰਦੇ ਹੋਏ ਕਿਹਾ :

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤ ਗਿਆਨ ।
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨ ।
ਪਰ-ਮਨਮੁਖੁ ਬਾਲਕ ਬਿਰਧ ਸਮਾਨ ਹੈ ਜਿੰਨਾ ਅੰਤਰਿ ਹਰਿ ਸੁਰਤਿ ਨਾਹੀ ।

ਸਵੈਮਾਨ ਤੇ ਕੋਮਲਤਾ—

ਸਤਿਗੁਰੂ ਦੇ ਜੀਵਨ ਵਿਚ ਸਵੈਮਾਨ ਕਿੰਨਾ ਸੀ ? ਇਸ ਦੀ ਇਕ ਉਦਾਹਰਣ ਪੇਸ਼ ਕਰਦੇ ਹਾਂ। ਪਿਛੇ ਦਸ ਆਏ ਹਾਂ ਕਿ ਗੋਂਦੇ ਖੱਤਰੀ ਦੀ ਬੇਨਤੀ ਮੰਨ ਕੇ ਆਪ ਨੇ ਗੋਇੰਦਵਾਲ ਵਸਾਇਆ ਸੀ। ਉਹ ਆਪ ਗੁਰੂ ਘਰ ਦਾ ਸੇਵਕ ਸੀ। ਪਰ ਜਦ ਮਰ ਗਿਆ, ਪਿਛੋਂ ਉਸ ਦੇ ਪੁਤਰ ਬੜੇ ਹੰਕਾਰੀ ਦੇ ਦੋਖੀ ਹੋ ਗਏ। ਗੁਰੂ ਜੀ ਨੂੰ ਕਹਿਣ ਲਗੇ—'ਅਸੀਂ ਪਿੰਡ ਦੇ ਮਾਲਕ ਹਾਂ, ਚੌਧਰ ਸਾਡੀ ਹੈ। ਸਾਨੂੰ ਇਸ ਦਾ ਕੁਝ ਮਿਲਣਾ ਚਾਹੀਦਾ ਹੈ। ਜੇ ਨਹੀਂ ਦਿਓਗੇ ਤਾਂ ਅਸੀਂ ਜ਼ੋਰ ਨਾਲ ਲਵਾਂਗੇ।'

ਮਹਾਰਾਜ ਨੇ ਉਤਰ ਦਿਤਾ—'ਧਮਕੀ ਨਾਲ ਧਨ ਚਾਹੋ, ਤਾਂ ਸਾਡੇ ਪਾਸੋਂ ਕੁਝ ਨਹੀਂ ਮਿਲ ਸਕਦਾ, ਲੰਗਰ ਗੁਰੂ ਕਾ ਹੈ ਛਕੋ।'

ਚੋਧਰੀ ਦਿੱਲੀ ਵਿਚ ਅਕਬਰ ਬਾਦਸ਼ਾਹ ਪਾਸ ਫ਼ਰਿਆਦੀ ਹੋ ਕੇ ਗਏ। ਬਾਦਸ਼ਾਹ ਨੇ ਉਨ੍ਹਾਂ ਨੂੰ ਝਾੜ ਪਾਈ ਤੇ ਉਕੇ 'ਵੇਮੁਖ ਸਣੇ ਨਫਰੇ ਪਾਉਲੀ ਪਾਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।' ਦੇ ਵਾਕ ਅਨੁਸਾਰ ਖਾਲੀ ਵਾਪਸ ਮੁੜੇ।

---

*ਇਕ ਪੱਛਮੀ ਵਿਦਵਾਨ ਨੇ ਲਿਖਿਆ—

Youth is not a State of Life it is a State of Mind.

ਗੁਰੂ ਜੀ ਦੇ ਜੀਵਨ ਵਿਚ ਇਨਸਾਨੀ ਦਰਦ ਤੇ ਪਿਆਰ ਦੀ ਇਕ ਅਸਚਰਜ ਉਦਾਹਰਣ ਮਿਲਦੀ ਹੈ। ਇਕ ਦਿਨ ਆਪ ਅੰਮ੍ਰਿਤ ਵੇਲੇ ਭਜਨ ਵਿਚ ਬੈਠੇ ਹੋਏ ਸਨ ਕਿ ਕਿਸੇ ਇਸਤ੍ਰੀ ਦੇ ਰੋਣ ਪਿਟਣ ਦੀ ਆਵਾਜ਼ ਕੰਨੀ ਪਈ। ਆਪ ਭਜਨ ਤੋਂ ਉਠ ਖਲੋਤੇ। ਭਾਈ ਬੱਲੂ ਨੂੰ ਸਦ ਕੇ ਪੁਛਿਆ—'ਇਹ ਕੌਣ ਰੋਂਦਾ ਹੈ?' ਸੇਵਕਾਂ ਨੇ ਉਤਰ ਦਿਤਾ—ਸਚੇ ਪਾਤਸ਼ਾਹ! ਇਕ ਮਾਈ ਦਾ ਇਕਲੌਤਾ ਪੁਤਰ ਮਰ ਗਿਆ ਹੈ, ਉਹ ਰੋਂਦੀ ਪਿਟਦੀ ਹੈ।'

ਇਹ ਸੁਣ ਕੇ ਦੀਨ ਦਿਆਲ ਨੇ ਕਰੁਣਾ ਰਸ ਵਿਚ ਭਰਪੂਰ ਹੋ ਕੇ ਅਰਦਾਸ ਕੀਤੀ—'ਹੇ ਅਕਾਲ ਪੁਰਖ! ਜਦ ਤੀਕ ਮੇਰਾ ਸਰੀਰ ਰਹੇ, ਗੋਇੰਦਵਾਲ ਵਿਚ ਕਿਸੇ ਮਾਈ ਦਾ ਪੁਤਰ ਨਾ ਮਰੇ।'

ਗੁਰੂ ਜੀ ਨੇ ਤੇਈਏ-ਤਾਪ ਦਾ ਇਲਾਜ ਕਰਨ ਦੀ ਸੇਵਾ ਭਾਈ ਲਾਲੋ ਡਲੇ ਨਿਵਾਸੀ ਨੂੰ ਸੌਂਪੀ ਹੋਈ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੀ ਬਾਣੀ ਦੇ ੮੭੮ ਸ਼ਬਦ ਹਨ। ਇਨ੍ਹਾਂ ਵਿਚ ਈਸ਼ਵਰ ਭਗਤੀ, ਗੁਰੂ ਦੀ ਸੇਵਾ ਤੇ ਪ੍ਰਾਪਤੀ ਦਾ ਵਰਨਣ ਹੈ ਅਤੇ ਮਨ ਹਠ ਦਾ ਤਿਆਗ, ਪਖੰਡ ਦੀ ਨਿਖੇਧੀ, ਭਾਈਚਾਰਕ ਖਰਾਬੀਆਂ ਦਾ ਖੰਡਨ ਮਿਲਦਾ ਹੈ।

ਆਸਾ ਰਾਗ ਦੀ ਪੱਟੀ ਤੇ ਅਨੰਦ ਸਾਹਿਬ ਆਪ ਦੀਆਂ ਖਾਸ ਬਾਣੀਆਂ ਹਨ।

ਸ੍ਰੀ ਗੁਰੂ ਅਮਰਦਾਸ ਜੀ ੨੨ ਬਰਸ ਗੱਦੀ ਪਰ ਬਿਰਾਜ ਕੇ ਅੰਤ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਤਾ ਬਖਸ਼ ਕੇ ਭਾਦਰੋਂ ਸੁਦੀ ੧੫ ਸੰਮਤ ੧੬੩੧ ਗੋਇੰਦਵਾਲ ਜੋਤੀ ਜੋਤ ਸਮਾਏ।

*

ਨਿਸ਼ਕਾਮ ਸੇਵਾ ਦੇ ਪੁੰਜ

ਸ੍ਰੀ ਗੁਰੂ ਰਾਮਦਾਸ ਜੀ

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣ ਹਾਰੈ ਧਾਰਿਆ ॥
(ਵਾਰ ਰਾਮਕਲੀ ਸਤਾ ਬਲਵੰਡ)

ਅਗਮ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ।
ਸ਼ਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ ॥
ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ।
ਭੰਜਨ ਗੜਣ ਸਮਰਥੁ ਤਰਣ ਤਾਰਣ ਪ੍ਰਭੁ ਸੋਈ ।
ਨਾਨਾ ਪ੍ਰਕਾਰ ਜਿਨ ਜਗ ਕੀਓ ਭਨੁ ਮਥੁਰਾ ਰਸਨਾ ਰਸੈ ।
ਸ੍ਰੀ ਸਤਨਾਮ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥
(ਸਵਈਏ ਮਹਲੇ ਚੌਥੇ ਕੇ)

ਦਿਚੈ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰਿ ਆਵੈ ।
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ ।
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ ।
(ਵਾਰ ਭਾ: ਗੁ: ੧-੪੭)

ਸ੍ਰੀ ਗੁਰੂ ਰਾਮਦਾਸ ਜੀ

ਅਵਤਾਰ ਧਾਰਿਆ : ਕਤਕ ਵਦੀ ੨ ਸੰਮਤ ੧੫੯੧ ।

ਜਨਮ ਅਸਥਾਨ : ਚੂਨੇ ਮੰਡੀ ਲਾਹੌਰ ।

ਮਾਤਾ ਪਿਤਾ : ਸ੍ਰੀ ਹਰਿਦਾਸ ਜੀ ਸੋਢੀ ।
ਮਾਤਾ ਦਯਾ ਕੌਰ ਜੀ ।

ਵਿਆਹ : ਸ੍ਰੀ ਭਾਨੀ ਜੀ ਨਾਲ ੨੨ ਫਗਣ ਸੰਮਤ ੧੬੧੦ ।

ਸੰਤਾਨ : ਤਿੰਨ ਪੁਤਰ–ਪ੍ਰਿਥੀ ਚੰਦ, ਮਹਾਂ ਦੇਵ ਤੇ ਗੁਰੂ ਅਰਜਨ ਦੇਵ ਜੀ ।

ਗੁਰ-ਗੱਦੀ : ਭਾਦਰੋਂ ਸੁਦੀ ੧੩, ਸੰਮਤ ੧੬੩੧ ਨੂੰ ਗੋਇੰਦਵਾਲ ।

ਅੰਮ੍ਰਿਤਸਰ ਵਸਾਇਆ : ਸੰਮਤ ੧੬੨੭ ਬਿਕ੍ਰਮੀ ।

ਜੋਤੀ ਜੋਤ ਸਮਾਏ : ਭਾਦਰੋਂ ਸੁਦੀ ੩, ਸੰਮਤ ੧੬੩੮ ਬਿਕ੍ਰਮੀ ਗੋਇੰਦਵਾਲ ।

*

ਸਤਾਰੁਵਾਂ ਵਿਆਖਿਆਨ

ਸ੍ਰੀ ਗੁਰੂ ਰਾਮਦਾਸ ਜੀ ਦਾ ਆਰੰਭਕ ਜੀਵਨ

ਨਿਸ਼ਕਾਮ ਸੇਵਾ

ਜਿਸ ਤਰ੍ਹਾਂ ਸਮੁੰਦਰ ਦੀ ਡੂੰਘੀ ਤਹਿ ਵਿਚ ਬਹੁਤ ਸਾਰੇ ਬਹੁਮੁਲੇ ਮੋਤੀ ਪਏ ਹੁੰਦੇ ਹਨ, ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿਤਰ, ਸੇਵਾ ਤੇ ਪ੍ਰੇਮ ਭਗਤੀ ਵਿਚ ਭਿੱਜੇ ਹੋਏ, ਗੰਭੀਰ ਅਤੇ ਉਸਾਰੂ ਕੰਮ ਕਰਨ ਵਾਲੇ ਜੀਵਨ ਵਿਚ ਆਤਮਿਕ ਗੁਣ ਮਿਲਦੇ ਹਨ। ਸੰਸਾਰ ਦੇ ਕਈ ਮਹਾਂ ਪੁਰਖਾਂ ਵਾਂਗ ਆਪ ਦਾ ਜੀਵਨ ਬੜੀ ਗਰੀਬੀ ਤੋਂ ਆਰੰਭ ਹੋਇਆ, ਪਰ ਨਿਗਰ ਤੇ ਨਿਸ਼ਕਾਮ ਸੇਵਾ ਬਦਲੇ ਮਾਣ ਇੰਨਾ ਪ੍ਰਾਪਤ ਕੀਤਾ ਹੈ, ਜਿਸ ਦੀ ਮਿਸਾਲ ਨਹੀਂ ਮਿਲਦੀ। ਸ੍ਰੀ ਅੰਮ੍ਰਿਤਸਰ ਸਿਖੀ ਦਾ ਕੇਂਦਰ ਆਪ ਦੀ ਅਮਰ ਯਾਦਗਾਰ ਹੈ। ਸਿਖੀ ਨੂੰ ਸਰੀਰ ਮੰਨ ਲਿਆ ਜਾਵੇ ਤਾਂ ਸ੍ਰੀ ਅੰਮ੍ਰਿਤਸਰ ਉਸਦਾ ਦਿਲ ਹੈ। ਇਥੋਂ ਭਗਤੀ, ਨਿਸ਼ਕਾਮ ਸੇਵਾ ਤੇ ਸ਼ਹੀਦੀ ਦਾ ਖੂਨ ਉਸ ਦੀਆਂ ਰਗਾਂ ਵਿਚ ਪੁਜਦਾ ਹੈ। ਸੰਸਾਰ ਦੇ ਕਿਸੇ ਹਿਸੇ ਵਿਚ ਬੈਠਾ ਹੋਇਆ ਸਿਖ ਸਵੇਰੇ ਸ਼ਾਮ ਅਰਦਾਸ ਕਰਦਿਆਂ ਕਹਿੰਦਾ ਹੈ, 'ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ ਕਾ ਧਿਆਨ ਧਰ ਕੇ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ।' ਸਿਖੀ ਦਾ ਇਹ ਮਹਾਨ ਤੀਰਥ ਤੇ ਸਭ ਤੋਂ ਵਡਾ ਕੇਂਦਰ ਬਨਾਉਣ ਦਾ ਮਾਣ ਆਪ ਨੂੰ ਪ੍ਰਾਪਤ ਹੈ।

ਨਿਸ਼ਕਾਮ, ਨਿਗਰ ਤੇ ਪ੍ਰੇਮ ਭਰੀ ਸੇਵਾ ਦੇ ਬਦਲੇ ਜਿਤਨਾ 'ਧੰਨ ਗੁਰੂ ਰਾਮਦਾਸ' ਆਪ ਨੇ ਅਖਵਾਇਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆ ਸਕਦਾ।

ਗੁਰੂ ਜੀ ਦਾ ਜਨਮ ਕਤਕ ਵਦੀ ੨ ਸੰਮਤ ੧੫੯੧ ਨੂੰ

ਚੂਨੇ ਮੰਡੀ ਲਾਹੌਰ ਵਿਚ ਹਰਿਦਾਸ ਜੀ ਸੋਢੀ ਦੇ ਘਰ ਮਾਤਾ ਦਯਾ ਕੌਰ ਤੋਂ ਹੋਇਆ। ਮਾਤਾ ਪਿਤਾ ਨੇ ਆਪ ਦਾ ਨਾਂ ਜੇਠਾ ਜੀ ਰਖਿਆ। ਸਤ ਆਪ ਅਜੇ ਛੋਟੀ ਉਮਰ ਦੇ ਸਨ ਕਿ ਮਾਤਾ ਜੀ ਗੁਜ਼ਰ ਗਏ। ਸਤ ਬਰਸ ਦੇ ਹੋਏ ਕਿ ਪਿਤਾ ਜੀ ਦਾ ਦੇਹਾਂਤ ਹੋ ਗਿਆ। ਆਪ ਯਤੀਮਾਂ ਦੀ ਹਾਲਤ ਵਿਚ ਆਪਣੇ ਨਾਨਕੇ ਪਿੰਡ ਬਾਸਰਕੇ ਆ ਗਏ ਤੇ ਉਥੇ ਹੀ ਪ੍ਰਵਰਿਸ਼ ਪਾਈ।

ਜੇ ਗੁਰੂ ਜੀ ਦੇ ਮਾਤਾ ਪਿਤਾ ਗਰੀਬ ਸਨ ਤਾਂ ਨਾਨਕਾ ਘਰ ਭੀ ਚੰਗੇ ਗੁਜ਼ਾਰੇ ਵਾਲਾ ਨਹੀਂ ਸੀ। ਇਸ ਲਈ ਬਚਪਨ ਵਿਚ ਹੀ ਆਪਣੇ ਜੀਵਨ ਨਿਰਬਾਹ ਲਈ ਘੁੰਗਣੀਆਂ ਵੇਚਣ ਦਾ ਕੰਮ ਕਰਨ ਲਗ ਪਏ। ਭਾਈ ਸੰਤੋਖ ਜੀ ਲਿਖਦੇ ਹਨ—

ਨਿਸ ਬੀਤੀ ਤਬ ਭਯੋ ਸਕਾਰੇ।
ਚਨਨ ਉਦਿਤ ਦਿਯ ਮਾਤ ਉਭਾਰੇ।
ਭਰ ਚੰਗੇਰ ਸੁਤ ਕੇ ਕਰਿ ਦੀਨੀ।
ਬੇਚਹੁ ਪੁਤ੍ਰ ਲਾਭਦਾ ਚੀਨੀ। —੧੪

ਜੇਠਾ ਜੀ ਨੂੰ ਇਕ ਭੁਖਾ ਫ਼ਕੀਰ ਮਿਲ ਪਿਆ। ਉਸ ਨੂੰ ਘੁੰਗਣੀਆਂ ਦੇ ਆਏ। ਪਿਤਾ ਨੂੰ ਜਦ ਪਤਾ ਲਗਾ ਤਦ ਉਹ ਕੁਝ ਗੁਸੇ ਹੋਇਆ। ਕੌਣ ਜਾਣਦਾ ਸੀ ਕਿ ਇਹ ਗਰੀਬੀ ਵਿਚ ਜੰਮੀ ਪਲੀ ਮਹਾਨ ਆਤਮਾ ਕਿਸੇ ਦਿਨ 'ਧੰਨ ਗੁਰੂ ਰਾਮਦਾਸ' ਬਣ ਜਾਏਗੀ ?

ਗਰੀਬੀ ਇਕ ਅਜੇਹੀ ਰੁਕਾਵਟ ਹੈ, ਜਿਹੜੀ ਕਈ ਆਦਮੀਆਂ ਦੇ ਚੰਗੇ ਗੁਣਾਂ ਨੂੰ ਪ੍ਰਫੁਲਤ ਨਹੀਂ ਹੋਣ ਦਿੰਦੀ। ਯੋਗਤਾ ਤੇ ਕੰਮ ਕਰਨ ਦੀ ਸ਼ਕਤੀ ਹੁੰਦਿਆਂ ਭੀ ਲੱਖਾਂ ਆਦਮੀ ਗਰੀਬੀ ਦੇ ਕਾਰਨ ਉਨਤੀ ਨਹੀਂ ਕਰ ਸਕਦੇ। ਪਰ ਕਈ ਵੇਰ ਚੰਗੇ ਮਨੁਖ ਦੇ ਚੰਗੇ ਗੁਣਾਂ ਨੂੰ ਚਮਕਾ ਦਿੰਦੀ ਹੈ। ਉਸ ਵਿਚ ਸਾਹਸ, ਕੰਮ ਕਰਨ ਲਈ ਉਤਸ਼ਾਹ ਤੇ ਮੁਸੀਬਤਾਂ ਦਾ ਟਾਕਰਾ ਕਰਨ ਦੀ ਸਕਤੀ ਭੀ ਗਰੀਬੀ ਹੀ ਪੈਦਾ ਕਰਦੀ ਹੈ। ਸੰਸਾਰ ਦੇ ਬਹੁਤ ਸਾਰੇ-ਮਹਾਂ ਪੁਰਖ, ਆਗੂ, ਸਾਇੰਸਦਾਨ, ਪੰਡਤ ਤੇ ਸੁਧਾਰਕ, ਗਰੀਬੀ ਵਿਚ ਹੀ ਜੰਮੇ ਪਲੇ।

ਮੁਸੀਬਤਾਂ ਤੇ ਕਸ਼ਟਾਂ ਨੇ ਉਨ੍ਹਾਂ ਦੇ ਗੁਣਾਂ ਨੂੰ ਚਮਕਾਇਆ ਹੈ। ਇਸ ਲਿਹਾਜ਼ ਨਾਲ ਗੁਰੂ ਜੀ ਦਾ ਜੀਵਨ ਬੜਾ ਆਦਰਸ਼ਕ ਹੈ।

ਨਿਸ਼ਕਾਮ ਸੇਵਾ–

ਜਿਸ ਤਰ੍ਹਾਂ ਹਵਾ ਬਦਲਾਂ ਨੂੰ ਉਡਾ ਕੇ ਕਿਤੇ ਦਾ ਕਿਤੇ ਲੈ ਜਾਂਦੀ ਹੈ, ਇਸ ਤਰ੍ਹਾਂ ਈਸ਼ਵਰ ਦੀ ਪ੍ਰੇਰਨਾ ਤੇ ਮਨੁਖ ਦਾ ਭਾਗ ਉਸ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਹਨ। ਜੇਠਾ ਜੀ ਲਾਹੌਰ ਤੋਂ ਗੋਇੰਦਵਾਲ ਪੁਜ ਗਏ। ਉਥੇ ਵੀ ਘੁੰਗਣੀਆਂ ਦਾ ਕੰਮ ਕਰਦੇ ਸਨ।

ਗੋਇੰਦਵਾਲ ਵਿਚ ਕਿਸ ਤਰ੍ਹਾਂ ਆਪ ਦਾ ਮਿਲਾਪ ਸ੍ਰੀ ਗੁਰੂ ਅਮਰਦਾਸ ਜੀ ਨਾਲ ਹੋਇਆ ਤੇ ਉਨ੍ਹਾਂ ਦੀ ਪੁਤਰੀ ਬੀਬੀ ਭਾਨੀ ਜੀ ਨਾਲ ਸ਼ਾਦੀ ਹੋਈ ? ਇਸ ਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ। ਹੁਣ ਆਪ ਦੇ ਜੀਵਨ ਤੇ ਉਸ ਭਾਗ ਦਾ ਵਰਨਣ ਕਰਦੇ ਹਾਂ ਜਿਹੜਾ ਗੁਰੂ ਜੀ ਦੀ ਸੇਵਾ ਤੋਂ ਆਰੰਭ ਹੁੰਦਾ ਹੈ।

ਤੀਸਰੇ ਗੁਰੂ ਜੀ ਦੀਆਂ ਦੋ ਪੁਤਰੀਆਂ ਸਨ। ਦਾਨੀ ਰਾਮੇ ਨਾਲ ਵਿਆਹੀ ਹੋਈ ਸੀ ਅਤੇ ਭਾਨੀ ਜੀ ਗੁਰੂ ਰਾਮਦਾਸ ਜੀ ਨਾਲ। ਦੋਵੇਂ ਧੀਆਂ ਤੇ ਜਵਾਈ ਗੋਇੰਦਵਾਲ ਵਿਚ ਹੀ ਰਹਿੰਦੇ ਸਨ।

ਮਾਤਾ ਭਾਨੀ ਜੀ ਤੋਂ ਸੰਮਤ ੧੬੧੫ ਵਿਚ ਪ੍ਰਿਥੀ ਚੰਦ ਤੇ ੧੬੧੯ ਵਿਚ ਮਹਾਂ ਦੇਵ ਜੀ ਪੈਦਾ ਹੋਏ। ਸੰਮਤ ੧੬੨੦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ਹੋਇਆ।

ਸਹੁਰੇ ਘਰ ਰਹਿ ਕੇ ਦੋਵੇਂ ਜਵਾਈ ਪੂਜਯ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਯਤਨ ਕਰਦੇ ਸਨ। ਭਾਨੀ ਜੀ ਦਾ ਪੇਉਕਾ ਘਰ ਸੀ, ਉਨ੍ਹਾਂ ਨੂੰ ਕੰਮ ਕਰਦਿਆਂ ਕੋਈ ਮੇਹਣਾ ਨਹੀਂ ਸੀ। ਪਰ ਦੇਸ ਦੇ ਰਿਵਾਜ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਲਈ ਸੇਵਾ ਅਪਮਾਨ ਸਮਝਿਆ ਜਾ ਸਕਦਾ ਸੀ। ਆਪ ਨੇ ਸੰਸਾਰਕ ਸੰਬੰਧ ਤੋਂ ਉਚੇਰੇ ਹੋ ਲੋਕ ਲਾਜ ਤਿਆਗ ਕੇ ਗੁਰੂ-ਭਾਵਨਾ ਨਾਲ ਅਤੁਟ ਸੇਵਾ ਕੀਤੀ।

ਬਾਉਲੀ ਸਾਹਿਬ ਗੋਇੰਦਵਾਲ ਦੀ ਕਾਰ ਸੇਵਾ ਹੋ ਰਹੀ ਸੀ। ਆਪ ਸੰਗਤ ਨਾਲ ਮਿਲ ਕੇ ਸੇਵਾ ਕਰ ਰਹੇ ਸਨ। ਇਕ ਦਿਨ ਲਾਹੌਰ ਦੇ ਸੋਢੀ, ਆਪ ਦੇ ਸਬੰਧੀ ਤੇ ਨਿਕਟ-ਵਰਤੀ ਹਰਦਵਾਰ ਜਾਂਦੇ ਹੋਏ, ਗੋਇੰਦਵਾਲ ਆ ਨਿਕਲੇ। ਗਾਰ ਤੇ ਮਿਟੀ ਦੀਆਂ ਟੋਕਰੀਆਂ ਚੁਕੀ ਇਕ ਪੰਗਤ ਜਾ ਰਹੀ ਸੀ। ਉਸ ਵਿਚ ਆਪ ਭੀ ਜਾ ਰਹੇ ਸਨ। ਸੋਢੀਆਂ ਨੇ ਪਛਾਣ ਲਿਆ। ਬਸ ਫੇਰ ਕੀ ਸੀ, ਜਿਤਨੇ ਮੂੰਹ ਉਤਨੀਆਂ ਗਲਾਂ। ਇਕ ਨੇ ਕਿਹਾ, 'ਜੇਠੇ ਨੇ ਸਾਡੀ ਕੁਲ ਨੂੰ ਕਲੰਕਤ ਕਰ ਦਿਤਾ ਹੈ। ਸਹੁਰੇ ਟੋਕਰੀ ਢੋਂਦਾ ਹੈ।'

ਦੂਜੇ ਨੇ ਆਖਿਆ, 'ਹਨੇਰ ਸਾਈਂ ਦਾ, ਜੇ ਸਹੁਰਿਆਂ ਦੇ ਘਰ ਟੋਕਰੀ ਢੋਣੀ ਸੀ ਤਾਂ ਦੁਨੀਆਂ ਵਿਚ ਹੋਰ ਸੈਂਕੜੇ ਕੰਮ ਸਨ, ਜਿਸ ਨਾਲ ਰੋਟੀ ਕਮਾਈ ਜਾ ਸਕਦੀ ਸੀ। ਇਸ ਨੇ ਤਾਂ ਸਾਡਾ ਨੱਕ ਵਢ ਸੁਟਿਆ ਹੈ।' ਆਪ ਬੜੀ ਗੰਭੀਰਤਾ ਨਾਲ ਬਚਨ ਸੁਣਦੇ ਰਹੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–

ਇਤਯਾਦਿਕ ਤਿਨ ਬੈਨ ਬਖਾਨੇ
ਸੁਨਿ ਸ੍ਰੀ ਰਾਮਦਾਸ ਮੁਸਕਾਨੇ।
ਕਹਯੋ ਸਭਨਿ ਸੋਂ ਜਾਨਤ ਨਾਹਨ?
ਸ੍ਰੀ ਸਤਿਗੁਰ ਮਹਿਮਾ ਦੁਖਦਾਹਿਨ।
ਏਕ ਬਾਰ ਹੇਰੈਂ ਕਰਿ ਕਰੁਨਾ।
ਕਟਹਿ ਕੋਟ ਸੰਕਟ ਭਵ ਤਰਨਾ।
ਪ੍ਰਮੇਸ਼ਵਰ ਕੀ ਪ੍ਰਾਪਤ ਹੇਤ।
ਜਿਸਹਿ ਅਰਾਧੇ ਜੋਗ ਸਮੇਤ।

ਸੋਢੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਕਹਿਣ ਲਗੇ, 'ਜੇਠੇ ਨੇ ਤਾਂ ਗਿੱਲ ਗਾਲ ਦਿਤੀ ਹੈ। ਇਹ ਤੇ ਨਿਆਣਾ ਸਿਆਣਾ ਸੀ। ਆਪ ਨੇ ਇਸ ਨੂੰ ਕਿਸੇ ਚੰਗੇ ਕੰਮ ਲਾਉਣਾ ਸੀ। ਵੇਖੋ ਨਾ ਆਪ ਦਾ ਜਵਾਈ ਭਾਈ ਹੈ। ਸਹੁਰੇ ਘਰ ਟੋਕਰੀ ਢੋਂਦਾ ਚੰਗਾ ਨਹੀਂ ਲਗਦਾ।' ਇਹ ਸੁਣ ਕੇ ਸਤਿਗੁਰੂ ਜੀ ਨੇ ਆਪ

ਵਲ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ।

ਗੁਰੂ ਜੀ–ਜੇਠਾ ਜੀ, 'ਤੁਹਾਡੇ ਸੰਬੰਧੀ ਕੀ ਕਹਿੰਦੇ ਹਨ ?'

ਸ੍ਰੀ ਜੇਠਾ ਜੀ–ਇਨ੍ਹਾਂ ਨੂੰ ਅਸੀਲਤ ਦਾ ਪਤਾ ਨਹੀਂ। ਇਹ ਲੋਕ ਲਾਜ, ਕੁੜਮਚਾਰੀ ਤੇ ਹਉਮੈ ਨਾਲ ਵੇਖਦੇ ਹਨ।

ਗੁਰੂ ਜੀ–ਤੁਸੀਂ ਕੀ ਸਮਝ ਕੇ ਸੇਵਾ ਕਰਦੇ ਹੋ ?

ਸ੍ਰੀ ਜੇਠਾ ਜੀ–ਸਚੇ ਪਾਤਸ਼ਾਹ! ਦਾਸ ਆਪ ਨੂੰ ਸਤਿਗੁਰੂ ਤੇ ਮੁਕਤੀ ਦਾਤਾ ਸਮਝਕੇ ਸੇਵਾ ਕਰਦਾ ਹਾਂ। ਮੇਰੇ ਹਿਰਦੇ ਵਿਚ ਪਰੇਮ ਦੀ ਗੰਗਾ ਉਮਡ ਪਈ ਹੈ, ਜਿਸ ਵਿਚ ਲੋਕ ਲਾਜ ਦੇ ਤੀਲੇ ਰੁੜ੍ਹ ਚੁਕੇ ਹਨ। ਮੇਰੇ ਸਬੰਧੀਆਂ ਨੂੰ ਇਸ ਗਲ ਦਾ ਕੀ ਪਤਾ ਹੈ ?

ਸ੍ਰੀ ਜੇਠਾ ਜੀ ਦਾ ਇਹ ਉਤਰ ਸੁਣ ਕੇ ਤੀਸਰੇ ਪਾਤਸ਼ਾਹ ਬਹੁਤ ਖੁਸ਼ ਹੋਏ ਅਤੇ ਸੰਦੀ ਛਿਬ ਹੋ ਕੇ ਚਲੇ ਗਏ।

ਇਕ ਦਿਨ ਗੁਰੂ ਜੀ ਨੇ ਦੋਹਾਂ ਜਵਾਈਆਂ ਦੇ ਪਰੇਮ ਅਤੇ ਸਿਦਕ ਦੀ ਪ੍ਰੀਖਿਆ ਲੈਣ ਲਈ ਥੜ੍ਹੇ ਬਣਾਉਣ ਦੀ ਆਗਿਆ ਕੀਤੀ। ਦੋਹਾਂ ਨੇ ਥੜ੍ਹੇ ਬਣਾਏ, ਪਰ ਗੁਰੂ ਜੀ ਨੇ ਨਾ-ਪਸੰਦ ਕਰਕੇ ਢਹਾ ਦਿਤੇ। ਤਿੰਨ ਦਿਨ ਇਸੇ ਤਰ੍ਹਾਂ ਕੀਤਾ। ਰਾਮੇ ਨੂੰ ਇਸ ਗਲ ਦਾ ਬੜਾ ਦੁਖ ਹੋਇਆ। ਉਸ ਨੇ ਕਿਹਾ, 'ਸਚੇ ਪਾਤਸ਼ਾਹ, ਮੈਂ ਆਪਣੇ ਵਲੋਂ ਥੜ੍ਹੇ ਬਹੁਤ ਚੰਗੇ ਬਣਾਂਦਾ ਰਿਹਾ ਹਾਂ, ਆਪ ਨੂੰ ਨਾ ਪਸੰਦ ਆਉਣ ਤਾਂ ਮੇਰਾ ਕੀ ਕਸੂਰ ਹੈ ?' ਸਤਿਗੁਰੂ ਜੀ ਨੇ ਜੇਠਾ ਜੀ ਨੂੰ ਪੁਛਿਆ, ਆਪ ਨੇ ਉਤਰ ਦਿਤਾ–

ਹੌਂ ਅਜਾਨ ਨਿਤ ਭੂਲਨ ਹਾਰੇ।
ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੇ।
ਬਾਰ ਬਾਰ ਬਖਸ਼ਤ ਹੋ ਮੋਹੀ।
ਅਪਰਾਧੀ ਅਰ ਮੂਰਖ ਕੋ ਹੀ।
ਜੇਤਿਕ ਸੁਮਤਿ ਦੇਤ ਸੁ ਜਾਨਵ।
ਬਿਨ ਦਿਯੇ ਕਿਆ ਬਪੁਰਾ ਮਾਨਵ।

(ਗੁ: ਪ੍ਰ: ਸੂ: ੨-੫੬)

ਆਪ ਨੇ ਸ਼ਰਧਾ, ਸਿਦਕ ਤੇ ਗੁਰੂ-ਪਿਆਰ ਦਾ ਕਿਤਨਾ ਉਚਾ ਆਦਰਸ਼ ਪੇਸ਼ ਕੀਤਾ ਹੈ । ਇਹ ਖੂਬੀਆਂ ਸਨ, ਜਿਨ੍ਹਾਂ ਨੇ ਆਪ ਨੂੰ ਸ੍ਰੀ ਗੁਰੂ ਰਾਮਦਾਸ ਬਣਾ ਦਿਤਾ।

ਸੰਸਾਰ ਦੇ ਇਤਿਹਾਸ ਵਿਚ ਅਜਿਹੇ ਮਨੁਖ ਘਟ ਮਿਲਦੇ ਹਨ, ਜਿਨ੍ਹਾਂ ਦੀਆਂ ਪਤਨੀਆਂ ਨੇ ਵੀ ਉਹਨਾਂ ਨਾਲ ਮਿਲਕੇ ਲੋਕ-ਸੇਵਾ ਦਾ ਕੰਮ ਕੀਤਾ ਹੋਵੇ। ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਨੇ ਮਿਲ ਕੇ ਸੇਵਾ ਕੀਤੀ ਹੈ।

ਬੀਬੀ ਭਾਨੀ ਜੀ ਦੀ ਸੇਵਾ-

ਅਤੁਟ ਅਤੇ ਨਿਸ਼ਕਾਮ ਸੇਵਾ ਦਾ ਭਾਵ ਸ੍ਰੀ ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਵਿਚ ਇਕੋ ਜਿਹਾ ਸੀ। ਦੋਹਾਂ ਦੀ ਸੇਵਾ ਤੇ ਮਿਲਵੇਂ ਜੀਵਨ ਨੇ ਸਿਖ ਧਰਮ ਦੀ ਉਸਾਰੀ ਲਈ ਬੇ-ਮਿਸਾਲ ਕੰਮ ਕੀਤਾ ਹੈ । ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰ ਰਹੇ ਸਨ ਕਿ ਚੌਂਕੀ ਦਾ ਪਾਵਾ ਟੁਟ ਗਿਆ । 'ਇਸ਼ਨਾਨ ਵਿਚ ਵਿਘਨ ਨਾ ਪਵੇ' ਇਸ ਖਿਆਲ ਨਾਲ ਬੀਬੀ ਜੀ ਨੇ ਆਪਣਾ ਹਥ ਪਾਵੇ ਦੀ ਥਾਂ ਦੇ ਦਿੱਤਾ। ਕਿੱਲ ਹਥ ਵਿਚ ਖੁਭ ਗਿਆ ਲਹੂ ਚਲ ਪਿਆ।

ਸਤਿਗੁਰੂ ਇਸ਼ਨਾਨ ਕਰਕੇ ਉਠੇ, ਪਾਣੀ ਵਿਚ ਲਹੂ ਮਿਲਿਆ ਵੇਖ ਕੇ ਪੁਛਿਆ–'ਪੁਤ੍ਰੀ, ਅਜ ਪਾਣੀ ਕਿਉਂ ਲਾਲ ਹੈ?'

ਬੀਬੀ ਜੀ ਨੇ ਉਤਰ ਦਿਤਾ–'ਸਚੇ ਪਾਤਸ਼ਾਹ! ਚੌਂਕੀ ਦਾ ਪਾਵਾ ਟੁਟ ਗਿਆ ਸੀ, ਉਸ ਦੀ ਥਾਂ ਤੇ ਮੈਂ ਆਪਣਾ ਹਥ ਦੇ ਦਿਤਾ ਸੀ। ਜ਼ਖਮੀ ਹੋ ਗਿਆ ਹੈ। ਲਹੂ ਉਸ ਵਿਚੋਂ ਨਿਕਲਿਆ ਹੈ।'

ਬੀਬੀ ਜੀ ਦਾ ਬਚਨ ਸੁਣ ਕੇ ਕੋਮਲ ਚਿਤ ਸਤਿਗੁਰੂ ਚੁਪ ਹੋ ਗਏ। ਜਾਪਦਾ ਇਹ ਸੀ ਕਿ ਆਤਮਿਕ ਰਸ ਵਿਚ ਮਗਨ ਹੋ ਕੇ ਕੁਝ ਸੋਚ ਰਹੇ ਸਨ। ਬੜੀ ਮਧੁਰ ਤੇ ਗੰਭੀਰ ਸੁਰ ਵਿਚ ਬੋਲੇ–

'ਪੁਤਰੀ ਸਾਡੇ ਇਸ਼ਨਾਨ ਬਦਲੇ ਤੈਨੂੰ ਇਤਨਾ ਕਸ਼ਟ ਉਠਾਣ

ਜੀ ਕੀ ਲੋੜ ਸੀ ? ਸਾਡੀ ਸੇਵਾ ਬਦਲੇ ਲਹੂ ਡੋਲ੍ਹ ਕੇ ਤੂੰ ਚੰਗਾ ਨਹੀਂ ਕੀਤਾ ।

ਭਾਨੀ ਜੀ–ਮੈਂ ਕੋਈ ਵਡੀ ਸੇਵਾ ਨਹੀਂ ਕੀਤੀ। ਉਹ ਨੇਤਰ ਸਫਲ ਹਨ, ਜੋ ਆਪ ਦੇ ਦਰਸ਼ਨ ਕਰਨ। ਉਹ ਹੱਥ ਸਫਲ ਹਨ, ਜੋ ਆਪ ਦੀ ਸੇਵਾ ਕਰਨ । ਉਹ ਸਰੀਰ ਵਡਭਾਗੀ ਹੈ, ਜੋ ਆਪ ਦੀ ਆਗਿਆ ਵਿਚ ਚਲੇ। ਮੈਂ ਤੇ ਕੁਝ ਵੀ ਨਹੀਂ ਕੀਤਾ।

ਗੁਰੂ ਜੀ–ਪੁਤਰਾਂ ਦਾ ਖ਼ੂਨ ਤੇ ਮਾਂ ਪਿਉ ਵੇਖਦੇ ਆਏ ਹਨ, ਧੀਆਂ ਦਾ ਖ਼ੂਨ ਕਦੀ ਕਿਸੇ ਨਹੀਂ ਵੇਖਿਆ। ਬੇਟੀ, ਦਸ ਇਸ ਸੇਵਾ ਦੇ ਬਦਲੇ ਕੀ ਚਾਹੁੰਦੀ ਹੈਂ ?

ਬੀਬੀ ਭਾਨੀ ਜੀ–ਜੇ ਤੁਠੇ ਹੋ ਮੇਰੇ ਪਤੀ ਜੀ ਨੂੰ ਗੁਰੂ ਘਰ ਦੀ ਅਤੁਟ ਸੇਵਾ ਬਖਸ਼ੋ ।

ਗੁਰੂ ਜੀ–ਵਡਿਆਈ ਦੀ ਦਾਤ* ਬਖਸ਼ਣ ਵਾਲਾ ਵਾਹਿਗੁਰੂ ਹੈ। ਜੋ ਉਸ ਨੂੰ ਮਨਜ਼ੂਰ ਹੈ, ਉਹੀ ਹੋਵੇਗਾ । ਪਰ ਤੂੰ ਇਹ ਦਾਤ ਮੰਗੀ ਲਹੂ ਡੋਲ੍ਹ ਕੇ ਹੈ, ਇਸ ਲਈ ਤੇਰੀ ਸੰਤਾਨ ਨੂੰ ਲਹੂ ਡੋਲ੍ਹਣਾ ਪਵੇਗਾ ।

ਭਾਈ ਗੁਰਦਾਸ ਜੀ ਲਿਖਦੇ ਹਨ, ਕਿ ਜਦ ਗੁਰੂ ਜੀ ਨੇ ਫੁਰਮਾਇਆ 'ਕੁਝ ਮੰਗ' ਤਾਂ ਭਾਨੀ ਜੀ ਨੇ ਕਿਹਾ–

ਜਾਣ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੇ ।

(ਵਾਰ ੧-੪੭)

ਇਸ ਦਾ ਭਾਵ ਇਹ ਨਹੀਂ ਕਿ ਬੀਬੀ ਭਾਨੀ ਗੁਰਗੱਦੀ ਨੂੰ ਸ਼ਖਸੀ ਜਾਂ ਖਾਨਦਾਨੀ ਬਨਾਣਾ ਚਾਹੁੰਦੇ ਸਨ, ਉਹ ਤਾਂ 'ਅਜਰ ਵਸਤੂ ਦੀ ਬਖਸ਼ਸ਼ ਮੰਗ ਰਹੇ ਸਨ । ਉਹ ਕੀ ਸੀ ? ਆਤਮ ਤਿਆਗ ਤੇ ਕੁਰਬਾਨੀ । ਜਦ ਸ੍ਰੀ ਮਾਤਾ ਭਾਨੀ ਜੀ ਇਹ ਸ਼ਬਦ ਕਹਿ ਰਹੇ ਹੋਣਗੇ, ਭਵਿਖਤ ਦੀਆਂ ਘਟਨਾਵਾਂ, ਸ਼ਹੀਦੀ ਸਾਕੇ ਤੇ 'ਅਦੁਤੀ

*ਦਾਤ ਜੋਤ ਖਸਮੈ ਵਡਿਆਈ। (ਭਾ: ਗੁ: ੧-੪੭

ਕੁਰਬਾਨੀ ਦੇ ਦ੍ਰਿਸ਼ ਉਨ੍ਹਾਂ ਦੇ ਸਾਹਮਣੇ ਇਉਂ ਹੋਣਗੇ, ਜਿਵੇਂ ਕੋਈ ਦੂਰਬੀਨ ਨਾਲ ਦੂਰ ਦੀਆਂ ਚੀਜ਼ਾਂ ਵੇਖਦਾ ਹੈ। ਪੰਚਮ ਸਤਿਗੁਰੂ ਦਾ ਤੱਤੀ ਲੋਹ ਤੇ ਬੈਠਣਾ, ਛੇਵੇਂ ਪਾਤਸ਼ਾਹ ਜੀ ਦੀ ਰਣ ਤੱਤੇ ਵਿਚ ਸੂਰਮਤਾਈ, ਨੌਵੇਂ ਗੁਰੂ ਜੀ ਦਾ ਚਾਂਦਨੀ ਚੌਂਕ ਵਿਚ ਸ਼ਹੀਦ ਹੋਣਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤਰਾਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਦਾ ਚਮਕੌਰ ਵਿਚ ਸ਼ਹੀਦ ਹੋਣਾ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਰਹੰਦ ਦੀਆਂ ਨੀਹਾਂ ਵਿਚ ਚਿਣੇ ਜਾਣਾ, ਸ੍ਰੀ ਕਲਗੀਧਰ ਜੀ ਦੇ ਗੁਦਾਵਰੀ ਦੇ ਕੰਢੇ ਸ਼ਹੀਦ ਹੋਣ ਦੇ ਨਜ਼ਾਰੇ ਦੈਵੀ ਨੇਤਰਾਂ ਦੇ ਸਾਹਮਣੇ ਹੋਣਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੇ ਚਾਰ ਸਾਹਿਬਜ਼ਾਦਿਆਂ ਅਰਥਾਤ ਪੰਜਾਂ ਪੀਹੜੀਆਂ ਵਿਚ ਲਗਾਤਾਰ ਬੀਬੀ ਭਾਨੀ ਦੇ ਖ਼ੂਨ ਨੇ ਸ਼ਾਨਦਾਰ ਅਸਰ ਪੈਦਾ ਕੀਤਾ ਹੈ।

ਤੀਸਰੀ ਪਾਤਸ਼ਾਹੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣਾਂ ਦੇ ਵੀਹ ਸਾਲ ਇਕ-ਰਸ ਕੀਤੀ ਸੇਵਾ ਨੂੰ ਮੁਖ ਰਖ ਕੇ ਸੰਮਤ ੧੬੩੧ ਵਿਚ ਉਨ੍ਹਾਂ ਨੂੰ ਗੱਦੀ ਬਖਸ਼ ਦਿਤੀ। ਸਭ ਵਿਚੋਂ ਪਰਖ ਕੇ ਇਹ ਚੋਣ ਕੀਤੀ ਗਈ।*

*

*ਪੁਤੀ ਭਾਤੀਜੀ ਜਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ। (ਵਾਰ ਬਿਲਾਵਲ ਮ: ੪)

ਅਠਾਰੁਵਾਂ ਵਿਆਖਿਆਨ

ਸ੍ਰੀ ਗੁਰੂ ਰਾਮਦਾਸ ਜੀ ਦੇ ਉਸਾਰੂ ਕੰਮ
ਅੰਮ੍ਰਿਤਸਰ ਵਸਾਉਣਾ ਤੇ ਸਰੋਵਰ ਦੀ ਰਚਨਾ

ਜਿਸ ਤਰ੍ਹਾਂ ਦੂਸਰੀ ਪਾਤਸ਼ਾਹੀ ਦੀ ਮੌਜੂਦਗੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾ ਕੇ ਲੋਕ ਸੇਵਾ ਦਾ ਕੰਮ ਸ਼ੁਰੂ ਕਰ ਦਿਤਾ ਸੀ, ਇਸੇ ਤਰ੍ਹਾਂ ਤੀਜੀ ਪਾਤਸ਼ਾਹ ਦੀ ਆਗਿਆ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਕੰਮ ਸ਼ੁਰੂ ਕਰ ਦਿਤਾ। ਬਾਉਲੀ ਸਾਹਿਬ ਸੰਪੂਰਨ ਹੋਣ ਦੇ ਬਾਅਦ ਆਪ ਨੂੰ ਹੁਕਮ ਹੋਇਆ ਕਿ ਜਾ ਕੇ ਅੰਮ੍ਰਿਤਸਰ ਵਸਾਉ।*

ਇਸ ਅਨੁਸਾਰ ਆਪ ਨੇ ਸੰਮਤ ੧੬੨੭ ਬਿਕ੍ਰਮੀ ਵਿਚ ਭਾਈ ਬੁਢਾ ਜੀ ਅਤੇ ਹੋਰ ਮੁਖੀ ਸਿਖਾਂ ਨੂੰ ਨਾਲ ਲੈ ਕੇ ਪਿੰਡ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੀ ਜੂਹ ਵਿਚ ਪੁਜ ਕੇ ਸਭ ਤੋਂ ਪਹਿਲੇ ਸਰੋਵਰ ਦਾ ਟਕ ਲਗਾਇਆ। ਇਸ ਦਾ ਨਾਮ ਸੰਤੋਖ ਸਰ ਹੈ। ਹਜ਼ੂਰ ਇਕ ਟਾਹਲੀ ਥਲੇ ਬਿਰਾਜੇ। ਪਹਿਲੇ ਸਰੋਵਰ ਦੀ ਸੇਵਾ ਸ਼ੁਰੂ ਹੋਈ। ਪਿਛੋਂ ਪਿੰਡ ਦੀ ਮੋਹੜੀ ਗੱਡ ਕੇ ਇਸ ਦਾ ਨਾਂ 'ਗੁਰੂ ਕਾ ਚੱਕ' ਰਖਿਆ। ਕੁਝ ਚਿਰ ਪਿਛੋਂ ਇਸ ਦਾ ਨਾਂ 'ਰਾਮਦਾਸ ਪੁਰ' ਤੇ ਸਭ ਤੋਂ ਅਖੀਰ ਅੰਮ੍ਰਿਤ ਸਰੋਵਰ ਦੇ ਨਾਮ ਪਰ ਨਗਰ ਦਾ ਨਾਂ ਅੰਮ੍ਰਿਤਸਰ ਪ੍ਰਸਿਧ ਹੋਇਆ।

---

*ਅਹੈ ਪਰਗਣਾ ਤੁਮਰੇ ਪਾਸ। ਥਾਨ ਆਛੋ ਪਿਖ ਕਰਹੁ ਨਿਵਾਸ।
(ਗੁਰ ਪ੍ਰਕਾਸ਼ ਸੂਰਜ ੨-੧੨)

ਸ੍ਰੀ ਅੰਮ੍ਰਿਤਸਰ* ਧਾਰਮਿਕ, ਆਰਥਿਕ ਤੇ ਕੌਮੀ ਖੁਸ਼ਹਾਲੀ ਦੇ ਨੁਕਤਾ ਖਿਆਲ ਤੋਂ ਇਕ ਆਦਰਸ਼ਕ ਨਗਰ ਹੈ । ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁਢਾ, ਗੁਰੀਏ, ਰੂਪ ਰਾਮ, ਚੰਦਨ ਭਾਨ ਤੇ ਭਾਈ ਸਾਲੋ ਨੂੰ ਪ੍ਰੇਰ ਕੇ ਉਨ੍ਹਾਂ ਰਾਹੀਂ ਕਸੂਰ, ਪੱਟੀ ਤੇ ਲਾਹੌਰ ਤੋਂ ਪਤ ਜ਼ਾਤਾਂ ਦੇ ਲੋਕ ਵਖੋ ਵਖ ਕੰਮ ਕਰਨ ਵਾਲੇ ਲਿਆ ਕੇ ਆਬਾਦ ਕੀਤੇ। ਇਹ ਦਸਤਕਾਰੀ ਹੁਨਰ ਦੇ ਵਪਾਰ ਦੇ ਜਾਣੂ ਸਨ । ਦੌਲਤ ਤੇ ਪੈਦਾਵਾਰ ਨੂੰ ਵਧਾਣਾ ਜਾਣਦੇ ਸਨ । ਇਨ੍ਹਾਂ ਵਿਚ ਹਿੰਦੂ, ਮੁਸਲਮਾਨ, ਲੁਹਾਰ, ਤਰਖਾਣ, ਮੋਚੀ, ਜੁਲਾਹੇ, ਠਠਿਆਰ ਆਦਿ ਮਿਲੇ ਜੁਲੇ ਸਨ । ਸਾਡੇ ਦੇਸ਼ ਵਿਚ ਕਿਰਤ ਦੀ ਬਿਨਾ ਤੇ ਜਿਨ੍ਹਾਂ ਨੂੰ ਨੀਵਾਂ ਸਮਝਿਆ ਜਾਂਦਾ ਸੀ, ਉਨ੍ਹਾਂ ਨੂੰ ਗੁਰੂ ਜੀ ਨੇ ਨਿਵਾਜਿਆ ।

ਹਿੰਦੁਸਤਾਨ ਵਿਚ ਸਾਧੂਆਂ, ਬਿਹੰਗਮਾਂ ਤੇ ਦਾਨ ਦੇ ਆਸਰੇ ਨਿਰਬਾਹ ਕਰਨ ਵਾਲਿਆਂ ਲਈ ਤੀਰਥ, ਧਰਮ ਮੰਦਰ ਤੇ ਮਠ ਬੜੇ ਸਨ । ਗੁਰੂ ਜੀ ਨੇ ਅੰਮ੍ਰਿਤਸਰ ਵਸਾਣ ਲਈ ਧਰਮ ਦੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ, ਵਪਾਰ, ਹੁਨਰ ਤੇ ਦਸਤਕਾਰੀ ਰਾਹੀਂ ਪਰੀਸ਼ਰਮ ਕਰਕੇ ਰੋਜ਼ੀ ਕਮਾਣ ਵਾਲਿਆਂ ਨੂੰ ਤਰਜੀਹ ਦਿਤੀ ਹੈ । ਜੋ ਆਦਮੀ ਕਿਰਤ ਰਾਹੀਂ ਦੇਸ਼ ਅਤੇ ਕੌਮ ਦੀ ਆਰਥਿਕ ਹਾਲਤ

---

*ਇਮਪੀਰੀਅਲ ਗਜ਼ਟੀਅਰ ਵਿਚ ਲਿਖਿਆ—'ਗੁਰੂ ਰਾਮਦਾਸ ਜੀ ਸੰਨ ੧੫੭੪ ਈ: ਵਿਚ ਸਰੋਵਰ ਦੇ ਪਾਸ ਆ ਟਿਕੇ ਅਤੇ ਆਪ ਨੇ ੧੫੭੭ ਈ: ਵਿਚ ੫੦੦ ਵਿਘੇ ਜ਼ਮੀਨ ਅਕਬਰ ਪਾਸੋਂ ਪਰਾਪਤ ਕੀਤੀ ਤੇ ਨਗਰ ਵਸਾਇਆ ।'

ਅਕਬਰ ਬਾਦਸ਼ਾਹ ਪਾਸੋਂ ਜ਼ਮੀਨ ਲੈਣੀ ਠੀਕ ਨਹੀਂ ਜਾਪਦੀ ਕਿਉਂਕਿ 'ਅਹੇ ਪਰਗਨਾ ਤੁਮਰੇ ਪਾਸ' ਤੋਂ ਸਾਬਤ ਹੁੰਦਾ ਹੈ ਕਿ ਇਹ ਜ਼ਮੀਨ ਗੁਰੂ ਕਿਆਂ ਦੀ ਆਪਣੀ ਸੀ ਅਤੇ ਨਾਲ ਲਗਦੇ ਪਿੰਡ ਦੇ ਸਿਖਾਂ ਦੀ ਸੀ। ਨਗਰ ਵਸਾਉਣ ਦੀ ਪ੍ਰਵਾਨਗੀ ਸ਼ਾਇਦ ਅਕਬਰ ਨੇ ਦਿਤੀ ਹੋਵੇ ।

ਚੰਗੀ ਬਣਾ ਸਕਦੇ ਸਨ, ਆਪ ਨੇ ਉਨ੍ਹਾਂ ਦੀ ਮਦਦ ਕੀਤੀ। ਭਗਤੀ, ਪ੍ਰੇਮ, ਇਖਲਾਕ, ਸੇਵਾ ਤੇ ਹੋਰ ਚੰਗੇ ਗੁਣਾਂ ਦੇ ਨਾਲ ਆਰਥਿਕ ਉਨਤੀ ਵਲ ਭੀ ਧਿਆਨ ਦਿਤਾ। ਕੌਮੀ ਖੁਸ਼ਹਾਲੀ ਲਈ ਨਾ ਕੇਵਲ ਸਿਖੀ ਦੀ ਬਲਕਿ ਪੰਜਾਬ ਦੀ ਭਾਰੀ ਸੇਵਾ ਕੀਤੀ।

ਗੁਰੂ ਜੀ ਦਾ ਖਿਆਲ ਸੀ ਕਿ ਸੁਤੰਤਰ ਰੋਜ਼ੀ ਕਮਾਣ ਨਾਲ ਮਨੁਖ ਵਿਚ ਸਵੈਮਾਨ ਆਉਂਦਾ ਹੈ, ਵਿਚਾਰ ਸੁਤੰਤਰ ਹੁੰਦੇ ਹਨ ਤੇ ਫਿਰ ਉਹ ਕੁਰਬਾਨੀ ਕਰ ਸਕਦਾ ਹੈ। ਦਾਨ ਦੇ ਆਸਰੇ ਨਿਰਬਾਹ ਕਰਨ ਵਾਲਾ ਦਿਮਾਗੀ ਅਤੇ ਮਾਨਸਿਕ ਤੌਰ ਤੇ ਮੁਰਦਾ ਹੋ ਜਾਂਦਾ ਹੈ। ਸਾਡੇ ਦੇਸ਼ ਵਿਚ ਦਾਨ ਦਾ ਢੰਗ ਭੀ ਬੜਾ ਖਰਾਬ ਹੈ। ਕੁਝ ਵੇਹਲੜ ਮੌਜਾਂ ਕਰਦੇ ਤੇ ਲੋੜਵੰਦ ਖਾਲੀ ਰਹਿ ਜਾਂਦੇ ਹਨ। ਖਾਨਦਾਨੀ ਮੰਗਤੇ ਇਥੇ ਮਿਲ ਸਕਦੇ ਹਨ। ਖਾਸ ਕਰਕੇ ਤੀਰਥਾਂ ਤੇ ਦਾਨ ਲੈਣ ਵਾਲੇ ਮੰਗਤੇ ਬਹੁਤ ਮਿਲਦੇ ਹਨ।

ਸਤਿਗੁਰੂ ਨੇ ਅੰਮ੍ਰਿਤਸਰ ਨੂੰ ਅਜੇਹਾ ਤੀਰਥ ਜਾਂ ਧਾਰਮਿਕ ਕੇਂਦਰ ਬਣਾਇਆ, ਜਿਥੋਂ ਦੇ ਵਸਨੀਕਾਂ ਨੂੰ ਸੁਤੰਤਰ ਰੋਜ਼ੀ ਕਮਾਉਣ ਵਿਚ ਸਹਾਇਤਾ ਦੇ ਕੇ ਉਪਜਾਊ ਤੇ ਉਸਾਰੂ ਕੰਮ ਕੀਤਾ ਹੈ।

ਮਜ਼ਬ ਵਿਚ ਇਕ ਪੁਰਾਣਾ ਖਿਆਲ ਸੀ ਕਿ ਗੁਰੂਆਂ, ਅਵਤਾਰਾਂ ਜਾਂ ਸਾਧੂਆਂ ਦਾ ਕੰਮ ਆਤਮਿਕ ਉਪਦੇਸ਼ ਕਰਨਾ ਹੈ। ਇਸ ਲਈ ਰਿਸ਼ੀਆਂ, ਆਚਾਰਯਾ ਤੇ ਧਾਰਮਿਕ ਆਗੂਆਂ ਨੇ ਮਨੁਖ ਜਾਤੀ ਨੂੰ ਧਾਰਮਿਕ ਜਾਂ ਇਖਲਾਕੀ ਤੌਰ ਤੇ ਉਚਿਆਂ ਕੀਤਾ ਹੈ। ਸਿਖੀ ਨੇ ਇਸ ਦੇ ਨਾਲ ਆਰਥਿਕ ਪਹਿਲੂ ਵਲ ਭੀ ਧਿਆਨ ਦਿਤਾ ਹੈ। ਇਕ ਕਹਾਵਤ ਹੈ--'ਗਰੀਬੀ ਤੇ ਜੁਰਮ ਇਕਠੇ ਤੁਰਦੇ ਹਨ।' ਇਸ ਦਾ ਭਾਵ ਇਹ ਹੈ ਕਿ ਗਰੀਬ ਤੇ ਭੁਖਾ ਮਰਦਾ ਆਦਮੀ ਕਈ ਜੁਰਮ ਕਰਦਾ ਹੈ। ਮਨੁਖ ਨੂੰ ਗਿਰਾਵਟ ਤੋਂ ਬਚਣ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਆਤਮਿਕ ਤੇ ਸਮਾਜਕ ਉਨਤੀ ਦੇ ਨਾਲ

ਆਰਥਿਕ ਉਨਤੀ ਦੀ ਪ੍ਰੇਰਨਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾ ਕੇ ਹਿੰਦੀਆਂ ਦੇ ਸਾਹਮਣੇ ਸਾਂਝੀ ਕੌਮੀਅਤ ਦਾ ਇਕ ਆਦਰਸ਼ ਪੇਸ਼ ਕੀਤਾ। ਇਹ ਬੜੀ ਭਾਰੀ ਸੇਵਾ ਹੈ। ਇਕ ਖੂਨ ਤੇ ਇਕ ਦੇਸ਼ ਹੁੰਦਿਆਂ ਅਜ ਅਸੀਂ ਮਜ੍ਹਬ ਦੇ ਨਾਂ ਪਰ ਇਕ ਦੂਜੇ ਤੋਂ ਦੂਰ ਜਾ ਰਹੇ ਹਾਂ। ਕਈ ਸ਼ਹਿਰਾਂ ਵਿਚ ਮਹੱਲੇ ਅੱਡ ਬਣੇ ਹਨ। ਆਪਣੀ ਮੂਰਖਤਾ ਤੇ ਵਿਦੇਸ਼ੀ ਨੀਤੀ ਦੇ ਕਾਰਨ ਦੇਸ਼ ਦੀ ਵੰਡ ਹੋਈ। ਗੁਰੂ ਜੀ ਨੇ ਹਿੰਦੂਆਂ ਮੁਸਲਮਾਨਾਂ ਨੂੰ ਮਨੁਖਤਾ, ਸਾਂਝੀਵਾਲਤਾ, ਭਰਾਤ੍ਰੀ ਭਾਵ ਦੀ ਬਿਨਾ ਅੰਮ੍ਰਿਤਸਰ ਵਿਚ ਵਸਾਇਆ ਸੀ। ਇਸ ਰੋਸ਼ਨੀ ਦੇ ਜ਼ਮਾਨੇ ਵਿਚ ਅਮਰੀਕਾ ਦੇ ਈਸਾਈ ਪਾਦਰੀ ਕਾਲੋਨੀਆਂ ਬਣਾਉਂਦੇ ਹਨ, ਉਹ ਈਸਾਈਆਂ ਲਈ ਹਨ। ਸਾਡੇ ਦੇਸ਼ ਵਿਚ ਰਾਧਾ ਸੁਆਮੀਆਂ ਅਤੇ ਪਾਰਸੀਆਂ ਨੇ ਬਸਤੀਆਂ ਬਣਾਈਆਂ ਹਨ, ਪਰ ਉਹਨਾਂ ਵਿਚ ਰਾਧਾ ਸੁਆਮੀ ਤੇ ਪਾਰਸੀ ਹੀ ਅਬਾਦ ਹੋ ਸਕਦੇ ਹਨ। ਗੁਰੂ ਕੀ ਨਗਰੀ ਵਿਚ ਸਭ ਨੂੰ ਵਸਾਇਆ ਗਿਆ। ਇਹ ਸਾਂਝੀ ਕੌਮੀਅਤ ਦੇ ਖਿਆਲ ਤੋਂ ਸਾਰੇ ਹਿੰਦੁਸਤਾਨ ਦੀ ਭਾਰੀ ਸੇਵਾ ਹੈ।

ਤੀਸਰੇ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਦੇ ਬਾਅਦ ਗੁਰੂ ਜੀ ਅੰਮ੍ਰਿਤਸਰ ਹੀ ਪੱਕੇ ਤੌਰ ਤੇ ਆ ਟਿਕੇ। ਆਪ ਦੀ ਭਜਨ ਬੰਦਗੀ, ਨਿਸ਼ਕਾਮ ਸੇਵਾ ਤੇ ਪਵਿੱਤਰ ਜੀਵਨ ਨੇ ਅੰਮ੍ਰਿਤਸਰ ਦੀ ਰੌਣਕ ਤੇ ਮਹਾਨਤਾ ਨੂੰ ਬਹੁਤ ਵਧਾਇਆ।

ਇਨ੍ਹਾਂ ਗੁਣਾਂ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਸੀ–'ਅੰਮ੍ਰਿਤਸਰ ਸਿਫਤੀ ਦਾ ਘਰੁ' (ਸਲੋਕ ਵਾਰਾਂ ਤੇ ਵਧੀਕ) ਇਸ ਦਾ ਇਹ ਭਾਵ ਨਹੀਂ ਕਿ ਗੁਰੂ ਜੀ ਚੰਗੇ ਗੁਣਾਂ ਨੂੰ ਕਿਸੇ ਖਾਸ ਥਾਂ ਬਝਿਆ ਹੋਇਆ ਮੰਨਦੇ ਸਨ, ਬਲਕਿ ਇਹ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਗੁਣ ਅੰਮ੍ਰਿਤਸਰ ਵਿਚ ਪੈਦਾ ਕੀਤੇ।

ਗੁਰੂ ਜੀ ਨੇ ਧਰਮ ਪਰਚਾਰ, ਲੰਗਰ ਤੇ ਹੋਰ ਕੰਮ ਚਲਾਉਣ ਲਈ ਸਿਖਾਂ ਦਾ ਆਰਥਿਕ ਸੰਗਠਨ ਕੀਤਾ । ਸੰਗਤਾਂ ਵਲੋਂ ਗੁਰੂ ਕੀ ਗੋਲਕ ਤੇ ਲੰਗਰ ਲਈ ਦਿਤੀ ਜਾਣ ਵਾਲੀ ਕਾਰ ਭੇਟ ਇਕਤਰ ਕਰਨ ਲਈ ਮਸੰਦ ਨੀਯਤ ਕੀਤੇ । ਮਸੰਦ ਸ਼ਬਦ ਫ਼ਾਰਸੀ ਦੇ ਮਸਨਦ ਤੋਂ ਬਣਿਆ ਹੈ । ਇਸ ਦਾ ਮਤਲਬ ਗੁਰਗੱਦੀ ਦੇ ਪ੍ਰਵਾਨ ਕੀਤੇ ਹੋਏ ਸੇਵਾਦਾਰ ਸੀ, ਜੋ ਸੰਗਤਾਂ ਤੋਂ ਕਾਰ-ਭੇਟ ਉਗਰਾਹੁੰਦੇ ਜਾਂ ਸਿਖੀ ਦਾ ਪ੍ਰਚਾਰ ਕਰਦੇ ਸਨ । ਨੌਂ ਸਤਿਗੁਰਾਂ ਤਕ ਮਸੰਦ ਇਹ ਕੰਮ ਕਰਦੇ ਰਹੇ । ਆਚਰਣ ਹੀਣ ਹੋਣ ਅਤੇ ਵਿਗੜ ਜਾਣ ਕਰ ਕੇ ਦਸਮ ਪਾਤਸ਼ਾਹ ਨੇ ਇਨ੍ਹਾਂ ਦਾ ਖ਼ਾਤਮਾ ਕੀਤਾ । ਚੂੰਕਿ ਮਸੰਦ ਬਣਾਏ ਸ੍ਰੀ ਗੁਰੂ ਰਾਮਦਾਸ ਜੀ ਨੇ ਸਨ, ਇਸ ਲਈ ਇਨ੍ਹਾਂ ਨੂੰ 'ਰਾਮਦਾਸ' ਭੀ ਕਹਿੰਦੇ ਸਨ ।

ਸਿਖੀ ਵਿਚ ਦਸਵੰਧ ਦੇਣ ਦੀ ਮਰਯਾਦਾ ਵੀ ਗੁਰੂ ਰਾਮਦਾਸ ਜੀ ਨੇ ਜਾਰੀ ਕੀਤੀ । ਜਿਸ ਦਾ ਮਕਸਦ ਸੀ ਕਿ ਸਾਝੇ ਧਾਰਮਕ ਤੇ ਕੌਮੀ ਕੰਮਾਂ ਲਈ ਸਾਂਝੀ ਗੋਲਕ, ਜਿਸ ਵਿਚੋਂ ਕਿਸੇ ਲੋੜਵੰਦ ਦੀ ਸਹਾਇਤਾ ਕੀਤੀ ਜਾ ਸਕੇ ।

ਇਤਿਹਾਸ ਵਿਚ ਇਕ ਰਵਾਇਤ ਆਉਂਦੀ ਹੈ ਕਿ ਪਹਿਲੇ ਸਤਿਗੁਰਾਂ ਨੇ ਮਾਇਆ ਨੂੰ ਚਰਨੀਂ ਨਹੀਂ ਲਾਇਆ । ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਨੂੰ ਪਰਵਾਨ ਕੀਤਾ । ਇਸ ਦਾ ਭਾਵ ਇਹ ਨਹੀਂ ਕਿ ਗੁਰੂ ਤਿਆਗੀ ਸਨ, ਉਹ ਮਾਇਆ ਨੂੰ ਹਥ ਨਹੀਂ ਲਾਉਂਦੇ ਸਨ, ਬਲਕਿ ਇਹ ਹੈ ਕਿ ਉਹ ਨਿਰਾ ਨਿਰਬਾਹ ਕਰਦੇ ਰਹੇ, ਪਰ ਚੌਥੇ ਗੁਰੂ ਜੀ ਨੇ ਮਾਇਆ ਨੂੰ ਉਪਜਾਣ ਤੇ ਵਧਾਣ ਦੇ ਸਾਧਨ ਅਖਤਿਆਰ ਕੀਤੇ । ਇਸ ਨਾਲ ਸਿਖਾਂ ਦੀ ਆਰਥਿਕ ਹਾਲਤ ਚੰਗੀ ਹੋਈ, ਗੁਰੂ ਕੀ ਗੋਲਕ ਦੀ ਆਮਦਨ ਵਿਚ ਵਾਧਾ ਹੋਇਆ । ਅੰਮ੍ਰਿਤਸਰ ਦੇ ਵਪਾਰ ਤੇ ਆਰਥਿਕ ਉਨਤੀ ਦਾ ਸਾਰੇ ਅਸਰ ਪੰਜਾਬ ਤੇ ਪਿਆ ।

ਅੰਮ੍ਰਿਤ ਸਰੋਵਰ—

ਸ੍ਰੀ ਗੁਰੂ ਰਾਮਦਾਸ ਜੀ ਨੇ ਨਗਰ ਵਸਾਉਣ ਤੋਂ ਬਾਅਦ ਹਾੜ ਸੁਦੀ ਤਰੋਸਦੀ ਵੀਰਵਾਰ ਸੰਮਤ ੧੬੩੪ ਨੂੰ ਅੰਮ੍ਰਿਤ ਸਰੋਵਰ* ਦਾ ਟੱਕ ਦੁਖ ਭੰਜਨੀ ਬੇਰੀ ਦੇ ਪਾਸ ਲਾਇਆ। ਜਿਥੇ ਨਗਰ ਦਾ ਵਸਾਉਣਾ ਆਦਰਸ਼ਕ ਸੀ, ਉਥੇ ਸਰੋਵਰ ਦੀ ਰਚਨਾ ਭੀ ਅਦੁਤੀ ਹੈ। ਹਿੰਦੂ ਤੀਰਥਾਂ ਤੇ ਉਚੀਆਂ ਜ਼ਾਤਾਂ ਦੇ ਲੋਕਾਂ ਨੂੰ ਜਾਣ ਦੀ ਆਗਿਆ ਸੀ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਸਾਰੇ ਮਨੁਖਾਂ ਲਈ ਬਣਾਇਆ। ਹਰੇਕ ਆਦਮੀ ਨੂੰ ਜਲ ਪੀਣ ਤੇ ਇਸ਼ਨਾਨ ਕਰਨ ਦੀ ਖੁਲ੍ਹ ਕੀਤੀ। ਸਰੋਵਰ ਦੀ ਕਾਰ ਸੇਵਾ ਗੁਰੂ ਜੀ ਨੇ ਆਪ, ਮੁਖੀ ਸਿਖਾਂ ਤੇ ਸੰਗਤਾਂ ਨੇ ਕੀਤੀ।

ਪੁਰਾਣਾ ਮਜ਼ਬੀ ਤੀਰਥਾਂ ਦੇ ਇਸ਼ਨਾਨ ਤੇ ਜ਼ੋਰ ਦਿੰਦਾ ਸੀ। ਗੁਰੂ ਜੀ ਨੇ ਮੁਕਤੀ ਦਾਤਾ ਤੀਰਥ ਤਾਂ ਨਾਮ‡ ਨੂੰ ਮੰਨਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖ ਜਾਤੀ ਨੂੰ ਨਾਮ-ਅੰਮ੍ਰਿਤ ਤੇ ਚਰਨਾਮ੍ਰਿਤ ਦਿਤਾ ਸੀ, ਚੌਥੀ ਪਾਤਸ਼ਾਹੀ ਨੇ ਮਨੁਖਾਂ ਦੇ ਮਨਾਂ ਨੂੰ ਪਵਿਤਰ ਕਰਨ ਲਈ ਨਾਮ, ਭਜਨ ਕੀਰਤਨ, ਸਤਸੰਗ ਤੇ ਸੇਵਾ ਆਦਿਕ ਦੇ ਕੇ ਸਹੀ ਜੀਵਨ ਜਾਚ ਸਿਖਾਈ। ਪਰ ਇਸ ਦੇ ਨਾਲ ਹੀ ਜੀਵਨ ਰੌਅ ਜਾਰੀ ਰਖਣ ਅਤੇ ਭਾਈਚਾਰਕ ਸਮਾਨਤਾ

---

*ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ ਵਿਚ ਸਰੋਵਰ ਰਚਨ ਦਾ ਸੰਮਤ ੧੬੩੩, ਪੰਜਾਬ ਗਜ਼ਟੀਅਰ ਵਿਚ ੧੬੩੧ ਤੇ ਖਾਲਸਾ ਟਰੈਕਟ ਸੁਸਾਇਟੀ ਨੇ ੧੬੩੦ ਬਿਕ੍ਰਮੀ ਲਿਖਿਆ ਅਸੀਂ ਇਹ ਸੰਮਤ ਸਰਦਾਰ ਗੰਡਾ ਸਿੰਘ ਜੀ ਖਾਲਸਾ ਕਾਲਜ ਵਾਲਿਆਂ ਪਾਸੋਂ ਇਕ ਲਿਖਤੀ ਤਵਾਰੀਖ ਅੰਮ੍ਰਿਤਸਰ ਵਿਚੋਂ ਦਿਤਾ ਹੈ।

‡ਤੀਰਥ ਨਾਵਣ ਜਾਉ ਤੀਰਥ ਨਾਮ ਹੈ। (ਧਨਾਸਰੀ ਮ: ੧) ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।

ਲਈ 'ਅੰਮ੍ਰਿਤ ਸਰੋਵਰ ਦੀ ਰਚਨਾ ਕੀਤੀ।

ਹਰੇਕ ਗੱਲ ਨੂੰ ਭੂਤ ਕਾਲ ਅਰਥਾਤ ਪੁਰਾਤਨਤਾ ਨਾਲ ਜੋੜਨ ਵਾਲੇ ਕਈ ਸਜਨ ਕਹਿੰਦੇ ਹਨ ਕਿ ਜਿਥੇ ਅੰਮ੍ਰਿਤ ਸਰੋਵਰ ਹੈ, ਇਥੇ ਤਰੇਤੇ ਜੁਗ ਵਿਚ 'ਅੰਮ੍ਰਿਤ ਕੁੰਡ' ਦਰਿਆ ਗਿਆ ਸੀ। ਇਤਿਹਾਸ ਵਿਚ ਇਕ ਸਾਖੀ ਇਹ ਭੀ ਆਉਂਦੀ ਹੈ ਕਿ ਦੁਨੀ ਚੰਦ ਕਾਰਦਾਰ ਪੱਟੀ ਨੇ ਆਪਣੀ ਇਕ ਲੜਕੀ ਨੂੰ ਪਿੰਗਲੇ ਨਾਲ ਵਿਆਹ ਦਿਤਾ। ਉਹ ਨੇਕ ਲੜਕੀ ਪਤੀ ਨੂੰ ਟੋਕਰੇ ਵਿਚ ਪਾ ਕੇ ਮੰਗਦੀ ਪਿੰਨਦੀ ਹੋਈ ਅੰਮ੍ਰਿਤਸਰ ਆ ਗਈ। ਏਥੇ ਪਿੰਗਲੇ ਨੇ ਇਸ਼ਨਾਨ ਕੀਤਾ ਅਤੇ ਰਾਜ਼ੀ ਹੋ ਗਿਆ।

ਨਵੀਂ ਰੌਸ਼ਨੀ ਦੇ ਕਈ ਸਜਣ ਇਹ ਆਖਣਗੇ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਇਹ ਅਸੰਭਵ ਤੇ ਕੋਈ ਵਡੀ ਗਲ ਨਹੀਂ। ਪੁਰਾਤਨ ਤੇ ਨਵੀਨ ਖੋਜ ਦਸਦੀ ਹੈ ਕਿ ਮਨੁਖ ਤਿੰਨਾਂ ਚੀਜ਼ਾਂ ਸਰੀਰ, ਮਨ ਤੇ ਆਤਮਾ ਦਾ ਬਣਿਆ ਹੋਇਆ ਹੈ। ਵਰਤਮਾਨ ਸਮੇਂ ਵਿਚ ਸਾਇੰਸ ਅਤੇ ਮਨੋਵਿਗਿਆਨ ਦੀ ਖੋਜ ਕਰਨ ਨਾਲ ਤਜਰਬੇ ਦੀ ਬਿਨਾ ਤੇ ਸਿਧ ਹੋਇਆ ਕਿ ਰੋਗਾਂ ਦਾ ਮਨ ਨਾਲ ਡੂੰਘਾ ਸੰਬੰਧ ਹੈ। ਮਨ ਦੇ ਅਰੋਗ ਹੋਣ ਨਾਲ ਸਰੀਰ ਅਰੋਗ ਹੋ ਜਾਂਦਾ ਹੈ। ਮਾਨਸਿਕ ਸ਼ਕਤੀ ਨਾਲ ਰੋਗ ਅਸਰ ਨਹੀਂ ਕਰਦੇ। ਸਵੈ-ਪ੍ਰੇਰਨਾ ਨੂੰ ਬੜੀ ਮਹਾਨਤਾ ਦਿਤੀ ਜਾ ਰਹੀ ਹੈ। ੧੯੬੪ ਵਿਚ ਜਰਮਨੀ ਦੇ ਇਕ ਡਾਕਟਰ ਫਰੈਡਰਿਕ ਮੈਸਮਰ ਨੇ ਖਿਆਲ ਦੀ ਸ਼ਕਤੀ ਨਾਲ ਦੂਜਿਆਂ ਨੂੰ ਪ੍ਰਭਾਵਤ ਕਰਨ ਦਾ ਅਸੂਲ ਮਾਲੂਮ ਕੀਤਾ, ਜਿਸ ਨੂੰ ਮੈਸਮਰੇਜ਼ਮ ਕਹਿੰਦੇ ਹਨ।

ਵਰਤਮਾਨ ਸਾਇੰਸ ਦੀ ਖੋਜ ਇਸ ਪਾਸੇ ਵਲ ਜਾ ਰਹੀ ਹੈ। ਇਸ ਪਰ ਬਹੁਤ ਸਾਹਿਤ ਲਿਖਿਆ ਗਿਆ ਹੈ। ਇਹ ਯਕੀਨ ਬਣਦਾ ਜਾ ਰਿਹਾ ਹੈ ਕਿ ਮਨੁਖ ਆਪਣੇ ਵਿਚਾਰਾਂ ਦਾ ਬਣਿਆ

ਹੋਇਆ ਹੈ। ਮਨੁਖ ਆਤਮ ਬਲ, ਸਵੈ-ਪ੍ਰੇਰਨਾ ਜਾਂ ਵਿਸ਼ਵਾਸ ਨਾਲ ਰੋਗਾਂ ਤੋਂ ਰਾਜ਼ੀ ਹੋ ਸਕਦਾ ਹੈ। ਕਿਸੇ ਵਿਅਕਤੀ ਜਾਂ ਥਾਂ ਤੇ ਨਿਸਚੇ ਦਾ ਅਸਰ ਵੀ ਹੋ ਸਕਦਾ ਹੈ। ਵਰਤਮਾਨ ਖੋਜ ਦੀ ਥਿਨਾ ਤੇ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਸਰ ਵਿਚ ਇਸ਼ਨਾਨ ਕਰਕੇ ਕਿਸੇ ਪਿੰਗਲੇ ਦਾ ਰਾਜ਼ੀ ਹੋ ਜਾਣਾ ਕੋਈ ਵਡੀ ਗਲ ਨਹੀਂ।

ਜਿਸ ਪਿੰਗਲੇ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਤੇ ਸੰਗਤ ਹੋਈ, ਜਿਸ ਨੂੰ ਈਸ਼ਵਰ ਦਾ ਵਿਸਵਾਸ਼ ਰਖਣ ਵਾਲੀ ਸਤਵੰਤੀ ਇਸਤਰੀ ਪ੍ਰਾਪਤ ਸੀ, ਉਸ ਦਾ ਮਨ ਚੰਗਾ ਹੋ ਜਾਣਾ ਸਾਧਾਰਨ ਗਲ ਸੀ, ਜੇ ਨਾਲ ਹੀ ਤਨ ਰਾਜ਼ੀ ਹੋ ਗਿਆ ਤਾਂ ਕਿਹੜੀ ਵਡੀ ਗਲ ਹੈ ? ਸਿਖੀ ਲਈ ਸ੍ਰੀ ਅੰਮ੍ਰਿਤਸਰ ਦੀ ਮਹਾਨਤਾ ਸਿਰਫ ਇਸ ਲਈ ਕਿ ਚੋਥੇ, ਪੰਜਵੇਂ ਤੇ ਛੇਵੇਂ ਸਤਿਗੁਰਾਂ ਨੇ ਭਜਨ ਸਿਮਰਨ ਸਤਿਸੰਗ ਸੇਵਾ ਤੇ ਜੀਵਨ ਰਾਹੀਂ ਇਸ ਨੂੰ ਪਵਿਤਰ ਕੀਤਾ। ਸਭ ਤੋਂ ਪਹਿਲੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਰਕਾਸ਼ ਇਥੇ ਕੀਤਾ ਗਿਆ। ਪਹਿਲਾ ਤਖਤ ਏਥੇ ਬਣਿਆ। ਬੇਅੰਤ ਸ਼ਹੀਦਾਂ ਨੇ ਆਪਣਾ ਖ਼ੂਨ ਇਸ ਧਰਤੀ ਤੇ ਡੋਲ੍ਹਿਆ ਹੈ। ਇਨ੍ਹਾਂ ਕਾਰਨਾਂ ਕਰਕੇ ਸ੍ਰੀ ਅੰਮ੍ਰਿਤਸਰ ਦੀ ਪੁੰਨ ਭੂਮੀ ਤੇ ਪਾਵਨ ਸਰੋਵਰ ਸਿਖੀ ਲਈ ਇਕ ਜੀਊਂਦੀ ਕਰਾਮਾਤ ਹੈ।

ਗੁਰਬਾਣੀ ਵਿਚ ਨਾਮ ਅੰਮ੍ਰਿਤ ਦਿਤਾ ਗਿਆ ਸੀ। ਗੁਰੂ ਜੀ ਨੇ ਸਿਖੀ ਤੇ ਮਨੁਖ ਜਾਤੀ ਨੂੰ ਅੰਮ੍ਰਿਤਸਰ ਰਾਹੀਂ ਜੀਵਨ ਸੰਦੇਸ਼ ਦਿਤਾ। ਨਾਮ, ਸਿਮਰਨ, ਸੇਵਾ, ਸਤਸੰਗ ਤੇ ਸਾਰੇ ਮਨੁਖਾਂ ਲਈ ਬਰਾਬਰੀ ਵੇਖ ਕੇ ਹੀ ਪੰਚਮ ਪਾਤਸ਼ਾਹ ਨੇ ਫੁਰਮਾਇਆ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ।
ਬਧੋਹੁ ਪੁਰਖਿ ਬਿਧਾਤੇ ਤਾਂ ਤੂ ਸੋਹਿਆ ।
ਵਸਦੀ ਸਘਨ ਅਪਾਰ ਅਨੂਪ ਰਾਮਦਾਸ
ਪੁਰ ॥ ਹਰਿਹਾਂ ਨਾਨਕ ਕਸਮਲ ਜਾਹਿ

ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਅੰਮ੍ਰਿਤਸਰ ਬਿਰਾਜਮਾਨ ਸਨ ਕਿ
ਨਾਇਓ ਰਾਮਦਾਸ ਸਰ ॥* (ਫੁਨਹੇ ਮ: ੫)

ਲਾਹੌਰ ਦੀ ਸੰਗਤ ਆਈ। ਉਨ੍ਹਾਂ ਬੇਨਤੀ ਕੀਤੀ—'ਸਚੇ ਪਾਤਸ਼ਾਹ ਲਾਹੌਰ ਚਲੋ।' ਮਹਾਰਾਜ ਲਾਹੌਰ ਗਏ। ਉਥੇ ਸਤਿਸੰਗ ਦੀ ਰੌ ਚਲੀ, ਸਿਖੀ ਪ੍ਰਚਾਰ ਹੋਇਆ, ਜਨਮ ਅਸਥਾਨ ਨੂੰ ਧਰਮਸਾਲ ਬਣਾਇਆ ਗਿਆ। ਇਹ ਲਾਹੌਰ ਵਿਚ ਗੁਰੂ ਜੀ ਦੀ ਯਾਦਗਾਰ ਹੈ।*

—o—

---

*ਅਹਿਮਦ ਸ਼ਾਹ ਅਬਦਾਲੀ ਨੇ ਸੰਮਤ ੧੮੧੪ ਵਿਚ ਪਹਿਲੀ ਵੇਰ ਤੇ ੧੮੧੯ (੧੭੬੨ ਈ:) ਵਿਚ ਦੂਜੀ ਵੇਰ ਸ੍ਰੀ ਦਰਬਾਰ ਸਾਹਿਬ ਨੂੰ ਗਿਰਾ ਦਿਤਾ। ਅੰਮ੍ਰਿਤ ਸਰੋਵਰ ਨੂੰ ਪੂਰ ਦਿਤਾ। ਸਿਖ ਪੰਥ ਲਈ ਇਸ ਤੀਰਥ ਤੇ ਆਉਣਾ ਮਨ੍ਹਾ ਕੀਤਾ ਗਿਆ ਪਰ ਖਾਲਸੇ ਨੇ ਇਸ ਦੀ ਯਾਤਰਾ ਨਾ ਛੱਡੀ। ਜਦ ਮਿਸਲਾਂ ਨੇ ਖੁਰਜੇ ਨੂੰ ਫਤਹਿ ਕੀਤਾ, ਤਦ ੧ ਵੈਸਾਖ ਸੰਮਤ ੧੮੨੧ ਨੂੰ ਪੰਥ ਨੇ ਸ: ਜੱਸਾ ਸਿੰਘ ਆਹਲੂਵਾਲੀਏ ਦੀ ਹਥੀਂ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰਖੀ। ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ। ਇਕ ਚਾਦਰ ਮਾਇਆ ਲਈ ਵਿਛਾਈ ਗਈ, ਜਿਸ ਪਰ ਪਹਿਲਾਂ ਸਤ ਲਖ ਰੁਪਿਆ ਇਕਤ੍ਰ ਹੋਇਆ। ਇਹ ਰਕਮ ਤੇ ਇਕ ਮੋਹਰ ਭਾਈ ਦੇਸ ਰਾਜ ਜੀ ਸੁਰ ਸਿੰਘ ਵਾਲਿਆਂ ਨੂੰ ਦਿਤੀ ਗਈ। ਉਨ੍ਹਾਂ ਦੀ ਨਿਗਰਾਨੀ ਹੇਠ ਸ੍ਰੀ ਹਰਿਮੰਦਰ ਦੀ ਸੇਵਾ ਹੋਈ। ਮਿਸਲਾਂ ਤੋਂ ਪਿਛੋਂ ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਨੇ ਸੰਗਮਰਮਰ ਤੇ ਸੋਨਾ ਲਾਉਣ ਦੀ ਸੇਵਾ ਕੀਤੀ। ਸ੍ਰੀ ਦਰਬਾਰ ਸਾਹਿਬ, ਪੁਲ ਤੇ ਦਰਸ਼ਨੀ ਡਿਉਢੀ ਤੇ ੬੪,੧੧੦੦੦ ਰੁਪਏ ਖਰਚ ਹੋਏ ਹਨ।

†ਸੰਨ ੧੯੪੭ ਵਿਚ ਪੰਜਾਬ ਦੀ ਵੰਡ ਦੇ ਕਾਰਨ ਮੁਸਲਿਮ-ਲੀਗੀਆਂ ਨੇ ਜਨਮ ਅਸਥਾਨ ਨੂੰ ਸਾੜ ਫੂਕ ਦਿਤਾ। ਇਥੇ ਕੁਝ ਸਿਖ ਸ਼ਹੀਦ ਵੀ ਕੀਤੇ ਗਏ।

ਉਨ੍ਹੀਵਾਂ ਵਿਆਖਿਆਨ

ਸ੍ਰੀ ਗੁਰੂ ਜੀ ਦੇ ਗੁਣ, ਉਦਾਰਤਾ ਤੇ ਨਿੰਮ੍ਰਤਾ ਪਵਿਤ੍ਰ ਉਪਦਸ਼, ਬਾਣੀ ਦੀ ਰਚਨਾ ਤੇ ਗੁਰ-ਗੱਦੀ ਦੀ ਚੋਣ

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚ ਭਗਤੀ, ਨਿਸ਼ਕਾਮ ਸੇਵਾ, ਪ੍ਰੇਮ ਆਦਿਕ ਗੁਣਾਂ ਦੇ ਨਾਲ ਨਿਮਰਤਾ, ਉਦਾਰਤਾ ਤੇ ਸਹਿਨ ਸ਼ੀਲਤਾ ਆਦਿਕ ਗੁਣ ਬੇਮਿਸਾਲ ਮਿਲਦੇ ਹਨ । ਆਪ ਬਚਪਨ ਤੋਂ ਬੜੇ ਉਦਾਰਚਿਤ ਸਨ। ਘੁੰਗਣੀਆਂ ਵੇਚ ਕੇ ਜੋ ਪੈਸੇ ਬਚ ਜਾਂਦੇ, ਉਹ ਲੋੜਵੰਦਾਂ ਤੇ ਗਰੀਬਾਂ ਨੂੰ ਦੇ ਦਿੰਦੇ ਸਨ। ਆਪ ਗੋਇੰਦ-ਵਾਲ ਰਹਿੰਦੇ ਸਨ, ਤਦ ਇਕ ਬੇਨਵਾ ਫ਼ਕੀਰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਉਂਦਾ ਸੀ । ਫ਼ਕੀਰ ਨੇ ਆ ਕੇ ਕਹਿਣਾ– 'ਅਮਰੂ ਨਿਥਾਵੇਂ ਕੁਝ ਦੇ ਦੇਹ। ਇਨ੍ਹਾਂ ਰੁਖੇ ਬਚਨਾਂ ਨੂੰ ਸੁਣ ਕੇ ਸਿਖਾਂ ਨੂੰ ਦੁਖ ਹੁੰਦਾ, ਪਰ ਕੋਮਲ ਤੇ ਉਦਾਰ ਚਿਤ ਗੁਰੂ ਰਾਮਦਾਸ ਜੀ ਬੇਨਵਾ ਨੂੰ ਕੁਝ ਦੇ ਕੇ ਕਹਿੰਦੇ–'ਸਤਿਗੁਰਾਂ ਦੀ ਸ਼ਾਨ ਵਿਚ ਅਗੋਂ ਇਹ ਸ਼ਬਦ ਨਹੀਂ ਕਹਿਣੇ।' ਇਕ ਵੇਰ ਆਪ ਦੇ ਪਾਸ ਸੋਨੇ ਦੇ ਕੰਙਣ ਸਨ, ਉਹੀ ਲਾਹ ਕੇ ਉਸ ਨੂੰ ਬਖਸ਼ ਦਿਤੇ।

ਜਿਸ ਤਰ੍ਹਾਂ ਸਮੁੰਦਰ ਵਿਚ ਨਦੀਆਂ ਜਾ ਕੇ ਲੀਨ ਹੁੰਦੀਆਂ ਹਨ, ਇਸੇ ਤਰ੍ਹਾਂ ਜਿਸ ਦੇ ਹਿਰਦੇ ਵਿਚ ਨਿੰਮ੍ਰਤਾ ਹੁੰਦੀ ਹੈ, ਉਥੇ ਸ਼ੁਭ ਗੁਣ ਨਿਵਾਸ ਕਰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਵਿਚ ਨਿਮਰਤਾ ਕਿੰਨੀ ਕੁ ਸੀ ? ਇਸ ਦੀ ਇਕ ਉਦਾਹਰਣ ਪੇਸ਼ ਕਰਦੇ ਹਾਂ।

ਸ੍ਰੀ ਚੰਦ ਮਿਲਾਪ–

ਇਤਿਹਾਸ ਵਿਚ ਲਿਖਿਆ ਹੈ ਕਿ ਪਿੰਡ ਬਾਰਠ ਤੋਂ ਬਾਬਾ ਸ੍ਰੀ ਚੰਦ ਜੀ ਆਪ ਦੀ ਉਪਮਾ ਸੁਣ ਕੇ ਅੰਮ੍ਰਿਤਸਰ ਆਏ। ਬਾਬਾ

ਜੀ ਦੇ ਨਾਲ ਉਨ੍ਹਾਂ ਦਾ ਸੇਵਕ ਭਾਈ ਗੋਦੜੀਆ ਭੀ ਸੀ। ਗੁਰੂ ਜੀ ਨੇ ਆਪ ਦਾ ਸੁਆਗਤ ਕੀਤਾ ਬਾਬਾ ਜੀ ਤੇ ਆਪ ਦੇ ਬਚਨ ਬਿਲਾਸ ਹੋਏ । ਗਿ: ਗਿਆਨ ਸਿੰਘ ਜੀ ਉਸ ਵਾਰਤਾ ਨੂੰ ਇਉਂ ਲਿਖਦੇ ਹਨ:-

ਗੁਰੂ ਨਾਨਕ ਜੀ ਕਾ ਲਖ ਪੂਤ, ਤਿਆਗੀ ਪਰਮ ਸੰਤ ਅਵਿਧੂਤ।
ਘੋੜਾ ਇਕ ਪੰਜ ਸੇ ਰੁਪਯਾ, ਭੇਟਾ ਦਈ ਹੋਇ ਖੁਸ਼ ਲੱਯਾ ।
ਸ੍ਰੀ ਚੰਦ ਤਬ ਗਿਰਾ ਉਚਾਰੀ, 'ਕਾਹਿ ਬਢਾਈ ਦਾਹੜੀ ਭਾਰੀ'
ਰਾਮਦਾਸ ਗੁਰ ਨਿੰਮਰ ਹੇ ਹੈ, ਕਹਿਉ, 'ਆਪ ਸੇ ਸਾਧੂ ਜੋ ਹੈ।
'ਉਨਕੇ ਚਰਨ ਪੋਛਨੇ ਕਾਰਨ 'ਇਮ ਕਹਿ ਲਗੇ ਚਰਨ ਤਹਿ ਝਾਰਨ।
ਸ੍ਰੀ ਚੰਦ ਖੁਸ਼ ਹੋਇ ਉਚਾਰਾ, 'ਇਸੀ ਤੌਰ ਘਰ ਲੁਟਿਓ ਹਮਾਰਾ।
ਜੋ ਬਾਕੀ ਥੀ ਅਬ ਕੁਛ ਮੋ ਪੈ, ਛੀਨ ਲਈ ਸੋਂ ਹੀ ਤੁਮ ਸੇ ਪੈਂ' ।

ਬਾਬਾ ਸ੍ਰੀ ਚੰਦ ਜੀ ਨੇ ਵਡੀ ਉਮਰ, ਤਪ ਤੇਜ, ਗੁਰੂ ਪੁਤਰ ਹੋਣ ਦੇ ਮਾਣ ਤੇ ਪ੍ਰੀਖਿਆ ਦੇ ਖਿਆਲ ਨਾਲ ਕਿਹਾ-'ਪੁਰਖਾ, ਦਾਹੜੀ ਕਿਉਂ ਵਧਾਈ ਹੋਈ ਹੈ ?' ਨਿੰਮ੍ਰਤਾ ਦੇ ਅਵਤਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਤਨਾ ਸੁੰਦਰ ਜਵਾਬ ਦਿਤਾ ਆਪ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ ।'

ਇਸ ਉਤਰ ਨੇ ਬਾਬਾ ਸ੍ਰੀ ਚੰਦ ਜੀ ਦੇ ਮਾਣ ਨੂੰ ਦੂਰ ਕਰ ਦਿਤਾ। ਉਨ੍ਹਾਂ ਨੂੰ ਅਨੁਭਵ ਹੋਇਆ ਕਿ ਨਿੰਮ੍ਰਤਾ ਨਾਲ ਗੁਰੂ ਜੀ ਨੇ ਉਨ੍ਹਾਂ ਦਾ ਤਪ ਤੇਜ ਖਿਚ ਲਿਆ ਹੈ।

ਸ੍ਰੀ ਗੁਰੂ ਜੀ ਨੇ ਆਪਣੇ ਜੀਵਨ ਰਾਹੀਂ ਅਨੇਕ ਜੀਵਾਂ ਨੂੰ ਜੀਵਨ ਬਖਸ਼ਿਆ । ਆਪ ਨੇ ਬਾਣੀ ਵਿਚ ਜੋ ਉਪਦੇਸ਼ ਕੀਤਾ ਉਹ ਬਹੁਤ ਹੀ ਸੁੰਦਰ ਹੈ।

ਸਿਖੀ ਦੀ ਰਹਿਤ-

ਇਕ ਵੇਰ ਸੰਗਤਾਂ ਨੇ ਪ੍ਰਸ਼ਨ ਕੀਤਾ-'ਸਿਖੀ ਦੀ ਰਹਿਣੀ ਕੀ ਹੈ ?' ਮਹਾਰਾਜ ਨੇ ਇਸ ਦਾ ਉਤਰ ਦਿਤਾ-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮੁ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰ ਸਿਖੁ ਗੁਰੂ ਮਨਿ ਭਾਵੈ ।
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।

(ਵਾਰ ਗਉੜੀ ਮ: ੪)

ਜੋਗੀਆਂ ਨੂੰ ਉਪਦੇਸ਼-

ਇਕ ਵੇਰ ਕੁਝ ਜੋਗੀ ਗੁਰੂ ਜੀ ਦੀ ਸੰਗਤ ਵਿਚ ਆਏ। ਉਨ੍ਹਾਂ ਦਾ ਖਿਆਲ ਸੀ ਕਿ ਚਿਤ ਬਿਰਤੀ ਦੇ ਰੋਕਣ ਤੇ ਪ੍ਰਾਣਾਯਾਮ ਕਰਨ ਨਾਲ ਮਨ ਟਿਕ ਸਕਦਾ ਹੈ* । ਉਹ ਤ੍ਰਿਕੁਟੀ ਵਿਚ ਸੁਰਤ ਨੂੰ ਟਿਕਾਂਦੇ ਤੇ ਦਸਮ ਦੁਆਰ ਵਿਚ 'ਅਨਹਦ ਸ਼ਬਦ' ਸੁਣਦੇ ਸਨ । ਸਿਖ ਧਰਮ ਨੇ ਇਨ੍ਹਾਂ ਸਾਧਨਾਂ ਨੂੰ ਪ੍ਰਵਾਨ ਨਹੀਂ ਕੀਤਾ । ਸਮਾਧੀ ਲਾ ਕੇ ਜੜ੍ਹ ਹੋ ਜਾਣ ਨਾਲੋਂ ਕਰਮ ਯੋਗੀ ਜੀਵਨ ਨੂੰ ਮਹਾਨਤਾ ਦਿਤੀ । ਜੋਗੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਕੋਲ ਪ੍ਰਸ਼ਨ ਕੀਤਾ-

---

*ਯੋਗ ਦਰਸ਼ਨ ਦਾ ਸੂਤਰ ਹੈ : ਯੋਗਸਚਿਤ ਵ੍ਰਿਤੀ ਨਿਰੋਧ :

ਸ੍ਰੀ ਗੁਰੂ ਤੁਮਰੀ ਸੰਗਤਿ ਬਿਖੈ। ਨਹਿ ਅਸ਼ਟਾਂਗ
ਜੋਗ ਕਹੁ ਸਿਖੈ। ਮਨ ਥਿਰ ਹੋਇ ਨਹਿ ਜੋਗ
ਬਿਹੀਨੇ। ਮਨ ਥਿਰ ਬਿਨ ਨਹਿ ਆਤਮ
ਚੀਨੇ। ਆਤਮ ਚੀਨੇ ਬਿਨ ਨਹਿ ਜੁਗਤਿ।
ਜੁਗਤਿ ਬਿਨਾ ਕਿਮ ਹੋਹਿ ਮੁਕਤਿ। ਮੁਕਤਿ
ਬਿਨਾ ਬੰਧਨ ਮਹਿ ਰਹੈ। ਤੌ ਗੁਰ ਸਿਖੀ ਮਹਿ
ਕਯਾ ਲਹੈਂ? (ਗੁ: ਪ੍ਰ: ਸੂ:)

ਗੁਰੂ ਜੀ ਨੇ ਉਤਰ ਦਿਤਾ–

ਹਥਿ ਕਰ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ। ਗੁਰਮਤਿ
ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ।
(ਆਸਾ ਮ: ੪)

ਮਹਾਰਾਜ ਨੇ ਇਸ ਸ਼ਬਦ ਵਿਚ ਜੋਗੀਆਂ ਨੂੰ ਸਮਝਾਇਆ ਕਿ ਕਿੰਗਰੀ ਵਜਾਣ ਨਾਲ ਜਾਂ ਅੰਦਰ ਸ਼ਬਦ ਸੁਣਨ ਨਾਲ ਸੁਰਤ ਨਹੀਂ ਟਿਕ ਸਕਦੀ, ਜੇ ਟਿਕੇ ਭੀ ਤਾਂ ਮਨੁਖ ਵਿਚ ਜੜ੍ਹਤਾ ਆਵੇਗੀ। ਗੁਰਮਤਿ ਇਹ ਹੈ ਕਿ ਮਨ ਨੂੰ ਇਕਾਗਰ ਕਰਕੇ ਵਾਹਿਗੁਰੂ ਦੇ ਗੁਣ ਗਾਉ। ਇਹ ਉਪਦੇਸ਼ ਸੁਣ ਕੇ ਜੋਗੀਆਂ ਮਨ ਪਵਿਤਰ ਹੋ ਗਏ। ਉਨ੍ਹਾਂ ਨੇ ਸਿਖੀ ਦੇ ਸਹਿਜ-ਯੋਗ ਨੂੰ ਸਮਝ ਲਿਆ।

ਮੁਖੀ ਸਿਖ–

ਸ੍ਰੀ ਗੁਰੂ ਰਾਮਦਾਸ ਜੀ ਦੇ ਮੁਖੀ ਸਿਖ ਇਹ ਹੋਏ ਹਨ–

ਭਾਈ ਗੁਰਦਾਸ ਜੀ, ਭਾਈ ਹਿੰਦਾਲ, ਗੁਜਰਾਤ ਵਿਚ ਬ੍ਰਹਮ ਗਿਆਨੀ ਭਾਈ ਭਿਖਾਰੀ, ਮਾਲਵੇ ਵਿਚ ਭਾਈ ਆਦਮ, ਸੰਮਨ ਸ਼ਾਹ, ਭਾਈ ਗੁਰਮੁਖ, ਤਾਰੂ ਭਾਰੂ, ਮਾਣਿਕ ਚੰਦ ਤੇ ਮਹਾਨੰਦ ਆਦਿਕ।

ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਰੇ ਵਿਚ ਸਿਖੀ ਦੇ ਪ੍ਰਚਾਰ ਲਈ ਭੇਜਿਆ। ਭਾਈ ਹਿੰਦਾਲ ਲੰਗਰ ਦੀ ਸੇਵਾ ਕਰਦੇ ਸਨ। ਇਕ ਦਿਨ ਗੁਰੂ ਜੀ ਲੰਗਰ ਵਿਚ ਆਏ। ਹਿੰਦਾਲ ਨੇ

ਆਟਾ ਗੁਨ੍ਹਦਿਆਂ ਪਿਛਲੇ ਪਾਸੇ ਹੱਥ ਜੋੜ ਕੇ ਆ ਨਮਸਕਾਰ ਕੀਤੀ। ਹਜ਼ੂਰ ਨੇ ਪ੍ਰੇਮ ਦੇਖ ਕੇ ਮੁਖੀ ਸਿਖ ਹੋਣ ਦੀ ਪਦਵੀ ਬਖਸ਼ੀ । ਭਿਖਾਰੀ ਜੀ ਉਹ ਮਹਾਂ ਪੁਰਸ਼ ਸਨ, ਜਿਨ੍ਹਾਂ ਨੇ ਇਕ ਪਾਸੇ ਪੁਤਰ ਦਾ ਵਿਆਹ ਕੀਤਾ ਤੇ ਦੂਜੇ ਪਾਸੇ ਅਚਾਨਕ ਉਸਦੀ ਮੌਤ ਹੋ ਜਾਣ ਤੇ ਭਾਣਾ ਮੰਨ ਕੇ ਮਨ ਨਹੀਂ ਡੁਲਾਇਆ।

ਜਿਸ ਵਕਤ ਅੰਮ੍ਰਿਤਸਰ ਦੀ ਸੇਵਾ ਹੋ ਰਹੀ ਸੀ, ਭਾਈ ਸੋਮਾਨ ਜੀ ਘੁੰਙਣੀਆਂ ਵੇਚਦੇ ਸਨ। ਇਕ ਦਿਨ ਗੁਰੂ ਜੀ ਨੇ ਇਨਾਂ ਦੀ ਵਟਕ ਲੈ ਕੇ ਮਜ਼ੂਰਾਂ ਨੂੰ ਦੇ ਦਿਤੀ। ਆਪ ਬੜੇ ਪਰਸੰਨ ਰਹੇ । ਹਜ਼ੂਰ ਨੇ ਪੰਜ ਦਿਨ ਇਸੇ ਤਰ੍ਹਾਂ ਕੀਤਾ। ਪਰ ਭਾਈ ਜੀ ਨੇ ਪ੍ਰਸੰਨਤਾ ਪ੍ਰਗਟ ਕੀਤੀ। ਸਤਿਗੁਰਾਂ ਨੇ ਆਪ ਨੂੰ 'ਸੋਮਾਨ ਸ਼ਾਹ, ਬੇਪਰਵਾਹ' ਦਾ ਵਰ ਦਿਤਾ। ਇਨ੍ਹਾਂ ਦੀ ਸੰਤਾਨ ਮੀਆਂ ਵਾਲੀ ਤੇ ਬੰਨੂ ਦੇ ਇਲਾਕੇ ਵਿਚ ਸੀ, ਹੁਣ ਦੇਸ਼ ਦੀ ਵੰਡ ਕਰਕੇ ਭਾਰਤ ਵਿਚ ਆ ਗਈ ਹੈ। ਜਿਸ ਨੂੰ ਲੋਕੀਂ ਅਜੇ ਵੀ 'ਸ਼ਾਹ' ਕਹਿੰਦੇ ਹਨ।

ਬਾਣੀ—

ਹੁਣ ਥੋੜਾ ਜਿਹਾ ਜ਼ਿਕਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਕਰਨਾ ਚਾਹੁੰਦਾ ਹਾਂ । ਆਪ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਰਾਗਾਂ ਵਿਚ ਸ਼ਬਦਾਂ, ਛੰਦਾਂ ਅਤੇ ਵਾਰਾਂ ਦੇ ਰੂਪ ਵਿਚ ਮਿਲਦੀ ਹੈ। ਨਿਸ਼ਕਾਮ ਸੇਵਾ, ਭਗਤੀ, ਨਿੰਮ੍ਰਤਾ ਅਤੇ ਗੁਰੂ ਪ੍ਰੇਮ ਨੇ ਜੀਵਨ ਦਾ ਜੋ ਰਸ ਆਪ ਵਿਚ ਪੈਦਾ ਕੀਤਾ ਸੀ, ਉਹੀ ਆਪ ਦੀ ਬਾਣੀ ਵਿਚ ਮਿਲਦਾ ਹੈ। ਆਪ ਰੁਖੀ ਫ਼ਿਲਾਸਫ਼ੀ ਅਤੇ ਗਿਆਨ ਦੇ ਪ੍ਰਚਾਰਕ ਨਹੀਂ ਸਨ, ਇਸ ਲਈ ਆਪ ਨੇ ਬਾਣੀ ਵਿਚ ਸ਼ਰਧਾ ਤੇ ਪ੍ਰੇਮ ਭਗਤੀ ਨੂੰ ਵਿਸ਼ੇਸ਼ ਕਥਨ ਕੀਤਾ ਹੈ । ਜਿਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਕਦੀ ਉਚੀਆਂ ਉਠਦੀਆਂ ਤੇ ਕਦੀ ਨੀਵੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਆਪ ਦੀ ਬਾਣੀ ਦੀ ਰਚਨਾ ਵਿਚ ਕਈ ਤੁਕਾਂ ਬਹੁਤ ਲੰਮੀਆਂ ਤੇ ਕਈ ਛੋਟੀਆਂ ਹਨ । ਕਿਸੇ

ਖਿਆਲ ਨੂੰ ਵਰਣਨ ਕਰਦਿਆਂ—'ਵਿਸਰਾਮ' ਦੀ ਪਰਵਾਹ ਨਹੀਂ ਕੀਤੀ, ਸਗੋਂ ਰਸ ਨੂੰ ਪ੍ਰਗਟ ਕੀਤਾ ਹੈ। ਤੁਕਾਂਤ ਬੜੇ ਕਠਨ ਸ਼ਬਦਾਂ ਵਿਚ ਨਿਭਾਇਆ ਹੈ।

ਆਪ ਜੀ ਦੀ ਬਾਣੀ ਵਿਚ ਵਲਵਲਾ ਬਹੁਤ ਹੈ। ਰਚਨਾ ਸੰਗੀਤਕ ਤੇ ਅਸਚਰਜ ਹੈ। ਜਿਤਨੀ ਔਖੀ ਤੁਕਾਂਤ ਆਪ ਨੇ ਨਿਭਾਈ ਹੈ, ਹਿੰਦੀ ਅਤੇ ਪੰਜਾਬੀ ਕਾਵਿ ਵਿਚ ਇਸ ਦੀ ਉਦਾਹਰਣ ਘਟ ਮਿਲਦੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦੀ ਰਚਨਾ ਕਾਵਯ ਦ੍ਰਿਸ਼ਟੀ ਨਾਲ ਪੱਛਮ ਦੀ ਨਵੀਨ ਕਾਵਿ ਨਾਲ ਮਿਲਦੀ ਹੈ, ਜਿਸ ਵਿਚ ਕਵਿਤਾ ਦੇ ਬੰਧਨਾ ਦੀ ਪਰਵਾਹ ਨਹੀਂ ਕੀਤੀ ਗਈ, ਬਲਕਿ ਕਿਸੇ ਖਿਆਲ ਨੂੰ ਰਸ ਵਿਚ ਬਿਆਨ ਕੀਤਾ ਹੈ।

ਫ਼ਾਰਸੀ ਦੇ ਸ਼ਾਇਰਾਂ ਵਾਂਗੂ 'ਮਹਿਬੂਬ' ਦਾ ਸ਼ਿਕਵਾ ਨਹੀਂ ਕੀਤਾ, ਬਲਕਿ ਪਰੇਮ ਦਾ ਬਹੁਤ ਉਚਾ ਮਿਆਰ ਪੇਸ਼ ਕੀਤਾ ਹੈ, ਗੁਰੂ ਕੇ ਭਾਣੇ ਵਿਚ ਚਲਣਾ ਦਸਿਆ ਹੈ।

ਗੁਰੂ ਜੀ ਨੇ ਭਗਤੀ, ਗਿਆਨ, ਪ੍ਰੇਮ, ਸੇਵਾ ਤੇ ਹੋਰ ਆਤਮਿਕ ਉਪਦੇਸ਼ ਕਰਨ ਦੇ ਨਾਲ ਆਪਣੀ ਬਾਣੀ ਵਿਚ ਗੁਰੂ ਘਰ ਦੇ ਵਿਰੋਧੀਆਂ ਅਤੇ ਦੋਖੀਆਂ ਦਾ ਖੰਡਨ ਵੀ ਕੀਤਾ ਹੈ। ਗਉੜੀ ਦੀ ਵਾਰ ਦੇ ਕੁਝ ਸ਼ਲੋਕ ਇਸ ਗਲ ਦਾ ਸਬੂਤ ਹਨ। ਮਹਾਰਾਜ ਦੀ ਬਾਣੀ ਵਿਚੋਂ ਕੁਝ ਤੁਕਾਂ ਪੇਸ਼ ਕਰਦੇ ਹਾਂ—

ਗੁਰ ਡੀਠੇ ਗੁਰ ਕਾ ਸਿਖ ਬਿਗਸੈ ਜਿਉ ਬਾਰਿਕੁ ਦੇਖਿ
ਮਹਤਾਰੀ ॥ ਧਨ ਪਿਰ ਕਾ ਇਕ ਹੀ ਸੰਗ ਵਾਸਾ ਵਿਚਿ
ਹਉਮੈ ਭੀਤ ਕਰਾਰੀ ॥ (ਮਲਾਰ ਮ: ੪)

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ ॥ ਜਿਉ ਚੰਦਨ ਨਿਕਟਿ ਵਸੈ
ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥
(ਗੋਂਡ ਮ: ੪)

ਚਾਤ੍ਰਿਕ ਮੋਰ ਬੋਲਤ ਦਿਨੁਰਾਤੀ ਸੁਣਿ ਘਨਿਹਰਿ ਕੀ ਘੋਰ ॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ (ਮਲਾਰ ਮ: ੪)
ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰ ਗਵਾਈ ॥

ਪੰਚਮ ਪਾਤਸ਼ਾਹ ਦੀ ਚੋਣ–

ਸ੍ਰੀ ਗੁਰੂ ਰਾਮਦਾਸ ਜੀ ਦੇ ਪੁਤ੍ਰਾਂ ਵਿਚੋਂ ਪ੍ਰਿਥੀ ਚੰਦ ਸਭ ਤੋਂ ਵਡਾ ਪੁਤਰ ਸੀ। ਸਾਰਾ ਕੰਮ ਕਾਜ, ਆਮਦਨ, ਖਰਚ ਦਾ ਹਿਸਾਬ ਤੇ ਲੈਣ ਦੇਣ ਦਾ ਪ੍ਰਬੰਧ ਕਰਦਾ ਸੀ। ਸੰਗਤਾਂ ਵਿਚ ਉਸ ਦੀ ਚੰਗੀ ਜਾਣ ਪਛਾਣ ਤੇ ਮਸੰਦਾਂ ਵਿਚ ਉਸ ਦਾ ਚੰਗਾ ਰਸੂਖ ਸੀ। ਪਰ ਜਿਸ ਤਰ੍ਹਾਂ ਪੱਥਰ ਪਾਣੀ ਵਿਚ ਰਹਿ ਕੇ ਨਹੀਂ ਭਿਜਦਾ, ਗੁਰੂ ਜੀ ਦੇ ਪਾਸ ਰਹਿ ਕੇ ਭੀ ਉਸ ਦਾ ਮਨ ਕਠੋਰ ਰਿਹਾ। ਉਹ ਗੁਰ-ਗੱਦੀ ਨੂੰ ਮਾਨ ਵਡਿਆਈ ਤੇ ਪੂਜਾ ਭੇਟ ਲੈਣ ਦਾ ਸਾਧਨ ਸਮਝਣ ਲਗ ਪਿਆ। ਦੂਜੇ ਪੁਤਰ ਮਹਾਂਦੇਵ ਜੀ ਮਸਤਾਨੀ ਬ੍ਰਿਤੀ ਦੇ ਸਨ। ਛੋਟੇ ਪੁਤ੍ਰ ਸ੍ਰੀ ਅਰਜਨ ਦੇਵ ਜੀ ਹੀ ਹਰ ਤਰ੍ਹਾਂ ਯੋਗ ਸਨ। ਸੰਮਤ ੧੬੩੭ ਵਿਚ ਮਹਾਰਾਜ ਦੇ ਤਾਏ ਦੇ ਪੁਤਰ ਸੰਹਾਰੀ ਮਲ ਨੇ ਆ ਕੇ ਬੇਨਤੀ ਕੀਤੀ– 'ਮੇਰੇ ਪੁਤ੍ਰ ਦੀ ਸ਼ਾਦੀ ਹੈ, ਆਪ ਲਾਹੌਰ ਦਰਸ਼ਨ ਦਿਓ।' ਹਜ਼ੂਰ ਆਪ ਤਾਂ ਨਾ ਗਏ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭੇਜ ਦਿਤਾ। ਤੁਰਨ ਸਮੇਂ ਉਨ੍ਹਾਂ ਫੁਰਮਾਇਆ–'ਜਦ ਤੀਕ ਯਾਦ ਨਾ ਕਰੀਏ, ਇਥੇ ਨਹੀਂ ਆਉਣਾ।'

ਸੰਹਾਰੀ ਮਲ ਦੇ ਲੜਕੇ ਦੀ ਸ਼ਾਦੀ ਹੋ ਗਈ। ਕਾਫੀ ਦਿਨ ਗੁਜ਼ਰ ਗਏ ਪਰ ਗੁਰੂ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੋਈ ਪਤ੍ਰਕਾ ਨਾ ਲਿਖੀ।

ਇਸ ਪਰ ਪੰਚਮ ਪਾਤਸ਼ਾਹ ਨੇ ਲਾਹੌਰੋਂ ਇਕ ਪ੍ਰੇਮ ਭਰੀ

ਪਤ੍ਰਕਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਲਿਖੀ, ਜਿਸਦਾ ਪਹਿਲਾ ਅੰਕ ਇਹ ਸੀ–

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥

ਇਹ ਪਤ੍ਰਕਾ ਪ੍ਰਿਥੀ ਚੰਦ ਨੇ ਆਪਣੇ ਪਾਸ ਰਖ ਲਈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਦੇ ਦੋ ਅੰਕ ਹੋਰ ਲਿਖੇ–

ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰ ਹੋਆ ਦੇਖੇ ਸਾਰਿੰਗ ਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨ ॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੨॥ ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ । ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰਦਰਬਾਰੇ ਜੀਉ ॥੩॥

ਦੂਜਾ ਅੰਕ ਤਾਂ ਪ੍ਰਿਥੀ ਚੰਦ ਨੇ ਆਪਣੇ ਪਾਸ ਰਖ ਲਿਆ, ਪਰ ਤੀਸਰਾ ਅੰਕ ਸ੍ਰੀ ਗੁਰੂ ਜੀ ਨੂੰ ਮਿਲ ਗਿਆ । ਆਪ ਨੇ ਉਸ ਨੂੰ ਪੁਛਿਆ -'ਮੈਨੂੰ ਕੀ ਪਤਾ ਹੈ ?' ਜਵਾਬ ਸੁਣ ਕੇ ਮਹਾਰਾਜ ਨੇ ਇਕ ਸਿਖ ਨੂੰ ਭੇਜ ਕੇ ਦੋਵੇਂ ਪਤ੍ਰਕਾਵਾਂ ਉਸ ਦੀ ਜੇਬ ਵਿਚੋਂ ਕਢਾਈਆਂ । ਬਸ ਫੇਰ ਕੀ ਸੀ, ਉਸ ਦੇ ਕ੍ਰੋਧ ਦੀ ਕੋਈ ਹੱਦ ਨਾ ਰਹੀ ।

ਹਜ਼ੂਰ ਨੇ ਸੇਵਕ ਭੇਜ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਸਦਿਆ । ਉਹ ਅੰਮ੍ਰਿਤਸਰ ਪੁਜ ਗਏ । ਪ੍ਰੇਮ-ਰਸ ਪੂਰਤ ਹੋ ਕੇ ਉਨ੍ਹਾਂ ਨੇ ਸ਼ਬਦ ਦਾ ਚੋਥਾ ਅੰਕ ਉਚਾਰਨ ਕੀਤਾ–

ਭਾਗੁ ਹੋਆ ਗੁਰਿ ਸੰਤ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ਹਉ ਘੋਲੀ ਜੀਉ

ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥

(ਮਾਝ ਮ: ੫)

ਇਹ ਸੁਣ ਕੇ ਗੁਰੂ ਜੀ ਤੇ ਸਾਰੀ ਸੰਗਤ ਪ੍ਰਸੰਨ ਹੋਈ । ਪ੍ਰਿਥੀ ਚੰਦ ਨੇ ਬਹੁਤ ਝਗੜਾ ਕੀਤਾ । ਉਸ ਨੇ ਕਿਹਾ—'ਵਡਾ ਪੁਤਰ ਮੈਂ ਹਾਂ, ਗੱਦੀ ਪਰ ਮੇਰਾ ਹੱਕ ਹੈ । ਜਾਇਦਾਦ ਦਾ ਮੈਂ ਮਾਲਿਕ ਹਾਂ ।' ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਨੂੰ ਸਮਝਾਇਆ—

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨ ਕਿਸਹਿ ਨ ਆਪ ॥ ਖਿਨ ਮਹਿ ਛਾਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪੁ ॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥ (ਸਾਰੰਗ ਮ: ੪)

ਜਿਸ ਤਰ੍ਹਾਂ ਤਤੇ ਤਵੇ ਪਰ ਪਾਣੀ ਦੀ ਬੂੰਦ ਨਹੀਂ ਠਹਿਰਦੀ, ਕ੍ਰੋਧ ਦੀ ਅੱਗ ਵਿਚ ਸੜ ਰਹੇ ਪ੍ਰਿਥੀ ਚੰਦ ਦੇ ਮਨ ਤੇ ਇਸ ਉਪਦੇਸ਼ ਦਾ ਕੋਈ ਅਸਰ ਨਾ ਹੋਇਆ । ਉਸ ਨੇ ਝਗੜਾ ਜਾਰੀ ਰਖਿਆ । ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਪੁਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਰ ਤਰ੍ਹਾਂ ਯੋਗ ਸਮਝ ਕੇ ਗੁਰ-ਗੱਦੀ ਬਖਸ਼ ਦਿਤੀ ਤੇ ਆਪ ਭਾਦਰੋਂ ਸੁਦੀ ੩ ਸੰਮਤ ੧੬੩੮ ਨੂੰ ਗੋਇੰਦਵਾਲ ਵਿਚ ਜੋਤੀ ਜੋਤ ਜੋਤ ਸਮਾ ਗਏ ।

*

ਸ਼ਹੀਦਾਂ ਦੇ ਸਿਰਤਾਜ

ਸ੍ਰੀ ਗੁਰੂ ਅਰਜਨ ਦੇਵ ਜੀ

ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖ ਧਰਿਓ ਉਰਿ ॥
ਆਦਿਪੁਰਖਿ ਪਰਤਖਿ ਲਿਖਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥ ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਬਿ ਤਰਹੁ ॥

(ਸਵਈਏ ਮ: ੫ ਕੇ)

ਜਬ ਲਉ ਨਹੀ ਭਾਗ ਲਿਲਾਰ ਉਦੈ
ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁੰਦ੍ਰ ਮੈ ਬੂਡਤ ਥੇ
ਕਬਹੂ ਮਿਟਿਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰ ਬਨਾਯਉ ॥
ਜਪ੍ਯਉ ਜਿਨ ਅਰਜਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥

ਸਵਈਏ ਮ: ੫ ਕੇ)

ਸ੍ਰੀ ਗੁਰੂ ਅਰਜਨ ਦੇਵ ਜੀ

ਅਵਤਾਰ ਧਾਰਿਆ–	ਵਿਸਾਖ ਵਦੀ ੭ ਸੰਮਤ ੧੬੨੦ ।
ਜਨਮ ਅਸਥਾਨ–	ਗੋਇੰਦਵਾਲ ।
ਮਾਤਾ ਪਿਤਾ-	ਸ੍ਰੀ ਗੁਰੂ ਰਾਮਦਾਸ ਜੀ, ਮਾਤਾ ਭਾਨੀ ਜੀ ।
ਵਿਆਹ–	ਪਹਿਲੀ ਸ਼ਾਦੀ ਪਿੰਡ ਮੌੜ ਵਿਖੇ ਮਾਤਾ ਰਾਮ ਦੇਵੀ ਜੀ ਨਾਲ ਹੋਈ । ਦੂਜੀ ਪਿੰਡ ਮਉ ਪਰਗਣਾ ਫਲੌਰ ਵਿਚ ਮਾਤਾ ਗੰਗਾ ਜੀ ਨਾਲ ੧੬੪੬ ਵਿਚ ਹੋਈ ।
ਸੰਤਾਨ–	ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ।
ਗੁਰ-ਗੱਦੀ–	ਭਾਦਰੋਂ ਸੁਦੀ ੨ ਸੰਮਤ ੧੬੩੮ ।
ਬਣਾਏ ਅਸਥਾਨ–	੧ ਸੰਤੋਖਸਰ ਦੀ ਸੇਵਾ ਸੰਮਤ ੧੬੪੩ ੨. ਸ੍ਰੀ ਹਰਿਮੰਦਰ ਸਾਹਿਬ ੧੬੪੫ ੩. ਤਰਨ ਤਾਰਨ ੧੬੪੭ ੪. ਕਰਤਾਰਪੁਰ (ਜਲੰਧਰ) ੧੬੫੦ ੫. ਛਿਹਰਟਾ ਸਾਹਿਬ ੧੬੫੨ ੬. ਬਾਉਲੀ ਸਾਹਿਬ ਲਾਹੌਰ ੧੬੫੬ ੭. ਰਾਮਸਰ ੧੬੫੯–੬੦ ੮. ਗੁਰੂ ਕਾ ਬਾਗ ਤਹਿਸੀਲ ਅਜਨਾਲਾ :
ਸ੍ਰੀ ਗੁਰੂ ਗ੍ਰੰਥ ਸਾਹਿਬ– ਜੀ ਦੀ ਬੀੜ	ਸ੍ਰੀ ਰਾਮਸਰ ਵਿਖੇ ਤਿਆਰ ਕੀਤੀ ਅਤੇ ਭਾਦਰੋਂ ਸੁਦੀ ੧ ਸੰਮਤ ੧੬੬੧ ਨੂੰ ਪਹਿਲੀ ਵੇਰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤਾ ।
ਜੋਤੀ ਜੋਤ ਸਮਾਏ–	ਜੇਠ ਸੁਦੀ ਚੌਥ ਸੰਮਤ ੧੬੬੩ ਨੂੰ ਲਾਹੌਰ

ਵੀਹਵਾਂ ਵਿਆਖਿਆਨ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਰੰਭਕ ਜੀਵਨ
ਪ੍ਰਿਥੀ ਚੰਦ ਦਾ ਵਿਰੋਧ, ਖਿਮਾਂ ਦੀ ਹੱਦ

ਸਰਬ ਸ਼ਕਤੀਮਾਨ ਅਕਾਲ ਪੁਰਖ ਹੀ ਆਦਿ, ਮੱਧ ਤੇ ਅੰਤ ਤਿੰਨਾਂ ਹਾਲਤਾਂ ਵਿਚ ਸੰਪੂਰਨ ਹੈ। ਉਹ ਸਦਾ ਇਕ ਰਸ ਰਹਿਣ ਵਾਲੀ ਹਸਤੀ ਹੈ। ਉਸ ਦੀ ਕਲਾ ਤੇ ਜੋਤ ਨੇ ਦਸਾਂ ਸਤਿਗੁਰਾਂ ਵਿਚ ਪ੍ਰਕਾਸ਼ ਕੀਤਾ ਜਿਸ ਲਈ 'ਗੁਰਤਾ' ਦਾ ਆਦਿ ਮਧ ਤੇ ਅੰਤ ਤਿੰਨੇ ਸੰਪੂਰਨ ਹਨ। ਸਿੱਖਾਂ ਦਾ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਮਧ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸੰਪੂਰਨ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। 'ਗੁਰਤਾ' ਦੀ ਇਸ ਲੜੀ ਨੂੰ ਸੂਖਮ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਦਸਾਂ ਸਤਿਗੁਰਾਂ ਵਿਚ ਇਕੋ ਰੂਪ, ਇਕੋ ਆਦਰਸ਼ ਤੇ ਅਮਲ ਦੀ ਏਕਤਾ ਪਾਈ ਜਾਂਦੀ ਹੈ। ਜਗਤ ਦੀ ਕਲਿਆਨ ਲਈ ਸਮੇਂ ਦੀ ਲੋੜ ਅਨੁਸਾਰ 'ਗੁਰੂ-ਅਵਤਾਰ' ਹੋਏ। ਜਿਸ ਆਦਰਸ਼ ਦੀ ਪੂਰਨਤਾ ਦੀ ਲੋੜ ਪਈ ਹੈ, ਅਕਾਲ ਪੁਰਖ ਨੇ ਓਹੋ ਜੇਹੀ ਸ਼ਖਸੀਅਤ ਨੂੰ 'ਗੁਰੂ-ਰੂਪ' ਵਿਚ ਮੂਰਤੀਮਾਨ ਕੀਤਾ। ਇਕ ਇਹ ਸਚਾਈ ਹੈ ਕਿ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।'

(ਵਾਰ ਰਾਮਕਲੀ ਸ: ਬ: ਕੀ)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਵਿਤਰ ਜੀਵਨ ਕੀ ਹੈ? ਪ੍ਰੇਮ-ਭਗਤੀ ਤੇ ਨਿਸ਼ਕਾਮ ਸੇਵਾ ਦਾ ਪੁੰਜ, ਬ੍ਰਹਮ ਗਿਆਨ ਤੇ ਆਤਮਿਕ ਗੁਣਾਂ ਦਾ ਭੰਡਾਰ, ਕੌਮੀ ਉਸਾਰੀ ਲਈ ਬਹੁਤ ਨਿਗਰ ਕੰਮ ਕਰਨ ਵਾਲਾ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ, ਅਦੁਤੀ ਕੁਰਬਾਨੀ ਤੇ ਪਵਿਤ੍ਰ ਸ਼ਹੀਦੀ ਦਾ ਇਕ ਅਸਚਰਜ ਨਮੂਨਾ ਹੈ।

ਸੰਸਾਰ ਵਿਚ ਜਿਤਨੇ ਹੁਨਰ ਹਨ, ਉਨ੍ਹਾਂ ਵਿਚੋਂ ਰਾਗ, ਕਾਵਿ ਤੇ ਚਿਤ੍ਰਕਾਰੀ, ਤਿੰਨੇ ਕੋਮਲ ਹੁਨਰ ਮੰਨੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿੰਨਾਂ ਵਿਚ ਕਮਾਲ ਕੀਤਾ ਹੈ। ਆਪ ਰੱਬੀ ਕੀਰਤਨ ਕਰਨ ਵਾਲੇ ਗੰਧਰਬ ਤੇ ਕੀਰਤਨ ਦੇ ਡਾਢੇ ਚੰਗੇ ਰਸੀਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੀ ਮਹਾਨ ਅਤੇ ਅਲੌਕਿਕ ਆਤਮਿਕ ਰਚਨਾ ਦੇ ਸੰਗ੍ਰਹਿ ਕਰਤਾ ਤੇ ਸੰਪਾਦਿਕ ਆਪ ਹੀ ਸਨ। ਸੁਖਮਨੀ ਸਾਹਿਬ ਜੇਹੀ ਕੋਮਲ, ਮਧੁਰ, ਭਾਵ ਪੂਰਤ ਤੇ ਮਨੁਖੀ ਆਤਮਾ ਦੀਆਂ ਡੂੰਘਾਈਆਂ ਵਿਚ ਅਸਰ ਪਾਣ ਵਾਲੀ ਬਾਣੀ ਦੇ ਉਚਾਰਣ ਵਾਲੇ ਸਨ। ਸ੍ਰੀ ਹਰਿਮੰਦਰ ਸਾਹਿਬ ਜੀ ਦਾ ਅਨੂਪਮ ਨਕਸ਼ਾ ਆਪ ਦੇ ਦਿਲ ਦਿਮਾਗ ਨੇ ਚਿਤਰਿਆ। ਸਿਖ ਪੰਥ ਦੀ ਉਸਾਰੀ ਤੇ ਜਥੇਬੰਦੀ ਲਈ ਆਪ ਨੇ ਬੇਮਿਸਾਲ ਕੰਮ ਕੀਤਾ ਹੈ। ਆਪ ਦਾ ਜੀਵਨ ਹਰ ਪਹਿਲੂ ਤੋਂ ਮੁਕੰਮਲ ਹੈ। ਜੀਵਨ ਬਾਣੀ ਤੇ ਕੁਰਬਾਨੀ ਸਾਰੀ ਮਨੁਖ-ਜਾਤੀ ਲਈ ਆਦਰਸ਼ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ਵਿਸਾਖ ਵਦੀ ੭, ਸੰਮਤ ੧੬੨੦ ਨੂੰ ਚੌਥੀ ਪਾਤਸ਼ਾਹੀ ਦੇ ਘਰ ਮਾਤਾ ਭਾਨੀ ਜੀ ਤੋਂ ਗੋਇੰਦਵਾਲ ਵਿਚ ਹੋਇਆ। ਆਪ ਬਚਪਨ ਤੋਂ ਸੰਤ ਸਰੂਪ, ਹੋਣਹਾਰ, ਡਾਢੇ ਸੁੰਦਰ ਤੇ ਸਡੌਲ ਸਨ। ਨਾਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਪਿਆਰ, ਅਸ਼ੀਰਵਾਦ ਤੇ ਮਾਤਾ ਪਿਤਾ ਦੇ ਆਤਮਿਕ ਗੁਣ ਆਪ ਨੂੰ ਪ੍ਰਾਪਤ ਹੋਏ। ਛੋਟੀ ਉਮਰ ਵਿਚ ਆਪ ਨੂੰ ਦੀਖਿਆ, ਸਿਖਿਆ ਤੇ ਵਿਦਿਆ ਬਹੁਤ ਚੰਗੀ ਤਰ੍ਹਾਂ ਦਿਤੀ ਗਈ। ਆਪ ਦੀ ਬਾਣੀ ਦੀ ਰਚਨਾ ਦਸਦੀ ਹੈ ਕਿ ਹਜ਼ੂਰ ਉਚ ਕੋਟੀ ਦੇ ਵਿਦਵਾਨ ਸਨ।

ਬਚਪਨ—

ਇਤਿਹਾਸ ਵਿਚ ਲਿਖਿਆ ਹੈ ਕਿ ਮਹਾਰਾਜ ਛੋਟੀ ਅਵਸਥਾ ਦੇ ਸਨ ਕਿ ਇਕ ਦਿਨ ਘਸੀਟੜੀਆਂ ਕਰਦੇ ਸ੍ਰੀ ਗੁਰੂ ਅਮਰਦਾਸ ਜੀ

ਦੇ ਨਿਵਾਸ ਅਸਥਾਨ ਵਲ ਚਲੇ ਗਏ। ਜਿਸ ਪਲੰਘ ਉਤੇ ਸਤਿਗੁਰੂ ਬਿਰਾਜਦੇ ਸਨ, ਉਸ ਦੀ ਬਾਹੀ ਪਕੜ ਕੇ ਖਲੋ ਗਏ। ਇਉਂ ਜਾਪਦਾ ਸੀ ਕਿ ਹੁੰਬਲੀ ਮਾਰ ਕੇ ਪਲੰਘ ਤੇ ਚੜ੍ਹਨਾ ਚਾਹੁੰਦੇ ਹਨ। ਏਨੇ ਨੂੰ ਮਾਤਾ ਭਾਨੀ ਜੀ ਨੇ ਆਪ ਨੂੰ ਦੇਖ ਲਿਆ। ਸਾਡੇ ਦੇਸ਼ ਵਿਚ ਕਿਸੇ ਸਤਿਕਾਰ ਯੋਗ ਬਜ਼ੁਰਗ ਦੇ ਆਸਣ ਤੇ ਬੈਠਣਾ ਠੀਕ ਨਹੀਂ ਸਮਝਿਆ ਜਾਂਦਾ। ਇਸ ਲਈ ਮਾਤਾ ਜੀ ਨੇ ਦੌੜ ਕੇ ਫੜਨਾ ਚਾਹਿਆ। ਅਚਾਨਕ ਬਾਹਰੋਂ ਤੀਸਰੀ ਪਾਤਸ਼ਾਹੀ ਆ ਗਏ। ਉਨ੍ਹਾਂ ਨੇ ਦੇਖ ਕੇ ਪਿਆਰ ਨਾਲ ਫੁਰਮਾਇਆ—'ਬੇਟਾ! ਤੂੰ ਹੁਣੇ ਹੀ ਸਾਡੇ ਆਸਣ ਤੇ ਬੈਠਣਾ ਚਾਹੁੰਦਾ ਹੈਂ? ਉਤਾਵਲਾ ਨਾ ਹੋ ਇਹ ਚੀਜ਼ ਵੇਲੇ ਸਿਰ ਹੀ ਮਿਲਣ ਵਾਲੀ ਹੈ।' ਇਹ ਕਹਿ ਕੇ ਪਿਆਰ ਨਾਲ ਚੁਕ ਲਿਆ ਤੇ ਗੋਦ ਵਿਚ ਲੈ ਕੇ ਬਚਨ ਕੀਤਾ—"ਦੋਹਿਤਾ, ਬਾਣੀ ਕਾ ਬੋਹਿਥਾ।"

ਸ਼ਾਦੀਆਂ—

ਜਿਸ ਵਕਤ ਮਹਾਰਾਜ ਜਵਾਨ ਹੋਏ, ਆਪ ਦੀ ਪਹਿਲੀ ਸ਼ਾਦੀ ਪਿੰਡ ਮੌੜ ਵਿਚ ਚੰਦਨ ਦਾਸ ਖੱਤਰੀ ਦੀ ਬੇਟੀ ਰਾਮ ਦੇਵੀ ਜੀ ਨਾਲ ਹੋਈ, ਪਰ ਉਹ ਬਿਨਾ ਸੰਤਾਨ ਹੀ ਚਲਾਣਾ ਕਰ ਗਏ। ਇਸ ਲਈ ਗੁਰੂ ਜੀ ਦੀ ਦੂਜੀ ਸ਼ਾਦੀ ਪਿੰਡ ਮਉ, ਪਰਗਣਾ ਫਲੌਰ ਵਿਚ ਕਿਸ਼ਨ ਚੰਦ ਖਤਰੀ ਦੀ ਬੇਟੀ ਸ੍ਰੀ ਮਾਤਾ ਗੰਗਾ ਜੀ ਨਾਲ ਹੋਈ, ਜਿਨ੍ਹਾਂ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਗਟ ਹੋਏ। ਪਿੰਡ ਮਉ ਵਿਚ ਪੰਚਮ ਪਾਤਸ਼ਾਹ ਦੀ ਯਾਦਗਾਰ ਵਿਚ ਗੁਰਦਵਾਰਾ ਹੈ। ਸ਼ਾਦੀ ਸਮੇਂ ਗੁਰੂ ਜੀ ਨੇ ਦੋ ਬਸਤਰ ਪਹਿਨੇ ਸਨ, ਉਨ੍ਹਾਂ ਵਿਚੋਂ ਇਕ ਕੁੜਤਾ, ਪਜਾਮਾ ਤੇ ਇਕ ਪਰਨਾ ਮੌਜੂਦ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਅਸੀਂ ਦੋ ਪਹਿਲੂਆਂ ਤੋਂ ਵਿਚਾਰ ਕਰਦੇ ਹਾਂ—੧. ਸ਼ਖਸੀ ਜੀਵਨ। ੨. ਲੋਕ ਸੇਵਾ ਦਾ ਜੀਵਨ। ਆਪ ਦੇ ਸ਼ਖਸੀ ਜੀਵਨ ਤੇ ਆਤਮਿਕ ਗੁਣਾਂ

ਵਿਚੋਂ ਪਹਿਲਾ ਗੁਣ ਖਿਮਾ ਤੇ ਸ਼ਹਿਨ ਸ਼ੀਲਤਾ ਸੀ । ਦੇਸ ਦੇ ਰਵਾਜ ਅਨੁਸਾਰ ਪਿਤਾ ਦੀ ਜਾਇਦਾਦ ਦਾ ਵਾਰਸ ਤੇ ਗੱਦੀ ਦਾ ਹਕਦਾਰ ਵਡਾ ਪੁਤਰ ਪ੍ਰਿਥੀ ਚੰਦ ਸੀ, ਪਰ ਸ੍ਰੀ ਗੁਰੂ ਰਾਮ ਦਾਸ ਜੀ ਨੇ ਗੁਰ ਗੱਦੀ ਆਪ ਨੂੰ ਬਖਸ਼ੀ ਸੀ । ਇਸ ਲਈ ਵਡੇ ਭਰਾ ਨੇ ਸਖਤ ਵਿਰੋਧਤਾ ਕੀਤੀ । ਪ੍ਰਿਥੀਏ ਨੇ ਸਾਰੇ ਮਸੰਦਾਂ ਨੂੰ ਕਾਬੂ ਕੀਤਾ । ਹਕੂਮਤ ਨਾਲ ਗੰਢ ਲਈ । ਉਸ ਦਾ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਦੇਣੀ ਕਾਨੂੰਨ ਦੇ ਵਿਰੁਧ ਹੈ ।

ਪ੍ਰਿਥੀ ਚੰਦ ਨੇ ਅੰਮ੍ਰਿਤਸਰ ਦੀ ਸਾਰੀ ਆਮਦਨ ਬਾਹਰੋਂ ਖੂਹਾਂ ਤੇ ਜ਼ਮੀਨ ਦੀ ਪੈਦਾਵਾਰ, ਸੰਗਤ ਦੀ ਕਾਰ ਭੇਟ ਤੇ ਲੰਗਰ ਦੇ ਨਾਮ ਪਰ ਆਈ ਮਾਇਆ ਸਭ ਲੈ ਲਈ । ਪੰਚਮ ਸਤਿਗੁਰੂ ਨੇ ਕੋਈ ਰੋਸ ਨਾ ਕੀਤਾ । ਆਪ ਜੀ ਨੇ ਹੋਰ ਸਭ ਕੁਝ ਦੇ ਦਿਤਾ ਪਰ ਗੁਰੂ ਕੇ ਲੰਗਰ ਨੂੰ ਮਨੁਖ ਮਾਤਰ ਦੀ ਸੇਵਾ ਲਈ ਇਕ ਸੰਸਥਾ ਸਮਝ ਕੇ ਲੈ ਲਿਆ । ਆਪ ਇਸ ਨੂੰ ਦੁਖ ਭੁਖ ਤੇ ਕਈ ਪ੍ਰਕਾਰ ਦੇ ਕਸ਼ਟ ਸਹਿ ਕੇ ਭੀ ਚਲਾਂਦੇ ਰਹੇ । ਪ੍ਰਿਥੀਏ ਨੇ ਇਹ ਚਾਲ ਫੜ ਲਈ ਕਿ ਲੰਗਰ ਲਈ ਆਈ ਰਸਦ ਤੇ ਮਾਇਆ ਸੰਭਾਲ ਲੈਣੀ ਤੇ ਜਿਹੜੇ ਪਰਾਹੁਣੇ ਜਾਂ ਸੰਗਤ ਆਉਣ, ਉਨ੍ਹਾਂ ਨੂੰ ਗੁਰੂ ਕੇ ਲੰਗਰ ਵਿਚ ਭੇਜ ਦੇਣਾ । ਗੁਰੂ ਜੀ ਪਾਸ ਜੋ ਕੁਝ ਸੀ ਉਹ ਆਪ ਨੇ ਸੰਗਤਾਂ ਦੀ ਸੇਵਾ ਲਈ ਖਰਚ ਕਰ ਦਿਤਾ ਅਖੀਰ ਨੂੰ ਆਪ ਦਾ ਹਥ ਤੰਗ ਹੋ ਗਿਆ । ਇਥੋਂ ਤੀਕ ਕਿ ਹਜ਼ੂਰ ਨੂੰ ਆਪ ਰੁਖੀ ਮਿਸੀ ਰੋਟੀ ਮਿਲਣ ਲਗੀ । ਆਮਦਨ ਕੋਈ ਨਹੀਂ ਸੀ ਤੇ ਲੰਗਰ ਦਾ ਖਰਚ ਜਾਰੀ ਸੀ । ਜੋ ਅੰਨ ਪਕਦਾ ਉਹ ਸੰਗਤਾਂ ਨੂੰ ਛਕਾ ਦਿੰਦੇ ਸਨ । ਕਈ ਵੇਰ ਆਪ ਤੇ ਮਾਤਾ ਗੰਗਾ ਜੀ ਭੁਖੇ ਹੀ ਸੌਂ ਰਹਿੰਦੇ ।

ਜਿਸ ਤਰ੍ਹਾਂ ਕੋਈ ਬਿਰਛ ਧੁਪ, ਛਾਂ, ਗੜੇ ਮਾਰ ਤੇ ਹਨੇਰੀਆਂ ਸਹਿ ਕੇ ਤਪਦੇ ਸੰਸਾਰ ਨੂੰ ਠੰਢੀ ਛਾਂ ਤੇ ਮਿਠੇ ਫਲ ਦਿੰਦਾ ਹੈ, ਇਸ

ਸਗੋਂ ਹੀ ਖਿਮਾਂ ਤੇ ਸਹਿਨ-ਸ਼ੀਲਤਾ ਦੇ ਪੁੰਜ, ਗੁਰੂ ਅਰਜਨ ਦੇਵ ਜੀ ਪ੍ਰਿਥੀਏ ਨਾਲ ਵਰਤਾ ਕੀਤਾ। ਆਪ ਨੂੰ ਕ੍ਰੋਧ ਨਹੀਂ ਆਇਆ ਮੂੰਹੋਂ ਕੋਈ ਕੌੜਾ ਬਚਨ ਨਹੀਂ ਕੀਤਾ। ਸਗੋਂ ਸਬਰ ਤੇ ਸ਼ੁਕਰ ਨਾਲ ਪ੍ਰਿਥੀ ਚੰਦ ਦੀਆਂ ਸਾਰੀਆਂ ਗੱਲਾਂ ਬਰਦਾਸ਼ਤ ਕੀਤੀਆਂ, ਫਿਰ ਉਸ ਨਾਲ ਪ੍ਰੇਮ ਕੀਤਾ। ਉਸ ਦੇ ਪੁਤਰ ਮਿਹਰਬਾਨ ਨੂੰ ਪੁਤਰਾਂ ਵਾਂਗੂ ਪਾਲਦੇ ਰਹੇ।

ਭਾਈ ਗੁਰਦਾਸ ਜੀ ਆਗਰੇ ਤੋਂ ਵਾਪਸ ਆਏ। ਆਪ ਨੂੰ ਲੰਗਰ ਦੀ ਹਾਲਤ ਵੇਖ ਕੇ ਬਹੁਤ ਦੁਖ ਹੋਇਆ। ਆਪ ਨੇ ਬਾਬਾ ਬੁਢਾ ਜੀ, ਭਾਈ ਸਾਹਲੋ, ਜੇਠੇ ਪੈੜੇ ਅਤੇ ਗੁਰੀਏ ਨਾਲ ਸਲਾਹ ਕੀਤੀ। ਭਾਈ ਸਾਹਿਬ ਜਿਥੇ ਹੁਣ ਗੁਰਦਵਾਰਾ ਪਿਪਲੀ ਸਾਹਿਬ ਹੈ, ਇਥੇ ਬੈਠ ਗਏ ਆਪ ਨੇ ਸੰਗਤਾਂ ਨੂੰ ਅਸਲੀਅਤ ਸਮਝਾਈ। ਲੰਗਰ ਦੀ ਸੇਵਾ ਲਈ ਪ੍ਰੇਰਨਾ ਕੀਤੀ। ਜਦੋਂ ਸੰਗਤਾਂ ਨੂੰ ਪ੍ਰਿਥੀ ਚੰਦ ਦੀ ਕੁਟਲ ਨੀਤੀ ਦਾ ਪਤਾ ਲਗਾ, ਉਸ ਦੇ ਵਿਰੁਧ ਨਫਰਤ ਫੈਲਦੀ ਗਈ। ਇਥੋਂ ਤੀਕ ਕਿ ਉਸ ਦਾ ਨਾਂ 'ਮੀਣਾ' ਪੈ ਗਿਆ। ਝੂਠਾ ਆਦਮੀ ਕੁਝ ਦਿਨਾਂ ਲਈ ਕੁਝ ਆਦਮੀਆਂ ਨੂੰ ਧੋਖਾ ਦੇ ਸਕਦਾ ਹੈ, ਪਰ ਸਦਾ ਲਈ ਨਹੀਂ। ਕੁਟਲ ਨੀਤੀ, ਮਸੰਦਾਂ ਦੇ ਬਲ ਅਤੇ ਹਕੂਮਤ ਦੀ ਸਹਾਇਤਾ ਦੇ ਬਾਵਜੂਦ ਉਸ ਨੂੰ ਕੋਈ ਸਫਲਤਾ ਨਾ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਰਤਾਪ ਦਿਨੋ ਦਿਨ ਵਧਦਾ ਹੀ ਗਿਆ।

ਸ੍ਰੀ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਵਡਾਲੀ ਚਲੇ ਗਏ। ਇਥੇ ਆਪ ਨੇ ਤਿੰਨ ਸਾਲ ਨਿਵਾਸ ਕੀਤਾ। ਹਾੜ ਵਦੀ ੧ ਸੰਮਤ ੧੬੫੨ ਨੂੰ ਵਡਾਲੀ ਵਿਚ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਵਤਾਰ ਹੋਇਆ। ਪ੍ਰਿਥੀ ਚੰਦ ਤੇ ਉਸ ਦੀ ਵਹੁਟੀ ਕਰਮੋ ਨੂੰ ਇਸ ਦਾ ਬੜਾ ਦੁਖ ਹੋਇਆ। ਉਸ ਨੇ ਸਾਜ਼ਸ਼ ਕਰ ਕੇ ਇਕ ਦਾਈ ਅਤੇ ਖਿਡਾਵੀ ਪਾਸੋਂ ਸਹਿਬਜ਼ਾਦੇ ਨੂੰ ਜ਼ਹਿਰ ਦੁਆਈ। ਜਿਸ ਨੂੰ ਵਾਹਿਗੁਰੂ ਰਖੇ ਉਸ ਨੂੰ ਕੌਣ ਮਾਰ ਸਕਦਾ ਹੈ ? ਸ੍ਰੀ ਗੁਰੂ ਹਰਿ

ਗੋਬਿੰਦ ਸਾਹਿਬ ਬਚ ਗਏ। ਇਕ ਸਪਿਆਧੇ ਪਾਸੋਂ ਉਨ੍ਹਾਂ ਨੂੰ ਸੱਪ
ਲੜਾਉਣਾ ਚਾਹਿਆ, ਤਦ ਭੀ ਪੇਸ਼ ਨਾ ਗਈ । ਇਕ ਬ੍ਰਹਮ ਗਿਆਨੀ
ਵਾਂਗ ਗੁਰੂ ਜੀ ਨੇ ਸਭ ਕੁਝ ਬਰਦਾਸ਼ਤ ਕੀਤਾ ।

ਅਖੀਰ ਪ੍ਰਿਥੀਏ ਨੇ ਦਿਲੀ ਜਾ ਦਾਹਵਾ ਕੀਤਾ ਕਿ ਗੁਰੂ ਗੱਦੀ
ਦਾ ਹਕਦਾਰ ਮੈਂ ਹਾਂ। ਗੁਰੂ ਜੀ ਮੇਰੇ ਪੁਤਰ ਮਿਹਰਬਾਨ ਨੂੰ ਪੁਤਰੇਲਾ
ਬਣਾ ਕੇ ਹੁਣ ਹਟਾਉਣਾ ਚਾਹੁੰਦੇ ਹਨ।' ਅਕਬਰ ਬਾਦਸ਼ਾਹ ਨੇ ਅਰਜ਼ੀ
ਸੁਣੀ। ਵਜ਼ੀਰ ਖਾਂ ਵਰਗੇ ਨੇਕ ਬੰਦਿਆਂ ਨੇ ਬਾਦਸ਼ਾਹ ਨੂੰ ਮਸ਼ਵਰਾ
ਦਿਤਾ–'ਗੁਰ ਗੱਦੀ ਵਿਰਾਸਤ ਨਹੀਂ ਜੋ ਵਡੇ ਪੁਤਰ ਨੂੰ ਮਿਲੇ, ਇਹ
ਗੁਣਾਂ ਦੀ ਬਿਨਾ ਤੇ ਦਿਤੀ ਗਈ ਦਾਤ ਹੈ।' ਇਹ ਸੁਣ ਕੇ ਬਾਦਸ਼ਾਹ ਨੇ
ਪ੍ਰਿਥੀਏ ਦੀ ਅਰਜ਼ੀ ਖਾਰਜ ਕਰ ਦਿਤੀ।

ਪ੍ਰਿਥੀ ਚੰਦ ਨੇ ਹਰ ਗਲ ਵਿਚ ਗੁਰੂ ਜੀ ਦਾ ਸ਼ਰੀਕਾ ਕੀਤਾ
ਪਰ ਕਿਸੇ ਗਲ ਵਿਚ ਉਸ ਨੂੰ ਸਫ਼ਲਤਾ ਨਹੀਂ ਹੋਈ। ਪੰਚਮ ਪਾਤ-
ਸ਼ਾਹ ਨੇ ਕੁਸ਼ਟੀਆਂ ਤੇ ਦੁਖੀਆਂ ਦੀ ਸੇਵਾ ਲਈ ਤਰਨ ਤਾਰਨ
ਬਣਾਇਆ, ਮੁਕਾਬਲੇ ਤੇ ਪ੍ਰਿਥੀ ਚੰਦ ਨੇ ਤਰਨ ਤਾਰਨੋਂ ਉਰੇ ਦੁਖ
ਨਿਵਾਰਨ ਰਚਿਆ, ਪਰ ਕਿਸੇ ਦਾ ਦੁਖ ਦੂਰ ਨਾ ਕਰ ਸਕਿਆ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ
ਸਾਹਿਬ ਬਣਾਇਆ। ਪ੍ਰਿਥੀ ਚੰਦ ਨੇ ਇਸ ਦੇ ਮੁਕਾਬਲੇ ਤੇ ਲਾਹੌਰ ਤੋਂ
੧੫-੧੬ ਮੀਲ ਦੀ ਵਿਥ ਤੇ ਪਿੰਡ ਹੇਅਰ ਵਿਚ ਇਕ ਦਰਬਾਰ ਤੇ ਤਲਾ
ਬਣਵਾਇਆ। ਪਰ ਉਹ ਸਿਖ ਸੰਗਤਾਂ ਨੂੰ ਆਪਣੇ ਵਲ ਨਾ ਕਰ ਸਕਿਆ।
ਕਾਗਜ਼ਾਂ ਦੇ ਫੁਲਾਂ ਵਿਚੋਂ ਸੁਗੰਧੀ ਕਿਵੇਂ ਆ ਸਕਦੀ ਸੀ ? ਇਸ
ਦਰਬਾਰ ਦੇ ਨਾਂ ੭੦੦ ਵਿਘੇ ਜ਼ਮੀਨ ਸੀ । ਇਸ ਤੋਂ ਬਿਨਾ ਹਕੂਮਤ
ਨੇ ਮਾਲਵੇ ਵਿਚ ਪ੍ਰਿਥੀ ਚੰਦ ਨੂੰ ਕੋਠਾ ਪਿੰਡ ਜਗੀਰ ਵਿਚ ਦਿਤਾ।
ਪਰ ਪ੍ਰਿਥੀ ਚੰਦ ਗੁਰੂ ਨਾਨਕ ਦੇਵ ਜੀ ਦੀ ਬਰਾਬਰੀ ਨਹੀਂ ਕਰ
ਸਕਿਆ ।

*

ਇਕੀਵਾਂ ਵਿਆਖਿਆਨ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲੋਕ ਸੇਵਾ
ਸ੍ਰੀ ਹਰਿਮੰਦਰ, ਤਰਨ ਤਾਰਨ ਤੇ ਕਰਤਾਰ ਪੁਰ ਦੀ ਰਚਨਾ

ਹੁਣ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੀਤੇ ਹੋਏ ਮਹਾਨ ਕਾਰਜਾਂ ਦਾ ਸੰਖੇਪ ਵਰਨਣ ਕਰਦੇ ਹਾਂ, ਜੋ ਆਪ ਨੇ ਸਿਖੀ ਦੀ ਉਨਤੀ ਤੇ ਮਨੁਖ ਜਾਤੀ ਦੇ ਭਲੇ ਲਈ ਕੀਤੇ ਹਨ।

(੧) ਸ੍ਰੀ ਅੰਮ੍ਰਿਤਸਰ ਦੀ ਸੇਵਾ–

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਿਛੋਂ ਸੰਮਤ ੧੬੩੮ ਵਿਚ ਹੀ ਅੰਮ੍ਰਿਤਸਰ ਆ ਗਏ ਤੇ ਸੰਮਤ ੧੬੪੬ ਤਕ ਇਥੇ ਰਹੇ। ਸਭ ਤੋਂ ਪਹਿਲੇ ਆਪ ਨੇ ਸ੍ਰੀ ਅੰਮ੍ਰਿਤ ਸਰੋਵਰ ਨੂੰ ਪਕਿਆਂ ਕਰਨ ਦੀ ਸੇਵਾ ਕੀਤੀ। ਮਹਾਰਾਜ ਆਪ ਤੇ ਸੰਗਤਾਂ ਕਾਰ ਸੇਵਾ ਕਰਦੀਆਂ ਸਨ। ਉਸ ਵਕਤ ਆਪ ਨੇ ਇਹ ਸ਼ਬਦ ਉਚਾਰਨ ਕੀਤਾ :

> ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
> ਆਪਨਾ ਬਿਰਦੁ ਰਖਿਆ ਪਰਮੇਸਰਿ ਜਨ ਨਾਨਕ ਨਾਮੁ ਧਿਆਇਆ ॥ (ਸੂਹੀ ਮ: ੫)

ਦਰਸ਼ਨੀ ਡਿਉਢੀ, ਗੁਰੂ ਬਾਜ਼ਾਰ ਤੇ ਗੁਰੂ ਕੇ ਮਹਿਲ ਭੀ ਹਜ਼ੂਰ ਨੇ ਬਣਵਾਏ ਹਨ।

(੨) ਸੰਤੋਖਸਰ–

ਇਸ ਸਰੋਵਰ ਨੂੰ ਪਕਿਆਂ ਕਰਨ ਦੀ ਸੇਵਾ ਸੰਮਤ ੧੬੪੩ ਵਿਚ ਗੁਰੂ ਜੀ ਨੇ ਕਰਾਈ। ਇਸ ਲਈ ਪਿਸ਼ਾਵਰ ਨਿਵਾਸੀ ਭਾਈ ਸੰਤੋਖੇ ਨੇ ਮਾਇਆ ਖਰਚ ਕੀਤੀ।

(੩) ਸ੍ਰੀ ਹਰਿਮੰਦਰ ਜੀ–

ਗੁਰੂ ਅਰਜਨ ਦੇਵ ਜੀ ਨੇ ਕਤਕ ਸੁਦੀ ੫ ਸੰਮਤ ੧੬੪੫ ਨੂੰ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਦੀ ਨਹੀਂ ਰਖੀ। 'ਤਵਾਰੀਖ ਅੰਮ੍ਰਿਤਸਰ' ਵਿਚ ਲਿਖਿਆ ਹੈ ਕਿ ਉਸ ਸਮੇਂ ਸਾਈਂ ਮੀਆਂ ਮੀਰ ਜੀ ਨੂੰ ਸਦਿਆ ਗਿਆ। ਉਹਨਾਂ ਪਾਸੋਂ ਪਹਿਲੀ ਇਟ ਰਖਾਈ ਗਈ। ਇਹ ਇਸ ਗਲ ਦਾ ਸਬੂਤ ਹੈ ਕਿ ਸਿਖ ਸਤਿਗੁਰੂਆਂ ਦੀ ਨਜ਼ਰ ਵਿਚ ਨੇਕੀ, ਸਚਾਈ, ਆਤਮਾ ਤੇ ਮਜ਼ਹਬ ਇਕੋ ਸਨ। ਉਹਨਾਂ ਵਿਚ ਮਜ਼ਹਬੀ ਤੇ ਫਿਰਕੂ ਪੱਖਪਾਤ ਨਹੀਂ ਸੀ।

ਜਿਸ ਤਰ੍ਹਾਂ ਸ੍ਰੀ ਅੰਮ੍ਰਿਤ ਸਰੋਵਰ ਸਾਰੇ ਮਨੁਖਾਂ ਲਈ ਇਕ ਤੀਰਥ ਸੀ, ਸ੍ਰੀ ਹਰਿਮੰਦਰ ਸਾਹਿਬ ਸਾਰੇ ਮਨੁਖਾਂ ਲਈ ਇਕ ਸਾਂਝਾ ਮੰਦਰ ਬਣਾਇਆ ਗਿਆ। ਇਸ ਦਾ ਨਕਸ਼ਾ ਗੁਰੂ ਜੀ ਦੇ ਪਵਿਤਰ ਦਿਲ ਦਿਮਾਗ ਨੇ ਆਪ ਬਣਾਇਆ। ਇਹ ਹਿੰਦੂ ਅਤੇ ਇਸਲਾਮੀ ਆਰਟ ਨੂੰ ਮੇਲਦਾ ਹੈ–

ਗੁਰੂ ਜੀ ਨੇ ਫੁਰਮਾਇਆ ਸੀ–

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਂਝਾ ॥
(ਸੂਹੀ ਮ: ੫)

ਇਸੇ ਆਦਰਸ਼ ਨੂੰ ਪੂਰਾ ਕਰਨ ਲਈ ਸ੍ਰੀ ਹਰਿਮੰਦਰ ਦੇ ਚਾਰ ਦਰਵਾਜ਼ੇ ਰਖੇ ਗਏ। ਚੌਹਾਂ ਵਰਨਾਂ ਤੇ ਚੌਹਾਂ ਦਿਸ਼ਾਂ ਵਿਚੋਂ

ਕੋਈ ਆਵੇ, ਹਰੇਕ ਮਨੁਖ ਨੂੰ ਦਰਸ਼ਨ ਦੀ ਖੁਲ੍ਹ ਕੀਤੀ ਗਈ। ਹਿੰਦੁਸਤਾਨ ਦੇ ਧਰਮ ਮੰਦਰ ਉਚੀਆਂ ਜਾਤੀਆਂ ਲਈ ਸਨ। ਕਈ ਥਾਈਂ 'ਮੁਨਕਰਾਂ' ਤੇ 'ਕਾਫਰਾਂ' ਦਾ ਜਾਣਾ ਬੰਦ ਸੀ। ਸਾਰੀ ਮਨੁਖ ਜਾਤੀ ਤੇ 'ਹਰੀ ਦੇ ਜਨਾਂ' ਲਈ ਇਕ ਮੰਦਰ ਦੀ ਲੋੜ ਸੀ। ਇਸ ਘਾਟੇ ਨੂੰ ਪੰਚਮ ਪਾਤਸ਼ਾਹ ਨੇ ਪੂਰਾ ਕੀਤਾ। ਸ੍ਰੀ ਹਰਿਮੰਦਰ ਦੀ ਜਿਥੇ ਰਚਨਾ ਅਸਚਰਜ ਹੈ* ਉਥੇ ਮਰਯਾਦਾ ਵੀ ਆਦਰਸ਼ਕ ਹੈ। ਹਜ਼ੂਰ ਨੇ ਫੁਰਮਾਇਆ ਹੈ:

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਇ ਰਾਮ ॥
(ਬਿਹਾਗੜਾ ਮਹਲਾ ੫)

ਇਹੀ ਇਕ ਅਸਥਾਨ ਹੈ ਜਿਥੇ ਦਿਨ ਰਾਤ ਨਾਮ ਬਾਣੀ ਦਾ ਕੀਰਤਨ ਹੁੰਦਾ ਹੈ। ਗੁਰੂ ਜੀ ਨੇ ਮਨੁਖ ਹਿਰਦਿਆਂ ਨੂੰ ਕੀਰਤਨ ਰਾਹੀਂ ਆਤਮਿਕ ਸ਼ਾਂਤੀ ਦੇਣ ਲਈ ਚੌਕੀਆਂ ਨੀਅਤ ਕੀਤੀਆਂ। ਅੰਮ੍ਰਿਤ ਵੇਲੇ ਆਸਾ ਦੀ ਵਾਰ, ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ ਦੀ ਚੌਂਕੀ, ਸ਼ਾਮ ਨੂੰ ਸੋਦਰ ਤੇ ਚਾਰ ਘੜੀ ਰਾਤ ਗਏ ਕਲਿਆਨ ਚੌਂਕੀ ਹੁੰਦੀ ਹੈ। ਜਿਸ ਵਿਚ ਕਲਿਆਨ ਰਾਗ

---

*ਸ੍ਰੀ ਹਰਿਮੰਦਰ ਦੀ ਸੇਵਾ ਬਾਰਾਂ ਮਿਸਲਾਂ ਦੇ ਸਮੇਂ ਸ਼ੁਰੂ ਹੋਈ। ਸੋਨਾ ਤੇ ਸੰਗਮਰਮਰ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲੁਆਇਆ ਹੈ। ਜਿਸ ਬਾਰੇ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਦਰਵਾਜ਼ੇ ਤੇ ਪੱਤਰਾ ਲਗਾ ਹੋਇਆ ਹੈ। ਉਸ ਪਰ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਲਿਖ ਕੇ ਉਪਰੰਤ ਇਹ ਸ਼ਬਦ ਲਿਖੇ ਹਨ–

'ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਸਿਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਜੀ ਦੀ ਸੇਵਾ ਸ੍ਰੀਮਹਾਰਾਜਾ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਪਰ ਦਯਾ ਕਰਕੇ ਕਰਾਈ, ਸੰਮਤ ੧੮੮੭।"

ਦੇ ਸ਼ਬਦ ਪੜ੍ਹੇ ਜਾਂਦੇ ਹਨ। ਇਹਨਾਂ ਤੋਂ ਬਿਨਾਂ ਹੋਰ ਰਾਗਾਂ ਵਿਚ ਭੀ ਕੀਰਤਨ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਵਿਚ ਬੈਠ ਕੇ ਸਿਰੰਦੇ ਨਾਲ ਆਪ ਕੀਰਤਨ ਕੀਤਾ, ਸਿਖਾਂ ਨੂੰ ਸਿਖਾਇਆ। ਆਪ ਕੀਰਤਨ ਦੇ ਇੰਨੇ ਰਸੀਏ ਸਨ ਕਿ ਜਦ ਸਤਾ ਤੇ ਬਲਵੰਡ ਪੂਜਾ ਘਟ ਮਿਲਣ ਤੇ ਗੁਸੇ ਹੋ ਕੇ ਚਲੇ ਗਏ, ਕੀਰਤਨ ਕਰਨ ਨਾ ਆਏ, ਤਾਂ ਮਹਾਰਾਜ ਆਪ ਉਨ੍ਹਾਂ ਦੇ ਘਰ ਚਲ ਕੇ ਗਏ। ਪਰ ਉਨ੍ਹਾਂ ਬਚਨ ਨਾ ਮੰਨਿਆ ਤੇ ਗੁਰੂ ਘਰ ਦੀ ਨਿੰਦਾ ਕੀਤੀ ਤਾਂ ਆਪ ਮੁੜ ਆਏ। ਆਪ ਨੇ ਕੀਰਤਨ ਦੀ ਸੇਵਾ ਭਾਈ ਹਰੀ ਰਾਮ, ਗੁਰਸਰਨ ਤੇ ਭਾਈ ਸਾਹਿਬ ਰਾਮ ਨੂੰ ਬਖਸ਼ੀ*। ਸਤੇ ਅਤੇ ਬਲਵੰਡ ਦੀ ਬਹੁਤ ਹੀ ਦੁਰਦਸ਼ਾ ਹੋ ਗਈ। ਅਖੀਰ ਵਿਚ ਭਾਈ ਲਧੇ ਪਰਉਪਕਾਰੀ ਨੇ ਉਨ੍ਹਾਂ ਨੂੰ ਲਿਆਂਦਾ। ਸਤਿਗੁਰੂ ਨੇ ਕੀਰਤਨ ਨਾਲ ਪਿਆਰ ਕਰਦੇ ਹੋਏ ਰਬਾਬੀਆਂ ਨੂੰ ਬਖਸ਼ ਦਿਤਾ।

ਸ੍ਰੀ ਹਰਿਮੰਦਰ ਜੀ ਮਨੁਖਾਂ ਨੂੰ ਰਬੀ ਪਿਆਰ ਤੇ ਸਰਬ ਸਾਂਝ ਦਾ ਸੰਦੇਸ਼ ਦਿੰਦਾ ਹੈ। ਨੀਲੇ ਅਸਮਾਨ ਥਲੇ, ਨਿਰਮਲ ਜਲ ਨਾਲ ਭਰਪੂਰ, ਡਲ੍ਹਕ ਰਹੇ ਸਰੋਵਰ ਵਿਚ ਇਹ ਸਵਰਨ-ਜੜਤ ਮੰਦਰ ਪਿਆਰ, ਏਕਤਾ, ਬਰਾਬਰੀ ਤੇ ਆਤਮਿਕ ਉਨਤੀ ਦਾ ਮਧੁਰ ਗੀਤ ਸੁਣਾ ਰਿਹਾ ਹੈ। ਇਥੋਂ ਦੇ ਵਾਯੂ ਮੰਡਲ ਦੇ ਹਰੇਕ ਪ੍ਰਮਾਣੂ ਵਿਚ 'ਹਰਿ ਦਾ ਨਾਮ' ਗੂੰਜਦਾ ਹੈ। ਕ੍ਰੋੜਾਂ ਇਨਸਾਨਾਂ ਦੀ ਆਤਮਿਕ ਸ਼ਾਂਤੀ ਦਾ ਇਕ ਕੇਂਦਰ ਹੈ।

ਗ੍ਵਾਲ ਕਵੀ ਨੇ ਸ੍ਰੀ ਅੰਮ੍ਰਿਤਸਰ ਤੇ ਸ੍ਰੀ ਹਰਿਮੰਦਰ ਦਾ ਵਰਣਨ ਕਰਦੇ ਹੋਏ ਬੈਕੁੰਠ ਨੂੰ ਨੀਵਾਂ ਦਸਿਆ ਹੈ। ਉਹ ਕਹਿੰਦੇ ਹਨ :

---

*ਤਵਾਰੀਖ ਅੰਮ੍ਰਿਤਸਰ ਪੰਨਾ ੪੯।

ਗਾਜੈ[੧] ਸੁਰ[੨] ਊਹਾਂ, ਈਹਾਂ ਸਾਧੂ-ਰ[੩] ਸੁਰਾਜੈਂ ਸਦਾ,
ਸੁਧਾ[੪] ਹੈ ਵਹਾਂ ਤੇ ਈਹਾਂ ਸੁਧਾ-ਸਰ[੫] ਦਰਸ ਹੈ।
ਪਾਨ ਕੀਏ ਵਾਂਕੇ ਹੋਤ ਅਮਰ ਸੁ ਮਰਹੂੰ ਕੈ,
ਜੀਵਨ ਮੁਕਤਿ ਯਿਹ ਸਭ ਕੋ ਪਰਸ ਹੈ।
ਗਾਲਿ ਕਵਿ ਯੋਗਨਿ ਕੋ ਦੁਲਭ ਕਹਾ ਹੈ ਵਹੂ,
ਯੋਗੀ ਭੋਗੀ ਦੋਊਨ ਕੇ ਹੋਤ ਈਹਾ ਹਰਸ਼[੬] ਹੈ।
ਊਹਾਂ ਹਰਿ ਮੰਦਰ ਈਹਾਂ ਹਰਿ-ਗੁਰ ਮੰਦਰ ਹੈ,
ਯਾਂਤੇ ਗੁਰ ਪੁਰ[੭] ਸੁਰਪੁਰ ਤੇ ਸਰਸ[੮] ਹੈ।

(੪) ਤਰਨ ਤਾਰਨ-

ਸੰਮਤ ੧੬੪੭ ਵਿਚ ਅੰਮ੍ਰਿਤਸਰ ਤੋਂ ੧੪ ਮੀਲ ਦੱਖਣ ਵਲ ਪੰਚਮ ਪਾਤਸ਼ਾਹ ਨੇ ਤਰਨ ਤਾਰਨ ਵਸਾਇਆ। ਇਥੇ ਭੀ ਪਹਿਲੇ ਸਰੋਵਰ ਦੀ ਖੁਦਾਈ ਕੀਤੀ। ਇਸ ਦੇ ਇਕ ਕੰਢੇ ਤੇ ਮੰਦਰ ਬਣਾਇਆ। ਤਰਨ ਤਾਰਨ ਦਾ ਭਾਵ ਇਹ ਹੈ ਕਿ ਜੋ ਤਰਨ ਲਈ ਆਵੇਗਾ, ਉਸ ਨੂੰ ਤਾਰੇਗਾ।

ਗੁਰੂ ਜੀ ਦੇ ਬਣਾਏ ਹੋਏ ਅਸਥਾਨਾਂ ਵਿਚੋਂ ਸਰੋਵਰ ਤੇ ਸ੍ਰੀ ਹਰਿਮੰਦਰ ਸੇਵਾ ਤੇ ਸਾਂਝੇ ਪਿਆਰ ਦਾ ਸੰਦੇਸ਼ ਹਨ। ਤਰਨ ਤਾਰਨ ਦੁਖੀਆਂ ਦੀ ਸੇਵਾ ਦਾ ਬਹੁਤਾ ਉਚਾ ਆਦਰਸ਼ ਪੇਸ਼ ਕਰਦਾ ਹੈ। ਇਹ ਅਸਥਾਨ ਮਹਾਰਾਜ ਨੇ ਦੀਰਘ ਰੋਗੀਆਂ ਤੇ ਕੁਸ਼ਟੀਆਂ ਲਈ ਬਣਾਇਆ, ਜਿਨ੍ਹਾਂ ਦੇ ਨੇੜੇ ਕੋਈ ਨਹੀਂ ਸੀ ਜਾਂਦਾ। ਆਪ ਅਤੇ ਮਾਤਾ ਗੰਗਾ ਜੀ ਕੁਸ਼ਟੀਆਂ ਦੀ ਸੇਵਾ ਕਰਦੇ ਸਨ। ਭਜਨ ਕੀਰਤਨ ਤੇ ਬਾਣੀ ਨਾਲ ਮਨ ਨਰੋਆ ਹੁੰਦਾ ਹੈ, ਸੇਵਾ ਸੰਭਾਲ ਇਸ਼ਨਾਨ ਨਾਲ ਤਨ ਮਨ ਅਰੋਗ ਹੋ ਜਾਂਦਾ ਹੈ। ਸਾਰੇ ਹਿੰਦੁਸਤਾਨ ਵਿਚ ਇਹ ਪਹਿਲਾ ਕੇਂਦਰ ਹੈ, ਜਿਥੇ ਕੁਸ਼ਟੀਆਂ ਦੀ ਸੇਵਾ ਤੇ ਸੰਭਾਲ

੧ਸ਼ੋਭਦੇ। ੨ ਦੇਵਤੇ। ੩ ਸਾਧੂ ਰੂਪ ਦੇਵਤੇ। ੪ ਅੰਮ੍ਰਿਤ। ੫ ਅੰਮ੍ਰਿਤ-ਸਰੋਵਰ। ੬ ਖੁਸ਼ੀ। ੭ ਗੁਰੂ ਕੀ ਨਗਰੀ। ੮ ਚੰਗੀ।

ਕੀਤੀ ਗਈ। ਅਜ ਭੀ ਤਰਨ ਤਾਰਨ ਵਿਚ ਕੋਹੜਿਆਂ ਦੀ ਬਸਤੀ ਹੈ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਂ ਪਰ ਜੀਵਨ-ਨਿਰਬਹਾ ਕਰਦੇ ਹਨ।

ਜਿਸ ਵਕਤ ਤਰਨ ਤਾਰਨ ਦੇ ਸਰੋਵਰ ਨੂੰ ਪਕਿਆਂ ਕਰਨ ਦੀ ਸੇਵਾ ਹੋ ਰਹੀ ਸੀ ਤਾਂ ਇਲਾਕੇ ਦੇ ਚੌਧਰੀ ਨੂਰਦੀਨ ਦੇ ਪੁਤਰ ਅਮੀਰ ਦੀਨ ਨੇ ਇਟਾਂ ਖੋਹ ਲਈਆਂ ਤੇ ਆਪਣੀ ਹਵੇਲੀ ਬਣਾ ਲਈ। ਸਿਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ–'ਸਚੇ ਪਾਤਸ਼ਾਹ! ਚੌਧਰੀ ਨੇ ਧਕੇਸ਼ਾਹੀ ਕੀਤੀ ਹੈ। ਮਹਾਰਾਜ ਨੇ ਉਤਰ ਦਿਤਾ–'ਕੋਈ ਸਮਾਂ ਆਵੇਗਾ, ਇਹ ਇੱਟਾਂ ਵਾਪਸ ਆ ਜਾਣਗੀਆਂ।'

ਸੰਮਤ ੧੮੩੨ ਵਿਚ ਸ: ਬੁਧ ਸਿੰਘ ਜੀ ਫੈਜ਼ੁਲਾ ਪੁਰੀਏ ਨੇ ਨੂਰਦੀ ਸਰਾਂ ਦੇ ਬਣੇ ਹੋਏ ਮਹਿਲਾਂ ਦੀਆਂ ਇਟਾਂ ਲਿਆ ਕੇ ਤਰਨ ਤਾਰਨ ਦੇ ਸਰੋਵਰ ਨੂੰ ਲਾਈਆਂ। ਇਕ ਕੋਨੇ ਤੇ ਮੰਦਰ ਬਣਵਾਇਆ।

ਸੰਤ ਬਾਬਾ ਕ੍ਰਮਾ ਸਿੰਘ ਜੀ ਗੁਰੂ ਸਤਲਾਣੀ ਵਾਲਿਆਂ ਦੀ ਪ੍ਰੇਰਨਾਂ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿਛੋਂ ਕੰਵਰ ਨੌਨਿਹਾਲ ਸਿੰਘ ਜੀ ਨੇ ਵੀ ੧੮੯੧-੯੨ ਵਿਚ ਤਰਨ ਤਾਰਨ ਦੀ ਸੇਵਾ ਕੀਤੀ।

ਸੰਮਤ ੧੮੯੨ ਵਿਚ ਤਰਨ ਤਾਰਨ ਦੇ ਮੰਦਰ ਤੇ ਚੜ੍ਹਾਉਣ ਲਈ ਸਵਾ ਮਣ ਸੋਨਾ ਭੇਟਾ ਕੀਤਾ, ਜੋ ਵੀਹ ਲਖ ਚੌਦਾਂ ਹਜ਼ਾਰ ਅਠ ਸੌ ਅੱਸੀ ਰੁਪਏ ਦਾ ਸੀ। ਪਿਛੋਂ ਏਨਾ ਸੋਨਾ ਕੰਵਰ ਜੀ ਨੇ ਵੀ ਦਿਤਾ। ਤਰਨ ਤਾਰਨ ਦੇ ਸਰੋਵਰ ਦੀ ਲੰਬਾਈ ੨੧੨ ਗਜ਼, ਚੌੜਾਈ ੨੦੮ ਗਜ਼ ਤੇ ਡੂੰਘਾਈ ੧੨ ਗਜ਼ ਹੈ। ਇਹ ਤੀਰਥ ੮੪ ਵਿਘਿਆਂ ਵਿਚ ਹੈ।

(ਗੁਰਧਾਮ ਸੰਗ੍ਰਹਿ ਪੰਨਾ ੮੯ ਕ੍ਰਿਤ ਗਿ: ਗਿਆਨ ਸਿੰਘ)

(੫) ਕਰਤਾਰ ਪੁਰ (ਜਲੰਧਰ) –

ਸਿਖੀ ਪਰਚਾਰ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਬੇ ਵਿਚ ਦੌਰਾ ਕਰ ਰਹੇ ਸਨ । ਅਨੇਕ ਨਗਰਾਂ ਨੂੰ ਤਾਰਦੇ ਸਿਖੀ ਦੇ ਪੁਰਾਣੇ ਕੇਂਦਰ ਡੱਲੇ ਨਗਰ ਵਿਚ ਜਾ ਠਹਿਰੇ । ਇਥੇ ਅਜ਼ੀਮ ਖਾਂ ਸੂਬਾ ਜਲੰਧਰ ਨੇ ਆਪ ਦੇ ਦਰਸ਼ਨ ਕੀਤੇ । ਸੰਗਤ ਵਿਚ ਉਪਦੇਸ਼ ਸੁਣ ਕੇ ਤੇ ਅਤੁਟ ਲੰਗਰ ਚਲਦਾ ਵੇਖ ਕੇ ਸੂਬੇ ਨੂੰ ਬਹੁਤ ਖੁਸ਼ੀ ਹੋਈ । ਉਸ ਨੇ ਬੇਨਤੀ ਕੀਤੀ–'ਮੇਰੀ ਖ਼ਾਹਸ਼ ਹੈ ਕਿ ਸਤਿਸੰਗ ਤੇ ਸੇਵਾ ਦੀ ਰੌ ਚਲਾਉਣ ਲਈ ਆਪ ਦੁਆਬੇ ਵਿਚ ਕੋਈ ਨਗਰ ਵਸਾਓ ਜਾਂ ਅਸਥਾਨ ਬਣਾਓ ।' ਅਜ਼ੀਮ ਖਾਂ ਦੀ ਬੇਨਤੀ ਮੰਨ ਕੇ ੨੧ ਮਘਰ ਸੰਮਤ ੧੬੫੦ ਨੂੰ ਕਰਤਾਰ ਪੁਰ ਦੀ ਨੀਂਹ ਰਖੀ । ਇਕ ਵਡੀ ਟਾਹਲੀ ਕਟ ਕੇ ਮੋਹੜੀ ਗੱਡੀ ਗਈ । ਛੇਤੀ ਹੀ ਨਗਰ ਵੱਸ ਗਿਆ ।

ਪੰਚਮ ਪਾਤਸ਼ਾਹ ਜੀ ਨੇ ਆਪ ਭੀ ਤੇ ਬਾਹਦ ਵਿਚ ਛੇਵੇਂ ਸਤਵੇਂ ਤੇ ਨੌਵੇਂ ਸਤਿਗੁਰੂ ਜੀ ਨੇ ਇਥੇ ਨਿਵਾਸ ਕੀਤਾ । ਬਾਬਾ ਗੁਰਦਿਤਾ ਜੀ ਇਥੇ ਬਿਰਾਜਦੇ ਰਹੇ । ਛੇਵੇਂ ਪਾਤਸ਼ਾਹ ਅਤੇ ਬਾਰਾਂ ਮਿਸਲਾਂ ਸਮੇਂ ਕਰਤਾਰ ਪੁਰ ਦੇ ਪਰਗਣੇ ਵਿਚ ਬੜੇ ਜੰਗ-ਜੁਧ ਹੋਏ ਹਨ । ਗੁਰੂ ਜੀ ਦੇ ਸਮੇਂ ਵਿਸਾਖੀ ਦਾ ਮੇਲਾ ਸ਼ੁਰੂ ਹੋਇਆ, ਜੋ ਅਜੇ ਤੀਕ ਲਗਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਹੁਣ ਤੀਕ ਧੀਰਮਲ ਦੀ ਸੰਤਾਨ ਕਰਤਾਰਪੁਰੀਏ ਸੋਢੀਆਂ ਪਾਸ ਕਰਤਾਰ ਪੁਰ ਵਿਚ ਮੌਜੂਦ ਹੈ । ਹਰ ਸੰਗ੍ਰਾਂਦ ਨੂੰ ਇਸ ਦੇ ਦਰਸ਼ਨ ਕਰਾਏ ਜਾਂਦੇ ਹਨ।

(੬) ਛਿਹਰਟਾ–

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ੧੬੫੧ ਤੋਂ ੧੬੫੩ ਤਕ ਵਡਾਲੀ ਵਿਚ ਨਿਵਾਸ ਕੀਤਾ । ਇਥੇ ਹੀ ਛੇਵੇਂ ਪਾਤਸ਼ਾਹ ਦਾ ਅਵਤਾਰ ਹੋਇਆ । ਇਸ ਖੁਸ਼ੀ ਵਿਚ ਆਪ ਨੇ ਇਕ ਖੂਹ ਛਿਹਰਟਾ ਬਣਾਇਆ । ਇਸ ਪਰਗਣੇ ਵਿਚ ਖੇਤੀ ਬਾੜੀ ਦੀ ਉਨਤੀ ਲਈ

ਗੁਰੂ ਜੀ ਨੇ ਹੋਰ ਕਈ ਪਿੰਡਾਂ ਵਿਚ ਖੂਹ ਲਵਾਏ। ਛਿਹਰਟਾ ਸਾਹਿਬ ਇਕ ਪ੍ਰਸਿਧ ਅਸਥਾਨ ਹੈ। ਇਥੇ ਹਰ ਸਾਲ ਬਸੰਤ ਪੰਚਮੀ ਦਾ ਜੋੜ ਮੇਲਾ ਹੁੰਦਾ ਹੈ।

(੭) ਬਾਉਲੀ ਸਾਹਿਬ ਲਾਹੌਰ–

ਗੁਰੂ ਜੀ ਸੰਮਤ ੧੬੫੬ ਵਿਚ ਲਾਹੌਰ ਗਏ। ਉਥੇ ਹਿੰਦੂ ਭਗਤਾਂ, ਕਈ ਸੰਤਾਂ ਅਤੇ ਮੁਸਲਮਾਨ ਫ਼ਕੀਰਾਂ ਨਾਲ ਗੋਸ਼ਟ ਕੀਤੀ। ਉਸ ਸਮੇਂ ਵਿਚ ਗੁਰਦਵਾਰਾ ਬਾਉਲੀ ਸਾਹਿਬ, ਡੱਬੀ ਬਾਜ਼ਾਰ ਲਾਹੌਰ ਦੀ ਤਾਮੀਰ ਹੋਈ। ਇਹ ਲਾਹੌਰ ਦੇ ਮੁਖੀ ਗੁਰਦਵਾਰਿਆਂ ਵਿਚੋਂ ਸੀ। ਸੰਨ ੧੯੪੭ ਦੀ ਵੰਡ ਪਿਛੋਂ ਬਰਬਾਦ ਕੀਤਾ ਗਿਆ।

(੮) ਗੁਰੂ ਕਾ ਬਾਗ–

ਮਾਝੇ ਵਿਚ ਦੌਰਾ ਕਰਦੇ ਹੋਏ ਪੰਚਮ ਸਤਿਗੁਰੂ ਜੀ ਨੇ ਸਹਿੰਸਰੇ ਦੇ ਪਾਸ 'ਗੁਰੂ ਕਾ ਬਾਗ' ਬਣਾਇਆਂ। ਇਥੇ ਰਾਜਾ ਮੰਡੀ ਨੂੰ ਉਪਦੇਸ਼ ਕੀਤਾ। ਇਹ ਉਹ ਅਸਥਾਨ ਹੈ, ਜਿਥੇ ੧੯੨੨ ਵਿਚ 'ਅਕਾਲੀ ਸਤਿਆਗ੍ਰਹਿ' ਹੋਇਆ।

(੯) ਰਾਮਸਰ–

ਸ੍ਰੀ ਅੰਮ੍ਰਿਤਸਰ ਵਿਚ ਸੰਮਤ ੧੬੫੯-੬੦ ਵਿਚ ਗੁਰੂ ਜੀ ਨੇ ਰਾਮਸਰ ਬਣਾਇਆ। ਇਸ ਦੇ ਕਿਨਾਰੇ ਬੈਠ ਕੇ ਸੁਖਮਨੀ ਸਾਹਿਬ ਉਚਾਰਨ ਕੀਤੀ ਤੇ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

(੧੦) ਸ੍ਰੀ ਹਰਿਗੋਬਿੰਦ ਪੁਰ–

ਮਿ: ਡੇਵਿਡ ਰਾਸ ਨੇ ਆਪਣੀ ਪੁਸਤਕ 'ਪੰਜ ਦਰਿਆਵਾਂ ਦੀ ਧਰਤੀ' (The Land of Five Rivers) ਵਿਚ ਲਿਖਿਆ ਹੈ ਕਿ ਸ੍ਰੀ ਹਰਿਗੋਬਿੰਦ ਪੁਰ ਵੀ ਗੁਰੂ ਅਰਜਨ ਦੇਵ ਨੇ ਆਪਣੇ ਸਪੁਤ੍ਰ ਦੇ ਨਾਮ ਪਰ ਵਸਾਇਆ। ਜਿਸ ਪਰ ਸੋਢੀ ਜਵਾਹਰ ਸਿੰਘ ਕਰਤਾਰ ਪੁਰੀਏ ਦਾ ਅਧਿਕਾਰ ਰਿਹਾ ਹੈ। (ਪੰਨਾ ੨੦੩)

ਸਤਿਗੁਰਾਂ ਨੇ ਜਿਸ ਸਮੇਂ ਨਗਰ ਵਸਾਏ ਜਾਂ ਸ੍ਰੀ ਹਰਿਮੰਦਰ

ਧਾਰਮਿਕ ਅਸਥਾਨ ਬਣਾਏ ਹਨ, ਉਸ ਸਮੇਂ ਮੁਗਲ ਬਾਦਸ਼ਾਹਾਂ ਨੇ 'ਸ਼ਾਹੀ ਇਮਾਰਤਾਂ ਤੇ ਮਸੀਤਾਂ' ਬਣਾਈਆਂ ਹਨ। ਪਰ ਮੁਗਲ ਇਮਾਰਤਾਂ ਤੇ ਗੁਰ-ਅਸਥਾਨਾਂ ਵਿਚ ਇਕ ਫਰਕ ਹੈ । ਉਹ ਇਹ ਕਿ ਮੁਗਲਾਂ ਨੇ ਲੋਕਾਂ ਪਾਸੋਂ ਵਗਾਰ ਤੇ ਟੈਕਸ ਲੈ ਕੇ ਜਬਰ ਨਾਲ ਕੰਮ ਲਿਆ ਹੈ । ਦੇਸ਼ ਵਿਚ ਕਾਲ ਪੈ ਜਾਂਦਾ ਸੀ, ਪਰ ਇਮਾਰਤਾਂ ਬਣੀ ਜਾਂਦੀਆਂ ਸਨ । ਕ੍ਰੋੜਾਂ ਰੁਪਏ ਜਨਤਾ ਦੇ ਸਿਰ ਬੋਝ ਹੁੰਦਾ ਸੀ । ਗੁਰ ਅਸਥਾਨ ਸੰਗਤ ਦੀ ਨਿਸ਼ਕਾਮ ਸੇਵਾ ਨਾਲ ਬਣੇ ਹਨ । ਮੁਗਲਾਂ ਦਾ ਉਦੇਸ਼ ਸ਼ਖਸੀ ਮਾਨ ਵਡਿਆਈ ਤੇ ਐਸ਼-ਇਸ਼ਰਤ ਸੀ। ਸਿਖ ਗੁਰੂਆਂ ਨੇ ਜੋ ਧਰਮ ਮੰਦਰ ਬਣਾਏ, ਉਹ ਸੇਵਾ, ਬਰਾਬਰੀ ਤੇ ਆਤਮਿਕ ਉਨਤੀ ਲਈ ਹਨ ।

ਸ੍ਰੀ ਅੰਮ੍ਰਿਤਸਰ ਨੂੰ ਵਸਾਉਣ ਤੇ ਆਰਥਿਕ ਉਨਤੀ ਦਾ ਜੋ ਕੰਮ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤਾ ਸੀ, ਉਸ ਨੂੰ ਮੁਕੰਮਲ ਪੰਚਮ ਪਾਤਸ਼ਾਹ ਨੇ ਕੀਤਾ । ਆਪ ਨੇ ਭੀ ਕੌਮੀ ਖੁਸ਼ਹਾਲੀ ਲਈ ਬੜਾ ਯਤਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਰੱਬ ਦੀ ਭਗਤੀ ਸਰਬ ਸਾਂਝ, ਸਮਾਨਤਾ ਤੇ ਖੁਲ੍ਹ-ਦਿਲੀ ਦਾ ਸੰਦੇਸ਼ ਦਿੰਦਾ ਹੈ। ਤਰਨ ਤਾਰਨ ਦੁਖੀਆਂ ਦੀ ਸੇਵਾ ਲਈ ਪ੍ਰੇਰਨਾ ਕਰਦਾ ਹੈ । ਗੁਰੂ ਜੀ ਨੇ ਲੋਕਾਂ ਨੂੰ ਫੋਕਾ ਮਜ਼ਬ ਜਾਂ ਆਤਮਿਕ ਉਪਦੇਸ਼ ਨਹੀਂ ਦਿਤਾ ਬਲਕਿ ਜਨਤਾ ਦੀਆਂ ਲੋੜਾਂ ਨੂੰ ਮਹਿਸੂਸ ਕੀਤਾ ਤੇ ਦੁਖਾਂ ਨੂੰ ਮਿਟਾਇਆ ਹੈ। ਇਕ ਵੇਰ ਪੰਜਾਬ ਵਿਚ ਕਾਲ ਪੈ ਗਿਆ। ਬਾਦ-ਸ਼ਾਹ ਅਕਬਰ ਗੁਰੂ ਜੀ ਨੂੰ ਮਿਲਣ ਆਇਆ। ਆਪ ਨੇ ਉਸ ਨੂੰ ਕਿਹਾ ਇਸ ਸਾਲ ਲਈ ਜ਼ਮੀਨ ਦਾ ਮਾਮਲਾ ਛੱਡ ਦੇਹ । ਗੁਰੂ ਜੀ ਦਾ ਬਚਨ ਮੰਨ ਕੇ ਬਾਦਸ਼ਾਹ ਨੇ ਮਾਮਲਾ ਮਾਫ਼ ਕਰ ਦਿਤਾ । ਰਾਜਾ ਬੀਰਬਲ ਨੇ ਬੇ-ਇਨਸਾਫ਼ੀ ਕਰਕੇ ਅੰਮ੍ਰਿਤਸਰ ਦੇ ਖੱਤਰੀਆਂ ਤੇ ਜੋ ਟੈਕਸ ਲਾਇਆ ਸੀ, ਗੁਰੂ ਜੀ ਨੇ ਉਹ ਵੀ ਦੇਣ ਤੋਂ ਇਨਕਾਰ ਕਰ ਦਿਤਾ। ਸਿਖਾਂ ਵਿਚ ਦਸਵੰਧ ਦੇਣ ਦੀ ਮਰਯਾਦਾ ਭੀ ਆਪ ਨੇ ਕਾਇਮ ਕੀਤੀ।

ਬਾਈਵਾਂ ਵਿਆਖਿਆਨ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਉਪਕਾਰ
ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨੀ

ਪੰਚਮ ਪਾਤਸ਼ਾਹ ਨੇ ਸੰਸਾਰ ਉਤੇ ਜੋ ਪਰਉਪਕਾਰ ਕੀਤੇ ਹਨ, ਉਨ੍ਹਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨੀ ਇਕ ਮਹਾਨ ਉਪਕਾਰ ਹੈ । ਇਹ ਆਪ ਦੀ ਅਮਰ ਯਾਦਗਾਰ ਹੈ । ਸਿਖ ਪੰਥ ਦੀ ਜਥੇਬੰਦੀ, ਕੌਮੀ ਜੀਵਨ ਤੇ ਪ੍ਰਚਾਰ ਦੀ ਉਨਤੀ, ਇਸੇ ਦੇ ਆਸਰੇ ਹੈ। ਸਾਰੀ ਮਨੁਖ ਜਾਤੀ ਨੂੰ ਆਤਮਿਕ ਉਨਤੀ ਵਿਕਾਸ ਸਚਾਈ ਤੇ ਨੇਕੀ ਦਾ ਸੰਦੇਸ਼ ਦਿਤਾ ਗਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਹਨ ? ਰੂਹਾਨੀ ਸ਼ਾਂਤੀ ਲਈ ਅੰਮ੍ਰਿਤ ਦੇ ਅਮੁਕ ਸੋਮੇ, ਭਗਤੀ, ਗਿਆਨ ਤੇ ਵੈਰਾਗ ਦੇ ਭੰਡਾਰ, ਬਾਣੀ ਦੇ ਬੋਹਿਥ ਅਤੇ ਸਚਾਈ ਦਾ ਪ੍ਰਕਾਸ਼ । ਭਾਈ ਗੁਰਦਾਸ ਜੀ ਲਿਖਦੇ ਹਨ–

ਜੈਸੇ ਤੋ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਈ ।
ਜੈਸੇ ਪਰਬਤ ਬਿਖੈ ਹੀਰਾ ਮਾਨਿਕ ਪਾਰਸ ਸਿਧ,
ਖਨਵਾਰਾ[1] ਖਨਿ ਜਗ ਬਿਖੈ ਪ੍ਰਗਟਾਵਈ ।
ਜੈਸੇ ਬਨ ਬਿਖੈ ਮਲਿਆਗਰ[2] ਕਪੂਰ ਸੋਧਾ,
ਸੋਧਕੈ ਸੁਬਾਂਸੀ ਸੁਬਾਸਤ[3] ਬਿਹਸਾਵਈ ।
ਤੈਸੇ ਗੁਰਬਾਣੀ ਬਿਖੈ ਸਗਲ ਪਦਾਰਥ ਹੈਂ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ[4] ।
(ਭਾ: ਗੁ: ਕਬਿਤ ੫੪੬)

---

੧ ਖੁਟਣ ਵਾਲਾ । ੨ ਚੰਦਨ । ੩ ਗਾਂਧੀ । ੪ ਪ੍ਰਗਟ ।

ਸੈਂਚੀਆਂ ਲਿਆਉਂਣੀਆਂ—

ਗੁਰਬਾਣੀ ਨੂੰ ਬੀੜ ਰੂਪ ਵਿਚ ਤਿਆਰ ਕਰਨ ਦਾ ਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੈ । ਪਹਿਲੇ ਸਤਿਗੁਰੂ ਦੀ ਬਾਣੀ ਮਨਸੁਖ ਆਦਿਕ ਸਿਖਾਂ ਨੇ ਲਿਖੀ । ਕੁਝ ਬਾਣੀ ਦੂਸਰੇ ਪਾਤਸ਼ਾਹ ਨੇ ਭਾਈ ਪੈੜੇ ਮੋਖੇ ਪਾਸੋਂ ਲਿਖਾਈ। ਤੀਸਰੇ ਪਾਤਸ਼ਾਹ ਦੇ ਸਮੇਂ ਬਾਬਾ ਮੋਹਨ ਜੀ ਦੇ ਪੁਤਰ ਸਹੰਸ ਰਾਮ ਜੀ ਗੁਰੂਆਂ ਦੀ ਬਾਣੀ ਲਿਖੀ* ਜੋ ਸੈਂਚੀਆਂ ਦੇ ਰੂਪ ਵਿਚ ਬਾਬਾ ਮੋਹਨ ਜੀ ਪਾਸ ਗੋਇੰਦਲਵਾਲ ਵਿਚ ਮੌਜੂਦ ਸੀ ।

ਸ੍ਰੀ ਗੁਰੂ ਅਰਜਨ ਦੇਵ ਜੀ ਸੰਮਤ ੧੬੫੭ ਤੋਂ ੧੬੬੨ ਤਕ ਸ੍ਰੀ ਅੰਮ੍ਰਿਤਸਰ ਬਿਰਾਜੇ। ਆਪ ਨੇ ਇਸ ਸਮੇਂ ਵਿਚ ਬੀੜ ਤਿਆਰ ਕਰਨ ਦਾ ਮਹਾਨ ਕੰਮ ਕੀਤਾ ਹੈ । ਬਾਬਾ ਮੋਹਨ ਜੀ ਪਾਸੋਂ ਸੈਂਚੀਆਂ ਲਿਆਉਣ ਲਈ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ ਪਰ ਗੁਰਬਾਣੀ ਵਰਗਾ ਪਦਾਰਥ ਕੌਣ ਦੇਵੇ ? ਮੋਹਨ ਜੀ ਨੇ ਇਨਕਾਰ ਕਰ ਦਿਤਾ। ਇਸ ਪਰ ਮਹਾਰਾਜ ਆਪ ਨੰਗੇ ਚਰਨੀਂ ਸੰਗਤ ਸਮੇਤ ਗੋਇੰਦਵਾਲ ਪੁਜੇ। ਜਿਥੇ ਚੁਬਾਰੇ ਵਿਚ ਮੋਹਨ ਜੀ ਰਹਿੰਦੇ ਸਨ, ਉਸ ਦੇ ਥਲੇ ਜਾ ਖਲੋਤੇ । ਮੋਹਨ ਜੀ ਮਸਤਾਨੀ ਬ੍ਰਿਤੀ ਦੇ ਅਤੇ ਸਮਾਧੀ ਵਿਚ ਲੀਨ ਸਨ । ਉਨ੍ਹਾਂ ਨੂੰ ਕੌਣ ਬੁਲਾਉਂਦਾ ? 'ਧੇਅ' ਇਕ ਵਾਹਿਗੁਰੂ ਸੀ, 'ਧਿਆਤਾ' ਮੋਹਨ ਜੀ ਸਨ। ਆਤਮਕ ਵਿਸਮਾਦ ਤੇ ਅੰਦਰਲੀ ਮਗਨਤਾ ਵਿਚ ਟਿਕੀ ਹੋਈ ਸੁਰਤ ਅਤੇ ਧਿਆਨ ਨੂੰ ਕੌਣ ਉਖੇੜ ਸਕਦਾ ਸੀ ? ਪੰਚਮ ਸਤਿਗੁਰੂ ਨੇ ਸੋਚਿਆ, ਸ਼ਾਇਦ ਮੋਹਨ ਜੀ ਨਾ ਬੋਲਣ।

---

*ਜਬਹੀ ਬਯ ਕਰ ਭਯੋ ਬਡੇਰਾ । ਸਤਿਗੁਰ ਬਾਣੀ ਲਿਖਹਿ ਘਨੇਰਾ ।

(ਗੁ: ਪ੍ਰ: ਸੂ: ੧-੫੯)

ਕਿਉਂ ਨਾ ਉਸ ਸੰਸਾਰ ਵਿਆਪੀ ਮੋਹਨ ਨੂੰ ਆਵਾਜ਼ ਮਾਰੀਏ, ਜਿਸ ਦੇ ਧਿਆਨ ਵਿਚ ਉਹ ਬੈਠੇ ਹਨ । ਆਪ ਦੇ ਸਿਰੰਦਾ ਸੁਰ ਕੀਤਾ । ਸ਼ਾਮ ਦਾ ਵਕਤ ਸੀ। ਬੜੀ ਮਧੁਰ ਸੁਰ ਤੇ ਲੈਅ ਵਿਚ ਗਉੜੀ ਰਾਗ ਦਾ ਇਹ ਸ਼ਬਦ ਉਚਾਰਨ ਕੀਤਾ–

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ।
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ।
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ।
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ।
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ।
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥
(ਗਉੜੀ ਮ: ੫)

ਇਹ ਸੁਣ ਕੇ ਮੋਹਨ ਜੀ ਦੀ ਸਮਾਧੀ ਖੁਲ੍ਹ ਗਈ। ਚੁਬਾਰੇ ਦੀ ਬਾਰੀ ਖੋਲ੍ਹ ਕੇ ਉਨ੍ਹਾਂ ਥਲੇ ਵੇਖਿਆ। ਪੰਚਮ ਪਾਤਸ਼ਾਹ ਖੜੇ ਸਨ। ਆਪ ਨੂੰ ਵੇਖ ਕੇ ਬਾਬਾ ਜੀ ਨੇ ਕਿਹਾ–

ਪ੍ਰਥਮ ਹਮਾਰੀ ਵਸਤੁ ਲਈ ਪਿਤ ਪਾਸ ਤੇ।
ਕੁਲ ਭਲਯਨ ਕੀ ਹੁਤੀ ਜੋ ਗੁਰਤਾ ਜਾਸ ਤੇ।

– – – –

ਲਾਜ ਨ ਧਾਰਿਹੁ ਆਪ ਅਬੈ ਚਲਿ ਆਇਓ ।
ਸਭਿ ਗੁਰੂਅਨਿ ਕੇ ਸ਼ਬਦ ਲੈਨਿ ਹਿਤੁ ਧਾਇਓ ।

– – – –

ਨਿੰਦਾ ਉਸਤਤਿ ਬਯਾਜ ਬਚਨ ਮੋਹਨ ਕਹੇ।
ਗੁਰ ਅਰਜਨ ਹੀ ਜਾਨ ਅਪਰ ਨਹਿ ਕਿਸ ਲਹੇ।
(ਗੁ: ਪ੍ਰ. ਸੂ.੩-੩੫)

ਇਹ ਬਚਨ ਸੁਣ ਕੇ ਪੰਚਮ ਪਾਤਸ਼ਾਹ ਜੀ ਨੇ ਸ਼ਬਦ ਦਾ ਦੂਜਾ ਅੰਕ ਉਚਾਰਨ ਕੀਤਾ–

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥
ਮੋਹਨ ਤੂੰ ਮਾਨਹਿ ਏਕੁ ਜੀਅ ਅਵਰ ਸਭ ਰਾਲੀ ॥

ਇਸ ਸ਼ਬਦ ਦੇ ਦੋ ਅੰਕ ਹੋਰ ਸੁਣ ਕੇ ਮੋਹਨ ਜੀ ਦਾ ਮਨ ਅਤਿ ਕੋਮਲ ਹੋ ਗਿਆ। ਨਿਮ੍ਰਤਾ ਅਤੇ ਪਰੇਮ ਵਸ ਹੋ ਕੇ ਆਪ ਨੇ ਸੈਂਚੀਆਂ ਦਿਤੀਆਂ। ਇਨ੍ਹਾਂ ਨੂੰ ਗੁਰੂ ਜੀ ਬੜੇ ਸਤਿਕਾਰ ਨਾਲ ਅੰਮ੍ਰਿਤਸਰ ਲੈ ਆਏ*। ਰਾਮਸਰ ਦੇ ਕਿਨਾਰੇ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਾਉਣੀ ਆਰੰਭ ਕੀਤੀ।

ਪੰਚਮ ਪਾਤਸ਼ਾਹ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਜੋ ਲਿਖਤ ਰੂਪ ਵਿਚ ਮਿਲ ਸਕੀ, ਉਹ ਵੀ ਮੰਗਾਈ। ਜੋ ਸਿਖਾਂ ਨੂੰ ਜ਼ਬਾਨੀ ਯਾਦ ਸੀ, ਇਕੱਤਰ ਕੀਤੀ। ਇਥੋਂ ਤੀਕ ਕਿ ਭਾਈ ਪੈੜੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਪਰ ਦਸੀ ਗਈ 'ਪ੍ਰਾਣ-ਸੰਗਲੀ' ਲਿਆਉਣ ਲਈ ਸੰਗਲਾ ਦੀਪ ਭੇਜਿਆ, ਭਗਤਾਂ ਦੀ ਜੋ ਬਾਣੀ

---

*ਮਈ ੧੯੪੨ ਵਿਚ ਪ੍ਰਸਿਧ ਲੇਖਕ ਸੇਂਟ ਨਿਹਾਲ ਸਿੰਘ ਤੇ ਅਸੀਂ ਗੋਇੰਦਵਾਲ ਗਏ। ਬਾਬਾ ਮੋਹਨ ਜੀ ਦੇ ਚੁਬਾਰੇ ਦੇ ਦਰਸ਼ਨ ਕੀਤੇ। ਸੇਵਾਦਾਰ ਨੂੰ ਪੁਛਿਆ—'ਸੈਂਚੀਆਂ ਦੇ ਦਰਸ਼ਨ ਕਰਾਓ।' ਉਸ ਨੇ ਉਤਰ ਦਿਤਾ 'ਬਾਬਾ ਭਗਤ ਸਿੰਘ ਜੀ ਸਰਹੱਦ ਵਿਚ ਲੈ ਗਏ ਹਨ। ਸੈਂਚੀਆਂ ਹੁਣ ਇਥੇ ਨਹੀਂ'। ਇਹ ਸੁਣ ਕੇ ਸੇਂਟ ਜੀ ਤੇ ਉਨ੍ਹਾਂ ਦੀ ਅਮਰੀਕਨ ਪਤਨੀ ਨੇ ਅਫਸੋਸ ਕੀਤਾ ਤੇ ਕਿਹਾ—'ਪੰਥ ਆਪਣੀਆਂ ਕਈ ਬਹੁ-ਮੁਲੀਆਂ ਲਿਖਤਾਂ ਇਸੇ ਤਰ੍ਹਾਂ ਗਵਾ ਚੁਕਾ ਹੈ। ਚਾਹੀਦਾ ਇਹ ਸੀ ਕਿ ਸੈਂਟਰਲ ਲਾਇਬਰੇਰੀ ਕਾਇਮ ਕਰ ਕੇ ਸੰਭਾਲ ਕੀਤੀ ਜਾਂਦੀ। ਅਹੀਆ ਪੁਰ (ਹੁਸ਼ਿਆਰ ਪੁਰ) ਵਿਚ ਸੈਂਚੀਆਂ ਦੀ ਇਕ ਕਾਪੀ ਬਹੁਤ ਪੁਰਾਤਨ ਅਸੀਂ ਵੇਖੀ ਹੈ, ਇਸ ਉਤੇ ਸੰਮਤ ੧੯੫੨ ਲਿਖਿਆ ਹੋਇਆ ਹੈ। ਅਜ ਕਲ ਗੋਇੰਦਵਾਲ ਵਿਚ ਕੋਈ ਸੈਂਚੀ ਨਹੀਂ।

ਪੰਜਾਬ ਵਿਚੋਂ ਜਾਂ ਬਾਹਰੋਂ ਮਿਲੀ, ਉਹ ਭੀ ਇਕਠੀ ਕੀਤੀ। ਜੋ ਭਗਤਾਂ ਤੇ ਪ੍ਰੇਮੀਆਂ ਨੂੰ ਯਾਦ ਸੀ ਉਹ ਭੀ ਸੁਣੀ। ਸਰਬ ਵਿਦਿਆ-ਨਿਧਾਨ, ਤਤ੍ਵ ਵੇਤਾ ਆਤਮ ਦਰਸ਼ੀ ਤੇ ਬ੍ਰਹਮ ਗਿਆਨੀ ਸਤਿਗੁਰੂ ਨੇ ਬਾਣੀ ਨੂੰ ਸੋਧਨ ਲਿਖਣ ਅਤੇ ਸੰਪਾਦਤ ਕਰਨ ਵਿਚ ਕਮਾਲ ਕਰ ਦਿਤਾ ਹੈ। ਆਪ ਨੇ ਸਤਿਗੁਰਾਂ ਦੀ ਬਾਣੀ ਨੂੰ ਕ੍ਰਮ ਤੇ ਰਾਗਾਂ ਅਨੁਸਾਰ ਤਰਤੀਬ ਦਿਤੀ ਹੈ। ਸਾਰੀ ਬਾਣੀ ੩੦ ਰਾਗਾਂ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸ੍ਰੀ ਰਾਗ ਤੋਂ ਆਰੰਭ ਕੀਤੀ ਹੈ। ੧ਓ ਤੋਂ ਲੇਕੇ ਦੂਸਰੇ ੧ਓ ਤਕ ਇਕ ਖਾਸ ਖਿਆਲ ਦਾ ਵਰਣਨ ਮਿਲਦਾ ਹੈ। ਰਾਗ, ਕਾਵਯ, ਛੰਦਾਂ ਬੰਦੀ, ਸ਼ਬਦਾਂ ਦੀ ਰਚਨਾਂ, ਗੁਰਬਾਣੀ ਨੂੰ ਲਗਾਂ-ਮਾਤਰਾਂ ਅਨੁਸਾਰ ਗੁਰਮੁਖੀ ਵਿਚ ਆਪਣੇ ਢੰਗ ਨਾਲ ਲਿਖਣਾ, ਆਤਮਿਕ ਗਿਆਨ ਨੂੰ ਡਾਢੀ ਸੁਚੱਜੀ ਤਰਤੀਬ ਦੇਣੀ ਆਦਿ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਬਾਣੀ ਨੂੰ ਇਕਤ੍ਰ ਕਰਕੇ ਉਸ ਨੂੰ ਬੀੜ ਰੂਪ ਲਈ ਇਸ ਲਈ ਵੀ ਦਿਤਾ ਕਿ ਪਹਿਲੇ ਚਾਰ ਸਤਿਗੁਰੂਆਂ ਦੀ ਬਾਣੀ ਨੂੰ ਸਹੀ ਰੂਪ ਵਿਚ ਸੁਰਖਿਅਤ ਤੇ ਕਾਇਮ ਰਖਿਆ ਜਾਵੇ। ਉਸ ਵਕਤ ਪ੍ਰਿਥੀ ਚੰਦ ਦਾ ਪੁਤਰ ਮਨੋਹਰ ਦਾਸ ਮਿਹਰਵਾਨ (੧੫੮੧-੧੬੪੦) ਈ: ਜਿਸ ਨੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਦੀ ਲਿਖੀ ਸੀ, ਉਹ ਆਪਣੀ ਬਾਣੀ ਨਾਨਕ ਨਾਮ ਹੇਠ ਰਚਕੇ ਸਿਖੀ ਨੂੰ ਟਪਲਾ ਦੇ ਕੇ ਆਪਣਾ ਗੁਰੂ ਡਮ ਸਿਧ ਕਰਨਾ ਚਾਹੁੰਦਾ ਸੀ। ਉਸ ਨੇ ਮਹਲਾ ੧ ਦੇ ਸਿਰਲੇਖ ਹੇਠਾਂ ਕਈ ਸ਼ਬਦ ਲਿਖੇ ਚਲਾਕੀ ਨਾਲ ਆਪਣੇ ਨਾਂ ਨਾਲ ਮਹਲਾ ੭ ਵੀ ਲਿਖਦਾ ਰਿਹਾ।

ਮਜ਼੍ਹਬ ਵਿਚ ਇਕ ਪੁਰਾਣਾ ਖਿਆਲ ਇਹ ਸੀ ਕਿ ਈਸ਼੍ਵਰ ਦਾ ਗਿਆਨ ਅਕਾਸ਼ ਬਾਣੀ ਦੇ ਰੂਪ ਵਿਚ ਪਰਗਟ ਹੁੰਦਾ ਹੈ। ਇਲਹਾਮ ਜਾਂ ਫਰਿਸ਼ਤਿਆਂ ਰਾਹੀਂ ਵਹੀ ਦੀ ਸ਼ਕਲ ਵਿਚ ਪੈਗੰਬਰ:

ਤੇ ਨਾਜ਼ਲ ਹੁੰਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਆਕਾਸ਼ ਵਿਚੋਂ ਆਈ ਆਵਾਜ਼ ਜਾਂ ਫਰਿਸ਼ਤਿਆਂ ਰਾਹੀਂ ਨਾਜ਼ਲ ਹੋਈ ਕਲਾਮ ਨਹੀਂ, ਇਹ ਸਤਿਗੁਰਾਂ ਤੇ ਭਗਤਾਂ ਦੀ ਪਵਿਤਰ ਆਤਮਾ ਦਾ ਵਾਹਿਗੁਰੂ ਵਿਚ ਲੀਨ ਹੋ ਕੇ ਪ੍ਰਾਪਤ ਕੀਤਾ ਹੋਇਆ ਗਿਆਨ ਤੇ ਅਨੁਭਵ ਹੈ। "ਜਿਹਾ ਡਿਠਾ ਮੈਂ ਤੇਹੋ ਕਹਿਆ" ਹੈ । ਗੁਰਬਾਣੀ ਵੇਦ ਅਤੇ ਕਤੇਬ ਸਭ ਤੋਂ ਪਿਛੋਂ ਲਿਖੀ ਗਈ ਹੈ, ਇਸ ਲਈ ਸਭ ਤੋਂ ਵਧੀਕ ਸਾਇੰਟੇਫਿਕ ਹੈ।

ਚਾਰ ਵੇਦ ਬ੍ਰਹਮਾ ਜੀ ਦਾ ਗਿਆਨ ਜਾਂ ਚਾਰ ਰਿਸ਼ੀਆਂ ਦਾ ਅਨੁਵਾਦ ਹਨ। ਕੁਰਾਨ ਮੁਹੰਮਦ ਉਤੇ, ਅੰਜੀਲ ਈਸਾ ਅਤੇ ਤੌਰੇਤ ਮੂਸਾ ਤੇ ਨਾਜ਼ਲ ਹੋਈ ਮੰਨੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਗੁਰਾਂ ਤੇ ਕਈ ਭਗਤਾਂ ਦਾ ਆਤਮਿਕ ਗਿਆਨ ਤੇ ਅਨੁਭਵ ਹੈ । ਗਿਆਨ ਵਾਹਿਗੁਰੂ ਦਾ ਹੈ, ਪਰ ਪ੍ਰਕਾਸ਼ ਲਈ ਹਿਰਦਿਆਂ 'ਚੋਂ ਹੋਇਆ ਹੈ। ਜਿਨ੍ਹਾਂ ਭਗਤਾਂ ਨੂੰ ਨੀਵੀਂ ਜ਼ਾਤ ਦਾ ਸਮਝਿਆ ਜਾਂਦਾ ਸੀ, ਉਨ੍ਹਾਂ ਦੀ ਬਾਣੀ ਦਰਜ ਕਰਕੇ ਇਸ ਗੱਲ ਦਾ ਸਬੂਤ ਦਿਤਾ ਹੈ ਕਿ ਆਤਮਿਕ ਗਿਆਨ ਸਾਰੇ ਹਿਰਦਿਆਂ ਵਿਚ ਪ੍ਰਕਾਸ਼ ਕਰ ਸਕਦਾ ਹੈ । ਜ਼ਾਤ ਪਾਤ ਦੇ ਊਚ ਨੀਚ ਦੀ ਬੀਮਾਰੀ ਨੂੰ ਜੜੋਂ ਕਟਿਆ ਹੈ। ਹਿੰਦੂ ਤੇ ਮੁਸਲਮਾਨਾਂ ਦਾ ਭੇਦ ਮਿਟਾਇਆ ਹੈ । ਆਤਮਿਕ ਗੁਣਾਂ ਦੀ ਜੋ ਧਾਰਾ ਹਿੰਦੁਸਤਾਨ ਦੇ ਭਿੰਨ ਭਿੰਨ ਹਿਸਿਆਂ ਵਿਚ ਚਲ ਰਹੀ ਸੀ, ਉਸ ਦਾ ਸੰਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਣਾਇਆ ਹੈ । ਭਗਤਾਂ ਦੀ ਬਾਣੀ ਨਿਰੋਲ ਭਗਤੀ ਭਾਵ ਨੂੰ ਮੁਖ ਰਖ ਕੇ ਦਰਜ ਕੀਤਾ ਹੈ । ਇਸ ਗਲ ਨੂੰ ਨਹੀਂ ਵੇਖਿਆ ਕਿ ਕਿਸੇ ਦੀ ਮਤ ਕੀ ਹੈ ? ਇਸ ਗੱਲ ਦੀ ਪ੍ਰਵਾਹ ਵੀ ਨਹੀਂ ਕੀਤੀ ਕਿ ਧੰਨਾ ਮੂਰਤੀ ਪੂਜਦਾ ਹੈ, ਕਬੀਰ ਵੈਸ਼ਨਵ ਹੈ ਜਾਂ 'ਨਿਤਿ ਉਠਿ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ' ਦੇ ਕਰਮ ਕਰਦਾ ਹੈ । ਕੋਈ ਭਗਤ ਅਵਤਾਰ ਪੂਜਾ ਕਰਦਾ ਹੈ ਜਾਂ ਆਵਾਗਉਨ ਮੰਨਦਾ ਹੈ । ਇਹ

ਨਹੀਂ ਵੇਖਿਆ ਕਿ ਫਰੀਦ ਪੰਜ ਨਿਮਾਜ਼ਾਂ ਪੁਲਸਰਾਤ, ਕਿਆਮਤ ਤੇ 'ਗੋਰਾਂ ਸੇ ਨਿਮਾਣੀਆਂ ਬਹਿਸਨ ਰੂਹਾਂ ਮਲ' ਪਰ ਯਕੀਨ ਰਖਦਾ ਹੈ। ਕੇਵਲ ਇਹ ਗੱਲ ਸਾਹਮਣੇ ਰਖੀ ਹੈ ਕਿ ਪ੍ਰੇਮ ਭਗਤੀ ਕਰਕੇ ਕੋਈ ਭਗਤ ਕਿਸ ਮੰਜ਼ਲ ਤਕ ਪਹੁੰਚਿਆ ਹੈ । ਰਸਤੇ ਦੀ ਬਹਿਸ ਨਹੀਂ ਕੀਤੀ–'ਟਿਕਾਣੇ' ਪਹੁੰਚਣ ਨੂੰ ਲਿਆ ਹੈ।

ਗੁਰੂ ਜੀ ਨੇ ਭਗਤਾਂ ਨਾਲ ਕਈ ਗੱਲਾਂ ਵਿਚ ਮਤ-ਭੇਦ ਪ੍ਰਗਟ ਕੀਤਾ ਹੈ । ਜਿਥੇ ਲੋੜ ਪਈ ਉਥੇ ਆਪਣਾ ਸਿਧਾਂਤ ਸਪਸ਼ਟ ਕਰਨ ਲਈ ਭਗਤ ਬਾਣੀ ਦੇ ਨਾਲ ਆਪਣੇ ਵਲੋਂ ਟੀਕਾ ਟਿਪਣੀ ਲਿਖੀ ਹੈ । ਭਗਤ ਬਾਣੀ ਨੂੰ ਦਰਜ ਕਰਕੇ ਧਾਰਮਿਕ ਸਾਹਿਤਯ ਵਿਚ ਇਕ ਅਸਚਰਜ ਉਦਾਹਰਨ ਪੇਸ਼ ਕੀਤੀ ਅਤੇ ਮਜ਼੍ਹਬ ਦੇ ਇਤਿਹਾਸ ਵਿਚ ਇਕ ਇਨਕਲਾਬ ਪੈਦਾ ਕੀਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੫੮੯੪ ਸ਼ਬਦ ਹਨ । ਜਿਨ੍ਹਾਂ ਵਿਚੋਂ ੯੩੭ ਭਗਤਾਂ ਦੇ ਹਨ।

ਪੰਚਮ ਪਾਤਸ਼ਾਹ ਨੇ ਗੁਰਬਾਣੀ ਵਿਚ ਜੋ ਵਾਰਾਂ ਦਰਜ ਕੀਤੀਆਂ ਹਨ, ਉਨ੍ਹਾਂ ਵਿਚੋਂ ਨੌਂ ਵਾਰਾਂ ਤੇ ਧੁਨਾ ਭੀ ਚੜ੍ਹਾਈਆਂ ਹਨ। ਇਹ ਸੂਰਬੀਰ ਤੇ ਉਪਕਾਰੀ ਪੁਰਸ਼ਾਂ ਦੇ ਨਾਮ ਪਰ ਢਾਡੀ ਗਾਉਂਦੇ ਸਨ । ਪਿਛੋਂ ਇਹ ਧੁਨਾਂ ਢਾਡੀਆਂ ਪਾਸੋਂ ਛੇਵੇਂ ਪਾਤਸ਼ਾਹ ਨੇ ਗਵਾਈਆਂ ਹਨ।

ਜਿਸ ਵਕਤ ਬੀੜ ਤਿਆਰ ਹੋ ਰਹੀ ਸੀ, ਪੰਜਾਬ ਦੇ ਭਗਤਾਂ ਵਿਚੋਂ ਛਜੂ, ਕਾਹਨਾ, ਪੀਲੂ ਤੇ ਸ਼ਾਹ ਹੁਸੈਨ ਆਪਣੀ ਬਾਣੀ ਚੜ੍ਹਾਉਣ ਦੇ ਖਿਆਲ ਨਾਲ ਲਿਆਏ । ਗੁਰੂ ਜੀ ਨੇ ਇਨ੍ਹਾਂ ਨੂੰ ਕਿਹਾ–'ਸੁਣਾਓ।' ਸਭ ਤੋਂ ਪਹਿਲੇ ਕਾਹਨੇ ਨੇ ਉਚਾਰਨ ਕੀਤਾ–

ਓਹੀ ਰੇ ਮੈਂ ਓਹੀ ਜਾਕਉ ਵੇਦ ਪੁਰਾਨ
ਜਸ ਗਾਵੇ ਖੋਜ ਦੇਖਉ ਮਤ ਕੋਈ ਰੇ ।

ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ–'ਕਾਹਨਾ ਜੀ, ਆਪ

ਤੁ ਬਾਣੀ ਵਿਚ ਵੇਦਾਂਤ ਕਥਨ ਕੀਤਾ ਹੈ। ਇਸ ਵਿਚ ਹਉਮੈ ਪਾਈ ਜਾਂਦੀ ਹੈ। ਅਸੀਂ 'ਮੈਂ' ਵਿਚ ਨਹੀਂ 'ਤੂੰ' ਵਿਚ ਲੀਨ ਹੋਣਾ ਹੈ। ਇਸ ਲਈ ਆਪ ਦੀ ਬਾਣੀ ਪਰਵਾਨ ਨਹੀਂ ਕੀਤੀ ਜਾ ਸਕਦੀ।'

ਫਿਰ ਪੀਲੂ ਨੂੰ ਕਿਹਾ—'ਤੁਸੀਂ ਕੁਝ ਉਚਾਰਨ ਕਰੋ।' ਪੀਲੂ ਨੇ ਕਿਹਾ—

ਅਸਾਂ ਨਾਲੋਂ ਸੇ ਭਲੇ ਜੰਮਦਿਆਂ ਮਰ ਗਏ।
ਚਿਕੜ ਪੈਰ ਨਾ ਬੋੜਿਆ ਨਾ ਆਲੂਦ ਭਏ।

ਇਹ ਬਚਨ ਸੁਣ ਕੇ ਗੁਰਦੇਵ ਨੇ ਕਿਹਾ—'ਪੀਲੂ ਜੀ ਆਪ ਦੀ ਬਾਣੀ ਵਿਚ ਮਨੁਖ-ਜੀਵਨ ਤੋਂ ਬਹੁਤ ਨਿਰਾਸਤਾ ਪਾਈ ਜਾਂਦੀ ਹੈ। ਸਿਖ ਧਰਮ ਆਸ਼ਾ-ਵਾਦੀ ਹੈ। ਇਸ ਵਿਚ ਜੀਵਨ ਤੋਂ ਨਿਰਾਸ ਹੋਣਾ ਨਹੀਂ ਸਿਖਾਇਆ ਗਿਆ। ਜੀਵਨ ਨੂੰ ਸੁਖੀ ਅਤੇ ਸਫ਼ਲ ਬਨਾਣਾ ਹੈ। ਇਸ ਲਈ ਤੁਹਾਡੀ ਬਾਣੀ ਕਿਵੇਂ ਚੜ੍ਹਾ ਸਕਦੇ ਹਾਂ?

ਛੱਜੂ ਜੀ ਦੀ ਵਾਰੀ ਆਈ। ਆਪ ਨੇ ਉਚਾਰਿਆ—

ਕਾਗਦ ਸੰਦੀ ਪੁਤਰੀ ਤਉ ਨ ਤ੍ਰਿਆ ਨਿਹਾਰ।

ਇਹ ਸੁਣ ਕੇ ਹਜ਼ੂਰ ਨੇ ਬਚਨ ਕੀਤਾ—'ਮਨੁਖਤਾ ਇਸਤਰੀ ਤੇ ਪੁਰਸ਼ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੀ। ਇਨ੍ਹਾਂ ਵਿਚਾਰਾਂ ਨਾਲ ਸਮਾਜ ਨਸ਼ਟ ਹੋ ਜਾਏਗਾ। ਸਿਖ ਧਰਮ ਗ੍ਰਹਿਸਤ ਤੇ ਕਰਮ ਯੋਗ ਦਾ ਮਾਰਗ ਹੈ।' ਇਸੇ ਉਪਦੇਸ਼ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਉਂ ਲਿਖਿਆ ਹੈ—

ਛੱਜੂ ਭਗਤ ਸੁਨਹੁ ਮਤ ਹਮਰੋ ਪੰਥ ਰਚਿਓ ਕਰਬੇ
ਸਤਿਸੰਗ। ਸਿਮਰਹਿ ਮਿਲ ਕਰ ਸ੍ਰੀ ਪ੍ਰਮੇਸੁਰ ਗ੍ਰਿਹਸਤ
ਵਿਖੈ ਲਿਵ ਲਾਇ ਅਭੰਗ।

ਇਨ੍ਹਾਂ ਭਗਤਾਂ ਦੀ ਬਾਣੀ ਪਰ ਗੁਰੂ ਜੀ ਵਲੋਂ ਗੰਭੀਰ ਅਤੇ ਭਾਵ ਪੂਰਤ ਕੀਤੀ ਗਈ ਟੀਕਾ ਟਿਪਣੀ ਸੁਣ ਤੇ ਸ਼ਾਹ ਹੁਸੈਨ

ਨੇ ਕਿਹਾ–

ਚੁਪ ਵੇ ਅੜਿਆ, ਚੁਪ ਵੇ ਅੜਿਆ ॥
ਬੋਲਣ ਦੀ ਨਹੀਂ ਜਾ ਵੇ ਅੜਿਆ।
ਸਜਣਾ ਬੋਲਣ ਦੀ ਨਹੀਂ ਜਾ ।
ਅੰਦਰ ਬਾਹਿਰਾ ਹਿਕਾ ਸਾਈਂ ।
ਕਿਸ ਨੂੰ ਆਖ ਸੁਣਾਈਂ ।
ਇਕ ਦਿਲਬਰ ਸਭ ਘਟ ਰਵਿਆ,
ਦੂਜਾ ਨਾਹੀਂ ਕਿਟਾਈਂ ।
ਕਹੇ ਹੁਸੈਨ ਫਕੀਰ ਨਿਮਾਣਾ ।
ਸਤਿਗੁਰ ਤੋਂ ਬਲ ਬਲ ਜਾਈਂ ।

ਇਸ ਤਰ੍ਹਾਂ ਗੁਰੂ ਜੀ ਨੇ ਬੜੀ ਖੋਜ ਪੜਤਾਲ ਤੇ ਛਾਨ ਬੀਨ ਨਾਲ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ । ਜਿਨ੍ਹਾਂ ਦੀ ਬਾਣੀ ਜੋਗ ਨਹੀਂ ਸਮਝੀ, ਨਹੀਂ ਚੜ੍ਹਾਈ । ਕਈ ਥਾਈਂ ਭਾਈ ਗੁਰਦਾਸ ਨੂੰ ਕਿਹਾ–'ਸੁਧ ਕੀਚੈ' । ਭਗਤਾਂ ਤੋਂ ਬਿਨਾਂ ੧੧ ਭੱਟਾਂ ਦੀ ਬਾਣੀ ਭੀ ਦਰਜ ਕੀਤੀ ਹੈ, ਜੋ ਗੁਰ-ਜੋਤੀ ਦੀ ਉਸਤਤਿ ਹੈ ।

ਹੁਣ ਅਸੀਂ ਪੰਚਮ ਪਾਤਸ਼ਾਹ ਦੀ ਆਪਣੀ ਬਾਣੀ ਸਬੰਧੀ ਕੁਝ ਦਸਣਾ ਚਾਹੁੰਦੇ ਹਾਂ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਪ ਦੀ ਬਾਣੀ ਸਾਰੇ ਸਤਿਗੁਰੂਆਂ ਤੇ ਭਗਤਾਂ ਨਾਲੋਂ ਵਧੀਕ ਹੈ। ਲਗ ਪਗ ੨੩੦੦ ਸ਼ਬਦ ਹਨ । ਇਹ ਬਾਣੀ ਡਾਢੀ ਮਿਠੀ, ਭਾਵ ਪੂਰਤ, ਫਿਲਾਸਫਾਨਾ, ਬੋਲੀ ਤੇ ਬੰਦਸ਼ ਦੇ ਲਿਹਾਜ ਨਾਲ ਅਤਿ ਸੁੰਦਰ ਹੈ। ਮਹਾਰਾਜ ਦੀਆਂ ਖਾਸ ਬਾਣੀਆਂ ਇਹ ਹਨ–ਬਾਰਾਂ ਮਾਹ, ਬਾਵਨ ਅਖਰੀ, ਗਉੜੀ ਥਿਤੀ, ਸੁਖਮਨੀ ਸਾਹਿਬ ਤੇ ਗਾਥਾ । ਬਾਰਾ ਮਾਹ ਵਿਚ ਵਾਹਿਗੁਰੂ ਦਾ ਵਿਛੋੜਾ–'ਕਿਰਤ ਕਰਮ ਕੇ ਵੀਛੁੜੇ' ਵਸਲ (ਮਿਲਾਪ) ਤੇ ਵਸੀਲਾ ਕਥਨ ਕੀਤਾ ਹੈ । ਸੁਖਮਨੀ ਸਾਹਿਬ ਆਪ ਦੀ ਖਾਸ ਬਾਣੀ ਹੈ । ਇਹ ਇਕ ਅਲੌਕਿਕ ਰਚਨਾ ਹੈ । ਇਸ

ਵੀਆਂ ਕੁਲ ਅਸ਼ਟਪਦੀਆਂ ਹਨ, ਜਿਨ੍ਹਾਂ ਵਿਚ ਵਖੋ ਵਖ ਸਿਧਾਂਤ ਕਥਨ ਕੀਤੇ ਹਨ । ਅਸ਼ਟਪਦੀ ਵਿਚ ਜਿਸ ਸਿਧਾਂਤ ਨੂੰ ਬਿਆਨ ਕੀਤਾ ਹੈ, ਉਸ ਦਾ ਸਾਰੰਸ਼ ਪਹਿਲੇ ਦੋਹਰੇ ਵਿਚ ਦਸਿਆ ਹੈ। ਸ੍ਰੀ ਯੁਤ ਟੀ. ਐਲ. ਵਿਸਵਾਨੀ ਲਿਖਦੇ ਹਨ–'ਰਿਸ਼ੀਆਂ ਨੇ ਕੁਦਰਤ ਦੀ ਗੋਦ ਵਿਚ ਬੈਠ ਕੇ ਉਪਨਿਸ਼ਦਾਂ ਉਚਾਰੀਆਂ ਸਨ, ਇਸੇ ਤਰ੍ਹਾਂ ਪੰਜਵੇਂ ਗੁਰੂ ਜੀ ਨੇ ਇਕਾਂਤ ਅਸਥਾਨ (ਰਾਮਸਰ) ਤੇ ਬੈਠ ਕੇ ਇਸ ਬਾਣੀ ਦਾ ਉਚਾਰਨ ਕੀਤਾ ਹੈ। ਇਹ ਗੁਰੂ ਸਾਹਿਬ ਦੀ ਆਤਮਾਂ ਦੇ ਆਪਣੇ ਡੂੰਘੇ ਅਨੁਭਵ ਹਨ, ਜੋ ਆਪ ਦੇ ਅੰਦਰੋਂ ਸੁਤੇ ਸਿਧ ਫੁਟ ਨਿਕਲੇ ਹਨ ।'

ਮਹਾਰਾਜ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ–

ਸੁਖਮਨੀ ਸੁਖ ਅੰਮ੍ਰਿਤ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥

ਅਰਥਾਤ ਜਿਸ ਸੁਖਮਨੀ ਸਾਹਿਬ ਵਿਚ ਪ੍ਰਭੂ ਦੇ ਅੰਮ੍ਰਿਤ ਨਾਮ ਦਾ ਵਰਣਨ ਕੀਤਾ ਗਿਆ ਹੈ । ਉਸ ਦਾ ਨਿਵਾਸ ਅਸਥਾਨ ਭਗਤ ਜਨਾਂ ਦਾ ਹਿਰਦਾ ਹੈ। ਸੁਖਮਨੀ ਦਾ ਮਤਲਬ ਮਨ ਦਾ ਸੁਖ ਜਾਂ ਅਨੰਦ ਹੈ ।

'ਸੁਖਮਨੀ' ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਸ਼ਰਾ-ਸ਼ਰੀਅਤ ਤੇ ਵਾਲ ਦੀ ਖੱਲ ਉਦੇੜਨ ਵਾਲੀ ਨਿਰੀ ਪੁਰੀ ਫੋਕੀ ਧਰਮ ਚਰਚਾ ਤੋਂ ਰਹਿਤ ਹੈ । ਇਹ ਜੀਵਨ ਬੁਝਾਰਤਾਂ ਦਾ ਇਕ ਅਮਲੀ ਹੱਲ ਪੇਸ਼ ਕਰਦੀ ਹੈ । ਇਸ ਦੀ ਦੂਜੀ ਖਾਸੀਅਤ ਹੈ, ਜੀਵਨ ਆਦਰਸ਼ ਵਲ ਅਟੁਟ ਭਗਤੀ । ਇਸ ਦੀ ਤੀਜੀ ਸਿਫਤ ਜਿਥੋਂ ਤੀਕ ਮੈਂ ਅਨੁਭਵ ਕਰ ਸਕਿਆ ਹਾਂ। ਇਹ ਹੈ ਕਿ ਇਹ ਗੁਰੂ ਨਾਨਕ ਜੋਤ ਨਾਲ ਇਕ ਸੁਰ ਹੋਣ ਲਈ ਅਸਚਰਜ

ਵਾਯੂ ਮੰਡਲ ਪੈਦਾ ਕਰਦੀ ਹੈ*। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਏਹੋ ਜੇਹੀ ਅਸਚਰਜ ਬਾਣੀ ਲਿਖੀ ਹੈ।

ਇਸ ਤੋਂ ਬਿਨਾਂ ਸਤਿਗੁਰੂਆਂ ਤੇ ਭਗਤਾਂ ਦੀ ਬਾਣੀ ਇਕਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਸਮਾਪਤੀ ਪਰ ਮੁੰਦਾਵਣੀ, ਲਿਖੀ ਅਤੇ ਫੁਰਮਾਇਆ–'ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਧਾਰੋ। ਅਰਥਾਤ 'ਗੁਰਬਾਣੀ' ਦੀ ਇਹ ਵਸਤੂ ਜੋ ਸੰਸਾਰ ਨੂੰ ਦੇ ਰਹੇ ਹਾਂ, ਇਹ ਛਡੀ ਨਹੀਂ ਜਾ ਸਕਦੀ, ਹਿਰਦੇ ਵਿਚ ਧਾਰਨ ਵਾਲੀ ਹੈ।' ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਆਰੰਭ '੧ੴ' ਤੋਂ ਕੀਤਾ ਗਿਆ। ਇਸ ਵਿਚ 'ਨਾਮ' ਨਾਮੀ ਤੇ ਨਾਮ ਜਪਣ ਵਾਲੇ ਕਿਸੇ ਮਹਾਂ ਪੁਰਖ ਦੀ ਕਿਸੇ ਜੀਵਨ ਘਟਨਾ ਦਾ ਵਰਨਣ ਕੀਤਾ ਗਿਆ ਹੈ। ਇਹ ਇਤਿਹਾਸ ਨਹੀਂ। ਸਾਇੰਸ ਦੀ ਕੋਈ ਪੁਸਤਕ ਨਹੀਂ, ਜਿਸ ਵਿਚ ਕੋਈ ਫਾਰਮੂਲਾ ਹੋਵੇ। ਇਹ ਦਿਮਾਗੀ ਮੁਸੱਰਤ ਦੀ ਚੀਜ਼ ਨਹੀਂ। ਦਿਲ ਨਾਲ ਸੰਬੰਧ ਰਖਣ ਵਾਲੀ ਬਹੁਤ ਮਿਠੀ ਤੇ ਪਿਆਰੀ ਆਤਮਿਕ ਵਸਤੂ ਹੈ। ਜਗਤ ਦੀ ਕਲਿਆਨ ਲਈ ਇਤਨਾ ਕਾਰਜ ਕਰਨ ਬਾਅਦ, ਪੰਚਮ ਪਾਤਸ਼ਾਹ ਨੇ ਸਰਬ ਸ਼ਕਤੀਮਾਨ ਅਗੇ ਬੇਨਤੀ ਕੀਤੀ–

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ॥†

---

*'ਸਿਖ ਸੈਂਕਚੂਰੀ' ਕ੍ਰਿਤ ਟੀ. ਐਲ. ਵਿਸਵਾਨੀ ਵਿਚੋਂ ਕੁਝ ਸਤਰਾਂ ਦਾ ਅਨੁਵਾਦ।

†ਸਤਿਗੁਰੂ ਨੇ ਇਤਨੀ ਮਹਾਨ ਆਤਮਿਕ ਰਚਨਾ ਸੰਸਾਰ ਨੂੰ ਦੇ ਕੇ ਆਪਾ ਨਹੀਂ ਜਣਾਇਆ। ਸੰਸਾਰ ਦੇ ਕਵੀ ਕਵਿਤਾ ਲਿਖ ਕੇ ਮਾਣ ਕਰਦੇ ਹਨ। ਰਿਸ਼ੀ ਬਾਲਮੀਕ ਨੇ 'ਰਾਮਾਇਣ' ਲਿਖ ਕੇ ਕਿਹਾ–"ਜਦ ਤੀਕ ਰਾਮ ਦਾ ਨਾਮ ਰਹੇਗਾ, ਮੇਰੀ ਰਚਨਾ ਯਾਦ ਰਹੇਗੀ।" ਅੰਗਰੇਜ਼ੀ ਦੇ ਕਵੀ ਪ੍ਰਸਿਧ ਮਿਲਟਨ ਨੇ ਆਪਣੀ ਰਚਨਾ ਬਾਰੇ ਕਿਹਾ ਸੀ **The world will not let it die.**

ਜੋ ਬਾਣੀ '੧ਓ' ਤੋਂ ਸ਼ੁਰੂ ਹੋਈ ਸੀ—'ਨਾਨਕ ਨਾਮ ਮਿਲੈ ਤਾਂ ਜੀਵਾਂ' ਤੇ ਉਸ ਨੂੰ ਸਮਾਪਤ ਕੀਤਾ ਗਿਆ। ਜਿਲਦ ਬਣਵਾ ਕੇ ਭਾਦਰੋਂ ਸੁਦੀ ੧ ਸੰਮਤ ੧੬੬੧ ਨੂੰ ਪਹਿਲੀ ਵੇਰ ਸ੍ਰੀ ਹਰਿਮੰਦਰ ਜੀ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਅਤੇ ਬਾਬਾ ਬੁਢਾ ਜੀ ਨੂੰ ਗਰੰਥੀ ਥਾਪਿਆ ਗਿਆ।*

ਏਥੇ ਇਕ ਗਲ ਦਾ ਨਿਰਣਾ ਕਰਨਾ ਜ਼ਰੂਰੀ ਜਾਪਦਾ ਹੈ। ਉਹ ਇਹ ਹੈ ਕਿ ਬੀੜ ਤਿਆਰ ਕਰਨ ਸਮੇਂ ਜਿਥੇ ਕੋਈ ਪੁਰਾਣਾ ਮਜ਼੍ਹਬੀ ਅਸਰ ਕਬੂਲ ਨਹੀਂ ਕੀਤਾ ਗਿਆ, ਉਥੇ ਰਾਜਨੀਤਕ ਪ੍ਰਭਾਵ ਵੀ ਕਬੂਲ ਨਹੀਂ ਕੀਤਾ। ਵਿਚਾਰਾਂ ਦੀ ਸੁਤੰਤ੍ਰਤਾ ਨੂੰ ਕਾਇਮ ਰਖਿਆ ਗਿਆ ਹੈ, ਜਿਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵਿਰੋਧੀਆਂ ਵਲੋਂ ਲਾਹੌਰ ਦੇ ਹਾਕਮਾਂ ਪਾਸ ਤੇ ਬਾਅਦ ਅਕਬਰ ਪਾਸ ਲੰਗਰ ਦੀ ਦਿੱਲੀ ਵਿਚ ਸ਼ਿਕਾਇਤ ਕੀਤੀ ਗਈ ਸੀ, ਇਸ ਤਰ੍ਹਾਂ ਬੀੜ ਤਿਆਰ ਕਰਨ ਸਮੇਂ ਚਰਚਾ ਭੀ ਹੋਈ ਜਾਪਦੀ ਹੈ। ਤਵਾਰੀਖ ਗੁਰੂ ਖਾਲਸਾ ਦੇ ਪੰਨਾ ੭੪੫ ਤੇ ਲਿਖਿਆ ਹੈ" ਵੈਸਾਖ ਸੰਮਤ ੧੬੬੨ ਨੂੰ ਬਾਦਸ਼ਾਹ ਲਾਹੌਰ ਨੂੰ ਜਾਂਦਾ ਹੋਇਆ ਕਸਬੇ ਵਟਾਲੇ 'ਚ ਉਤਰਿਆ ਪ੍ਰਿਥੀ ਚੰਦ ਦੀ ਚੁਕ ਨਾਲ ਦੋ ਚਾਰ ਕਾਜ਼ੀਆਂ ਨੇ ਬਾਦਸ਼ਾਹ ਪਾਸ ਚੁਗਲੀ ਕੀਤੀ ਕਿ ਗੁਰੂ ਅਰਜਨ ਦੇਵ ਨੇ ਜੋ ਪੁਸਤਕ ਬਣਾਈ ਹੈ ਉਸ ਵਿਚ ਦੀਨ ਇਸਲਾਮ ਤੇ ਪੈਗੰਬਰਾਂ ਦੀ ਨਿਖੇਧੀ ਲਿਖੀ ਹੈ। ਪ੍ਰਿਥੀਏ ਤੇ ਚੰਦ ਨੇ ਐਸੇ ਢੰਗ ਨਾਲ ਗਵਾਹੀ ਦਿਤੀ, ਜਿਸ ਪਰ ਬਾਦਸ਼ਾਹ ਨੇ ਗੁਰੂ ਜੀ ਨੂੰ ਗੁਰੂ ਗ੍ਰੰਥ ਸਾਹਿਬ ਸਮੇਤ ਵਟਾਲੇ ਤਲਬ ਕੀਤਾ। ਆਪ ਤਾਂ ਗੁਰੂ ਜੀ ਨਾ ਗਏ, ਬਾਬੇ ਬੁਢੇ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ। ਸ਼ਬਦ ਸੁਣ ਕੇ ਬਾਦਸ਼ਾਹ ਨੂੰ ਨਿਸਚਾ ਹੋ

*ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਦਾ ਇਕ ਉਤਾਰਾ ਭਾਈ ਬੰਨੋ ਜੀ ਨੇ ਕੀਤਾ, ਜੋ ਖਾਰੀ ਬੀੜ ਦੇ ਨਾਂ ਉਤੇ ਪ੍ਰਸਿਧ ਹੈ।

ਗਿਆ ਕਿ ਏਸ ਗਰੰਥ ਵਿਚ ਸਵਾਏ ਪ੍ਰਮੇਸ਼ਰ ਦੀ ਮਹਿਮਾ ਤੇ ਸਚੇ ਉਪਦੇਸ਼ ਦੇ ਹੋਰ ਕਿਸੇ ਦੀ ਨਿੰਦਾ ਨਹੀਂ । ਤਵਾਰੀਖ ਖਾਲਸਾ ਦੀ ਇਸ ਲਿਖਤ ਤੋਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਅਕਬਰ ੧੬੬੨ ਵਿਚ ਵਟਾਲੇ ਆਇਆ ? ਇਤਿਹਾਸ ਦਸਦਾ ਹੈ ਕਿ ਨਹੀਂ । ਇਸ ਸਾਲ ਅਰਥਾਤ ਸੰਨ ੧੬੦੫ ਈਸਵੀ ਵਿਚ ਬਾਦ-ਸ਼ਾਹ ਦਾ ਦੇਹਾਂਤ ਆਗਰੇ ਵਿਚ ਹੋਇਆ । ਉਤਰੀ ਹਿੰਦੁਸਤਾਨ ਵਿਚ ਅਕਬਰ ਨੇ ੧੫੫੮ ਈਸਵੀ ਤੋਂ ੧੫੭੬ ਈਸਵੀ ਤਕ ਜਿੱਤਾਂ ਪ੍ਰਾਪਤ ਕੀਤੀਆਂ । ਫਰੰਟੀਅਰ ਪਰ ੧੫੮੦ ਈਸਵੀ ਤੋਂ ੧੫੯੬ ਈਸਵੀ ਤਕ ਕਬਜ਼ਾ ਜਮਾਇਆ । ੧੫੯੮ ਤੋਂ ਲੈ ਕੇ ੧੬੦੧ ਈਸਵੀ ਤਕ ਦਖਣ ਦਾ ਇਲਾਕਾ ਮਤੀਹ ਕੀਤਾ ਹੈ*। ਉਸ ਦੇ ਆਖਰੀ ਦਿਨਾਂ ਵਿਚ ਅਲਾਹਾਬਾਦ ਵਿਚ ਜਹਾਂਗੀਰ ਨੇ ਬਗਾਵਤ ਕੀਤੀ। ਬਾਦਸ਼ਾਹ ਨੇ ਉਸ ਨੂੰ ਕਾਬੂ ਕਰਨ ਦਾ ਯਤਨ ਕੀਤਾ । ਇਸ ਲਈ ਪੰਜਾਬ ਕਿਸ ਤਰ੍ਹਾਂ ਆਇਆ ? ਅਬੁਲ ਫਜ਼ਲ ਕ੍ਰਿਤ ਅਕਬਰ ਨਾਮੇ ਵਿਚੋਂ ਪਤਾ ਲਗਦਾ ਹੈ ਕਿ ਬਾਦਸ਼ਾਹ ੧੫੯੮ ਈਸਵੀ (ਸੰਨ ਜਲੂਸ ੪੨-੪੩) ਵਿਚ ਕਸ਼ਮੀਰ ਆਇਆ, ਵਾਪਸੀ ਪਰ ਲਾਹੌਰ ਠਹਿਰਿਆ। ਇਹ ਸੰਮਤ ੧੬੫੫ ਬਿਕ੍ਰਮੀ ਬਣਦਾ ਹੈ। ਇਸ ਲਈ ਮਲੂਮ ਇਹ ਹੁੰਦਾ ਕਿ ਗੁਰਬਾਣੀ ਦੀ ਬੀੜ ਬੰਨ੍ਹਣ ਦੀ ਤਿਆਰੀ ਹੋ ਰਹੀ ਸੀ। ਓਦੋਂ ਆਰੰਭਕ ਹਾਲਤ ਵਿਚ ਬਾਦਸ਼ਾਹ ਨੇ ਬਾਣੀ ਨੂੰ ਵੇਖਿਆ। ਸੰਮਤ ੧੬੬੧ ਵਿਚ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਇਆ, ਪਰ ਇਸ ਦੀ ਤਿਆਰੀ ਲਈ ਕਈ ਸਾਲ ਲਗੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਸਮ ਪਾਤਸ਼ਾਹ ਨੇ ਚੜ੍ਹਾਈ ਹੈ।

---

*ਮੁਸਲਿਮ ਰੂਲ ਇਨ ਇੰਡੀਆ, ਪੰਨਾ ੩੭੪।

ਗੁਰਬਾਣੀ ਦੀ ਮਹਾਨਤਾ ਭਾਈ ਸੰਤੋਖ ਸਿੰਘ ਜੀ ਇਉਂ ਵਰਨਨ ਕਰਦੇ ਹਨ—

ਸੁਧਾ੧ ਕੀ ਤਰੰਗਨੀ੨ ਸੀ ਰੰਗ ਭ੍ਰਮ ਭੰਗਨੀ ਹੈ,
ਮਹਾਂ ਸ੍ਵੇਤ ਰੰਗਨੀ੩ ਮਹਾਨ ਮਨ ਮਾਨੀ ਹੈ ।
ਕਿਧੌ ਜਿਹ ਹੰਸਨੀ ਸੀ ਮਾਨਸ ਅਵਤੰਸਨੀ੪ ਹੈ,
ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ ।
ਕਿਧੌਂ ਚੰਦ ਚਾਂਦਨੀ ਸੀ ਮੋਹਿ ਘਾਮ੫ ਮੰਦਨੀ ਹੈ,
ਰਿਦੇ ਕੀ ਅਨੰਦਨੀ ਸਦੀਵ ਸੁਖ ਦਾਨੀ ਹੈ ।
ਪ੍ਰੇਮ ਪਟ ਰਾਨੀ ਸਯਾਨੀ ਗਯਾਨ ਕੀ ਜਨਨਿ ਜਾਨੀ,
ਗੁਨੀ ਭਨੀ ਬਾਨੀ ਤਾਕੀ ਗੁਰੂ ਗੁਰਬਾਨੀ ਹੈ ।

*

---

੧ ਅੰਮ੍ਰਿਤ । ੨ ਨਦੀ । ੩ ਚਿਟੇ ਰੰਗ ਦੀ । ੪ ਮਾਨ ਸਰੋਵਰ ਨੂੰ ਸੋਭਾ ਦੇਣ ਵਾਲੀ । ੫ ਧੂਪ-ਤਪਸ਼ ।

ਤੇਈਵਾਂ ਵਿਆਖਿਆਨ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਸਿਖਾਂ ਤੇ ਅਸਰ ਭਾਈ ਗੁਰਦਾਸ ਜੀ, ਭਾਈ ਮੰਝ, ਬਹਿਲੋ ਜੀ ਤੇ ਮੁਖੀ ਸਿੱਖ

ਜਿਵੇਂ ਰੋਸ਼ਨੀ ਤੋਂ ਰੋਸ਼ਨੀ ਮਿਲਦੀ ਹੈ, ਜੀਵਨ ਤੋਂ ਜੀਵਨ ਬਣਦਾ ਹੈ। ਵੱਡੀ ਸ਼ਖਸੀਅਤ ਉਹ ਹੈ ਜੋ ਸ਼ਖਸੀਅਤਾਂ ਪੈਦਾ ਕਰਦੀ ਹੈ। ਪੰਚਮ ਪਾਤਸ਼ਾਹ ਨੇ ਜਿਥੇ ਕੌਮੀ ਉਸਾਰੀ ਲਈ ਮਹਾਨ ਕੰਮ ਕੀਤੇ ਹਨ, ਉਥੇ ਸਿਖ ਧਰਮ ਦੀਆਂ ਬਹੁਤ ਸਤਿਕਾਰ ਯੋਗ ਤੇ ਪ੍ਰਸਿਧ ਹਸਤੀਆਂ ਭੀ ਪੈਦਾ ਕੀਤੀਆਂ ਹਨ। ਆਪ ਨੇ ਪ੍ਰਚਾਰ ਲਈ ਕੋਈ ਲੰਮਾ ਦੌਰਾ ਨਹੀਂ ਕੀਤਾ। ਆਪ ਸੰਮਤ ੧੬੪੬ ਤੋਂ ਲੈ ਕੇ ੧੬੫੭ ਤਕ ਮਸਾਂ ਚਾਰ ਪੰਜ ਵੇਰ ਬਾਹਿਰ ਗਏ ਹਨ। ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਲਈ ਬਾਰਠ (ਗੁਰਦਾਸ ਪੁਰ) ਤੇ ਜਾਂ ਲਾਹੌਰ ਤੋਂ ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ ਲਈ ਗਏ ਹਨ। ਫਿਰ ਭੀ ਆਪ ਦੀ ਪਵਿਤਰ ਜ਼ਿੰਦਗੀ ਨੇ ਸਿਖੀ ਨੂੰ ਬਹੁਤ ਦੂਰ ਤਕ ਫੈਲਾਇਆ ਤੇ ਬਹੁਤ ਨਾਮ ਵਰ ਸਿਖ ਪੈਦਾ ਕੀਤੇ ਹਨ। ਆਪ ਤੋਂ ਵਰੋਸਾਏ ਹੋਏ ਸਾਰੇ ਗੁਰਮੁਖ ਸਿਖਾਂ ਦਾ ਵਰਨਣ ਕਰਨਾ ਕਠਨ ਹੈ, ਉਨ੍ਹਾਂ ਵਿਚੋਂ ਕੁਝ ਮੁਖੀ ਸਿਖਾਂ ਦਾ ਜ਼ਿਕਰ ਕਰਦੇ ਹਾਂ–

(੧) ਭਾਈ ਗੁਰਦਾਸ ਜੀ–

ਜਿਸ ਤਰ੍ਹਾਂ ਹਿੰਦੂ ਧਰਮ ਵਿਚ ਰਿਸ਼ੀ ਬਿਆਸ, ਈਸਾਈਆਂ ਵਿਚ ਸੇਂਟ ਪਾਲੋ ਤੇ ਮੁਸਲਮਾਨਾਂ ਵਿਚ ਇਮਾਮ ਆਜ਼ਮ ਮੰਨੇ ਹਨ, ਸਿਖੀ ਵਿਚ ਭਾਈ ਗੁਰਦਾਸ ਜੀ ਹਨ। ਬਹੁਤ ਉਚੇ ਵਿਦਵਾਨ, ਰਸੀਲੇ ਕਵੀ, ਸਿਖੀ ਸਿਧਾਂਤ, ਰਹਿਣੀ ਬਹਿਣੀ ਤੇ ਗੁਰੂ ਦੇ ਪਰੇਮ ਅਤੇ ਸਿਦਕ ਨੂੰ ਬਿਆਨ ਕਰਨ ਵਾਲੇ ਹਨ। ਗੁਰੂ ਨੇ ਜੋ

ਸਿਧਾਂਤ ਬਾਣੀ ਤੇ ਜੀਵਨ ਰਾਹੀਂ ਦਿਤੇ ਸਨ, ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ ਆਪ ਦੀ ਬਾਣੀ ਸਿਖੀ-ਸਿਦਕ ਤੇ ਪ੍ਰੇਮ ਪੈਦਾ ਕਰਦੀ ਹੈ, ਇਸ ਲਈ ਇਸ ਨੂੰ 'ਕੁੰਜੀ' ਕਿਹਾ ਗਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬੀੜ ਲਿਖਣ ਦਾ ਮਾਣ ਆਪ ਨੂੰ ਪ੍ਰਾਪਤ ਹੈ । ਫ਼ਿਲਾਸਫ਼ੀ ਨੂੰ ਲਿਖਣ ਵਾਲੇ ਪਹਿਲੇ ਮਹਾਂ ਪੁਰਸ਼ਾਂ ਵਿਚੋਂ ਆਪ ਇਕ ਸਨ। ਕਾਂਸ਼ੀ ਅਤੇ ਕਾਬਲ ਤਕ ਆਪ ਨੇ ਸਿਖੀ ਨੂੰ ਪ੍ਰਚਾਰਿਆ । ਵਾਰਾਂ ਕਬਿੱਤ ਸਵੱਯੇ ਆਪ ਦੀ ਰਚਨਾ ਹਨ । ਭਾਈ ਸਾਹਿਬ ਚੌਥੇ ਪਾਤਸ਼ਾਹ ਸਮੇਂ ਸਿਖ ਬਣੇ । ਕੀਮਤੀ ਲਾਲ ਵਾਂਗੂ ਪਰਖ ਕੇ ਸਾਹਿਤਕ ਲਿਖਣ ਦੀ ਸੇਵਾ ਆਪ ਪਾਸੋਂ ਪੰਚਮ ਪਾਤਸ਼ਾਹ ਨੇ ਲੀਤੀ ਹੈ । ਸੰਮਤ ੧੬੯੭ ਵਿਚ ਆਪ ਦਾ ਦੇਹਾਂਤ ਗੋਇੰਦਵਾਲ ਵਿਚ ਹੋਇਆ।

(੨) ਭਾਈ ਮੰਝ ਜੀ-

ਆਪ ਦੁਆਬੇ ਦੇ ਵਸਨੀਕਾ ਮੰਜਕੀ ਦੇ ਮੰਝ ਰਾਜਪੂਤ ਸਨ । ਇਨ੍ਹਾਂ ਦਾ ਪਹਿਲਾ ਨਾਮ ਤੀਰਥ ਸੀ । ਆਪ ਸਖੀ ਸਰ-ਵਰ ਦੇ ਉਪਾਸ਼ਕ ਸਨ । ਘਰ ਪੀਰ ਵਿਚ ਖਾਨਾ ਬਣਾਇਆ ਹੋਇਆ ਸੀ । ਇਕ ਵੇਰ ਨਗਾਹੇ ਤੋਂ ਵਾਪਸ ਆਉਂਦੇ ਅੰਮ੍ਰਿਤਸਰ ਵਿਚ ਪੰਚਮ ਪਾਤਸ਼ਾਹ ਨੂੰ ਮਿਲੇ । ਉਸ ਦਿਨ ਤੋਂ ਸਿਖੀ ਧਾਰਨ ਕਰ ਲਈ । ਨਗਾਹੇ ਦੀ ਪੂਜਾ ਛਡ ਕੇ ਵਾਹਿਗੁਰੂ ਦੀ ਭਗਤੀ ਤੇ ਸੇਵਾ ਕਰਨ ਲਗ ਪਏ ।

ਸੇਵਾ ਸਿਖੀ ਦੀ ਪਹਿਲੀ ਪਉੜੀ ਹੈ । ਭਾਈ ਮੰਝ ਜੀ ਨੇ ਇਸ ਵਿਚ ਕਮਾਲ ਕਰ ਦਿਤਾ । ਵਧੇਰੇ ਸਮਾਂ ਸੇਵਾ ਵਿਚ ਹੋਣ ਦੇ ਕਾਰਨ ਆਪ ਦੇ ਘਰ ਦੀ ਹਾਲਤ ਕੁਝ ਤੰਗ ਹੋ ਗਈ । ਗਰੀਬੀ ਆ ਗਈ । ਸੰਬੰਧੀਆਂ ਸਮਝਿਆ ਕਿ ਇਹ ਸਿਖ ਬਣਨ ਦਾ

ਨਤੀਜਾ ਹੈ। ਇਕ ਕਵੀ ਜੀ ਲਿਖਦੇ ਹਨ-

"ਭਾਖਤ ਸਰੰਧੀ ਮਿਲ, ਏਹੋ ਮਤ ਮੰਦ ਮੰਝ,
ਲੇ ਕੇ ਗੁਰਸਿਖੀ ਦਰਿਦ੍ਰਤਾ ਵਿਸਾਹੀ ਹੈ।
ਮੰਝ ਕਹਿਤੁ ਦਾਰਿਦ ਜੋ ਅਹੈ ਗੁਰਸਿਖੀ ਬੀਚ,
ਮੇਰੇ ਜਾਨੇ ਭਾਈ ਯਿਹ ਪੂਰੀ ਪਾਤਸ਼ਾਹੀ ਹੈ।

(ਗੁਰ ਸ਼ਬਦ ਅਲੰਕਾਰ)

ਭਾਈ ਮੰਝ ਜੀ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਤੇ ਲਕੜੀਆਂ ਲਿਆਉਂਦੇ ਸਨ। ਇਕ ਦਿਨ ਆਪ ਲਕੜੀਆਂ ਚੁਕੀ ਆ ਰਹੇ ਸਨ ਕਿ ਖੂਹ ਵਿਚ ਡਿਗ ਪਏ। ਸਿਰ ਤੋਂ ਲਕੜੀਆਂ ਨਾ ਡਿਗਣ ਦਿਤੀਆਂ। ਜਦ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲਗਾ। ਆਪ ਸੰਗਤਾਂ ਸਮੇਤ ਖੂਹ ਤੇ ਪੁਜੇ। ਸਿਖਾਂ ਨੂੰ ਹੁਕਮ ਕੀਤਾ-"ਰੱਸੇ ਵਹਾ ਕੇ ਮੰਝ ਨੂੰ ਕਢੋ।" ਜਦ ਰਸੇ ਸੁਟ ਕੇ ਸਿਖਾਂ ਨੇ ਆਵਾਜ਼ ਦਿਤੀ- 'ਭਾਈ ਮੰਝ ਜੀ ਬਾਹਰ ਆ ਜਾਓ।' ਆਪ ਨੇ ਖੂਹ ਵਿਚੋਂ ਉਤਰ ਦਿਤਾ-'ਪਹਿਲੇ ਲਕੜੀਆਂ ਕੱਢ ਲਓ। ਗੁਰੂ ਕੇ ਲੰਗਰ ਲਈ ਸੁਕਾ ਬਾਲਣ ਚਾਹੀਦਾ ਹੈ। ਜਦ ਆਪ ਨੂੰ ਬਾਹਰ ਕਢਿਆ ਗਿਆ ਤਾਂ ਪਰੇਮ ਅਤੇ ਨਿਸ਼ਕਾਮ ਸੇਵਾ ਨੂੰ ਵੇਖ ਕੇ ਪੰਚਮ ਸਤਿਗੁਰੂ ਜੀ ਨੇ ਛਾਤੀ ਨਾਲ ਲਾਇਆ ਤੇ ਬਚਨ ਕੀਤਾ-

'ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।'

ਇਸ ਤੋਂ ਪਿਛੋਂ ਆਪ ਨੂੰ ਦਸਤਾਰ ਬਖਸ਼ ਕੇ ਸਿਖ ਧਰਮ ਦਾ ਪ੍ਰਚਾਰਕ ਨੀਯਤ ਕੀਤਾ ਗਿਆ।

(੩) ਭਾਈ ਬਹਿਲੋ ਜੀ--

ਆਪ ਪਿੰਡ ਫਫੜੇ, ਮਾਲਵੇ ਦੇ ਸਿੱਧੂ ਜ਼ਿਮੀਂਦਾਰ ਸਨ। ਭਾਈ ਮੰਝ ਵਾਂਗੂ ਇਹ ਵੀ ਸਖ਼ੀ-ਸਰੋਵਰ ਦੇ ਉਪਾਸ਼ਕ ਸਨ। ਗੁਰੂ ਜੀ ਪਾਸ ਆ ਕੇ ਆਪ ਨੇ ਸਿਖੀ ਧਾਰਨ ਕੀਤੀ। ਉਨ੍ਹਾਂ ਦਿਨਾਂ ਵਿਚ

ਅੰਮ੍ਰਿਤਸਰ ਦੀ ਸੇਵਾ ਹੋ ਰਹੀ ਸੀ । ਇੱਟਾਂ ਦੇ ਆਵੇ ਪੱਕ ਰਹੇ ਸਨ। ਭਾਈ ਬਹਿਲੋ ਇੱਟਾਂ ਪਕਾਉਣ ਲਈ ਆਵਿਆਂ ਵਿਚ ਕੂੜਾ ਪਾਉਣ ਦੀ ਸੇਵਾ ਕਰਨ ਲਗ ਪਏ । ਦਿਨੇ ਸੇਵਾ ਕਰਦੇ ਸ਼ਾਮ ਨੂੰ ਵਿਹਲੇ ਹੋ ਕੇ ਕਿਸੇ ਦੀ ਚੱਕੀ ਪੀਹ ਕੇ ਜਾਂ ਮਜੂਰੀ ਕਰਕੇ ਰੋਟੀ ਖਾਂਦੇ। ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਤਕ ਨਹੀਂ ਸਨ ਛਕਦੇ। ਜਿਸ ਆਵੇ ਵਿਚ ਕੂੜਾ ਆਪ ਪਾਂਦੇ ਸਨ, ਉਸ ਦੀਆਂ ਇਟਾਂ ਬਹੁਤ ਚੰਗੀਆਂ ਨਿਕਲਦੀਆਂ । ਗੁਰੂ ਸਾਹਿਬ ਆਪ ਦੀ ਸੇਵਾ ਤੇ ਤਿਆਗ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ--'ਬਹਿਲੋ ਸਭ ਤੋਂ ਪਹਿਲੋ' ਇਹ ਵਰ ਦੇ ਕੇ ਆਪ ਨੂੰ ਦਸਤਾਰ ਬਖਸ਼ੀ ਤੇ ਮਾਲਵੇ ਵਿਚ ਪ੍ਰਚਾਰਕ ਨੀਯਤ ਕੀਤਾ।

(੪) ਭਾਈ ਕਲਿਆਣਾ ਜੀ-

ਆਪ ਕਾਂਗੜੇ ਤੇ ਸੁਕੇਤ ਮੰਡੀ ਦੇ ਇਲਾਕੇ ਵਿਚ ਸਿਖੀ ਦੇ ਪ੍ਰਚਾਰਕ ਸਨ। ਮੰਡੀ ਵਿਚ ਟਿਕੇ ਹੋਏ ਸਨ ਕਿ ਜਨਮ ਅਸ਼ਟਮੀ ਆ ਗਈ। ਰਾਜਾ ਹਰੀ ਸੈਨ ਮੰਡੀ ਨੇ ਢੰਡੋਰਾ ਪਿਟਵਾਇਆ ਕਿ ਸਭ ਲੋਕ ਵਰਤ ਰਖਣ। ਭਾਈ ਸਾਹਿਬ ਨੇ ਵਰਤ ਨਾ ਰਖਿਆ ਤੇ ਭੋਜਨ ਬਣਾ ਕੇ ਛਕ ਲਿਆ। ਇਸ ਲਈ ਆਪ ਨੂੰ ਗ੍ਰਿਫਤਾਰ ਕਰ ਕੇ ਰਾਜੇ ਦੇ ਪੇਸ਼ ਕੀਤਾ ਗਿਆ।

ਰਾਜਾ ਤੁਹਾਨੂੰ ਪਤਾ ਨਹੀਂ ਕਿ ਜਨਮ-ਅਸ਼ਟਮੀ ਵਾਲੇ ਦਿਨ ਭੋਜਨ ਨਹੀਂ ਖਾਣਾ ?

ਕਲਿਆਣਾ ਸਾਡੇ ਸਤਿਗੁਰੂ ਨੇ ਮਨ ਦਾ ਵਰਤ ਮੰਨਿਆ ਹੈ, ਭੁਖੇ ਰਹਿਣ ਦਾ ਨਹੀਂ। ਬਾਣੀ ਵਿਚ ਫੁਰਮਾਇਆ ਹੈ—

ਸਗਰੀ ਬੀਤਿ ਧਾਮਿ ਡਾਰਿ ਰਾਖੀ ॥
ਅਸ਼ਟਮ ਥੀਤਿ ਗੋਵਿੰਦ ਜਨਮਾ ਸੀ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਿਤ ਨਰਾਇਣ ॥ (ਭੈਰਉ ਮ: ੫)

ਇਹ ਉਪਦੇਸ਼ ਸੁਣ ਕੇ ਰਾਜਾ ਤੇ ਹੋਰ ਕਈ ਲੋਕ ਸਿਖ ਬਣੇ ।

(੫) ਭਾਈ ਤਿਲਕੂ ਜੀ–

ਆਪ ਗੜ੍ਹ ਸ਼ੰਕਰ ਦੇ ਵਸਨੀਕ ਸਨ । ਇਸ ਨਗਰ ਵਿਚ ਇਕ ਜੋਗੀ ਰਹਿੰਦਾ ਸੀ । ਉਸ ਨੇ ਢੰਡੋਰਾ ਪਿਟਵਾਇਆ–''ਮੈਨੂੰ ਸ਼ਿਵ ਜੀ ਨੇ ਦਰਸ਼ਨ ਦਿਤੇ ਹਨ । ਜੋ ਮੇਰੇ ਦਰਸ਼ਨ ਕਰੇਗਾ, ਉਹ ਸਿਧਾ ਸ਼ਿਵ ਪੁਰੀ ਜਾਵੇਗਾ ।'' ਮੂਰਖ ਲੋਕੀਂ ਜੋਗੀ ਦੇ ਦਰਸ਼ਨਾਂ ਨੂੰ ਤੁਰ ਪਏ। ਉਸ ਦੀ ਬੜੀ ਉਸਤਤਿ ਹੋਈ । ਪੂਜਾ ਭੇਟ ਚੜ੍ਹਨ ਲਗ ਪਈ । ਸਾਰੇ ਨਗਰ ਵਿਚੋਂ ਕਲਾ ਭਾਈ ਤਿਲਕੂ ਸੀ ਜੋ ਨਾ ਗਿਆ। ਹਾਰ ਕੇ ਜੋਗੀ ਆਪ ਭਾਈ ਜੀ ਨੂੰ ਮਿਲਣ ਆਇਆ । ਅਗੋਂ ਭਾਈ ਸਾਹਿਬ ਨੇ ਦਰਵਾਜ਼ਾ ਬੰਦ ਕਰ ਲਿਆ ਜੋਗੀ ਨੇ ਕਿਹਾ–'ਸਾਰੀ ਦੁਨੀਆਂ ਮੇਰੇ ਦਰਸ਼ਨਾਂ ਲਈ ਆਉਂਦੀ ਹੈ ਤੇ ਮੈਂ ਮਿਲਦਾ ਨਹੀਂ । ਮੈਂ ਚਲ ਕੇ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ। ਅਗੋਂ ਤੁਸੀਂ ਬੂਹਾ ਬੰਦ ਕਰ ਲਿਆ ?' ਭਾਈ ਸਾਹਿਬ ਨੇ ਉਤਰ ਦਿਤਾ–'ਨਾਥ ਜੀ, ਤੁਸੀਂ ਲੋਕਾਂ ਨੂੰ ਨਾਟਿਕ ਚੇਟਿਕ ਦਸ ਕੇ ਭਰਮਾਉਂਦੇ ਹੋ, ਸ਼ਿਵ ਪੁਰੀ ਦਾ ਲਾਲਚ ਦੇਂਦੇ ਹੋ। ਸਾਡੇ ਸਤਿਗੁਰਾਂ ਨੇ ਉਪਦੇਸ਼ ਦੇ ਕੇ ਸਾਨੂੰ ਜੀਵਨ-ਮੁਕਤਿ ਕਰ ਦਿਤਾ ਹੈ, ਇਸ ਲਈ ਅਸੀਂ ਤੁਹਾਥੋਂ ਕੀ ਲੈਣਾ ਹੋਇਆ ?'

ਜੋਗੀ ਬੋਲਿਆ, 'ਉਸ ਗੁਰੂ ਦੇ ਨਾਂ ਪਰ ਬੂਹਾ ਖੋਹਲੋ ।

ਭਾਈ ਤਿਲਕੂ ਜੀ ਨੇ ਬੂਹਾ ਖੋਹਲਿਆ। ਜੋਗੀ ਉਨ੍ਹਾਂ ਦੇ ਚਰਨਾਂ ਤੇ ਡਿਗ ਪਿਆ । ਅਖੀਰ ਵਿਚ ਭਾਈ ਸਾਹਿਬ ਦੇ ਨਾਲ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਪਖੰਡ ਤਿਆਗ ਕੇ ਸਿਖ ਬਣ ਗਿਆ ।

(੬) ਭਾਈ ਹੇਮਾ ਜੀ–

ਆਪ ਮਾਝੇ ਵਿਚ ਪਿੰਡ ਖਾਨ ਛਾਪਰੀ ਦੇ ਪ੍ਰਸਿਧ ਸਿਖ ਹੋਏ

ਸਨ । ਇਨ੍ਹਾਂ ਦਾ ਜੀਵਨ ਬੜਾ ਪਵਿਤਰ ਤੇ ਸਾਦਾ ਸੀ। 'ਕਾਲੀ ਸੂਹਾਵੀ ਛਾਪਰੀ' ਦਾ ਸ਼ਬਦ ਗੁਰੂ ਜੀ ਨੇ ਇਨ੍ਹਾਂ ਦੀ ਝੁਗੀ ਵਿਚ ਬੈਠ ਕੇ ਹੀ ਉਚਾਰਨ ਕੀਤਾ ।

(੭) ਭਾਈ ਬਹੋੜੂ–

ਇਹ ਮਾਲਵੇ ਦੇ ਵਸਨੀਕ ਸਨ । ਚੋਰੀ ਤੇ ਧਾੜੇ ਦਾ ਕੰਮ ਕਰਦੇ ਸਨ। ਗੁਰੂ ਜੀ ਦੀ ਸੰਗਤ ਕਰਕੇ ਇਨ੍ਹਾਂ ਦਾ ਜੀਵਨ ਸੁਧਰ ਗਿਆ ਤੇ ਮਾਲਵੇ ਵਿਚ ਸਿਖੀ ਦੇ ਪ੍ਰਚਾਰਕ ਬਣੇ । ਚੋਰਾਂ ਤੇ ਡਾਕੂਆਂ ਦੀ ਸੇਵਾ ਕਰਕੇ ਉਨ੍ਹਾਂ ਦਾ ਜੀਵਨ ਪਵਿਤਰ ਬਣਾਉਂਦੇ ਰਹੇ ।

(੮) ਭਾਈ ਬਿਧੀ ਚੰਦ–

ਆਪ ਦਾ ਪਹਿਲਾ ਪਿੰਡ ਛੀਨਾ ਤਹਿਸੀਲ ਅੰਮ੍ਰਿਤਸਰ ਸੀ । ਆਪ ਪਹਿਲੇ ਭਾਈ ਅਦਲੀ ਦੀ ਸੰਗਤ ਛੀਨਾ ਗੋਤ ਤੇ ਸੁਰ ਸਿੰਘ ਦੇ ਰਹਿਣ ਵਾਲੇ ਸਨ। ਬਹੋੜੂ ਵਾਂਗ ਚੋਰੀ, ਧਾੜਾ ਕਰਦੇ ਸਨ । ਭਾਈ ਅਦਲੀ ਦੀ ਸੰਗਤ ਕਰਕੇ ਸਿਖੀ ਵਲ ਪਰੇਰੇ ਗਏ । ਆਪ ਛੇਵੇਂ ਪਾਤਸ਼ਾਹ ਦੇ ਸਮੇਂ ਪ੍ਰਸਿਧ ਜਰਨੈਲ ਤੇ ਪ੍ਰਚਾਰਕ ਹੋਏ ।*

---

*ਸੁਰ ਸਿੰਘ ਵਿਚ ਲਾਲ ਚੰਦ ਢਿਲੋਂ ਨੇ ਇਕ ਕਿਲ੍ਹਾ ਬਣਾਇਆ ਸੀ। ਉਸ ਨੇ ਭਾਈ ਬਿਧੀ ਚੰਦ ਦੇ ਪੁਤਰ ਭਾਈ ਲਾਲ ਚੰਦ ਜੀ ਨੂੰ ਸਦ ਲਿਆ। ਭਾਈ ਲਾਲ ਚੰਦ ਦੇ ਪੁਤਰ ਗੁਰਦਿਆਲ ਉਨ੍ਹਾਂ ਦੇ ਅਗੇ ਹੁਕਮ ਚੰਦ, ਉਸ ਦੇ ਬਾਬਾ ਜੀਵਨ ਜੀ ਹੋਏ, ਬਾਬਾ ਜੀਵਨ ਦੇ ਪੁਤਰ ਝੰਡਾ, ਜਸਪਾਤ ਤੇ ਗੰਡਾ ਹੋਏ । ਭਾਈ ਜਸਪਾਤ ਜੀ ਦੀ ਸੰਤਾਨ ਇਸ ਵਕਤ ਸੁਰ ਸਿੰਘ ਵਿਚ ਮੌਜੂਦ ਹੈ। ਇਨ੍ਹਾਂ ਪਾਸ ਛੇਵੀਂ ਪਾਤਸ਼ਾਹੀ ਦੀ ਬਿਲਾਵਲ ਰਾਗ ਤੀਕ ਬੀੜ ਤੇ ਗੁਰੂ ਜੀ ਤੇ ਭਾਈ ਬਿਧੀ ਚੰਦ ਜੀ ਦੀਆਂ ਦਸ ਪੁਰਾਤਨ ਤਸਵੀਰਾਂ ਹਨ ।

(੯) ਭਾਈ ਲੱਧਾ ਪਰਉਪਕਾਰੀ–

ਆਪ ਉਹ ਮਹਾਂ ਪੁਰਖ ਸਨ, ਜਿਨ੍ਹਾਂ ਨੇ ਸੱਤੇ ਬਲਵੰਡ ਨੂੰ ਬਖਸ਼ਾਇਆ। ਆਪ ਲਾਹੌਰ ਦੇ ਵਸਨੀਕ ਸਨ।

(੧੦) ਭਾਈ ਬੁਧੂ ਜੀ–

ਆਪ ਲਾਹੌਰ ਦੇ ਸ਼ਾਹੀ ਘੁਮਿਆਰ ਸਨ। ਇਕ ਵੇਰ ਪੰਚਮ ਪਾਤਸ਼ਾਹ ਲਾਹੌਰ ਗਏ ਤਾਂ ਭਾਈ ਬੁਧੂ ਨੇ ਪ੍ਰਸ਼ਾਦ ਛਕਣ ਲਈ ਕਿਹਾ। ਮਨੋਰਥ ਇਹ ਸੀ ਕਿ ਮੇਰਾ ਆਵਾ ਚੰਗਾ ਪੱਕੇ। ਗੁਰੂ ਜੀ ਨੇ ਸੰਗਤ ਸਮੇਤ ਪ੍ਰਸ਼ਾਦ ਛਕਿਆ। ਅਰਦਾਸੇ ਤੋਂ ਪਹਿਲੋਂ ਭਾਈ ਕਮਲੀਏ ਨੇ ਆ ਕੇ ਭਾਈ ਬੁਧੂ ਪਾਸੋਂ ਪ੍ਰਸ਼ਾਦ ਮੰਗਿਆ। ਪਰ ਬੁਧੂ ਨੇ ਦੇਣ ਤੋਂ ਇਨਕਾਰ ਕੀਤਾ। ਅਰਦਾਸੀਏ ਨੇ ਕਿਹਾ–'ਬੁਧੂ ਦਾ ਆਵਾ ਪੱਕਾ' ਪਰ ਬਾਹਰ ਖਲੋਤੇ ਕਮਲੀਏ ਨੇ ਕਿਹਾ-'ਬੁਧੂ ਤੇਰਾ ਆਵਾ ਕੱਚਾ' ਗੁਰੂ ਜੀ ਨੇ ਫੁਰਮਾਇਆ–'ਭਾਈ ਬੁਧੂ ਤੇਰਾ ਆਵਾ ਤਾਂ ਕੱਚਾ ਹੀ ਰਹੇਗਾ ਪਰ ਇੱਟਾਂ ਵਿਕਣਗੀਆਂ ਪੱਕੇ ਦੇ ਭਾਅ। ਗਰੀਬ ਸਿਖ ਨੂੰ ਪ੍ਰਸ਼ਾਦ ਛਕਾਣਾ ਗੁਰੂ ਨੂੰ ਛਕਾਣਾ ਹੈ।'

ਭਾਈ ਬੁਧੂ ਦਾ ਆਵਾ ਸਿਖ ਨੈਸ਼ਨਲ ਕਾਲਜ ਲਾਹੌਰ ਦੇ ਪਾਸ ਮੌਜੂਦ ਹੈ। ਭਾਈ ਕਮਲੀਏ ਦਾ ਦੇਹੁਰਾ ਪਿੰਡ ਮੱਝੂ ਚੱਕ ਵਿਚ ਹੈ ਤੇ ਉਨ੍ਹਾਂ ਦੀ ਵੰਸ਼ ਤੁੰਗ ਭਾਈ ਕੇ ਜ਼ਿਲ੍ਹਾ ਗੁਜਰਾਂਵਾਲੇ ਵਿਚ ਸੀ।

(੧੧) ਮੁਸਲਮਾਨ ਪ੍ਰੇਮੀ–

ਮੁਸਲਮਾਨਾਂ ਵਿਚੋਂ ਵਜ਼ੀਰ ਖਾਂ ਦਰਬਾਰੀ ਸਜਦ ਅਜ਼ੀਮ ਖਾਂ ਹਾਕਮ ਜਲੰਧਰ, ਸਾਈਂ ਮੀਆਂ ਮੀਰ ਸਤਿਗੁਰੂ ਦੇ ਪ੍ਰੇਮੀ ਸਨ। ਵਜ਼ੀਰ ਖਾਂ ਨੂੰ ਜਲੋਧਰ ਦਾ ਰੋਗ ਸੀ, ਜੋ ਸ੍ਰੀ ਅੰਮ੍ਰਿਤਸਰ ਆ ਕੇ ਸੇਵਾ ਕਰਨ ਨਾਲ ਰਾਜ਼ੀ ਹੋਇਆ।

(੧੨) ਤਿੰਨ ਹੋਰ ਸਿਖ–

ਭਾਈ ਜੇਠਾ, ਪਿਰਾਣਾ ਤੇ ਲੰਗਾਹਾ ਮੁਖੀ ਸਿਖ ਹੋਏ ਹਨ। ਇਹ ਸਤਿਗੁਰੂ ਦੇ ਸ਼ਹੀਦ ਹੋਣ ਸਮੇਂ ਨਾਲ ਸਨ। ਛੇਵੇਂ ਗੁਰੂ ਜੀ

ਤੇ ਵੀ ਸਮੇਂ ਇਨ੍ਹਾਂ ਨੇ ਬੜੇ ਕਾਰਨਾਮੇ ਕੀਤੇ ਹਨ, ਜਿਨ੍ਹਾਂ ਦਾ ਵਰਣਨ ਅਗੇ ਚਲ ਕੇ ਕੀਤਾ ਗਿਆ ਹੈ।

(੧੩) ਸੰਮਨ ਤੇ ਮੂਸਨ—

ਇਹ ਦੋਵੇਂ ਪਿਉ ਪੁਤਰ ਪੰਚਮ ਪਾਤਸ਼ਾਹ ਦੇ ਸਿਦਕੀ ਸਿਖ ਹੋਏ ਹਨ। ਰਾਜਗੀਰੀ ਤੇ ਮਜ਼ੂਰੀ ਦਾ ਕੰਮ ਕਰਦੇ ਸਨ। ਬਹੁਤ ਗਰੀਬ ਸਨ। ਉਨ੍ਹਾਂ ਦਿਨਾਂ ਵਿਚ ਲਾਹੌਰ ਵਿਚ ਸ਼ਾਹੀ ਇਮਾਰਤਾਂ ਬਣਦੀਆਂ ਸਨ। ਇਹ ਦੋਵੇਂ ਇਥੇ ਆ ਕੇ ਕੰਮ ਕਰਨ ਲਗ ਪਏ। ਗੁਰੂ ਜੀ ਲਾਹੌਰ ਪਧਾਰੇ ਤਾਂ ਇਨ੍ਹਾਂ ਨੇ ਆਪ ਦੀ ਸੰਗਤ ਸਮੇਤ ਪ੍ਰਸ਼ਾਦ ਕਰਨਾ ਚਾਹਿਆ। ਇਨ੍ਹਾਂ ਕੋਲ ਮਾਇਆ ਥੋੜ੍ਹੀ ਸੀ ਤੇ ਖਰਚ ਵਧੇਰੇ ਜਾਪਦਾ ਸੀ। ਕਿਲ੍ਹੇ ਦੇ ਬੁਰਜ ਨੂੰ ਮੁਰੰਮਤ ਕਰਦਿਆਂ ਇਕ ਰਾਜ ਡਿਗ ਕੇ ਮਰ ਗਿਆ ਸੀ, ਇਸ ਲਈ ਉਥੇ ਹੋਰ ਕੋਈ ਡਰਦਾ ਮਾਰਿਆ ਕੰਮ ਨਹੀਂ ਸੀ ਕਰਦਾ। ਸੰਮਨ ਤੇ ਮੂਸਨ ਨੇ ਗੁਰੂ ਜੀ ਦਾ ਲੰਗਰ ਕਰਨਾ ਸੀ। ਇਸ ਲਈ ਇਨ੍ਹਾਂ ਨੇ ਕਿਲ੍ਹੇ ਦੇ ਹਾਕਮ ਨੂੰ ਜਾ ਕੇ ਕਿਹਾ:—

"ਅਸੀਂ ਕੰਮ ਕਰਾਂਗੇ, ਜੇ ਮਜ਼ੂਰੀ ਪੇਸ਼ਗੀ ਮਿਲ ਜਾਵੇ।" ਹਾਕਮ ਨੇ ਇਹ ਗਲ ਪ੍ਰਵਾਨ ਕਰ ਲਈ।

ਪਿਉ ਲੰਗਰ ਦੀ ਸੇਵਾ ਵਿਚ ਲਗਾ ਹੋਇਆ ਸੀ ਤੇ ਪੁਤਰ ਬੁਰਜ ਦਾ ਕੰਮ ਕਰ ਰਿਹਾ ਸੀ। ਵਾਹਿਗੁਰੂ ਦੀ ਮਰਜ਼ੀ ਅਜਿਹੀ ਹੋਈ ਕਿ ਸੰਮਨ ਇੱਟਾਂ ਲਾਉਂਦਿਆਂ ਡਿਗ ਪਿਆ। ਪਿਉ ਨੇ ਘਰ ਚੁਕ ਲਿਆਂਦਾ। ਜਦ ਗੁਰੂ ਜੀ ਸੰਗਤ ਸਮੇਤ ਲੰਗਰ ਛਕਣ ਆਏ ਤਾਂ ਆਪ ਨੇ ਪੁਛਿਆ—"ਸੰਮਨ ਕਿਥੇ ਗਿਆ ਹੈ?" ਮੂਸਨ ਨੇ ਉਤਰ ਦਿਤਾ—'ਆਪ ਜਾਣੀ ਜਾਣ ਹੋ, ਉਹ ਤਾਂ ਬੁਰਜ ਤੋਂ ਡਿਗ ਕੇ ਅੰਦਰ ਪਿਆ ਹੈ।' ਇਹ ਸੁਣ ਕੇ ਕੋਮਲ ਚਿਤ, ਇਨਸਾਨੀਅਤ ਦਾ ਦਰਦ ਰਖਣ ਵਾਲੇ ਸਤਿਗੁਰੂ ਉਠੇ, ਸੰਮਨ ਦੇ ਸਿਰ ਤੇ ਮਿਹਰ ਦਾ ਹੱਥ ਰਖਿਆ, ਉਸ ਨੂੰ ਪਿਆਰ ਨਾਲ ਉਠਾਇਆ ਤੇ ਜੀਅ-

ਦਾਨ ਦਿਤਾ।*

ਦੁਨੀਆਂ ਪ੍ਰੇਮ ਦੀ ਆਖਰੀ ਹੱਦ ਮੌਤ ਨੂੰ ਮੰਨਦੀ ਹੈ । ਗੁਰੂ ਦੇ ਪਿਆਰ ਵਿਚ ਮਸਤ ਸੰਮਨ ਮੌਤ ਤਕ ਗਿਆ ਸੀ । ਸਤਿਗੁਰੂ ਨੇ ਸੰਮਨ ਦਾ ਸਿਦਕ ਤੇ ਪਰੇਮ ਵੇਖ ਕੇ ਫੁਰਮਾਇਆ–

ਸੰਮਨ ਸਉ ਇਸ ਪ੍ਰੇਮ ਕੀ ਦਮਕਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥

ਫਿਰ ਫੁਰਮਾਇਆ–

ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥
ਮੂਸਨ ਪਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥

ਹੇ ਮੂਸਨ ! ਜੇ ਮਨੁਖ ਸਮੁੰਦਰਾਂ, ਪਹਾੜਾਂ, ਨਿਰ ਜਨ ਬਨਾਂ ਤੇ ਨਵਖੰਡ ਪ੍ਰਿਥਵੀ ਪੈਰਾਂ ਦੇ ਨਾਲ ਚਲਕੇ ਜਾਵੇ ਤਾਂ ਇਹ ਪ੍ਰੇਮ ਦੀ ਮੰਜ਼ਲ ਦੇ ਇਕ ਕਦਮ ਬਰਾਬਰ ਨਹੀਂ ਹੋਵੇਗਾ ।

ਪ੍ਰੇਮ ਵਿਚ ਮਗਨ ਸਤਿਗੁਰੂ ਨੇ ਇਨ੍ਹਾਂ ਨੂੰ ਸੰਬੋਧਨ ਕਰਕੇ ਚਉਬੋਲੇ ਉਚਾਰਨ ਕੀਤੇ । ਸਿਖਾਂ ਨੇ ਸਿਦਕ ਅਤੇ ਪ੍ਰੇਮ ਵਿਚ ਕਮਾਲ ਕਰ ਦਿਤਾ । ਮਹਾਰਾਜ ਨੇ ਬਾਣੀ ਲਿਖ ਕੇ ਸੰਮਨ ਅਤੇ ਮੂਸਨ ਦੇ ਨਾਮ ਨੂੰ ਰਹਿੰਦੀ ਦੁਨੀਆਂ ਤਕ ਜ਼ਿੰਦਾ ਕਰ ਦਿਤਾ । ਇਨਸਾਨ ਜੰਮਦੇ ਅਤੇ ਮਰਦੇ ਜਾਂਦੇ ਹਨ, ਜਿਸਮ ਬਣਦੇ ਤੇ ਫ਼ਨਾਹ ਹੋ ਜਾਂਦੇ ਹਨ, ਪਰ ਆਤਮਾ ਸਦਾ ਜੀਊਂਦੀ ਹੈ । ਨਿਰਛਲ-ਪਿਆਰ ਸਦਾ ਜੀਊਂਦਾ ਹੈ ।

---

*ਸੰਮਨ ਹੈ ਸ਼ਾਹਬਾਜ਼ ਪੁਰ ਮਾਹਿ । (ਗੁ: ਪ੍ਰ: ਸੂ: ਰਾਸ ੩-੫੯)
ਇਹ ਸ਼ਾਹਬਾਜ਼ਪੁਰ ਜ਼ਿਲਾ ਅੰਬਾਲੇ ਵਿਚ ਤੇ ਦੂਜਾ ਅੰਮ੍ਰਿਤਸਰ 'ਚ ।
ਮੂਸਨ ਅਰ ਜਮਾਲ ਜੁਗ ਭ੍ਰਾਤਾ, ਸੰਮਨ ਪਤੰਗ ਗੁਰਨ ਦੇ ਦਾਤਾ ।
(ਗੁਰਪੁਰ ਪ੍ਰਕਾਸ਼ ਪੰਨਾ ੪੧੬)

ਭਾਵ–ਮੂਸਨ ਤੇ ਜਮਾਲ ਦੋ ਭਰਾ ਸਨ । ਸੰਮਨ ਤੇ ਪਤੰਗ ਉਨ੍ਹਾਂ ਦੇ ਪੁਤਰ ਸਨ । ਇਨ੍ਹਾਂ ਚਹੁੰਆਂ ਸਾਦਿਕ ਸਿਖਾਂ ਦੇ ਨਾਮ ਪਰ ਪੰਚਮ ਪਾਤਸ਼ਾਹ ਨੇ ਚਉਬੋਲੇ ਉਚਾਰਨ ਕੀਤੇ ਹਨ ।

ਚੌਹੀਵਾਂ ਵਿਆਖਿਆਨ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿਤ੍ਰ ਸ਼ਹੀਦੀ

ਕੁਰਬਾਨੀ ਵਿਚ ਜੀਵਨ ਦਾ ਬੀਜ ਹੁੰਦਾ ਹੈ । ਪਵਿਤ੍ਰ ਕੁਰਬਾਨੀ, ਕੌਮਾਂ ਨੂੰ ਜ਼ਿੰਦਾ ਕਰ ਦਿੰਦੀ ਹੈ । ਅਜੇਹੀ ਕੁਰਬਾਨੀ 'ਸ਼ਹੀਦ' ਹੀ ਕਰ ਸਕਦੇ ਹਨ । ਸ਼ਹੀਦ ਕਿਸਨੂੰ ਕਹਿੰਦੇ ਹਨ ? ਕਿਸੇ ਗੱਲ ਦੇ ਸੱਚੇ ਹੋਣ ਦੀ ਗਵਾਹੀ ਦੇਣ ਵਾਲਾ । ਸਚੇ ਆਰਦਸ਼ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ ਸ਼ਹਾਦਤ ਹੈ। ਸਚਾਈ, ਨੇਕੀ, ਪਰ-ਉਪਕਾਰ ਦੇ ਦੁਖੀਆਂ ਲਈ ਆਪਾ ਵਾਰਨ ਵਾਲੀਆਂ ਉਚੀਆਂ ਸ਼ਖਸੀਅਤਾਂ ਨੂੰ ਸ਼ਹੀਦ ਕਿਹਾ ਜਾਂਦਾ ਹੈ । ਆਮ ਮਨੁਖ ਕਿਸੇ ਸ਼ਖਸ ਜਾਂ ਹਕੂਮਤ ਦੇ ਜ਼ੁਲਮ ਨੂੰ ਵੇਖਦੇ ਹਨ। ਕਈ ਡਰ ਦੇ ਕਾਰਣ ਤੇ ਕਈ ਲੋਭ ਕਰਕੇ ਦਬੇ ਰਹਿੰਦੇ ਹਨ । ਕੁਝ ਅੰਦਰੋਂ ਕੁੜ੍ਹਦੇ ਹਨ ਪਰ ਉਨ੍ਹਾਂ ਦੀ ਆਤਮਾ ਇਤਨੀ ਬਲਵਾਨ ਨਹੀਂ ਹੁੰਦੀ ਕਿ ਉਹ ਜ਼ੁਲਮ ਦੇ ਵਿਰੁਧ ਅਵਾਜ਼ ਉਠਾ ਸਕਣ ਜਾਂ ਕਿਸੇ ਆਦਰਸ਼ ਲਈ ਆਪਾ ਵਾਰਨ । ਅਸੀਂ ਜਿਸ ਗੱਲ ਨੂੰ ਸੰਭਵ ਸਮਝਦੇ ਹਾਂ, ਸ਼ਹੀਦ ਉਹ ਕਰ ਵਿਖਾਉਂਦੇ ਹਨ । ਇਸੇ ਲਈ ਉਹ ਕੌਮਾਂ ਨੂੰ ਜ਼ਿੰਦਾ ਕਰ ਦਿੰਦੇ ਹਨ । ਮਨੁਖ ਸਰੀਰ ਓਦੋਂ ਤੀਕ ਜੀਊਂਦਾ ਹੈ ਜਦ ਤੀਕ ਖ਼ੂਨ ਦੀ ਰੌ ਉਸ ਵਿਚ ਜਾਰੀ ਹੈ। ਜਿਸ ਤਰ੍ਹਾਂ ਲਹੂ ਦਾ ਗੇੜ ਸਰੀਰ ਨੂੰ ਜ਼ਿੰਦਾ ਰਖਦਾ ਹੈ, ਕਿਸੇ ਉਚੇ ਆਦਰਸ ਲਈ ਸ਼ਹੀਦਾਂ ਦਾ ਡੁਲਿਆ ਹੋਇਆ ਖ਼ੂਨ ਮੁਲਕਾਂ ਅਤੇ ਕੌਮਾ ਨੂੰ ਜ਼ਿੰਦਾ ਕਰਦਾ ਹੈ । ਪਵਿਤਰ ਕੁਰਬਾਨੀ ਲੱਖਾਂ ਇਨਸਾਨਾਂ ਦੇ ਮਨ ਦੀ ਮੈਲ ਨੂੰ ਕਟ ਦਿੰਦਾ ਹੈ । ਜਦੋਂ ਹਕੂਮਤ ਜ਼ੁਲਮ ਕਰਦੀ ਹੈ, ਸ਼ਹੀਦ-ਆਤਮਾ ਉਸ ਨੂੰ ਸਹਿੰਦੀ ਹੈ । ਹਾਕਮਾਂ ਦਾ ਨਿਸਚਾ ਹੁੰਦਾ ਹੈ ਕਿ ਫਲਾਣੇ ਆਦਮੀ ਨੂੰ ਮਾਰਨ ਨਾਲ ਉਸ ਦਾ ਆਦਰਸ਼ ਖਤਮ

ਹੋ ਜਾਏਗਾ ਪਰ ਇਹ ਕਦੀ ਨਹੀਂ ਹੋਇਆ। ਆਮ ਆਦਮੀ ਜਿਸਮ ਤੋਂ ਪਰੇ ਵੇਖ ਨਹੀਂ ਸਕਦੇ। ਇਸ ਲਈ ਉਹ ਸਮਝਦੇ ਹਨ ਕਿ ਸਰੀਰ ਦੇ ਨਾਸ਼ ਹੋਣ ਨਾਲ ਮਰ ਜਾਈਦਾ ਹੈ। ਯਾਦ ਰੱਖੋ ! ਜਿਸ ਤਰ੍ਹਾਂ ਸੂਰਜ ਦੀ ਅਤਿ ਗਰਮੀ ਨਾਲ ਹਵਾ ਵਿਚੋਂ ਪਾਣੀ ਤਾਂ ਸੁਕ ਜਾਂਦਾ ਹੈ ਪਰ ਉਸ ਦੀ ਥਾਂ ਨੂੰ ਮੱਲਣ ਲਈ ਚਹੁੰ ਪਾਸਿਆਂ ਤੋਂ ਹਵਾਵਾਂ ਹਨੇਰੀਆਂ ਦੀ ਸ਼ਕਲ ਵਿਚ ਉਠ ਪੈਂਦੀਆਂ ਹਨ ਜਾਂ ਮੌਨ ਸੂਨ ਚਲ ਪੈਂਦੀ ਹੈ, ਇਸ ਤਰ੍ਹਾਂ ਪਵਿਤਰ ਕੁਰਬਾਨੀ ਤੇ ਸ਼ਹੀਦੀ ਕਈ ਸ਼ਹੀਦ ਪੈਦਾ ਕਰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਦੇ ਪਹਿਲੇ ਲਾਸਾਨੀ ਸ਼ਹੀਦ ਹਨ, ਜਿਨ੍ਹਾਂ ਨੇ ਸ਼ਾਂਤਮਈ ਰਹਿੰਦੇ ਹੋਏ ਅਤਿਅੰਤ ਕਸ਼ਟ ਸਹਾਰ ਕੇ ਸ਼ਹਾਦਤ ਪੇਸ਼ ਕੀਤੀ ਹੈ।

ਹੁਣ ਅਸੀਂ ਗੁਰੂ ਜੀ ਦੀ ਸ਼ਹੀਦੀ ਦੇ ਕਾਰਣਾਂ ਤੇ ਉਸ ਤੋਂ ਪਹਿਲੇ ਦੇ ਕੁਝ ਵਾਕਿਆਤ ਦਾ ਜ਼ਿਕਰ ਕਰਦੇ ਹਾਂ। ਸਿਖ ਇਤਿਹਾਸਕਾਰਾਂ ਨੇ ਸ਼ਹੀਦੀ ਦਾ ਵਡਾ ਕਾਰਨ ਚੰਦੂ ਨੂੰ ਦਸਿਆ ਹੈ। ਇਹ ਠੀਕ ਨਹੀਂ। ਜਹਾਂਗੀਰ ਦਾ ਮਜ਼ਬੀ ਤਅੱਸਬ, ਰਾਜਨੀਤਕ ਸੂਬੇ, ਲਾਹੌਰ ਦੇ ਹਾਕਮਾਂ ਦੀਆਂ ਸਾਜ਼ਸ਼ਾਂ, ਪ੍ਰਿਥੀ ਚੰਦ, ਸ਼ੇਖ ਅਹਿਮਦ ਸਰਹਿੰਦੀ ਤੇ ਮਿਹਰਬਾਨ ਦੀਆਂ ਕੁਟਲ ਚਾਲਾਂ ਨੇ ਇਹ ਕਾਰਾ ਵਰਤਾਇਆ।

ਪ੍ਰਿਥੀਚੰਦ ਤੇ ਮਿਹਰਬਾਨ ਗੁਰੂ ਜੀ ਦੇ ਵਿਰੋਧੀ ਸਨ। ਹਕੂਮਤ ਨੇ ਇਨ੍ਹਾਂ ਨੂੰ ਮਾਲਵੇ ਵਿਚ ਕੋਠਾ ਪਿੰਡ (ਹੁਣ ਪਟਿਆਲੇ ਵਿਚ ਹੈ) ਜਗੀਰ ਦਿਤੀ। ਇਨ੍ਹਾਂ ਨਾਲ ਇਕ ਹੋਰ ਆਦਮੀ ਸ਼ਾਮਲ ਹੋਇਆ, ਜਿਸ ਦਾ ਨਾਮ ਚੰਦੂ ਸ਼ੀ। ਇਹ ਪੰਜਾਬ ਦਾ ਵਸਨੀਕ ਸੀ ਪਰ ਦਿਲੀ ਵਿਚ ਸਰਕਾਰੀ ਨੌਕਰ ਸੀ। ਇਸ ਨੇ ਆਪਣੀ ਲੜਕੀ ਦਾ ਨਾਤਾ ਕਰਨ ਤੇ ਯੋਗ ਵਰ ਦੀ ਤਲਾਸ਼ ਲਈ ਪ੍ਰੋਹਤ ਨੂੰ ਭੇਜਿਆ। ਜਿਸ ਨੇ ਅੰਮ੍ਰਿਤਸਰ ਪੁਜ ਕੇ ਸੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਸੰਦ ਕੀਤਾ। ਜਦ ਵਾਪਸ ਜਾ ਕੇ ਉਸ ਨੇ ਚੰਦੂ ਨੂੰ ਦਸਿਆ ਤਾਂ

ਉਸ ਨੌਕਰੀ ਨੇ ਕਿਹਾ–"ਚੁਬਾਰੇ ਦੀ ਇੱਟ ਮੋਰੀ ਨੂੰ ਲਾਈ ਹੈ।" ਜਿਸ ਗੱਲ ਦਾ ਪਤਾ ਦਿੱਲੀ ਦੀ ਸੰਗਤ ਨੂੰ ਲੱਗਾ। ਉਸ ਨੇ ਮਹਾਰਾਜ ਨੂੰ ਲਿਖਿਆ ਕਿ ਚੰਦੂ ਦਾ ਰਿਸ਼ਤਾ ਨਹੀਂ ਲੈਣਾ। ਇਸ ਨੇ ਗੁਰੂ ਘਰ ਦੀ ਨਿਰਾਦਰੀ ਕੀਤੀ ਹੈ। ਗੁਰਦੇਵ ਨੇ ਸਵੈਮਾਨ ਦੇ ਕਾਰਣ ਰਿਸ਼ਤਾ ਮੋੜ ਦਿਤਾ। ਇਸ ਲਈ ਚੰਦੂ ਦੁਸ਼ਮਣ ਬਣ ਗਿਆ।

*ਪ੍ਰਿਥੀਏ ਅਤੇ ਚੰਦੂ ਦੋਹਾਂ ਤੇ ਮਿਲ ਕੇ ਦਿਲੀਓਂ ਸੁਲਹੀ ਖਾਂ ਨੂੰ ਚੜ੍ਹਾ ਲਿਆਂਦਾ। ਇਕ ਦਿਨ ਪ੍ਰਿਥੀ ਚੰਦ ਤੇ ਸੁਲਹੀ ਕੋਠੇ ਪਿੰਡ ਦੇ ਪਾਸ ਸ਼ਿਕਾਰ ਖੇਡਣ ਗਏ, ਸੁਲਹੀ ਦਾ ਘੋੜਾ ਤ੍ਰਬਕ ਜਾਣ ਨਾਲ ਉਹ ਆਵੇ ਵਿਚ ਡਿਗ ਪਿਆ ਤੇ ਸੜ ਕੇ ਮਰ ਗਿਆ। ਬਾਣੀ ਵਿਚ ਆਇਆ ਹੈ, 'ਸੁਲਹੀ ਹੋਇ ਮੂਆ ਨਾਪਾਕੁ।'

ਇਸ ਤੋਂ ਬਾਅਦ ਸੁਲਹੀ ਖਾਂ ਦਾ ਭਤੀਜਾ ਸੁਲਭੀ ਖਾਂ ਪੰਜਾਬ 'ਚ ਆਇਆ। ਚੰਦੂ ਨੇ ਉਸ ਨੂੰ ਭੀ ਪ੍ਰੇਰਨਾ ਕੀਤੀ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਵੇ। ਉਹ ਬਿਆਸ ਦੇ ਕੰਢੇ ਉਤਰਿਆ ਸੀ ਕਿ ਤਨਖਾਹ ਤੋਂ ਇਕ ਸਯਦ ਨਾਲ ਝਗੜਾ ਹੋਣ ਕਰਕੇ ਮਾਰਿਆ ਗਿਆ। ਗੁਰੂ ਜੀ ਤਕ ਨਾ ਸੁਲਹੀ ਪਹੁੰਚਿਆ ਨਾ ਹੀ ਸੁਲਭੀ ਪਹੁੰਚ ਸਕਿਆ।

ਗੁਰੂ ਜੀ ਦੀ ਸ਼ਹੀਦੀ ਦਾ ਕੌਣ ਜ਼ਿੰਮੇਂਵਾਰ ਹੈ ? ਇਤਿਹਾਸ ਇਸ ਦਾ ਉਤਰ ਦਿੰਦਾ ਹੈ ਕਿ ਜਹਾਂਗੀਰ। ਚੰਦੂ ਤਾਂ ਇਕ ਮਾਮੂਲੀ ਕਾਰਿੰਦਾ ਸੀ। ਜੋ ਕੁਝ ਹੋਇਆ ਬਾਦਸ਼ਾਹ ਦੇ ਹੁਕਮ ਨਾਲ ਹੋਇਆ। ਅਕਬਰ ਦੇ ਸਬੰਧ ਸਤਿਗੁਰਾਂ ਨਾਲ ਚੰਗੇ ਰਹੇ, ਉਸ ਦੀ

---

*ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਪ੍ਰਿਥੀਏ ਵੈਸਾਖ ਸੰਮਤ ੧੬੬੩ ਵਿਚ ਆਪਣੇ ਪਿੰਡ ਹੈਜ਼ੇ ਨਾਲ ਮਰ ਗਿਆ।

(ਗੁ: ਪ੍ਰ: ਸੂ: ਰਾਸ ੫-੨੭)

ਮਹਾਨ ਕੋਸ਼ ਵਿਚ ਇਸ ਦੀ ਮੌਤ ਸੰਮਤ ੧੬੭੫ ਲਿਖਿਆ ਹੈ।

ਮੌਤ ਦੇ ਬਾਅਦ ੨੪ ਅਕਤੂਬਰ ੧੬੦੫ ਨੂੰ ਜਹਾਂਗੀਰ ਗੱਦੀ ਤੇ ਬੈਠਾ। ਅਕਬਰ ਇਸ ਨੂੰ ਦਿਲੋਂ ਨਹੀਂ ਸੀ ਚਾਹੁੰਦਾ । ਕਿਉਂਕਿ ਉਸ ਦੇ ਜਿਊਂਦਿਆਂ ਹੀ ਜਹਾਂਗੀਰ ਨੇ ਬਗਾਵਤ ਕੀਤੀ ਤੇ ਅਬੁਲ ਫਜ਼ਲ ਵਰਗੇ ਦਰਬਾਰੀ ਨੂੰ ਮਰਵਾਇਆ ਸੀ । ਦਰਬਾਰੀਆਂ ਵਿਚ ਇਕ ਖਾਸ ਧੜਾ ਸੀ ਜੋ ਜਹਾਂਗੀਰ ਦੇ ਵਿਰੁਧ ਸੀ । ਅਕਬਰ ਆਪਣੇ ਪੋਤਰੇ ਖੁਸਰੋ (ਜਹਾਂਗੀਰ ਦੇ ਪੁਤਰ) ਤੇ ਪ੍ਰਸੰਨ ਸੀ। ਕੁਝ ਦਰਬਾਰੀ ਭੀ ਇਸ਼ ਦੇ ਹਮਾਇਤੀ ਸਨ । ਜਦ ਜਹਾਂਗੀਰ ਗੱਦੀ ਉਤੇ ਬੈਠ ਗਿਆ ਤਾਂ ਖੁਸਰੋ ਨੇ ਬਗਾਵਤ ਕਰ ਦਿਤੀ । ਉਹ ਆਗਰੇ ਦੇ ਕਿਲ੍ਹੇ ਵਿਚੋਂ ਨਿਕਲ ਕੇ ਮਥਰਾ ਪੁਜਿਆ । ਉਥੋਂ ਹਸਨ ਬੇਗ ਫੋਜਦਾਰ ਨੂੰ ਲੈ ਕੇ ਉਹ ਦਿਲੀ ਤੇ ਪੰਜਾਬ ਵਲ ਵਧਿਆ ਤੇ ਗੋਇੰਦਵਾਲ ਦਾ ਪੱਤਨ ਲੰਘ ਕੇ ਗੁਰੂ ਜੀ ਨੂੰ ਤਰਨ ਤਾਰਨ ਆ ਕੇ ਮਿਲਿਆ। ਮਹਾਰਾਜ ਨੇ ਅਤਿੱਥੀ ਤੇ ਦੀਨ ਦੁਖੀ ਸਮਝ ਕੇ ਉਸ ਦੀ ਸੇਵਾ ਕੀਤੀ, ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ–

ਥਾ ਬੜਾ ਦੁਖੀ ਤਾਂ ਪਰ ਭਈ ਆਫ਼ਤ ।
ਦੇਖ ਦਿਆਲ ਗੁਰ ਕਰੀ ਜ਼ਿਆਫ਼ਤ ।

ਖੁਸਰੋ ਤਰਨ ਤਾਰਨ ਤੋਂ ਹੁੰਦਾ ਲਾਹੌਰ ਪੁਜਾ । ਜਹਾਂਗੀਰ ਇਸ ਦੇ ਪਿਛੇ ਫੌਜ ਲੈ ਕੇ ਆ ਰਿਹਾ ਸੀ, ਇਸ ਲਈ ਉਹ ਅਗੇ ਨੂੰ ਚਲ ਪਿਆ । ਮਗਰੋਂ ਜਹਾਂਗੀਰ ਭੀ ਸਰਾਂ ਕਾਜ਼ੀ, ਸੁਲਤਾਨਪੁਰ, ਗੋਇੰਦਵਾਲ, ਤਰਨ ਤਾਰਨ ਤੋਂ ਹੁੰਦਾ ਲਾਹੌਰ ਪੁਜ ਗਿਆ। ਬਾਗੀ ਖੁਸਰੋ ਝਨਾਂ ਦੇ ਕੰਢੇ ਫੜਿਆ ਗਿਆ ਤੇ ਸਾਥੀਆਂ ਸਮੇਤ ਲਾਹੌਰ ਲਿਆਂਦਾ ਗਿਆ । ਇਸ ਦੇ ਸਾਥੀ ਹੁਸੈਨ ਬੇਗ ਤੇ ਅਬਦੁਲ ਰਹਿਮਾਨ ਨੂੰ ਖੋਤੇ ਅਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਰਵਾਇਆ ਗਿਆ।

ਕਾਜ਼ੀਆਂ ਮੌਲਵੀਆਂ ਤੇ ਦਰਬਾਰੀਆਂ ਦੀ ਸਾਜ਼ਸ, ਤਅੱਸਬ ਅਤੇ ਰਾਜਨੀਤਕ ਸ਼ੱਕਾਂ ਦੀ ਬਿਨਾ ਤੇ ਜਹਾਂਗੀਰ ਨੇ ਲਾਹੌਰੋਂ ਸ੍ਰੀ

ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕੀਤਾ। ਜਹਾਂਗੀਰ ਆਪਣੀ 'ਤੌਜ਼ਕਿ ਜਹਾਂਗੀਰੀ' ਵਿਚ ਲਿਖਦਾ ਹੈ–

''ਗੋਇੰਦਵਾਲ ਜੋ ਕਿ ਦਰਿਆਏ ਬਿਆਸ ਦੇ ਕੰਢੇ ਤੇ ਹੈ, ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ ਗੁਰੂ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤ੍ਰੀਕਿਆਂ ਦਾ ਮਿਦਕੀ ਬਣਾਕੇ ਆਪਣੀ ਬਜ਼ੁਰਗੀ ਤੇ ਈਸ਼੍ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ ਤੇ ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ ਉਤੇ ਪੂਰਾ ਇਤਕਾਦ ਜ਼ਾਹਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ 'ਚ ਇਹ ਖਿਆਲ ਆਉਂਦਾ ਸੀ ਕਿ ਇਹ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ, ਜਾਂ ਉਸ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਹੋਇਆ। ਇਹ ਜਾਹਿਲ ਤੇ ਹਕੀਰ (ਖੁਸਰੋ) ਨੇ ਇਰਾਦਾ ਕੀਤਾ ਕਿ ਉਸ (ਗੁਰੂ) ਦੇ ਨਜ਼ਦੀਕ ਰਹੇ, ਜਿਥੇ ਕਿ ਗੁਰੂ ਦੇ ਰਹਿਣ ਦੀ ਥਾਂ ਸੀ, ਖੁਸਰੋ ਨੇ ਪੜਾਅ ਕੀਤਾ। ਗੁਰੂ ਉਸ ਨੂੰ ਮਿਲਿਆ ਤੇ ਕਈ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਦਾ ਟਿਕਾ ਇਕ ਉਂਗਲੀ ਨਾਲ ਉਸ ਦੇ ਮੱਥੇ ਤੇ ਲਾਇਆ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਜਾਣਦੇ ਹਨ।''

''ਜਦ ਇਹ ਗੱਲ ਮੇਰੇ ਕੰਨੀ ਪਈ ਤਦ ਮੈਂ ਅਗੇ ਹੀ ਉਸ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿਤਾ ਕਿ ਉਸ ਨੂੰ ਡਰਾਉਣ, ਮਾਰਨ, ਸਜਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰ ਦੇਵੇ।''

ਜਹਾਂਗੀਰ ਦੀ ਆਪਣੀ ਇਸ ਲਿਖਤ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਸ ਨੇ ਗੁਰੂ ਜੀ ਨੂੰ ਕਿਉਂ ਸ਼ਹੀਦ ਕੀਤਾ ? ਉਹ ਸਿਖੀ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ। ਇਸ ਦਾ ਸਾਫ ਮਤਲਬ ਇਹ ਹੈ ਕਿ ਉਹ ਸਿਖੀ ਨੂੰ ਮਿਟਾਉਣਾ ਚਾਹੁੰਦਾ ਸੀ। ਉਸ ਦਾ ਖਿਆਲ ਸੀ ਕਿ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ ਜਾਂ ਮਾਰ ਦਿਤਾ ਜਾਵੇ। ਖੁਸਰੋ ਦੀ ਇਮਦਾਦ ਤਾਂ ਇਕ ਬਹਾਨਾ ਸੀ। ਮਹਿਮਾ ਪ੍ਰਕਾਸ਼ ਦੀ ਲਿਖਤ ਦਸਦੀ ਹੈ ਕਿ ਗੁਰੂ ਜੀ ਨੇ ਦੁਖੀ ਸਮਝ ਕੇ ਖੁਸਰੋ ਦੀ ਸੇਵਾ ਕੀਤੀ। ਦੀਨ ਦੁਖੀਆਂ ਦੀ ਸੇਵਾ ਕਰਨੀ ਸਿੱਖੀ ਦਾ ਆਦਰਸ਼ ਹੈ। ਇਸ ਵਿਚ ਰਾਜਨੀਤੀ, ਦੋਸਤੀ ਜਾਂ ਦੁਸ਼ਮਣੀ ਦਾ ਕੋਈ ਦਖਲ ਨਹੀਂ। ਜਹਾਂਗੀਰ ਕਹਿੰਦਾ ਹੈ ਕਿ ਗੁਰੂ ਜੀ ਨੇ ਖੁਸਰੋ ਨੂੰ ਟਿੱਕਾ ਲਾਇਆ ਤੇ ਉਸ ਦੇ ਹੱਕ ਵਿਚ ਪੇਸ਼ੀਨਗੋਈ ਕੀਤੀ। ਮੁਹਸਨ ਫ਼ਾਨੀ ਲਿਖਦਾ ਹੈ ਕਿ ਦੁਆ ਕੀਤੀ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਸਫਰ ਲਈ ਪੰਜ ਹਜ਼ਾਰ ਰੁਪਿਆ ਦਿਤਾ। ਇਹ ਠੀਕ ਨਹੀਂ। ਗੁਰੂ ਕਿਸੇ ਨੂੰ ਗੁਰਗੱਦੀ ਤੋਂ ਬਿਨਾਂ ਤਿਲਕ ਨਹੀਂ ਲਾਉਂਦੇ ਸਨ। ਉਨ੍ਹਾਂ ਕਦੀ ਪ੍ਰਾਰਥਨਾ ਕਿਸੇ ਦੀ ਬਾਦਸ਼ਾਹਤ ਲਈ ਨਹੀਂ ਕੀਤੀ। ਗੁਰੂ ਅੰਗਦ ਦੇਵ ਜੀ ਦੇ ਸਮੇਂ ਹਮਾਯੂੰ ਭੀ ਤੇ ਇਹੀ ਚਾਹੁੰਦਾ ਸੀ। ਪਰ ਗੁਰੂ ਜੀ ਨੇ ਇਨਕਾਰ ਕੀਤਾ ਸੀ।

ਜਹਾਂਗੀਰ ਦੀ ਆਪਣੀ ਲਿਖਤ ਤੋਂ ਪਤਾ ਲਗਦਾ ਹੈ ਕਿ ਖਵਾਜਾ ਨਜ਼ਾਮੁਦੀਨ ਥਾਨੇਸਰੀ ਭੀ ਖੁਸਰੋ ਨੂੰ ਮਿਲਿਆ। ਉਸ ਨੇ ਸ਼ਾਹਜ਼ਾਦੇ ਦੇ ਹਕ ਵਿਚ ਦੁਆ ਕੀਤੀ। ਜਹਾਂਗੀਰ ਕਹਿੰਦਾ ਹੈ–"ਮੈਂ ਖਵਾਜੇ ਨੂੰ ਸਫਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿਤਾ।" ਮੁਸਲਮਾਨ ਫਕੀਰ ਨੂੰ ਹੱਜ ਤੇ ਤੋਰਨ ਤੇ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ ਕਿਥੋਂ ਦਾ ਇਨਸਾਫ ਹੈ ? ਇਸ ਲਈ ਹਕੀਕਤ ਇਹ ਹੈ ਕਿ ਬਾਦਸਾਹ ਨੇ ਮਜ਼ਹਬੀ-ਤਅਸਬ ਦੇ ਕਾਰਨ ਗੁਰੂ ਜੀ ਨੂੰ ਸ਼ਹੀਦ ਕੀਤਾ। ਇਕ ਗੱਲ ਹੋਰ ਹੈ ਕਿ ਬਾਦਸ਼ਾਹ ਆਗਰੇ

ਤਾਂ, ਖੁਸਰੋ ਦਾ ਪਿਛਾ ਕਰਨ ਲਈ ਪੰਜਾਬ ਵੱਲ ਆਇਆ। ਰਸਤੇ ਵਿਚ ਉਹ ਖੁਸਰੋ ਦੇ ਹਮਾਇਤੀਆਂ ਨੂੰ ਗ੍ਰਿਫਤਾਰ ਕਰਦਾ ਹੈ, ਸਜ਼ਾ ਦਿੰਦਾ ਅਤੇ ਮੁਕਾਂਦਾ ਆਇਆ। ਲਾਹੌਰ ਨੂੰ ਆਉਂਦਿਆਂ ਗੋਇੰਦਵਾਲ ਤੇ ਤਰਨ ਤਾਰਨ ਤੋਂ ਲੰਘਿਆ। ਜੇ ਗੁਰੂ ਜੀ ਨੇ ਕੋਈ ਰਾਜਨੀਤਕ ਵਿਰੋਧਤਾ ਕੀਤੀ ਸੀ, ਤਾਂ ਬਾਦਸ਼ਾਹ ਨੂੰ ਇਸ਼ ਦਾ ਪਹਿਲੇ ਕਿਉਂ ਨਾ ਪਤਾ ਲਗਾ ? ਉਹ ਲਾਹੌਰ ਪੁਜ ਕੇ ਕਿਆਮ ਕਰਦਾ ਹੈ, ਤਿੰਨ ਹਫਤੇ ਗੁਜ਼ਰ ਜਾਂਦੇ ਹਨ। ਖੁਸਰੋ ਤੇ ਉਸ ਦੇ ਸਾਥੀ ਝਨਾਂ ਦੇ ਕੰਢਿਓਂ ਗ੍ਰਿਫਤਾਰ ਕਰ ਕੇ ਉਸ ਦੇ ਪੇਸ਼ ਕੀਤੇ ਜਾਂਦੇ ਹਨ। ਉਸ ਦੇ ਬਚਿਆਂ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ। ਸਭ ਕੁਝ ਕਰਕੇ ਜਿਸ ਵਕਤ ਜਹਾਂਗੀਰ ਲਾਹੌਰੋਂ ਤੁਰਨ ਦੀ ਤਿਆਰੀ ਕਰਦਾ ਹੈ, ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਵਿਰੁਧ ਹੁਕਮ ਜਾਰੀ ਕਰਦਾ ਹੈ । ਕੀ ਇਹ ਲਾਹੌਰ ਵਿਚ ਘੜੀ ਗਈ ਸਾਜਸ਼ ਨਹੀਂ ਤਾਂ ਹੋਰ ਕੀ ਹੈ ?

ਉਨ੍ਹਾਂ ਦਿਨਾਂ ਵਿਚ ਇਕ ਈਰਾਨੀ ਫਕੀਰੀ ਬਾਕੀ ਬਿੱਲਾਹ ਜਹਾਂਗੀਰ ਦੇ ਦਰਬਾਰ ਵਿਚ ਕਾਫੀ ਅਸਰ ਰਖਦਾ ਸੀ। ਉਹ ਸਰਕਾਰੀ ਦਰਬਾਰੀਆਂ ਤੇ ਅਫਸਰਾਂ ਉਤੇ ਪ੍ਰਭਾਵ ਪਾ ਕੇ ਆਪਣੀ ਪੀਰੀ ਮੁਰੀਦੀ ਚਮਕਾਉਣਾ ਚਾਹੁੰਦਾ ਸੀ। ਉਸ ਦਾ ਮੁਰੀਦ ਸ਼ੇਖ ਅਹਿਮਦ ਸਰਹਿੰਦੀ ਵੀ ਬਣਿਆ, ਜੋ ਬੜਾ ਮੁਤੱਸਬੀ ਸੀ। ਉਹ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਰੋਧੀ ਸੀ।

ਜਹਾਂਗੀਰ ਨੇ ਗੁਰੂ ਸਾਹਿਬ ਨੂੰ ਜਿਸ ਮੁਰਤਜ਼ਾ ਖਾਂ ਦੇ ਸਪੁਰਦ ਕੀਤਾ, ਉਹ ਸ਼ੇਖ ਅਹਿਮਦ ਸਰਹਿੰਦੀ ਦੇ ਪ੍ਰਭਾਵ ਹੇਠਾਂ ਸੀ। ਦਸੰਬਰ ੧੬੦੫ ਵਿਚ ਸ਼ੇਖ ਅਹਿਮਦ ਸਰਹਿੰਦੀ ਮੁਜੱਦਦ ਅਲਫ਼ ਸਾਨੀ ਨੇ ਮੁਰਤਜ਼ਾ ਖਾਂ ਨੂੰ ਲਿਖਿਆ–

"ਜੇ ਸ਼ਹਿਨਸ਼ਾਹ (ਜਹਾਂਗੀਰ) ਦੇ ਤਖਤ ਪਰ ਬੈਠਦਿਆਂ ਹੀ ਹਿੰਦ ਵਿਚ ਇਸਲਾਮ ਦੇ ਪੈਰ ਜੰਮ ਗਏ ਤਾਂ ਵਾਹ ਵਾਹ, ਪਰ ਜੇ ਦਿਲ ਮਠ ਹੋ ਗਈ ਤਾਂ ਪਿਛੋਂ ਬੜੀ ਔਖਿਆਈ ਹੋਵੇਗੀ।"

ਸ਼ੇਖ ਅਹਿਮਦ ਸਰਹਿੰਦੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਅਦ ਬੜਾ ਸ਼ੁਕਰ ਮਨਾਇਆ ਅਤੇ ਕਿਹਾ–

"ਇਕ ਕਾਫਰ ਘਟ ਗਿਆ ਹੈ।"

ਉਸ ਨੇ ਜਹਾਂਗੀਰ ਨੂੰ ਵਧਾਈ ਵੀ ਭੇਜੀ।

ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੀ ਸਾਜ਼ਸ਼ ਵਿਚ ਅਹਿਮਦ ਸਰਹਿੰਦੀ ਵੀ ਪੂਰੀ ਤਰ੍ਹਾਂ ਸ਼ਾਮਲ ਸੀ।

ਸ੍ਰੀ ਦਸਮੇਸ਼ ਜੀ ਦੇ ਸਮਕਾਲੀ ਬਾਵਾ ਸਰੂਪ ਦਾਸ ਭਲੇ ਨੇ ਚੰਦੂ ਬਾਰੇ ਲਿਖਿਆ ਹੈ–

ਇਕ ਦੁਸਟ ਖਤ੍ਰੀ ਚੰਦੂ ਸਾਹੀ।
ਤਿਨ ਬਾਦਸ਼ਾਹ ਪੈ ਚੁਗਲੀ ਖਾਈ।
ਵੁਹ ਜਹਾਂਗੀਰ ਕਾ ਚਾਕਰ ਰਹਾ।
ਬਾਦਸ਼ਾਹ ਸੋਂ ਐਸੇ ਕਹਾ।
ਗੁਰੂ ਅਰਜਨ ਜਗ ਗੁਰੂ ਕਹਾਵੈ।
ਬਹੁਤ ਖਜ਼ਾਨਾ ਤਿਨਕੇ ਆਵੈ।
ਕਹੂੰ ਕੋ ਖਾਤਰ ਨਹੀਂ ਲਿਆਵੈ।
ਕਛੂ ਕਰਾਮਾਤ ਪੂਛੀਏ ਤਾਕੋ।
ਬੜਾ ਗਰੂਰ ਮਾਇਆ ਕਾ ਤਾਕੋ।

ਪ੍ਰਿਥੀ ਚੰਦ, ਮਿਹਰਬਾਨ, ਚੰਦੂ, ਸੇਖ ਅਹਿਮਦ ਸਰਹਿੰਦੀ ਸਾਰੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦੀ ਸਾਜ਼ਸ਼ ਵਿਚ ਸ਼ਾਮਲ ਸਨ।

ਗੁਰੂ ਜੀ ਪਹਿਲੇ ਹੀ ਤਿਆਰ ਸਨ। ਭਾਈ ਬੁਢੇ ਤੇ ਭਾਈ ਗੁਰਦਾਸ ਆਦਿਕ ਮੁਖੀ ਸਿਖਾਂ ਨੂੰ ਕੰਮ ਕਾਜ ਸੌਂਪ ਤੇ ਗੁਰ ਗੱਦੀ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਥਾਪ ਕੇ ਲਾਹੌਰ ਜਾਣ ਲਈ ਤਿਆਰ ਹੋਏ। ਤੁਰਨ ਸਮੇਂ ਹਜ਼ੂਰ ਨੇ ਸ੍ਰੀ ਮਾਤਾ ਗੰਗਾ ਜੀ ਨੂੰ ਉਪਦੇਸ਼ ਕੀਤਾ–"ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ।" ਸ੍ਰੀ ਹਰਿਮੰਦਰ ਸਾਹਿਬ ਨਮਸਕਾਰ ਕੀਤੀ। ਸੰਗਤਾਂ

ਨੂੰ ਆਖਰੀ ਵੇਰ ਦਰਸ਼ਨ ਦਿਤੇ । ਭਾਈ ਜੇਠਾ, ਪਿਰਾਣਾ, ਬਿਧੀਆ, ਪੈੜਾ ਅਤੇ ਲੰਙਾਹ ਨੂੰ ਨਾਲ ਲੈ ਕੇ ਲਾਹੌਰ ਦੀ ਸੰਗਤ ਨੂੰ ਆਖਰੀ ਦੀਦਾਰ ਦਿਤੇ । ਸੂਬਾ ਲਾਹੌਰ ਤੇ ਮੁਗਲ ਸਿਪਾਹੀਆਂ ਨੇ ਆਪ ਨੂੰ ਪੰਜਾ ਸਿਖਾਂ ਸਮੇਤ ਗ੍ਰਿਫਤਾਰ ਕਰ ਲਿਆ । ਆਪ ਨੂੰ ਕਿਲੇ ਦੇ ਨਾਲ ਲਾਲ ਖੂਹੀ ਦੇ ਪਾਸ ਇਕ ਹਵੇਲੀ ਵਿਚ ਬੰਦ ਕੀਤਾ ਗਿਆ । ਕੋਈ ਪੜਤਾਲ ਤੇ ਇਨਸਾਫ ਕਰਨ ਤੋਂ ਬਿਨਾਂ ਦੋ ਲਖ ਰੁਪਿਆ ਜੁਰਮਾਨਾ ਕੀਤਾ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਸਲਾਮ ਸੰਬੰਧੀ ਸ਼ਬਦ ਕੱਢਣ ਲਈ ਕਿਹਾ ਗਿਆ ।

ਗੁਰੂ ਜੀ ਨੇ ਉਤਰ ਦਿਤਾ, "ਸਾਡੇ ਪਾਸ ਜੋ ਧਨ ਹੈ, ਉਹ ਗਰੀਬਾਂ ਤੇ ਅਨਾਥਾਂ ਲਈ ਹੈ । ਜੇ ਤੁਸੀਂ ਧਨ ਮੰਗਦੇ ਹੋ, ਜਿਨਾਂ ਸਾਡੇ ਪਾਸ ਹੈ ਲੈ ਲਵੋ, ਪਰ ਜੁਰਮਾਨਾ ਮੰਗੋ ਤਾਂ ਕੌਡੀ ਨਹੀਂ ਦੇ ਸਕਦੇ* । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਲਿਖਿਆ ਹੈ, "ਇਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੈ । ਜੋ ਕੁਝ ਹੁਕਮ ਹੋਇਆ ਹੈ ਉਹ ਲਿਖਿਆ ਹੈ । ਇਸ 'ਚ ਵਧ ਘਟ ਕੁਝ ਨਹੀਂ ਕਰ ਸਕਦੇ ।†

ਗੁਰੂ ਜੀ ਨੂੰ ਚੰਦੂ ਦੇ ਸਪੁਰਦ ਕਿਸ ਤਰ੍ਹਾਂ ਕੀਤਾ ਗਿਆ ? ਇਹ ਇਕ ਸਮਝਣ ਵਾਲੀ ਗਲ ਹੈ। ਚੰਦੂ ਇਕ ਸਰਕਾਰੀ ਆਦਮੀ ਸੀ, ਉਸ ਨੇ ਆਪਣਾ ਵੈਰ ਲੈਣ ਲਈ ਹਕੂਮਤ ਨੂੰ ਜੁਰਮਾਨਾ ਦੇਣਾ ਕਰ ਕੇ ਗੁਰੂ ਜੀ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ।‡ ਬਾਦਸ਼ਾਹ ਗੁਰੂ ਜੀ ਦੇ ਸਖਤ ਵਿਰੁਧ ਸੀ ਇਸ ਲਈ ਚੰਦੂ ਨੂੰ ਤਸੀਹੇ ਦੇਣ ਲਗਿਆ ਕੌਣ ਪੁਛਦਾ ? ਇਸ ਪਾਪੀ ਨੇ ਸਤਿਗੁਰੂ ਜੀ ਨੂੰ

---

*ਮੈਕਾਲਫ । †ਤਵਾਰੀਖ ਗੁਰੂ ਖਾਲਸਾ ਪੰ: ੭੭੫ ।

‡ਸਰਦਾਰ ਗੰਡਾ ਸਿੰਘ ਜੀ ਲਿਖਦੇ ਹਨ ਕਿ ਅੰਬਾ ਨਾਮੀ ਰਾਜਪੂਤ ਨੂੰ ਵੀ ਜੁਰਮਾਨਾ ਕੀਤਾ ਗਿਆ, ਜਿਸ ਵਿਚੋਂ ਇਕ ਲਖ ਪੰਦਰਾਂ ਹਜ਼ਾਰ ਵਸੂਲ ਭੀ ਹੋਇਆ । ਪਰ ਜੁਰਮਾਨਾ ਗੁਰੂ ਜੀ ਤੇ ਭੀ ਹੋ ਸਕਦਾ ਹੈ। ਇਸ ਤੇ ਲਗ ਪਗ ਸਾਰੇ ਇਤਿਹਾਸਕਾਰ ਸਹਿਮਤ ਹਨ ।

ਜੇਠ ਦੀ ਸੜਦੀ ਬਲਦੀ ਧੁਪ ਵਿਚ ਰਖਿਆ । ਗਰਮ ਪਾਣੀ ਦੀ ਦੇਗ ਵਿਚ ਬਿਠਾਇਆ, ਤੱਤੀ ਰੇਤ ਪਾਈ, ਅਤੇ ਲੋਹ ਤੇ ਬਿਠਾਇਆ । ਗੁਰੂ ਜੀ ਨੇ ਅਸਹਿ ਕਸ਼ਟ ਸਹਾਰੇ । ਸਿਖਾਂ ਨੂੰ ਇਸ ਦਾ ਬੜਾ ਦੁਖ ਹੋਇਆ । ਜਦ ਮੀਆਂ ਮੀਰ ਨੂੰ ਪਤਾ ਲਗਾ, ਉਹ ਬੜਾ ਦੁਖੀ ਹੋਇਆ । ਸਤਿਗੁਰੂ ਨੇ ਸਭ ਨੂੰ ਕਿਹਾ, "ਇਹ ਵਾਹਿਗੁਰੂ ਦਾ ਭਾਣਾ ਹੈ ।"

"ਆਪੇ ਹਰ ਇਕ ਰੰਗ ਹੈ ਆਪੇ ਬਹੁ ਰੰਗੀ ॥
ਜੋ ਤਿਸ ਭਾਵੈ ਨਾਨਕਾ ਸਾਈ ਗਲ ਚੰਗੀ ॥"

ਇਹ ਭਾਣਾ ਮੰਨਣ ਤੇ 'ਆਤਮ ਸਮਰਪਨ' ਦੀ ਅਦੁਤੀ ਮਿਸਾਲ ਹੈ।

ਰੂਹਾਨੀ ਤੌਰ ਤੇ ਜੋ ਪੁਰਖ ਉਚੇ ਹੁੰਦੇ ਹਨ, ਉਨ੍ਹਾਂ ਵਿਚੋਂ ਪਹਿਲੀ ਅਵਸਥਾ ਦੇ ਕਸ਼ਟ ਤੇ ਮੁਸੀਬਤ ਵਿਚ ਸਬਰ ਕਰਦੇ ਹਨ। ਦੂਜੇ ਸ਼ੁਕਰ ਗੁਜ਼ਾਰਦੇ ਹਨ । ਭਾਣਾ ਮੰਨਣਾ ਤੇ ਆਤਮ ਸਮਰਪਨ ਰੂਹਾਨੀਅਤ ਦੀ ਸਭ ਤੋਂ ਉਚੀ ਤੀਜੀ ਅਵਸਥਾ ਹੈ । ਜੋ ਗੁਰੂ ਜੀ ਨੇ ਪੇਸ਼ ਕੀਤੀ ਹੈ "ਦੁਖ ਨਹੀਂ ਸਭ ਸੁਖ ਹੀ ਹੈ, ਹਾਰ ਨਹੀਂ ਸਭ ਜੇਤੈ" ਇਸੇ ਮੁਕਾਮ ਤੇ ਪੁਜ ਕੇ ਕਿਹਾ । ਵਰਤਮਾਨ ਸਮੇਂ ਦੇ ਕਈ ਮਨੋ-ਵਿਗਿਆਨੀ ਇਹ ਕਹਿੰਦੇ ਹਨ, "ਮਨੁਖ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ।" ਇਹ ਕੌਮਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਵਾਲਾ ਖਿਆਲ ਤੇ ਸਖੀ ਨੇ ਮਨੁਖ ਨੂੰ ਜੋਤਿ ਸਰੂਪ ਤੇ ਸਾਰੀ ਰਚਨਾ ਦਾ ਸਰਦਾਰ ਕਿਹਾ ਹੈ ਅਤੇ ਆਤਮ ਵਿਸ਼ਵਾਸ ਸਵੈਮਾਨ ਤੇ ਸਵੈ-ਪ੍ਰੇਰਨਾ ਦਿਤੀ ਹੈ । ਪਰ ਇਕਲੇ ਇਹ ਗੁਣ ਆਦਮੀ ਨੂੰ ਨਾਸਤਕ ਤੇ ਹੰਕਾਰੀ ਬਣਾ ਦੇਂਦੇ ਹਨ। ਇਸ ਲਈ ਆਤਮ-ਸਮਰਪਨ ਕੀਤਾ ਹੈ । "ਜੋ ਤਿਸੁ ਭਾਵੈ ਸਾਈ ਭਲੀ ਕਾਰ" ਦਾ ਉਚ ਆਦਰਸ਼ ਸਮਝਾਇਆ ਹੈ । ਇਸ ਦੀ ਸਭ ਤੋਂ ਚੰਗੀ ਉਦਾਹਰਣ ਪੰਚਮ ਗੁਰੂ ਜੀ ਦੀ ਆਪਣੀ ਸ਼ਹੀਦੀ ਹੈ ।

ਇਥੇ ਇਕ ਨੁਕਤਾ ਹੋਰ ਪੇਸ਼ ਕਰਦੇ ਹਾਂ । ਹਿੰਦੁਸਤਾਨ

ਵਿਚ ਇਹ ਇਕ ਪੁਰਾਣਾ ਖਿਆਲ ਚਲਿਆ ਆ ਰਿਹਾ ਸੀ ਕਿ ਕੋਈ ਦੁਖ, ਮੁਸੀਬਤ ਜਾਂ ਕਸ਼ਟ ਕਿਸੇ ਸਰਾਪ* ਜਾਂ ਕਰਮ ਦਾ ਫਲ ਹੁੰਦਾ ਹੈ। ਕੀ ਗੁਰੂ-ਜਜੋਤੀ ਨੂੰ ਹੋਏ ਕਸ਼ਟ ਕਿਸੇ ਸਰਾਪ ਜਾਂ ਕਰਮਾਂ ਦਾ ਫਲ ਸਨ ? ਹਰਗਿਜ਼ ਨਹੀਂ । ਨੇਕੀ ਪਰਉਪਕਾਰ ਤੇ ਕੁਰਬਾਨੀ ਤਾਂ ਹੀ ਕੀਤੀ ਜਾ ਸਕਦੀ ਹੈ, ਜੇ ਕਸ਼ਟ ਬਰਦਾਸ਼ਤ ਕੀਤੇ ਜਾਣ। ਜੇ ਮਾਤਾ ਆਪਣੀ ਗੋਦ ਵਿਚ ਸੁੰਦਰ ਬਾਲ ਵੇਖਣਾ ਚਾਹੁੰਦੀ ਹੈ, ਉਸ ਨੂੰ ਆਪਣੀ ਸੁੰਦਰਤਾ ਕੁਰਬਾਨ ਕਰਨੀ ਪੈਂਦੀ ਹੈ। ਬੀਜ ਮਿਟੀ ਵਿਚ ਮਿਲ ਜਾਂਦਾ ਹੈ, ਤਦ ਫੁਲ ਤੇ ਬੂਟੇ ਪੈਦਾ ਹੁੰਦੇ ਹਨ। ਉਹ ਕੁਰਬਾਨੀ ਹੀ ਕੀ ਹੋਈ ਜਿਸ ਵਿਚ ਮੁਸੀਬਤਾਂ ਦਾ ਟਾਕਰਾ ਨਾ ਕੀਤਾ ਜਾਵੇ ?

ਪੰਚਮ ਪਾਤਸ਼ਾਹ ਨੇ ਕੁਰਬਾਨੀ ਦੀ ਇਕ ਅਸਚਰਜ ਉਦਾਹਰਣ ਪੇਸ਼ ਕੀਤੀ ਹੈ । ਮਹਾਂ ਪੁਰਸ਼ਾਂ ਵਿਚ ਭਗਤ ਪ੍ਰਹਿਲਾਦ, ਹਜ਼ਰਤ ਇਬਰਾਹੀਮ ਤੇ ਫਰਾਂਸ ਦੀ ਦੇਸ਼ ਭਗਤ ਜੋਨ ਆਫ਼ ਆਰਕ ਦੇ ਸਾਹਮਣੇ ਅੱਗ ਆਈ । ਕਹਿੰਦੇ ਹਨ "ਪ੍ਰਹਿਲਾਦ ਨੂੰ ਭਗਵਾਨ ਤਪਦੇ ਥੰਮ ਤੇ ਕੀੜੀ ਬਣ ਕੇ ਟੁਰਦੇ ਨਜ਼ਰ ਆਏ, ਉਸ ਨੇ ਥੰਮ੍ਹ ਨੂੰ ਜੱਫੀ ਪਾ ਲਈ ।" ਹਜ਼ਰਤ ਇਬਰਾਹੀਮ ਨੂੰ ਨਮਰਦ ਨੇ ਕਿਹਾ, "ਜੇ ਤੇਰਾ ਖ਼ੁਦਾ ਸੱਚਾ ਹੈ ਤਾਂ ਅਗ ਉਤੇ ਟੁਰ ।" ਇਸਲਾਮੀ ਇਤਿਹਾਸ ਦਸਦਾ ਹੈ ਕਿ ਅੱਗ ਗੁਲਾਬ ਦੇ ਫੁਲ ਬਣ ਗਈ। ਕਿਸੇ ਸ਼ਾਇਰ ਨੇ ਕਿਹਾ ਹੈ–

"ਨਾਰ ਕੋ ਗੁਲਜ਼ਾਰ ਕੀਆ। ਕਿਸ ਨੇ ਕੀਆ ? ਯਾਰ ਕੀਆ।"

ਬ੍ਰਹਮ ਗਿਆਨ ਦੀ ਮੂਰਤ ਸ੍ਰੀ ਗੁਰੂ ਅਰਜਨ ਦੇਵ ਦੇ ਸਾਹਮਣੇ ਉਬਲਦੀ ਦੇਗ, ਤੱਤੀ ਰੇਤ ਤੇ ਗਰਮ ਲੋਹ ਆਈ । ਆਪ ਨੇ ਕਿਹਾ, "ਵਾਹਿਗੁਰੂ ! ਤੇਰਾ ਨਾਮ ਸੀਤਲ ਹੈ, ਅੱਗ ਨੂੰ ਅੱਗ ਰਹਿਣ ਦੇ, ਪਰ ਮੈਨੂੰ ਆਪਣੇ ਨਾਮ ਦਾ ਸਦਕਾ

---

*ਗੁਰੂ ਕਾਹਨੇ ਕੋ ਸਰਾਪ ਚਿਤਾਰਾ। (ਗੁ: ਪ੍ਰ: ਸੂ: ਰਾਸ ੪੩੦)

ਸ਼ਾਂਤੀ ਦੇ ਤਾਂ ਕਿ ਮੈਂ ਇਸ ਸੇਕ ਨੂੰ ਬਰਦਾਸ਼ਤ ਕਰਾਂ ਅਤੇ ਇਹੀ ਕੁਝ ਕਰਕੇ ਵਿਖਾ ਦਿਤਾ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–ਚੰਦੂ ਨੇ ਗੁਰੂ ਜੀ ਤੋਂ ਬਦਲਾ ਲੈਣ ਲਈ ਉਨ੍ਹਾਂ ਨੂੰ ਸਖਤ ਤਸੀਹੇ ਦਿਤੇ। ਪਹਿਲੇ ਦਿਨ ਉਸ ਨੇ ਇਹ ਕੀਤਾ–

ਨਿਕਟ ਬੁਲਾਏ ਅਪਨਿ ਸਿਪਾਹੀ, ਜਲ ਭੋਜਨ ਪਹੁੰਚਨ ਦਿਹੁ ਨਾਹੀ।
ਝਬ ਲਾਗਹਿ ਗੀ ਤ੍ਰਿਖਾ ਮਹਾਨੀ, ਦੇ ਗਿਨ ਲਾਖ ਦੇਹੁ ਤਬ ਪਾਨੀ।
ਬਯਾਕੁਲ ਹੋਇ ਛੁਧਿਤ ਬਹੁ ਜਬੈ, ਲੇਹੁ ਲਾਖ ਦੇਹੁ ਭੋਜਨ ਤਬੈ।
ਨਿੰਦ੍ਰਾ ਤੇ ਜਬ ਸੁਪਤਨਿ ਚਹੈ, ਲੇਹੁ ਲਾਖ ਤੇ ਸੋਵਨਿ ਲਹੈ।

ਭਾਵ ਗੁਰੂ ਜੀ ਨੂੰ ਭੁਖਾ ਪਿਆਸਾ ਰਖਣ ਲਈ ਅੰਨ ਜਲ ਨਾ ਦਿਤਾ ਜਾਵੇ। ਸੌਣ ਤੋਂ ਰੋਕਿਆ ਜਾਵੇ, ਜਦ ਇਕ ਲਖ ਰੁਪਿਆ ਦੇਣ ਤਦ ਅੰਨ ਪਾਣੀ ਤੇ ਸੌਣ ਦੀ ਆਗਿਆ ਦਿਤੀ ਜਾਵੇ।

ਜਦ ਸਤਿਗੁਰੂ ਨੇ ਭੁਖ ਤਰੇਹ ਤੇ ਨੀਂਦ ਦੀ ਕੋਈ ਪਰਵਾਹ ਨਾ ਕੀਤੀ, ਤਦ ਦੂਜੇ ਦਿਨ ਪਾਣੀ ਦੀ ਉਬਲਦੀ ਦੇਗ ਵਿਚ ਬਿਠਾ-ਇਆ ਗਿਆ। ਭਾਈ ਸਾਹਿਬ ਲਿਖਦੇ ਹਨ–

ਤਬ ਸਤਿਗੁਰ ਉਠ ਆਪੇ ਗਏ, ਤਪਤਿ ਨੀਰ ਮਹਿ ਬੈਠਤ ਭਏ।
ਹਾਹਾਕਾਰ ਹੋਰ ਸਿਖ ਕਰੈਂ, ਉਠਯ ਪਿਰਾਣਾ ਸਕਤਿ ਨ ਜਰੈ।

ਭਾਵ ਉਬਲਦੀ ਦੇਗ ਵਿਚ ਬੈਠੇ ਵੇਖ ਕੇ ਭਾਈ ਪਿਰਾਣੇ ਨੇ ਕਿਹਾ–'ਮੈਥੋਂ ਜਰਿਆ ਨਹੀਂ ਜਾਂਦਾ।'

ਗੁਰੂ ਜੀ ਨੇ ਉਤਰ ਦਿਤਾ–'ਭਾਈ ਪਿਰਾਣਾ! ਸਬਰ ਨਾਲ ਕਸ਼ਟ ਝਲਣੇ ਚਾਹੀਦੇ ਹਨ। ਇਸ ਦਾ ਫਲ ਚੰਗਾ ਹੋਵੇਗਾ।'

ਚੰਦੂ ਦੀ ਨੂੰਹ ਨੂੰ ਜਦ ਇਸ ਕਾਰੇ ਦਾ ਪਤਾ ਲਗਾ, ਤਦ ਉਸ ਨੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਕੇ ਸੇਵਾ ਕਰਨ ਦੀ ਬੇਨਤੀ ਕੀਤੀ, ਪਰ ਮਹਾਰਾਜ ਨੇ ਅੰਨ ਜਲ ਅੰਗੀਕਾਰ ਨਹੀਂ ਕੀਤਾ।

ਤੀਸਰੇ ਦਿਨ ਮਹਾਰਾਜ ਦੇ ਕੋਮਲ ਸਰੀਰ ਤੇ ਤੱਤੀ ਰੇਤ ਪੁਆਈ ਗਈ। ਚੌਥੇ ਦਿਨ ਤੱਤੀ ਲੋਹ ਤੇ ਬਿਠਾਇਆ ਗਿਆ। ਜਿਸ

ਕਰਕੇ ਸਰੀਰ ਝੁਲਸ ਗਿਆ ।

ਪੰਜ ਦਿਨ ਸਖਤ ਤਸੀਹੇ ਸਹਾਰਨ ਦੇ ਬਾਅਦ ਗੁਰੂ ਜੀ ਨੇ ਨਾਲ ਦੇ ਸਿਖਾਂ ਨੂੰ ਕਿਹਾ-'ਹੁਣ ਸਾਡਾ ਅੰਤ ਸਮਾਂ ਨੇੜੇ ਆ ਗਿਆ ਹੈ ।' ਆਪ ਭਾਈ ਜੇਠੇ ਤੇ ਪਿਰਾਣੇ ਦੇ ਮੋਢੇ ਤੇ ਹੱਥ ਰਖ ਕੇ ਇਸ਼ਨਾਨ ਕਰਨ ਲਈ ਰਾਵੀ ਦੇ ਕੰਢੇ ਪੁਜੇ, ਜਾਂ ਲਿਜਾਏ ਗਏ ।* ਭਾਈ ਲੰਗਾਹ ਨੇ ਆਖਰੀ ਵੇਰ ਪਵਿਤਰ ਚਰਨ ਧੋਤੇ । ਮੁਗਲ ਸਿਪਾਹੀ ਕੰਢੇ ਤੇ ਖੜੇ ਸਨ । ਸਿਖ ਭੀ ਦਰਸ਼ਨ ਕਰ ਰਹੇ ਸਨ । ਸਤਿਗੁਰੂ ਜੀ ਨੇ ਜਪੁ ਜੀ ਦਾ ਪਾਠ ਕੀਤਾ । ਮਾਰੂ ਰਾਗ ਦੇ ਇਕ ਸ਼ਬਦ ਵਿਚ ਆਪ ਨੇ ਫੁਰਮਾਇਆ ਸੀ- 'ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਾਰ ਬਣਜੇ ਲਾਦਿ ਵਖਰੁ ਲੈ ਚਾਲਿਓ ॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸਤੇ ਮੁਖੁ ਨਹੀਂ ਮੋਰਿਓ ॥ ਸਹਜੁ ਅਨੰਦ ਰਖਿਓ ਗ੍ਰਿਹਿ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਸੋ ਮਾਥੈ ਲੇ ਮਾਨਿਓ॥੩॥ ਭਇਓ ਕ੍ਰਿਪਾਲੁ ਠਾਕੁਰੁ ਕਉ ਸੇਵਕ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮ ਪਛਾਤਾ ॥

ਗੁਰੂ ਜੀ ਨੇ ਇਸ ਸ਼ਬਦ ਦੇ ਆਦਰਸ਼ ਨੂੰ ਸੰਪੂਰਨ ਕੀਤਾ ।

ਪੰਚਮ ਪਾਤਸ਼ਾਹ ਜੀ ਦੀ ਅਸਹਿ ਕਸ਼ਟਾਂ ਵਿਚ ਭੀ ਜੋ ਆਤਮਿਕ ਅਵਸਥਾ ਰਹੀ, ਭਾਈ ਗੁਰਦਾਸ ਜੀ ਉਸਦਾ ਇਉਂ ਵਰਣਨ ਕਰਦੇ ਹਨ-

ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕੁਲੀਨ ਹੇਤ ਨਿਰਬਾਣੀ ॥

---

*ਮੁਨਸ਼ੀ ਸੋਹਨ ਲਾਲ ਨੇ ਉਮਦਾਤੁ ਤਵਾਰੀਖ ਵਿਚ ਤੇ ਭਾਈ ਰਤਨ ਸਿੰਘ ਜੀ ਭੰਗੂ ਨੇ ਲਿਖਿਆ ਹੈ ਕਿ ਗੁਰੂ ਜੀ ਨੂੰ ਰਾਵੀ ਵਿਚ ਡੋਬਿਆ ਗਿਆ ।

ਦਰਸਨ ਦੇਖ ਪਤੰਗ ਜਿਉ ਜੋਤੀ ਅੰਦਰ ਜੋਤਿ ਸਮਾਣੀ ॥
ਸਬਦ ਸੁਰਤ ਲਿਵ ਮ੍ਰਿਗ ਜਯੋਂ ਭੀੜਪਈ ਚਿਤ ਅਵਰ ਨ ਆਣੀ॥
ਚਰਨ ਕੰਵਲ ਮਿਲ ਭਵਰ ਜ ਜੋਂ ਸੁਖ ਸੰਮਟ ਵਿਚ ਰੈਣਵਿਹਾਣੀ॥
ਗੁਰ ਉਪਦੇਸ ਨ ਵਿਸਰੇ ਬਾਬੀਹੇ ਜਿਉਂ ਆਖ ਵਿਖਾਣੀ ॥
ਗੁਰਮੁਖ ਸੁਖ ਫਲ ਪਰਮ ਰਸ ਸਹਿਜ ਸਮਾਧਿ ਸਾਧ ਸੰਗ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਨੀ ॥ (ਵਾਰ ੨੩-੨੪)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ-ਉਦੇਸ਼ ਪੂਰਾ ਹੋ ਚੁਕਾ ਸੀ। ਸ੍ਰੀ ਜਪੁਜੀ ਦਾ ਪਾਠ ਸਮਾਪਤ ਕਰਕੇ ਬ੍ਰਹਮ ਗਿਆਨ ਦੀ ਮੂਰਤਿ, ਸ਼ਾਂਤਮਈ ਦੇ ਪੁੰਜ, ਨੇਕੀ ਦੇ ਸੂਰਜ ਜੇਠ ਸੁਦੀ ਚੌਥ, ਸੰਮਤ ੧੬੬੩ (੩੦ ਮਈ ਸੰਨ ੧੬੦੬) ਨੂੰ ਸਰੀਰਕ ਤੌਰ ਤੇ ਰਾਵੀ ਵਿਚ ਤੇ ਆਤਮਿਕ ਸਰੂਪ ਵਿਚ ਵਾਹਿਗੁਰੂ ਵਿਚ ਲੀਨ ਹੋ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਚਾਰ ਮਹੀਨੇ ਪਿਛੋਂ ਇਕ ਯੂਰਪੀਨ ਪਾਦਰੀ ਜੇਰਮ ਜ਼ੇਵੀਅਰ ਨੇ ੨੫ ਸਿਤੰਬਰ ਸੰਨ ੧੬੦੬ ਈ: ਨੂੰ ਲਾਹੌਰ ਤੋਂ ਇਕ ਚਿਠੀ ਲਿਖੀ, ਜਿਸ ਦਾ ਅੰਗਰੇਜ਼ੀ ਉਤਾਰਾ ਜੋਹਨ ਏ. ਡੀ. ਸਿਲਵਾ ਨੇ ਕੀਤਾ ਹੈ। ਉਸ ਵਿਚ ਖੁਸਰੋ ਦੇ ਗੁਰੂ ਸਾਹਿਬ ਪਾਸ ਆਉਣ ਬਾਦਸ਼ਾਹ ਜਹਾਂਗੀਰ ਵਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਤਸੀਹੇ ਦੇਣ ਦੀ ਸਾਰੀ ਵਾਰਤਾ ਦਰਜ ਹੈ। ਲਿਖਿਆ ਹੈ ਕਿ ਗੁਰੂ ਸਾਹਿਬ ਪਰ ਸਰੀਰਕ ਤਸ਼ੱਦਦ ਬਹੁਤ ਕੀਤਾ ਗਿਆ।

ਇਹ ਸਿਖ ਇਤਿਹਾਸ ਦੀ ਪਹਿਲੀ ਬੇ-ਮਿਸਾਲ ਕੁਰਬਾਨੀ ਹੈ। ਗੁਰੂ ਜੀ ਬੜੀ ਮਹਾਨ ਆਤਮਾ ਸਨ, ਉਨ੍ਹਾਂ ਨੇ ਇਹ ਕੁਰਬਾਨੀ ਸਿਖੀ ਦੇ ਬਚਾਉਣ, ਦੀਨ ਦੁਖੀਆਂ ਦੀ ਸੇਵਾ ਤੇ ਇਕ ਵਡੇ ਆਦਰਸ਼ ਲਈ ਕੀਤੀ। ਇਸ ਦਾ ਫਲ ਹੋਇਆ ਕਿ ਸਿਖ ਸੰਤ ਤੋਂ ਸਿਪਾਹੀ ਬਣ ਗਏ।* ਉਨ੍ਹਾਂ ਨੇ ਆਪਣੀ ਬੀਰਤਾ ਤੇ ਕੁਰਬਾਨੀ ਨਾਲ ਸਦੀਆਂ ਦਾ ਪੁਰਾਣਾ ਇਤਿਹਾਸ ਬਦਲ ਕੇ ਰਖ ਦਿਤਾ।

---

*ਲਤੀਫ ਕਹਿੰਦਾ ਹੈ—
"The death of Guru Arjan is a great turning point in the History of the Sikhs."

ਮੀਰੀ ਪੀਰੀ ਦੇ ਮਾਲਕ

ਸ੍ਰੀ ਗੁਰੂ ਹਰਿਗੋਬਿੰਦ ਜੀ

ਪੰਜ ਪਿਆਲੇ ਪੰਜ ਪੀਰ
ਛਟਮ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆਂ ਪਲਟ ਕੈ
ਮੂਰਤਿ ਹਰਿਗੋਬਿੰਦ ਸਵਾਰੀ ॥
ਚਲੀ ਪੀੜ੍ਹੀ ਸੋਢੀਆਂ
ਰੂਪ ਦਿਖਾਵਨ ਵਾਰੋ ਵਾਰੀ ॥
ਦਲ ਭੰਜਨ ਗੁਰ ਸੂਰਮਾ
ਵਡਾ ਜੋਧਾ ਬਹੁ-ਪਰਉਪਕਾਰੀ ॥
ਪੁਛਨ ਸਿਖ ਅਰਦਾਰ ਕਰ
ਛੇ ਮਹਿਲਾਂ ਤਕ ਦਰਸੁ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ
ਬੋਲੇ ਮੁਖ ਸੇ ਸੁਨਹੁ ਸੰਸਾਰੀ ॥
ਕਲਜੁਗ ਪੀੜ੍ਹੀ ਸੋਢੀਆਂ
ਨਿਹਚਲ ਨੀਵ ਉਸਾਰ ਖਿਲਾਰੀ ॥
ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥

(ਭਾਈ ਗੁਰਦਾਸ ੧-੪੮)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਅਵਤਾਰ ਧਾਰਿਆ-	ਹਾੜ ਵਦੀ ੧, ਸੰਮਤ ੧੬੫੨।
ਜਨਮ ਅਸਥਾਨ-	ਗੁਰੂ ਕੀ ਵਡਾਲੀ ਜ਼ਿਲਾ ਅੰਮ੍ਰਿਤਸਰ।
ਮਾਤਾ ਪਿਤਾ-	ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ।
ਵਿਵਾਹ-	ਸ੍ਰੀ ਦਮੋਦਰੀ ਜੀ, ਸ੍ਰੀ ਨਾਨਕੀ ਜੀ ਤੇ ਮਹਾਂ ਦੇਵੀ ਜੀ।
ਗੁਰ ਗੱਦੀ-	ਜੇਠ ਵਦੀ ੮, ਸੰਮਤ ੧੬੬੩।
ਸੰਤਾਨ-	ਬਾਬਾ ਗੁਰਦਿਤਾ ਜੀ, ਸ੍ਰੀ ਬਾਬਾ ਅਣੀ ਰਾਇ, ਸੂਰਜ ਮੱਲ ਜੀ, ਬਾਬਾ ਅਟੱਲ ਰਾਇ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਬੀਬੀ ਵੀਰੋ ਜੀ।
ਬਣਾਏ ਅਸਥਾਨ ਤੇ ਵਸਾਏ ਨਗਰ-	ਸ੍ਰੀ ਅਕਾਲ ਤਖਤ ਸਾਹਿਬ, ਕਿਲ੍ਹਾ ਲੋਹਗੜ੍ਹ, ਕੋਲਸਰ, ਬਿਬੇਕਸਰ, ਸ੍ਰੀ ਕੀਰਤਪੁਰ, ਮਰਾਝ ਤੇ ਡੇਹਰਾ ਸਾਹਿਬ ਲਾਹੌਰ।
ਵੱਡੇ ਜੰਗ-	੧. ਅੰਮ੍ਰਿਤਸਰ। ੨. ਸ੍ਰੀ ਗੁਰੂ ਹਰਿ-ਗੋਬਿੰਦਪੁਰ । ੩. ਗੁਰੂ ਸਰ ਮਰਾਝ । ੪. ਕਰਤਾਰ ਪੁਰ।
ਜੋਤੀ ਜੋਤ ਸਮਾਏ-	ਚੇਤਰ ਸੁਦੀ ੫, ਸੰਮਤ ੧੭੦੧ ਨੂੰ ਕੀਰਤ ਪੁਰ ਵਿਚ।

ਪੰਝੀਵਾਂ ਵਿਆਖਿਆਨ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੰਦੀ-ਛੋੜ ਗਵਾਲੀਅਰ ਦੇ ਕਿਲ੍ਹੇ ਵਿਚ

ਸਿਖ ਧਰਮ ਵਿਚ ਮੀਰੀ ਤੇ ਪੀਰੀ ਅਰਥਾਤ ਧਰਮ ਤੇ ਰਾਜਨੀਤੀ ਨੂੰ ਛੇਵੇਂ ਪਾਤਸ਼ਾਹ ਨੇ ਜੋੜਿਆ ਹੈ। ਇਹ ਮੰਨਿਆ ਜਾਂਦਾ ਸੀ ਕਿ ਧਰਮ ਦੇ ਆਗੂ ਦੁਨਿਆਵੀ ਕੰਮਾਂ ਵਿਚ ਹਿਸਾ ਨਹੀਂ ਲੈ ਸਕਦੇ ਤੇ ਦੁਨਿਆਵੀ ਕੰਮ ਕਰਨ ਵਾਲੇ ਧਰਮ ਦੇ ਆਗੂ ਨਹੀਂ ਹੋ ਸਕਦੇ। ਧਰਮ ਅਤੇ ਰਾਜਨੀਤੀ ਨੂੰ ਨਿਖੇੜਨ ਦਾ ਸਿੱਟਾ ਇਹ ਨਿਕਲਿਆ ਕਿ ਧਰਮ ਸ਼ਕਤੀ ਤੋਂ ਖਾਲੀ ਹੋ ਗਿਆ, ਨਿਰੇ ਬਾਹਰ ਮੁਖੀ ਕਰਮ ਕਾਂਡ ਤੇ ਸੰਸਕਾਰਾਂ ਅਤੇ ਕੁਝ ਇਖਲਾਕੀ ਅਸੂਲਾਂ ਦਾ ਸਮੁਦਾਇ ਰਹਿ ਗਿਆ। ਰਾਜਨੀਤਕ ਤੇ ਸੰਸਾਰੀ ਜੀਵਨ ਨੇ ਧਰਮ ਤੋਂ ਅੱਡ ਹੋਣ ਕਰਕੇ ਜ਼ੁਲਮ ਤੇ ਧੱਕੇਸ਼ਾਹੀ ਦਾ ਰੂਪ ਧਾਰਨ ਕਰ ਲਿਆ। ਰਾਜਨੀਤਕ ਬਲ ਤੋਂ ਬਿਨਾਂ ਮਜ਼ਬ ਨਿਰਬਲ ਜਿਹੇ ਇਖਲਾਕੀ ਅਸੂਲਾਂ ਦਾ ਪੁੰਜ ਹੁੰਦਾ ਹੈ ਤੇ ਧਰਮ ਤੋਂ ਬਿਨਾਂ ਨੀਤੀ ਜ਼ੁਲਮ ਜਬਰ ਤੇ ਅਨਯਾਇ ਦਾ ਰੂਪ ਹੁੰਦਾ ਹੈ।* ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਦੇ ਸਤਿਗੁਰਾਂ ਨੇ ਜ਼ੁਲਮ ਦੇ ਵਿਰੁਧ ਡਟਣ, ਅਨਿਆ ਦੀ ਵਿਰੋਧਤਾ ਕਰਨ, ਦੀਨ-ਦੁਖੀਆਂ ਲਈ

---

*ਜਲਾਲੇ ਬਾਦਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ,
ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।
'ਇਕਬਾਲ'

ਆਪਾ ਵਾਰਨ ਤੇ ਆਜ਼ਾਦੀ ਲਈ ਜੋ ਜਜ਼ਬਾ ਦਿਤਾ ਸੀ ਉਸ ਨੇ ਧਰਮ ਅਤੇ ਨੀਤੀ ਦੇ ਅਵਤਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਨਮ ਦਿਤਾ।

ਸਿਖੀ ਤੇ ਮੁਗ਼ਲ ਰਾਜ ਇਕੋ ਵਕਤ ਵਿਚ ਸ਼ੁਰੂ ਹੋਏ ਹਨ। ਬਾਬਰ ਦੀ ਕੋਈ ਵਡੀ ਹਕੂਮਤ ਨਹੀਂ ਸੀ, ਉਹ ਕੀ ਜ਼ੁਲਮ ਕਰਦਾ ? ਹਿਮਾਯੂੰ ਬੜਾ ਕੋਮਲ, ਸੁਖ ਰਹਿਣਾ ਤੇ ਕਮਜ਼ੋਰ ਜਿਹਾ ਸੀ। ਅਕਬਰ ਨੇ ਮਹਿਸੂਸ ਕੀਤਾ ਕਿ ਜਬਰ ਨਾਲ ਹਕੂਮਤ ਨਹੀਂ ਕੀਤੀ ਜਾ ਸਕਦੀ। ਉਸ ਨੇ ਹਿੰਦੁਸਤਾਨ ਤੇ ਹਿੰਦੂਆਂ ਮੁਸਲਮਾਨਾਂ ਨੂੰ ਮੇਲਿਆ। ਉਸ ਨੇ ਨਾ ਸਿਰਫ ਸਲਤਨਤ ਵਧਾਈ ਬਲਕਿ ਲੋਕਾਂ ਨੂੰ ਭੀ ਸ਼ਾਂਤ ਕੀਤਾ। ਜਹਾਂਗੀਰ ਦੇ ਸਮੇਂ ਸਿਖੀ ਨੂੰ ਦਬਾਉਣ ਅਤੇ ਮਿਟਾਉਣ ਦਾ ਯਤਨ ਕੀਤਾ ਗਿਆ। ਉਹ ਆਪ ਇਸਲਾਮ ਦਾ ਉਤਨਾ ਪਾਬੰਦ ਨਹੀਂ ਸੀ, ਜਿਨਾ ਮੁਦਈ ਬਣਦਾ ਸੀ। ਸਿਖਾਂ ਨੇ ਉਸ ਦੇ ਵਕਤ ਵਿਚ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਸ਼ਕਤੀ ਨੂੰ ਧਾਰਨ ਕੀਤਾ।

ਸਿਖਾਂ ਦੇ ਨਾਲ ਕਈ ਭਗਤਾਂ ਦੀਆਂ ਸੰਪ੍ਰਦਾਵਾਂ ਭੀ ਚਲੀਆਂ, ਪਰ ਉਹ ਸਾਧੂਆਂ ਦੇ ਟੋਲੇ ਤੇ ਮੰਡਲੀਆਂ ਬਣ ਕੇ ਰਹਿ ਗਈਆਂ। ਸਿਖੀ ਨੇ ਧਾਰਮਿਕ ਤੇ ਰਾਜਨੀਤਕ ਅਸਰ ਪਾਇਆ ਹੈ। ਕਈ ਇਤਿਹਾਸਕ ਲੇਖਕਾਂ ਨੂੰ ਇਥੇ ਆ ਕੇ ਇਕ ਭੁਲੇਖਾ ਲੱਗਾ ਹੈ। ਉਹ ਕਹਿੰਦੇ ਹਨ—'ਗੁਰੂ ਨਾਨਕ ਦੇਵ ਜੀ ਦੇ ਜਤਨ ਤਿੰਨਾਂ ਪੀੜ੍ਹੀਆਂ ਤਕ ਸ਼ਾਨਦਾਰ ਕਾਮਯਾਬੀ ਦੇ ਬਾਅਦ ਅਸਫਲਤਾ ਤੇ ਖਤਮ ਹੋਏ। ਰੂਹਾਨੀਅਤ ਦੀ ਪਵਿਤਰ ਠੰਢ, ਬਰਫਾਨੀ ਬੱਦਲਾਂ ਤੇ ਚੋਟੀਆਂ ਨੂੰ ਚੁੰਮਣ ਵਾਲਾ ਵਹਿਣ ਸਮੁੰਦਰ ਵਿਚ ਪਹੁੰਚਣ ਦੀ ਥਾਂ ਮਾਰੂ ਥਲ ਵਿਚ ਗੁੰਮ ਹੋ ਗਿਆ। ਭਗਤ ਹਿਰਦੇ ਵਿਚੋਂ ਨਿਰਮਲ ਸੂਝ ਤੇ ਸ਼ਕਤੀ ਜੋ ਧਾਰਾ ਨਿਕਲੀ, ਉਹ ਸੰਸਾਰ ਨੂੰ ਨਿਰਮਲ ਤੇ ਹਰਾ ਭਰਾ ਕਰਨ ਦੀ ਥਾਵੇਂ ਫੌਜੀ ਛਾਉਣੀ

ਦੀ ਖੂਨੀ ਦਲਦਲ ਵਿਚ ਖਤਮ ਹੋ ਗਈ ।* ਇਸ ਦਾ ਭਾਵ ਇਹ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਗਤ ਹਿਰਦੇ ਵਿਚੋਂ ਰੂਹਾਨੀਅਤ ਦੀ ਜੋ ਧਾਰਾ ਨਿਕਲੀ ਸੀ ਉਹ ਛੇਵੇਂ ਅਤੇ ਦਸਵੇਂ ਗੁਰੂ ਦੇ ਸਮੇਂ ਖੂਨੀ ਮਾਰੂ-ਥਲ ਵਿਚ ਖਤਮ ਹੋ ਗਈ। ਕੀ ਇਹ ਖਿਆਲ ਠੀਕ ਹੈ ? ਕਦਾਚਿਤ ਨਹੀਂ । ਕੋਈ ਨਿਰਮਲ ਧਾਰਾ ਜੋ ਹਿਮਾਲਾ ਵਿਚੋਂ ਨਿਕਲਦੀ ਹੈ, ਉਸ ਦੇ ਰਾਹ ਵਿਚ ਪਥਰ ਤੇ ਪਹਾੜ ਡਿਗਦੇ ਹਨ, ਜੇ ਉਹ ਉਨ੍ਹਾਂ ਨੂੰ ਜੋਰ ਨਾਲ ਨਾ ਕੱਟੇ ਤਾਂ ਨਿਰਮਲ ਧਾਰਾ ਆਪਣੀ ਮੰਜ਼ਲ ਤੇ ਪਹੁੰਚ ਨਹੀਂ ਸਕਦੀ । ਇਸੇ ਤਰ੍ਹਾਂ ਸਿੱਖੀ ਦੀ ਰੌ ਦੇ ਰਾਹ ਵਿਚ ਮੁਗਲ ਹਕੂਮਤ ਜਿਸ ਵੇਲੇ ਪਹਾੜ ਬਣ ਕੇ ਡਿੱਗੀ ਉਸ ਨੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ, ਉਸ ਵਕਤ ਗੁਰੂ ਜੀ ਕੋਲ ਸਿਵਾਏ ਤਲਵਾਰ ਚੁਕਣ ਦੇ ਹੋਰ ਕੋਈ ਸਾਧਨ ਬਾਕੀ ਨਹੀਂ ਸੀ । ਅਸੀਂ ਇਸ ਗੱਲ ਉਤੇ ਮਾਣ ਕਰਦੇ ਹਾਂ ਕਿ ਗੁਰੂਆਂ ਨੇ 'ਭਗਤੀ ਤੇ ਸ਼ਕਤੀ' ਦੋਵੇਂ ਗੁਣ ਦਿਤੇ ਹਨ । ਤਰੇਤੇ ਜੁਗ ਵਿਚ ਰਿਸ਼ੀਆਂ ਨੇ ਜਗ ਕੀਤੇ ਤਾਂ ਰਾਖਸ਼ਾਂ ਨੇ ਹੱਡ ਸੁਟੇ ਤੇ ਸ੍ਰੀ ਰਾਮ ਚੰਦਰ ਦੀ ਲੋੜ ਪਈ । ਦੁਆਪਰ ਵਿਚ ਕੰਸ ਦੀ ਅਨੀਤੀ ਨੂੰ ਰੋਕਣ ਲਈ ਸ੍ਰੀ ਕ੍ਰਿਸ਼ਨ ਨੇ ਕੰਮ ਕੀਤਾ । ਇਸੇ ਤਰ੍ਹਾਂ ਕਲਿਜੁਗ ਵਿਚ ਧਰਮ ਤੇ ਦੀਨ ਦੁਖੀਆਂ ਦੀ ਰਖਿਆ ਲਈ ਸਤਿਗੁਰਾਂ ਨੇ ਭਗਤੀ ਅਤੇ ਸ਼ਕਤੀ ਨੂੰ ਮੇਲਿਆ ।†

ਸਾਡੇ ਪੁਰਾਤਨ ਸਾਹਿਤ ਵਿਚ ਵਿਦਰ ਨੀਤੀ, ਸੁਕਰ ਤੇ ਚਾਣਕ ਦੀ ਨੀਤੀ, ਰਾਜਨੀਤੀ ਦੇ ਪ੍ਰਸਿਧ

---

*ਸਰ ਜਾਦੂ ਨਾਥ ਸਰਕਾਰ ਕ੍ਰਿਤ 'ਔਰੰਗਜ਼ੇਬ' ਭਾਗ ੩, ਪੰਨਾ ੩੪੨ ।

†ਬਿਸਮਾਰਕ ਕਹਿੰਦਾ ਹੈ–

Weaker Nations must go to hell.

ਨਿਰਬਲ ਕੌਮਾਂ ਜ਼ਰੂਰ ਦੋਜ਼ਖ਼ ਵਿਚ ਜਾਣਗੀਆਂ ।

ਗ੍ਰੰਥ ਹਨ । ਚਾਣਕ ਨੀਤੀ ਵਿਚ ਰਾਜਨੀਤੀ ਦੇ ਚਾਰ ਅੰਗ ਦਸੇ ਹਨ—

੧. ਸਾਮ—ਕਿਸੇ ਨੂੰ ਸ਼ਰਨ ਵਿਚ ਲੈਣਾ । ੨. ਦਾਮ—ਪੈਸੇ ਦੇ ਕੇ ਖਰੀਦਣਾ । ੩. ਦੰਡ--ਸਜ਼ਾ ਦੇ ਕੇ ਕਾਬੂ ਕਰਨਾ । ੪. ਭੇਦ-ਪਾੜ ਕੇ ਰਾਜ ਕਰਨਾ ।

ਹੁਣ ਤੀਕ ਹਾਕਮ ਕੌਮਾਂ ਇਨ੍ਹਾਂ ਚਾਰ ਅਸੂਲਾਂ ਤੇ ਹੀ ਅਮਲ ਕਰਦੀਆਂ ਰਹੀਆਂ ਹਨ । ਅਜ ਰਾਜਨੀਤੀ, ਠੱਗੀ, ਧੋਖੇ, ਫਰੇਬ, ਐਕਸਪਲਾਇਟੇਸ਼ਨ ਤੇ ਤਾਕਤ ਨੂੰ ਸਮਝਿਆ ਜਾਂਦਾ ਹੈ । ਇਸ ਨੂੰ ਗੁਰੂ ਜੀ ਦੀ ਮੀਰੀ ਨਾਲ ਮੇਲਣਾ ਹੀਰਿਆਂ ਤੇ ਪੰਨਿਆਂ ਨੂੰ ਕੋਇਲਿਆਂ ਨਾਲ ਤੋਲਣਾ ਹੈ ।

ਮਜ਼੍ਹਬ ਤੇ ਰਾਜਨੀਤੀ ਵਿਚ ਇਕ ਮੁਢਲਾ ਫਰਕ ਇਹ ਹੈ ਕਿ ਮਜ਼੍ਹਬ ਕੁਝ ਨਿਸਚਿਤ, ਅਬਦਲ ਤੇ ਅਟਲ ਸਚਿਆਈਆਂ ਸਿਧਾਂਤਾਂ ਤੇ ਅਸੂਲਾਂ ਦਾ ਨਾਂ ਹੈ । ਜਿਸ ਦਾ ਮਕਸਦ ਮਨੁਖ ਨੂੰ ਆਤਮਿਕ ਤੇ ਇਖਲਾਕੀ ਤੌਰ ਤੇ ਉਚਿਆਂ ਕਰਨਾ ਹੈ ।

ਰਾਜਨੀਤੀ ਨਿਤ ਬਦਲਦੀ ਰਹਿੰਦੀ ਹੈ। ਸਾਮ, ਦਾਮ , ਡੰਡ ਤੇ ਭੇਦ ਦੇ ਆਸਰੇ ਚਲਦੀ ਹੈ। ਡੰਡ ਤੇ ਤਾਕਤ ਨਾਲ ਸਮਾਜਕ ਪ੍ਰਬੰਧ ਨੂੰ ਚਲਾਉਂਦੀ ਹੈ।

ਸਿਖੀ ਨੇ ਮੀਰੀ ਤੇ ਪੀਰੀ ਨੂੰ ਜੋੜਿਆ ਹੈ, ਪਰ ਸਤਿਗੁਰੂ ਨੇ ਕਿਸੇ ਨੂੰ ਪੈਸੇ ਦੇ ਕੇ ਖਰੀਦਣ ਦੀ ਥਾਂ ਕੁਰਬਾਨੀ ਤੇ ਆਚਰਣ ਨਾਲ ਮੋਹਿਆ ਹੈ । ਡੰਡ ਦੀ ਥਾਂ ਪ੍ਰੇਮ ਨਾਲ ਕਾਬੂ ਕੀਤਾ ਹੈ। ਲੋਕਾਂ ਵਿਚ ਪਾਟਿਕ ਪਾ ਕੇ ਹਕੂਮਤ ਜਾਂ ਸਟੇਟ ਬਨਾਉਣ ਦੀ ਥਾਂ ਹਿੰਦੂ ਮੁਸਲਮਾਨਾਂ ਤੇ ਸਿਖਾਂ ਨੂੰ ਮੇਲਿਆ ਹੈ । ਸਾਂਝੀਵਾਲਤਾ, ਭਰਾਤਰੀ ਭਾਵ ਤੇ ਸਾਂਝੀ ਕੌਮੀਅਤ ਦਾ ਖਿਆਲ ਦਿਤਾ ਹੈ । ਸਟੇਟ ਨਹੀਂ ਬਣਾਈ । ਸਿਖ ਧਰਮ ਜਾਂ ਸਿਖ ਰਾਜਨੀਤੀ ਨੇ ਕਦੀ ਜੋਰ ਤੇ ਜਬਰ ਨਾਲ ਮਜ਼੍ਹਬ ਨਹੀਂ ਫੈਲਾਇਆ । ਦਸਮ ਪਾਤਸ਼ਾਹ ਦੇ ਬਾਅਦ ਬਾਰਾਂ ਮਿਸਲਾਂ ਦੇ ਸਿਘ ਅਬਦਾਲੀਆਂ ਤੇ ਦੁਰਾਨੀਆਂ ਨਾਲ

ਲੜਦੇ ਰਹੇ ਤੇ ਪੰਜਾਬ ਨੂੰ ਉਨ੍ਹਾਂ ਨੇ ਗੈਰਾਂ ਦੇ ਪੰਜੇ ਵਿਚੋਂ ਛੁਡਾਇਆ । ਪਰ ਜਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਕਾਇਮ ਹੋਈ, ਉਸ ਵਿਚ ਸਭ ਕੌਮਾਂ ਨੂੰ ਸ਼ਾਮਲ ਕੀਤਾ ਗਿਆ ।

ਇਸ ਵਕਤ ਪੱਛਮ ਵਿਚੋਂ ਇਕ ਖਿਆਲ ਹਿੰਦੁਸਤਾਨ ਵਿਚ ਆ ਰਿਹਾ ਹੈ । ਉਹ ਇਹ ਹੈ–''ਜਥੇਬੰਦ ਧਰਮ ਦੀ ਲੋੜ ਨਹੀਂ, ਮਜ਼੍ਹਬ ਤੇ ਰਾਜਨੀਤੀ ਨੂੰ ਅੱਡ ਅੱਡ ਕਰ ਦੇਣਾ ਚਾਹੀਦਾ ਹੈ। ਮਜ਼੍ਹਬ ਦੇਸ਼ ਦੀ ਅਜ਼ਾਦੀ ਦੇ ਰਾਹ ਵਿਚ ਰੁਕਾਵਟ ਹੈ ।'' **Nearer the Church farthar from God.** ਜਿੰਨਾ ਕੋਈ ਗਿਰਜੇ ਦੇ ਨੇੜੇ ਹੈ, ਉਨ੍ਹਾਂ ਰੱਬ ਤੋਂ ਦੂਰ ਹੈ । ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਯੂਰਪ ਵਿਚ ਪਹਿਲੇ ਪੋਪ (Church) ਤੇ ਹਕੂਮਤ ਇਕ ਥਾਂ ਸਨ । ਬਾਦਸ਼ਾਹ ਪੋਪ ਦੇ ਦਰਵਾਜ਼ੇ ਤੇ ਨਕ ਰਗੜਦੇ ਸਨ। ਉਥੇ ਮਜ਼੍ਹਬ ਤੇ ਰਾਜਨੀਤੀ ਦੀ ਟੱਕਰ ਹੋ ਗਈ । ਲੂਥਰ ਦੀ ਸੁਧਾਰ ਲਹਿਰ ਦੇ ਪਿਛੋਂ ਪੋਪ ਦਾ ਅਸਰ ਘਟ ਗਿਆ। ਸਤਾਰ੍ਹਵੀਂ ਸਦੀ ਵਿਚ ਮਜ਼੍ਹਬ ਤੇ ਰਾਜਨੀਤੀ ਅੱਡ ਅੱਡ ਹੋ ਗਏ । ਪਹਿਲੇ ਈਸਾਈ ਮਜ਼੍ਹਬ ਰਾਜਨੀਤ ਤੇ ਗਾਲਿਬ ਸੀ ਫੇਰ ਰਾਜਨੀਤ ਮਜ਼੍ਹਬ ਤੇ ਗਾਲਿਬ ਆ ਗਈ । ਇਸ ਵਕਤ ਯੂਰਪ ਦਾ ਮਜ਼੍ਹਬ ਹਕੂਮਤਾਂ ਦੇ ਅਧੀਨ ਹੈ । ਇਸ ਤੋਂ ਪਿਛੋਂ ਪੱਛਮ ਵਿਚ ਸਾਂਝੀ ਕੌਮੀਅਤ ਦਾ ਖਿਆਲ ਆਇਆ । ਸਾਇੰਸ, ਮਸ਼ੀਨਰੀ ਤੇ ਦਸਤਕਾਰੀ ਨੇ ਤਰੱਕੀ ਕੀਤੀ । ਪੱਛਮੀ ਕੌਮਾਂ ਦੀ ਆਰਥਿਕ, ਸਮਾਜਕ ਤੇ ਵਿਗਿਆਨਕ ਤਰੱਕੀ ਨੂੰ ਦੇਖ ਕੇ ਸਾਡੇ ਕਈ ਨੌਜਵਾਨ ਕਹਿੰਦੇ ਹਨ–''ਹਿੰਦੁਸਤਾਨ ਤਦ ਹੀ ਉਨਤੀ ਕਰ ਸਕਦਾ ਹੈ, ਜੇ ਮਜ਼੍ਹਬ ਨੂੰ ਪਿਛੇ ਸੁਟ ਦੇਵੇ ।'' ਕੀ ਪੱਛਮ ਦੀ ਕੌਮੀਅਤ ਤੇ ਸਾਇੰਸ ਸੰਸਾਰ ਦੀ ਬਰਬਾਦੀ ਦਾ ਕਾਰਨ ਨਹੀਂ ਬਣੀ ? ਇਸ ਵਿਚ ਦੋਸ਼ ਮਜ਼੍ਹਬ, ਸਾਇੰਸ ਜਾਂ ਰਾਜਨੀਤੀ ਦਾ ਨਹੀਂ ਬਲਕਿ ਕੌਮਾਂ ਦੀ ਮਨੋ-ਬਿਰਤੀ ਦਾ ਹੈ । ਜਿਸ ਚੀਜ਼ ਦਾ

ਮਨੁਖ ਭੈੜੀ ਵਰਤੋਂ ਕਰੇਗਾ, ਉਹ ਭੈੜਾ ਰੂਪ ਧਾਰਨ ਕਰ ਜਾਏਗੀ।

ਰੂਸ ਵਿਚ ਸਾਂਝੀਵਾਲਤਾ ਦੇ ਨਾਲ ਇਕ ਖਿਆਲ ਆਇਆ ਕਿ ਮਜ਼ਹਬ ਇਕ ਅਫੀਮ ਹੈ, ਇਹ ਸਰਮਾਏਦਾਰੀ ਤਾਕਤਾਂ ਨੂੰ ਮਜ਼ਬੂਤ ਕਰਦਾ ਹੈ। ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਰੂਸ ਵਿਚ ਜ਼ਾਰ ਨੇ ਲੋਕਾਂ ਤੇ ਜ਼ੁਲਮ ਕੀਤਾ ਤੇ ਮਜ਼੍ਹਬ ਜ਼ਾਰ ਦੇ ਅਧੀਨ ਹੋਣ ਕਰਕੇ ਉਸ ਦੀ ਪਿੱਠ ਠੋਕਦਾ ਰਿਹਾ। ਇਸ ਲਈ ਖਿਝੇ ਹੋਏ ਬਾਲਸ਼ਿਵਕਾਂ ਨੇ ਮਜ਼੍ਹਬ ਨੂੰ ਮਿਟਾਣ ਦਾ ਇਰਾਦਾ ਕਰ ਲਿਆ।

ਸੰਨ ੧੯੨੩ ਵਿਚ ਤੁਰਕੀ ਦੇ ਨੇਤਾ ਕਮਾਲ ਪਾਸ਼ਾ ਨੇ ਖ਼ਿਲਾਫ਼ਤ ਦਾ ਖ਼ਾਤਮਾ ਕਰਕੇ ਮਜ਼੍ਹਬ ਤੇ ਰਾਜਨੀਤੀ ਨੂੰ ਅੱਡੋ ਅੱਡ ਕਰ ਦਿਤਾ। ਇਸ ਵਕਤ ਮਧ ਪੂਰਬ ਦੇ ਕਈ ਦੇਸ਼ਾਂ ਦਾ ਮਜ਼੍ਹਬ ਇਸਲਾਮ ਹੈ, ਪਰ ਰਾਜਨੀਤੀ ਸਾਰਿਆਂ ਦੀ ਆਪੋ ਆਪਣੀ ਹੈ।

ਦੂਰ ਪੂਰਬ ਤੇ ਦਖਣੀ ਪੂਰਬ ਏਸ਼ੀਆ ਦੇ ਦੇਸ਼ਾਂ ਚੀਨ, ਜਾਪਾਨ, ਕੋਰੀਆ, ਬਰਮਾ, ਲੰਕਾ ਆਦਿਕ ਦਾ ਮਜ਼੍ਹਬ ਬੋਧ ਹੈ, ਪਰ ਰਾਜਨੀਤੀ ਸਾਰਿਆਂ ਦੀ ਵਖੋ ਵਖ ਹੈ।

ਹਿੰਦੁਸਤਾਨ ਵਿਚ ਵੀ ਰਾਜਨੀਤੀ ਤੇ ਮਜ਼੍ਹਬ ਨੂੰ ਅੱਡ ਕਰਨ ਦਾ ਸਵਾਲ ਪੈਦਾ ਹੋਣ ਦਾ ਕਾਰਨ ਸੰਸਾਰ ਵਿਆਪੀ ਹਾਲਾਤ, ਆਮ ਲੋਕਾਂ ਦੀ ਜਹਾਲਤ,ਕੁਝ ਆਦਮੀਆਂ ਦਾ ਸੁਆਰਥ ਤੇ ਵਿਦੇਸ਼ੀ ਨੀਤੀ ਹੈ। ਯਾਦ ਰਖੋ, ਜਿਥੇ ਕੋਈ ਵਿਦੇਸ਼ੀ ਕੌਮ ਰਾਜ ਕਰਦੀ ਹੈ ਉਥੇ 'ਪਾੜੋ ਤੇ ਰਾਜ ਕਰੋ' ਪਰ ਅਮਲ ਕੀਤਾ ਜਾਂਦਾ ਹੈ। ਹਕੂਮਤ ਲੋਕਾਂ ਦੇ ਦਿਲਾਂ ਪਰ ਨਹੀਂ ਜਿਸਮਾਂ ਤੇ ਰਾਜ ਕਰਦੀ ਹੈ।

ਵਿਦੇਸ਼ੀਆਂ ਦੀ ਕੂਟਨੀਤੀ ਤੇ ਹਮਾਕਤ ਦੇ ਕਾਰਨ ਮਜ਼੍ਹਬ ਤੇ ਫਿਰਕੂਪੁਣੇ ਦੀ ਆੜ ਵਿਚ ਹਿੰਦੁਸਤਾਨ ਦੀ ਤਕਸੀਮ ਹੋਈ। ਇਸ ਨਾਲ ਜੋ ਤਬਾਹੀ ਹੋਈ ਹੈ, ਉਸ ਦੀ ਮਿਸਾਲ ਨਹੀਂ ਮਿਲਦੀ। ਇਸ ਲਈ ਕਈ ਸਿਆਣਿਆਂ ਦੀ ਰਾਇ ਹੈ ਕਿ ਮਜ਼੍ਹਬ ਨੂੰ ਰਾਜਨੀਤੀ ਨਾਲੋਂ ਵਖ ਕੀਤਾ ਜਾਵੇ।

ਦੂਜਾ ਵਡਾ ਕਾਰਨ ਇਹ ਹੈ ਕਿ ਇਸ ਵਕਤ ਲਗ ਪਗ ਸਭੀ ਸੁਤੰਤ੍ਰ ਦੇਸ਼ਾਂ ਵਿਚ ਮਜ਼੍ਹਬ ਦੇ ਆਸਰੇ ਰਾਜ ਪ੍ਰਬੰਧ ਨਹੀਂ ਚਲ ਰਹੇ ।

ਵਰਤਮਾਨ ਜੁਗ ਵਿਚ ਦੋ ਵਡੇ ਰਾਜਨੀਤਕ ਮਤ ਹਨ—

(੧) ਪੰਚਾਇਤੀ (Democratic) ਪੰਚਾਇਤੀ ਰਾਜ ਦੇ ਲਛਣ ਹਨ—ਲੋਕਾਂ ਰਾਹੀਂ ਉਨ੍ਹਾਂ ਲਈ ਬਣੀ ਹੋਈ ਆਪਣੀ ਸਰਕਾਰ ।0

(੨) ਸੋਸ਼ਲਿਸਟ ਜਾਂ ਸਮਾਜਵਾਦੀ । ਇਸ ਵਿਚ ਵਿਅਕਤੀ ਦੀ ਥਾਂ ਸਮਾਜ ਤੇ ਆਰਥਕ ਸਮਾਨਤਾ ਨੂੰ ਮਹਾਨਤਾ ਦਿਤੀ ਗਈ ਹੈ । ਮਜ਼੍ਹਬ ਨੂੰ ਪੰਚਾਇਤੀ ਤੇ ਸਮਾਜਵਾਦ ਵਿਚ ਦਾਖਲ ਨਹੀਂ ਕੀਤਾ ਗਿਆ ।

ਆਜ਼ਾਦ ਹਿੰਦੁਸਤਾਨ ਦੀ ਰਾਜ ਬਣਤਰ ਵੀ ਅਫਿਰਕੂ (Secular) ਬਣਾਈ ਗਈ ਹੈ । ਜਿਸ ਅਨੁਸਾਰ ਮਜ਼੍ਹਬੀ, ਪੂਜਾ ਪਾਠ ਤੇ ਖਿਆਲਾਂ ਦੀ ਸੁਤੰਤ੍ਰਤਾ ਨੂੰ ਪ੍ਰਵਾਨ ਕੀਤਾ ਗਿਆ ਹੈ। ਪਰ ਰਾਜਸੀ ਚੋਣਾਂ ਮਜ਼੍ਹਬ ਜਾਂ ਫਿਰਕੇਦਾਰੀ ਦੀ ਬਿਨਾ ਤੇ ਨਹੀਂ ਬਲਕਿ ਸਾਂਝੀਆਂ ਕਰ ਦਿਤੀਆਂ ਗਈਆਂ ਹਨ ।

ਭਾਰਤ ਵਿਚ ਪੰਚਾਇਤ ਵਾਦ ਜਾਂ ਸਾਂਝੀਵਾਲਤਾ ਨੂੰ ਗੁਰੂਆਂ ਨੇ ਪ੍ਰਚਾਰਿਆ ਹੈ । 'ਏਕ ਪਿਤਾ ਏਕਸ ਕੇ ਹਮ ਬਾਰਕ' ਦੇ ਸਿਧਾਂਤ, ਸੰਗਤ ਤੇ ਪੰਗਤ ਦੀ ਬਰਾਬਰੀ ਸੈਕੂਲਰਇਜ਼ਮ ਹੈ। ਨਾਮ ਜਪਣਾ, ਵੰਡ ਕੇ ਛਕਣਾ, ਤੇ ਕਿਰਤ ਕਰਨੀ ਸਹੀ ਸਾਂਝੀ-ਵਾਲਤਾ ਹੈ ।

ਜੇ ਦੇਸ਼ ਵਿਚ ਹਿੰਦੂ, ਮੁਸਲਮਾਨ, ਸਿਖ, ਈਸਾਈ ਤੇ ਪਾਰਸੀ ਆਪੋ ਆਪਣੇ ਮਤ ਅਨੁਸਾਰ ਵਖਰੀ ਵਖਰੀ ਰਾਜਨੀਤੀ ਬਣਾਉਣ, ਤਦ ਉਸ ਦਾ ਨਤੀਜਾ ਬਿਨਾਂ ਤਬਾਹੀ ਤੇ ਪਰ-ਅਧੀਨਤਾ

0Goverment of the people, by the people for the people. (Lincon)

ਦੇ ਹੋਰ ਕੀ ਹੋ ਸਕਦਾ ਹੈ ?

ਸਤਿਗੁਰਾਂ ਦੀ ਪੀਰੀ ਤੇ ਮੀਰੀ ਤੇ ਰਾਜ ਜੋਗ ਦਾ ਮਕਸਦ ਧਰਮ ਨਾਲ ਮਨ ਆਚਰਣ ਤੇ ਵਿਹਾਰ ਨੂੰ ਪਵਿਤ੍ਰ ਕਰਨਾ ਹੈ। ਸ਼ਕਤੀ ਨਾਲ ਧਰਮ, ਦੇਸ਼ ਤੇ ਮਨੁਖਤਾ ਦੀ ਰਖਿਆ ਕਰਨਾ ਹੈ।

ਸਿਖੀ ਇਹ ਕਹਿੰਦੀ ਹੈ ਕਿ ਰਾਜਨੀਤੀ ਧਰਮ ਤੋਂ ਬਿਨਾਂ ਕੁਝ ਨਹੀਂ, ਧਰਮ ਤਾਕਤ ਤੋਂ ਬਿਨਾਂ ਕੁਝ ਨਹੀਂ, ਪਰ ਧਰਮ ਨੂੰ ਨੀਤੀ ਦੇ ਅਧੀਨ ਨਹੀਂ ਕਰਨਾ। ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਨੇ ਇਸੇ ਆਦਰਸ਼ ਨੂੰ ਪੇਸ਼ ਕੀਤਾ ਹੈ।

ਗੁਰੂ ਇਤਿਹਾਸ ਦਸਦਾ ਹੈ ਕਿ ਕਾਫ਼ੀ ਆਯੂ ਹੋ ਜਾਣ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸੰਤਾਨ ਨਾ ਹੋਈ । ਇਕ ਦਿਨ ਸ੍ਰੀ ਮਾਤਾ ਗੰਗਾ ਜੀ ਸਿਖੀ ਦੇ ਬਜ਼ੁਰਗ ਬਾਬਾ ਬੁਢਾ ਜੀ ਪਾਸ ਬੀੜ ਵਿਚ ਗਏ, ਬੜੀ ਨਿੰਮਰਤਾ ਨਾਲ ਮਿਸੀ ਰੋਟੀ ਪਕਾ ਕੇ ਗੰਢੇ ਤੇ ਲਸੀ ਨਾਲ ਛਕਾਉਣ ਦੀ ਸੇਵਾ ਕੀਤੀ । ਬਾਬਾ ਜੀ ਨੇ ਇਹ ਪ੍ਰਸਾਦ ਛਕਿਆ । ਜਿਸ ਤਰ੍ਹਾਂ ਕੋਈ ਪਿਤਾ ਆਪਣੀ ਬੱਚੀ ਨੂੰ ਅਸ਼ੀਰਵਾਦ ਦਿੰਦਾ ਹੈ, ਬਾਬਾ ਬੁਢਾ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ–"ਗੰਗਾ ਜੀ ! ਤੁਹਾਡੇ ਘਰ ਵਾਹਿਗੁਰੂ ਅਜਿਹਾ ਮਹਾਂਬਲੀ ਪੁਰਖ ਭੇਜੇਗਾ, ਜੋ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਅਸੀਂ ਗੰਢੇ ਭੰਨੇ ਹਨ।" ਅਕਾਲ ਪੁਰਖ ਦੀ ਕ੍ਰਿਪਾ ਨਾਲ ਹਾੜ ਵਦੀ ਇਕ ੧੬੫੨ ਨੂੰ ਵਡਾਲੀ ਵਿਚ ਛੇਵੇਂ ਪਾਤਸ਼ਾਹ ਦਾ ਅਵਤਾਰ ਹੋਇਆ । ਪੰਚਮ ਪਾਤਸ਼ਾਹ ਨੇ 'ਸਤਿਗੁਰ ਸਾਚੇ ਦੀਆ ਭੇਜ' ਦਾ ਸ਼ਬਦ ਉਚਾਰਨ ਕਰਕੇ ਵਾਹਿਗੁਰੂ ਦਾ ਧੰਨਵਾਦ ਕੀਤਾ।

ਪ੍ਰਿਥੀਏ ਦਾ ਵਿਰੋਧ–ਪ੍ਰਿਥੀ ਚੰਦ ਤੇ ਉਸ ਦੀ ਵਹੁਟੀ ਕਰਮੋ ਨੇ ਸਾਹਿਬਜ਼ਾਦੇ ਨੂੰ ਜ਼ਹਿਰ ਦੇ ਕੇ, ਸੱਪ ਲੜਾ ਕੇ ਮਾਰਨ ਦੇ ਜਤਨ ਕੀਤੇ, ਪਰ ਵਾਹਿਗੁਰੂ ਨੇ ਆਪ ਨੂੰ ਰਖ ਲਿਆ। ਜਿਸ ਵਕਤ ਗੁਰੂ ਜੀ ਰਤਾ ਵਡੇ ਹੋਏ, ਬਾਬਾ ਬੁਢਾ ਜੀ ਪਾਸ ਸਿਖਿਆ ਲਈ ਬਿਠਾਏ ਗਏ । ਗੁਰੂ ਘਰ ਦੀ ਵਿਦਿਆ, ਸ਼ਸਤਰ ਅਭਿਆਸ

ਤੇ ਘੋੜੇ ਦੀ ਸਵਾਰੀ ਆਪ ਨੂੰ ਸਿਖਾਈ ਗਈ । ਗੁਰ ਗੱਦੀ ਲਈ ਅਜਿਹਾ ਆਚਰਨ ਬਨਾਉਣ ਦੀ ਲੋੜ ਸੀ । ਉਹੋ ਜਿਹੀ ਸਿਖਿਆ ਦਿਤੀ ਗਈ । ਆਪ ਕੇਵਲ ਬਾਰਾਂ ਬਰਸ ਦੇ ਸਨ, ਜਦ ਪੰਚਮ ਪਾਤਸ਼ਾਹ ਸ਼ਹੀਦ ਹੋ ਗਏ ।

ਗੁਰ ਗੱਦੀ–

ਲਾਹੌਰ ਜਾਣ ਸਮੇਂ ਗੁਰ ਗੱਦੀ ਲਈ ਸਤਿਗੁਰੂ ਜੀ ਆਪ ਨੂੰ ਨੀਯਤ ਕਰ ਹੀ ਗਏ ਸਨ, ਤਿਲਕ ਦੇਣ ਤੇ ਦਸਤਾਰ ਬੰਦੀ ਦੀ ਰਸਮ ਅਦਾ ਕਰਨੀ ਬਾਕੀ ਸੀ । ਹਜ਼ੂਰ ਨੂੰ ਗੱਦੀ ਤੇ ਬਿਠਾਇਆ ਗਿਆ ਬਾਬਾ ਬੁਢਾ ਜੀ ਨੇ ਤਿਲਕ ਦਿਤਾ । ਸੇਲੀ ਟੋਪੀ ਪੇਸ਼ ਕੀਤੀ ਗਈ ਤਾਂ ਆਪ ਨੇ ਫੁਰਮਾਇਆ 'ਸੇਲੀ ਤੇ ਟੋਪੀ ਤੋਸ਼ੇ ਖਾਨੇ ਵਿਚ ਰਖੋ, ਸਾਨੂੰ ਸ੍ਰੀ ਸਾਹਿਬ ਤੇ ਦਸਤਾਰ ਦਿਤੀ ਜਾਵੇ । ਇਸ ਹੁਕਮ ਅਨੁਸਾਰ ਬਾਬਾ ਜੀ ਨੇ ਦੋ ਸ੍ਰੀ ਸਾਹਿਬਾਂ ਪਹਿਨਾਈਆਂ । ਇਕ ਮੀਰੀ ਤੇ ਦੂਜੀ ਪੀਰੀ ਦੀ । ਕਈ ਸਜਣ ਇਹ ਕਹਿੰਦੇ ਹਨ ਕਿ ਬਾਬਾ ਜੀ ਨੇ ਭੁਲੇਖੇ ਨਾਲ ਤਲਵਾਰ ਦੂਜੇ ਪਾਸੇ ਪਾ ਦਿਤੀ, ਇਹ ਭੁਲ ਹੈ । ਬਾਬਾ ਜੀ ਆਪ ਸ਼ਸਤਰ ਅਭਿਆਸ ਸਿਖਾਉਣ ਵਾਲੇ ਸਨ, ਉਹ ਕਿਵੇਂ ਭੁਲ ਸਕਦੇ ਸਨ ? ਗੱਦੀ ਤੇ ਬੈਠ ਕੇ ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਨ ਦਾ ਉਪਦੇਸ਼ ਕੀਤਾ । ਮਸੰਦਾਂ ਤੇ ਸੰਗਤਾਂ ਦੇ ਨਾਮ ਪਰ ਹੁਕਮਨਾਮੇ ਜਾਰੀ ਕੀਤੇ ਕਿ ਸ਼ਸਤਰ ਤੇ ਘੋੜੇ ਭੇਟਾ ਲਿਆਉਣ । ਸਤਿਗੁਰੂ ਨੇ ਫੌਜ ਰੱਖੀ, ਨਗਾਰੇ ਵਜਾਏ, ਤੇ ਨਿਸ਼ਾਨ ਝੁਲਾਏ । ਅਬਦੁਲ ਤੇ ਨਜ ਢਾਡੀ ਪਾਸੋਂ ਸੂਰਮਿਆਂ ਦੀਆਂ ਵਾਰਾਂ ਗਵਾਈਆਂ । ੧੬੬੩ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ ਰੱਖੀ* ਬੁਰਜ ਲੋਹਗੜ੍ਹ

---

*ਮਹਾਨ ਕੋਸ਼ ਵਿਚ ਤਖਤ ਸਾਹਿਬ ਦੀ ਰਚਨਾ ਦਾ ਸੰਮਤ ੧੬੬੫ ਤੇ ਤ੍ਵਾਰੀਖ ਗੁਰੂ ਖਾਲਸਾ ਵਿਚ ੧੬੬੭ ਦਿਤਾ ਹੈ ।

ਸੂਰਜ ਪ੍ਰਕਾਸ਼ ਤੇ ਮੈਕਾਲਫ ਦਾ ਸੰਮਤ ਮਿਲਦਾ ਹੈ ।

ਬਣਵਾਇਆ ਤੇ ਖੂਹ ਅਤੇ ਬਾਗ ਲਵਾਇਆ। ਗੁਰੂ ਜੀ ਨੇ ਹਾਕਮਾਂ ਵਲੋਂ ਸਤਾਏ ਹੋਏ ਦੀਨ ਦੁਖੀਆਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਨਿਆਂ ਕਰਨਾ ਸ਼ੁਰੂ ਕੀਤਾ । ਸੰਗਤ ਨੇ ਮਹਾਰਾਜ ਨੂੰ 'ਸੱਚਾ ਪਾਤਸ਼ਾਹ' ਕਿਹਾ, ਜਿਸ ਤਰ੍ਹਾਂ ਈਸਾ ਨੂੰ ਅੰਜੀਲ ਵਿਚ ਕਿਹਾ ਗਿਆ ਸੀ । ਇਸ ਦਾ ਭਾਵ ਦਿਲਾਂ ਦਾ ਬਾਦਸ਼ਾਹ ਸੀ । ਇਹ ਪਾਤਸ਼ਾਹ ਫੌਜ, ਤਾਕਤ ਜਾਂ ਦੌਲਤ ਨਾਲ ਹਕੂਮਤ ਨਹੀਂ ਸੀ ਕਰਦਾ, ਸਗੋਂ ਪ੍ਰੇਮ, ਨੇਕ ਆਚਰਣ ਤੇ ਚੰਗੀ ਕਰਨੀ ਕਰਕੇ ਦਿਲਾਂ ਦਾ ਹਾਕਮ ਸੀ। ਬ੍ਰਿਤੀ ਫ਼ਕੀਰਾਨਾ ਸੀ ਪਰ ਮੀਰੀ ਦੀਆਂ ਚੀਜ਼ਾਂ ਇਸ ਲਈ ਧਾਰਨ ਕੀਤੀਆਂ ਕਿ ਜਨਤਾ ਦੇ ਅਧਿਕਾਰਾਂ **(Civil Rights)** ਦੀ ਰਖਿਆ ਕੀਤੀ ਜਾਵੇ।

ਸ਼ਾਦੀਆਂ–ਰਾਜ ਜੋਗੀ ਸਤਿਗੁਰਾਂ ਦੇ ਤਿੰਨ ਮਹਿਲ ਸਨ–

੧. ਸ੍ਰੀ ਦਮੋਦਰੀ ਜੀ–ਆਪ ਡੱਲਾ ਨਿਵਾਸੀ ਨਰਾਇਣ ਦਾਸ ਦੀ ਸਪੁਤਰੀ ਸਨ। ਇਨ੍ਹਾਂ ਤੋਂ ਬਾਬਾ ਗੁਰਦਿਤਾ ਜੀ, ਅਣੀ ਰਾਇ ਤੇ ਬੀਬੀ ਵੀਰੋ ਜੀ ਹੋਏ ।

੨. ਸ੍ਰੀ ਨਾਨਕੀ ਜੀ–ਆਪ ਬਕਾਲਾ ਨਿਵਾਸੀ ਹਰੀ ਚੰਦ ਦੀ ਪੁਤਰੀ ਸਨ । ਇਨ੍ਹਾਂ ਤੋਂ ਬਾਬਾ ਅਟੱਲ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੋਏ ।

੩. ਸ੍ਰੀ ਮਹਾਂਦੇਵੀ ਜੀ–ਆਪ ਮੰਡਿਆਲੀ ਨਿਵਾਸੀ ਦਯਾ ਰਾਮ ਦੀ ਪੁਤਰੀ ਸਨ, ਇਨ੍ਹਾਂ ਤੋਂ ਸੂਰਜ ਮੱਲ ਜੀ ਪੈਦਾ ਹੋਏ।

(ਮਹਾਨ ਕੋਸ਼ ਤੇ ਤ੍ਰ: ਗੁ: ਖਾ:)

ਗਵਾਲੀਅਰ ਦੇ ਕਿਲ੍ਹੇ ਵਿਚ–

ਗੁਰੂ ਜੀ ਦੇ ਵਿਰੁਧ ਕੁਝ ਪੁਰਾਣੇ ਦੋਖੀ ਮੌਜੂਦ ਸਨ। ਉਨ੍ਹਾਂ ਨੇ ਲਾਹੌਰ ਦੇ ਸੂਬੇ ਨਾਲ ਮਿਲ ਕੇ ਬਾਦਸ਼ਾਹ ਪਾਸ ਦਿੱਲੀ ਸ਼ਕਾਇਤ ਕੀਤੀ--'ਗੁਰੂ ਜੀ ਨੇ ਫੌਜਾਂ ਰੱਖ ਲਈਆਂ ਹਨ, ਸ਼ਿਕਾਰ ਕਰਦੇ ਤੇ

ਜਮਾਤ ਬਣਾ ਲਿਆ ਨੇ । ਸੱਚਾ ਪਾਤਸ਼ਾਹ ਅਖਵਾਂਦੇ ਹਨ। ਇਹ ਕਿਸੇ ਦਿਨ ਹਕੂਮਤ ਲਈ ਖ਼ਤਰਨਾਕ ਸਾਬਤ ਹੋਣਗੇ ।' ਇਨ੍ਹਾਂ ਰਿਪੋਟਾਂ ਨੂੰ ਸੁਣ ਕੇ ਬਾਦਸ਼ਾਹ ਨੇ ਵਜ਼ੀਰ ਖਾਂ ਤੇ ਗੁੰਚਾ ਬੇਗ ਨੂੰ ਅੰਮ੍ਰਿਤਸਰ ਭੇਜਿਆ ਕਿ ਉਹ ਗੁਰੂ ਜੀ ਨੂੰ ਦਿਲੀ ਲਿਆਉਣ।† ਇਸ ਲਈ ਮੁਖੀ ਸਿਖਾਂ ਨੂੰ ਸਾਰਾ ਕੰਮ ਸੌਂਪ ਕੇ ਆਪ ਨੇ ਦਿਲੀ ਜਾਣ ਦੀ ਤਿਆਰੀ ਕੀਤੀ।

ਆਪ ਸੰਮਤ ੧੬੭੩ ਵਿਚ ਤਰਨ ਤਾਰਨ, ਗੋਇੰਦਵਾਲ ਤੇ ਮਾਲਵੇ ਵਿਚੋਂ ਹੁੰਦੇ ਹੋਏ ਦਿੱਲੀ ਪੁਜੇ । ਪਹਿਲਾਂ ਬਾਦਸ਼ਾਹ ਨੇ ਆਪ ਨਾਲ ਮੁਲਾਕਾਤ ਕੀਤੀ । ਉਸ ਨੂੰ ਇਹ ਪਤਾ ਲੱਗਾ ਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਨੇ ਉਨ੍ਹਾਂ ਉਤੇ ਹਕੂਮਤ ਦਾ ਕੋਈ ਰੋਹਬ ਨਹੀਂ ਪਾਇਆ, ਸਗੋਂ ਉਹ ਹੋਰ ਦ੍ਰਿੜ੍ਹ ਹੋ ਗਏ ਹਨ ਇਸ ਤੋਂ ਬਾਅਦ ਸ਼ਾਹੀ ਮੌਲਵੀ ਤੇ ਕਈ ਉਲਮਾਵਾਂ ਨਾਲ ਗੁਰੂ ਜੀ ਦੀ ਮੁਲਾਕਾਤ ਹੋਈ । ਉਨ੍ਹਾਂ ਨੂੰ ਭੀ ਪਤਾ ਲਗ ਗਿਆ ਕਿ ਉਹ

---

†ਗੁਰੂ ਜੀ ਸੰਬੰਧੀ 'ਦੁਬਿਸਤਾਨੇ' ਵਿਚ ਲਿਖਿਆ ਹੈ :

'ਵਜ਼ਾਹ ਸਿਪਾਹੀਆਂ ਪੇਸ਼ ਗ੍ਰਿਫਤ ਵ ਬਰਖਿਲਾਫੇ ਪਿਦਰ ਸ਼ਮਸ਼ੀਰ ਬਸਤ ।' ਭਾਵ ਆਪ ਨੇ ਸਿਪਾਹੀਆਂ ਵਾਲਾ ਢੰਗ ਅਖਤਿਆਰ ਕੀਤਾ ਤੇ ਪਿਤਾ ਦੀ ਰਹਿਣੀ ਬਹਿਣੀ ਦੇ ਉਲਟ ਤਲ-ਵਾਰ ਧਾਰਨ ਕੀਤੀ । ਡੇਵਡ ਸੀ, ਤੇ ਟਰਾਇਨ ਨੇ 'ਦੁਬਿਸਤਾਨ' ਦਾ ਤਰਜਮਾ ਕੀਤਾ ਹੈ, ਜੋ ੧੮੪੩ ਈਸਵੀ ਵਿਚ ਛਪਿਆ । ਇਸ ਵਿਚ ਸਖਤ ਭੁਲਾਂ ਕੀਤੀਆਂ ਹਨ । ਇਨ੍ਹਾਂ ਨੇ 'ਵਜ਼ਾਹ (ਢੰਗ) ਸਿਪਾਹੀਆਂ' ਦਾ ਅਰਥ 'ਤਨਖਾਹ' ਕੀਤਾ ਹੈ ਅਤੇ ਦੂਸਰੇ ਫਿਕਰੇ ਦਾ 'ਪਿਤਾ ਦੇ ਵਿਰੁਧ ਤਲਵਾਰ ਉਠਾਈ ।' ਇਸ ਗਲਤ ਤਰਜਮੇਂ ਤੋਂ ਕਈ ਲੇਖਕਾਂ ਨੂੰ ਭੁਲੇਖਾ ਲਗਾ ਹੈ ਕਿ ਗੁਰੂ ਜੀ ਬਾਦਸ਼ਾਹ ਦੇ ਮੁਲਾਜ਼ਮ ਸਨ । ਇਹ ਗਲ ਉਕੀ ਨਿਰਮੂਲ ਹੈ। ਉਨ੍ਹਾਂ ਪਿਤਾ ਵਿਰੁਧ ਨਹੀਂ ਜਬਰ ਵਿਰੁਧ ਤਲਵਾਰ ਉਠਾਈ।

ਇਸਲਾਮ ਦੇ ਰਾਜ ਧਰਮ ਹੋਣ ਦਾ ਕੋਈ ਅਸਲ ਕਬੂਲ ਨਹੀਂ ਕਰਦੇ । ਸਿਖੀ ਨੂੰ ਉਹ ਚੰਗਾ ਧਰਮ ਸਮਝਦੇ ਹਨ । ਜਹਾਂਗੀਰ ਆਗਰੇ ਨੂੰ ਜਾਣ ਤੇ ਗੁਰੂ ਜੀ ਨੂੰ ਨਾਲ ਲੈ ਗਿਆ । ਉਸ ਦਾ ਜਤਨ ਸੀ ਕਿ ਉਨ੍ਹਾਂ ਤੇ ਪ੍ਰਭਾਵ ਪਾਵੇ ਪਰ ਉਸ ਨੂੰ ਕੋਈ ਸਫਲਤਾ ਨਾ ਹੋਈ । ਆਗਰੇ ਵਿਚ ਇਕ ਘਾਹੀਆ ਸਿਖ ਆਇਆ, ਜਿਸ ਨੇ ਬਾਦਸ਼ਾਹ ਦੀ ਪ੍ਰਵਾਹ ਨਾ ਕੀਤੀ ਤੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੈਂਪ ਵਿਚ ਚਲਿਆ ਗਿਆ । ਜਹਾਂਗੀਰ ਨੂੰ ਯਕੀਨ ਹੋ ਗਿਆ ਕਿ ਸਿਖ ਕਾਫੀ ਰਾਜਨੀਤਕ ਬਣ ਗਏ ਹਨ ਤੇ ਉਹ ਇਕ ਮਹਾਨ ਵਿਅਕਤੀ ਦੀ ਰਹਿਨੁਮਾਈ ਵਿਚ ਵਧ ਰਹੇ ਹਨ । ਇਸ ਲਈ ਉਸ ਨੇ ਮਹਾਰਾਜ ਨੂੰ ਨਜ਼ਰਬੰਦ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿਤਾ, ਜਿਥੇ ਪਰ ਰਾਜੇ ਸ਼ਾਹੀ ਕੈਦੀ ਸਨ । ਇਥੇ ਕਈ ਇਤਿਹਾਸਕਾਰਾਂ ਨੇ ਇਕ ਭੁਲੇਖਾ ਖਾਧਾ ਹੈ, ਉਹ ਇਹ ਕਿ ਜਹਾਂਗੀਰ ਬੀਮਾਰ ਹੋ ਗਿਆ ਸੀ, ਉਸ ਨੂੰ ਜੋਤਸ਼ੀਆਂ ਨੇ ਕਿਹਾ-''ਤੇਰੇ ਤੇ ਸਾਹੜਸਤੀ ਆਈ ਹੋਈ ਹੈ । ਟਲ ਤਦ ਸਕਦੀ ਹੈ ਜੇ ਕੋਈ ਮਹਾਂਪੁਰਸ਼ ਭਜਨ ਕਰੇ ਤੇ ਚਲੀਹਾ ਕਟੇ । ਗੁਰੂ ਸਾਹਿਬ ਗਵਾਲੀਅਰ 'ਚ ਸਾਹੜਸਤੀ ਟਾਲਣ ਗਏ ।'' ਇਹ ਗੱਲ ਇਸ ਲਈ ਨਿਰਮੂਲ ਹੈ ਕਿ ਇਕ ਤੋਂ ਗੁਰੂ ਜੀ ਆਪ ਸਾਹੜਸਤੀ ਤੇ ਸ਼ਨੀਚਰ ਆਦਿ ਨਹੀਂ ਮੰਨਦੇ ਸਨ । ਦੂਸਰੇ ਇਹ ਕਿ ਭਜਨ ਕਰਨ ਲਈ ਬਾਹਰ ਥਾਂ ਨਹੀਂ ਸੀ ? ਜਿਥੇ ਰਾਜੇ ਕੈਦ ਸਨ ਉਥੇ ਜਾਣ ਦੀ ਕੀ ਲੋੜ ਸੀ ? ਮੁਹੱਸਨ ਫਾਨੀ ਉਸ ਵਕਤ ਮੌਜੂਦ ਸੀ ਉਹ 'ਦੁਬਿਸਤਾਨ' ਵਿਚ ਲਿਖਦਾ ਹੈ-''ਗੁਰੂ ਅਰਜਨ ਦੇਵ ਤੇ ਜੋ ਜੁਰਮਾਨਾ ਕੀਤਾ ਗਿਆ ਸੀ, ਉਸ ਦੀ ਵਸੂਲੀ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਕੈਦ ਕਰ ਕੇ ਭੇਜਿਆ ਗਿਆ ।'' ਅਗੇ ਚਲ ਕੇ ਲਿਖਦਾ ਹੈ-''ਦੋਰਾਨੇ ਹੰਗਾਮਾ ਮਸੰਦਾ ਵਾ ਸਿਖਾਂ ਮੇ ਰਫਤੰਦ ਵਾ ਦੀਵਾਰੇ ਕਿਲ੍ਹਾ ਰਾ ਸਿਜਦਾ ਮੀ ਕਰਦੰਦ ।'' ਇਸ ਰੌਲੇ ਗੌਲੇ ਵਿਚ ਸਿਖ ਤੇ ਮਸੰਦ ਗਵਾਲੀਅਰ ਜਾਂਦੇ ਸਨ ।

ਗੁਰੂ ਜੀ ਦੀ ਮੁਲਾਕਾਤ ਨਾਲ ਆਗਿਆ ਨਹੀਂ ਸੀ, ਇਸ ਲਈ ਸਿਖ ਕਿਲ੍ਹੇ ਦੀ ਦੀਵਾਰ ਨੂੰ ਮੱਥਾ ਟੇਕ ਕੇ ਆ ਜਾਂਦੇ ਸਨ।

ਅੰਮ੍ਰਿਤਸਰ ਵਿਚ ਹੁਣ ਤੀਕ ਜੋ ਚੌਂਕੀਆਂ ਚੜ੍ਹਦੀਆਂ ਹਨ, ਇਹ ਉਸ ਸਮੇਂ ਦੀ ਯਾਦਗਾਰ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਕਿਲ੍ਹੇ ਵਿਚ ਕੈਦ ਕਰਕੇ ਭੇਜੇ ਗਏ ਸਨ।

ਮਹਾਰਾਜ ਦੇ ਗਵਾਲੀਅਰ ਜਾਣ ਨਾਲ ਜਿਹੜੇ ਰਾਜੇ ਉਥੇ ਕੈਦ ਸਨ, ਉਨ੍ਹਾਂ ਦੀ ਖੁਰਾਕ ਤੇ ਪੁਸ਼ਾਕ ਚੰਗੀ ਹੋ ਗਈ। ਆਪ ਉਨ੍ਹਾਂ ਨੂੰ ਆਤਮਿਕ ਉਪਦੇਸ਼ ਵੀ ਕਰਦੇ ਸਨ। ਇਸ ਲਈ ਜੇਹਲ ਸੁਰਗ ਬਣ ਗਈ। ਸਿੱਖਾਂ ਵਿਚ ਸਖਤ ਬੇਚੈਨੀ ਸੀ, ਪਰ ਆਪ ਦੀ ਕੈਦ ਨੂੰ ਹਿੰਦੂਆਂ ਤੇ ਮੁਸਲਮਾਨਾਂ ਨੇ ਭੀ ਬੁਰਾ ਸਮਝਿਆ। ਭਾਈ ਜੇਠਾ ਜੀ ਸਿਖਾਂ ਦੀ ਤਹਿਰੀਕ ਦੀ ਰਹਿਨੁਮਾਈ ਕਰ ਰਹੇ ਹਨ। ਬਾਦਸ਼ਾਹ ਨੂੰ ਆਪਣੇ ਕੀਤੇ ਦਾ ਡਰ ਸੀ। ਇਸ ਲਈ ਉਸ ਨੂੰ ਸੁਪਨੇ ਵਿਚ ਵੀ ਡਰ ਪ੍ਰਤੀਤ ਹੁੰਦਾ ਸੀ ਕਿ ਗੁਰੂ ਕਾ ਸ਼ੇਰ ਭਾਈ ਜੇਠਾ ਮੇਰੀ ਛਾਤੀ ਪਰ ਚੜ੍ਹਿਆ ਹੋਇਆ ਹੈ।

ਕਿਲ੍ਹੇ ਚੋਂ ਵਾਪਸੀ–ਬਾਬਾ ਬੁਢਾ ਤੇ ਭਾਈ ਗੁਰਦਾਸ ਜੀ ਨੂੰ ਮਾਤਾ ਜੀ ਨੇ ਮੁਲਾਕਾਤ ਲਈ ਭੇਜਿਆ। ਸਤਿਗੁਰੂ ਨੇ ਇਨ੍ਹਾਂ ਨੂੰ ਚੜ੍ਹਦੀ ਕਲਾ ਦਾ ਉਪਦੇਸ਼ ਕੀਤਾ। ਗੁਰੂ ਜੀ ਕਿਲ੍ਹੇ ਵਿਚ ਸਨ ਕਿ ਚੰਦੂ ਨੇ ਹਰਿਦਾਸ ਦਰੋਗੇ ਰਾਹੀਂ ਜ਼ਹਿਰੀਲੀ ਪੁਸ਼ਾਕ ਭੇਜ ਕੇ ਆਪ ਨੂੰ ਮਰਵਾਣਾ ਚਾਹਿਆ, ਪਰ ਹਰਿਦਾਸ ਨੇ ਉਸ ਦੀ ਸਾਜ਼ਸ਼ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਕਿਲ੍ਹਾ ਗਵਾਲੀਅਰ ਵਿਚ ਕਿੰਨਾ ਚਿਰ ਰਹੇ? ਇਸ ਸਬੰਧੀ ਮੁਹਸਨ ਫ਼ਾਨੀ 'ਦਵਾਜ਼ਦਾ ਸਾਲ' (ਬਾਰਾਂ ਸਾਲ) ਲਿਖਦਾ ਹੈ। ਇਹ ਠੀਕ ਨਹੀਂ। ਤਵਾਰੀਖ ਗੁਰੂ ਖਾਲਸਾ ਅਨੁਸਾਰ ਵੈਸਾਖ ੧੬੭੪ ਨੂੰ ਗਵਾਲੀਅਰ ਪੁਜੇ। ਮੈਕਾਲਫ ਕਹਿੰਦਾ ਹੈ ਕਿ–ਮਾਘ ਦੂਜੀ ਸੰਮਤ ੧੬੬੯ ਬਿ: ਨੂੰ ਅੰਮ੍ਰਿਤਸਰੋਂ ਚਲੇ ਤੇ ਚੌਦਾਂ ਮਹੀਨੇ ਕਿਲ੍ਹੇ ਵਿਚ ਰਹੇ।'

ਅਸਲ ਗਲ ਇਹ ਜਾਪਦੀ ਹੈ ਕਿ ਬਾਦਸ਼ਾਹ ਨੇ ਆਪਣੇ ਵਲੋਂ ਬਾਰਾਂ ਵਰ੍ਹੇ ਲਈ ਕੈਦ ਕਰ ਕੇ ਭੇਜੇ ਹੋਣਗੇ, ਪਰ ਲੋਕ ਰਾਇ ਵਿਰੁਧ ਹੋਣ ਕਰ ਕੇ ਉਹ ਬਹੁਤ ਸਮਾਂ ਉਨ੍ਹਾਂ ਨੂੰ ਜੇਲ੍ਹ ਵਿਚ ਨਹੀਂ ਰਖ ਸਕਿਆ । ਇਸ ਦੌਰਾਨ ਗੁਰੂ ਜੀ ਦੇ ਸੰਤਾਨ ਹੋਈ। ੧੬੭੫ ਵਿਚ ਅਣੀ ਰਾਇ ਜੀ, ੧੬੭੬ ਵਿਚ ਬਾਬਾ ਅਟੱਲ ਰਾਇ ਜੀ ਤੇ ੧੬੭੮ ਵਿਚ ਨੌਵੀਂ ਪਾਤਸ਼ਾਹੀ ਦਾ ਅਵਤਾਰ ਹੋਇਆ। ਇਸ ਲਈ ਬਾਰਾਂ ਵਰ੍ਹੇ ਕੈਦ ਦੀ ਗੱਲ ਠੀਕ ਨਹੀਂ ਜਾਪਦੀ।

ਸਿਖ ਤੇ ਐਜੀਟੇਸ਼ਨ ਕਰਦੇ ਹੀ ਸਨ ਸਾਈਂ ਮੀਆਂ ਮੀਰ ਤੇ ਵਜ਼ੀਰ ਖਾਂ ਵਰਗੇ ਨੇਕ ਮੁਸਲਮਾਨਾਂ ਨੇ ਭੀ ਬਾਦਸ਼ਾਹ ਨੂੰ ਸਮਝਾਇਆ। ਉਸ ਨੂੰ ਆਪਣੀ ਗਲਤੀ ਦਾ ਪਤਾ ਲਗਾ। ਜਿਸ ਕਰਕੇ ਉਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕੀਤਾ।

ਜਦ ਕਿਲ੍ਹਾ ਗਵਾਲੀਅਰ ਵਿਚ ਇਹ ਹੁਕਮ ਵਜ਼ੀਰ ਖਾਂ ਲੈ ਕੇ ਗਿਆ ਤੇ ਗੁਰੂ ਸਾਹਿਬ ਨੂੰ ਸੁਣਾਇਆ, ਤਦ ਆਪ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ ਤੇ ਇਹ ਫੁਰਮਾਇਆ–''ਸਾਡੇ ਦੂਸਰੇ ਬੇਗੁਨਾਹ ਸਾਥੀ ਭੀ ਰਿਹਾ ਕੀਤੇ ਜਾਣ, ਤਾਂ ਅਸੀਂ ਬਾਹਰ ਜਾਣ ਲਈ ਤਿਆਰ ਹਾਂ।' ਵਜ਼ੀਰ ਖਾਂ ਦਿੱਲੀ ਵਾਪਸ ਆਇਆ ਤੇ ਉਸ ਨੇ ਸਾਰੀ ਗਲਬਾਤ ਜਹਾਂਗੀਰ ਨੂੰ ਸੁਣਾਈ, ਬਾਦਸ਼ਾਹ ਨੇ ਗੁਰੂ ਜੀ ਨਾਲ ਰਾਜਿਆਂ ਦੀ ਰਿਹਾਈ ਦਾ ਹੁਕਮ ਵੀ ਜਾਰੀ ਕਰ ਦਿਤਾ ਪਰ ਸ਼ਰਤ ਇਹ ਲਾਈ ਕਿ ਜਿੰਨੇ ਸਾਥੀ ਸਤਿਗੁਰੂ ਦਾ ਪਲਾ ਫੜ ਕੇ ਆ ਸਕਣ, ਉਹ ਛਡ ਦਿਤੇ ਜਾਣ। ਗਵਾਲੀਅਰ 'ਚ ੫੨ ਰਾਜੇ ਕੈਦ ਸਨ। ਜਦ ਹੁਕਮ ਗਿਆ, ਉਹ ਬੜੇ ਚਿੰਤਾਤੁਰ ਹੋਏ ਕਿ ਕਿਸ ਤਰ੍ਹਾਂ ਰਿਹਾ ਹੋਵਾਂਗੇ। ਗੁਰੂ ਜੀ ੫੦ ਕਲੀਆਂ ਦਾ ਜਾਮਾ ਪਹਿਨਦੇ ਸਨ । ਹਜ਼ੂਰ ਨੇ ਪੰਜਾਹਾਂ ਨੂੰ ਇਕ ਇਕ ਕਲੀ ਫੜਾਈ ਤੇ ਦੋਹਾਂ ਨੂੰ ਕਰ ਕੰਵਲਾਂ ਨਾਲ ਲਾ ਕੇ ਬਾਹਰ ਲੈ ਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ ਦਾਤਾ' ਪੈ ਗਿਆ। ਕਿਲ੍ਹਾ ਗਵਾਲੀਅਰ ਵਿਚ ਇਕ ਤਲਾ ਦੇ ਕੋਲ ਅਸਥਾਨ ਬਣਿਆ ਹੋਇਆ ਸੀ, ਜਿਥੇ ਲੋਹੇ ਦੀ ਫੱਟੀ ਤੇ 'ਬੰਦੀ ਛੋੜ ਦਾਤਾ'

ਦੇ ਸ਼ਬਦ ਲਿਖੇ ਹੋਏ ਸਨ। ਇਕ ਚਾਰ ਦੀਵਾਰੀ ਵਿਚ ਜੰਡ ਲਗਾ ਹੋਇਆ ਹੈ। ਅਸੀਂ ਆਪ ਇਸ ਥਾਂ ਦੇ ਦਰਸ਼ਨ ਕੀਤੇ ਹਨ। ਹੁਣ ਇਥੇ ਸ਼ਾਨਦਾਰ ਗੁਰਦਵਾਰਾ ਬਣ ਗਿਆ ਹੈ।

ਗਵਾਲੀਅਰ ਵਿਚੋਂ ਤੁਰਨ ਸਮੇਂ ਹਰੀਦਾਸ ਦਰੋਗੇ ਨੇ ਬਹੁਤ ਪ੍ਰੇਮ ਕੀਤਾ ਤੇ ਕਿਹਾ ਮੈਨੂੰ ਨਾਲ ਲੈ ਚਲੋ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ। ਗਵਾਲੀਅਰ ਤੋਂ ਦਿਲੀ ਆਏ। ਬਾਦਸ਼ਾਹ ਨੇ ਆਪ ਨਾਲ ਮੁਲਾਕਾਤ ਕੀਤੀ। ਉਸ ਨੇ ਆਪਣੇ ਕੀਤੇ ਤੇ ਪਸਚਾਤਾਪ ਕੀਤਾ। ੭ ਤੋਪਾਂ ਤੇ ੧੦੦੦ ਸਵਾਰ ਰਖਣ ਲਈ ਪੇਸ਼ਕਸ ਕੀਤੀ, ਪਰ ਆਪ ਨੇ ਇਸ ਨੂੰ ਪ੍ਰਵਾਨ ਨਾ ਕੀਤਾ। ਚੰਦੂ ਪਾਪੀ ਨੂੰ ਆਪ ਦੇ ਸਪੁਰਦ ਕਰ ਦਿਤਾ ਗਿਆ। ਮਹਾਰਾਜ ਦਿਲੀ ਤੋਂ ਅੰਮ੍ਰਿਤਸਰ ਪੁਜੇ, ਸਿੱਖ ਸੰਗਤਾਂ ਨੇ ਬਹੁਤ ਖੁਸ਼ੀ ਮਨਾਈ।

ਚੰਦੂ ਨੂੰ ਸਜ਼ਾ–

ਭਾਈ ਬਿਧੀ ਚੰਦ ਤੇ ਭਾਈ ਜੇਠੇ ਨੇ ਚੰਦੂ ਨੂੰ ਲਿਆਂਦਾ ਤੇ ਲਾਹੌਰ ਵਿਚ ਫਿਰਾਇਆ। ਗੁਰਦਿਤਾ ਭੜਭੂੰਜੇ ਦੇ ਹਥੋਂ, ਜਿਸ ਨੇ ਚੰਦੂ ਦੇ ਕਹਿਣ ਪਰ ਗੁਰੂ ਜੀ ਤੇ ਰੇਤ ਪਾਈ ਸੀ, ਇਹ ਪਾਪੀ ਮਾਰਿਆ ਗਿਆ।

ਰਾਜਨੀਤਕ ਅਸਰ ਕਿਲ੍ਹਾ ਗਵਾਲੀਅਰ ਵਿਚੋਂ ਆਉਣ ਸਮੇਂ ਗੁਰੂ ਜੀ ਨੇ ਜੋ ਰਾਜੇ ਰਿਹਾ ਕਰਾਏ ਸਨ, ਇਸ ਦਾ ਅਸਰ ਸਾਰੇ ਹਿੰਦੁਸਤਾਨ ਤੇ ਪਿਆ। ਲੋਕਾਂ ਨੂੰ ਪਤਾ ਲਗ ਗਿਆ ਕਿ ਗੁਰ ਗੱਦੀ ਕੇਵਲ ਫਕੀਰਾਂ ਦੀ ਜਾਂ ਇਕ ਫਿਰਕੇ ਦੀ ਨਹੀਂ, ਬਲਕਿ ਦੇਸ਼ ਦੇ ਦੁਖ ਸੁਖ ਵਿਚ ਸਹਾਇਤਾ ਕਰਨ ਵਾਲੀ ਹੈ।

ਗੁਰੂ ਸਾਹਿਬ ਸਾਰੇ ਦੇਸ ਤੇ ਮਨੁਖਤਾ ਦੀ ਪ੍ਰਤੀਨਿਧਤਾ ਕਰਦੇ ਸਨ। ਲੋਕਾਂ ਨੇ ਦੁਖ ਦੂਰ ਕਰਨ ਲਈ ਆਪਾ ਵਾਰਦੇ ਸਨ। ਜੇ ਛੇਵੇਂ ਸਤਿਗੁਰੂ ਕੇਵਲ ਆਪਣੇ ਜਾਂ ਸਿਖਾਂ ਲਈ ਸੋਚਦੇ, ਤਦ ਉਨ੍ਹਾਂ ਨੂੰ ਬਵੰਜਾ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਕਰਾਉਣ ਦੀ ਕੀ ਲੋੜ ਸੀ?

ਇਸ ਤੋਂ ਬਾਅਦ ਜਹਾਂਗੀਰ ਨਾਲ ਗੁਰੂ ਜੀ ਦੇ ਸੰਬੰਧ ਚੰਗੇ ਰਹੇ। ਉਹ ਕਸ਼ਮੀਰ ਨੂੰ ਜਾਂਦਾ ਅੰਮ੍ਰਿਤਸਰ ਆਇਆ। ਮਹਾਰਾਜ ਨੇ ਉਸ ਦੇ ਖਾਣ ਪੀਣ ਤੇ ਰਿਹਾਇਸ਼ ਦਾ ਪ੍ਰਬੰਧ ਕਰ ਦਿਤਾ।

ਅਕਾਲ ਤਖਤ ਸਾਹਿਬ ਦੀ ਇਮਾਰਤ ਲਈ ਜਹਾਂਗੀਰ ਨੇ ਕਿਹਾ, 'ਜੇ ਆਗਿਆ ਕਰੋ, ਤਾਂ ਮੈਂ ਸ਼ਾਹੀ ਖਰਚ ਤੇ ਬਣਵਾ ਦਿਆਂ।'

ਗੁਰੂ ਜੀ ਨੇ ਉਤਰ ਦਿਤਾ–'ਇਹ ਧਰਮ ਤੇ ਨਿਆਂ ਦਾ ਤਖਤ ਹੈ। ਇਸ ਲਈ ਇਸ ਦੀ ਇਮਾਰਤ ਸਿਖਾਂ ਦੀ ਧਰਮ ਕਿਰਤ ਨਾਲ ਬਣਨੀ ਚਾਹੀਦੀ ਹੈ।'

ਬਾਦਸ਼ਾਹ ਨੇ ਇਕ ਪ੍ਰਸ਼ਨ ਕੀਤਾ, 'ਮਨੁਖ ਦਾ ਮਨ ਨੀਵੀਆਂ ਖਾਹਸ਼ਾਂ ਤੋਂ ਕਿਸ ਤਰ੍ਹਾਂ ਉਚਾ ਹੋ ਸਕਦਾ ਹੈ, ਜਦ ਕਿ ਉਸ ਦੇ ਪਾਸ ਧਨ, ਜਵਾਨੀ ਅਤੇ ਤਾਕਤ ਹੋਵੇ ?

ਗੁਰੂ ਜੀ ਨੇ ਉਤਰ ਦਿਤਾ–'ਜਿਸ ਤੇ ਵਾਹਿਗੁਰੂ ਦੀ ਕਿਰਪਾ ਹੋਵੇ, ਉਹ ਆਦਮੀ ਚੰਗਾ ਹੋ ਸਕਦਾ ਹੈ। ਜਿਸ ਨੇ ਜੀਵਨ ਤੇ ਵਿਸ਼ੇ ਵਿਕਾਰਾਂ ਦੀ ਅਸਲੀਅਤ ਨੂੰ ਸਮਝ ਲਿਆ ਹੈ, ਉਹ ਪਾਪ ਤੇ ਬੁਰੇ ਕੰਮ ਨਹੀਂ ਕਰ ਸਕਦਾ। ਮਨੁਖ ਇਕ ਦੰਮ ਦਾ ਹੈ। ਇਸ ਲਈ ਬਦੀ ਕਿਉਂ ਕਰੇ ?'

ਇਹ ਉਪਦੇਸ਼ ਸੁਣ ਕੇ ਬਾਦਸ਼ਾਹ ਦੇ ਮਨ ਨੂੰ ਬੜੀ ਸ਼ਾਂਤੀ ਹੋਈ। ਇਸ ਤੋਂ ਪਿਛੋਂ ਜਹਾਂਗੀਰ ਦੇ ਸਮੇਂ ਸਿਖੀ ਦੇ ਪ੍ਰਚਾਰ ਵਿਚ ਕੋਈ ਰੋਕ ਨਹੀਂ ਪਾਈ ਗਈ। ਇਸ ਲਈ ਗੁਰੂ ਜੀ ਨੇ ਪ੍ਰਚਾਰ ਵਲ ਧਿਆਨ ਦਿਤਾ। ਜਿਸ ਦਾ ਵਰਣਨ ਅਗੇ ਚਲ ਕੇ ਕੀਤਾ ਗਿਆ ਹੈ।

*

ਛਬੀਵਾਂ ਵਿਆਖਿਆਨ

ਗੁਰੂ ਜੀ ਦਾ ਯੂ. ਪੀ. ਤੇ ਕਸ਼ਮੀਰ ਜਾਣਾ, ਅਸਥਾਨ ਬਨਾਣੇ ਤੇ ਪ੍ਰਚਾਰ ਨੂੰ ਜਥੇਬੰਦ ਕਰਨਾ

ਗੁਰ-ਗੱਦੀ ਪਰ ਬਿਰਾਜਨ ਦੇ ਬਾਅਦ ਗਵਾਲੀਅਰ ਜਾਣ ਤਕ ਛੇਵੇਂ ਪਾਤਸ਼ਾਹ ਨੇ ਜ ਮਹਾਨ ਕੰਮ ਕੀਤੇ ਹਨ ਉਨ੍ਹਾਂ ਦਾ ਸੰਖੇਪ ਜ਼ਿਕਰ ਕਰ ਆਏ ਹਾਂ। ਆਪ ਨੇ ਅੰਮ੍ਰਿਤਸਰ ਵਿਚ ਅਕਾਲ ਤਖਤ ਸਾਹਿਬ ਬਣਵਾਇਆ। ਸੰਮਤ ੧੬੭੦ ਵਿਚ ਡੇਹਰਾ ਸਾਹਿਬ ਲਾਹੌਰ ਤਾਮੀਰ ਕਰਵਾਇਆ। ਜਿਥੇ ਪੰਚਮ ਪਾਤਸ਼ਾਹ ਜੋਤੀ ਜੋਤ ਸਮਾਏ ਸਨ। ਆਪ ਸ੍ਰੀ ਨਨਕਾਣੇ ਸਾਹਿਬ ਭੀ ਗਏ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਸੰਭਾਲ ਕੀਤੀ। ਗਵਾਲੀਅਰ ਤੋਂ ਵਾਪਸ ਆ ਕੇ ਹਜ਼ੂਰ ਨੇ ਪ੍ਰਚਾਰ ਨੂੰ ਜਥੇਬੰਦ ਕੀਤਾ। ਕਈ ਅਸਥਾਨ ਬਣਾਏ ਤੇ ਨਗਰ ਵਸਾਉਣ ਦਾ ਕੰਮ ਕੀਤਾ।

ਕੁਝ ਚਿਰ ਅੰਮ੍ਰਿਤਸਰ ਨਿਵਾਸ ਕਰਕੇ ਗੁਰੂ ਜੀ ਕਰਤਾਰਪੁਰ ਜਾ ਬਿਰਾਜੇ। ਦੁਆਬੇ ਵਿਚ ਆਪ ਨੇ ਸਿਖੀ ਦਾ ਪ੍ਰਚਾਰ ਕੀਤਾ। ਇਥੇ ਹੀ ਵਡੇ ਮੀਰ ਪਿੰਡ ਦੇ ਪਠਾਣਾਂ ਵਿਚੋਂ ਅਮੀਰ ਖਾਂ, ਅਤਾਉਲਾ ਤੇ ਪੈਂਦੇ ਖਾਂ ਨੂੰ ਨੌਕਰ ਰਖਿਆ। ਇਨ੍ਹਾਂ ਵਿਚੋਂ ਪੈਂਦਾ ਖਾਂ ਦੀ ਆਪ ਨੇ ਖਾਸ ਪਾਲਨਾ ਕੀਤੀ। ਇਹ ਬਹੁਤ ਸੁੰਦਰ ਤੇ ਬਹਾਦਰ ਜਵਾਨ ਨਿਕਲਿਆ।

੧੯ ਅੱਸੂ ੧੬੭੭ ਨੂੰ ਸਤਿਗੁਰੂ ਨੇ ਸ੍ਰੀ ਹਰਿਗੋਬਿੰਦ ਪੁਰ*

---

*ਇਹ ਮਨੌਤ ਹੈ ਕਿ ਹਰਿਗੋਬਿੰਦ ਪੁਰ ਦੀ ਨੀਂਵ ੧੬੬੪ 'ਚ ਪੰਚਮ ਪਾਤਸ਼ਾਹ ਨੇ ਰੱਖੀ ਹੈ। ਡੇਵਿਡ ਰਾਸ ਨੇ 'ਪੰਜ ਦਰਿਆਵਾਂ ਦੀ ਧਰਤੀ' ਵਿਚ ਇਹੀ ਲਿਖਿਆ ਹੈ। ਦੇਖੋ ਸਫਾ ੧੯੯।

ਨੀਂਹ ਰਖੀ। ਇਹ ਪਿੰਡ ਪਹਿਲੇ ਚੰਦੂ ਦਾ ਸੀ ਅਤੇ ਇਸ ਦਾ ਪਹਿਲਾ ਨਾਂ ਰੁਹੇਲਾ ਸੀ। ਇਥੇ ਹੀ ਗੁਰੂ ਸਾਹਿਬ ਨੇ ਖਵਾਜਾ ਰੋਸ਼ਨ ਸ਼ਾਹ ਕਸ਼ਮੀਰੀ ਤੇ ਸਜਦ ਜਾਨੀ ਸ਼ਾਹ ਨੂੰ ਉਪਦੇਸ਼ ਕੀਤਾ। ਭਾਈ ਨੰਦ ਲਾਲ ਸੋਹਣੇ ਰਾਹੀਂ ਜਾਨੀ ਸ਼ਾਹ ਨੇ ਸਿੱਖੀ ਧਾਰਨ ਕੀਤੀ। ਇਥੇ ਛੇਵੇਂ ਪਾਤਸ਼ਾਹ ਨੇ ਮੁਸਲਮਾਨਾਂ ਲਈ ਇਕ ਮਸੀਤ ਬਣਵਾਈ, ਜੋ ਖੁਲ੍ਹ ਦਿਲੀ ਦੀ ਹੁਣ ਤੀਕ ਯਾਦਗਾਰ ਹੈ। ਇਥੇ ਗੁਰੂ ਜੀ ਨੇ ਇਕ ਜੰਗ ਭੀ ਕੀਤਾ ਹੈ।

ਕੌਲਾਂ ਸ਼ਰਨ ਵਿਚ-

ਸਤਿਗੁਰੂ ਜੀ ਅੰਮ੍ਰਿਤਸਰ ਆਏ, ਇਥੋਂ ਲਾਹੌਰ ਪੁਜੇ। ਮੁਜੰਗ ਵਿਚ ਭਾਈ ਲੰਙਾਹਾ ਦੀ ਧਰਮਸਾਲਾ ਵਿਚ ਨਿਵਾਸ ਕੀਤਾ। ਲਾਹੌਰ ਵਿਚ ਭਗਤ ਛੱਜੂ, ਪੀਲੋ, ਸੋਭਾਗਿਰ, ਸਾਈਂ ਮੀਆਂ ਮੀਰ, ਸ਼ਾਹ ਹੁਸੈਨ ਤੇ ਜਾਨ ਮੁਹੰਮਦ ਨਾਲ ਗਿਆਨ ਗੋਸ਼ਟ ਕਰਦੇ ਰਹੇ। ਇਸ ਦੌਰਾਨ ਰੁਸਤਮ ਖਾਂ ਦੀ ਬੇਟੀ ਕੌਲਾਂ, ਜੋ ਮੀਆਂ ਮੀਰ ਦੀ ਮੁਰੀਦ ਸੀ, ਸਤਿਗੁਰੂ ਜੀ ਦੀ ਸੰਗਤ ਵਿਚ ਆਈ। ਮੁਤੱਸਬ ਕਾਜ਼ੀ ਨੇ ਉਸ ਨੂੰ ਕੁਫਰ ਦਾ ਫ਼ਤਵਾ ਦਿਵਾ ਕੇ ਮਰਵਾਉਣਾ ਚਾਹਿਆ। ਇਸ ਲਈ ਉਹ ਅੰਮ੍ਰਿਤਸਰ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਗਈ। ਕਾਜ਼ੀ ਨੇ ਕਾਸਮ ਬੇਗ ਸੂਬਾ ਲਾਹੌਰ ਨਾਲ ਮਿਲਕੇ ਘੋੜੇ ਦੀ ਕੀਮਤ ਦਾ ਪੱਜ ਲਾ ਕੇ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ। ਪਰ ਬਾਦਸ਼ਾਹ ਨੇ ਕੋਈ ਪ੍ਰਵਾਹ ਨਾ ਕੀਤੀ। ਕੌਲਾਂ ਅੰਮ੍ਰਿਤਸਰ ਵਿਚ ਬੜਾ ਪਵਿਤਰ ਜੀਵਨ ਬਤੀਤ ਕਰਦੀ ਸੀ। ਇਕ ਦਿਨ ਉਸ ਨੂੰ ਖਿਆਲ ਆਇਆ ਕਿ ਉਸ ਦੀ ਸੰਤਾਨ ਕੋਈ ਨਹੀਂ। ਕੋਈ ਯਾਦਗਾਰ ਤੇ ਹੋਣੀ ਚਾਹੀਦੀ ਹੈ। ਉਸ ਨੇ ਇਹ ਖਿਆਲ ਗੁਰੂ ਜੀ ਕੋਲ ਪ੍ਰਗਟ ਕੀਤਾ। ਮਹਾਰਾਜ ਨੇ ਫੁਰਮਾਇਆ-

'ਤੇਰੀ ਅਜੇਹੀ ਯਾਦਗਾਰ ਬਣਾਵਾਂਗੇ, ਜੋ ਸਦਾ ਕਾਇਮ ਰਹੇਗੀ।' ਬਾਬਾ ਬੁਢਾ ਜੀ ਨੂੰ ਹੁਕਮ ਦੇਕੇ ੧੬੯੧ ਵਿਚ ਕੌਲਸਰ ਬਣਾਉਣਾ ਆਰੰਭ ਕੀਤਾ, ਜੋ ੧੬੯੪ ਵਿਚ ਮੁਕੰਮਲ ਹੋਇਆ। ਕੌਲਾਂ ਨੇ ਸਾਰਾ ਜੀਵਨ ਸਾਧ

ਸੰਗਤ ਤੇ ਸਿਖ ਧਰਮ ਵਿਚ ਬਤੀਤ ਕੀਤਾ । ੧੬੯੫ ਵਿਚ ਉਸ ਦਾ ਦੇਹਾਂਤ ਕਰਤਾਰ ਪੁਰ ਵਿਚ ਹੋਇਆ ।

ਬਿਬੇਕਸਰ–

ਗੁਰੂ ਜੀ ਨੇ ੧੬੯੫ ਵਿਚ ਬਿਬੇਕਸਰ ਬਣਾਇਆ, ਇਸ ਦਾ ਅਰਥ ਹੈ ਬਿਬੇਕੀ ਸਿਖਾਂ ਦਾ ਅਸਥਾਨ । ਇਥੇ ਬੈਠ ਕੇ ਆਪ ਸਿੱਖਾਂ ਨੂੰ ਉਪਦੇਸ਼ ਕਰਦੇ ਸਨ। ਸ੍ਰੀ ਅੰਮ੍ਰਿਤਸਰ ਵਿਚ ਪੰਜ ਸਰੋਵਰ ਹਨ– ਅੰਮ੍ਰਿਤਸਰ ਸਰੋਵਰ, ਸੰਤੋਖਸਰ, ਰਾਮਸਰ, ਕੌਲਸਰ ਤੇ ਬਿਬੇਕਸਰ । ਇਨ੍ਹਾਂ ਵਿਚੋਂ ਪਿਛਲੇ ਦੋ ਛੇਵੇਂ ਪਾਤਸ਼ਾਹ ਨੇ ਬਣਵਾਏ ਹਨ ।

ਨਾਨਕ ਮਤੇ ਨੂੰ–

ਸਤਿਗੁਰੂ ਜੀ ਪੰਜਾਬ ਵਿਚ ਸਨ ਕਿ ਨਾਨਕ ਮਤਾ (ਯੂ. ਪੀ) ਤੋਂ ਪ੍ਰੇਮੀ ਸਿੱਖ ਅਲਮਸਤ ਨੇ ਖਬਰ ਭੇਜੀ ਕਿ ਜੋਗੀਆਂ ਨੇ ਇਸ ਅਸਥਾਨ ਦੀ ਨਿਰਾਦਰੀ ਕੀਤੀ ਹੈ ਤੇ ਉਸ ਨੂੰ ਮਾਰਿਆ ਹੈ। ਇਹ ਖਬਰ ਸੁਣ ਕੇ ਕੁਝ ਸੂਰਬੀਰ ਸਿੱਖਾਂ ਨੂੰ ਨਾਲ ਲੈ ਕੇ ਮਹਾਰਾਜ ਨਾਨਕ ਮਤੇ ਨੂੰ ਰਵਾਨਾ ਹੋਏ । ਯੂ. ਪੀ. ਵਿਚੋਂ ਹੁੰਦੇ ਹੋਏ ਨਾਨਕ ਮਤੇ ਪੁਜੇ । ਜੋਗੀਆਂ ਨੂੰ ਫੜਨ ਲਈ ਹੁਕਮ ਦਿਤਾ ਗਿਆ। ਉਹ ਡਰਦੇ ਮਾਰੇ ਨਠ ਗਏ। ਆਪ ਨੇ ਅਲਮਸਤ ਨੂੰ ਧੀਰਜ ਦਿਤਾ। ਨਾਨਕ ਮਤੇ ਦਾ ਗੁਰਦਵਾਰਾ ਬਣਾਇਆ ਗਿਆ। ਸੜਿਆ ਪਿਪਲ ਫਿਰ ਹਰਾ ਕੀਤਾ ਗਿਆ।

ਇਸ ਇਲਾਕੇ ਦੇ ਰਾਜੇ ਬਾਜ਼ ਬਹਾਦਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਉਪਦੇਸ਼ ਸੁਣ ਕੇ ਨਿਹਾਲ ਹੋਇਆ । ਉਦਾਸੀਆਂ ਦੇ ਚਾਰ ਮੁਖੀ ਹੋਏ ਹਨ–ਬਾਲੂ ਹਸਨਾ, ਫੂਲ, ਗੋਂਦਾ ਤੇ ਅਲਮਸਤ। ਇਹ ਚਾਰ ਧੂੰਏਂ ਅਰਥਾਤ ਪ੍ਰਚਾਰ ਦੇ ਕੇਂਦਰ ਸਨ। ਅਲਮਸਤ ਦਾ ਧੂਣਾਂ ਉਨ੍ਹਾਂ ਵਿਚੋਂ ਇਕ ਹੈ। ਨਾਨਕ ਮਤੇ ਵਿਚ ਗੁਰਦਵਾਰੇ ਦੀ ਸੰਭਾਲ ਅਤੇ ਸਿਖੀ ਦਾ ਪ੍ਰਚਾਰ ਕਰਕੇ ਗੁਰੂ ਜੀ ਵਾਪਸ ਆਏ ।

ਇਸ ਤੋਂ ਬਾਅਦ ਆਪ ਨੇ ਕਸ਼ਮੀਰ ਦਾ ਦੌਰਾ ਕੀਤਾ । ਇਸ ਦਾ ਕਾਰਨ ਇਹ ਸੀ ਸ਼ਾਹੀ ਦਬਾ ਦੇ ਕਾਰਨ

ਕਸ਼ਮੀਰ ਵਿਚ ਬਹੁਤ ਸਾਰੇ ਹਿੰਦੂ ਮੁਸਲਮਾਨ ਬਣ ਰਹੇ ਸਨ । ਮੁਹਸਨ ਫ਼ਾਨੀ ਲਿਖਦਾ ਹੈ ਕਿ ਇਕ ਹਿੰਦੂ ਲੜਕਾ ਮੁਸਲਮਾਨ ਹੋਣ ਲਗਾ ਤਾਂ ਪ੍ਰਤਾਪ ਮਲ ਗਿਆਨੀ ਨੇ ਉਸ ਨੂੰ ਕਿਹਾ–'ਜੇ ਖਾਣ ਪੀਣ ਜਾਂ ਕਿਸੇ ਹੋਰ ਬੰਧਨ ਕਰਕੇ ਮੁਸਲਮਾਨ ਬਣਦਾ ਹੈਂ ਤਾਂ ਸਿਖ ਕਿਉਂ ਨਹੀਂ ਬਣ ਜਾਂਦਾ ? ਸਿਖਾਂ ਵਿਚ ਖਾਣ ਪੀਣ ਦੀ ਖੁਲ੍ਹ ਹੈ।''

ਸ੍ਰੀ ਨਗਰ ਦੇ ਭਾਈ ਸਾਈਂ ਦਾਸ ਬ੍ਰਾਹਮਣ ਗੁਰੂ ਕੇ ਸਿਖ ਸਨ। ਉਸ ਦੀ ਮਾਤਾ ਭਾਗ ਭਰੀ ਭੀ ਡਾਢੇ ਪ੍ਰੇਮ ਤੇ ਸਿਦਕ ਨਾਲ ਯਾਦ ਕਰ ਰਹੀ ਸੀ। ਗੁਰੂ ਜੀ ਨੇ ਅੰਮ੍ਰਿਤਸਰੋਂ ਚਲ ਕੇ ਲਾਹੌਰ, ਗੁਜ਼ਰਾਂਵਾਲਾ, ਵਜ਼ੀਰਾਬਾਦ ਤੇ ਗੁਜਰਾਤ ਤੋਂ ਹੁੰਦੇ ਭਿੰਬਰ ਦੇ ਰਸਤੇ ਚੋਮੁਖ ਪੁਜੇ। ਇਥੇ ਭਾਈ ਬੀਰਮ ਦੱਤ ਨੂੰ ਸਿਖੀ ਬਖਸ਼ੀ । ਇਨ੍ਹਾਂ ਦੀ ਸੰਤਾਨ ਨੂੰ ਹੁਣ ਤਕ ਭਾਈ ਪਦਵੀ ਨਾਲ ਯਾਦ ਕੀਤਾ ਜਾਂਦਾ ਹੈ । ਇਕ ਦਿਨ ਆਪ ਨੇ ਕਟੂਸ਼ਾਹ ਦੇ ਘਰ ਨਿਵਾਸ ਕੀਤਾ । ਜੋ ਮੁਸਲਮਾਨ ਤੋਂ ਸਿਖ ਬਣਿਆ ਸੀ । ਇਥੋਂ ਚਲ ਕੇ ਸ੍ਰੀ ਨਗਰ ਪੁਜੇ ਤਾਂ ਸਾਈਂ ਦਾਸ ਤੇ ਭਾਗ ਭਰੀ ਦੀ ਪ੍ਰਸੰਨਤਾ ਦੀ ਕੋਈ ਹੱਦ ਨਾ ਰਹੀ। ਮਾਈ ਨੇ ਸੂਤ ਕਤਕੇ ਹਜ਼ੂਰ ਦੀ ਪੁਸ਼ਾਕ ਬਣਾ ਕੇ ਰਖੀ ਸੀ। ਆਪ ਨੇ ਮੰਗ ਕੇ ਉਹ ਪੁਸ਼ਾਕ ਪਹਿਨੀ। ਸੱਚੇ ਪਾਤਸ਼ਾਹ ਦੀ ਮੌਜੂਦਗੀ ਵਿਚ ਹੀ ਮਾਤਾ ਭਰੀ ਦਾ ਚਲਾਣਾ ਹੋਇਆ।

ਸ੍ਰੀ ਨਗਰ ਵਿਚ ਗੁਰੂ ਜੀ ਠਹਿਰੇ ਹੋਏ ਸਨ ਕਿ ਕਸ਼ਮੀਰ ਦੀਆਂ ਸੰਗਤਾਂ ਦਰਸ਼ਨ ਕਰਨ ਆਈਆਂ । ਕੁਝ ਪ੍ਰੇਮੀ ਭਾਈ ਕਟੂ ਸ਼ਾਹ ਦੇ ਘਰ ਠਹਿਰੇ। ਉਨ੍ਹਾਂ ਪਾਸ ਸ਼ਹਿਦ ਦਾ ਕੁਪਾ ਸੀ । ਭਾਈ ਜੀ ਨੇ ਉਨ੍ਹਾਂ ਨੂੰ ਕਿਹਾ–'ਥੋੜ੍ਹਾ ਜਿਹਾ ਸ਼ਹਿਦ ਮੈਨੂੰ ਖਾਣ ਲਈ ਦੇ ਦਿਓ, ਮੇਰਾ ਜੀਅ ਕਰਦਾ ਹੈ।'' ਸਿੱਖ ਨੇ ਉਤਰ ਦਿਤਾ–''ਇਹ ਸ਼ਹਿਦ ਛੇਵੇਂ ਸਤਿਗੁਰਾਂ ਲਈ ਹੈ ਤੈਨੂੰ ਕਿਵੇਂ ਦੇ ਦੇਈਏ ?'' ਜਦ ਸੰਗਤ ਗੁਰੂ ਜੀ ਪਾਸ ਪੁਜੀ ਤੇ ਸ਼ਹਿਦ ਪੇਸ਼ ਕੀਤਾ, ਤਾਂ ਕੀ ਵੇਖਣ ਕਿ ਉਸ ਵਿਚ ਕੀੜੇ ਪੈ ਗਏ ਹਨ ਤੇ ਖਰਾਬ ਹੋ ਚੁਕਾ ਹੈ। ਸਤਿਗੁਰਾਂ

ਨੇ ਫੁਰਮਾਇਆ–''ਇਹ ਮੇਰੇ ਸਿੱਖ ਨੂੰ ਨਹੀਂ ਦਿਤਾ, ਇਸ ਕਰ ਕੇ ਖਰਾਬ ਹੋਇਆ ਹੈ । ਸਿਖ ਨੂੰ ਕੋਈ ਚੀਜ਼ ਦੇਣੀ, ਗੁਰੂ ਦੀ ਭੇਟ ਕਰਨੀ ਹੈ ।'

ਕਸ਼ਮੀਰ ਵਿਚ ਭਾਈ ਸਾਈਂ ਦਾਸ ਤੋਂ ਬਿਨਾਂ ਭਾਈ ਝੰਡਾ ਜੀ ਬੜੇ ਸਿਦਕੀ ਸਿਖ ਹੋਏ ਹਨ । ਇਹ ਸ਼ਿਕਾਰ ਵੇਲੇ ਗੁਰੂ ਜੀ ਦੇ ਨਾਲ ਜਾਂਦੇ ਸਨ। ਇਕ ਦਿਨ ਗੁਰੂ ਜੀ ਕਿਸੇ ਬਾਗ 'ਚ ਗਏ। ਝੰਡੇ ਨੂੰ ਬੂਹੇ ਅਗੇ ਖੜਾ ਕਰ ਗਏ ਤੇ ਆਪ ਦੂਸਰੇ ਪਾਸਿਓਂ ਚਲੇ ਗਏ। ਗੁਰੂ ਜੀ ਦਾ ਹੁਕਮ ਸਮਝ ਕੇ ਭਾਈ ਝੰਡਾ ਸਿੰਘ ਜੀ ਤਿੰਨ ਦਿਨ ਖੜੇ ਰਹੇ। ਇਕ ਦਿਨ ਲੰਗਰ ਲਈ ਲਕੜੀਆਂ ਦਾ ਹੁਕਮ ਦਿਤਾ। ਗੁਰੂ ਜੀ ਦਾ ਹੁਕਮ ਮੰਨ ਕੇ ਕਈ ਸਿਖ ਲਕੜੀਆਂ ਲੈਣ ਗਏ। ਝੰਡਾ ਜੀ ਸਭ ਤੋਂ ਪਹਿਲੇ ਲੈ ਆਏ। ਇਹ ਸਿਦਕ ਵੇਖ ਕੇ ਸਤਿਗੁਰੂ ਨੇ ਆਪ ਨੂੰ ਸਿਖੀ ਦਾ ਪ੍ਰਚਾਰਕ ਥਾਪਿਆ । ਕਸ਼ਮੀਰ ਦੇ ਪ੍ਰਚਾਰ ਦੀ ਸੰਭਾਲ ਲਈ ਪਿਛੋਂ ਭਾਈ ਗੜ੍ਹੀਏ ਨੂੰ ਭੇਜਿਆ ਗਿਆ। ਉਸ ਨੂੰ ਹੁਕਮ ਸੀ ਕਿ ਜੋ ਕਾਰਭੇਟ ਆਵੇ ਉਹ ਲੰਗਰ ਰਾਹੀਂ ਗਰੀਬਾਂ ਨੂੰ ਛਕਾ ਦੇਣੀ।

ਕਸ਼ਮੀਰ ਤੋਂ ਵਾਪਸੀ–

ਕੁਝ ਚਿਰ ਕਸ਼ਮੀਰ ਵਿਚ ਨਿਵਾਸ ਕਰ ਕੇ ਸਿਖੀ ਪਰਚਾਰ ਕਰਦੇ ਬਾਰਾਂ ਮੂਲੇ ਦੇ ਰਸਤੇ ਵਾਪਸ ਆਏ ਜਦ ਗੁਜਰਾਤ ਪੁਜੇ ਤਾਂ ਲੋਕਾਂ ਨੇ ਮਖੌਲ ਕੀਤਾ । ਗੁਰੂ ਜੀ ਨੇ ਹਸ ਕੇ ਫੁਰਮਾਇਆ– ''ਗੁਜਰਾਤ ਮਸਖ਼ਰੀ ਪੜ੍ਹ ਕੇ ਖ਼ਲ ।'' ਪੀਰ ਸ਼ਾਹ ਦੌਲਾ ਨੇ ਸੁਆਗਤ ਕੀਤਾ । ਮਹਾਰਾਜ ਗੁਜਰਾਤ ਵਿਚ ਰਾਮ ਚੰਦ ਛਿੱਬਰ ਦੇ ਘਰ ਠਹਿਰੇ । ਇਥੇ ਸੈਂਕੜੇ ਹਿੰਦੂ ਮੁਸਲਮਾਨ ਦਰਸ਼ਨ ਕਰਨ ਆਏ । ਸ਼ਾਹ ਦੌਲੇ ਦਾ ਚੇਲਾ ਜਹਾਂਗੀਰ ਵੀ ਆਇਆ, ਉਸ ਨੇ ਪ੍ਰਸ਼ਨ ਕੀਤੇ–

੧. ਔਰਤ ਕੀ ਤੇ ਫਕੀਰੀ ਕੀ ?

੨. ਹਿੰਦੂ ਕੀ ਤੇ ਪੀਰੀ ਕੀ ?

੩. ਪੁੱਤਰ ਕੀ ਤੇ ਵੈਰਾਗ ਕੀ ?

੪. ਦੌਲਤ ਕੀ ਤੇ ਤਿਆਗ ਕੀ ?

ਗੁਰੂ ਜੀ ਨੇ ਉਤਰ ਦਿਤਾ:—

੧. ਔਰਤ ਈਮਾਨ ।

੨. ਪੁਤਰ ਨਿਸ਼ਾਨ ।

੩. ਦੌਲਤ ਗੁਜ਼ਰਾਨ ।

੪, ਫਕੀਰ ਨਾ ਹਿੰਦੂ ਨਾ ਮੁਸਲਮਾਨ ।

ਇਸ ਉਪਦੇਸ਼ ਵਿਚ ਜੀਵਨ ਫਿਲਾਸਫੀ ਦੀ ਕਿੰਨੀ ਅਸਲੀਅਤ ਬਿਆਨ ਕੀਤੀ ਹੈ ? ਔਰਤ ਨੂੰ ਮਰਦ ਦਾ ਈਮਾਨ ਦਸਣਾ ਸਮਾਜ ਲਈ ਕਿਤਨੀ ਆਦਰਸ਼ਕ ਗੱਲ ਹੈ ? ਬੁਧ ਨੇ ਭਿਖਸ਼ੂਆਂ ਨੂੰ ਕਿਹਾ ਸੀ—

''ਇਸਤਰੀ ਨਾਲ ਗੱਲ ਨਹੀਂ ਕਰਨੀ ।'' ਈਸਾ ਨੇ ਕਿਹਾ ਸੀ-- ''ਔਰਤ ਮੇਰਾ ਤੁਝ ਸੇ ਕਿਆ ਕਾਮ ।'' ਵਰਤਮਾਨ ਸਮੇਂ ਵਿਚ ਪੱਛਮ ਨੇ ਇਸਤਰੀ ਨੂੰ ਸਮਾਜ ਵਿਚ ਬਰਾਬਰੀ ਦਿਤੀ ਹੈ, ਪਰ ਮਜ਼੍ਹਬ ਵਿਚ ਨਹੀਂ । ਕੋਈ ਇਸਤਰੀ ਪਾਦਰੀ ਨਹੀਂ ਬਣ ਸਕਦੀ । ਇਸਲਾਮ ਵਿਚ ਇਸਤਰੀ ਇਮਾਮ ਨਹੀਂ ਬਣ ਸਕਦੀ । ਅਰਬੀ ਵਿਚ ਔਰਤ ਦੇ ਅਰਥ ਹੀ ਨੀਵੇਂ ਹਨ । ਇਹ ਸਿੱਖੀ ਨੇ ਮੰਨਿਆ ਹੈ ਕਿ ਮਰਦਾਂ ਦਾ ਇਖ਼ਲਾਕ ਅਤੇ ਚਾਲ ਚਲਣ ਚੰਗਾ ਰੱਖਣ ਲਈ ਔਰਤ ਈਮਾਨ ਹੈ । ਇਸ ਦਾ ਇਹ ਭਾਵ ਵੀ ਹੈ ਕਿ ਕਿਸੇ ਕੌਮ ਜਾਂ ਦੇਸ਼ ਦਾ ਧਰਮ, ਈਮਾਨ ਅਤੇ ਸਤਿਕਾਰ ਇਸਤਰੀਆਂ ਹੀ ਕਾਇਮ ਰਖਦੀਆਂ ਹਨ । ਪਿਉ ਦੀ ਥਾਵੇਂ ਮਾਂ ਦੇ ਸੰਸਕਾਰ ਵਧੇਰੇ ਅਸਰ ਕਰਦੇ ਹਨ ।

ਗੁਜਰਾਤ ਵਿਚ ਉਪਦੇਸ਼ ਦੇ ਕੇ ਵਜ਼ੀਰਾਬਾਦ ਆਏ । ਇਥੋਂ ਭਾਈ ਕੇ ਮੱਟੂ ਆ ਬਿਰਾਜੇ । ਇਥੇ ਹਰਿਗੋਬਿੰਦ ਨਾਮੀ ਬ੍ਰਾਹਮਣ ਦਰਸ਼ਨ ਕਰਨ ਆਇਆ । ਉਸ ਨੂੰ ਤਮਾਕੂ ਪੀਣ ਦੀ ਵਾਦੀ ਸੀ, ਇਸ ਲਈ ਉਸ ਦੀਆਂ ਮੁੱਛਾਂ ਪੀਲੀਆਂ ਵੇਖ ਕੇ ਸਤਿਗੁਰਾਂ ਨੇ ਫੁਰਮਾਇਆ—

''ਤੇਰਾ ਨਾਮ ਹਰਿਗੋਬਿੰਦ ਹੈ ਤੇ ਪੀਂਦਾ ਤਮਾਕੂ ਹੈਂ ।

ਜੀ ਇਹ ਚੰਗੀ ਗਲ ਹੈ ?"

ਹਜ਼ੂਰ ਦੇ ਬਚਨ ਸੁਣ ਕੇ ਉਸਨੇ ਜਗਤ-ਜੂਠ ਨੂੰ ਤਿਆਗ ਦਿਤਾ ਤੇ ਸਿੱਖ ਬਣਿਆ। ਇਸ ਦੀ ਸੰਤਾਨ ਨੂੰ ਹੁਣ ਤਕ 'ਭਾਈ' ਪਦਵੀ ਨਾਲ ਯਾਦ ਕੀਤੀ ਜਾਂਦੀ ਹੈ। ਬਾਰਾਂ ਮਿਸਲਾਂ ਦੇ ਸਮੇਂ ਜਦ ਸੂਬਾ ਲਾਹੌਰ ਨੇ ਐਮਨਾਬਾਦ ਦੇ ਗਿਰਦੇ ਸਿੰਘਾਂ ਨੂੰ ਮਾਰਨ ਲਈ ਫੌਜ ਚੜ੍ਹਾਈ ਤਾਂ ਭਾਈ ਹਰਿਗੋਬਿੰਦ ਦੀ ਸੰਤਾਨ ਵਿਚੋਂ ਭਾਈ ਜਸਪਤ ਰਾਇ ਪ੍ਰਸ਼ਾਦੇ ਪਕਾ ਕੇ ਜੰਗਲ ਵਿਚ ਬੀਂਡਾ ਵਜਾਂਦੇ ਤੇ ਭੁਖੇ ਸਿੰਘਾਂ ਨੂੰ ਪ੍ਰਸਾਦ ਛਕਾਣ ਦੀ ਸੇਵਾ ਕਰਦੇ ਰਹੇ। ਭਾਈ ਕੇ ਮੱਟੂ ਵਿਚ ਛੇਵੇਂ ਪਾਤਸ਼ਾਹ ਦਾ ਗੁਰਦਵਾਰਾ ਖਾਰਾ ਸਾਹਿਬ ਹੈ। ਇਥੋਂ ਹੀ ਮੰਨਿਆਲੀ ਵਿਖੇ ਦਯਾ ਰਾਮ ਦੀ ਸਪੁਤਰੀ ਮਹਾਂ ਦੇਵੀ ਜੀ ਨਾਲ ਸ਼ਾਦੀ ਕਰਨ ਲਈ ਗਏ। ਮੱਟੂ ਤੋਂ ਚਲ ਕੇ ਹਾਫਜ਼ਾਬਾਦ, ਸ਼ੱਕਰਪੁਰ, ਸ੍ਰੀ ਨਨਕਾਣਾ ਸਾਹਿਬ ਤੋਂ ਹੁੰਦੇ ਹੋਏ ਅੰਮ੍ਰਿਤਸਰ ਪੁਜੇ।

ਪਹਾੜੀ ਇਲਾਕੇ ਵਿਚ ਪ੍ਰਚਾਰ ਸੰਮਤ ੧੬੮੪ ਵਿਚ ਗੁਰੂ ਜੀ ਨੇ ਨਾਲਾ ਗੜ੍ਹ ਤੇ ਦੂਨ ਤੇ ਪਹਾੜੀ ਇਲਾਕੇ ਦਾ ਦੌਰਾ ਕੀਤਾ। ਰਾਜਾ ਤਾਰਾ ਚੰਦ ਦੇ ਪਰੇਮ ਕਰ ਕੇ ਟਿਕਾ ਗੁਰਦਿਤਾ ਜੀ ਪਾਸੋਂ ਕੀਰਤਪੁਰ ਦੀ ਨੀਂਹ ਰਖਾਈ। ਇਥੇ ਹੀ ਪੀਰ ਬੁਢਣ ਸ਼ਾਹ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਬੇਨਤੀ ਕੀਤੀ–"ਮੇਰੀ ਇਛਾ ਹੈ ਕਿ ਗੁਰੂ ਨਾਨਕ ਰੂਪ ਵਿਚ ਦਰਸ਼ਨ ਦੇਵੋ।" ਮਹਾਰਾਜ ਨੇ ਸੰਤ ਸਰੂਪ ਬਾਬਾ ਗੁਰਦਿਤਾ ਜੀ ਨੂੰ ਪੇਸ਼ ਕੀਤਾ। ਸਾਈਂ ਬੁਢਣ ਸ਼ਾਹ ਦਰਸ਼ਨ ਕਰਕੇ ਨਿਹਾਲ ਹੋਇਆ।

ਕੀਰਤ ਪੁਰ ਉਹ ਅਸਥਾਨ ਹੈ, ਜਿਥੇ ਸਤਵੇਂ ਤੇ ਅੱਠਵੇਂ ਪਾਤਸ਼ਾਹ ਦਾ ਅਵਤਾਰ ਅਤੇ ਬਾਬਾ ਰਾਮ ਰਾਇ ਜੀ ਦਾ ਜਨਮ ਹੋਇਆ। ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿ ਰਾਇ ਸਾਹਿਬ ਤੇ ਬਾਬਾ ਗੁਰਦਿਤਾ ਜੀ ਇਥੇ ਹੀ ਸਮਾਏ ਹਨ ਜਿਥੇ ਸਤਿਗੁਰਾਂ ਦਾ ਅੰਤਮ ਸੰਸਕਾਰ ਹੋਇਆ, ਉਸ ਥਾਂ ਦਾ ਨਾਂ ਪਤਾਲ ਪੁਰੀ ਹੈ। ਬਾਬਾ ਜੀ ਦੀ ਸਮਾਧੀ ਵੱਖਰੀ ਹੈ।

ਮਾਲਵੇ ਵਿਚ ਪ੍ਰਚਾਰ–

ਛੇਵੇਂ ਪਾਤਸ਼ਾਹ ਨੇ ਮਾਲਵੇ ਵਿਚ ਦੌਰਾ ਕੀਤਾ । ਡਰੌਲੀ ਵਾਲੇ ਭਾਈ ਸਾਈਂ ਦਾਸ ਸਾਢੂ ਤੇ ਰਾਮੋ ਦੇ ਘਰ ਨਿਵਾਸ ਕਰਕੇ ਸਾਰੇ ਇਲਾਕੇ ਵਿਚ ਸਿਖੀ ਪ੍ਰਚਾਰ ਦੀ ਵਰਖਾ ਕੀਤੀ । ਇਕ ਦਿਨ ਆਪ ਦੀਵਾਨ ਵਿਚ ਸਜੇ ਹੋਏ ਸਨ ਕਿ ਪਿੰਡ ਵਡੇ ਘਰ ਦੇ ਭਾਈ ਅਕਾਲ ਦੀ ਪੁਤਰੀ ਸੁਰਤੀ ਸੌਹਰੇ ਜਾਂਦੀ ਡੋਲੇ ਵਿਚ ਬੈਠੀ ਦੀਵਾਨ ਪਾਸੋਂ ਲੰਘੀ । ਇਸ ਦਾ ਪਤੀ ਸਾਧੂ ਤੇ ਸਹੁਰਾ ਦੋਵੇਂ ਸਖੀ ਸਰਵਰ ਦੇ ਉਪਾਸ਼ਕ ਸਨ । ਬੀਬੀ ਡੋਲੇ ਵਿਚੋਂ ਨਿਕਲ ਕੇ ਸੰਗਤ ਵਿਚ ਆ ਗਈ । ਉਨ੍ਹਾਂ ਦੋਹਾਂ ਨੇ ਬਹੁਤ ਬੁਰਾ ਮਨਾਇਆ ਪਰ ਜਦ ਦੋਵੇਂ ਸਤਿਗੁਰੂ ਦੇ ਹਜ਼ੂਰ ਆਏ ਤਾਂ ਇਨ੍ਹਾਂ ਦੇ ਮਨ ਭੀ ਸਿਖੀ ਵਲ ਪਰੇਰੇ ਗਏ । ਪਿਉ ਪੁਤਰ ਦੋਵੇਂ ਸਿਖ ਬਣੇ । ਭਾਈ ਸਾਧੂ ਦੇ ਪੁਤਰ ਭਾਈ ਰੂਪਾ ਜੀ ਸਿਖੀ ਦੇ ਮਹਾਨ ਪ੍ਰਚਾਰਕ ਹੋਏ ਹਨ ।

ਡਰੌਲੀ ਤੋਂ ਇਕ ਦਿਨ ਗੁਰੂ ਜੀ ਸ਼ਿਕਾਰ ਨੂੰ ਗਏ । ਗਰਮੀ ਦੀ ਰੁਤ ਸੀ । ਭਾਈ ਸਾਧੂ ਤੇ ਰੂਪਾ ਖੇਤ ਵਿਚ ਕੰਮ ਕਰ ਰਹੇ ਸਨ । ਜਦ ਇਹਨਾਂ ਨੂੰ ਪਿਆਸ ਲਗੀ ਤੇ ਪਾਣੀ ਪੀਣ ਲਗੇ ਤਾਂ ਉਹ ਪਾਣੀ ਬਹੁਤ ਠੰਢਾ ਸੀ । ਪਰੇਮ ਵਿਚ ਆ ਕੇ ਪਿਉ ਪੁਤਰ ਨੇ ਅਰਦਾਸ ਕੀਤੀ–"ਸਚੇ ਪਾਤਸ਼ਾਹ ! ਇਹ ਪਾਣੀ ਆਪ ਦੇ ਪੀਣ ਜੋਗ ਹੈ ।" ਗਰੀਬ ਨਿਵਾਜ਼ ਘੋੜੇ ਤੇ ਸਵਾਰ ਹੋ ਕੇ ਉਥੇ ਆ ਪੁਜੇ । ਗਰੀਬ ਸਿਖਾਂ ਦਾ ਪਰੇਮ ਭਰਿਆ ਜਲ ਛਕਿਆ । ਪ੍ਰਸੰਨ ਹੋ ਕੇ ਇਸ ਪ੍ਰਵਾਰ ਨੂੰ ਦੇਗ ਤੇਗ ਚਲਾਉਣ ਲਈ ਇਕ ਕੜਛਾ ਤੇ ਖੰਡਾ ਬਖਸ਼ਿਆ । ੧੬੭੯ ਵਿਚ ਰੂਪਾ ਨਾਮੀ ਨਗਰ ਵਸਾਇਆ । ਭਾਈ ਸਾਹਿਬ ਬਾਗੜੀਆਂ ਇਸ ਘਰਾਣੇ ਵਿਚੋਂ ਹਨ ।

ਮਾਲਵੇ ਦਾ ਦੌਰਾ ਕਰਕੇ ਵਾਪਸ ਅੰਮ੍ਰਿਤਸਰ ਆਏ । ਇਕ ਦਿਨ ਸੰਗਤ ਵਿਚ ਹੁਕਮ ਹੋਇਆ, 'ਕੋਈ ਸਿਖ ਜਪੁਜੀ ਸਾਹਿਬ ਦਾ ਸ਼ੁਧ ਪਾਠ ਸੁਣਾਵੇ ।' ਭਾਈ ਗੁਪਾਲੇ ਹਾਫਜ਼ਾਬਾਦੀ ਨੇ ਪਾਠ ਕੀਤਾ । ਜਿਉਂ ਜਿਉਂ ਉਹ ਪਾਠ ਕਰਦਾ ਗਿਆ, ਮਹਾਰਾਜ

ਸਿੰਘਾਸਨ ਖਾਲੀ ਕਰਦੇ ਗਏ । ਸਮਾਪਤੀ ਪਰ ਆਪ ਨੇ ਬਚਨ ਕੀਤਾ, 'ਭਾਈ ਗੁਪਾਲਿਆ ਕੁਝ ਮੰਗ ।' ਉਸ ਨੇ ਉਤਰ ਦਿਤਾ– ''ਸਚੇ ਪਾਤਸ਼ਾਹ ! ਇਕ ਘੋੜਾ ਬਖਸ਼ੋ । ਮੈਂ ਪਾਠ ਦੀ ਸਮਾਪਤੀ ਪਰ ਇਹ ਚਿਤਵ ਰਿਹਾ ਸਾਂ ।' ਗੁਰੂ ਸਾਹਿਬ ਨੇ ਫੁਰਮਾਇਆ– ''ਅਸੀਂ ਗੁਰਬਾਣੀ ਦੇ ਸੁਧ ਪਾਠ ਬਦਲੇ ਤੈਨੂੰ ਆਪਣੇ ਸਿੰਘਾ-ਸਨ ਤੇ ਬਰਾਬਰ ਬਿਠਾਣ ਲਈ ਤਿਆਰ ਸਾਂ। ਤੂੰ ਘੋੜਾ ਮੰਗਿਆ ਹੈ, ਇਸ ਲਈ ਘੋੜਾ ਦਿਤਾ ਜਾਂਦਾ ਹੈ ।' ਇਸ ਤੋਂ ਬਾਣੀ ਦਾ ਸਤਿਕਾਰ ਪ੍ਰਗਟ ਹੁੰਦਾ ਹੈ।

ਸਿਦਕ ਦੀ ਪ੍ਰੀਖਿਆ–

ਸ੍ਰੀ ਅੰਮ੍ਰਿਤਸਰ ਵਿਚ ਦੀਪਮਾਲਾ ਦਾ ਮੇਲਾ ਹੋਇਆ ਅਤੇ ਬੜੀ ਦੂਰੋਂ ਦੂਰੋਂ ਸੰਗਤਾਂ ਆਈਆਂ । ਸਿਖਾਂ ਨੇ ਪ੍ਰਸ਼ਨ ਕੀਤਾ–'ਸਚੇ ਪਾਤਸ਼ਾਹ ! ਸਿਖੀ ਸਿਦਕ ਨਿਭਾਉਣਾ ਬਹੁਤ ਕਠਨ ਹੈ ।' ਕੋਲੋਂ ਭਾਈ ਗੁਰਦਾਸ ਜੀ ਨੇ ਉਤਰ ਦਿਤਾ ਜਿਸ ਨੇ ਸਿਖੀ ਨੂੰ ਸਮਝਿਆ ਹੈ, ਉਸ ਲਈ ਸਿਖੀ ਸਿਦਕ ਨਿਭਾਉਣਾ ਕੋਈ ਔਖੀ ਗਲ ਨਹੀਂ ।' ਵਾਰਾਂ ਵਿਚੋਂ ਇਹ ਪੌੜੀ ਵੀ ਸੁਣਾਈ–'ਜੇ ਮਾਂ ਹੋਵੇ ਯਾਰਨੀ ਪੁਤ ਕਿਉਂ ਖਤਾਰੇ ।' ਇਸ ਦੀ ਅੰਤਮ ਤੁਕ ਹੈ–'ਜੇ ਗੁਰੂ ਸਾਂਗਿ ਵਰਤਦਾ ਸਿਖ ਸਿਦਕ ਨਾ ਹਾਰੇ ।' ਸਤਿਗੁਰ ਜੀ ਨੇ ਇਹ ਬਚਨ ਸੁਣ ਕੇ ਅਨੁਭਵ ਕੀਤਾ ਕਿ ਭਾਈ ਜੀ ਨੂੰ ਆਪਣੀ ਸਿਖੀ ਤੇ ਮਾਣ ਹੈ । ਗੁਰਮਤਿ ਵਿਚ 'ਹਉਮੈਂ' ਨੂੰ ਦੀਰਘ ਰੋਗ ਦਸਿਆ ਹੈ । ਸਤਿਗੁਰੂ ਸਿਖਾਂ ਦੇ ਇਸ ਰੋਗ ਨੂੰ ਕਟਦੇ ਆਏ ਹਨ।

ਆਪ ਨੇ ਭਾਈ ਗੁਰਦਾਸ ਜੀ ਨੂੰ ਰੁਪਿਆ ਦੇ ਕੇ ਘੋੜੇ ਖਰੀਦਣ ਲਈ ਕਾਬਲ ਭੇਜ ਦਿਤਾ । ਉਥੇ ਭਾਈ ਸਾਹਿਬ ਦੇ ਤੰਬੂ ਵਿਚੋਂ ਚੋਰਾਂ ਨੇ ਰੁਪਿਆ ਕਢ ਲਿਆ । ਆਪ ਬਦਨਾਮੀ ਤੋਂ ਡਰਦੇ ਮਾਰੇ ਕਾਂਸ਼ੀ ਚਲੇ ਗਏ । ਇਥੇ ਖੂਬ ਸਤਿਸੰਗ ਦੀ ਰੌ ਜਾਰੀ ਹੋਈ । ਰਾਜਾ ਤੇ ਉਸ ਦੇ ਨਾਲ ੮੦ ਆਦਮੀ ਸਿਖ ਬਣੇ । ਜਦ ਗੁਰੂ ਜੀ

ਨੂੰ ਪਤਾ ਲਗਾ ਤਾਂ ਆਪ ਨੇ ਸੰਗਤਾਂ ਦੇ ਨਾਮ ਹੁਕਮਨਾਮਾ ਲਿਖਿਆ, ਭਾਈ ਜੀ ਰੁਪਈਆ ਲੈ ਕੇ ਨਠ ਗਏ ਹਨ। ਉਨ੍ਹਾਂ ਨੂੰ ਮੁਸ਼ਕਾਂ ਬੰਨ੍ਹ ਕੇ ਭੇਜੋ।'

ਜਦ ਸਿਖ ਹੁਕਮਨਾਮਾ ਲੈ ਕੇ ਕਾਂਸ਼ੀ ਪੁਜਾ ਤਾਂ ਉਸ ਵਕਤ ਭਾਈ ਸਾਹਿਬ ਸੰਗਤ ਵਿਚ ਉਪਦੇਸ਼ ਕਰ ਰਹੇ ਸਨ। ਸਿਖ ਨੇ ਹੁਕਮਨਾਮਾ ਸੰਗਤਾਂ ਦੇ ਸਾਹਮਣੇ ਰਖਿਆ। ਸਾਰਿਆਂ ਦੇ ਪੈਰਾਂ ਥਲਿਓਂ ਮਿਟੀ ਨਿਕਲ ਗਈ। ਭਾਈ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ, ਸ੍ਰੀ ਭਾਨੀ ਜੀ ਦੇ ਭਰਾ, ਸਿਖੀ ਵਿਚ ਸਭ ਤੋਂ ਵਡੇ ਵਿਦਵਾਨ, ਪੁਰਾਣੇ ਪ੍ਰਚਾਰਕ ਤੇ ਵਡੀ ਉਮਰ ਵਾਲੇ ਸਨ। ਹੁਕਮ ਸੁਣ ਕੇ ਹਉਮੈ ਤੇ ਸਿਦਕ ਵਿਚਕਾਰ ਖਿਚੋਤਾਣ ਹੋਈ। ਇਕ ਪਾਸੇ ਰਾਜ ਸਭਾ ਦਾ ਮਾਨ ਤੇ ਸਤਿਕਾਰ ਸੀ। ਦੂਜੇ ਪਾਸੇ ਚੋਰ ਬਣ ਕੇ ਮੁਸ਼ਕਾਂ ਬੰਨ੍ਹਵਾਣੀਆਂ ਬੜੀ ਕਠਨ ਪ੍ਰੀਖਿਆ ਸੀ। 'ਹਉਮੈ ਉਤੇ ਸਿਖੀ ਦੀ ਸਿਦਕ ਪਰੇਮ ਗਾਲਿਬ ਆ ਗਿਆ। ਆਪ ਮੁਸ਼ਕਾਂ ਬੰਨ੍ਹਵਾ ਕੇ ਅੰਮ੍ਰਿਤਸਰ ਪੁਜੇ। ਜਦ ਸੰਗਤ ਵਿਚ ਆਏ ਤਾਂ ਸਤਿਗੁਰੂ ਜੀ ਨੇ ਪੁਛਿਆ-'ਕਿਉਂ ਭਾਈ ਜੀ ਤੁਸੀਂ ਕਿਹਾ ਸੀ "ਸਿਖ ਸਿਦਕ ਨਾ ਹਾਰੇ", ਤੁਸੀਂ ਰੁਪਏ ਗਵਾਕੇ ਕਾਂਸ਼ੀ ਨਠ ਕੇ ਕਿਉਂ ਚਲੇ ਗਏ?"

ਭਾਈ ਸਾਹਿਬ ਨੇ ਸਜਲ ਨੇਤ੍ਰਾਂ ਤੇ ਰੁਕੇ ਕੰਠ ਨਾਲ ਕਿਹਾ- 'ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ?' ਇਹ ਪ੍ਰੇਮ ਤੇ ਸਿਦਕ ਵੇਖ ਕੇ ਮਹਾਰਾਜ ਨੇ ਆਪ ਨੂੰ ਛਾਤੀ ਨਾਲ ਲਾਇਆ।

ਸ੍ਰੀ ਚੰਦ ਮਿਲਾਪ -

ਇਕ ਵੇਰ ਗੁਰੂ ਜੀ ਬਾਰਠ ਵਿਚ ਬਾਬਾ ਸ੍ਰੀ ਚੰਦ ਨੂੰ ਮਿਲਣ ਲਈ ਗਏ। ਬਾਬਾ ਜੀ ਨੇ ਆਪ ਦਾ ਸੁਆਗਤ ਕੀਤਾ।

ਬਾਬਾ ਜੀ-ਆਪ ਦੇ ਕਿਤਨੇ ਸਾਹਿਬਜ਼ਾਦੇ ਹਨ?

ਗੁਰੂ ਜੀ-ਅਕਾਲ ਪੁਰਖ ਦੇ ਬਖਸ਼ੇ ਹੋਏ ਪੰਜ ਪੁਤਰ ਹਨ।

ਬਾਬਾ ਜੀ-ਸਾਰੇ ਆਪਣੇ ਕੋਲ ਹੀ ਰਖਣੇ ਜੇ ਕਿ ਕੋਈ ਸਾਨੂੰ

ਵੀ ਦੇਣਾ ਜੇ ?

ਗੁਰੂ ਜੀ–ਇਹ ਸਾਡਾ ਵੱਡਾ ਸਾਹਿਬਜ਼ਾਦਾ ਗੁਰਦਿਤਾ ਨਾਲ ਹੈ, ਆਪ ਦੀ ਸੇਵਾ ਲਈ ਹਾਜ਼ਰ ਹੈ।

ਇਹ ਸੁਣਕੇ ਬਾਬਾ ਸ੍ਰੀ ਚੰਦ ਜੀ ਨੇ ਸੇਲੀ ਟੋਪੀ ਸ੍ਰੀ ਗੁਰਦਿਤਾ ਜੀ ਨੇ ਦੇ ਕੇ ਕਿਹਾ–

"ਗੁਰ ਗੱਦੀ ਤਾਂ ਅਗੇ ਹੀ ਤੁਹਾਡੇ ਘਰ ਵਿਚ ਸੀ, ਸਾਡੇ ਪਾਸ ਥੋੜ੍ਹਾ ਜਿਹਾ ਤਪ ਤੇ ਫਕੀਰੀ ਸੀ, ਇਹ ਭੀ ਲਓ, ਆਪ ਦੀ ਭੇਟ ਕਰਦਾ ਹਾਂ।"

ਉਸ ਦਿਨ ਤੋਂ ਬਾਬਾ ਗੁਰਦਿਤਾ ਜੀ ਬਾਬਾ ਸ੍ਰੀ ਚੰਦ ਜੀ ਦੇ ਜਾਨਸ਼ੀਨ ਬਣ ਗਏ, ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ:-

ਬਾਲੂ ਹਸਨਾ ਫੂਲ ਪੁਨ, ਗੋਂਦਾ ਅਰ ਅਲਮਸਤ।
ਮੁਖ ਉਦਾਸੀ ਇਹ ਭਏ, ਬਹੁਰੋ ਸਾਧ ਸਮਸਤ।

ਭਾਵ–ਬਾਬਾ ਗੁਰਦਿਤਾ ਜੀ ਤੋਂ ਅਗੋਂ ਸਿੱਖੀ ਦੇ ਪ੍ਰਚਾਰਕ ਉਦਾਸੀ ਚਲੇ ਹਨ।

ਉਦਾਸੀਆਂ ਦੇ ਚਾਰ ਧੂਏਂ ਤੇ ਛੇ ਬਖਸ਼ਸ਼ਾਂ ਹਨ। ਜਿਨ੍ਹਾਂ ਵਿਚੋਂ ਬਾਲ ਹਸਨਾ ਤੇ ਅਲਮਸਤ ਦੇ ਧੂਏਂ ਹਨ। ਸੁਥਰੇ ਸ਼ਾਹ ਦੀ ਬਖਸ਼ਸ਼ ਛੇਵੇਂ ਸਤਿਗੁਰੂ ਤੋਂ ਹੋਈ ਹੈ। ਸ਼ਾਹਜਹਾਂ ਦੇ ਸਮੇਂ ਜੰਗ ਸ਼ੁਰੂ ਹੋ ਗਏ। ਇਸ ਲਈ ਸਿੱਖੀ ਪ੍ਰਚਾਰ ਉਦਾਸੀਆਂ ਦੇ ਸਪੁਰਦ ਕੀਤਾ ਗਿਆ।

ਕਾਬਲ ਵਿਚ ਭਾਈ ਕਟਾਰੂ ਤੇ ਤਿਲੋਕਾ ਛੇਵੀਂ ਪਾਤਸ਼ਾਹੀ ਦੇ ਸਮੇਂ ਅਤੇ ਬਲਖ ਵਿਚ ਸਾਧ ਨਾਮੀ ਪ੍ਰਚਾਰਕ ਹੋਏ। ਸਾਧ ਦਾ ਜ਼ਿਕਰ ਮੁਹਸਨ ਫ਼ਾਨੀ ਨੇ ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਬ' ਵਿਚ ਕੀਤਾ ਹੈ ਕਿ ਉਹ ਬੜਾ ਬ੍ਰਹਮ ਗਿਆਨੀ ਸੀ। ਉਪ੍ਰੋਕਤ ਪ੍ਰਚਾਰਕਾਂ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪਿਛੋਂ ਸਿੱਖੀ ਪ੍ਰਚਾਰ ਨੂੰ ਦੂਰ ਦੂਰ ਫੈਲਾਣ ਦਾ ਕੰਮ ਛੇਵੇਂ ਪਾਤਸ਼ਾਹ ਨੇ ਕੀਤਾ ਹੈ।

†

ਸਤਾਈਵਾਂ ਵਿਆਖਿਆਨ

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੰਗ
ਜੰਗਾਂ ਦੇ ਕਾਰਨ ਅਤੇ ਨਤੀਜੇ

ਭਾਰਤ ਵਰਸ਼ ਦੇ ਰਾਜਨੀਤਕ ਪੁਰਸ਼ਾਂ ਨੇ ਲੜਾਈ ਦੇ ਤਿੰਨ ਕਾਰਨ ਮੰਨੇ ਹਨ-

੧. ਜ਼ਰ। ੨. ਜ਼ੋਰੂ। ੩. ਜ਼ਮੀਨ।

ਜ਼ਰ ਤੇ ਜ਼ਮੀਨ ਲਈ ਜੰਗ ਅਜੇ ਭੀ ਹੁੰਦੇ ਹਨ। ਇਸਤਰੀਆਂ ਲਈ ਲੜਾਈ ਉਦੋਂ ਹੁੰਦੀ ਸੀ, ਜਦ ਮਨੁੱਖ ਕਬੀਲਿਆਂ ਦੀ ਸ਼ਕਲ ਵਿਚ ਰਹਿੰਦਾ ਸੀ ਤੇ ਇਕ ਕਬੀਲੇ ਨੂੰ ਦੂਜੇ ਦੇ ਟਾਕਰੇ ਤੇ ਨਸਲ ਵਧਾਉਣ ਦੀ ਲੋੜ ਹੁੰਦੀ ਸੀ। ਕਈ ਸਿਆਣਿਆਂ ਦਾ ਖਿਆਲ ਹੈ ਕਿ ਪੱਛਮੀ ਕੌਮਾਂ ਦਾ ਝਗੜਾ ਤੇ ਜੰਗ ਤਾਕਤ (Power) ਦੌਲਤ (Money) ਤੇ ਰਾਜ (Domination) ਵਧਾਉਣ ਲਈ ਹੁੰਦੇ ਹਨ। ਜਰਮਨੀ ਦੇ ਫਿਲਾਸਫਰ ਨੇਟਸ਼ ਨੇ ਕਿਹਾ ਹੈ-

''ਜੋ ਮਨੁਖ ਸੁਭਾਵਿਕ ਨਿਰਬਲ ਹਨ ਤੇ ਆਪਣੀ ਜੀਵਨ ਸ਼ਕਤੀ ਗੁਆ ਬੈਠੇ ਹਨ, ਜੋ ਜ਼ਿੰਦਗੀ ਦੀ ਦੌੜ ਵਿਚ ਹਾਰ ਗਏ ਹਨ, ਉਨ੍ਹਾਂ ਦੇ ਜੀਵਨ ਦੀ ਕੀ ਲੋੜ ਹੈ ?'' ਵਾਗਨਰ ਕਹਿੰਦਾ ਹੈ-''ਜੇ ਤੁਸੀਂ ਅਮਨ ਲਭਣਾ ਚਾਹੋ ਤਾਂ ਕਬਰਾਂ ਵਿਚ ਮਿਲੇਗਾ, ਜਿਥੇ ਮੁਰਦੇ ਦਬੇ ਪਏ ਹਨ। ਜੀਉਂਦੇ ਮਨੁਖਾਂ ਵਿਚ ਖਿਚੋਤਾਣ ਰਹਿੰਦੀ ਹੈ।'' ਡਾਰਵਿਨ ਤੇ ਮਾਲਥਿਸ ਕਹਿੰਦੇ ਹਨ-''ਮੁਲਕਾਂ ਦੀ ਵਧੀ ਹੋਈ ਆਬਾਦੀ ਜੰਗ ਦਾ ਕਾਰਨ ਹੁੰਦੀ ਹੈ। ਤਕੜੀਆਂ ਕੌਮਾਂ ਜੀਉਂਦੀਆਂ ਹਨ। ਮਾੜੀਆਂ ਤੇ ਨਿਰਬਲ ਮਿਟ ਜਾਂਦੀਆਂ ਹਨ। ਜੀਵਨ ਲਈ ਘੋਲ

ਹੋ ਰਿਹਾ ਹੈ । ਜੋ ਤਕੜੇ ਹੋਣਗੇ ਬਚਣਗੇ ?* ਜੀਊਣ ਦੇ ਯੋਗ ਹੀ ਜੀਊਣਗੇ' ਦਾ ਸਿਧਾਂਤ ਦਸਿਆ ਹੈ ਮਾਲਥਿਸ ਵਧੀ ਹੋਈ ਆਬਾਦੀ ਨੂੰ ਘਟਾਉਣ ਲਈ ਬੀਮਾਰੀ, ਕਾਲ, ਖਾਨਾ ਜੰਗੀ ਤੇ ਵਡੀ ਜੰਗ ਸਾਧਨ ਦਸਦਾ ਹੈ । ਸਾਂਝੀਵਾਲਤਾ ਦੇ ਪ੍ਰਚਾਰਕ ਕਾਰਲ ਮਾਰਕਸ ਤੇ ਲੈਨਿਨ ਕਹਿੰਦੇ ਹਨ-''ਜੰਗ ਸਰਮਾਏਦਾਰੀ ਤੇ ਸ਼ਹਿਨਸ਼ਾਹੀਅਤ ਲਈ ਹੁੰਦਾ ਹੈ । ਨਹੀਂ ਤੇ ਜਿਥੇ ਆਬਾਦੀ ਵਧ ਗਈ ਹੈ ਉਥੇ ਸਾਇੰਸ ਨੇ ਪੈਦਾਵਾਰ ਭੀ ਵਧਾ ਦਿਤੀ ਹੈ । ਭੁਖ ਤੇ ਬੇਕਾਰੀ ਜੰਗ ਦੇ ਕਾਰਨ ਹਨ ।'' ਈਸਾਈਆਂ ਤੇ ਮੁਸਲਮਾਨਾਂ ਦੇ ਮਜ਼੍ਹਬ ਦੇ ਨਾਮ ਪਰ ਬੜੇ ਜੰਗ ਹੋਏ ਹਨ । ਸਾਡੇ ਦੇਸ਼ ਦੇ ਨੇਤਾ ਮਹਾਤਮਾ ਗਾਂਧੀ ਕਹਿੰਦੇ ਸਨ-''ਹੁਣ ਤਕ ਦਾ ਇਤਿਹਾਸ ਬਾਦਸ਼ਾਹਾਂ ਤੇ ਜੰਗਾਂ ਦਾ ਇਤਿਹਾਸ ਹੈ, ਭਵਿਖਤ ਵਿਚ ਇਤਿਹਾਸ ਮਨੁਖਾਂ ਦਾ ਹੋਵੇਗਾ ।''†

ਹਕਸਲੇ ਦੀ ਰਾਇ ਹੈ--''ਮਨੁਖ ਜਥੇਬੰਦ ਹੋ ਕੇ ਆਪਣੀ ਜਾਤੀ ਦੀ ਕਤਲਾਮ ਕਰਨ ਵਿਚ ਲਾਸਾਨੀ ਹੈ ।''

ਅਸਲ ਗਲ ਇਹ ਕਿ ਲੜਾਈ ਦਾ ਜਜ਼ਬਾ ਮਨੁਖ ਦੇ ਸੁਭਾਵ ਵਿਚ ਪਾਇਆ ਜਾਂਦਾ ਹੈ । ਲਹੂ ਦੇ ਪ੍ਰਮਾਣੂਆਂ ਵਿਚ ਵੀ ਇਹ ਮੌਜੂਦ ਹੈ । ਜਦੋਂ ਕਿਸੇ ਬੀਮਾਰੀ ਦੇ ਕੀਟਾਣੂ ਬਾਹਰੋਂ ਹਮਲਾ ਕਰਦੇ ਹਨ, ਲਹੂ ਦੇ ਬਲਵਾਨ ਕੀਟਾਣੂ ਉਨ੍ਹਾਂ ਨਾਲ ਲੜਦੇ ਹਨ । ਜੇ ਉਹ ਹਾਰ ਜਾਣ ਤਾਂ ਮਨੁਖ ਬੀਮਾਰ

---

*ਅਮਰੀਕਾ ਵਿਚ ਅਜ ਤੋਂ ਕੁਝ ਸਾਲ ਪਹਿਲੇ ਉਸ ਦੇ ਅਸਲੀ ਵਸਨੀਕ ਰੈਡ ਇੰਡੀਅਨ ੧੦ ਲੱਖ ਸਨ । ੧੯੩੧ ਵਿਚ ਘਟ ਕੇ ੨ ਲੱਖ ੯੬ ਹਜ਼ਾਰ ਰਹਿ ਗਏ । ਅਫਰੀਕਾ ਵਿਚ ੧੯੮੨ ਵਿਚ ਕਾਲੇ ਲੋਕ ੨੫ ਕ੍ਰੋੜ ੬੦ ਲੱਖ ਹਨ । ੧੯੩੧ ਦੀ ਸੰਖਿਆ ਵਿਚ ੧੪ ਕ੍ਰੋੜ ੨੪ ਲੱਖ ਰਹਿ ਗਏ ਸਨ । (ਵਿਸ਼ਵ ਭਾਰਤੀ ਜਿਲਦ ੬ ਪੰਨਾ ੧੧੨੩-੨੬) †'ਹਰੀਜਨ' ੩੦ ਅਪ੍ਰੈਲ ੧੯੩੯ ।

ਹੋ ਜਾਂਦਾ ਹੈ। ਇਹੀ ਨਿਯਮ ਜਾਨਵਰਾਂ ਤੇ ਬਨਾਸਪਤੀ ਉਤੇ ਵੀ ਲਾਗੂ ਹੁੰਦਾ ਹੈ, ਪਰ ਮਨੁਖ ਸਿਆਣਾ ਤੇ ਅਮਨ ਪਸੰਦ ਹੈ। ਜੰਗ ਤੋਂ ਬਚ ਸਕਦਾ ਹੈ।

ਕੀ ਜੰਗ ਸਰਮਾਏਦਾਰੀ ਦੀ ਲੁਟ ਖਸੁਟ, ਦੂਜੀਆਂ ਕੌਮਾਂ ਨੂੰ ਗੁਲਾਮ ਬਨਾਉਣ, ਉਨ੍ਹਾਂ ਨੂੰ ਅਧੀਨ ਰਖਣ ਤਾਕਤ ਦੇ ਅਭਿਮਾਨ ਤੋਂ ਉਚੇ ਹੋ ਕੇ ਵੀ ਹੋ ਸਕਦੀ ਹੈ ?

ਸਿੱਖ ਇਤਿਹਾਸ ਇਸ ਪ੍ਰਸ਼ਨ ਦਾ ਉਤਰ ਦਿੰਦਾ ਹੈ ਕਿ ਪ੍ਰਉਪਕਾਰ, ਨੇਕੀ, ਦੀਨ ਦੁਖੀਆਂ ਦੀ ਰਖਿਆ, ਧਰਮ ਤੇ ਕੌਮ ਦੀ ਆਜ਼ਾਦੀ ਲਈ ਲੋੜ ਪਵੇ ਤਾਂ ਜੰਗ ਕਰੋ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਇਸ ਗਲ ਵਿਚ ਸਭ ਤੋਂ ਪਹਿਲੇ ਸਾਡੀ ਅਗਵਾਈ ਕਰਦਾ ਹੈ। ਹਜ਼ੂਰ ਨੇ ਜੰਗ ਕੀਤੇ ਹਨ, ਪਰ ਦੌਲਤ ਲਈ ਨਹੀਂ। ਕੋਈ ਆਪਣੀ ਹਕੂਮਤ ਬਨਾਉਣ ਜਾਂ ਲੋਕਾਂ ਤੇ ਰੁਹਬ ਪਾਉਣ ਲਈ ਨਹੀਂ। ਤਲਵਾਰ ਉਠਾਈ ਹੈ, ਸ਼ਕਤੀ ਪੈਦਾ ਕੀਤੀ ਹੈ ਪਰ ਇਹ ਕੁਝ ਕਰ ਕੇ ਫਿਰ ਲੜਾਈ ਨੂੰ ਟਾਲਿਆ ਹੈ। ਸੰਸਾਰ 'ਚ ਇਹ ਪ੍ਰਗਟ ਕੀਤਾ ਹੈ ਕਿ ਜੰਗ ਕਰਕੇ ਲਹੂ ਵਹਾਣਾਂ ਗੁਰੂਆਂ ਦਾ ਆਦਰਸ਼ ਨਹੀਂ। ਜਦ ਕੋਈ ਵਾਹ ਨਾ ਚਲੇ, ਫਿਰ ਤਲਵਾਰ ਉਠਾਣੀ ਚਾਹੀਦੀ ਹੈ। ਮਹਾਂ ਭਾਰਤ ਵਿਚ ਕਿਹਾ ਹੈ–'ਸ਼ਾਂਤ ਮਈ ਇਕ ਚੰਗਾ ਅਸੂਲ ਹੈ, ਪਰ ਕਿਸੇ ਚੰਗੇ ਕੰਮ ਲਈ ਸ਼ਸਤ੍ਰ ਫੜ ਕੇ ਜੁਧ ਕਰਨਾ ਵੀ ਨੇਕ ਕੰਮ ਹੈ।* ਮੰਨੂੰ ਜੀ ਕਹਿੰਦੇ ਹਨ– 'ਜਦ ਕਿਸੇ ਸਾਧੂ ਪੁਰਸ਼ ਨੂੰ ਕੋਈ ਅਜਿਹ ਕੰਮ ਕਰਨਾ ਪਵੇ, ਜਿਸ ਨਾਲ ਕਿਸੇ ਨੂੰ ਖੇਦ ਹੋਵੇ ਤਾਂ ਇਸ ਦੀ ਜ਼ਿੰਮੇਵਾਰੀ ਉਸ ਆਦਮੀ ਦੇ ਸਿਰ ਹੋਵੇਗੀ, ਜੋ ਉਸ ਨੂੰ ਸਖਤ ਕੰਮ ਕਰਨ ਲਈ ਮਜਬੂਰ ਕਰਦਾ ਹੈ।' ਨੀਤੀ ਦਾ ਕਥਨ ਹੈ–'ਕੰਡਾ ਚੁਭ ਜਾਏ ਤਾਂ ਪਹਿਲੇ ਹਥਾਂ ਨਾਲ ਕਢੋ। ਜੇ ਨਹੀਂ ਨਿਕਲਦਾ ਤਾਂ ਫਿਰ ਕੰਡੇ ਨਾਲ ਕੰਡਾ

---

*ਸ਼ਾਂਤੀ ਪੁਰਬ।

ਕਢੇ। ਸਿਖੀ ਨੇ ਪਹਿਲੇ ਸ਼ਾਂਤਮਈ ਦੇ ਆਦਰਸ਼ ਨੂੰ ਪੂਰਨ ਕੀਤਾ ਹੈ, ਪਰ ਜਦ ਵੇਖਿਆ ਕਿ ਜਾਬਰ ਦਾ ਮਨ ਨਹੀਂ ਪਤੀਜਦਾ, ਤਦ ਤਲਵਾਰ ਪਕੜੀ ਹੈ। ਕਈ ਸੌ ਵਰ੍ਹਿਆਂ ਦੀ ਗੁਲਾਮੀ ਨੇ ਭਾਰਤ ਨੂੰ ਸ਼ਕਤੀ ਤੋਂ ਘ੍ਰਿਣਤ ਕਰ ਦਿਤਾ ਸੀ। ਸੂਰਬੀਰਤਾ ਅਣਖ ਤੇ ਸ਼ਹੀਦ ਦੀ ਤਰ੍ਹਾਂ ਮਰਨਾ ਭੁਲਾ ਦਿਤਾ ਸੀ। ੭੧੨ ਈਸਵੀ ਵਿਚ ਅਰਬ ਵਿਚੋਂ ਉਠ ਕੇ ਮੁਹੰਮਦ ਬਿਨ ਕਾਸਮ ਨੇ ਸਿੰਧ ਤੇ ਹਮਲਾ ਕੀਤਾ। ਇਸ ਤੋਂ ਪਿਛੋਂ ਮੁਸਲਮਾਨਾਂ ਤੇ ਹੋਰ ਹਮਲੇ ਹੋਏ। ਸੰਨ ੧੦੦੦ ਤੋਂ ੧੦੨੬ ਈਸਵੀ ਤਕ ਮਹਿਮੂਦ ਨੇ ਭਾਰਤ ਤੇ ਸਤਾਰਾਂ ਹਮਲੇ ਕੀਤੇ। ਪੰਜਾਬ ਦੇ ਰਾਜਾ ਜੈ ਪਾਲ ਨੇ ਉਸ ਤੋਂ ਹਾਰ ਖਾ ਕੇ ਚਿਖਾ ਵਿਚ ਸੜ ਕੇ ਆਤਮਘਾਤ ਕੀਤਾ। ਕਈ ਸੌ ਸਾਲਾਂ ਤੀਕ ਪੰਜਾਬ 'ਚ ਕੋਈ ਸ਼ਖਸੀ-ਅਤ ਅਜਿਹੀ ਪੈਦਾ ਨਹੀਂ ਹੋਈ, ਜਿਸ ਨੇ ਤਲਵਾਰ ਉਠਾ ਕੇ ਦੇਸ਼ ਦੀ ਰਖਿਆ ਲਈ ਤਿਆਰ ਕੀਤਾ ਤੇ ਕਿਹਾ ਹੋਵੇ—

*ਜਵਨਨ ਕੀ ਬਹਿ ਸਹੰਸਰ ਨਹੀਂ, ਮੁਖ ਚਾਰ ਨਾ ਨੈਨ ਹਜ਼ਾਰ ਨਹੀਂ।
ਨਹੀਂ ਧਾਰਕੇ ਉਨਕੇ ਸਰੀਰ ਬਨੇ, ਲਕੜੀ ਕੀ ਤੇਰੀ ਤਲਵਾਰ ਨਹੀਂ।
ਅਧਿਕ ਨਹੀਂ ਬਲ ਮੇਂ ਤੁਮਸੇ ਵੋਹ ਸਿੰਘ ਨਹੀਂ ਤੁਮ ਸਿਆਰ ਨਹੀਂ।
ਉਠ ਕਰ ਤੁਰਕਨ ਕੋ ਰਣ ਮਹਿ, ਕਿਉਂ ਦੇਤੇ ਤੁਮ ਪਛਾੜ ਨਹੀਂ।

ਗੁਰੂ ਜੀ ਨੇ ਜੰਗ ਕਿਉਂ ਕੀਤੇ? ਕਦੋਂ ਤੇ ਕਿਥੇ ਕੀਤੇ? ਕ੍ਰਮ ਅਨੁਸਾਰ ਉਨ੍ਹਾਂ ਪਰ ਵਿਚਾਰ ਕਰਦੇ ਹਾਂ। ਇਨ੍ਹਾਂ ਜੁਧਾਂ ਦਾ ਫਲ ਕੀ ਹੋਇਆ? ਇਹ ਭੀ ਦਸਦੇ ਹਾਂ।

(੧) ਸ੍ਰੀ ਅੰਮ੍ਰਿਤਸਰ ਜੀ ਦਾ ਜੰਗ ਸੰਮਤ ੧੬੮੫—

ਜਿਸ ਤਰ੍ਹਾਂ ਅਕਬਰ ਦੀ ਮੌਤ ਪਿਛੋਂ ਮੁਗਲ-ਨੀਤੀ ਗੁਰੂ ਘਰ ਦੇ ਵਿਰੁਧ ਹੋ ਗਈ ਸੀ ਤੇ ਕੁਝ ਚਿਰ ਪਿਛੋਂ ਠੀਕ ਹੋਈ, ਇਸ

---

*ਗੀਤਾ-ਰਹਸਯ ਪੰਨਾ ੩੯੬-੯੭। ਕ੍ਰਿਤ-ਲੋਕ ਮਾਨਯ ਤਿਲਕ।

ਤਰ੍ਹਾਂ ਜਹਾਂਗੀਰ ਦੀ ਮੌਤ ਪਿਛੋਂ ਹੋਇਆ। ਉਹ ਸੰਮਤ ੧੬੮੪ (੧੬੨੭ ਈ:) ਵਿਚ ਜੇਹਲਮ ਦੇ ਪਾਸ ਮਰ ਗਿਆ ਤੇ ਸ਼ਾਹਜਹਾਂ ਤਖਤ ਤੇ ਬੈਠਾ। ਉਸ ਦੀ ਨਾ ਤਜਰਬੇਕਾਰੀ ਤੋਂ ਫਾਇਦਾ ਉਠਾ ਕੇ ਪੰਜਾਬ ਦੇ ਹਾਕਮਾਂ ਤੇ ਗੁਰੂ ਘਰ ਦੇ ਦੋਖੀਆਂ ਨੇ ਸਮਾਂ ਤਾੜ ਕੇ ਗੁਰੂ ਜੀ ਦੇ ਵਿਰੁਧ ਬਾਦਸ਼ਾਹ ਪਾਸ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਸ਼ਾਹਜਹਾਂ ਨੇ ਦਰਬਾਰ ਕੀਤਾ। ਪੰਜਾਬ ਦੇ ਪਹਾੜੀ ਰਾਜੇ ਸੱਦੇ ਤੇ ਨਾਲ ਗੁਰੂ ਜੀ ਨੂੰ ਭੀ ਸਦਿਆ। ਇਕ ਦਿਨ ਬਾਦਸ਼ਾਹ ਸ਼ਿਕਾਰ ਗਿਆ। ਆਪ ਨੂੰ ਨਾਲ ਲੈ ਗਿਆ। ਝੱਲ ਵਿਚੋਂ ਸ਼ੇਰਨੀ ਨਿਕਲੀ। ਉਹ ਗੁਰੂ ਕੇ ਸਿੱਖ ਭੱਲਣ ਨੇ ਭੂਰਾ ਸੁਟ ਕੇ ਡਾਂਗ ਨਾਲ ਕੁਟ ਸੁਟੀ। ਬਾਦਸ਼ਾਹ ਸਿਖ ਦੀ ਦਲੇਰੀ ਵੇਖ ਕੇ ਹੈਰਾਨ ਰਹਿ ਗਿਆ। ਦਰਬਾਰੀਆਂ ਨੇ ਉਸ ਭੜਕਾਇਆ ਕਿ ਗੁਰੂ ਏਹੋ ਜਿਹੇ ਆਦਮੀ ਰਖਦਾ ਹੈ। ਇਹ ਕਿਸੇ ਵੇਲੇ ਬਗਾਵਤ ਕਰੇਗਾ। ਬਾਦਸ਼ਾਹ ਨੇ ਗੁਰੂ ਜੀ ਦੀ ਫੌਜ ਤੇ ਸ਼ਸਤ੍ਰ ਰਖਣ ਤੇ ਕੁਝ ਪਾਬੰਦੀਆਂ ਲਾਈਆਂ ਤੇ ਪੰਜਾਬ ਦੇ ਹਾਕਮਾਂ ਨੇ ਸਿਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਸਿੱਖ ਉਨ੍ਹਾਂ ਗੱਲਾਂ ਨੂੰ ਕਿਵੇਂ ਸਹਾਰਦੇ?

ਚੇਤਰ ੧੬੮੫ ਵਿਚ ਬਾਬਾ ਗੁਰਦਿਤਾ ਜੀ ਦੀ ਸ਼ਾਦੀ ਦਾ ਦਿਨ ਨੀਯਤ ਕੀਤਾ ਗਿਆ। ਬਟਾਲੇ ਵਿਚ ਉਨ੍ਹਾਂ ਦੀ ਸ਼ਾਦੀ ਹੋਈ।

ਇਕ ਦਿਨ ਲਾਹੌਰ ਤੋਂ ਮੀਰ-ਸ਼ਿਕਾਰੀ ਸ਼ਿਕਾਰ ਖੇਡਦੇ ਅੰਮ੍ਰਿਤਸਰ ਦੇ ਪਾਸ ਆ ਨਿਕਲੇ। ਅਗੇ ਸਿੱਖ ਸ਼ਿਕਾਰ ਕਰ ਰਹੇ ਸਨ। ਮੀਰਾਂ ਦਾ ਬਾਜ਼ ਛੱਪਰ ਤੇ ਬੈਠਾ ਹੋਇਆ ਸੀ, ਸਿੱਖਾਂ ਨੂੰ ਕੀ ਪਤਾ ਸੀ ਕਿ ਕਿਸਦਾ ਹੈ? ਉਨ੍ਹਾਂ ਨੇ ਫੜ ਲਿਆ। ਇਸ ਤੋਂ ਦੋਹਾਂ ਵਿਚਕਾਰ ਝਗੜਾ ਹੋ ਗਿਆ। ਮੀਰ ਸ਼ਿਕਾਰੀ ਲਾਹੌਰ ਜਾ ਕੇ ਕਹਿਣ ਲਗੇ—'ਅੱਜ ਸਿੱਖਾਂ ਨੇ ਬਾਜ਼ ਨੂੰ ਹੱਥ ਪਾਇਆ ਹੈ। ਤਾਂ ਕੱਲ ਤਾਜ ਨੂੰ ਪਾਉਣਗੇ।' ਬਸ ਫੇਰ ਕੀ ਸੀ ਸੂਬੇ ਨੇ ਅੰਮ੍ਰਿਤਸਰ ਤੇ ਸ਼ਾਹੀ ਫੌਜ ਚੜ੍ਹਾ ਦਿਤੀ। ਗੁਰੂ ਜੀ ਨੂੰ ਪਤਾ ਨਹੀਂ ਸੀ ਕਿ

ਇਕ ਸਾਧਾਰਨ ਗੱਲ ਤੇ ਜੰਗ ਹੋ ਪੈਣੀ ਹੈ । ਆਪ ਨੇ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ । ਇਸ ਜੁਧ ਵਿਚ ਕਾਠ ਦੀ ਤੋਪ ਚਲਾਣੀ ਇਸ ਗੱਲ ਦਾ ਸਬੂਤ ਹੈ । ਦੂਸਰੇ ਬੀਬੀ ਵੀਰੋ ਦਾ ਵਿਆਹ ਰਚਿਆ ਹੋਇਆ ਸੀ । ਜੰਗ ਦੀ ਖਬਰ ਪਹੁੰਚਦਿਆਂ ਹੀ ਪੰਜ ਸੌ ਸਿਖਾਂ ਦਾ ਇਕ ਜਥਾ ਆਇਆ । ਉਨ੍ਹਾਂ ਨੇ ਬੇਨਤੀ ਕੀਤੀ–'ਸਾਡੇ ਪਾਸ ਭੇਟ ਕਰਨ ਲਈ ਕੋਈ ਪਦਾਰਥ ਨਹੀਂ, ਬਹੁਤ ਗਰੀਬ ਹਾਂ, ਕੇਵਲ ਸੀਸ ਭੇਟ ਕਰਨ ਆਏ ਹਾਂ ।' ਇਸ ਤਰ੍ਹਾਂ ਹੋਰ ਭੀ ਸੂਰਬੀਰ ਇਕੱਠੇ ਹੁੰਦੇ ਗਏ । ਲਾਹੌਰ ਤੋਂ ਰਸੂਲ ਖਾਂ ੭੦੦੦ ਫੌਜ ਲੈ ਕੇ ਪੁਜ ਗਿਆ । ੨੩ ਜੇਠ ੧੬੮੫ ਨੂੰ ਪਿਪਲੀ ਸਾਹਿਬ ਦੇ ਲਾਗੇ ਸਿੱਖਾਂ ਤੇ ਮੁਗਲਾਂ ਵਿਚਕਾਰ ਜੰਗ ਸ਼ੁਰੂ ਹੋ ਗਈ । ਗੁਰੂ ਜੀ ਆਪ ਤੇ ਭਾਈ ਬਿਧੀ ਚੰਦ, ਜੇਠਾ, ਪਿਰਾਣਾ ਤੇ ਪੈਂਦੇ ਖਾਂ ਸਿੱਖ ਫੌਜ ਦੀ ਕਮਾਨ ਕਰ ਰਹੇ ਸਨ । ਪਹਿਲੇ ਦਿਨ ਦੀ ਜੰਗ ਵਿਚ ਸਿੱਖਾਂ ਨੇ ਦੁਸ਼ਮਣਾਂ ਨੂੰ ਪਛਾੜ ਕੇ ਰੱਖ ਦਿਤਾ । ਮੁਗਲ ਲਾਹੌਰ ਜਾ ਵੜੇ । ਦੂਜੇ ਦਿਨ ਫਿਰ ਸਖਤ ਲੜਾਈ ਹੋਈ । ਤੀਸਰੇ ਦਿਨ ਮੁਖਲਸ ਖਾਂ ਨੇ ਸ਼ਾਹੀ ਫੌਜਾਂ ਦੀ ਕਮਾਨ ਕੀਤੀ ਅਤੇ ਸਖਤ ਲੜਾਈ ਹੋਈ । ਸਿੱਖ ਲੋਹਗੜ੍ਹ ਤੋਂ ਗੋਲਾ ਬਾਰੀ ਕਰਦੇ ਰਹੇ । ਭਾਈ ਮੋਹਰੀ ਤਰਖਾਣ ਖੇਮ ਕਰਨ ਵਾਲੇ ਨੇ ਕਾਠ ਦੀ ਤੋਪ ਚਲਾਈ । ਗੁਰੂ ਜੀ ਨੇ ਸਿੰਘੇ ਪ੍ਰੋਹਤ ਤੇ ਬਾਦਿਕ ਰਬਾਬੀ ਨੂੰ ਹੁਕਮ ਦਿਤਾ ਕਿ ਉਹ ਬੀਬੀ ਵੀਰੋ ਤੇ ਪ੍ਰਵਾਰ ਨੂੰ ਝਬਾਲ ਪੁਚਾਉਣ । ਸਖਤ ਲੜਾਈ ਹੋਈ । ਮੁਗਲ ਫੌਜ ਨੇ ਸ਼ਹਿਰ ਨੂੰ ਲੁਟਿਆ । ਆਖਰ ਮੁਗਲਾਂ ਦੇ ਪੈਰ ਉਖੜ ਗਏ । ਸਿੱਖਾਂ ਵਲੋਂ ਸਿੰਘਾ ਪ੍ਰੋਹਤ, ਭਾਨਾ, ਸੋਭਾ, ਮੋਹਨ ਤੇ ਗੋਪਾਲਾ ਆਦਿਕ ਸ਼ਹੀਦ ਹੋਏ । ਗੁਰੂ ਜੀ ਦੇ ਖੰਡੇ ਨੇ ਮੁਖਲਸ ਖਾਂ ਨੂੰ ਟੋਟੇ ਟੋਟੇ ਕਰ ਕੇ ਰੱਖ ਦਿਤਾ । ਉਸ ਦੇ ਮਰਨ ਦੀ ਦੇਰ ਸੀ ਕਿ ਸ਼ਾਹੀ ਫੌਜ ਤਿੱਤਰ ਹੋ ਗਈ । ਗੁਰੂ ਜੀ ਨੇ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਤੇ ੨੬ ਜੇਠ ੧੬੮੫ ਨੂੰ ਝਬਾਲ ਵਿਚ ਬੀਬੀ

ਵੀਰੋ ਜੀ ਦੀ ਸ਼ਾਦੀ ਮੱਲੇ ਪਿੰਡ ਵਿਚ ਭਾਈ ਸਾਧੂ ਰਾਮ ਨਾਲ ਕੀਤੀ। ਇਸ ਦੀ ਯਾਦ ਵਿਚ ਗੁਰਦਵਾਰਾ ਬੀਬੀ ਵੀਰੋ ਹੁਣ ਤੀਕ ਮੌਜੂਦ ਹੈ ।

ਮੈਕਾਲਫ ਲਿਖਦਾ ਹੈ ਕਿ ਜੁਧ ਅੰਮ੍ਰਿਤਸਰੋਂ ਚਾਰ ਮੀਲ ਤਕ ਦੱਖਣ ਵਲ ਭੀ ਹੁੰਦਾ ਰਿਹਾ ਉਥੇ ਗੁਰੂ ਜੀ ਦੀ ਜਿੱਤ ਦੀ ਯਾਦ ਵਿਚ ਗੁਰਦਵਾਰਾ ਸੰਗਰਾਣਾ ਸਾਹਿਬ ਬਣਾਇਆ ਗਿਆ । ਇਸ ਦੇ ਨੇੜ ਪਿੰਡ ਚੱਬਾ ਹੈ, ਜਿਥੇ ਮਾਈ ਸੁਲਖਣੀ ਨੂੰ ਸਤਿਗੁਰਾਂ ਨੇ ਸੱਤ ਪੁਤਰਾਂ ਦੀ ਅਸ਼ੀਰਵਾਦ ਦਿਤੀ ।

[੨] ਸ੍ਰੀ ਹਰਿਗੋਬਿੰਦ ਪੁਰ ਦਾ ਜੰਗ ੧੬੮੬-

ਇਹ ਦੂਸਰੀ ਜੰਗ ਹੈ ਜੋ ਜਲੰਧਰ ਦੇ ਹਾਕਮ ਅਬਦੁਲਾ ਖਾਂ ਨਾਲ ਹੋਈ । ਗੁਰੂ ਜੀ ਕਰਤਾਰ ਪੁਰੋਂ ਚਲ ਕੇ ਸ੍ਰੀ ਹਰਿਗੋਬਿੰਦਪੁਰ ਨੂੰ ਗਏ । ਬਰਸਾਤ ਨੂੰ ਇਥੇ ਨਿਵਾਸ ਕੀਤਾ । ਇਸ ਇਲਾਕੇ ਦੇ ਸ਼ਾਹੀ ਮਾਲ ਗੁਜ਼ਾਰ ਭਗਵਾਨ ਦਾਸ ਘੇਰੜ ਤੇ ਉਸ ਦੇ ਆਦਮੀਆਂ ਨੇ ਸਿੱਖਾਂ ਨਾਲ ਝਗੜਾ ਕੀਤਾ । ਲੜਾਈ ਹੋ ਪਈ । ਜਿਸ ਵਿਚ ਘੇਰੜ ਮਾਰਿਆ ਗਿਆ । ਉਸਦੇ ਪੁਤ੍ਰ ਰਤਨ ਚੰਦ ਨੇ ਅਬਦੁਲ ਖਾਂ ਸੂਬਾ ਜਲੰਧਰ ਪਾਸ ਸ਼ਕਾਇਤ ਕੀਤੀ । ਸੂਬਾ ਅਗੇ ਹੀ ਵਿਰੋਧੀ ਸੀ, ਉਸ ਨੇ ਚੜ੍ਹਾਈ ਕਰ ਦਿਤੀ । ੧੭ ਅੱਸੂ ੧੬੮੬ ਨੂੰ ਸ਼ਾਮ ਵੇਲੇ ਮੁਗਲ ਫੌਜ ਤੇ ਸਿੱਖਾਂ ਦੀ ਟੱਕਰ ਹੋਈ । ਅਬਦੁਲਾ ਖਾਂ ਦੇ ਨਾਲ ਉਸ ਦੇ ਪੁਤਰ ਨਬੀ ਬਖਸ਼ ਤੇ ਰਹੀਮ ਬਖਸ਼ ਵੀ ਸਨ । ਇਸ ਤੋਂ ਬਿਨਾਂ ਅਕਬਰ ਖਾਂ ਤੇ ਸ਼ੇਰ ਅਹਿਮਦ ਖਾਂ, ਬੈਰਾਮ ਖਾਂ ਤੇ ਇਮਾਮ ਬਖਸ਼ ਆਦਿਕ ਸਰਦਾਰ ਵੀ ਸਨ। ਸਿੱਖ ਫੌਜ ਦੀ ਕਮਾਨ ਭਾਈ ਬਿਧੀ ਚੰਦ, ਜੱਟੂ, ਕਲਿਆਣਾ ਪਿਰਾਗਾ, ਤੋਤਾ ਤੇ ਮਥਰਾ ਕਰ ਰਹੇ ਸਨ । ਸ਼ਾਮ ਦਾ ਸਮਾਂ ਸੀ ਅਬਦੁਲਾ ਖਾਂ ਨੇ ਛੇ ਹਜ਼ਾਰ ਫੌਜ ਨਾਲ ਹਮਲਾ ਕੀਤਾ । ਰਣ ਤੱਤਾ ਹੋ ਗਿਆ । ਪਹਿਲੀ

ਲੜਾਈ ਵਿਚ ਹੀ ਭਾਈ ਮਥਰੇ ਨੇ ਬੈਰਾਮ ਖਾਂ ਨੂੰ ਮਾਰ ਦਿਤਾ। ਜੁਧ ਹੁੰਦਿਆਂ ਰਾਤ ਪੈ ਗਈ। ਦੋਵੇਂ ਲਸ਼ਕਰ ਆਪਣੇ ਆਪਣੇ ਠਿਕਾਣੇ ਚਲੇ ਗਏ।

ਦੂਜੇ ਦਿਨ ਫਿਰ ਸਖਤ ਜੰਗ ਹੋਇਆ । ਇਸ ਵਿਚ ਭਾਈ ਨਾਨੋ ਅਲੀ ਬਖਸ਼ ਨੂੰ ਮੁਕਾ ਕੇ ਆਪ ਭੀ ਸ਼ਹੀਦ ਹੋ ਗਏ । ਗੁਰੂ ਸਾਹਿਬ ਆਪ ਹਰ ਪਾਸੇ ਸਿੱਖ ਮੋਰਚਿਆਂ ਦੀ ਸੰਭਾਲ ਕਰਦੇ ਸਨ । ਦੂਜੇ ਦਿਨ ਦੀ ਲੜਾਈ ਵਿਚ ਸਿੱਖਾਂ ਦਾ ਪੱਲਾ ਭਾਰੀ ਰਿਹਾ।

ਤੀਸਰੇ ਦਿਨ ਸੂਰਜ ਚੜ੍ਹਦੇ ਨਾਲ ਹੀ ਦੋਹਾਂ ਦਲਾਂ ਦਾ ਟਾਕਰਾ ਸ਼ੁਰੂ ਹੋ ਗਿਆ । ਭਾਈ ਬਿਧੀ ਚੰਦ ਨੇ ਰਤਨ ਚੰਦ ਘੇਰੜ ਨੂੰ ਪਕੜ ਲਿਆ । ਉਸ ਪਾਜੀ ਨੇ ਤਰਲੇ ਕਰਕੇ ਜਾਨ ਬਚਾਈ। ਭਾਈ ਸ਼ਕਤੂ ਨੇ ਸੂਬੇ ਦੇ ਪੁਤਰ ਕਰੀਮ ਬਖਸ਼ ਨੂੰ ਝਟਕਾ ਦਿਤਾ । ਇਸ ਪਰ ਘੋਰ ਜੁਧ ਹੋਇਆ। ਭਾਈ ਪਰਸੂ, ਸ਼ਕਤੂ, ਭਾਮਾ, ਗੱਜਣ ਤੇ ਤੋਤਾ ਆਦਿਕ ਮੁਖੀ ਸਿੱਖ ਸ਼ਹੀਦ ਹੋਏ । ਰਾਣਾ ਪ੍ਰਤਾਪ ਸਿੰਘ ਤੇ ਰਾਇ ਜੀਵੇ ਨੇ ਖੂਬ ਜੌਹਰ ਵਿਖਾਏ । ਅਬਦੁਲਾ ਖਾਂ, ਚੰਦੂ ਦੇ ਪੁਤਰ ਕਰਮ ਚੰਦ ਤੇ ਰਤਨ ਚੰਦ ਘੇਰੜ ਨੇ ਗੁਰੂ ਸਾਹਿਬ ਪਰ ਹਮਲਾ ਕੀਤਾ। ਆਪ ਨੇ ਵਾਰੋ ਵਾਰੀ ਤਿੰਨੇ ਝਟਕਾ ਦਿਤੇ । ਬਸ ਫਿਰ ਕੀ ਸੀ ਸ਼ਾਹੀ ਫੌਜ ਨੱਠ ਖਲੋਤੀ ।

ਗੁਰੂ ਜੀ ਦੀ ਫ਼ਤਹਿ ਹੋਈ। ਸੂਬਾ ਜਲੰਧਰ ਦੇ ਬਚੇ ਸਿਪਾਹੀ ਜਲੰਧਰ ਨੂੰ ਮੁੜ ਗਏ। ਦੂਜੇ ਦਿਨ ਸਵੇਰੇ ਮਹਾਰਾਜ ਨੇ ਸ਼ਹੀਦ ਹੋਏ ਸਿਖਾਂ ਦਾ ਸੰਸਕਾਰ ਕੀਤਾ ।ਮੁਗਲ ਸਿਪਾਹੀਆਂ ਦੀਆਂ ਲੋਥਾਂ ਨੂੰ ਵੀ ਦਬਾਇਆ ਗਿਆ। ਇਸ ਥਾਂ ਗੁਰੂ ਜੀ ਨੇ ਦਮਦਮਾ ਬਣਵਾਇਆ, ਜੋ ਹੁਣ ਤੀਕ ਮੌਜੂਦ ਹੈ।

[੩] ਗੁਰੂ ਸਰ ਮਰਾਝ ਦੀ ਜੰਗ ੧੬੮੮–

ਸ੍ਰੀ ਹਰਿਗੋਬਿੰਦ ਪੁਰ ਦੀ ਜੰਗ ਜਿੱਤ ਕੇ ਗੁਰੂ ਜੀ ਪਰਵਾਰ ਸਮੇਤ ਮਰਾਝ ਚਲੇ ਗਏ, ਜੋ ਆਪ ਨੇ ੧੬੮੪ ਵਿਚ ਵਸਾਇਆ

ਸੀ। ਮਰਾੜ ਦੀ ਸਾਖੀ ਇਹ ਹੈ ਕਿ ਇਸ ਦੇ ਪਾਸ ਮਾੜੀ ਵਿਖੇ ਕੋੜੇ ਭੁਲਰਾਂ ਦੇ ਵਡੇਰੇ ਦਾ ਮੇਲਾ ਲਗਦਾ ਸੀ। ਮੇਲੇ ਵਿਚ ਇਕੱਠੇ ਹੋਏ ਲੋਕਾਂ ਨੂੰ ਗੁਰੂ ਜੀ ਨੇ ਸਿੱਖੀ ਦਾ ਉਪਦੇਸ਼ ਕੀਤਾ । ਇਸ ਇਲਾਕੇ ਵਿਚ ਮਰਾੜ ਦੀ ਸੰਤਾਨ ਸਿੱਧੂ ਜੱਟ, ਪਚਾਧੇ ਤੇ ਭਟੀਆਂ ਦੇ ਉਜਾੜੇ ਹੋਏ ਟਪਰੀ ਵਾਸਾ ਵਾਂਗੂ ਫਿਰਦੇ ਸਨ । ਇਨ੍ਹਾਂ ਵਿਚੋਂ ਮੋਹਣ ਉਸ ਦੇ ਪੁਤਰ ਰੂਪ ਚੰਦ ਤੇ ਕਾਲਾ ਗੁਰੂ ਕੇ ਸਿੱਖ ਬਣੇ। ਇਨ੍ਹਾਂ ਬੇਨਤੀ ਕੀਤੀ—"ਗਰੀਬ ਨਿਵਾਜ਼, ਸਾਡਾ ਕੋਈ ਟਿਕਾਣਾ ਨਹੀਂ, ਕਿਰਪਾ ਕਰਕੇ ਕੋੜੇ ਭੁਲਰਾਂ ਪਾਸੋਂ ਪਿੰਡ ਬੰਨ੍ਹਣ ਲਈ ਥੋੜੀ ਜਿਹੀ ਜ਼ਮੀਨ ਲੈ ਦੇਵੋ।" ਮਹਾਰਾਜ ਨੇ ਭੁਲਰਾਂ ਦੇ ਮੁਖੀ ਲਾਲ ਤੇ ਬਘੇਲੇ ਨੂੰ ਕਿਹਾ ਕਿ ਇਨ੍ਹਾਂ ਗਰੀਬ ਭਰਾਵਾਂ ਨੂੰ ਥੋਹੜੀ ਜਿਹੀ ਭੋਇੰ ਦੇ ਦਿਓ, ਪਰ ਉਨ੍ਹਾਂ ਕੋਈ ਗੱਲ ਨਾ ਮੰਨੀ। ਆਪ ਨੇ ਕਾਲੇ ਦੇ ਪੁਤਰਾਂ ਨੂੰ ਕਿਹਾ—"ਜਿਥੇ ਰਾਤ ਪੈ ਜਾਵੇ ਜਾ ਕੇ ਪਿੰਡ ਬੰਨ੍ਹ ਲਉ ।' ਉਹ ਹੁਕਮ ਮੰਨ ਕੇ ਚਲੇ ਗਏ। ਗੁਰੂ ਦੇ ਹੁਕਮ ਅਨੁਸਾਰ ਉਨ੍ਹਾਂ ਮਰਾੜ ਦੀ ਮੋੜ੍ਹੀ ਗੱਡੀ। ਇਸ ਪਰ ਗੁਸਾ ਖਾਕੇ ਕੋੜੇ ਭੁਲਰਾਂ ਨੇ ਜੈਦ ਪਿਰਾਣੇ ਨੂੰ ਨਾਲ ਲੈ ਕੇ ਮਰਾੜਕਿਆਂ ਤੇ ਹੱਲਾ ਕਰ ਦਿਤਾ। ਸਤਿਗੁਰੂ ਨੇ ਉਨ੍ਹਾਂ ਦੀ ਸਹਾਇਤਾ ਕੀਤੀ । ਇਸ ਲਈ ਮਰਾੜਕਿਆਂ ਦੀ ਜਿੱਤ ਅਤੇ ਭੁਲਰਾਂ ਨੂੰ ਹਾਰ ਹੋਈ ਤੇ ਜੈਦ ਮਾਰਿਆ ਗਿਆ।

ਇਸੇ ਮਰਾੜ ਵਿਚੋਂ ਬਾਹੀਆ ਬਣਿਆ ਤੇ ਫੂਲਵੰਸ਼ ਦਾ ਆਰੰਭ ਹੋਇਆ, ਜਿਸ ਵਿਚੋਂ ਪਟਿਆਲਾ, ਨਾਭਾ ਤੇ ਜੀਂਦ ਆਦਿਕ ਰਿਆਸਤਾਂ ਬਣੀਆਂ ਜੋ ਹੁਣ ਖਤਮ ਹੋਈਆਂ ਹਨ।

ਗੁਰੂ ਸਰ ਮਰਾੜ ਦਾ ਜੰਗ ਵਰਨਣ ਕਰਨ ਤੋਂ ਪਹਿਲੇ ਇਹ ਗੱਲ ਦਸਣੀ ਜ਼ਰੂਰੀ ਹੈ ਕਿ ਉਸ ਵਕਤ ਹਕੂਮਤ ਦਾ ਵਰਤਾਉ ਸਿੱਖਾਂ ਨਾਲ ਕੀ ਸੀ ? ਕਾਬਲ ਤੇ ਪਸ਼ੌਰ ਤੋਂ ਭਾਈ ਤਾਰਾ ਚੰਦ ਤੇ ਬਖਤ ਮਲ ਸੰਗਤ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਆਏ। ਇਨ੍ਹਾਂ ਨਾਲ ਘੋੜਿਆਂ ਦੇ ਸੁਦਾਗਰ ਭਾਈ ਕਰੋੜੀ

ਮਲ ਭੀ ਸਨ। ਉਹ ਦੋ ਸੁੰਦਰ ਘੋੜੇ ਦਿਲ ਬਾਗ ਤੇ ਗੁਲ ਬਾਗ, ਗੁਰੂ ਜੀ ਲਈ ਲਿਆਏ। ਜਦ ਲਾਹੌਰ ਪੁਜੇ ਤਾਂ ਸੂਬੇ ਨੇ ਖੋਹ ਲਏ। ਮੁਹੱਸਨ ਫਾਨੀ ਲਿਖਦਾ ਹੈ ਭਾਈ ਸਾਧ ਨੇ ਤਿੰਨ ਅਰਾਕੀ ਘੋੜੇ ਲਿਆਂਦੇ, ਉਹ ਖਲੀਲ ਬੇਗ ਹਾਕਮ ਨੇ ਖੋਹ ਲਏ। ਇਕ ਸਿੱਖ ਭਾਗ ਮਲ ਗੁਰੂ ਜੀ ਲਈ ਦੁਸ਼ਾਲੇ ਲਿਆਇਆ, ਉਹ ਭੀ ਧਕੇ ਨਾਲ ਖੋਹ ਲਏ। ਇਸ ਦੀ ਪੁਕਾਰ ਗੁਰੂ ਜੀ ਤਕ ਪੁਜੀ। ਆਪ ਨੇ ਭਾਈ ਬਿਧੀ ਚੰਦ ਨੂੰ ਮਾਲਵੇ ਵਿਚੋਂ ਭੇਜਿਆ। ਉਨ੍ਹਾਂ ਨੇ ਲਾਹੌਰ ਵਿਚ ਆ ਕੇ ਪਹਿਲੇ ਜੋਤਸ਼ੀਆਂ ਦਾ ਰੂਪ ਧਾਰਕੇ ਘੋੜਿਆਂ ਦਾ ਪਤਾ ਕੀਤਾ, ਫਿਰ ਘਾਹੀਆ ਬਣਕੇ ਕਿਲ੍ਹੇ ਵਿਚੋਂ ਕਢਕੇ ਲੈ ਆਏ।

ਸ੍ਰੀ ਹਰਿਗੋਬਿੰਦ ਪੁਰ ਨੂੰ ਉਜਾੜਨ ਦਾ ਜਤਨ ਭਗਵਾਨ ਦਾਸ ਘੇਰੜ ਨੇ ਕੀਤਾ ਤੇ ਸੂਬਾ ਜਾਲੰਧਰ ਨੇ ਉਸ ਦੀ ਮਦਦ ਕੀਤੀ। ਹਿੰਦੂਆਂ ਤੇ ਜਜ਼ੀਆ ਲਾਇਆ ਗਿਆ। ਜਿਸ ਦੇ ਵਿਰੁਧ ਭਾਈ ਸੀਤਲ ਦਾਸ ਮੁਲਤਾਨ ਨੇ ਆਵਾਜ਼ ਉਠਾਈ, ਤਾਂ ਹਟਾਇਆ ਗਿਆ। ਇਨ੍ਹਾਂ ਗਲਾਂ ਤੋਂ ਪਤਾ ਲਗਦਾ ਹੈ ਕਿ ਉਸ ਵਕਤ ਸਿਖਾਂ ਦੀ ਜਾਨ ਤੇ ਮਾਲ ਖਤਰੇ ਵਿਚ ਸੀ। ਗੁਰੂ ਜੀ ਲਈ ਹਕੂਮਤ ਨਾਲ ਲੜਨ ਤੋਂ ਬਿਨਾਂ ਹੋਰ ਚਾਰਾ ਹੀ ਕੀ ਸੀ? ਇਕ ਪਾਸੇ ਹਾਕਮ ਧਕੇ ਸ਼ਾਹੀ ਕਰ ਰਹੇ ਸਨ, ਦੂਜੇ ਪਾਸੇ ਬਾਦਸ਼ਾਹ ਦੀ ਮਨਜ਼ੂਰੀ ਨਾਲ ਕਰਮ ਬੇਗ ਤੇ ਲਲਾ ਬੇਗ ਦੀ ਕਮਾਨ ਥਲੇ ਵੀਹ ਹਜ਼ਾਰ ਦੇ ਲਗ ਪਗ ਫੌਜ ਗੁਰੂ ਜੀ ਦੇ ਵਿਰੁਧ ਚੜ੍ਹਾਈ ਗਈ। ਇਹ ਸ਼ਾਹੀ ਸੈਨਾ ਮਾਘ ਸੰਮਤ ੧੬੮੮ ਨੂੰ ਸਤਲੁਜੋਂ ਪਾਰ ਹੋਈ ਗੁਰੂ ਜੀ ਭੀ ਤਿਆਰ ਸਨ। ਆਪ ਨੇ ਨਥਾਣੇ ਦੀ ਢਾਬ ਦੇ ਪਾਸ ਮੋਰਚਾ ਬਣਾਇਆ। ਭਾਈ ਬਿਧੀ ਚੰਦ, ਜੇਠਾ ਜੀ, ਜਤੀ ਮਲ, ਮਾਲਵੇ ਦੇ ਸੂਰਬੀਰ ਰਾਇ ਜੋਧ ਤੇ ਸਲੇਮ ਸਿੱਖ ਫੌਜ ਲੈ ਕੇ ਦੇਖ ਭਾਲ ਕਰ ਰਹੇ ਸਨ। ਮਰਾਝਕਿਆਂ ਨੇ ਭੀ ਵਧ ਚੜ੍ਹ ਕੇ ਹਿਸਾ ਲਿਆ। ਕਰਮ ਬੇਗ ਨੇ ਪਹੁੰਚ ਕੇ ਪਹਿਲੇ ਹਸਨ ਖਾਂ ਨੂੰ ਵਕੀਲ ਬਣਾ ਕੇ ਗੁਰੂ ਜੀ ਚਲ ਭੇਜਿਆ, ਪਰ ਹਜ਼ੂਰ ਨੇ ਉਸ ਦੀਆਂ

ਸ਼ਰਤਾਂ ਪ੍ਰਵਾਨ ਨਾ ਕੀਤੀਆਂ । ਮਾਘ ਸੁਦੀ ਪੰਚਮੀ ਨੂੰ ਸ਼ਾਮ ਵੇਲੇ ਮਾਰੂ ਵਜ ਗਿਆ । ਦੁਹਾਂ ਦਲਾਂ ਦਾ ਟਾਕਰਾ ਹੋ ਪਿਆ । ਸ਼ਾਹੀ ਫੌਜ ਜੰਗਲ ਵਿਚ ਸੀ, ਸਿੱਖਾਂ ਨੇ ਪਾਣੀ ਦੀ ਢਾਬ ਕਾਬੂ ਕੀਤੀ ਹੋਈ ਸੀ । ਸ਼ਾਹੀ ਫੌਜ ਅਗੇ ਵਧੀ, ਅਗੋਂ ਝਾੜਾਂ ਵਿਚੋਂ ਸਿੰਘਾਂ ਨੇ ਬਾਰਾਂ ਤੋਤਾਂ ਸੇ ਬੰਦੂਕਾਂ ਚਲਾ ਗੋਲੀਆਂ ਦੀ ਬੁਛਾੜ ਲਾ ਦਿਤੀ। ਪਹਿਲੇ ਹੱਲੇ ਵਿਚ ਹੀ ਹਜ਼ਾਰ ਬਾਰਾਂ ਸੌ ਮੁਗਲ ਸਿਪਾਹੀ ਫੁੰਡ ਦਿਤੇ । ਸ਼ਾਹੀ ਫੌਜ ਵਿਚ ਇਕ ਵੇਰ ਹਲ ਚਲ ਮਚ ਗਈ । ਲੜਦਿਆਂ ਲੜਦਿਆਂ ਰਾਤ ਪੈ ਗਈ । ਜਿਸ ਕਰਕੇ ਲੜਾਈ ਰੁਕ ਗਈ ਦੂਜੇ ਦਿਨ ਖੂਬ ਰਣ ਤਤਾ ਹੋ ਗਿਆ । ਖੂਬ ਤਲਵਾਰ ਚਲੀ, ਗੋਲੀਆਂ ਤੇ ਤੀਰਾਂ ਦੀ ਬਰਖਾ ਹੋਈ । ਸਿੱਖ ਤੇ ਉਸ ਥਾਂ ਦੇ ਗਿੱਝੇ ਹੋਏ ਸਨ, ਮੁਗਲਾਂ ਲਈ ਬੜੀ ਮੁਸੀਬਤ ਆਈ। ਇਕ ਤੇ ਰੁਤ ਸਰਦ, ਦੂਸਰੇ ਜੰਗਲ, ਤੀਸਰੇ ਪਾਣੀ ਦਾ ਘਾਟਾ, ਫਿਰ ਮੁਕਾਬਲਾ ਸਿਖਾਂ ਨਾਲ, ਇਹਨਾ ਸਾਰੀਆਂ ਗੱਲਾਂ ਨੇ ਸ਼ਾਹੀ ਸੈਨਾ ਨੂੰ ਬੇ-ਦਿਲ ਕਰ ਦਿਤਾ । ਘਮਸਾਣ ਦਾ ਰਣ ਮਚਿਆ । ਖੂਨ ਨਾਲ ਧਰਤੀ ਲਾਲ ਹੋ ਗਈ । ਹਰ ਪਾਸੇ ਲੋਥਾਂ ਹੀ ਲੋਥਾਂ ਨਜ਼ਰ ਆਉ-ਦੀਆਂ ਸਨ । ਲਲਾ ਬੇਗ ਘੋੜਾ ਛੇੜ ਕੇ ਮਹਾਰਾਜ ਦੇ ਪਾਸ ਪੁਜਾ ਤੇ ਕਹਿਣ ਲਗਾ—

"ਖਲਕਤ ਨੂੰ ਕਿਉਂ ਮਰਵਾਂਦੇ ਹੋ, ਆਓ ਆਪ ਲੜ ਕੇ ਫੈਸਲਾ ਕਰੀਏ ।" ਬੀਰਤਾ ਦੇ ਪੁੰਜ ਸਤਿਗੁਰੂ ਮੈਦਾਨ ਵਿਚ ਆ ਗਏ। ਦੁੰਦ ਜੁਧ ਹੋਇਆ । ਪਹਿਲੇ ਤੀਰਾਂ ਨਾਲ ਲੜਾਈ ਹੋਈ। ਅਖੀਰ ਵਿਚ ਸਤਿਗੁਰੂ ਦੀ ਖੜਗ ਨਾਲ ਲਲਾ ਬੇਗ ਮਾਰਿਆ ਗਿਆ । ਉਸ ਦੇ ਡਿੱਗਣ ਦੀ ਦੇਰ ਸੀ ਕਿ ਸ਼ਾਹੀ ਸੈਨਾ ਭੱਜ ਖਲੋਤੀ। ਇਸ ਜੰਗ ਵਿਚ ਗੁਰੂ ਕੇ ਸ਼ੇਰ ਭਾਈ ਜੇਠਾ ਜੀ, ਭੇਮਾ, ਕਟਾਰਾ ਆਦਿਕ ੧੨੭੩ ਸਿਖ ਸ਼ਹੀਦ ਹੋਏ। ਇਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ।

ਸ਼ਾਹੀ ਸੈਨਾ ਦੇ ਬਚੇ ਹੋਏ ਸਿਪਾਹੀ ਲਾਹੌਰ ਨੂੰ ਨਠ ਗਏ।

ਸਿੱਖਾਂ ਨੇ ਫ਼ਤੇਹ ਦੇ ਨਗਾਰੇ ਵਜਾਏ। ਜਿਸ ਥਾਂ ਤੇ ਇਹ ਜੰਗ ਹੋਇਆ, ਉਥੇ ਗੁਰਦੁਆਰਾ ਗੁਰੂ ਸਰ ਬਣਿਆ ਹੈ। ਇਹ ਨਬਾਨੇ ਪਿੰਡ ਦੇ ਪਾਸ ਹੈ। ਰਾਮ ਪੁਰ ਫੂਲ ਸਟੇਸ਼ਨ ਤੋਂ ਨੇੜੇ ਹੀ ਹੈ।

[੪] ਕਰਤਾਰ ਪੁਰ ਦਾ ਜੰਗ ਪੈਂਦੇ ਖਾਂ ਨਾਲ, ੧੬੯੧–

ਗੁਰੂ ਸਰ ਦੇ ਜੰਗ ਤੋਂ ਬਾਅਦ ਸਤਿਗੁਰੂ ੧੬੯੯ ਵਿਚ ਕੀਰਤ ਪੁਰ ਆ ਗਏ। ਪੰਜ ਮਹੀਨੇ ਇਥੇ ਰਹੇ। ਪੈਂਦੇ ਖਾਂ ਨੂੰ ਆਪ ਨੇ ਸਫੈਦ ਬਾਜ਼, ਜੜਾਊ ਮੁਠ ਵਾਲੀ ਤਲਵਾਰ, ਪੁਸ਼ਾਕ ਤੇ ਘੋੜਾ ਬਖਸ਼ਿਆ। ਪੈਂਦੇ ਖਾਂ ਦਾ ਜਵਾਈ ਉਸਮਾਨ ਖਾਨ ਇਨ੍ਹਾਂ ਚੀਜ਼ਾਂ ਨੂੰ ਵੇਖ ਕੇ ਸੜ ਭੁਜ ਗਿਆ। ਉਸ ਨੇ ਇਹ ਚੀਜ਼ਾਂ ਮੰਗ ਲਈਆਂ। ਪੈਂਦੇ ਖਾਂ ਨੇ ਦੇ ਦਿਤੀਆਂ। ਉਸਮਾਨ ਖਾਂ ਨੇ ਪੈਂਦੇ ਖਾਂ ਨੂੰ ਭੜਕਾਇਆ "ਤੂੰ ਪਠਾਣ ਦਾ ਪੁਤਰ ਹੋ ਕੇ ਗੁਰੂ ਦੀ ਨੌਕਰੀ ਕਰੇਂ ? ਕੀ ਸਾਨੂੰ ਸ਼ਾਹੀ ਫੌਜ ਵਿਚ ਥਾਂ ਨਹੀਂ ? ਤੇਰੇ ਬਿਨਾਂ ਗੁਰੂ ਪਾਸ ਸੂਰਮਾ ਕਿਹੜਾ ਹੈ ?" ਤਅੱਸਬ ਨੂੰ ਭੜਕਾ ਕੇ ਗੁਰੂ ਜੀ ਦੇ ਵਿਰੁਧ ਕੀਤਾ। ਇਕ ਦਿਨ ਪੈਂਦੇ ਖਾਂ ਦਾ ਜਵਾਈ ਦਰਬਾਰੀ ਪੁਸ਼ਾਕ ਪਹਿਨ ਕੇ ਸ਼ਿਕਾਰ ਗਿਆ। ਅਗੋਂ ਟਿੱਕਾ ਗੁਰਦਿੱਤਾ ਜੀ ਵੀ ਸ਼ਿਕਾਰ ਖੇਡ ਰਹੇ ਸਨ। ਉਸਮਾਨ ਖਾਂ ਨੇ ਉਨ੍ਹਾਂ ਦਾ ਬਾਜ ਪਕੜ ਕੇ ਛੁਪਾ ਲਿਆ। ਸਿੱਖਾਂ ਦੇ ਮੰਗਣ ਪੁਰ ਮੁਕਰ ਗਿਆ। ਪੈਂਦੇ ਖਾਂ ਨੂੰ ਗੁਰੂ ਜੀ ਨੇ ਪੁਛਿਆ ਅਰ ਉਸ ਦਾ ਮਨ ਭੀ ਬਦਲ ਚੁਕਾ ਸੀ। ਇਸ ਲਈ ਉਸ ਨੇ ਭੀ ਝੂਠ ਬੋਲਿਆ। ਇਸ ਪਰ ਗੁਰੂ ਜੀ ਨੇ ਉਸ ਨੂੰ ਨੌਕਰੀਓਂ ਅਲਹਿਦਾ ਕਰ ਦਿਤਾ।

ਬਹੁਤ ਚਿਰ ਦੀ ਗੁਲਾਮੀ ਦੇ ਕਾਰਨ ਹਿੰਦੁਸਤਾਨ ਵਿਚ ਗ਼ਦਾਰ ਪੈਦਾ ਹੁੰਦੇ ਰਹੇ ਹਨ। ਇਥੇ ਆਚਰਨ ਦੀ ਉਸਾਰੀ ਤੇ ਮਜ਼ਬੂਤੀ ਨਹੀਂ ਰਹੀ। ਪੈਂਦੇ ਖਾਂ, ਜਿਸ ਨੂੰ ਸਤਿਗੁਰੂ ਨੇ ਪੁਤਰ ਦੀ ਤਰ੍ਹਾਂ ਪਾਲਿਆ ਸੀ, ਅਜ ਧਰੋਹੀ ਬਣ ਕੇ ਕਾਲੇ ਖਾਂ, ਜਾਫਰ ਬੇਗ

ਕੁਤਬ ਖਾਂ, ਉਸਮਾਨ ਖਾਂ ਤੇ ਬਸੀਆਂ ਦੇ ਪਠਾਣਾਂ ਸਮੇਤ ੧੨ ਹਜ਼ਾਰ ਫੌਜ ਲੈ ਕੇ ਕਰਤਾਰ ਪੁਰ ਲੜਨ ਲਈ ਆ ਗਿਆ।

ਗੁਰੂ ਜੀ ਨੇ ਭੀ ਪੂਰੀ ਤਿਆਰੀ ਕੀਤੀ ਹੋਈ ਸੀ । ਟਿੱਕਾ ਗੁਰਦਿਤਾ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਬਿਧੀ ਚੰਦ, ਲਖੂ ਅਮੀਆਂ, ਸਿੰਘੋ ਪਰੋਹਤ ਦਾ ਪੁਤਰ ਜਤੀ ਮਲ, ਕੁਸ਼ਾਲੀ ਤੇ ਚੂਹੜ ਆਦਿਕ ਮੁਖੀ ਸਿਖ ਫੌਜ ਦੀ ਅਗਵਾਹੀ ਕਰ ਰਹੇ ਸਨ। ਹਾੜ ਵਦੀ ੭ ਸੰਮਤ ੧੬੯੧ ਨੂੰ ਭਿਆਨਕ ਜੁਧ ਸ਼ੁਰੂ ਹੋਇਆ । ਦੋਹਾਂ ਪਾਸਿਆਂ ਤੋਂ ਖੂਬ ਤਲਵਾਰ ਚਲੀ।

ਜਿਸ ਵਕਤ ਮੁਗਲ ਫੌਜ ਨੇ ਕਰਤਾਰ ਪੁਰ ਨੂੰ ਘੇਰਾ ਘਤਿਆ ਸੀ, ਉਸ ਵਕਤ ਬਾਬਾ ਗੁਰਦਿਤਾ ਜੀ ਦੇ ਪੁਤਰ ਧੀਰ ਮਲ ਨੇ ਗਦਾਰੀ ਕੀਤੀ। ਪਹਿਲੇ ਮਾਤਾ ਜੀ ਨੂੰ ਕਹਿੰਦਾ ਰਿਹਾ ਕਿ ਲੜਨ ਦਾ ਕੀ ਫਾਇਦਾ ਹੈ ? ਜੰਗ ਦੇ ਮੈਦਾਨ ਵਿਚੋਂ ਇਸ ਨੇ ਸੂਬਾ ਜਲੰਧਰ ਨੂੰ ਚਿਠੀ ਲਿਖੀ ਕਿ ਮੈਂ ਤੁਹਾਡੇ ਨਾਲ ਹਾਂ । ਨੀਤੀ ਨਿਪੁੰਨ ਸਤਿਗੁਰੂ ਨੂੰ ਇਸ ਗਲ ਦਾ ਵੇਲੇ ਸਿਰ ਪਤਾ ਲਗ ਗਿਆ । ਇਸ ਲਈ ਧੀਰ ਮਲ ਦੀ ਕੋਈ ਪੇਸ਼ ਨਾ ਗਈ।

ਕਰਤਾਰ ਪੁਰ ਦੀ ਲੜਾਈ ਵਿਚ ਕਾਲੇ ਖਾਂ, ਉਸਮਾਨ ਖਾਂ ਆਦਿ ਪਠਾਣ ਮਾਰੇ ਗਏ। ਸੈਨਾ ਨੂੰ ਭਜਦੀ ਵੇਖ ਕੇ ਪੈਂਦਾ ਖਾਂ ਗੁਰੂ ਜੀ ਦੇ ਮੁਕਾਬਲੇ ਤੇ ਆਇਆ । ਕੁਝ ਚਿਰ ਭਿਆਨਕ ਜੁਧ ਹੋਣ ਪਿਛੋਂ ਮਹਾਰਾਜ ਦੀ ਖੜਗ ਨਾਲ ਜ਼ਖਮੀ ਤੇ ਬੇਹੋਸ਼ ਹੋ ਕੇ ਡਿਗ ਪਿਆ। ਉਸ ਨੂੰ ਸਿਸਕਦਾ ਦੇਖ ਕੇ ਧੁਪ ਤੋਂ ਬਚਾਉਣ ਲਈ ਹਜ਼ੂਰ ਨੇ ਆਪਣੀ ਢਾਲ ਉਸ ਦੇ ਮੂੰਹ ਤੇ ਕਰ ਦਿਤੀ। ਮੁਹਸਨ ਫ਼ਾਨੀ ਇਸ ਜੰਗ ਬਾਰੇ ਲਿਖਦਾ ਹੈ—"ਮੈਂ ਇਕ ਸਿਖ ਪਾਸੋਂ ਸੁਣਿਆ ਹੈ ਕਿ ਗੁਰੂ ਜੀ ਪਰ ਇਕ ਆਦਮੀ ਨੇ ਤਲਵਾਰ ਦਾ ਵਾਰ ਕੀਤਾ। ਆਪ ਨੇ ਵਾਰ ਰੋਕ ਲਿਆ ਤੇ ਆਪਣੀ ਸ੍ਰੀ ਸਾਹਿਬ ਨਾਲ ਵਿਰੋਧੀ ਤੇ ਵਾਰ ਕਰ ਕੇ ਫੁਰਮਾਇਆ—

'ਚੁਨੀਂ ਨਮੀ ਜ਼ਨੰਦ ਜ਼ਦਨ ਈਂ'ਸਤ।'

ਭਾਵ—ਤਲਵਾਰ ਇਸ ਤਰ੍ਹਾਂ ਨਹੀਂ, ਇਸ ਤਰ੍ਹਾਂ ਮਾਰੀਦੀ ਹੈ

ਫ਼ਾਨੀ ਲਿਖਦਾ ਹੈ—'ਮੈਂ ਸਿੱਖ ਪਾਸੋਂ ਪੁਛਿਆ ਕਿ ਗੁਰੂਜੀ ਦੇ ਇਸ ਕਥਨ ਵਿਚ ਕੀ ਫਿਲਾਸਫ਼ੀ ਹੈ ?'

ਸਿੱਖ ਨੇ ਉੱਤਰ ਦਿਤਾ—'ਗੁਰੂ ਦਾ ਕੰਮ ਸਿਖਿਆ ਦੇਣਾ ਹੈ। ਇਸ ਲਈ ਉਨ੍ਹਾਂ ਨੇ ਸ੍ਰੀ ਸਾਹਿਬ ਦਾ ਵਾਰ ਕਰਦਿਆਂ ਭੀ ਇਸ ਆਦਰਸ਼ ਨੂੰ ਪੂਰਾ ਕੀਤਾ ਹੈ।' ਧੰਨ ਸਤਿਗੁਰੂ ਅਤੇ ਧੰਨ ਉਨ੍ਹਾਂ ਦਾ ਇਖਲਾਕ। ਪੈਂਦੇ ਖਾਂ ਮਾਰਿਆ ਗਿਆ।

ਕਰਤਾਰ ਪੁਰ ਦੀ ਜੰਗ ਫ਼ਤਹਿ ਹੋ ਗਈ। ਸ਼ਾਹੀ ਸੈਨਾ ਦੇ ਹਾਰੇ ਹੋਏ ਸਿਪਾਹੀ ਤੇ ਸਰਦਾਰ ਜਲੰਧਰ ਵਲ ਦੌੜ ਗਏ।

ਸਤਿਗੁਰੂ ਜੀ ਸ਼ਹੀਦ ਸਿੱਖਾਂ ਦਾ ਅੰਤਮ ਸੰਸਕਾਰ ਕਰਕੇ ਤੇ ਕਰਤਾਰ ਪੁਰ ਦੀ ਸੰਭਾਲ ਕਰਕੇ ਸਣੇ ਪਰਵਾਰ ਕੀਰਤ ਪੁਰ ਵਲ ਰਵਾਨਾ ਹੋਏ। ਹਾਰੇ ਹੋਏ ਪਠਾਣਾਂ ਨੇ ਇਕਤਰ ਹੋ ਕੇ ਫਗਵਾੜੇ ਦੇ ਪਾਸ ਫਿਰ ਟਕਰ ਲਈ। ਇਥੇ ਭੀ ਜੰਗ ਹੋਈ, ਪਰ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ। ਫਗਵਾੜੇ ਕੋਲ ਜਿਸ ਥਾਂ ਜੰਗ ਹੋਇਆ ਸੀ, ਉਸ ਦੀ ਯਾਦ ਵਿਚ ਗੁਰਦਵਾਰਾ ਪਲਾਹੀ ਸਾਹਿਬ ਹੈ। ਇਸ ਜੰਗ ਤੋਂ ਬਾਅਦ ਭੀ ਧੀਰਮਲ ਨੇ ਸ਼ਾਹ ਜਹਾਂ ਨੂੰ ਖ਼ਤ ਲਿਖਿਆ ਕਿ ਉਹ ਹਕੂਮਤ ਦਾ ਵਫ਼ਾਦਾਰ ਹੈ।*

ਇਸ ਤੋਂ ਬਾਅਦ ਸਤਿਗੁਰੂ ਜੀ ਅਠ ਨੌ ਸਾਲ ਕੀਰਤਪੁਰ ਹੀ ਨਿਵਾਸ ਕਰਦੇ ਰਹੇ। ਰੋਪੜੀਏ ਪਠਾਣਾਂ ਨੇ ਰਾਜਾ ਤਾਰਾ ਚੰਦ ਦੇ ਕੁਝ ਪਿੰਡ ਖੋਹ ਲਏ ਸਨ, ਮਹਾਰਾਜਾ ਨੇ ਸਿੱਖ ਫ਼ੌਜ ਭੇਜ ਕੇ ਰਾਜੇ ਨੂੰ ਵਾਪਸ ਦਿਵਾਏ। ਇਕ ਵੇਰ ਸਤਿਲੁਜ ਦੇ ਕਿਨਾਰੇ ਸ਼ਿਕਾਰ ਖੇਡਦਿਆਂ ਨਵਾਬ ਰਹਿਮਤ ਖਾਂ ਰੋਪੜੀਏ ਨਾਲ ਟੱਕਰ ਹੋਈ। ਥੋੜ੍ਹੀ ਜਿਹੀ ਜੰਗ ਤੋਂ ਬਾਅਦ ਉਹ ਮਾਰਿਆ ਗਿਆ।

---

*ਕਰਤਾਰਪੁਰੀਏ ਸੋਢੀ ਧੀਰ ਮਲ ਦੀ, ਮਾਲਵੇ ਵਾਲੇ ਪ੍ਰਿਥੀ ਚੰਦ ਦੀ ਤੇ ਅਨੰਦਪੁਰੀਏ ਸ੍ਰੀ ਸੂਰਜ ਮਲ ਜੀ ਦੀ ਸੰਤਾਨ ਹਨ।

੧੬੯੫ ਵਿਚ ਗੁਰੂ ਜੀ ਕੁਰਖੇਤਰ ਤੋਂ ਵਾਪਸ ਆ ਰਹੇ ਸਨ ਕਿ ਬ੍ਰਾਹਮਣ ਮਾਜਰੇ ਦੇ ਪਾਸ ਪਠਾਣਾਂ ਨਾਲ ਟੱਕਰ ਹੋ ਪਈ। ਆਪ ਨੇ ਉਨ੍ਹਾਂ ਦੇ ਖੂਬ ਦੰਦ ਖਟੇ ਕੀਤੇ। ਪਠਾਣ ਹਾਰ ਕੇ ਨੱਠ ਗਏ।

ਮੁਹੱਸਨ ਫਾਨੀ ਲਿਖਦਾ ਹੈ ਕਿ ਗੁਰੂ ਜੀ ਦੀ ਸੇਵਾ ਵਿਚ ੩੫੦ ਸਵਾਰ ਤੇ ੬੦ ਤੋਪਚੀ ਹਰ ਵਕਤ ਰਹਿੰਦੇ ਸਨ । ੭੦੦ ਘੋੜਾ ਅਸਤਬਲ ਵਿਚ ਰਹਿੰਦਾ ਸੀ । ਬੀਰਤਾ ਦੇ ਪੁੰਜ ਨੇ ਕੀਰਤ ਪੁਰ ਵਿਚ ਪੀਰ ਕੈਵਾਨੀ, ਫਾਜ਼ਿਲ ਈਰਾਨੀ ਤੇ ਹਸਨ ਅਲੀ ਨੂੰ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ । ਭਾਈ ਬਿਧੀ ਚੰਦ ਤੇ ਬੁਢਣ ਸ਼ਾਹ ਤੇ ਪ੍ਰੇਮੀ ਸੁੰਦਰ ਸ਼ਾਹ ਨੂੰ ਪ੍ਰਚਾਰ ਲਈ ਦੇਵ ਨਗਰ (ਅਜੁਧਿਆ ਦੇ ਪਾਸ) ਭੇਜਿਆ । ਭਾਈ ਸ਼ਾਹ ਉਥੇ ਹੀ ਸਮਾਏ । ਉਨ੍ਹਾਂ ਦੀ ਸੰਤਾਨ ਨੇ ਬਿਭੂਤੀ ਲਿਆ ਕੇ ਸੁਰ ਸਿੰਘ ਵਿਚ ਅਸਥਾਨ ਬਣਾਇਆ ਗਿਆ ।

੧੬੯੫ ਵਿਚ ਬਾਬਾ ਗੁਰਦਿਤਾ ਜੀ ਦਾ ਚਲਾਣਾ ਹੋਇਆ । ਇਸ ਸਬੰਧੀ ਇਤਿਹਾਸ ਵਿਚ ਲਿਖਿਆ ਹੈ ਕਿ ਬਾਬਾ ਜੀ ਇਕ ਸਿੱਖ ਦੀ ਲੜਕੀ ਨਾਲ ਸ਼ਾਦੀ ਕਰਨਾ ਚਾਹੁੰਦੇ ਸਨ, ਪਰ ਗੁਰੂ ਜੀ ਨੇ ਆਪ ਨੂੰ ਕਿਹਾ—"ਇਸ ਸਿਖ ਨੂੰ ਅਸੀਂ ਆਪਣਾ ਪੁਤਰ ਕਹਿ ਚੁਕੇ ਹਾਂ ਇਸ ਦੀ ਬੇਟੀ ਨਾਲ ਤੁਹਾਨੂੰ ਸ਼ਾਦੀ ਨਹੀਂ ਕਰਨੀ ਚਾਹੀਦੀ ।" ਇਕ ਸਾਖੀ ਹੋਰ ਆਉਂਦੀ ਹੈ ਕਿ ਬਾਬਾ ਜੀ ਪਾਸੋਂ ਇਕ ਦਿਨ ਸ਼ਿਕਾਰ ਵਿਚ ਇਕ ਗਊ ਮਾਰੀ ਗਈ, ਉਸ ਨੂੰ ਆਪ ਕਰਾਮਾਤ ਨਾਲ ਜ਼ਿੰਦਾ ਕਰਨਾ ਚਾਹੁੰਦੇ ਸਨ। ਛੇਵੇਂ ਪਾਤਸ਼ਾਹ ਨੇ ਜਿਸ ਤਰ੍ਹਾਂ ਬਾਬਾ ਅਟੱਲ ਜੀ ਨੂੰ ਅੰਮ੍ਰਿਤਸਰ ਦੇ ਖੱਤਰੀਆਂ ਦੇ ਮੁੰਡੇ ਨੂੰ ਜੀਵਾਣ ਤੋਂ ਰੋਕਿਆ ਸੀ ਤੇ ਕਿਹਾ ਸੀ—"ਕਰਾਮਾਤ ਨਾਮ ਕਹਿਰ ਦਾ ਹੈ" ਇਸੇ ਤਰ੍ਹਾਂ ਬਾਬਾ ਜੀ ਨੂੰ ਭੀ ਰੋਕਿਆ ਤੇ ਕਿਹਾ ਤੁਸੀਂ ਇਹ ਕੰਮ ਠੀਕ ਨਹੀਂ ਕੀਤਾ। ਇਸ ਪਰ ਬਾਬਾ ਜੀ ਆਪ ਸਮਾ ਗਏ, ਉਨਾਂ ਨੇ ਜਿਥੇ ਮੋਈ ਹੋਈ ਗਊ ਜਵਾਈ ਸੀ, ਉਸ ਥਾਂ ਦਾ ਨਾਂ ਗੁਰਦਵਾਰਾ ਜਿੰਦਵੜੀ ਹੈ। ਅਨੰਦਪੁਰ ਦੇ ਪਾਸ ਹੈ।

ਬਾਬਾ ਜੀ ਦਾ ਦੇਹੁਰਾ ਕੀਰਤਪੁਰ ਵਿਚ ਪ੍ਰਸਿਧ ਹੈ। ਇਹ ਰਾਜਾ ਭੂਪ ਸਿੰਘ ਨੇ ਬਣਵਾਇਆ ਹੈ।

ਪ੍ਰਵਾਰ ਵਿਚੋਂ ਬਾਬਾ ਗੁਰਦਿਤਾ ਜੀ ਸ੍ਰੀ ਅਟੱਲ ਰਾਇ ਜੀ ਤੇ ਅਣੀ ਰਾਇ ਜੀ ਸਮਾ ਚੁਕੇ ਸਨ। ਧੀਰ ਮਲ ਗੁਰੂ ਘਰ ਦਾ ਦੋਖੀ ਸੀ । ਵੈਰਾਗ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਆਉਣ ਵਾਲੇ ਭਿਆਨਕ ਸਮੇਂ ਲਈ ਅਦੁਤੀ ਕੁਰਬਾਨੀ ਕਰਨ ਲਈ ਤਪ ਕਰ ਰਹੇ ਸਨ। ਇਸ ਲਈ ਗੁਰ ਗੱਦੀ ੧੬੯੮ ਵਿਚ ਬਾਬਾ ਗੁਰਦਿਤਾ ਜੀ ਦੇ ਪੁਤਰ ਸ੍ਰੀ ਹਰਿ ਰਾਇ ਜੀ ਨੂੰ ਦਿਤੀ ਗਈ। ਮੀਰੀ ਪੀਰ ਦੇ ਮਾਲਕ, ਭਗਤੀ ਸ਼ਕਤੀ ਦੇ ਅਵਤਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਿਖਾਂ ਨੂੰ ਜੀਵਨ ਤੇ ਭਾਰਤ ਵਰਸ਼ ਨੂੰ ਬੀਰਤਾ ਤੇ ਅਣਖ ਦੇ ਕੇ ਚੇਤਰ ਸੁਦੀ ੫ ਸੰਮਤ ੧੭੦੧ ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾਏ । ਆਪ ਦਾ ਸਮਾਉਣਾ ਕੋਈ ਸਾਧਾਰਣ ਘਟਨਾ ਨਹੀਂ ਸੀ । ਜਿਸ ਵਕਤ ਮਹਾਰਾਜ ਦਾ ਪਵਿਤਰ ਸਰੀਰ ਚਿਖਾ ਵਿਚ ਰਖਿਆ ਗਿਆ, ਉਸ ਵਕਤ ਰਾਜਾ ਰਾਮ ਪ੍ਰਤਾਪ ਸਿੰਘ ਰਾਜਪੂਤ ਤੇ ਸ਼ਿਵ ਸਿੰਘ ਬਲਦੀ ਅੱਗ ਵਿਚ ਮਹਾਰਾਜੇ ਦੇ ਚਰਨਾਂ ਨਾਲ ਲਿਪਟ ਕੇ ਸਚ ਖੰਡ ਪਧਾਰ ਗਏ । ਵਿਯੋਗ ਅਤੇ ਕਰੁਣਾ ਰਸ ਵਿਚ ਭਰੇ ਹੋਏ ਬਹੁਤ ਸਾਰੇ ਪ੍ਰੇਮੀ ਇਸ ਤਰ੍ਹਾਂ ਕਰਨਾ ਚਾਹੁੰਦੇ ਸਨ, ਪਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਨ੍ਹਾਂ ਨੂੰ ਧੀਰਜ ਦਿਤਾ ਤੇ ਰੋਕਿਆ।

ਕੀਰਤਪੁਰ ਵਿਚ ਸਤਲੁਜ ਦੇ ਕੰਢੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅੰਤਮ ਸੰਸਕਾਰ ਕੀਤਾ ਗਿਆ, ਉਸ ਅਸਥਾਨ ਦਾ ਨਾਂ ਗੁਰਦਵਾਰਾ ਪਤਾਲ ਪੁਰੀ ਪ੍ਰਸਿਧ ਹੈ।

ਭਾਰਤ ਵਿਚ ਮੁਗਲ ਰਾਜ ਦੇ ਵਿਰੁਧ ਰਾਜਪੂਤਾਂ, ਪੰਜਾਬ ਵਿਚ ਸਿੱਖਾਂ ਤੇ ਦੱਖਣ ਵਿਚ ਮਰਹੱਟਿਆਂ ਤੇ ਤਲਵਾਰ ਉਠਾਈ।
ਸਿੱਖਾਂ ਵਿਚ ਸਭ ਤੋਂ ਪਹਿਲੇ ਛੇਵੇਂ ਪਾਤਸ਼ਾਹ ਨੇ ਬੀਰਤਾ ਤੇ ਆਜ਼ਾਦੀ ਦੀ ਜਵਾਲਾ ਪ੍ਰਚੰਡ ਕੀਤੀ ਹੈ।

ਇਥੇ ਇਕ ਗੱਲ ਦਸਣੀ ਜ਼ਰੂਰੀ ਜਾਪਦੀ ਹੈ ਕਿ ਰਾਜਪੂਤ

ਅਗਨੀ ਕੁਲ ਖੱਤਰੀਆਂ ਦੀ ਸੰਤਾਨ ਸਨ। ਉਹ ਖਾਸ ਵੰਸ਼ ਸਨ, ਉਨ੍ਹਾਂ ਨੂੰ ਆਪਣੇ ਖ਼ੂਨ ਦੀ ਪਵਿੱਤਰਤਾ, ਵਡਿਆਂ ਦੀ ਗੌਰਵਤਾ, ਰਾਜਪੂਤੀ ਸ਼ਾਨ ਤੇ ਰਾਜਨੀਤਕ ਤਾਕਤ ਦਾ ਮਾਣ ਸੀ । ਇਨ੍ਹਾਂ ਗੱਲਾਂ ਨੂੰ ਮੁਖ ਰਖ ਕੇ ਰਾਜਪੂਤਾਂ ਨੇ ਸੂਰਬੀਰਤਾ ਅਤੇ ਦੇਸ਼ ਦੀ ਅਜ਼ਾਦੀ ਲਈ ਉਹ ਕਾਰਨਾਮੇ ਕੀਤੇ ਹਨ, ਜੋ ਇਤਿਹਾਸ ਵਿਚ ਰੌਸ਼ਨ ਹਨ । ਰਾਜਪੂਤ ਅਣਖ ਲਈ ਮਰ ਮਿਟੇ। ਉਨ੍ਹਾਂ ਲਈ ਇਕ ਸਮਾਂ ਅਜਿਹਾ ਵੀ ਆਇਆ ਕਿ ਜਦ ਅਤਿ ਹੀਣੇ ਹੋ ਕੇ ਰਾਜਪੂਤਾਂ ਨੇ ਆਪਣੀਆਂ ਲੜਕੀਆਂ ਦੇ ਡੋਲੇ ਅਕਬਰ, ਜਹਾਂਗੀਰ ਅਤੇ ਔਰੰਗਜ਼ੇਬ ਨੂੰ ਦਿਤੇ।

ਮਹਾਰਾਸ਼ਟਰ ਵਿਚ ਤੁਰਕਾਂ ਦਾ ਏਨਾ ਜ਼ੋਰ ਨਹੀਂ ਸੀ, ਜਿੰਨਾ ਪੰਜਾਬ ਵਿਚ ਸੀ। ਦੱਖਣ ਦੇ ਸ਼ਈਆਂ ਹਾਕਮ ਬੜੇ ਨਰਮ ਦਿਲ ਸਨ। ਇਸ ਲਈ ਮਰਹੱਟਿਆਂ ਦੀ ਤਾਕਤ ਬਣਦੀ ਰਹੀ।

ਹਿੰਦੁਸਤਾਨ ਤੇ ਹਮਲੇ ਕਰਕੇ ਲੁਟਮਾਰ ਕਰਨ ਵਾਲੇ ਪਠਾਣਾਂ, ਲੋਧੀਆਂ ਜਾਂ ਮੁਗਲਾਂ ਨੂੰ ਇਸਲਾਮ ਨੇ ਸੂਰਬੀਰ ਨਹੀਂ ਸੀ ਬਣਾਇਆ। ਇਹ ਕੌਮਾਂ ਪਹਿਲੇ ਹੀ ਲੜਾਕੀਆਂ ਸਨ।

ਇਨ੍ਹਾਂ ਦੇ ਟਾਕਰੇ ਵਿਚ ਪੰਜਾਬ ਵਿਚ ਜੀਵਨ ਪੈਦਾ ਕਰਨਾ ਸਿੱਖੀ ਲਈ ਬਹੁਤ ਕਠਨ ਸੀ। ਇਸ ਮਹਾਨ ਅਤੇ ਕਠਨ ਕੰਮ ਨੂੰ ਮੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ੁਰੂ ਕੀਤਾ । ਸਿਖੀ ਨੂੰ ਖ਼ੂਨ ਜਾਂ ਨਸਲ ਦੀ ਬਿੱਨਾ ਤੇ ਬਹਾਦਰੀ ਨਹੀਂ ਦਿਤੀ ਬਲਕਿ ਨੀਵੀਂ ਜਾਤੀ ਦੇ ਮਨੁਖਾਂ ਨੂੰ ਬਲਵਾਨ ਬਣਾਇਆ । ਮਨੁਖ ਸੁਭਾਵ ਨੂੰ ਬਦਲਣ ਦੀ ਕਰਾਮਾਤ ਵਿਖਾਈ ਹੈ।

*

ਨਿਰਾਲੇ ਸੂਰਬੀਰ

ਸ੍ਰੀ ਗੁਰੂ ਹਰਿ ਰਾਇ ਜੀ

(੧) ਪੰਕ ਬਿਖੇ ਬਸਤਾ ਰਸ ਮੈਂ,
ਰਸ ਊਰਧ ਕੋ ਨਿਸਚ ਸਰ ਸੇਰੋਂ ।
ਗ੍ਰੀਵ ਲਉ ਨੀਰ ਮੈਂ ਧੀਰ ਧਰੇ
ਇਕ ਪੈਰ ਖਰੋ ਥਿਰ ਹੈ ਰਵਿ ਹੇਰੋਂ ।
ਆਤਪ ਸੀਤ ਸਹੈ ਬਰਖਾ,
ਤਪ ਸਾਧਤ ਯਾ ਬਿਧੀ ਕੂਰ ਘਨੇਰੋਂ ।
ਸ੍ਰੀ ਹਰਿ ਰਾਇ ਕੇ ਪਾਇ ਸਮਾਨਤਾ,
ਪਾਇ ਨ ਕੰਜ ਉਪਾਇ ਬਤੇਰੋਂ ।
(ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ)

---

(੨) ਕੋਮਲ ਉਦਾਰ ਚਿਤ, ਵੀਰਤਾ ਕੇ ਪੁੰਜ ਹੈਂ,
ਧੀਰਜ ਕੋ ਧਾਮ ਕੌਨ ਉਪਮਾ ਗਨਾਇ ਜੂ ।
ਸੇਵਕ ਸਹਾਈ ,ਵਰਦਾਈ ਦੀਨ ਹੀਨਨ ਕੋ,
ਲਾਜ ਕੇ ਹੈਂ ਰੱਛਕ, ਤੇਜ ਪੁੰਜ ਕੇ ਸਹਾਇ ਜੂ ।
ਜਾਕੋ ਨਾਮ ਲੇਤ ਪਾਪ ਕੋਟ ਹੀ ਬਿਲਾਇ ਜਾਤ,
ਜਾਕੇ ਧਿਆਨ ਧਰੇ ਜਮ, ਮਿਰਤ ਹੀ ਪਲਾਇਆ ਜੂ ।
ਦੀਨ ਬੰਧੂ, ਕਰੁਣਾ ਨਿਧਿ, ਸਮਰੱਥ ਅਨੂਪਮ ਹੈਂ
ਐਸੋ ਮਹਾਰਾਜ ਸ੍ਰੀ ਗੁਰੂ ਹਰਿ ਰਾਇ ਜੂ ।
[ਪ੍ਰਤਾਪ ਸਿੰਘ]

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਅਵਤਾਰ ਧਾਰਿਆ- ਮਾਘ ਸੁਦੀ ੧੩, ਸੰਮਤ ੧੬੮੭।

ਜਨਮ ਅਸਥਾਨ- ਸ਼ੀਸ਼ ਮਹਿਲ ਕੀਰਤ ਪੁਰ ਜ਼ਿਲਾ ਰੋਪੜ।

ਮਾਤਾ ਪਿਤਾ- ਸ੍ਰੀ ਬਾਬਾ ਗੁਰਦਿਤਾ ਜੀ, ਮਾਤਾ ਨਿਹਾਲ ਕੌਰ ਜੀ।

ਗੁਰਗੱਦੀ- ਚੇਤਰ ਵਦੀ ੧੩, ਸੰਮਤ ੧੬੯੮।

ਵਿਆਹ- ਕਿਸ਼ਨ ਕੌਰ ਜੀ (ਸੁਲੱਖਣੀ)

ਸੰਤਾਨ- ਬਾਬਾ ਰਾਮ ਰਾਇ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ।

ਜੋਤੀ ਜੋਤ ਸਮਾਏ- ਕੱਤਕ ਵਦੀ ੯ ਸੰਮਤ ੧੭੧੮ ਕੀਰਤ ਪੁਰ।

ਅਠਾਈਵਾਂ ਵਿਆਖਿਆਨ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ
ਨਿਰਾਲੇ ਸੂਰਬੀਰ, ਸੂਰਬੀਰਤਾ ਤੇ ਪ੍ਰੇਮ ਦੇ ਪੁੰਜ
ਬਖਸ਼ਸ਼ਾਂ ਦੇ ਮਾਲਕ

ਕੋਮਲਤਾ, ਸੂਰਬੀਰਤਾ ਤੇ ਪ੍ਰੇਮ ਆਮ ਤੌਰ ਤੇ ਇਕ ਥਾਵੇਂ ਨਹੀਂ ਪਾਏ ਜਾਂਦੇ। ਹੀਰਾ ਕਠੋਰ ਤੇ ਗੁਲਾਬ ਦਾ ਫੁਲ ਕੋਮਲ ਹੁੰਦਾ ਹੈ। ਹੀਰਾ ਟੁਟਦਾ ਨਹੀਂ, ਫੁਲ ਨੂੰ ਲੋਕੀਂ ਹੱਥਾਂ ਨਾਲ ਮਿਧ ਦੇਂਦੇ ਹਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਸੂਰਬੀਰਤਾ ਦੇ ਪੁੰਜ, ਪ੍ਰੇਮ ਅਤੇ ਦਇਆ ਦੇ ਭੰਡਾਰ, ਲੋਹੇ ਦੀ ਤਰ੍ਹਾਂ ਸਖਤ ਤੇ ਫੁਲਾਂ ਦੀ ਤਰ੍ਹਾਂ ਨਰਮ ਆਚਰਨ ਰਖਦੇ ਸਨ। ਆਪ ਸੂਰਬੀਰ ਜਰਨੈਲ ਸਨ। ੨੨੦੦ ਸਵਾਰ ਹਰ ਵਕਤ ਨਾਲ ਰਖਦੇ ਸਨ। ਸ਼ਿਕਾਰ ਕਰਦੇ ਸਨ, ਪਰ ਜਾਨਵਰਾਂ ਨੂੰ ਮਾਰਨ ਦੀ ਥਾਵੇਂ ਜੀਊਂਦਾ ਪਕੜ ਲਿਆਉਂਦੇ ਤੇ ਕੀਰਤਪੁਰ ਦੇ ਬਾਗ ਵਿਚ ਪਾਲਦੇ ਸਨ। ਗਰੀਬਾਂ ਤੇ ਅਨਾਥਾਂ ਤੇ ਬਖਸ਼ਸ਼ ਕਰਨੀ ਤੇ ਦੁਖੀਆਂ ਦੀ ਸੇਵਾ ਆਪ ਦੇ ਸੁਭਾਵਿਕ ਗੁਣ ਸਨ।

ਬਾਬਾ ਗੁਰਦਿਤਾ ਜੀ ਦੀ ਸ਼ਾਦੀ ਚੋਧਰੀ ਨਰਾਇਨ ਦਾਸ ਵਟਾਲੇ ਦੀ ਸਪੁਤਰੀ ਨਿਹਾਲ ਕੌਰ ਜੀ ਨਾਲ ਹੋਈ, ਜਿਸ ਤੋਂ ਦੋ ਪੁਤਰ–ਧੀਰ ਮਲ ਤੇ ਸ੍ਰੀ ਗੁਰੂ ਹਰਿਰਾਇ ਜੀ ਹੋਏ। ਗੁਰੂ ਜੀ ਦਾ ਅਵਤਾਰ ਮਾਘ ਸੁਦੀ ੧੩ ਸੰਮਤ ੧੬੮੭ ਨੂੰ ਹੋਇਆ। ਆਪ ਬੜੇ ਸੰਤ ਸਰੂਪ, ਹੋਣਹਾਰ ਤੇ ਸ਼ੁਭ ਗੁਣਾਂ ਵਾਲੇ ਸਨ। ਮਾਤਾ ਨਿਹਾਲ ਕੌਰ ਜੀ ਨੇ ਇਕ ਵੇਰ ਧੀਰ ਮਲ ਨੂੰ ਛੇਵੇਂ ਸਤਿਗੁਰਾਂ ਦੇ ਪੇਸ਼ ਕੀਤਾ ਤਾਂ ਆਪ ਨੇ ਉਸ ਦੇ ਲੱਛਣ ਵੇਖ ਕੇ ਫੁਰਮਾਇਆ–

'ਦੂਜਾ ਪ੍ਰਿਥੀਆ ਹੋਵੇਗਾ।' ਸਚਮੁਚ ਐਸਾ ਹੀ ਹੋਇਆ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਵਿਦਿਆ, ਸਿਖਿਆ, ਸ਼ਸਤ੍ਰ ਵਿਦਿਆ ਛੇਵੇਂ ਸਤਿਗੁਰੂ ਜੀ ਦੀ ਨਿਗਰਾਨੀ ਹੇਠ ਹੋਈ। ਇਕ ਦਿਨ ਆਪ ਕੀਰਤਪੁਰ ਦੇ ਬਾਗ ਵਿਚ ਟਹਿਲ ਰਹੇ ਸਨ ਕਿ ਹਵਾ ਚਲ ਪਈ। ਆਪ ਦਾ ਜਾਮਾ ਖਿੰਡਣ ਨਾਲ ਕੁਝ ਫੁਲ ਟੁਟ ਗਏ। ਇਹ ਵੇਖ ਕੇ ਆਪ ਬੂਟਿਆਂ ਪਾਸ ਖਲੋ ਗਏ ਤੇ ਮਨ ਵਿਚ ਕਹਿਣ ਲਗੇ—'ਮੇਰੇ ਜਾਮੇ ਨਾਲ ਇਹ ਬੇਗੁਨਾਹ ਫੁਲ ਕਿਉਂ ਟੁਟ ਗਏ ਹਨ ?'

ਆਪ ਸੋਚ ਹੀ ਰਹੇ ਸਨ ਕਿ ਉਤੋਂ ਛੇਵੇਂ ਗੁਰੂ ਜੀ ਆ ਗਏ, ਉਨ੍ਹਾਂ ਫੁਰਮਾਇਆ—'ਬੇਟਾ ਕੀ ਸੋਚ ਰਹੇ ਹੋ ?'

ਆਪ ਨੇ ਉਤਰ ਦਿਤਾ—'ਸਚੇ ਪਾਤਸ਼ਾਹ ! ਮੇਰਾ ਜਾਮਾ ਖਿੰਡਣ ਨਾਲ ਇਹ ਬੇਗੁਨਾਹ ਫੁਲ ਟੁਟ ਗਏ ਹਨ। ਇਨ੍ਹਾਂ ਨੂੰ ਦੁਖ ਹੋਇਆ ਹੋਵੇਗਾ।'

ਕੋਮਲ ਚਿਤ ਗੁਰੂ ਜੀ ਦੀ ਇਹ ਗਲ ਸੁਣ ਕੇ ਛੇਵੇਂ ਪਾਤਸ਼ਾਹ ਨੇ ਫੁਰਮਾਇਆ—'ਬੇਟਾ ! ਜਦੋਂ ਵਡਾ ਜਾਮਾ ਪਹਿਨੀਏ ਜਾਂ ਵਡੀ ਜ਼ਿਮੇਵਾਰੀ ਲਈਏ, ਤਦ ਸੰਭਲ ਕੇ ਤੁਰਨਾ ਚਾਹੀਦਾ ਹੈ ਤਾਂ ਕਿ ਕੋਈ ਮਾਸੂਮ ਬੇਗੁਨਾਹ ਨਾ ਮਾਰਿਆ ਜਾਏ।'

ਇਹ ਇਕ ਰਮਜ਼ ਸੀ ਕਿ ਜਿਤਨੀ ਤਾਕਤ ਹੋਵੇ ਉਸ ਨੂੰ ਜ਼ਿਮੇਵਾਰੀ ਨਾਲ ਸੰਭਲ ਕੇ ਵਰਤੀਏ। ਸੰਸਾਰ ਦੇ ਇਤਿਹਾਸ ਵਿਚ ਇਹ ਗਲ ਘਟ ਮਿਲਦੀ ਹੈ ਕਿ ਤਾਣ ਹੁੰਦਿਆਂ ਕੋਈ ਨਿਤਾਣਾ ਹੋਵੇ। ਰਾਜਨੀਤਕ ਤਾਕਤ ਅਗੇ ਦੌਲਤ ਦਾ ਨਸ਼ਾ ਆਦਮੀ ਨੂੰ ਅੰਨ੍ਹਿਆਂ ਕਰ ਦਿੰਦਾ ਹੈ। ਰਾਜਨੀਤੀ ਦੀ ਡਿਕਸ਼ਨਰੀ ਵਿਚ ਤਰਸ, ਖਿਮਾ ਤੇ ਪਰੇਮ ਸ਼ਬਦ ਹੀ ਕੋਈ ਨਹੀਂ। ਇਕ ਇਸ਼ਾਰੇ ਨਾਲ ਸੈਂਕੜੇ ਆਦਮੀ ਮਾਰ ਦਿਤੇ ਜਾਂਦੇ ਹਨ। ਗਰੀਬਾਂ ਦੀ ਪੁਕਾਰ ਸੁਣੀ ਹੀ ਨਹੀਂ ਜਾਂਦੀ। ਸਤਵੇਂ ਪਾਤਸ਼ਾਹ ਦਾ ਜੀਵਨ

ਤਾਕਤ, ਜ਼ਿਮੇਵਾਰੀ, ਸੂਰਬੀਰਤਾ, ਪਿਆਰ ਅਤੇ ਸੇਵਾ ਦਾ ਇਕ ਅਸਚਰਜ ਨਮੂਨਾ ਹੈ । ਆਪ ਨੇ ਫੌਜਾਂ ਰਖੀਆਂ, ਪਰ ਜੰਗ ਕੋਈ ਨਾ ਕੀਤਾ ।

ਸ਼ਾਹ ਜਹਾਂ ਦੇ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਕੀਤੇ ਹਨ, ਪਰ ਆਪ ਨੇ ਜੰਗ ਨਾ ਕਰ ਕੇ ਸੰਸਾਰ ਨੂੰ ਦਸਿਆ ਕਿ ਸਿਰਫ ਲੜਨਾ ਹੀ ਸਿਖੀ ਦਾ ਆਦਰਸ਼ ਨਹੀਂ । ਇਸ ਤਰ੍ਹਾਂ ਮੁਗਲ ਨੂੰ ਸਮਾਂ ਦਿਤਾ ਕਿ ਉਹ ਆਪਣੀ ਨੀਤੀ ਪਰ ਵਿਚਾਰ ਕਰੇ ਤੇ ਉਸ ਨੂੰ ਠੀਕ ਕਰੇ ।

ਸ਼ਾਹ ਜਹਾਂ ਦੀ ਨੀਤੀ ਸਿਖਾਂ ਦੇ ਵਿਰੁਧ ਸੀ। ਇਸ ਲਈ ਗੁਰੂ ਜੀ ਨੇ ਉਸ ਨਾਲ ਮਿਲਵਰਤਨ ਨਹੀਂ ਕੀਤਾ। 'ਨਹਿੰ ਮਲੇਛ ਕੋ ਦਰਸ਼ਨ ਦੇਂ ਹੈਂ' ਦੀ ਨੀਤੀ ਉਤੇ ਅਮਲ ਕੀਤਾ ਹੈ । ਕੋਮਲ ਚਿਤ ਕਿੰਨੇ ਸਨ ? ਇਕ ਵੇਰ ਸ਼ਾਹ ਜਹਾਂ ਦਾ ਪੁਤਰ ਦਾਰਾ ਸ਼ਿਕੋਹ ਬੀਮਾਰ ਹੋ ਗਿਆ । ਹਕੀਮਾਂ ਨੇ ਖਾਸ ਵਜ਼ਨ ਦੇ ਲੌਂਗ ਹਰੜਾਂ ਤੇ ਗਜ ਮੋਤੀ ਦਵਾਈ ਲਈ ਤਜਵੀਜ਼ ਕੀਤੇ । ਇਹ ਚੀਜ਼ਾਂ ਗੁਰੂ ਜੀ ਦੇ ਤੋਸ਼ੇਖਾਨੇ ਵਿਚ ਸਨ। ਆਪ ਨੇ ਦਾਰਾ ਲਈ ਭੇਜੀਆਂ । ਹਕੀਮਾਂ ਨੇ ਦਵਾਈ ਤਿਆਰ ਕੀਤੀ, ਜਿਸ ਨਾਲ ਉਹ ਰਾਜ਼ੀ ਹੋ ਗਿਆ ।

੧੬੫੭ ਈ: ਵਿਚ ਸ਼ਾਹ ਜਹਾਂ ਬੀਮਾਰ ਹੋ ਗਿਆ। ਉਸ ਦੇ ਪੁਤਰਾਂ ਵਲੋਂ ਸ਼ੁਜਾਹ ਬੰਗਾਲ ਦਾ, ਮੁਰਾਦ ਗੁਜਰਾਤ ਦਾ, ਦਾਰਾ ਸ਼ਿਕੋਹ ਪੰਜਾਬ ਤੇ ਔਰੰਗਜ਼ੇਬ ਦਖਣ ਦਾ ਹਾਕਮ ਸੀ । ਪਿਓ ਦੀ ਬੀਮਾਰੀ ਤੇ ਇਨ੍ਹਾਂ ਵਿਚ ਗੱਦੀ ਦਾ ਝਗੜਾ ਹੋ ਪਿਆ। ਔਰੰਗਜ਼ੇਬ ਤੇ ਮੁਰਾਦ ਨੇ ਮਿਲ ਕੇ ਰਾਜਧਾਨੀ ਵਲ ਵਧਣਾ ਚਾਹਿਆ । ੨੯ ਮਈ ੧੬੫੮ ਈ: ਨੂੰ ਆਗਰੇ ਦੇ ਕੋਲ ਸੰਮੂ ਗੜ੍ਹ ਦੇ ਮਕਾਮ ਤੇ ਦਾਰਾ ਨਾਲ ਇਨ੍ਹਾਂ ਦੀ ਲੜਾਈ ਹੋਈ । ਸ਼ਾਹ ਜਹਾਂ ਕੈਦ ਕਰ ਦਿਤਾ ਗਿਆ । ਉਸ ਨੇ ਆਪਣੇ ਭਰਾਵਾਂ ਖੁਸਰੋ ਤੇ ਪਰਵੇਜ਼ ਨੂੰ ਮਰਵਾਇਆ ਸੀ । ਔਰੰਗਜ਼ੇਬ ਨੇ ਸ਼ਾਹ ਜਹਾਂ ਨੂੰ ਕਿਹਾ—

"ਕੀ ਤੁਹਾਨੂੰ ਚੇਤੇ ਨਹੀਂ ਕਿ ਰਾਜ ਤਿਲਕ ਤੋਂ ਪਹਿਲੇ ਖੁਸਰੋ ਤੇ ਪਰਵੇਜ਼ ਨੂੰ ਜਿਨ੍ਹਾਂ ਤੁਹਾਡੇ ਵਿਰੁਧ ਉਂਗਲੀ ਨਹੀਂ ਉਠਾਈ, ਕਿਸ ਤਰ੍ਹਾਂ ਮਰਵਾ ਦਿਤਾ ਸੀ ?"

ਦਾਰਾ ਹਾਰ ਖਾ ਕੇ ਪੰਜਾਬ ਵਲ ਆਇਆ, ਉਸ ਨੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੂੰ ਖਤ ਲਿਖਿਆ। ਆਪ ਕੀਰਤਪੁਰ ਨਹੀਂ ਸਨ। ਖਡੂਰ ਆਏ ਹੋਏ ਸਨ। ਇਸ ਲਈ ਦਾਰਾ ਆਪ ਨੂੰ ਇਥੇ ਆ ਕੇ ਮਿਲਿਆ। ਆਪ ਨੇ ਉਸ ਦੀ ਸੇਵਾ ਕੀਤੀ। ਔਰੰਗਜ਼ੇਬ ਦਾ ਫੌਜਦਾਰ ਪਿਛੇ ਆ ਰਿਹਾ ਸੀ। ਆਪ ਨੇ ੨੨੦੦ ਸਵਾਰ ਲੈ ਕੇ ਦਰਿਆ ਬਿਆਸ ਤੋਂ ਪਰਲੇ ਕੰਢੇ ਉਸ ਨੂੰ ਰੋਕ ਦਿਤਾ। ਜਦ ਦਾਰਾ ਲਾਹੌਰ ਤੋਂ ਅੱਗੇ ਮੁਲਤਾਨ ਵਲ ਨਿਕਲ ਗਿਆ, ਉਸ ਵਕਤ ਫੌਜਦਾਰ ਨੂੰ ਲੰਘਣ ਦਿਤਾ।

ਗੁਰੂ ਜੀ ਦੇ ਜੀਵਨ ਸਬੰਧੀ ਇਤਿਹਾਸ ਵਿਚ ਇਕ ਭੁਲੇਖਾ ਪਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਸੱਤ ਜਾਂ ਅੱਠ ਵਿਆਹ ਕੀਤੇ ਹਨ। ਤ੍ਵਾਰੀਖ ਗੁਰੂ ਖਾਲਸਾ ਨੇ ਚਾਰ ਲਿਖੇ ਹਨ ਤੇ ਦਸਿਆ ਹੈ ਕਿ ਅਨੂਪ ਸ਼ਹਿਰ (ਯੂ. ਪੀ.) ਦੇ ਭਾਈ ਦਯਾ ਰਾਮ ਦੀਆਂ ਚਾਰ ਲੜਕੀਆਂ ਸਨ, ਉਸ ਨੇ ਕੀਰਤ ਪੁਰ ਆ ਕੇ ਚੋਹਾਂ ਦਾ ਵਿਆਹ ਗੁਰੂ ਜੀ ਨਾਲ ਕਰ ਦਿਤਾ। ਮਹਿਮਾਂ ਪ੍ਰਕਾਸ਼, ਜੋ ਸੂਰਜ ਪ੍ਰਕਾਸ਼ ਤੋਂ ਭੀ ਪਹਿਲੇ ਦੀ ਲਿਖਤ ਹੈ, ਉਸ ਨੇ ਇਕੋ ਮਾਤਾ ਸੁਲਖਣੀ ਜੀ ਨਾਲ ਸ਼ਾਦੀ ਹੋਣੀ ਲਿਖੀ ਹੈ, ਵਿਚਾਰਨ ਵਾਲੀ ਗੱਲ ਹੈ ਕਿ ਵਿਆਹ ਸਮੇਂ ਗੁਰੂ ਜੀ ਦੀ ਆਯੂ ਦਸ ਵਰ੍ਹੇ ਦੀ ਦੱਸੀ ਜਾਂਦੀ ਹੈ। ਇਕ ਆਦਮੀ ਦੀਆਂ ਸਤੇ ਲੜਕੀਆਂ ਨਾਲ ਆਪ ਦੀ ਸ਼ਾਦੀ ਹੋਈ ਹੋਵੇ ਤਾਂ ਜੇ ਸਭ ਤੋਂ ਵਡੀ ਦੀ ਉਮਰ ਦਸ ਸਾਲ ਸਮਝੀ ਜਾਵੇ ਤਾਂ ਸਭ ਤੋਂ ਛੋਟੀ ਦੀ ਉਮਰ ਸਵਾ ਸਾਲ ਬਣਦੀ ਹੈ। ਕਿਹੜੇ ਮਾਤਾ ਪਿਤਾ ਹਨ, ਜੋ ਇਸ ਤਰ੍ਹਾਂ ਦੀ ਸ਼ਾਦੀ ਕਰ ਸਕਦੇ ਸਨ ? ਦੂਸਰੇ ਜੇ

ਬਹੁਤ ਸ਼ਾਦੀਆਂ ਸਨ ਤਾਂ ਸੰਤਾਨ ਸਿਰਫ ਇਕੋ ਵਿਚੋਂ ਮਿਲਦੀ ਹੈ। ਇਸ ਦਾ ਕੀ ਕਾਰਨ ? ਇਸ ਲਈ ਮਹਿਮਾ ਪ੍ਰਕਾਸ਼ ਦੀ ਲਿਖਤ ਠੀਕ ਹੈ। ਦਰ ਅਸਲ ਇਕੋ ਸ਼ਾਦੀ ਸੀ।

ਹੁਣ ਅਸੀਂ ਗੁਰੂ ਜੀ ਦੇ ਕੀਤੇ ਵਿਸ਼ੇਸ਼ ਕੰਮਾਂ ਦਾ ਵਰਣਨ ਕਰਦੇ ਹਾਂ । ਆਪ ਨੇ ਪ੍ਰਚਾਰ ਲਈ ਬੜਾ ਕੰਮ ਕੀਤਾ ਹੈ ਉਦਾਸੀਆਂ ਦੀਆਂ ਛੇ ਬਖਸ਼ਸ਼ਾਂ ਹਨ, ਜਿਨ੍ਹਾਂ ਵਿਚੋਂ ਤਿੰਨ ਆਪ ਦੀਆਂ ਹਨ। ਉਹ ਇਹ ਹਨ-

੧. ਸੁਥਰੇ ਸ਼ਾਹੀ-

ਸੁਥਰੇ ਸ਼ਾਹ, ਪਿੰਡ ਬਹਿਰਾਮ ਜ਼ਿਲਾ ਗੁਰਦਾਸ ਪੁਰ ਦਾ ਸੀ। ਇਹ ਜਨਮ ਤੋਂ ਬੜਾ ਕਰੂਪ ਸੀ। ਮਾਤਾ ਪਿਤਾ ਨੇ ਰੂੜੀ ਤੇ ਸੁਟ ਦਿਤਾ ਉਧਰੋਂ ਛੇਵੇਂ ਪਾਤਸ਼ਾਹ ਲੰਘੇ, ਆਪ ਨੇ ਇਸ ਨੂੰ ਉਠਾਇਆ । ਸਿਖਾਂ ਨੇ ਕਿਹਾ-'ਇਹ ਬਾਲਕ ਕੋਹਥਰਾ (ਗੰਦਾ) ਹੈ ।'' ਗੁਰੂ ਜੀ ਨੇ ਫੁਰਮਾਇਆ-''ਸੁਥਰਾ ਹੋਵੇਗਾ ।'' ਇਹ ਬੜਾ ਹਸਮੁਖ ਆਦਮੀ ਸੀ । ਸਤਵੇਂ ਪਾਤਸ਼ਾਹ ਨੇ ਸੁਥਰੇ ਨੂੰ ਬਖਸ਼ਸ਼ ਕੀਤੀ । ਇਸ ਦੇ ਚੇਲਿਆਂ ਨੇ ਦੂਰ ਦੂਰ ਜਾ ਕੇ 'ਹਰਦਮ ਨਾਨਕ ਸ਼ਾਹ ਧਰਮ ਦੇ ਬੇੜੇ ਬੰਨੇ ਲਾ'' ਦਾ ਸੰਦੇਸ਼ ਦਿਤਾ।

੨. ਭਗਤ ਭਗਵਾਨ-

ਆਪ ਬੁਧ ਗਿਆ ਦੇ ਮਹੰਤ ਤੇ ਸੰਨਿਆਸੀ ਸਨ । ਪਹਿਲਾ ਨਾਂ ਦੇਵ ਗਿਰ ਸੀ । ੩੬੦ ਸਾਧੂਆਂ ਦੀ ਮੰਡਲੀ ਲੈ ਕੇ ਪੰਜਾਬ ਆਏ । ਆਪ ਨੇ ਗੁਰੂ ਜੀ ਦੇ ਦਰਸ਼ਨ ਕੀਤੇ । ਡੇਰਾ ਬਾਬਾ ਨਾਨਕ ਵਿਚ ਲਖਮੀ ਦਾਸ ਜੀ ਦੇ ਪੋਤਰੇ ਬਾਬਾ ਮੇਹਰ ਚੰਦ ਜੀ ਨੂੰ ਮਿਲੇ ਪਰ ਆਤਮਿਕ ਸ਼ਾਂਤੀ ਤੇ ਬਰਕਤ ਸਤਵੇਂ ਪਾਤਸ਼ਾਹ ਤੋਂ ਮਿਲੀ। ਇਸ ਲਈ ਦੇਵ-ਗਿਰੀ ਤੋਂ ਸਿਖ ਬਣ ਗਏ । ਗੁਰੂ ਜੀ ਨੇ ਆਪ ਦੀ ਸੇਵਾ ਭਗਤੀ ਦੇਖ ਕੇ ਆਪ ਦਾ ਨਾਮ ਭਗਤ ਭਗਵਾਨ ਰਖਿਆ । ਇਨ੍ਹਾਂ ਨੇ ਬਿਹਾਰ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ । ਪਟਨਾ, ਬਰੇਲੀ ਤੇ ਰਾਜ

ਗਿਰੀ ਵਿਚ ਬਹੁਤ ਸਾਰੇ ਡੇਰੇ ਬਣਾਏ, ਰਾਜਗਿਰੀ 'ਚ ਵਡਾ ਡੇਰਾ ਹੈ।

੩. ਤੀਸਰੀ ਬਖਸ਼ਸ਼-ਭਾਈ ਫੇਰੂ ਸਾਹਿਬ ਦੀ ਹੈ। ਆਪ ਦਾ ਪਹਿਲਾ ਨਾਂ ਸੰਗਤ ਸੀ। ਲੰਮੇ ਦੇ ਰਹਿਣ ਵਾਲੇ ਸਨ। ਫੇਰੀ ਦਾ ਕੰਮ ਕਰਦੇ ਕੀਰਤ ਪੁਰ ਪੁਜੇ। ਭਾਈ ਭਗਤੂ ਜੀ ਦੀ ਸੰਗਤ ਕਰਕੇ ਸਿੱਖ ਬਣੇ। ਕੀਰਤ ਪੁਰ ਵਿਚ ਆਪ ਲੰਗਰ ਦੀ ਸੇਵਾ ਕਰਦੇ ਸਨ। ਫੇਰੂ ਦਾ ਲੰਗਰ ਮਸ਼ਹੂਰ ਸੀ। ਆਪ ਨੇ ੧੨ ਸਾਲ ਲੰਗਰ ਦੀ ਸੇਵਾ ਕੀਤੀ, ਉਪ੍ਰੰਤ (ਲੰਮੇ ਦੇਸ਼ ਕਸੂਰ ਤੇ ਚੂਨੀਆਂ ਦੇ ਇਲਾਕੇ) ਦੇ ਮਸੰਦ ਨੀਯਤ ਕੀਤੇ ਗਏ।

ਇਕ ਦਿਨ ਇਕ ਸਿੱਖ ਭਾਈ ਫੇਰੂ ਜੀ ਦੇ ਲੰਗਰ ਵਿਚ ਆਇਆ, ਉਸ ਨੂੰ ਲਾਂਗਰੀ ਨੇ ਪ੍ਰਸ਼ਾਦਾ ਨਾ ਦਿਤਾ ਤੇ ਸੰਬੰਧੀਆਂ ਨੂੰ ਛਕਾ ਦਿਤਾ। ਸਿੱਖ ਨੇ ਕਿਹਾ-"ਫੇਰੂ ਦਾ ਲੰਗਰ ਕਾਣਾ।" ਇਹ ਬਚਨ ਸੁਣ ਕੇ ਭਾਈ ਸਾਹਿਬ ਨੇ ਕਿਹਾ-"ਮੈਂ ਕਾਣਾ ਹੋ ਜਾਵਾਂ, ਲੰਗਰ ਗੁਰੂ ਕਾ ਹੈ। ਇਹ ਕਿਉਂ ਕਾਣਾ ਹੋਵੇ?" ਇਹ ਆਖ ਕੇ ਆਪ ਨੇ ਸਿੱਖੀ ਦੀ ਬੜੀ ਸੇਵਾ ਕੀਤੀ।

ਦਸਮ ਪਾਤਸ਼ਾਹ ਨੇ ਜਦ ਸਾਰੇ ਮਸੰਦ ਪਕੜ ਮੰਗਵਾਏ ਤਦ ਭਾਈ ਫੇਰੂ ਸਾਹਿਬ ਵੀ ਪਕੜੇ ਹੋਏ ਆਏ। ਆਪ ਨੇ ਆਪਣੀ ਦਾਹੜੀ ਹਥ ਵਿਚ ਪਕੜੀ ਹੋਈ ਸੀ। ਸਚਾ ਪ੍ਰੇਮ, ਸਿਦਕ ਤੇ ਨਿੰਮ੍ਰਤਾ ਦੇਖ ਕੇ ਦਸਮ ਪਾਤਸ਼ਾਹ ਨੇ ਆਪ ਨੂੰ ਬਖਸ਼ ਦਿਤਾ। ਅੱਧੀ ਦਸਤਾਰ ਨਗਾਰਾ ਤੇ ਨਿਸ਼ਾਨ ਬਖਸ਼ ਕੇ 'ਸੰਗਤ ਸਾਹਿਬ ਭਾਈ ਫੇਰੂ ਸੱਚੀ ਦਾਹੜੀ' ਦਾ ਖਿਤਾਬ ਦਿਤਾ। ਸਿੱਖ ਰਾਜ ਸਮੇ ਸੰਤੋਖ ਦਾਸ ਤੇ ਪ੍ਰੀਤਮ ਦਾਸ ਜੀ ਉਦਾਸੀ ਹੋਏ ਹਨ, "ਜਿਨ੍ਹਾਂ ਨੇ ਅੰਮ੍ਰਿਤਸਰ ਸਰੋਵਰ ਦੀ ਹੰਸਲੀ ਦੀ ਸੇਵਾ ਕੀਤੀ ਹੈ। ਇਹ ਭਾਈ ਫੇਰੂ ਜੀ ਦੀ ਸ਼ਾਖ ਤੇ ਸਾਧੂ ਸਨ।

ਇਹ ਤਾਂ ਧਾਰਮਿਕ ਬਖਸ਼ਸ਼ਾਂ ਸਨ। ਸਤਵੇਂ ਪਾਤਸ਼ਾਹ ਨੇ ਰੰਕਾਂ ਨੂੰ ਵੀ ਰਾਜ ਦਿਤਾ ਹੈ। ਇਕ ਵੇਰ ਸਤਿਗੁਰੂ ਮਾਲਵੇ ਵਿਚ ਗਏ

ਤਾਂ ਭਾਈ ਕਾਲਾ ਆਪਣੇ ਦੋ ਭਤੀਜਿਆਂ–ਫੂਲ ਅਤੇ ਸੰਦਲੀ ਨੂੰ ਹਜ਼ੂਰ ਦੇ ਪਾਸ ਲਿਆਇਆ । ਉਹ ਦੋਵੇਂ ਬੱਚੇ ਢਿੱਡ ਵਜਾ ਰਹੇ ਸਨ। ਦੀਨ ਦਿਆਲ ਨੇ ਪੁਛਿਆ, "ਇਹ ਢਿੱਡ ਕਿਉਂ ਵਜਾਂਦੇ ਹਨ ?" ਕਾਲੇ ਨੇ ਉਤਰ ਦਿਤਾ, "ਇਨ੍ਹਾਂ ਦਾ ਪਿਤਾ ਰੂਪ ਚੰਦ ਗੁਜ਼ਰ ਗਿਆ ਹੈ। ਦੋਵੇਂ ਯਤੀਮ ਤੇ ਪੇਟੋਂ ਭੁਖੇ ਹਨ । ਇਸ ਲਈ ਹਜ਼ੂਰ ਪਾਸੋਂ ਕੁਝ ਖਾਣ ਲਈ ਮੰਗਦੇ ਹਨ । ਕੁਝ ਬਖਸ਼ਸ਼ ਚਾਹੁੰਦੇ ਹਨ।"

ਆਪ ਨੇ ਬੱਚਿਆਂ ਦੀ ਦਸ਼ਾ ਦੇਖ ਕੇ ਫੁਰਮਾਇਆ, "ਭਾਈ ਕਾਲਾ, ਇਹ ਕਿਸੇ ਦਿਨ ਇਸ ਇਲਾਕੇ ਦੇ ਮਾਲਕ ਹੋਣਗੇ ਇਨ੍ਹਾਂ ਦੇ ਘੋੜੇ ਜਮਨਾ ਤਕ ਪਾਣੀ ਪੀਣਗੇ।"

ਜਦ ਉਹ ਦੀ ਵਹੁਟੀ ਨੂੰ ਪਤਾ ਲਗਾ ਕਿ ਭਤੀਜਿਆਂ ਨੂੰ ਇਹ ਬਖਸ਼ਸ਼ ਹੋ ਗਈ ਹੈ ਤਾਂ ਉਸ ਨੇ ਕਾਲੇ ਨੂੰ ਕਿਹਾ, "ਤੂੰ ਵੀ ਆਪਣੇ ਪੁਤਰਾਂ ਲਈ ਕੁਝ ਮੰਗ ।" ਵਹੁਟੀ ਦੇ ਕਹਿਣ ਪਰ ਉਹ ਵੀ ਆਪਣੇ ਪੁਤਰਾਂ ਨੂੰ ਨਾਲ ਲੈ ਗਿਆ । ਮਹਾਰਾਜ ਨੇ ਫੁਰਮਇਆ "ਉਹ ਸਮਾਂ ਤੇ ਲੰਘ ਗਿਆ ਹੈ ਪਰ ਜਾਹ ਇਹ ਵੀ ਜ਼ਮੀਨ ਦੇ ਮਾਲਕ ਹੋਣਗੇ।"

ਫੂਲ ਦੇ ਪੁਤਰਾਂ ਵਿਚੋਂ ਭਾਈ ਤ੍ਰਿਲੋਕ ਸਿੰਘ ਨਾਭੇ ਤੇ ਜੀਂਦ ਦੇ ਬਜ਼ੁਰਗ ਹੋਏ ਹਨ । ਭਾਈ ਰਾਮ ਸਿੰਘ ਪਟਿਆਲੇ ਅਤੇ ਰਾਘੂ ਜਿਉਂਦਾ ਦੇ ਵਡੇ ਸਨ। ਫੂਲਕਿਆਂ ਨੂੰ ਰਾਜ ਭਾਗ ਦਾ ਵਰਦਾਨ ਸਤਵੇਂ ਪਾਤਸ਼ਾਹ ਨੇ ਬਖਸ਼ਿਆ ਹੈ।

ਗੁਰੂ ਜੀ ਦਾ ਲੰਗਰ ਬੜਾ ਆਦਰਸ਼ਕ ਸੀ । ਜਿਸ ਨੂੰ ਸਹੀ ਰਖਣ ਲਈ ਸਿਖਾਂ ਨੂੰ ਉਪਦੇਸ਼ ਕੀਤਾ । ਕੀਰਤ ਪੁਰ ਵਿਚ ਬਹੁਤ ਸਾਰੇ ਲੰਗਰ ਚਲਦੇ ਸਨ । ਇਕ ਦਿਨ ਸੰਗਤ ਵਿਚ ਹਜ਼ੂਰ ਨੇ ਪੁਛਿਆ, "ਕਿਹੜਾ ਕਿਹੜਾ ਸਿਖ ਕਿਸ ਢੰਗ ਨਾਲ ਲੰਗਰ ਦੀ ਸੇਵਾ ਕਰਦਾ ਹੈ ?" ਇਕ ਨੇ ਉਤਰ ਦਿਤਾ, "ਜਦ ਕੋਈ ਸਿਖ ਜਾਂ

ਅਤਿਥੀ ਆ ਜਾਵੇ, ਮੈਂ ਪਹਿਲੇ ਉਸ ਨੂੰ ਪ੍ਰਸ਼ਾਦ ਛਕਾਂਦਾ ਹਾਂ ।" ਦੂਸਰਾ ਬੋਲਿਆ, "ਮੈਂ ਉਡੀਕਦਾ ਹਾਂ ਕਿ ਕੋਈ ਆਵੇ, ਜਦ ਕੋਈ ਸਿਖ ਆਉਂਦਾ ਹੈ, ਪਹਿਲੇ ਉਸ ਦੇ ਚਰਨ ਧੋਂਦਾ ਹਾਂ ਤੇ ਫਿਰ ਪ੍ਰਸ਼ਾਦ ਛਕਾ ਕੇ ਮੁਠੀ ਚਾਪੀ ਵੀ ਕਰਦਾ ਹਾਂ।" ਗੁਰੂ ਜੀ ਨੇ ਫੁਰਮਾਇਆ, "ਜਦ ਲੰਗਰ ਮੁਕ ਜਾਵੇ ਤੇ ਫਿਰ ਕੋਈ ਸਿਖ ਜਾਂ ਅਭਿਆਗਤ ਆ ਜਾਵੇ ਤਾਂ ਕੀ ਕਰਦੇ ਹੋ ?" ਸਿਖਾਂ ਨੇ ਉਤਰ ਦਿਤਾ, "ਉਹ ਨਿਰਾਸ ਮੁੜ ਜਾਂਦਾ ਹੈ।" ਮਹਾਰਾਜ ਨੇ ਬਚਨ ਕੀਤਾ, "ਜਿਸ ਵੇਲੇ ਕੋਈ ਲੋੜਵੰਦ ਆਵੇ, ਉਸੇ ਵਕਤ ਪ੍ਰਸ਼ਾਦ ਤਿਆਰ ਕਰਕੇ ਛਕਾਉ।'

ਗੁਰੂ ਜੀ ਕਿੰਨੇ ਗਰੀਬ ਨਿਵਾਜ਼ ਸਨ ? ਇਸ ਦੀ ਇਕ ਉਦਾਹਰਣ ਪੇਸ਼ ਕਰਦੇ ਹਾਂ। ਕੀਰਤ ਪੁਰ ਵਿਚ ਇਕ ਗਰੀਬ ਮਾਈ ਰੋਜ਼ ਹਜ਼ੂਰ ਨੂੰ ਪ੍ਰਸ਼ਾਦ ਛਕਾਣ ਦਾ ਇਰਾਦਾ ਕਰਦੀ ਸੀ। ਇਕ ਦਿਨ ਉਹ ਪ੍ਰਸ਼ਾਦ ਪਕਾ ਰਹੀ ਸੀ ਕਿ ਆਪ ਸ਼ਿਕਾਰ ਨੂੰ ਜਾਂਦੇ ਹੋਏ ਘੋੜੇ ਤੇ ਸਵਾਰ ਉਸ ਦੇ ਬੂਹੇ ਅਗੇ ਜਾ ਖਲੋਤੇ। ਮਾਈ ਨੇ ਪ੍ਰਸ਼ਾਦ ਭੇਟ ਕੀਤਾ, ਆਪ ਨੇ ਘੋੜੇ ਤੇ ਹੀ ਛਕ ਲਿਆ ਤੇ ਫੁਰਮਾਇਆ– "ਇਹ ਪ੍ਰੇਮ ਨਾਲ ਤਿਆਰ ਕੀਤਾ ਭੋਜਨ ਹੈ, ਇਸੇ ਨੂੰ ਇਸੇ ਤਰ੍ਹਾਂ ਹੀ ਛਕਣਾ ਚਾਹੀਦਾ ਹੈ ।

ਗੁਰੂ ਜੀ ਨੇ ਗੁਰਬਾਣੀ ਦਾ ਬੜਾ ਸਤਿਕਾਰ ਕੀਤਾ ਹੈ ਤੇ ਸਿਖਾਂ ਨੂੰ ਸਿਖਾਇਆ। ਇਕ ਵੇਰ ਕਿਤੋਂ ਸੰਗਤ ਸ਼ਬਦ ਪੜ੍ਹਦੀ ਆ ਰਹੀ ਸੀ । ਆਪ ਸਿੰਘਾਸਨ ਉਤੇ ਬਿਰਾਜਮਾਨ ਸਨ । ਸ਼ਬਦ ਦੀ ਆਵਾਜ਼ ਸੁਣਦਿਆਂ ਸ਼ੀਘਰ ਹੀ ਉਠ ਪਏ, ਆਪ ਨੂੰ ਚੋਟ ਲਗੀ। ਆਪ ਨੇ ਫੁਰਮਾਇਆ–"ਜਦ ਕੀਰਤਨ ਦੀ ਆਵਾਜ਼ ਕੰਨੀ ਪਵੇ, ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ ।" ਇਕ ਵਾਰ ਸਿਖਾਂ ਨੇ ਪ੍ਰਸ਼ਨ ਕੀਤਾ--

ਪਾਠ ਕਰਹਿ ਹਮ ਨਿਤ ਗੁਰਬਾਣੀ ।
ਅਰਥ ਪ੍ਰਮਾਰਥ ਕਛੂ ਨ ਜਾਣੀ ।

ਜੋ ਮਾਰਗ ਗੁਰ ਸ਼ਬਦ ਬਤਾਇਵ।
ਸੋ ਹਮ ਤੇ ਨਹ ਜਾਤ ਕਮਾਇਵ।
(ਗੁ: ਪ੍ਰ: ਸੂ:)

ਭਾਵ ਇਹ ਸੀ ਕਿ ਜੋ ਕੁਝ ਬਾਣੀ ਵਿਚ ਲਿਖਿਆ ਹੈ, ਉਸ ਉਤੇ ਅਮਲ ਨਹੀਂ ਕਰ ਸਕਦੇ ਤਾਂ ਰੋਜ਼ਾਨਾ ਪਾਠ ਕਰਨ ਦਾ ਕੀ ਲਾਭ ਹੈ ? ਗੁਰੂ ਜੀ ਨੇ ਫੁਰਮਾਇਆ–''ਇਸ ਪ੍ਰਸ਼ਨ ਦਾ ਕੱਲ ਉਤਰ ਦਿਆਂਗੇ।'' ਦੂਸਰੇ ਦਿਨ ਸ਼ਿਕਾਰ ਨੂੰ ਗਏ । ਰਾਹ ਵਿਚ ਇਕ ਘਿਉ ਵਾਲੇ ਬਰਤਨ ਦੀ ਟੁਟੀ ਠੀਕਰੀ ਪਈ ਹੋਈ ਸੀ ਉਸ ਨੂੰ ਉਠਾ ਕੇ ਬਚਨ ਕੀਤਾ–

'ਰਹੀ ਚਿਕਨਤਾ ਠੀਕਰ ਮਾਹਿ ।
ਤਿਉ ਬਾਣੀ ਗੁਨ ਰਹੈ ਮਨ ਮਾਹਿ ।

ਮਾਲਵੇ ਵਿਚ ਗੁਰੂ ਜੀ ਦੇ ਚਾਰ ਮਸੰਦ ਸਨ–ਬਹਿਲੋ, ਭੂੰਦੜ, ਪੰਜਾਬ ਤੇ ਭਾਈ ਭਗਤੂ । ਭਾਈ ਭਗਤੂ ਕਰਤਾਰ ਪੁਰ ਤੇ ਕੀਰਤ ਪੁਰ ਆ ਕੇ ਖੇਤੀ ਬਾੜੀ ਦੀ ਸੇਵਾ ਕਰਦੇ ਸਨ । ਆਪ ਦਾ ਬਰਾੜਾਂ ਵਿਚ ਖਾਸ ਅਸਰ ਸੀ । ਆਪ ਬਹੁਤ ਬਿਰਧ ਸਨ। ਇਕ ਦਿਨ ਕਹਿਣ ਲਗੇ–''ਹੁਣ ਦਸੋ ਕੀ ਕਰਾਂ ?'' ਗੁਰੂ ਜੀ ਨੇ ਹਾਸੇ ਵਿਚ ਕਿਹਾ–''ਜਿੰਦ ਵਹੁਟੀ ਮਰਣ ਵਰ ਲੈ ਜਾਸੀ ਪਰਣਾਇ ?''

ਭਗਤੂ ਨੇ ਬੁਢੇ ਵਾਰੇ ਜਾ ਕੇ ਸ਼ਾਦੀ ਕਰ ਲਈ। ਕੁਝ ਚਿਰ ਪਿਛੋਂ ਉਸ ਦਾ ਦੇਹਾਂਤ ਹੋ ਗਿਆ। ਪਹਿਲੀ ਸ਼ਾਦੀ ਤੋਂ ਉਸ ਦੇ ਦੋ ਪੁਤਰ ਸਨ, ਗੋਰਾ ਤੇ ਜੀਵਣ । ਉਨ੍ਹਾਂ ਨੇ ਮਤਰੇਈ ਮਾਂ ਦੀ ਸੇਵਾ ਕੀਤੀ। ਗੁਰੂ ਜੀ ਮਾਲਵੇ ਵਿਚ ਗਏ ਤਾਂ ਇਕ ਦਿਨ ਆਪ ਦੇ ਚੌਰ ਬਰਦਾਰ ਭਾਈ ਜੱਸੇ ਨੇ ਗੋਰੇ ਨੂੰ ਕਿਹਾ–''ਕਿਹਾ ਚੰਗਾ ਹੋਵੇ ਕਿ ਤੁਸੀਂ ਮਤਰੇਈ ਮਾਂ ਨੂੰ ਕਿਸੇ ਦੇ ਘਰ ਬਿਠਾ ਦੇਵੋ।'' ਗੋਰੇ ਨੇ ਇਸ ਪਰ ਗੁਸੇ ਹੋ ਕੇ ਭਾਈ ਜੱਸੇ ਨੂੰ ਕਤਲ ਕਰ ਦਿਤਾ । ਗੁਰੂ ਜੀ ਨੇ ਇਸ ਪਰ ਬੜਾ ਅਫਸੋਸ ਕੀਤਾ । ਆਪ ਨੇ ਗੋਰੇ ਨੂੰ ਸੰਗਤ ਵਿਚੋਂ

ਖਾਰਜ ਕਰ ਦਿਤਾ। ਹਜ਼ੂਰ ਕੀਰਤ ਪੁਰ ਨੂੰ ਮੁੜੇ ਤਾਂ ਉਹ ਭੁਲ ਬਖ-ਸ਼ਾਉਣ ਲਈ ਨਾਲ ਆਇਆ। ਛੇ ਮਹੀਨੇ ਕੈਂਪ ਦੇ ਨਾਲ ਰਿਹਾ ਪਰ ਦਰਸ਼ਨ ਨਾ ਹੋਏ।

੧੭੧੧ ਵਿਚ ਸਤਵੇਂ ਪਾਤਸ਼ਾਹ ਕੀਰਤਪੁਰ ਤੋਂ ਕਰਤਾਰ ਪੁਰ ਨੂੰ ਜਾ ਰਹੇ ਸਨ ਕਿ ਬਹਿਲੋਲ ਪੁਰ ਦੇ ਖਾਸ ਮੁਖਲਸ ਖਾਂ (ਜੋ ਛੇਵੇ ਗੁਰੂ ਜੀ ਨਾਲ ਲੜਿਆ ਸੀ) ਦਾ ਪੁਤਰ ਮੁਹੰਮਦ ਯਾਰ ਇਕ ਹਜ਼ਾਰ ਪਠਾਣ ਲੈ ਕੇ ਗੁਰੂ ਜੀ ਦੇ ਪ੍ਰਵਾਰ ਤੇ ਹਮਲਾਵਰ ਹੋਇਆ। ਮਹਾਰਾਜ ਪਿਛੇ ਸਨ। ਉਸ ਵਕਤ ਗੋਰੇ ਨੇ ਖੂਬ ਬੀਰਤਾ ਵਿਖਾਈ ਤੇ ਜੰਗ ਕੀਤੀ। ਸਤਿਗੁਰੂ ਨੇ ਪ੍ਰਸੰਨ ਹੋ ਕੇ ਉਸ ਨੂੰ ਬਖਸ਼ ਦਿਤਾ। ਭਾਈ ਉਦੇ ਸਿੰਘ ਕੈਥਲ ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਲਿਖਵਾਇਆ ਹੈ, ਭਾਈ ਭਗਤੂ ਤੇ ਗੋਰੇ ਦੀ ਵੰਸ਼ ਵਿਚੋਂ ਸਨ।

ਹੁਣ ਅਸੀਂ ਗੁਰੂ ਜੀ ਦੇ ਜੀਵਨ ਦਾ ਇਕ ਖਾਸ ਕਾਰਨਾਮਾ ਦਸ ਕੇ ਇਸ ਪ੍ਰਕਰਣ ਨੂੰ ਸਮਾਪਤ ਕਰਦੇ ਹਾਂ। ਉਹ ਇਹ ਹੈ ਕਿ ਜਦ ਤੋਂ ਗੁਰੂ ਜੀ ਨੇ ਦਾਰਾ ਦੀ ਸਹਾਇਤਾ ਕੀਤੀ, ਔਰੰਗਜ਼ੇਬ ਨੂੰ ਉਸ ਦਿਨ ਤੋਂ ਰੰਜ ਸੀ। ਉਸ ਵਕਤ ਦੇ ਹਾਲਾਤ ਨੂੰ ਮੁਖ ਰਖ ਕੇ ਬਾਦਸ਼ਾਹ ਨੇ ਗੁਰੂ ਜੀ ਨਾਲ ਲੜਨਾ ਠੀਕ ਨਾ ਸਮਝਿਆ। ਜਦੋਂ ਤਖਤ ਸੰਭਾਲ ਲਿਆ, ਫਿਰ ਗੁਰੂ ਜੀ ਨੂੰ ਦਬਾਣਾ ਚਾਹਿਆ। ਔਰੰਗਜ਼ੇਬ ਨੇ ਆਪ ਨੂੰ ਖਤ ਲਿਖਿਆ ਕਿ ਦਿਲੀ ਆਓ। ਹਜ਼ੂਰ ਆਪ ਨਾ ਗਏ। ਆਪਣੇ ਵਡੇ ਪੁਤਰ ਰਾਮ ਰਾਇ ਨੂੰ ਇਹ ਕਹਿ ਕੇ ਭੇਜਿਆ।

ਸੁਨ ਪੁਤਰ ਮੈਂ ਬਚਨ ਜੋ ਕਹੋਂ।
ਤੁਮਰੇ ਸੰਗ ਸਦਾ ਮੈਂ ਰਹੋਂ।
ਦਿੱਲੀਪਤਿ ਸਉ ਜਾਇ ਤੁਮ ਮਿਲੋ।
ਕਛੂ ਸ਼ੰਕ ਨਹੀਂ ਮਨ ਮਹਿ ਖਿਲੋ

ਜੋ ਪੂਛੇ ਸੋ ਸੱਤ ਕਹਿ ਦੀਜੇ ।
ਕੁਛ ਕਰਾਮਾਤ ਪ੍ਰਗਟ ਨਹਿ ਕੀਜੇ ।

(ਮਹਿਮਾ ਪ੍ਰਕਾਸ਼)

ਔਰੰਗਜ਼ੇਬ ਬੜਾ ਚਲਾਕ ਸੀ । ਉਹ ਗੁਰ ਗੱਦੀ ਨੂੰ ਜੇਰ ਕਰਨਾ ਚਾਹੁੰਦਾ ਸੀ । ਜਦ ਰਾਮ ਰਾਇ ਦਿੱਲੀ ਗਿਆ ਤਾਂ ਬਾਦਸ਼ਾਹ ਨੇ ਉਸ ਨੂੰ ਦਰਬਾਰ ਵਿਚ ਬੜਾ ਮਾਣ ਦਿਤਾ । ਇਤਿਹਾਸ ਦਸਦਾ ਹੈ ਕਿ ਗੁਰੂ ਜੀ ਦੀ ਸਿਖਿਆ ਦੇ ਉਲਟ ਰਾਮਰਾਇ ਨੇ ਕਰਾਮਾਤਾਂ ਵਿਖਾਈਆਂ । ਔਰੰਗਜ਼ੇਬ ਇਨ੍ਹਾਂ ਗਲਾਂ ਨੂੰ ਕੀ ਸਮਝਦਾ ਸੀ ? ਇਕ ਦਿਨ ਉਸ ਨੇ ਦਰਬਾਰ ਵਿਚ ਰਾਮ ਰਾਇ ਨੂੰ ਪੁਛਿਆ, ਬਾਣੀ ਵਿਚ ਇਹ ਕਿਉਂ ਲਿਖਿਆ ਹੈ—

ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿਪਵਹਿ ਅੰਗਿਆਰੁ ।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ।

ਇਸਲਾਮ ਦਾ ਨਿਸਚਾ ਹੈ ਕਿ ਮੁਰਦੇ ਨੂੰ ਅੱਗ ਵਿਚ ਨਹੀਂ ਫੂਕਣਾ ਚਾਹੀਦਾ । ਇਕ ਅੱਗ ਦੁਨੀਆਂ ਦੀ ਹੈ ਅਤੇ ਦੂਜੀ ਦੋਜ਼ਖ ਦੀ ਅੱਗ ਹੈ, ਜਿਸ ਵਿਚ ਗੁਨਾਹਗਾਰ ਸੜਦੇ ਹਨ । ਇਸ ਲਈ ਬਾਣੀ ਵਿਚ ਇਸਲਾਮ ਦੀ ਵਿਰੋਧਤਾ ਕਿਉਂ ਕੀਤੀ ਗਈ ਹੈ ?'

ਰਾਮ ਰਾਇ ਸ਼ਾਹੀ ਰੋਹਬ ਵਿਚ ਆ ਗਿਆ । ਉਸ ਨੇ ਉਤਰ ਦਿਤਾ—"ਬਾਦਸ਼ਾਹ ਸਲਾਮਤ, ਮਿਟੀ ਮੁਸਲਮਾਨ ਕੀ ਨਹੀਂ, ਮਿਟੀ ਬੇਈਮਾਨ ਕੀ ਲਿਖਿਆ ਹੈ ।" ਇਹ ਸੁਣ ਕੇ ਬਾਦਸ਼ਾਹ ਨੂੰ ਤੇ ਪ੍ਰਸੰਨਤਾ ਹੋਈ ਪਰ ਗੁਰਬਾਣੀ ਤੇ ਗੁਰੂ ਆਸ਼ੇ ਨੂੰ ਉਲਟਾਣ ਦੇ ਕਾਰਨ ਦਿੱਲੀ ਦੀ ਸੰਗਤ ਨੇ ਬਹੁਤ ਬੁਰਾ ਮਨਾਇਆ । ਜਦ ਇਸ ਦੀ ਖਬਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਹੋਈ ਤਦ ਆਪ ਨੇ

ਰਾਮ ਰਾਇ ਨੂੰ ਤਿਆਗ ਦਿਤਾ। ਉਹ ਕੀਰਤਪੁਰ ਆਇਆ । ਉਸ ਨੇ ਬਾਰਾਂ ਕੋਹ ਦੀ ਵਿਥ ਤੇ ਕੈਂਪ ਲਾ ਕੇ ਸਤਿਗੁਰਾਂ ਪਾਸੋਂ ਆਪਣੇ ਅਪਰਾਧ ਦੀ ਮਾਫੀ ਮੰਗੀ ਪਰ ਆਪ ਨੇ ਉਸਨੂੰ ਮੂੰਹ ਨਹੀਂ ਲਾਇਆ। ਰਾਮ ਰਾਇ ਛਿੱਥਾ ਹੋ ਕੇ ਲਾਹੌਰ ਚਲਾ ਗਿਆ । ਹਾਕਮਾਂ ਨਾਲ ਮਿਲ ਕੇ ਉਸ ਨੇ ਗੁਰ ਗੱਦੀ ਦੀ ਪ੍ਰਾਪਤੀ ਲਈ ਜਤਨ ਕੀਤੇ। ਉਸ ਨੇ ਧੀਰਮਲ ਨੂੰ ਵੀ ਖਤ ਲਿਖਿਆ ਕਿ ਗੁਰੂ ਜੀ ਨੂੰ ਕਹੋ ਕਿ ਗੱਦੀ ਮੈਨੂੰ ਦੇਣ, ਨਹੀਂ ਤੇ ਬਹੁਤ ਬੁਰੇ ਨਤੀਜੇ ਨਿਕਲਣਗੇ । ਗੁਰੂ ਜੀ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ। ਔਰੰਗਜ਼ੇਬ ਨੇ ਰਾਮ ਰਾਇ ਨੂੰ ਡੇਹਰਾਦੂਨ ਦੀ ਜਗੀਰ ਅਤੇ ਸਜਾਦਾ-ਨਸ਼ੀਨ ਦੀ ਪਦਵੀ ਦਿਤੀ । ਇਹ ਪਦਵੀ ਹੁਣ ਤੀਕ ਇਸ ਗੱਦੀ ਦੇ ਮਹੰਤ ਆਪਣੇ ਨਾਂ ਨਾਲ ਵਰਤਦੇ ਹਨ। ਡੇਹਰਾਦੂਨ ਵਿਚ ਰਾਮਰਾਇ ਦੀ ਸਮਾਧ ਹੈ। ਉਸ ਦੀ ਮੰਦਰ ਕਲਾ ਵੀ ਇਸਲਾਮੀ ਢੰਗ ਦੀ ਹੈ।

ਕੀਰਤਪੁਰ ਵਿਚ ਰੋਮ ਦਾ ਏਲਚੀ ਤੇ ਹੋਰ ਕਈ ਫਕੀਰ ਗੁਰੂ ਜੀ ਦੇ ਦਰਸ਼ਨ ਕਰਨ ਤੇ ਉਪਦੇਸ਼ ਸੁਣਨ ਲਈ ਆਏ। ਉਹ ਉਪਦੇਸ਼ ਸੁਣ ਕੇ ਨਿਹਾਲ ਹੋਏ।

ਜੋਤੀ ਜੋਤ ਸਮਾਉਣਾ—

ਗੁਰੂ ਸਾਹਿਬ ਔਰੰਗਜ਼ੇਬ ਦੀ ਨੀਤੀ ਅਗੇ ਨਹੀਂ ਝੁਕੇ। ਆਪ ਨੇ ਰਾਮ ਰਾਇ ਦੀ ਵਿਰੋਧਤਾ ਦੀ ਪਰਵਾਹ ਵੀ ਨਹੀਂ ਕੀਤੀ । ਅਖੀਰ ਛੋਟੇ ਪੁਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਯੋਗ ਸਮਝ ਕੇ ਗੱਦੀ ਦਿਤੀ ਤੇ ਆਪ ਕਤਕ ਵਦੀ ੯ ਸੰਮਤ ੧੭੧੮ ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ । ਗੁਰਦਵਾਰਾ ਪਤਾਲ ਪੁਰੀ ਵਿਖੇ ਹਜ਼ੂਰ ਦਾ ਅੰਤਮ ਸੰਸਕਾਰ ਹੋਇਆ। ਛੇਵੇਂ ਸਤਿਗੁਰੂ ਦੀ ਸਮਾਧ ਦੇ ਨਾਲ ਹੀ ਸਤਲੁਜ ਦੇ ਕੰਢੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੀ ਸਮਾਧ ਵੀ ਬਣੀ ਹੋਈ ਹੈ।

—o—

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ

੧. ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ।
(ਚੰਡੀ ਦੀ ਵਾਰ)

੨ ਸੁੰਦਰ ਸੂਰਤ ਮਾਧੁਰੀ ਮੂਰਤਿ,
ਪੂਰਨ ਕਾਮਨਾ ਸਿਖਜਨ ਕੀ।
ਸ਼ਾਂਤੀ ਸਰੂਪ ਧਰੇ ਪ੍ਰਭੁ ਪੂਰਬ,
ਆਤਮ ਦੇਹ ਸੁ ਨੌਤਨ੧ ਕੀ।
ਜਯੋਂ ਮਹਿ ਪਾਲਕ੨ਪੋਜ਼ਿਸ਼ ਕੇਤਜਿ,
ਪੈੜ ਪਹਿਰੈ ਹਿਤ ਭਾਂਤਨ ਕੀ।
ਸ੍ਰੀ ਹਰਿ ਕ੍ਰਿਸ਼ਨ ਤਥਾ ਦੁਤ ਪਾਤ,
ਸੰਗਤਿ ਪ੍ਰੀਤਿ ਕਰੇ ਮਨ ਕੀ।

੩ ਦੁਖ ਹਰਿ ਲੇਤਿ ਸੁਖ ਬਾਂਛਤ ਕੇ ਦੇਤਿ ਗੁਰ.
ਸਤਿਨਾਮ ਹੇਤੁ ਨਾਇ ਦੇਤ ਨਾਮ੪ ਚਿਤਾਵਈ੫ਪ।
ਮਨ ਤੇ ਬਿਕਾਰ ਨਾਸ਼ ਕਰੈਂ ਏਕ ਬਾਰ ਗਨ.
ਧੀਰਜ ਧਰਮ ਦਯਾ ਗੁਨ ਕੋ ਬਧਾਵਈ।
ਸਮਤਾ ਸੰਤੋਖ, ਸੰਤੋਖ ਸਿੰਘ ਰਿਦੇ ਬਾਸ,
ਸਿਖੀ ਕੋ ਪ੍ਰਕਾਸ਼ ਨੀਕੇ ਸੁਗਮ ਬਤਾਵਈ।
ਜਾਨ ਸਿਖ ਆਪਨੇ ਹਰਤਿ ਤੀਨੋਂ ਤਾਪ ਨੇ,
ਬਿਨਾ ਹੀ ਤਪ ਤਾਪਨੇ ਸੁ ਫਲ ਵਹਾਂ ਪਾਵਈ।
(ਸੂਰਜ ਪ੍ਰਕਾਸ਼ ਰਾਸ ੧੦-੨੯)

---

੧. ਨਵੀਨ। ੨. ਰਾਜਾ। ੩. ਕਈ ਤਰ੍ਹਾਂ ਦੇ। ੪. ਬੁਧੀ।
੫. ਯਾਦ।

ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ

ਅਵਤਾਰ ਧਾਰਿਆ- ਸਾਵਣ ਵਦੀ ੯ ਸੰਮਤ ੧੭੧

ਜਨਮ ਅਸਥਾਨ- ਕੀਰਤ ਪੁਰ ਜ਼ਿਲਾ ਰੋਪੜ

ਮਾਤਾ ਪਿਤਾ- ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਤੇ
ਮਾਤਾ ਸ੍ਰੀ ਕ੍ਰਿਸ਼ਨ ਕੌਰ ਜੀ।

ਗੁਰ ਗੱਦੀ- ਕਤਕ ਵਦੀ ੮, ਸੰਮਤ ੧੭੧੮
ਕੀਰਤ ਪੁਰ ਵਿਚ।

ਜੋਤੀ ਜੋਤ ਸਮਾਏ- ਚੇਤਰ ਸੁਦੀ ੧੪, ਸੰਮਤ ੧੭੨੧
ਦਿਲੀ ਵਿਚ।

ਉਨੱਤੀਵਾਂ ਵਿਆਖਿਆਨ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ
ਮੁਗਲ-ਨੀਤੀ ਦਾ ਟਾਕਰਾ ਅਤੇ ਗੁਰੂ ਦੀ ਚੋਣ

ਸਿੱਖ ਸਤਿਗੁਰੂਆਂ ਵਿਚੋਂ ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸਭ ਤੋਂ ਛੋਟੀ ਆਯੂ ਦੇ ਹੋਏ ਹਨ। ਕੋਈ ਸ਼ਖ-ਸੀਅਤ ਨੂੰ ਛੋਟੀ ਜਾਂ ਵਡੀ ਉਮਰ ਕਰਕੇ ਗੁਰੂ ਨਹੀਂ ਮੰਨਿਆ ਗਿਆ ਬਲਕਿ ਜਿਥੇ 'ਗੁਰੂ ਜਯੋਤੀ' ਨੇ ਪ੍ਰਕਾਸ਼ ਕੀਤਾ ਹੈ, ਉਹ ਗੁਰੂ ਹੈ। ਹੀਰਾ ਦਿਸਣ ਵਿਚ ਛੋਟਾ ਹੁੰਦਾ ਹੈ ਪਰ ਉਸ ਦੀ ਕੀਮਤ ਬਹੁਤ ਹੁੰਦੀ ਹੈ। ਬਾਵਨ ਚੰਦਨ ਅਕਾਰ ਵਿਚ ਨਿਕਾ ਜਿਹਾ ਹੁੰਦਾ ਹੈ ਪਰ ਉਸ ਦੀ ਸੁਗੰਧੀ ਸਾਰੇ ਬਨ ਨੂੰ ਮਹਿਕਾ ਦੇਂਦੀ ਹੈ। ਇਸੇ ਤਰ੍ਹਾਂ ਅਠਵੀਂ ਪਾਤਸ਼ਾਹੀ ਦੀ ਆਯੂ ਛੋਟੀ ਸੀ ਪਰ ਗੁਰੂ ਜਯੋਤੀ ਦੇ ਪ੍ਰਕਾਸ਼ ਕਰ ਕੇ ਆਪ ਨੇ ਵਡੇ ਕੰਮ ਕੀਤੇ ਹਨ। ਆਪ ਦੀ ਕਰਨੀ ਵਡੀ ਹੈ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਅਵਤਾਰ ਸਾਵਣ ਵਦੀ ੯ ਸੰਮਤ ੧੭੧੩ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਘਰ ਮਾਤਾ ਕ੍ਰਿਸ਼ਨ ਕੌਰ ਦੀ ਕੁਖੋਂ ਕੀਰਤਪੁਰ ਵਿਖੇ ਹੋਇਆ। ਰਾਮ ਰਾਇ ਆਪ ਦਾ ਵਡਾ ਭਰਾ ਸੀ। ਉਹ ਬੜਾ ਸਿਆਣਾ, ਨੀਤੀ ਨਿਪੁੰਨ, ਸਿਖ ਸੰਗਤਾਂ ਤੇ ਮਸੰਦਾਂ ਵਿਚ ਅਸਰ-ਰਸੂਖ ਰਖਣ ਵਾਲਾ ਸੀ, ਪਰ ਔਰੰਗਜ਼ੇਬ ਦੇ ਦਰਬਾਰ ਵਿਚ ਉਸ ਨੇ ਗੁਰਬਾਣੀ ਦੇ ਅਰਥ ਉਲਟਾਉਣ ਦੀ ਜੋ ਗਲਤੀ ਕੀਤੀ, ਉਸ ਨੂੰ ਮੁਖ ਰਖ ਕੇ ਸਤਵੀਂ ਪਾਤਸ਼ਾਹੀ ਨੇ ਮੂੰਹ ਨਹੀਂ ਲਾਇਆ। ਭਾਵੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ

ਸਾਹਿਬ ਆਯੂ ਵਿਚ ਬਹੁਤ ਛੋਟੇ ਸਨ, ਪਰ ਉਨ੍ਹਾਂ ਨੂੰ ਹਰ ਤਰ੍ਹਾਂ ਯੋਗ ਹੋਣਹਾਰ ਸਮਝ ਕੇ ਕਤਕ ਵਦੀ ੯ ਸੰਮਤ ੧੭੧੮ ਨੂੰ ਗੁਰਗੱਦੀ ਦਿਤੀ ਗਈ। ਰਾਮ ਰਾਇ ਨੂੰ ਇਸ ਤੋਂ ਵਧੀਕ ਕੀ ਖੇਦ ਹੋ ਸਕਦਾ ਸੀ ? ਪਹਿਲੇ ਉਸ ਨੇ ਮਸੰਦਾਂ ਅਤੇ ਧੀਰ ਮਲ ਨਾਲ ਸਲਾਹ ਕਰਕੇ ਆਪਣੇ ਆਪ ਨੂੰ ਗੁਰੂ ਮਸ਼ਹੂਰ ਕੀਤਾ । ਫਿਰ ਔਰੰਗਜ਼ੇਬ ਦੇ ਦਰਬਾਰ ਵਿਚ ਰਹਿ ਕੇ ਸਾਜ਼ਿਸ਼ਾਂ ਕੀਤੀਆਂ, ਪਰ ਕੁਝ ਨਾ ਬਣਿਆ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਇਤਨੀ ਛੋਟੀ ਉਮਰ ਵਿਚ ਗੁਰ-ਗੱਦੀ ਮਿਲਣੀ ਇਕ ਸਮਝਣ ਵਾਲੀ ਗੱਲ ਹੈ । ਸਿੱਖੀ ਵਿਚ ਗੁਰੂ ਬਾਬਤ ਜੋ ਨਿਸਚਾ ਹੈ ਜਾਂ ਇਤਿਹਾਸਕ ਸਚਾਈਆਂ ਹਨ, ਉਨ੍ਹਾਂ ਨੂੰ ਡੂੰਘੀ ਵਿਚਾਰ ਨਾਲ ਸਮਝੇ ਜਾਂ ਪੜ੍ਹੇ ਬਿਨਾਂ ਕਈ ਸਿਆਣੇ ਲੇਖਕ ਵੀ ਭੁਲੇਖਾ ਖਾ ਗਏ ਹਨ ਕਿ ਕਿਸ ਤਰ੍ਹਾਂ ਛੇ ਸਤ ਸਾਲ ਦੀ ਉਮਰ ਵਿਚ ਗੁਰੂ ਸਿਖੀ ਦੀ ਆਤਮਿਕ ਰਹਿਨੁਮਾਈ ਕਰ ਸਕਦਾ ਹੈ ? ਜਾਦੂ ਨਾਥ ਸਰਕਾਰ ਇੰਡੀਅਨ ਹਿਸਟਾਰੀਕਲ ਰੀਕਾਰਡ ਕਮਿਸ਼ਨ ਦੇ ਮੁਖੀ ਪ੍ਰਸਿਧ ਇਤਿਹਾਸਕਾਰ ਸਨ। ਉਹ ਲਿਖਦੇ ਹਨ— 'ਸਿੱਖਾਂ ਵਿਚ ਉਸ ਵਕਤ ਸਖਸੀ ਪੂਜਾ ਸ਼ੁਰੂ ਹੋ ਗਈ ਸੀ ਜਦ ਕਿ ਨੌਂ ਅਤੇ ਪੰਜ ਸਾਲ ਦੇ ਬੱਚਿਆਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ) ਨੂੰ ਆਤਮਿਕ ਅਗਵਾਈ ਕਰਨ ਵਾਲੇ ਮੁਖੀ ਮੰਨ ਲਿਆ ਗਿਆ ।*

ਜਾਦੂ ਨਾਥ ਦੀ ਇਹ ਗੱਲ ਆਤਮਿਕ ਤੇ ਇਤਿਹਾਸਕ ਦ੍ਰਿਸ਼ਟੀ ਨਾਲ ਬਿਲਕੁਲ ਗਲਤ ਸਿੱਧ ਹੁੰਦੀ ਹੈ । ਅਠਵੇਂ ਗੁਰੂ ਜੀ ਨੇ ਰਹਿਨੁਮਾਈ ਵਿਚ ਦੇਵੀ ਉਚਤਾ ਦਾ ਸਬੂਤ ਦਿਤਾ ਹੈ। ਭਾਰਤ ਦੇ ਇਤਿਹਾਸ ਵਿਚੋਂ ਭਗਤੀ ਚੋਂ ਧ੍ਰੂ ਤੇ ਪ੍ਰਹਿਲਾਦ ਦੀ

---

*ਹਿਸਟਰੀ ਆਫ ਔਰੰਗਜ਼ੇਬ ਭਾਗ ੩, ਪੰਨਾ ੩੪੭।

ਜਗਤੀ ਆਦਰਸ਼ਕ ਹੈ। ਧ੍ਰੂ ਦੀ ਪਦਵੀ ਅਟੱਲ ਮੰਨੀ ਗਈ ਹੈ ।
ਇਸ ਤੋਂ ਸਪਸ਼ਟ ਹੁੰਦਾ ਹੈ ਕਿ ਆਤਮਿਕ ਉਨਤੀ ਦਾ ਸਬੰਧ
ਉਮਰ ਨਾਲ ਨਹੀਂ। ਕਈ ਮਹਾਂ ਪੁਰਖ ਛੋਟੀ ਉਮਰ ਤੋਂ ਹੀ ਯੋਗ ਤੇ
ਹੋਣਹਾਰ ਹੋਏ ਹਨ । ਦੂਸਰੇ ਇਤਿਹਾਸਕ ਦ੍ਰਿਸ਼ਟੀ ਨਾਲ ਵੀ ਸ੍ਰੀ ਗੁਰੂ
ਹਰਿ ਕ੍ਰਿਸ਼ਨ ਸਾਹਿਬ ਤੇ ਦਸਮ ਪਾਤਸ਼ਾਹ ਨੂੰ ਦੇਖਿਆ ਜਾਵੇ ਉਨ੍ਹਾਂ ਨੇ
ਕਮਾਲ ਦਰਜੇ ਦੇ ਕੰਮ ਕੀਤੇ ਹਨ।

ਅਠਵੀਂ ਪਾਤਸ਼ਾਹੀ ਦੇ ਦੋ ਖ਼ਾਸ ਕੰਮ ਹਨ। ਪਹਿਲਾ ਇਹ
ਕਿ ਔਰੰਗਜ਼ੇਬ ਵਰਗੇ ਚਲਾਕ ਦੀ ਕੁਟਲ ਨੀਤੀ ਤੋਂ ਸਿਖੀ ਨੂੰ
ਬਚਾਣਾ। ਦੂਸਰਾ ਕੰਮ ਇਹ ਕਿ ਆਪਣੇ ਪਿਛੇ ਸਿਖੀ ਲਈ ਯੋਗ
ਸ਼ਖਸੀਅਤ ਦੀ ਚੋਣ ਅਰਥਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਤਾ
ਦੇਣੀ। ਕਿਸੇ ਪੁਰਖ ਲਈ ਆਪਣੇ ਪਿਛੋਂ ਯੋਗ ਜਾਨਸ਼ੀਨ ਲੱਭਣਾ
ਬਹੁਤ ਕਠਨ ਕੰਮ ਹੈ । ਇਸ ਤੋਂ ਬਿਨਾਂ ਕਈ ਖਾਨਦਾਨ, ਕੌਮਾਂ
ਤੇ ਸਲਤਨਤਾਂ ਮਿਟ ਗਈਆਂ ਹਨ । ਇਹ ਦੋ ਗੱਲਾਂ ਅਜਿਹੀਆਂ
ਹਨ, ਜਿਨ੍ਹਾਂ ਦਾ ਕੋਈ ਬਚਾ ਨਹੀਂ ਕਰ ਸਕਦਾ। ਛੋਟੀ ਉਮਰ ਵਿਚ
'ਗੁਰੂ ਜਯੋਤੀ' ਹੀ ਕਰ ਸਕਦੀ ਹੈ। ਔਰੰਗਜ਼ੇਬ ਦੇ ਸਮੇਂ ਸਿਖੀ ਦੀ
ਨੀਤੀ ਕੀ ਸੀ ? ਇਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਬਣਾਈ
ਸੀ—'ਨਹਿ ਮਲੇਛ ਕੋ ਦਰਸਨ ਦੇ ਹੈਂ ?'
ਭਾਵ ਉਸ ਵਕਤ ਸਿਖੀ ਹਕੂਮਤ ਦੇ ਜ਼ੁਲਮ ਤੇ ਕੁਟਲ ਨੀਤੀ ਨੂੰ
ਮੁਖ ਰਖਕੇ ਨਾ-ਮਿਲਵਰਤਨ ਕਰ ਰਹੀ ਸੀ।

ਔਰੰਗਜ਼ੇਬ ਨੂੰ ਗੁਸਾ ਇਸ ਗਲ ਦਾ ਸੀ ਕਿ ਗੁਰੂ ਜੀ ਨੇ
ਦਾਰਾ ਸ਼ਕੋਹ ਦੀ ਮਦਦ ਕੀਤੀ ਹੈ। ਰਾਮ ਰਾਇ ਨੂੰ ਉਹ ਅਧੀਨ ਕਰ
ਚੁਕਾ ਸੀ, ਗੁਰ-ਗੱਦੀ ਨੂੰ ਜ਼ੇਰ ਕਰਨਾ ਚਾਹੁੰਦਾ ਸੀ। ਸਿਖੀ ਲਈ
ਇਹ ਬੜਾ ਕਠਨ ਸਮਾਂ ਸੀ । ਰਾਮ ਰਾਇ ਨੇ ਬਾਦਸ਼ਾਹ ਪਾਸ
ਅਰਜ਼ੀ ਪਾਈ ਕਿ ਗੁਰ-ਗੱਦੀ ਉਸ ਦਾ ਹੱਕ ਹੈ । ਉਸ ਨੂੰ ਗੱਦੀ
ਤੋਂ ਵਾਂਝੇ ਇਸ ਲਗੀ ਰਖਿਆ ਗਿਆ ਹੈ ਕਿ ਉਹ ਹਕੂਮਤ ਨਾਲ

ਮਿਲਵਰਤਨ ਕਰ ਰਿਹਾ ਹੈ । ਔਰੰਗਜ਼ੇਬ ਨੇ ਪਹਿਲੇ ਤੋ ਮਾਰ ਰਾਇ ਨੂੰ ਟਾਲਿਆ ਪਰ ਫਿਰ ਗੁਰ-ਗੱਦੀ ਨੂੰ ਖਤਮ ਕਰਨ ਦਾ ਚੰਗਾ ਮੌਕਾ ਜਾਣ ਕੇ ਘਰੋਗੀ ਝਗੜੇ ਤੋਂ ਫਾਇਦਾ ਉਠਾਣਾ ਚਾਹਿਆ । ਰਾਮ ਰਾਇ ਇਹ ਚਲਾਕੀ ਕਰ ਰਿਹਾ ਸੀ ਕਿ ਜੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਜਾ ਕੇ ਬਾਦਸ਼ਾਹ ਨੂੰ ਮਿਲਣ ਤਾਂ ਮੈਂ ਇਹ ਮਸ਼ਹੂਰ ਕਰਾਂਗਾ ਕਿ ਉਹਨਾਂ ਨੇ ਪਿਤਾ ਦੇ ਬਚਨ "ਨਹਿ ਮਲੇਛ ਕੋ ਦਰਸ਼ਨ ਦੇ ਹੈਂ" ਨੂੰ ਭੰਗ ਕੀਤਾ ਹੈ । ਜੇ ਨਾ ਗਏ ਤਾਂ ਔਰੰਗਜ਼ੇਬ ਨੂੰ ਕਹਾਂਗਾ ਕਿ ਬਾਗੀ ਹਨ । ਇਨ੍ਹਾਂ ਨੂੰ ਪਕੜ ਮੰਗਾਓ। ਦਿਲੀ ਦਰਬਾਰ ਵਿਚ ਇਹ ਸਾਜ਼ਸ਼ਾਂ ਹੋ ਰਹੀਆਂ ਸਨ । ਦਿੱਲੀ ਦੀ ਸਿੱਖ ਸੰਗਤ ਇਨ੍ਹਾਂ ਤੋਂ ਜਾਣੂ ਸੀ । ਔਰੰਗਜ਼ੇਬ ਨੇ ਰਾਜਾ ਜੈ ਸਿੰਘ ਰਾਹੀਂ ਗੁਰੂ ਜੀ ਨੂੰ ਦਿੱਲੀ ਆਉਣ ਲਈ ਖਤ ਲਿਖਾਇਆ । ਉਧਰੋਂ ਦਿੱਲੀ ਦੀ ਸੰਗਤ ਨੇ ਪੱਤ੍ਰਕਾ ਲਿਖੀ ਕਿ ਇਸ ਵਕਤ ਰਾਮ ਰਾਇ ਕਈ ਸਾਜ਼ਸ਼ਾਂ ਕਰ ਰਿਹਾ ਹੈ । ਅਸੀਂ ਚਾਹੁੰਦੇ ਹਾਂ ਦਿੱਲੀ ਦਰਸ਼ਨ ਦੇਵੋ ।

ਸ਼ਾਹੀ ਆਦਮੀ ਖਤ ਲੈ ਕੇ ਕੀਰਤਪੁਰ ਪੁਜਾ ਤੇ ਦਰਬਾਰ ਵਿਚ ਹਾਜ਼ਰ ਹੋਇਆ । ਸਤਿਗੁਰੂ ਨੇ ਉਹ ਖ਼ਤ ਦੀਵਾਨ ਨੂੰ ਦਿਤਾ। ਉਸ ਨੇ ਪੜ੍ਹ ਕੇ ਸੁਣਾਇਆ । ਹਜ਼ੂਰ ਨੇ ਸੁਣ ਕੇ ਫੁਰਮਾਇਆ– "ਇਸ ਦਾ ਉਤਰ ਕੱਲ ਦੇਵਾਂਗੇ ।" ਰਾਤ ਨੂੰ ਮਹਿਲਾਂ ਵਿਚ ਮਾਤਾ ਜੀ, ਮੁਖੀ ਸਿਖ ਤੇ ਮਸੰਦ ਇਕੱਤ੍ਰ ਹੋਏ । ਚਿੱਠੀ ਪਰ ਵਿਚਾਰ ਹੋਈ। ਸਾਰੇ ਬੜੇ ਚਿੰਤਾਤੁਰ ਸਨ । ਉਸ ਵਕਤ ਗੁਰੂ ਜੀ ਨੇ ਜੋ ਸੰਮਤੀ ਪ੍ਰਗਟ ਕੀਤੀ, ਉਸ ਨੂੰ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ–

ਸੁਨ ਕੇ ਸ੍ਰੀ ਹਰਿ ਕ੍ਰਿਸ਼ਨ ਸੁਜਾਨਾ । ਸਭਨ ਸੁਨਾਵਤ ਬਾਕ ਬਖਾਨਾ ।
ਨਹਿ ਮਲੇਛ ਕੋ ਦਰਸ਼ਨ ਦੇਹੈਂ । ਹੋਇ ਸਮੀਪ ਤਿਸ ਕੋ ਨਹਿ ਲੈਹੈਂ ।
ਇਹੀ ਨੇਮ ਪਿਤ ਕੀਨ ਹਮਾਰੇ । ਤਿਸ ਪ੍ਰਕਾਰ ਹਮ ਭੀ ਉਰਧਾਰੇ ।

ਨਿਜ ਬਚ ਪਿਤ ਜਿਮ ਕੀਜ ਪ੍ਰਿਤਪਾਰਨ।
ਤਿਮ ਹਮ ਕਰਹਿ ਹੋਇ ਨ ਟਾਰਨ।
ਅਟਲ ਸੁਮੇਰ ਟਲੈ ਨਹਿ ਜੈਸੇ।
ਸਤਿਗੁਰ ਬਾਕ ਅਟਲ ਨਿਤ ਜੈਸੇ।
(ਗੁ: ਪ੍ਰ: ਸੂਰਜ)

ਇਹ ਸੁਣਕੇ ਫੈਸਲਾ ਹੋਇਆ ਕਿ ਗੁਰੂ ਜੀ ਉਤ੍ਰ ਲਿਖਵਾਣ।

ਦੂਜੇ ਦਿਨ ਸਵੇਰੇ ਮਹਾਰਾਜ ਨੇ ਸ਼ਾਹੀ ਕਾਸਦ ਨੂੰ ਉਤਰ ਦਿਤਾ--"ਜੇ ਬਾਦਸ਼ਾਹ ਨੇ ਕੋਈ ਗਲ ਸਮਝਣੀ ਹੈ ਤਾਂ ਸਾਡਾ ਵਡਾ ਭਾਈ ਰਾਮ ਰਾਇ ਉਸ ਦੇ ਪਾਸ ਹੈ, ਉਸ ਤੋਂ ਸਮਝ ਲਵੇ। ਜੇ ਕਰਾਮਾਤ ਵੇਖਣੀ ਹੈ ਤਾਂ ਉਸ ਤੋਂ ਵੇਖ ਲਵੇ। ਸਾਡੇ ਪਿਤਾ ਜੀ ਦੀ ਨੀਤੀ ਹੈ ਕਿ ਬਾਦਸ਼ਾਹ ਨੂੰ ਨਹੀ ਮਿਲਣਾ। ਇਸ ਪਰ ਅਸੀਂ ਦ੍ਰਿੜ੍ਹ ਹਾਂ।

ਰਾਜਾ ਜੈ ਸਿੰਘ ਦੇ ਆਦਮੀ ਨੇ ਕਿਹਾ"--ਜੇ ਆਪ ਬਾਦਸ਼ਾਹ ਨੂੰ ਨਹੀਂ ਮਿਲਣਾ ਚਾਹੁੰਦੇ ਤਾਂ ਆਪ ਨੂੰ ਮਜਬੂਰ ਨਹੀਂ ਕੀਤਾ ਜਾਵੇਗਾ। ਰਾਜਾ ਜੈ ਸਿੰਘ ਤੇ ਦਿੱਲੀ ਦੀ ਸੰਗਤ ਬੇਨਤੀ ਕਰਦੀ ਹੈ ਕਿ ਦਰਸ਼ਨ ਦੇਵੋ।" ਮਹਾਰਾਜ ਨੇ ਉਤਰ ਦਿਤਾ--"ਜਿਥੇ ਸੰਗਤ ਯਾਦ ਕਰੇਗੀ ਉਥੇ ਜ਼ਰੂਰ ਜਾਵਾਂਗੇ।"

ਅਗਲੇ ਦਿਨ ਸਵੇਰੇ ਤਿਆਰੀ ਹੋ ਗਈ। ਇਹ ਖਬਰ ਸਾਰੇ ਪੰਜਾਬ ਤੇ ਦਿੱਲੀ ਤਕ ਫੈਲ ਗਈ। ਸੰਗਤਾਂ ਰਸਤੇ ਵਿਚ ਸੁਆਗਤ ਦੀ ਤਿਆਰੀ ਕਰਨ ਲਗ ਪਈਆਂ। ਗੁਰਬਖਸ਼ ਮਸੰਦ, ਮਾਤਾ ਜੀ ਤੇ ਹੋਰ ਕਈ ਮੁਖੀ ਸਿਖਾਂ ਨੂੰ ਨਾਲ ਲੈ ਕੇ ਦਿੱਲੀ ਨੂੰ ਰਵਾਨਾ ਹੋਏ। ਰਸਤੇ ਵਿਚ ਪੰਜੋਖਰਾ (ਜਿਲਾ ਅੰਬਾਲਾ) ਵਿਚ ਉਤਰੇ ਹੋਏ ਸਨ ਕਿ ਇਕ ਅਭਿਮਾਨੀ ਪੰਡਤ ਲਾਲ ਚੰਦ ਆਇਆ ਤੇ ਕਹਿਣ ਲੱਗਾ ਆਪ ਦਾ ਨਾਂ ਹਰਿਕ੍ਰਿਸ਼ਨ ਹੈ, ਪਰ ਕ੍ਰਿਸ਼ਨ ਨੇ ਤਾਂ ਗੀਤਾ ਉਚਾਰਨ ਕੀਤੀ ਸੀ, ਤੁਸੀਂ ਵੀ ਕੁਝ ਉਚਾਰ ਕੇ ਦਸੋ।" ਗੁਰੂ ਜੀ ਨੇ ਇਕ ਛੱਜੂ ਨਾਮੀ ਝੀਵਰ ਨੂੰ ਸਦਿਆ ਤੇ ਉਸ ਪਾਸੋਂ ਗੀਤਾ ਦੇ ਅਰਥ ਕਰਵਾ

ਕੇ ਪੰਡਤ ਦਾ ਹੰਕਾਰ ਦੂਰ ਕੀਤਾ।

ਦਿਲੀ ਪੁਜ ਕੇ ਗੁਰੂ ਜੀ ਨੇ ਰਾਇਸੀਨੇ ਵਿਚ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਨਿਵਾਸ ਕੀਤਾ। ਰਾਜੇ ਦੀ ਪਰੇਰਨਾ ਪਰ ਭੀ ਆਪ ਨੇ ਬਾਦਸ਼ਾਹ ਨਾਲ ਮੁਲਾਕਾਤ ਨਹੀਂ ਕੀਤੀ, ਪਰ ਸਾਹਿਬਜ਼ਾਦਿਆਂ ਨੂੰ ਆਤਮਿਕ ਉਪਦੇਸ਼ ਕੀਤਾ। ਆਤਮਿਕ ਉਚਤਾ ਤੇ ਚਮਤਕਾਰ ਵੇਖਣ ਲਈ ਰਾਜਾ ਜੈ ਸਿੰਘ ਇਕ ਦਿਨ ਸਤਿਗੁਰੂ ਜੀ ਨੂੰ ਮਹਿਲਾਂ ਵਿਚ ਲੈ ਗਿਆ। ਉਥੇ ਪਟਰਾਣੀ ਗੋਲੀਆਂ ਦਾ ਰੂਪ ਧਾਰਕੇ ਬੈਠੀ ਹੋਈ ਸੀ, ਮਹਾਰਾਜ ਨੇ ਉਸਨੂੰ ਪਛਾਣ ਲਿਆ।

ਗੁਰੂ ਜੀ ਨੂੰ ਦਿੱਲੀ ਵਿਚ ਚੀਚਕ (ਮਾਤਾ) ਨਿਕਲ ਆਈ। ਮਾਤਾ ਜੀ, ਸੰਗਤ ਤੇ ਮਸੰਦਾਂ ਨੇ ਬੜੀ ਚਿੰਤਾ ਪ੍ਰਗਟ ਕੀਤੀ। ਮਹਾਰਾਜ ਨੇ ਫੁਰਮਾਇਆ—

'ਜਿਸ ਸਰੀਰ ਨੇ ਨਾਸ ਹੋ ਜਾਣਾ ਹੈ, ਉਸ ਲਈ ਚਿੰਤਾ ਤੇ ਰੰਜ ਕਰਨ ਦੀ ਕੀ ਲੋੜ ਹੈ?'

ਗੁਰਬਖਸ਼ ਮਸੰਦ ਤੇ ਸੰਗਤ ਦੇ ਪੁਛਣ ਪਰ ਕਿ ਆਪਦੇ ਪਿਛੋਂ ਗੁਰੂ ਕੌਣ ਹੋਵੇਗਾ? ਆਪਨੇ ਉਤਰ ਦਿਤਾ—

'ਬਾਬਾ ਬਕਾਲੇ।' ਇਹ ਬਚਨ ਕਰਕੇ ਚੇਤਰ ਸੁਦੀ ੪ ਸੰਮਤ ੧੭੦੧ ਨੂੰ ਜੋਤੀ ਜੋਤ ਸਮਾ ਗਏ।ਜਮਨਾ ਦੇ ਪਾਸ ਭੋਗਲ ਦੇ ਲਾਗੇ ਆਪ ਦਾਅੰਤਮ ਸੰਸਕਾਰ ਹੋਇਆ। ਇਸ ਅਸਥਾਨ ਦਾ ਨਾਂ ਗੁਰਦਵਾਰਾ ਬਾਲਾ ਸਾਹਿਬ ਹੈ। ਨਿਵਾਸ ਅਸਥਾਨ ਦਾ ਨਾਂ ਬੰਗਲਾ ਸਾਹਿਬ ਹੈ। ਇਹ ਨਵੀਂ ਦਿੱਲੀ ਵਿਚ ਹੈ।

—0—

ਧਰਮ ਰਖਿਅਕ ਹਿੰਦ ਦੀ ਚਾਦਰ

ਸ੍ਰੀ ਗੁਰੂ ਤੇਗ ਬਹਾਦਰ ਜੀ

੧. ਤੇਗ ਬਹਾਦਰ ਸਿਮਰੀਐ
ਘਰ ਨਉਨਿਧਿ ਆਵੈ ਧਾਇ ।
(ਚੰਡੀ ਦੀ ਵਾਰ)

੨. ਤਿਲਕ ਜੰਞੂ ਰਾਖਾ ਪ੍ਰਭ ਤਾਕਾ ।
ਕੀਨੋ ਬਡੋ ਕਲੂ ਮਹਿ ਸਾਕਾ ।
ਸਾਧਨ ਹੇਤ ਇਤੀ ਜਿਨ ਕਰੀ ।
ਸੀਸ ਦੀਆ ਪਰ ਸੀ ਨ ਉਚਰੀ ।
ਧਰਮ ਹੇਤ ਸਾਕਾ ਜਿਨ ਕੀਆ ।
ਸੀਸ ਦੀਆ ਪਰ ਸਿਰਰ ਨ ਦੀਆ ।
ਨਾਟਕ ਚੇਟਕ ਕੀਏ ਕੁਕਾਜਾ ।
ਪ੍ਰਭ ਲੋਗਨ ਕੋ ਆਵਤ ਲਾਜਾ ।
ਠੀਕਰ ਫੋਰ ਦਿਲੀਸ ਸਿਰ ।
ਪ੍ਰਭੁ ਪੁਰ ਕੀਓ ਪ੍ਰਯਾਨ ।
ਤੇਗ ਬਹਾਦਰ ਸੀ ਕ੍ਰਿਯਾ ।
ਕਰੀ ਨ ਕਿਨਹੂੰ ਆਨ ।
ਤੇਗ ਬਹਾਦਰ ਕੇ ਚਲਤ ।
ਭਯੋ ਜਗਤ ਕੋ ਸ਼ੋਕ ।
ਹੈ ਹੈ ਹੈ ਸਭ ਜਗ ਭਯੋ ।
ਜੈ ਜੈ ਜੈ ਸੁਰ ਲੋਕ ।
(ਬਚਿਤ੍ਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਅਵਤਾਰ ਧਾਰਿਆ -	ਵਿਸਾਖ ਵਦੀ ੫, ਸੰਮਤ ੧੬੭੮।
ਜਨਮ ਅਸਥਾਨ-	ਗੁਰੂ ਕੇ ਮਹਿਲ ਅੰਮ੍ਰਿਤਸਰ।
ਪਿਤਾ-	ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
ਮਾਤਾ-	ਸ੍ਰੀ ਨਾਨਕੀ ਜੀ।
ਵਿਆਹ-	ਲਾਲ ਚੰਦ ਖੱਤ੍ਰੀ ਦੀ ਬੇਟੀ ਸ੍ਰੀ ਗੁਜਰੀ ਜੀ ਨਾਲ ਕਰਤਾਰ ਪੁਰ (ਜਲੰਧਰ) ਵਿਖੇ ਹੋਇਆ।
ਗੁਰ ਗੱਦੀ-	ਚੇਤਰ ਸੁਦੀ ੧੪ ਸੰਮਤ ੧੭੨੧।
ਸੰਤਾਨ-	ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ।
ਅਨੰਦਪੁਰ ਵਸਾਇਆ-	ਸੰਮਤ ੧੭੨੨।
ਜੋਤੀ ਜੋਤ ਸਮਾਏ-	ਮਘਰ ਸੁਦੀ ੫, ਸੰਮਤ ੧੭੩੨ ਨੂੰ ਦਿੱਲੀ ਵਿਖੇ। ਆਪ ਦੇ ਸੀਸ ਦਾ ਅੰਤਮ ਸੰਸਕਾਰ ਅਨੰਦ ਪੁਰ ਤੇ ਧੜ ਦਾ ਦਿੱਲੀ ਵਿਚ ਹੋਇਆ, ਜਿਥੇ ਹੁਣ ਗੁਰਦਵਾਰਾ ਰਕਾਬ ਗੰਜ ਹੈ। ਸ਼ਹੀਦੀ ਅਸਥਾਨ ਦਾ ਨਾਂ ਗੁਰਦਵਾਰਾ ਸੀਸ ਗੰਜ ਹੈ।

ਤੀਹਵਾਂ ਵਿਆਖਿਆਨ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੈਰਾਗੀ ਜੀਵਨ
ਗੁਰ-ਗੱਦੀ ਦੀ ਪ੍ਰਾਪਤੀ ਤੇ ਧੀਰ ਮਲ ਦਾ ਵਿਰੋਧ
ਆਨੰਦ ਪੁਰ ਵਸਾਣਾ

ਵੈਰਾਗ ਮੂਰਤਿ, ਧਰਮ ਰਖਯਕ ਤੇ ਉਪਕਾਰੀ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਭਾਰਤ ਨੂੰ ਜੀਅ ਦਾਨ ਦੇਣ ਤੇ ਸਿੱਖੀ ਨੂੰ ਸੁਰਜੀਤ ਕਰਨ ਵਾਲਾ ਹੈ। ਆਪ ਦੀ ਮਨੋ ਬਿਰਤੀ ਵਿਚ ਵੈਰਾਗ ਦੀ ਖਾਸ ਕਰ ਪ੍ਰਧਾਨਤਾ ਰਹੀ ਹੈ । ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਪ ਦੇ ੫੯ ਸ਼ਬਦ ਤੇ ੫੭ ਸਲੋਕ ਦਰਜ ਹਨ । ਇਨ੍ਹਾਂ ਵਿਚੋਂ ਵੀ ਵੈਰਾਗ ਉਮਡ ਉਮਡ ਪੈਂਦਾ ਹੈ । ਗੁੜ ਦੀ ਮਖੀ ਵਾਂਗ ਵਿਕਾਰਾਂ ਵਿਚ ਫਸੇ ਹੋਏ ਮਨੁਖਾਂ ਨੂੰ ਡਾਢੇ ਮਿਠੇ ਤੇ ਭਾਵ ਪੂਰਤ ਸ਼ਬਦਾਂ ਵਿਚ ਮਨੁਖੀ ਜੀਵਨ ਤੇ ਸੰਸਾਰ ਦੀ ਅਸਲੀਅਤ ਸਮਝਾਈ ਹੈ । ਜੀਵਨ ਤੋਂ ਨਿਰੀ ਨਿਰਾਸਤਾ ਪੈਦਾ ਨਹੀਂ ਕੀਤੀ, ਉਸ ਨੂੰ ਕਰਮ ਯੋਗੀ ਬਣਾਇਆ ਹੈ ।

ਭਾਰਤ ਵਿਚ ਮਹਾਤਮਾ ਬੁਧ, ਭਰਥਰੀ, ਰਾਜਾ ਗੋਪੀ ਚੰਦ ਅਤੇ ਹੋਰ ਕਈ ਮਹਾਂ ਪੁਰਖਾਂ ਨੇ ਭਗਤੀ ਤੇ ਵੈਰਾਗ ਦਾ ਸੰਦੇਸ਼ ਦਿਤਾ ਹੈ । ਕੋਈ ਜਾਤੀ ਜਾਂ ਮਨੁਖ ਸੁਤੰਤ੍ਰ ਹੋਵੇ ਤਾਂ ਉਹ ਜੋ ਚਾਹੇ ਆਪਣੇ ਵਿਚਾਰ ਬਣਾ ਲਵੇ, ਪਰ ਜਦ ਉਸ ਨੂੰ ਦੂਜੀਆਂ ਕੌਮਾਂ ਜੋ ਪਸ਼ੂ ਬਲ ਉਤੇ ਨਿਸਚਾ ਰਖਦੀਆਂ ਹੋਣ, ਨਾਲ ਵਾਹ ਪੈ ਜਾਵੇ, ਤਦ ਉਸ ਹਾਲਤ ਵਿਚ ਵੈਰਾਗ ਦੀ ਸਿਖਿਆ ਹਾਨੀ ਕਰਦੀ

ਹੈ । ਜੋ ਕੌਮ ਆਪਣੇ ਜੀਵਨ ਤੋਂ ਆਪ ਬੇਜ਼ਾਰ ਹੋਵੇ, ਉਸ ਨੂੰ ਦੂਸਰੇ ਮਾਰ ਲੈਣ ਹਾਂ ਅਧੀਨ ਕਰ ਲੈਣ ਤਾਂ ਕੋਈ ਵਡੀ ਗਲ ਨਹੀਂ।

ਵੈਰਾਗ ਕੀ ਹੈ ? ਕਿਸੇ ਚੀਜ਼ ਵਿਚ ਪ੍ਰੀਤੀ (ਰਾਗ) ਦਾ ਨਾ ਹੋਣਾ, ਅਰਥਾਤ ਸੰਸਾਰ ਤੋਂ ਉਪਰਾਮਤਾ । ਸਿਖੀ ਨੇ ਇਹ ਚੀਜ ਨਹੀਂ ਦਿਤੀ, ਬਲਕਿ ਉਪਰਾਮਤਾ ਦੀ ਥਾਂ ਮਨੋ ਬ੍ਰਿਤੀਆਂ ਨੂੰ ਨੀਵੀਆਂ ਕਾਮਨਾਵਾਂ ਵਲੋਂ ਰੋਕ ਕੇ ਕਿਸੇ ਉਚੇ ਆਦਰਸ਼ ਵਲ ਲਾਉਣਾ, ਪਰ-ਉਪਕਾਰ ਤੇ ਸੇਵਾ ਲਈ ਆਪਣੇ ਆਪ ਨੂੰ ਮਿਟਾ ਦੇਣਾ ਸੱਚਾ ਵੈਰਾਗ ਦਸਿਆ ਹੈ । ਜਦ ਤੀਕ ਮਨ ਦੀਆਂ ਬ੍ਰਿਤੀਆਂ ਨੂੰ ਰੋਕ ਕੇ ਪੂਰੇ ਜ਼ੋਰ ਨਾਲ ਇਕ ਪਾਸੇ ਨਹੀਂ ਲਾਇਆ ਜਾਂਦਾ ਉਦੋਂ ਤੀਕ ਕਿਸੇ ਵਡੇ ਕੰਮ ਵਿਚ ਸਫਲਤਾ ਨਹੀਂ ਹੋ ਸਕਦੀ । ਉਸ ਦੇ ਸਾਧਨ ਸੋਚਣ ਲਈ ਜਿਥੇ ਮਨੋ-ਬ੍ਰਿਤੀਆਂ ਨੂੰ ਇਕ ਪਾਸੇ ਲਾਉਣਾ ਜ਼ਰੂਰੀ ਹੈ, ਉਥੇ ਨਾਲ ਹੀ ਸੰਜਮੀ, ਏਕਾਂਤ ਸੇਵੀ ਅਤੇ ਵੈਰਾਗੀ ਜੀਵਨ ਭੀ ਜ਼ਰੂਰੀ ਹੈ।

ਜਿਸ ਤਰ੍ਹਾਂ ਕਿਸੇ ਨਦੀ ਵਿਚ ਹੜ੍ਹ ਆਉਣ ਨਾਲ ਉਸ ਦੇ ਕੰਢਿਆਂ ਦੀ ਮੈਲ ਧੋਤੀ ਜਾਂਦੀ ਹੈ, ਇਸੇ ਤਰ੍ਹਾਂ ਹੀ ਵੈਰਾਗ ਦੀ ਨਿਰਮਲ ਧਾਰਾ ਚਲਣ ਨਾਲ ਮਨ ਪਵਿਤਰ ਹੋ ਜਾਂਦਾ ਹੈ । ਦੇਸ਼ ਕੌਮ, ਆਜ਼ਾਦੀ ਤੇ ਦੀਨ ਦੁਖੀਆਂ ਲਈ ਉਹ ਆਦਮੀ ਕਦੀ ਕੁਰਬਾਨੀ ਨਹੀਂ ਕਰ ਸਕਦਾ, ਜਿਸ ਦੇ ਮਨ ਵਿਚ ਵੈਰਾਗ ਨਹੀਂ। ਗੁਰੂ ਜੀ ਨੇ ਬੁਢਾਪੇ, ਰੋਗ, ਮੌਤ, ਸਬੰਧੀਆਂ ਅਤੇ ਪਰਮ ਸਨੇਹੀਆਂ ਦੇ ਵਿਛੋੜੇ ਜਾਂ ਬੇਵਫਾਈ ਤੋਂ ਵੈਰਾਗ ਨਹੀਂ ਪ੍ਰਾਪਤ ਕੀਤਾ । ਇਹੋ ਜਿਹੇ ਘਟੀਆ ਦਰਜੇ ਦੇ ਵੈਰਾਗੀ ਸਾਧੂ ਤੇ ਤਿਆਗੀ ਇਥੇ ਬਹੁਤ ਮਿਲਦੇ ਸਨ । ਆਪ ਨੇ ਉਤਮ ਵੈਰਾਗ ਪ੍ਰਾਪਤ ਕੀਤਾ ਹੈ । ਜਿਸ ਵਿਚ ਸੰਸਾਰ ਲਈ ਦਰਦ, ਸ੍ਵੈਮਾਨ, ਧਰਮ ਲਈ ਆਪਾ ਵਾਰਨ ਦਾ ਜਜ਼ਬਾ ਦੇਸ਼ ਲਈ ਹਿਤ, ਕੌਮ

ਕਰਨ ਲਈ ਉਤਸ਼ਾਹ ਤੇ ਆਦਰਸ਼ ਪ੍ਰਾਪਤੀ ਲਈ ਦ੍ਰਿੜ ਵਿਸ਼ਵਾਸ ਪਾਇਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਅਸੀਂ ਤਿੰਨਾਂ ਹਿੱਸਿਆਂ ਵਿਚ ਵੰਡ ਸਕਦੇ ਹਾਂ—

(ੳ) ਬਚਨ ਦੀ ਸਿਖਿਆ, ਗ੍ਰਿਹਸਤੀ ਹੋਣਾ, ਬਕਾਲੇ ਵਿਚ ਏਕਾਂਤ ਵਾਸ ਤੇ ਵੈਰਾਗੀ ਜੀਵਨ, ਜੋ ਖ਼ਾਸ ਆਦਰਸ਼ ਤੇ ਕੁਰਬਾਨੀ ਲਈ ਤਿਆਰੀ ਸੀ।

(ਅ) ਗੁਰਗੱਦੀ ਪ੍ਰਾਪਤ ਕਰਨ ਪਿਛੋਂ ਪ੍ਰਚਾਰ ਲਈ ਪੰਜਾਬ ਤੋਂ ਆਸਾਮ ਤਕ ਦੇਸ਼ਾਟਨ, ਔਰੰਗਜ਼ੇਬ ਦੇ ਜ਼ੁਲਮ ਦੇ ਵਿਰੁਧ ਲੋਕ ਰਾਇ ਨੂੰ ਮਾਲੂਮ ਕਰ ਕੇ ਜਥੇਬੰਦ ਕਰਨਾ।

(ੲ) ਪੰਜਾਬ ਵਿਚ ਜ਼ੁਲਮ ਦੇਖ ਕੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਹਿੰਦੂ ਧਰਮ ਦੀ ਰਖਿਆ ਲਈ ਦਿੱਲੀ ਜਾ ਕੇ ਸ਼ਹੀਦ ਹੋਣਾ।

ਹੁਣ ਅਸੀਂ ਇਨ੍ਹਾਂ ਤਿੰਨਾਂ ਗਲਾਂ ਨੂੰ ਕ੍ਰਮ ਅਨੁਸਾਰ ਵਰਨਣ ਕਰਦੇ ਹਾਂ।

ਅਵਤਾਰ—

ਗੁਰੂ ਜੀ ਦਾ ਅਵਤਾਰ ਵੈਸਾਖ ਸੁਦੀ ੫ ਸੰਮਤ ੧੬੭੮ ਨੂੰ ਛੇਵੇਂ ਪਾਤਸ਼ਾਹ ਦੇ ਘਰ ਮਾਤਾ ਨਾਨਕੀ ਜੀ ਤੋਂ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਬਚਪਨ ਤੋਂ ਸੰਤ ਸਰੂਪ, ਬੜੇ ਗੰਭੀਰ ਤੇ ਉਚੀ ਬ੍ਰਿਤੀ ਦੇ ਸਨ। ਆਪ ਦੀ ਵਿਦਿਆ ਤੇ ਸਿਖਿਆ ਛੇਵੇਂ ਪਾਤਸ਼ਾਹ ਦੀ ਨਿਗਰਾਨੀ ਥਲੇ ਹੋਈ, ਇਸ ਲਈ ਵਡੇ ਹੋ ਕੇ ਸੁੰਦਰ ਜਵਾਨ, ਸੂਰਬੀਰ ਵਿਦਵਾਨ, ਸ਼ਸਤ੍ਰ-ਧਾਰੀ ਧਰਮ ਅਤੇ ਰਾਜਨੀਤੀ ਤੋਂ ਚੰਗੇ ਜਾਣੂ ਸਨ। ਛੇਵੇਂ ਪਾਤਸ਼ਾਹ ਕਹਿੰਦੇ ਸਨ—

"ਸਾਡਾ ਇਹ ਪੁਤਰਸੂਰਬੀਰ ਤੇ ਜੋਧਾ ਹੋਏਗਾ।"

ਇਸ ਲਈ ਉਨ੍ਹਾਂ ਨੇ ਆਪ ਦਾ ਨਾਮ ਹੀ ਤੇਗ ਬਹਾਦਰ ਰਖਿਆ।

ਗੁਰੂ ਜੀ ਦੀ ਸ਼ਾਦੀ ਕਰਤਾਰ ਪੁਰ ਨਿਵਾਸੀ ਲਾਲ ਚੰਦ ਖਤਰੀ ਦੀ ਸਪੁਤ੍ਰੀ ਸ੍ਰੀ ਗੁਜਰੀ ਜੀ ਨਾਲ ਹੋਈ। ਜਿਨ੍ਹਾਂ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ। ਆਪ ਦਾ ਗ੍ਰਿਹਸਤੀ ਜੀਵਨ ਬੜਾ ਸੁਖਾਵਾਂ ਸੀ। ਸੰਮਤ ੧੭੦੧ ਵਿਚ ਛੇਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਸ੍ਰੀ ਮਾਤਾ ਨਾਨਕੀ ਜੀ ਤੇ ਆਪਣੀ ਧਰਮ ਪਤਨੀ ਸ੍ਰੀ ਗੁਜਰੀ ਜੀ ਸਮੇਤ ਨਾਨਕੇ ਪਿੰਡ ਬਕਾਲੇ ਆ ਗਏ। ਪਹਿਲੇ ਵੀ ਕਈ ਵੇਰ ਇਥੇ ਆ ਕੇ ਰਹਿੰਦੇ ਸਨ, ਪਰ ਇਸ ਵੇਰ ਵੀਹ ਇਕੀ ਵਰ੍ਹੇ ਦੇ ਲਗ ਪਗ ਇਥੇ ਹੀ ਨਿਵਾਸ ਕੀਤਾ। ਇਕ ਸਾਧਾਰਨ ਜਿਹੇ ਮਕਾਨ ਵਿਚ ਰਹਿੰਦੇ ਸਨ। ਲੋਕਾਂ ਨੂੰ ਘਟ ਮਿਲਦੇ ਸਨ। ਜੀਵਨ ਬੜਾ ਸਾਦਾ, ਪਵਿਤਰ ਤੇ ਤਪ ਦਾ ਗੁਜ਼ਾਰਦੇ ਸਨ। ਇਹ ਏਕਾਂਤ ਵਾਸਤੇ ਤਪ ਬੁਧ ਭਿਖਸ਼ੂਆਂ, ਈਸਾਈ ਸਾਧੂਆਂ ਜਾਂ ਜੋਗੀਆਂ ਵਾਲਾ ਨਹੀਂ ਸੀ, ਇਹ ਆਉਣ ਵਾਲੇ ਭਿਆਨਕ ਸਮੇਂ ਲਈ ਕੁਰਬਾਨੀ ਕਰਨ ਦੀ ਤਿਆਰੀ ਸੀ। ਆਪ ਨੇ ਕਿਤਨੇ ਬਰਸ ਸੋਚਿਆ ਕਿ ਦੇਸ਼ ਦੀ ਕਿਸਮਤ ਕਿਵੇਂ ਬਦਲੀ ਜਾ ਸਕਦੀ ਹੈ ? ਕਿਸੇ ਵਡੇ ਆਦਰਸ਼ ਦੀ ਪ੍ਰਾਪਤੀ ਲਈ ਵਡੀ ਕੁਰਬਾਨੀ ਦੀ ਲੋੜ ਹੁੰਦੀ ਹੈ। ਕੁਰਬਾਨੀ ਜਿੰਨੀ ਪਵਿਤ੍ਰ ਹੋ ਕੇ ਕੀਤੀ ਜਾਵੇ ਉਤਨਾ ਅਸਰ ਪੈਦਾ ਕਰਦੀ ਹੈ। ਗੁਮ-ਨਾਮੀ ਤੇ ਬਦਨਾਮੀ ਦੀ ਮੌਤ ਬਹੁਤ ਸਾਰੇ ਲੋਕ ਮਰਦੇ ਹਨ। ਪਵਿਤ੍ਰ ਤੇ ਨੇਕ-ਨਾਮ ਹੋ ਕੇ ਮਰਨਾ ਕਿਸੇ ਕਿਸੇ ਦੇ ਹਿਸੇ ਆਉਂਦਾ ਹੈ। ਬਾਬੇ ਬਕਾਲੇ ਵਿਚ ਬੈਠ ਕੇ ਗੁਰੂ ਜੀ ਨੇ

'ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹ ਮਨ ਹੋੜੀਐ'

ਦੇ ਤੱਤ ਨੂੰ ਸਮਝਿਆ ਤੇ ਧਰਮ ਤੇ ਦੇਸ਼ ਦੀ ਰਖਿਆ ਲਈ ਕੁਰਬਾਨੀ ਦੀ ਤਿਆਰੀ ਕੀਤੀ।

ਇਕ ਗੱਲ ਹੋਰ ਸਮਝਣ ਵਾਲੀ ਹੈ ਕਿ ਮਹਾਰਾਜ ਨੂੰ ਗੁਰ-ਗੱਦੀ ਲਈ ਪਹਿਲੇ ਕਿਉਂ ਨਾ ਚੁਣਿਆ ਗਿਆ ? ਇਸ ਦਾ ਉੱਤਰ ਇਹ ਹੈ ਕਿ ਗੁਰੂ ਘਰ ਵਿਚ ਸਮੇਂ ਦੀ ਲੋੜ ਅਨੁਸਾਰ ਯੋਗ ਸਖਸ਼ੀਅਤ ਨੂੰ ਚੁਣਿਆ ਜਾਂਦਾ ਰਿਹਾ ਹੈ। ਛੇਵੀਂ ਪਾਤਸ਼ਾਹੀ ਨੇ ਜੰਗ ਕੀਤੇ ਤੇ ਬੀਰ ਰਸ ਦੇ ਚਮਤਕਾਰ ਵਿਖਾਏ । ਪਿਛੋਂ ਸਤਿਗੁਰੂ ਚਾਹੁੰਦੇ ਰਹਨ ਕਿ ਸ਼ਾਂਤਮਈ ਨਾਲ ਮੁਗਲਾਂ ਨੂੰ ਸਮਝਾਇਆ ਜਾਵੇ ਇਸ ਲਈ ਸਤਵੀਂ ਤੇ ਅਠਵੀਂ ਪਾਤਸ਼ਾਹੀ ਨੇ ਜੰਗ ਨਹੀਂ ਕੀਤੇ । ਨੌਵੇਂ ਗੁਰੂ ਜੀ ਨੇ ਸ਼ਾਂਤਮਈ ਤੇ ਪਵਿਤਰ ਕੁਰਬਾਨੀ ਨਾਲ ਜ਼ਾਲਮ ਦੇ ਮਨ ਨੂੰ ਬਦਲਣਾ ਤੇ ਮਜ਼ਲੂਮਾਂ ਨੂੰ ਉਠਾਣਾ ਸੀ, ਇਸ ਲਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗਦੀ ਦਿਤੀ । ਅਠਵੀਂ ਪਾਤਸ਼ਾਹੀ ਨੇ ਜੋਤੀ ਜੋਤ ਸਮਾਉਣ ਵੇਲੇ ਇਤਨਾ ਹੀ ਕਿਹਾ ਸੀ—'ਬਾਬਾ ਬਕਾਲੇ' । ਇਨ੍ਹਾਂ ਸ਼ਬਦਾਂ ਦਾ ਭਾਵ ਤੇ ਸਪਸ਼ਟ ਸੀ, ਪਰ ਧੀਰ ਮਲ ਤੇ ਹੋਰ ਕਈ ਸੋਢੀਆਂ ਨੇ ਇਨ੍ਹਾਂ ਦਾ ਮਤਲਬ ਹੋਰ ਕੱਢ ਕੇ ਬਕਾਲੇ ਵਿਚ ਮੰਜੀਆਂ ਲਾਈਆਂ ਤੇ ਸੰਗਤਾਂ ਨੂੰ ਭੁਲੇਖਾ ਪਾਉਣ ਦਾ ਜਤਨ ਕੀਤਾ ।

ਸੂਰਜ ਬਦਲਾਂ ਵਿਚ ਕੁਝ ਦੇਰ ਲਈ ਛੁਪ ਸਕਦਾ ਹੈ, ਪਰ ਸਦਾ ਲਈ ਨਹੀਂ । ਸੋਢੀਆਂ ਦੇ ਪ੍ਰਾਪੇਗੰਡੇ ਨੇ ਸਿੱਖ ਸੰਗਤਾਂ ਨੂੰ ਕੁਝ ਭੁਲੇਖੇ ਵਿਚ ਪਾਇਆ, ਇਸ ਲਈ ਸਿਆਣੇ ਅਤੇ ਸਿਦਕੀ ਸਿਖ ਗੁਰੂ ਜਯੋਤੀ ਦੀ ਤਲਾਸ਼ ਕਰਨ ਲਗ ਪਏ। ਬਕਾਲੇ ਆ ਕੇ ਉਹ ਵੇਖਦੇ ਸਨ ਕਿ ਡੰਮੀ ਗੁਰੂਆਂ ਨੇ ਮਕੜੀ ਵਾਂਗੂ ਜਾਲ ਤਾਣਿਆ ਹੋਇਆ ਹੈ, ਜਿਸ ਵਿਚ ਭੋਲੇ ਭਾਲੇ ਸਿਖਾਂ ਨੂੰ ਫਸਾਇਆ ਜਾਂਦਾ ਹੈ । ਚੰਗੀ ਸ਼ਖਸੀਅਤ ਪਾਸ ਗਿਆ ਮਨ ਨੂੰ ਠੰਢ ਪੈਂਦੀ ਹੈ, ਪਿਆਰ ਤੇ ਸਤਿਕਾਰ ਵਧਦਾ ਹੈ । ਪਖੰਡੀ ਪਾਸ ਗਿਆਂ ਨਿਰਾਸਤਾ ਤੇ ਗਿਲਾਨੀ ਵਧਦੀ । ਕਈ ਵੇਰ

ਲੋਕ ਲਾਜ ਜਾਂ ਕਿਸੇ ਸਵਾਰਥ ਦੇ ਕਾਰਨ ਕਈ ਆਦਮੀ ਪਖੰਡੀਆਂ ਦਾ ਪਾਜ ਨਹੀਂ ਉਘੇੜਦੇ, ਪਰ ਕਈ ਆਦਮੀ ਤਿੱਖੇ ਹੁੰਦੇ ਹਨ । ਉਹ ਪਖੰਡੀ ਤੇ ਝੂਠੇ ਆਦਮੀ ਵਿਰੁਧ ਬਗਾਵਤ ਕਰ ਦਿੰਦੇ ਹਨ । ਬਕਾਲੇ ਵਿਚ ਇਹੀ ਹੋਇਆ । ਮਾਤਾ ਨਾਨਕੀ ਜੀ ਨੇ ਇਹ ਹਾਲਤ ਦੇਖ ਕੇ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ ਬਾਬਾ ਦੁਆਰਕਾ ਦਾਸ ਜੀ ਅਤੇ ਛੇਵੇਂ ਪਾਤਸ਼ਾਹ ਦੇ ਪ੍ਰਸਿੱਧ ਸਿੱਖ ਭਾਈ ਗੜ੍ਹੀਏ ਨੂੰ ਪੱਤ੍ਰਕਾ ਲਿਖੀ । ਇਹ ਦੋਵੇਂ ਬਕਾਲੇ ਆਏ । ਇਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਅਤੇ ਸੰਗਤਾਂ ਨੂੰ ਕਿਹਾ ਕਿ ਸਚੇ ਪਾਤਸ਼ਾਹ ਇਹੀ ਹਨ, ਪਰ ਧੀਰ ਮਲ ਅਤੇ ਮਸੰਦਾਂ ਦਾ ਜਾਲ ਚੰਗੀ ਤਰ੍ਹਾਂ ਨਾ ਟੁਟਾ ।

ਇਕ ਦਿਨ ਗੁਰੂ ਕੇ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਦਰਸ਼ਨ ਨੂੰ ਆਏ । ਅਗੇ ਸੋਢੀਆਂ ਦੀਆਂ ਮੰਜੀਆਂ ਲਗੀਆਂ ਹੋਈਆਂ ਸਨ । ਉਨ੍ਹਾਂ ਦੇ ਦਿਲ 'ਚ ਈਰਖਾ ਤੇ ਕ੍ਰੋਧ ਦੀ ਅੱਗ ਭੜਕ ਰਹੀ ਸੀ । ਲੋਭ ਦੇ ਚਿਕੜ ਵਿਚ ਫਸੇ ਪਏ ਸਨ, ਪਰ ਦੂਜਿਆਂ ਨੂੰ ਨਾਮ-ਦਾਨ ਬਖਸ਼ਦੇ ਸਨ । ਭਾਈ ਮਖਣ ਸ਼ਾਹ ਨੇ ਦੋ ਦੋ ਮੋਹਰਾਂ ਸਭ ਅਗੇ ਰਖ ਕੇ ਮਥਾ ਟੇਕਿਆ, ਪਰ ਆਤਮਿਕ ਸ਼ਾਂਤੀ ਕਿਤੋਂ ਨਾ ਮਿਲੀ । ਨਿਰਾਸ ਹੋ ਕੇ ਮੁੜਨ ਲਗਾ ਤਾਂ ਇਕ ਆਦਮੀ ਨੂੰ ਪੁਛਿਓ ਸੂ–'ਇਥੇ ਹੋਰ ਵੀ ਕੋਈ ਸੋਢੀ ਰਹਿੰਦਾ ਹੈ ?' ਪਿੰਡ ਦੇ ਬੰਦੇ ਨੇ ਉਤਰ ਦਿਤਾ–'ਹਾਂ ਇਕ ਸਾਹਿਬਜ਼ਾਦੇ ਤੇਗ ਬਹਾਦਰ ਨਾਮੀ ਰਹਿੰਦੇ ਹਨ । ਉਹ ਕਿਸੇ ਨਾਲ ਮੁਲਾਕਾਤ ਨਹੀਂ ਕਰਦੇ । ਇਹ ਸੁਣ ਕੇ ਭਾਈ ਮਖਣ ਸ਼ਾਹ ਉਥੇ ਪੁਜੇ, ਜਿਥੇ ਸਤਿਗੁਰੂ ਭਜਨ ਕਰਦੇ ਸਨ । ਮਾਤਾ ਗੁਜਰੀ ਜੀ ਨੇ ਭਾਈ ਸਾਹਿਬ ਨੂੰ ਕਿਹਾ–'ਮਹਾਰਾਜ ਕਿਸੇ ਨੂੰ ਮਿਲਦੇ ਨਹੀਂ ।' ਪਰ ਮੱਖਣ ਸ਼ਾਹ ਨੇ ਬਿਹਬਲ ਹੋ ਕੇ ਦਰਵਾਜ਼ਾ

ਬੁਲਾਇਆ । ਅੰਦਰ ਕੀ ਵੇਖਿਆ, ਜਗ ਮਗ ਕਰਦੀ ਜੋਤ ਧਰਮ ਮੂਰਤਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠੇ ਹਨ । ਚਰਨਾਂ ਤੇ ਡਿਗ ਪਿਆ । ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਮਖਣ ਸ਼ਾਹ ਦਾ ਮਨ ਬਹੁਤ ਨਿਰਮਲ ਹੋ ਗਿਆ । ਬਸ ਫੇਰ ਕੀ ਸੀ, ਉਸ ਨੇ ਕੋਠੇ ਤੇ ਚੜ੍ਹ ਕੇ ਪੱਲੂ ਫੇਰਿਆ—''ਲੋਕੋ, ਸਚਾ ਗੁਰੂ ਲਭ ਗਿਆ ਹੈ । ਉਹ ''ਬਾਬਾ ਬਕਾਲੇ ਵਿਚ ਹੀ ਹੈ'' । ਇਹ ਸੁਣ ਕੇ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਉਮਡ ਪਈਆਂ । ਦਿਲੀ ਤੋਂ ਸਿਖ ਪੰਜ ਪੈਸੇ ਤੇ ਨਾਰੀਅਲ ਲਿਆਇਆ ਸੀ । ਉਹ ਮਹਾਰਾਜ ਦੇ ਭੇਟ ਕੀਤੇ ਗਏ । ਸੰਗਤਾਂ ਨੇ ਨਮਸਕਾਰ ਕੀਤੀ ।

ਧੀਰ ਮਲ ਨੇ ਕਰਤਾਰਪੁਰ ਦੇ ਜੰਗ ਵਿਚ ਛੇਵੇਂ ਗੁਰੂ ਜੀ ਨਾਲ ਧਰੋਹ ਕੀਤਾ ਸੀ, ਆਪਣੇ ਪਿਤਾ ਸ੍ਰੀ ਗੁਰਦਿਤਾ ਜੀ ਦੇ ਸਮਾਉਣ ਪਰ ਪਾਠ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਹੀਂ ਦਿਤੀ ਸੀ । ਉਹ ਹਕੂਮਤ ਦੇ ਆਸਰੇ ਗੁਰੂ ਬਣਨਾ ਚਾਹੁੰਦਾ ਸੀ । ਇਹ ਵੇਖਕੇ ਉਸਦੀ ਖਾਨਿਓਂ ਗਈ । ਧੀਰ ਮਲ ਨੇ ਕੁਝ ਮਸੰਦਾਂ ਨੂੰ ਨਾਲ ਲੈ ਕੇ ਗੁਰੂ ਜੀ ਤੇ ਹਮਲਾ ਕਰ ਦਿਤਾ । ਸ਼ੀਹੇਂ ਮਸੰਦ ਨੇ ਗੁਰੂ ਜੀ ਉਤੇ ਗੋਲੀ ਚਲਾਈ, ਪਰ ਹਜ਼ੂਰ ਬਚ ਗਏ ।

ਧੀਰ ਮਲ ਤੇ ਉਸ ਦੇ ਮਸੰਦਾਂ ਨੇ ਗੁਰੂ ਜੀ ਦਾ ਸਾਮਾਨ ਲੁਟਿਆ । ਜਦ ਭਾਈ ਮਖਣ ਸ਼ਾਹ ਨੂੰ ਪਤਾ ਲਗਾ ਤਾਂ ਉਹਾਂ ਕੁਝ ਸੂਰਬੀਰ ਨਾਲ ਲੈ ਕੇ ਧੀਰ ਮਲ ਤੇ ਜਾ ਪਿਆ । ਉਸ ਨੇ ਜੋ, ਸਾਮਾਨ ਲੁਟਿਆ ਸੀ, ਉਹ ਭੀ ਮੋੜ ਲਿਆਂਦਾ ਤੇ ਨਾਲ ਬੀੜ ਭੀ ਮੋੜ ਲਿਆਂਦੀ । ਗੁਰੂ ਜੀ ਨੂੰ ਪਤਾ ਲਗਾ ਤਾਂ ਆਪ ਨੇ ਫੁਰਮਾਇਆ—

'ਜੋ ਚੀਜ਼ਾਂ ਧੀਰ ਮਲ ਦੀਆਂ ਲਿਆਂਦੀਆਂ ਹਨ, ਵਾਪਸ ਕਰ ਦਿਓ ।

ਸਿਖਾਂ ਨੇ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਹੋਰ ਚੀਜ਼ਾਂ ਤਾਂ ਮੋੜ ਦਿਆਂਗੇ, ਪਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਵਾਪਸ

ਨਹੀਂ ਕਰਾਂਗੇ, ਕਿਉਂਕਿ ਇਸ ਦੇ ਆਸਰੇ ਧੀਰ ਮਲ ਗੁਰੂ ਬਣਨਾ ਚਾਹੁੰਦਾ ਹੈ । ਬੀੜ ਉਥੇ ਹੋਣੀ ਚਾਹੀਦੀ ਹੈ ਜਿਥੇ ਗੁਰੂ ਹੋਵੇ ।'

ਮਹਾਰਾਜ ਨੇ ਉਤਰ ਦਿਤਾ-'ਬੀੜ ਭੀ ਵਾਪਸ ਕਰਨੀ ਚਾਹੀਦੀ ਹੈ ।'

ਇਸ ਹੁਕਮ ਅਨੁਸਾਰ ਬੀੜ ਬਿਆਸ ਕੇ ਕੰਢੇ ਰਖੀ ਗਈ, ਜਿਸ ਕਰਕੇ ਹਾਸ਼ੀਏ ਸਲ੍ਹਾਬੇ ਗਏ । ਧੀਰ ਮਲ ਆ ਕੇ ਆਪਣਾ ਸਾਮਾਨ ਤੇ ਬੀੜ ਲੈ ਗਿਆ । ਜਿਨ੍ਹਾਂ ਮਸੰਦਾਂ ਨੇ ਲੁਟ ਮਾਰ ਕੀਤੀ ਸੀ, ਉਨ੍ਹਾਂ ਨੂੰ ਭੀ ਗੁਰੂ ਜੀ ਨੇ ਬਖਸ਼ ਦਿਤਾ ।

ਗੁਰ ਗੱਦੀ ਤੇ ਬਿਰਾਜਮਾਨ ਹੋਣ ਤੋਂ ਛੇਤੀ ਹੀ ਬਾਅਦ ਗੁਰੂ ਜੀ ਬਕਾਲੇ ਤੋਂ ਚਲ ਕੇ ਤਰਨ ਤਾਰਨ, ਖਡੂਰ ਸਾਹਿਬ ਤੇ ਗੋਇੰਦਵਾਲ ਦੇ ਦਰਸ਼ਨ ਕਰਨ ਆਏ । ਇਨ੍ਹਾਂ ਅਸਥਾਨਾਂ ਦੀ ਯਾਤਰਾ ਕਰਕੇ ਆਪ ਸ੍ਰੀ ਅੰਮ੍ਰਿਤਸਰ ਪੁਜੇ । ਸ੍ਰੀ ਅਕਾਲ ਤਖਤ ਸਾਹਿਬ ਦੇ ਪਾਸ ਜਿਥੇ ਹੁਣ ਗੁਰਦਵਾਰਾ ਥੜ੍ਹਾ ਸਾਹਿਬ ਹੈ-ਇਕ ਬੇਰੀ ਥੱਲੇ ਆ ਬਿਰਾਜੇ । ਇਥੋਂ ਉਠ ਕੇ ਜਦ ਸ੍ਰੀ ਹਰਿਮੰਦਰ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਅਗੋਂ ਈਰਖਾ ਤੇ ਕਰੋਧ ਦੀ ਅਗ ਵਿਚ ਸੜ ਰਹੇ ਸੇਵਾਦਾਰਾਂ ਨੇ ਦਰਵਾਜ਼ੇ ਬੰਦ ਕਰ ਦਿਤੇ । ਮਹਾਰਾਜ ਬਾਹਰੋਂ ਹੀ ਦਰਸ਼ਨ ਕਰਕੇ ਵਾਪਸ ਆ ਗਏ । ਸੇਵਾਦਾਰਾਂ ਦੀ ਮਾਨਸਿਕ ਅਵਸਥਾ ਦੇਖ ਕੇ ਆਪ ਜੀ ਨੇ ਬਚਨ ਕੀਤਾ- "ਅੰਮ੍ਰਿਤਸਰੀਏ ਅੰਦਰ ਸੜੀਏ" ਇਹ ਸ਼ਹਿਰ ਦੀਆਂ ਸੰਗਤਾਂ ਪ੍ਰਤੀ ਕੋਈ ਸਰਾਪ ਨਹੀਂ ਸੀ, ਸੁਭਾਵਿਕ ਬਚਨ ਸੀ । ਜਿਸ ਵਿਚ ਸ੍ਰੀ ਹਰਿਮੰਦਰ ਜੀ ਦੇ ਸੇਵਾਦਾਰਾਂ ਦੀ ਹਾਲਤ ਬਿਆਨ ਕੀਤੀ ਗਈ ਸੀ ।

ਹਜ਼ੂਰ ਅੰਮ੍ਰਿਤਸਰੋਂ ਚਲ ਕੇ ਚਾਰ ਮੀਲ ਦੀ ਵਿੱਥ ਤੇ ਵੱਲੇ ਪਿੰਡ ਦੇ ਬਾਹਰ ਜਾ ਟਿਕੇ । ਜਦ ਅੰਮ੍ਰਿਤਸਰ ਦੀ ਸੰਗਤ ਨੂੰ ਪਤਾ

ਲਗਾ ਕਿ ਨੌਵੇਂ ਪਾਤਸ਼ਾਹ ਆਏ ਤੇ ਚਲੇ ਵੀ ਗਏ ਹਨ, ਤਦ ਸੰਗਤ ਵਹੀਰਾਂ ਘਤ ਕੇ ਪੁਜੀ । ਮੁਖੀ ਸਿੱਖਾਂ ਨੇ ਸ੍ਰੀ ਹਰਿਮੰਦਰ ਜੀ ਦੇ ਪੁਜਾਰੀਆਂ ਵਲੋਂ ਕੀਤੀ ਗਈ ਅਵੱਗਿਆ ਦੀ ਖਿਮਾ ਮੰਗੀ । ਸਤਿਗੁਰੂ ਨੇ ਸੰਗਤ ਤੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ । ਜਿਥੇ ਗੁਰਦੇਵ ਬਿਰਾਜੇ ਸਨ, ਉਥੇ ਹੁਣ ਗੁਰਦਵਾਰਾ ਦਮਦਮਾ ਸਾਹਿਬ ਮੌਜੂਦ ਹੈ । ਵੱਲੇ ਪਿੰਡ ਵਿਚ ਇਕ ਪ੍ਰੇਮਣ ਮਾਈ ਦੇ ਘਰ ਠਹਿਰੇ ਸਨ, ਉਥੇ ਗੁਰਦਵਾਰਾ ਕੋਠਾ ਸਾਹਿਬ ਪ੍ਰਸਿਧ ਹੈ ਮਾਘ ਦੀ ਪੂਰਨਮਾਸ਼ੀ ਨੂੰ ਇਥੇ ਬੜਾ ਭਾਰੀ ਮੇਲਾ ਲਗਦਾ ਹੈ ।

ਗੁਰੂ ਜੀ ਨੇ ਮਾਝੇ ਵਿਚ ਗੁਰ-ਅਸਥਾਨਾਂ ਦੀ ਯਾਤਰਾ ਤੇ ਸਿਖੀ ਪ੍ਰਚਾਰ ਕਰਨ ਦੇ ਪਿਛੋਂ ਕੀਰਤ ਪੁਰ ਜਾਣ ਦਾ ਫੈਸਲਾ ਕੀਤਾ । ਇਸ ਦਾ ਇਕ ਕਾਰਨ ਇਹ ਸੀ ਕਿ ਆਪ ਬੜੇ ਸ਼ਾਂਤ-ਚਿਤ, ਭਜਨੀਕ, ਟਿਕੀ ਹੋਈ ਸੁਰਤ ਅਤੇ ਵੈਰਾਗੀ ਬ੍ਰਿਤੀ ਦੇ ਸਨ । ਕਰਤਾਰ ਪੁਰ ਤੇ ਬਕਾਲੇ ਵਿਚ ਧੀਰ ਮਲ ਤੇ ਕਈ ਹੋਰ ਸੋਢੀ ਈਰਖਾ ਕਰਦੇ ਸਨ । ਆਪ ਦੇ ਸਾਹਮਣੇ ਸਿੱਖੀ ਪ੍ਰਚਾਰ ਤੇ ਦੇਸ਼ ਨੂੰ ਉਚਿਆਂ ਕਰਨ ਦਾ ਵੱਡਾ ਆਦਰਸ਼ ਸੀ, ਪਰ ਸੋਢੀਆਂ ਨੂੰ ਪੂਜਾ ਭੇਟ ਤੇ ਗੱਦੀ ਲਈ ਝਗੜਨ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਸੀ । ਸਤਿਗੁਰੂ ਬਕਾਲੇ ਤੋਂ ਚਲ ਪਏ । ਜਲੰਧਰ, ਨਵਾਂ ਸ਼ਹਿਰ, ਦੁਰਗਾ ਪੁਰ ਆਦਿ ਨਗਰਾਂ ਵਿਚ ਸਤ ਧਰਮ ਦਾ ਉਪਦੇਸ਼ ਕਰਦੇ ਹੋਏ ਕੀਰਤ ਪੁਰ ਪੁਜੇ । ਉਥੇ ਦੇ ਸੋਢੀ ਵੀ ਮਹਾਰਾਜ ਦਾ ਤੇਜ ਪ੍ਰਤਾਪ ਦੇਖ ਕੇ ਸਾਬਤ ਨਾ ਰਹੇ । ਇਸ ਲਈ ਆਪ ਨੇ ਰਾਜਾ ਕਹਿਲੂਰ ਪਾਸੋਂ ਮਾਖੋਵਾਲ ਪਿੰਡ ਦੀ ਜ਼ਮੀਨ ਬਹੱਤਰ ਹਜ਼ਾਰ ਰੁਪਏ ਤੋਂ ਮੁਲ ਲੈ ਕੇ ਸਾਵਣ ੧੭੨੨ ਵਿਚ ਸਤਲੁਜ ਦੇ ਕੰਢੇ ਤੇ ਨੈਣਾ ਦੇਵੀ ਦੇ ਪਹਾੜ ਦੇ ਉਰਲੇ ਪਾਸੇ ਅਨੰਦਪੁਰ ਵਸਾਇਆ । ਇਹ ਥਾਂ ਕੁਦਰਤੀ ਸੁੰਦਰਤਾ, ਏਕਾਂਤ ਵਾਸ ਤੇ ਆਤਮਿਕ ਸ਼ਾਂਤੀ ਲਈ ਇਕ ਅਲੌਕਿਕ ਰਚਨਾ ਸੀ । ਥੋੜੇ ਦਿਨਾਂ ਵਿਚ ਹੀ ਅਨੰਦਪੁਰ ਦੀ ਵਸੋਂ ਬਹੁਤ ਚੰਗੀ ਹੋ ਗਈ । ਇਹ ਸਿੱਖੀ ਦਾ ਕੇਂਦਰ ਬਣ ਗਿਆ

ਪਿਛੋਂ ਸੈਨਿਕ ਡਿਊਟੀ ਕਰਣ ਨਾਲ ਬਹੁਤ ਚੰਗਾ ਸਾਬਤ ਹੋਇਆ। ਇਹ ਉਹੀ ਅਨੰਦਪੁਰ ਹੈ, ਜਿਥੇ ਕਸ਼ਮੀਰੀ ਪੰਡਤਾਂ ਨੇ ਨੌਵੇਂ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਕੇ ਔਰੰਗਜ਼ੇਬ ਦੇ ਜ਼ੁਲਮ ਤੋਂ ਹਿੰਦੂ ਧਰਮ ਦੀ ਰਖਿਆ ਲਈ ਪੁਕਾਰ ਕੀਤੀ। ਇਹ ਉਹ ਪਵਿਤਰ ਧਰਤੀ ਹੈ, ਜਿਥੇ ਕਲਗੀਧਰ ਨੇ ੧੭੪੬ ਵਿਚ ਅਨੰਦ ਗੜ੍ਹ, ਲੋਹ ਗੜ੍ਹ, ਫਤਹ ਗੜ੍ਹ, ਕੇਸ ਗੜ੍ਹ ਤੇ ਹੋਲ ਗੜ੍ਹ ਪੰਜ ਕਿਲੇ ਬਣਾਏ। ਤਖਤ ਸ੍ਰੀ ਕੇਸ ਗੜ੍ਹ ਸਾਹਿਬ ਤੋਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਸਜਾਇਆ।

ਨੌਵੇਂ ਸਤਿਗੁਰੂ ਜਦ ਇਸ ਪਵਿਤਰ ਨਗਰੀ ਨੂੰ ਵਸਾ ਰਹੇ ਸਨ, ਸੋਢੀਆਂ ਨੇ ਇਸ ਨੂੰ ਉਜਾੜਨ ਦਾ ਜਤਨ ਕੀਤਾ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਧੀਰ ਮਲ ਤੇ ਰਾਮ ਰਾਇ ਨੇ ਮਿਲ ਕੇ ਗੁਰਗੱਦੀ ਦੀ ਪ੍ਰਾਪਤੀ ਲਈ ਦਿੱਲੀ ਜਾ ਕੇ ਬਾਦਸਾਹ ਪਾਸ ਕਈ ਤਰ੍ਹਾਂ ਦੀਆਂ ਲੂਤੀਆਂ ਲਾਈਆਂ, ਪਰ ਉਨ੍ਹਾਂ ਨੂੰ ਕੋਈ ਸਫਲਤਾ ਨਾ ਹੋਈ। ਦਿੱਲੀ ਦੀ ਸੰਗਤ ਨੇ ਸ਼ਾਹੀ ਦਰਬਾਰ ਵਿਚ ਹੋ ਰਹੀਆਂ ਸਾਜ਼ਸ਼ਾਂ ਦੀ ਖਬਰ ਭੇਜੀ, ਤਦ ਗੁਰੂ ਜੀ ਨੇ ਕਿਹਾ—"ਵਾਹਿਗੁਰੂ ਤੇ ਭਰੋਸਾ ਰਖੋ ਜੋ ਕੁਝ ਉਹ ਕਰਦਾ ਹੈ, ਠੀਕ ਕਰਦਾ ਹੈ।"

ਇਕੱਤੀਵਾਂ ਵਿਆਖਿਆਨ

ਨੌਵੇਂ ਪਾਤਸ਼ਾਹ ਅਨੰਦਪੁਰ ਤੋਂ ਆਸਾਮ ਤਕ

ਜਿਸ ਤਰ੍ਹਾਂ ਮੇਘ ਕਈ ਥਾਵਾਂ ਤੇ ਵਰਸ ਕੇ ਤਪਦੇ ਸੰਸਾਰ ਨੂੰ ਠੰਢ ਪਾਂਦੇ ਹਨ, ਇਸੇ ਤਰ੍ਹਾਂ ਸਤ ਪੁਰਸ਼ ਤੇ ਪਰਉਪਕਾਰੀ ਫਿਰ ਕੇ ਮਨੁਖ ਨੂੰ ਆਪਣੇ ਪਵਿਤਰ ਜੀਵਨ ਤੇ ਉਪਦੇਸ਼ਾਂ ਰਾਹੀਂ ਆਤਮਿਕ ਸ਼ਾਂਤੀ ਦਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛੋਂ ਨੌਵੇਂ ਪਾਤਸ਼ਾਹ ਨੇ ਯੂ. ਪੀ. ਤੇ ਕਸ਼ਮੀਰ ਦਾ ਦੋਰਾ ਕੀਤਾ। ਉਪਰੰਤ ਨੌਵੇਂ ਸਤਿਗੁਰੂ ਨੇ ਅਨੰਦ ਪੁਰ ਤੋਂ ਲੈਕੇ ਆਸਾਮ ਤਕ ਦੇਸ਼ਾਟਨ ਕੀਤਾ। ਇਸ ਦੇ ਦੋ ਕਾਰਨ ਸਨ, ਇਕ ਤੇ ਇਹ ਸੀ ਕਿ ਸਿਖੀ ਪ੍ਰਚਾਰ ਤੇ ਪਹਿਲੇ ਸਤਿਗੁਰਾਂ ਦੀ ਪ੍ਰਚਾਰੀ ਹੋਈ ਸਿੱਖੀ ਦੀ ਸੰਭਾਲ ਕਰਨੀ। ਦੂਸਰੇ ਔਰੰਗਜ਼ੇਬ ਦੀ ਅਨੀਤੀ ਦੇ ਕਾਰਨ ਲੋਕਾਂ ਨੂੰ ਕਸ਼ਟ ਮਿਲ ਰਹੇ ਸਨ, ਉਨ੍ਹਾਂ ਦੀ ਪੜਤਾਲ ਤੇ ਲੋਕ ਰਾਇ ਨੂੰ ਜਥੇਬੰਦ ਕਰ ਕੇ ਜ਼ੁਲਮ ਦੇ ਵਿਰੁਧ ਡਟਣ ਲਈ ਤਿਆਰ ਕਰਨਾ।

ਗੁਰੂ ਜੀ ਦੇ ਇਸ ਸਫਰ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਨੇ ਸਾਰੇ ਹਿੰਦੂ ਤੀਰਥਾਂ ਤੇ ਪ੍ਰਚਾਰ ਕੀਤਾ, ਪੂਰਬ ਵਿਚ ਲੱਖਾਂ ਆਦਮੀਆਂ ਨੂੰ ਸਿੱਖ ਬਣਾਇਆ। ਉਥੇ ਸਿਖੀ ਦੇ ਨਿਸ਼ਾਨ ਅਜੇ ਤੀਕ ਮਿਲਦੇ ਹਨ।

ਗੁਰੂ ਜੀ ਨੇ ਰਾਜਨੀਤਕ ਤੌਰ ਨੇ ਰਾਜਾ ਆਸਾਮ ਅਤੇ ਰਾਜਾ ਰਾਮ ਸਿੰਘ ਨੂੰ ਬਾਦਸ਼ਾਹ ਦੀ ਨੀਤੀ ਤੋਂ ਖਬਰਦਾਰ ਕੀਤਾ।

ਨੌਵੇਂ ਪਾਤਸ਼ਾਹ ਨੇ ਅਨੰਦਪੁਰੋਂ ਚਲਣ ਦੀ ਤਿਆਰੀ ਕਰ

ਲਈ ਸੰਗਤ ਨੇ ਬਹੁਤ ਵੈਰਾਗ ਕੀਤਾ, ਪਰ ਆਪ ਨੇ ਆਤਮਿਕ ਉਪਦੇਸ਼ ਕਰਕੇ ਸਭ ਨੂੰ ਸ਼ਾਂਤ ਕੀਤਾ। ੧੫ ਮਘਰ ੧੭੨੨ ਨੂੰ ਪ੍ਰਵਾਰ ਅਤੇ ਮੁਖੀ ਸਿੱਖਾਂ ਸਮੇਤ ਦੇਸ਼ਾਟਨ ਲਈ ਚਲ ਪਏ । ਕੀਰਤ ਪੁਰੋਂ ਹੁੰਦੇ ਮਾਲਵੇ ਵਿਚ ਆਏ । ਮੂਲੋਵਾਲ, ਭਿਖੀ, ਖੀਵਾ, ਮੌੜ ਸਾਬੋਕੀ ਤਲਵੰਡੀ ਆਦਿ ਨਗਰਾਂ ਨੂੰ ਉਪਦੇਸ਼ ਕੀਤਾ । ਭਿਖੀ ਵਿਚ ਇਕ ਦੇਸੂ ਨਾਮੀ ਸਖੀ ਸਰਵਰ ਦਾ ਉਪਾਸ਼ਕ ਸੀ । ਗੁਰੂ ਜੀ ਨੇ ਇਕ ਵਾਹਿਗੁਰੂ ਦੀ ਭਗਤੀ ਕਰਨ ਦਾ ਉਪਦੇਸ਼ ਕੀਤਾ ਤੇ ਉਸ ਨੂੰ ਪੰਜ ਤੀਰ ਬਖਸ਼ੇ । ਕੁਝ ਚਿਰ ਪਿਛੋਂ ਦੇਸੂ ਬੀਮਾਰ ਹੋ ਗਿਆ । ਉਸਦੀ ਵਹੁਟੀ ਨੇ ਕਿਹਾ–

"ਤੂੰ ਸਖੀ ਸਰਵਰ ਦੀ ਪੂਜਾ ਛਡੀ ਹੈ, ਇਸ ਲਈ ਬੀਮਾਰ ਹੋਇਆ ਹੈਂ । ਜਾਹ ਗੁਰੂ ਸਾਹਿਬ ਨੂੰ ਤੀਰ ਮੋੜ ਦੇਹ।" ਜਦ ਉਹ ਗੁਰੂ ਸਾਹਿਬ ਪਾਸ ਗਿਆ ਤਾ ਆਪ ਨੇ ਫੁਰਮਾਇਆ–"ਤੈਨੂੰ ਮੌਤ ਤੋਂ ਕੋਈ ਨਹੀਂ ਬਚਾ ਸਕਦਾ, ਸਖੀ ਸਰਵਰ ਆਪ ਕਿਉਂ ਮਰ ਗਿਆ ?" ਦੇਸੂ ਨੇ ਤੀਰ ਮੋੜ ਦਿਤੇ, ਸਿਖੀ ਤੇ ਬੇਮੁਖ ਹੋਇਆ ਪਰ ਮੌਤ ਤੋਂ ਨਾ ਬਚ ਸਕਿਆ।

ਦੱਖਣੀ ਪੰਜਾਬ ਤੇ ਬਾਂਗਰ ਦਾ ਦੌਰਾ ਕਰਦਿਆਂ ਸਾਬੋ ਕੀ ਤਲਵੰਡੀ ਦੇ ਪਾਸ ਗੁਰੂ ਜੀ ਦਾ ਕੈਂਪ ਲਗਾ ਹੋਇਆ ਸੀ ਕਿ ਸੁੰਦਰ ਘੋੜੇ ਦੇਖਕੇ ਕੁਝ ਚੋਰ ਰਾਤ ਨੂੰ ਘੋੜੇ ਖੋਲ੍ਹਣ ਆ ਪਏ। ਸਿੱਖ ਜਾਗਦੇ ਸਨ, ਇਸ ਲਈ ਉਨ੍ਹਾਂ ਨੇ ਚੋਰ ਪਕੜ ਲਏ। ਸਵੇਰ ਹੋਈ ਤਾਂ ਦਰਬਾਰ ਵਿਚ ਚੋਰ ਹਾਜ਼ਰ ਕੀਤੇ ਗਏ । ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ–"ਸਚੇ ਪਾਤਸ਼ਾਹ ਸਾਡੇ ਗੁਨਾਹ ਬਖਸ਼ ਦੇਵੋ ।" ਹਜ਼ੂਰ ਨੇ ਉਨ੍ਹਾਂ ਨੂੰ ਮਾਫ ਕਰ ਦਿਤਾ ਤੇ ਕਿਹਾ ਕਿ ਅਗੋਂ ਚੋਰੀ ਨਹੀਂ ਕਰਨੀ । ਇਕ ਚੋਰ ਇਹ ਵਰਤਾਉ ਦੇਖਕੇ ਮੋਹਿਤ ਹੋ ਗਿਆ ਤੇ ਕਹਿਣ ਲਗਾ–"ਸਚੇ ਪਾਤਸ਼ਾਹ ਜੋ ਹੁਕਮ ਕਰੋ ਹੁਣ ਉਹੀ ਕੰਮ ਕਰਾਂਗਾ ।" ਸਤਿਗੁਰ ਹੱਸ ਕੇ ਕਹਿਣ ਲਗੇ–"ਜਾਹ ਸੂਲੀ ਚੜ੍ਹ

ਜਾਹ ।" ਚੋਰ ਨੇ ਇਸੇ ਤਰ੍ਹਾਂ ਹੀ ਕੀਤਾ। ਇਸ ਥਾਂ ਤੇ ਗੁਰਦਵਾਰਾ 'ਸੂਲੀ ਸਰ ਹੈ।'

ਗੁਰਦੇਵ ਧਮਧਾਣ ਨਗਰ ਵਿਚ ਠਹਿਰੇ ਹੋਏ ਸਨ ਕਿ ਭਾਈ ਨੰਦ ਲਾਲ ਸੋਹਣੇ ਦੇ ਪੁਤਰ ਨਾਮਦੇਵ ਨੇ ਸਿਖੀ ਧਾਰਨ ਕੀਤੀ । ਇਸ ਇਲਾਕੇ ਵਿਚ ਪਾਣੀ ਦੀ ਤੰਗੀ ਸੀ। ਭਾਈ ਨਾਮਦੇਵ ਜੀ ਸੰਗਤਾਂ ਨੂੰ ਜਲ ਛਕਾਉਣ ਤੇ ਕੇਂਪ ਨਾਲ ਛਿੜਕਾਉ ਕਰਨ ਦੀ ਸੇਵਾ ਕਰਦੇ ਸਨ । ਇਨ੍ਹਾਂ ਦਾ ਪਰੇਮ ਤੇ ਨਿਸ਼ਕਾਮ ਸੇਵਾ ਦੇਖ ਕੇ ਗੁਰੂ ਜੀ ਨੇ ਇਨ੍ਹਾਂ ਦਾ ਨਾਮ ਭਾਈ ਮੀਹਾਂ (ਮੀਂਹ ਵਰ੍ਹਾਣ ਵਾਲਾ) ਰਖਿਆ । ਨਿਸ਼ਾਨ ਸਾਹਿਬ, ਨਗਾਰਾ, ਪੋਸ਼ਾਕ ਤੇ ਇਕ ਗੱਡਾ ਬਖਸ਼ ਕੇ ਇਨ੍ਹਾਂ ਨੂੰ ਇਸ ਇਲਾਕੇ ਦਾ ਮੁਖੀ ਪ੍ਰਚਾਰਕ ਨੀਯਤ ਕੀਤਾ । ਉਦਾਸੀਆਂ ਦੀ ਛੇ ਬਖਸ਼ਸ਼ਾਂ ਵਿਚੋਂ ਚੋਥੀ ਬਖਸ਼ਸ਼ ਭਾਈ ਮੀਹਾਂ ਸ ਹਿਬ ਦੀ ਹੈ।

ਜਿਸ ਵਕਤ ਡੇਹਰਾਦੂਨ ਵਿਚ ਦਸਮ ਪਾਤਸ਼ਾਹ ਨੇ ਮਸੰਦਾਂ ਨੂੰ ਫੂਕਿਆ, ਤਦ ਭਾਈ ਮੀਹਾਂ ਜੀ ਨੂੰ ਭੀ ਸਦਿਆ ਗਿਆ। ਗੁਰੂ ਜੀ ਨੇ ਸਿਖਾਂ ਨੂੰ ਹੁਕਮ ਦਿਤਾ ਕਿ ਮੀਂਹੇ ਪਾਸ ਜੋ ਬਖਸ਼ਸ਼ਾਂ ਹਨ, ਵਾਪਸ ਲੈ ਲਓ । ਭਾਈ ਸਾਹਿਬ ਨੇ ਬੇਨਤੀ ਕੀਤੀ– "ਆਪ ਦੀਆਂ ਸਨ, ਆਪ ਨੇ ਲਈਆਂ, ਮੇਰਾ ਕੀ ਹੈ ? ਮੈਂ ਤੇ ਗੁਰੂ ਘਰ ਦਾ ਸੇਵਕ ਹਾਂ, ਜਦ ਤੀਕ ਹੁਕਮ ਕਰੋਗੇ ਸੇਵਾ ਕਰਦਾ ਰਹਾਂਗਾ ।

ਭਾਈ ਮੀਹਾਂ ਸਿੰਘ ਦੇ ਨਿਮ੍ਰਤਾ ਵਾਲੇ ਬਚਨ ਸੁਣ ਕੇ ਗੁਰੂ ਜੀ ਨੇ ਪਹਿਲੀਆਂ ਚੀਜ਼ਾਂ ਵਾਪਸ ਦੇ ਕੇ ਅੱਧੀ ਦਸਤਾਰ ਤੇ ਸ਼ਸ਼ਤਰ ਕੋਲੋਂ ਬਖਸ਼ ਕੇ ਨਿਹਾਲ ਕੀਤਾ।

ਬਾਬਾ ਹਜ਼ਾਰਾ ਲਖਨਊ ਵਾਲੇ, 'ਸਾਧ ਬੇਲਾ' ਸੱਖਰ ਦੇ ਮਹਾਤਮਾ ਬਨਖੰਡੀ ਦਾਸ ਜੀ, ਜਿਨ੍ਹਾਂ ਨੇ ਸਿੰਧ ਵਿਚ ਸਿਖੀ-ਪ੍ਰਚਾਰ ਕੀਤਾ ਹੈ, ਤੇ ਲਖਨਊ ਵਾਲੀ ਗੱਦੀ ਦੇ ਉਦਾਸੀ ਮਹਾਂ ਸ਼ਾਹੀ

ਅਖਵਾਉਂਦੇ ਹਨ।

ਧਮਧਾਨ ਤੋਂ ਚਲਕੇ ਗੁਰੂ ਜੀ ਕੁਰਖੇਤਰ ਤੇ ਥਾਨੇਸਰ ਗਏ ਹਨ। ਇਥੇ ਆਪ ਦੀ ਯਾਦ ਵਿਚ ਅਜੇ ਤੀਕ ਗੁਰਦਵਾਰੇ ਹਨ। ਰਸਤੇ ਵਿਚ ਇਕ ਨਗਰ ਬਚਨੇ ਵਿਚ ਇਕ ਤਰਖਾਣ ਦੇ ਘਰ ਠਹਿਰੇ। ਇਥੋਂ ਦੇ ਲੋਕ ਤਮਾਕੂ ਬਹੁਤ ਪੀਂਦੇ ਸਨ।

ਤਮਾਕੂ ਅਕਬਰ ਦੇ ਸਮੇਂ ੧੬੦੪ ਜਾਂ ੧੬੦੫ ਈਸਵੀ ਵਿਚ ਹਿੰਦੁਸਤਾਨ ਵਿਚ ਆਇਆ। ਬਾਦਸ਼ਾਹ ਨੇ ਹਕੀਮਾਂ ਦੀ ਮਰਜ਼ੀ ਦੇ ਵਿਰੁਧ ਤਮਾਕੂ ਪੀਣ ਦਾ ਤਜਰਬਾ ਕੀਤਾ। ਪੀਕੇ ਇਸਨੂੰ ਪ੍ਰਵਾਨ ਨਹੀਂ ਕੀਤਾ। ਪਰ ਬਾਅਦ ਵਿਚ ਮੁਗਲ ਬਾਦਸ਼ਾਹ ਦੇ ਸਮੇਂ ਤਮਾਕੂ ਦੀ ਵਰਤੋਂ ਹੋਈ, ਵਿਕਣ ਲਗ ਪਿਆ ਤੇ ਹੌਲੀ ਹੌਲੀ ਆਮ ਲੋਕੀ ਪੀਣ ਲਗ ਪਏ।*

ਸਤਿਗੁਰੂ ਜੀ ਨੇ ਬਚਨੇ ਵਿਚ ਲੋਕਾਂ ਨੂੰ ਤਮਾਕੂ ਪੀਣ ਤੋਂ ਹਟਾਇਆ ਤੇ ਕਿਹਾ ਕਿ ਇਸ ਦੀ ਕਾਸ਼ਤ ਵੀ ਨਹੀਂ ਕਰਨੀ।

ਨੌਵੇਂ ਪਾਤਸ਼ਾਹ ਕੁਰਖੇਤਰ ਤੋਂ ਹੁੰਦੇ ਹੋਏ ਬਨੀ-ਬਿਰਦਪੁਰ ਨੂੰ ਤਾਰਦੇ ਜਮਨਾ ਤੋਂ ਪਾਰ ਹੋਕੇ ਯੂ. ਪੀ ਵਿਚ ਪੁਜੇ। ਆਪ ਸ਼ਿਕਾਰ ਖੇਡਦੇ ਸਨ। ਇਸ ਲਈ ਮਾਲਿਕ ਪੁਰ ਵਿਚ ਇਕ ਵੈਰਾਗੀ ਸਾਧ ਮਲੂਕ ਦਾਸ ਦੇ ਦਰਸ਼ਨ ਕਰਨ ਤੋਂ ਭੀ ਸੰਕੋਚ ਕੀਤਾ। ਉਸਨੇ ਲੋਕਾਂ ਨੂੰ ਕਿਹਾ—

'ਇਹ ਗੁਰੂ ਕਾਹਦੇ ਹਨ, ਜਿਹੜੇ ਜੀਵਾਂ ਨੂੰ ਮਾਰਦੇ ਹਨ?'

ਗੁਰੂ ਜੀ ਨੇ ਇਕ ਸਿਖ ਮਲੂਕ ਦਾਸ ਨੂੰ ਸਦਣ ਲਈ ਭੇਜਿਆ। ਜਦ ਉਹ ਸੰਗਤ ਵਿਚ ਆਇਆ ਤਾਂ ਦਰਸ਼ਨ ਕਰ ਕੇ ਤੇ ਉਪਦੇਸ਼ ਸੁਣ ਕੇ ਨਿਹਾਲ ਹੋਇਆ। ਪਰੇਮ ਰਸ ਪੂਰਤ ਹੋ

*ਹਿਸਟਰੀ ਆਫ ਮੁਸਲਿਮ ਰੂਲ ਇਨ ਇੰਡੀਆਂ, ਪੰਨਾ ੨੦੫।

ਕਹਿਣ ਲਗਾ–

ਮਲੂਕਾ ਪਾਪੀ ਪੇਟ ਕੋ ਭਗਤ ਨਾ ਜਾਨੀ ਤੋਹਿ ॥
ਭਗਤਿ ਲਿਖੀ ਥੀ ਔਰ ਕੋ ਪ੍ਰਭੂ ਧੋਖੇ ਦਈ ਮੋਹਿ ॥

ਸਤਿਗੁਰੂ ਨੇ ਉਤਰ ਦਿਤਾ–

'ਭਗਤਿ ਲਿਖੀ ਥੀ ਔਰ ਕੋ;
ਕਰ ਕਿਰਪਾ ਦੀਨੀ ਤੋਹਿ ॥'

ਮਲੂਕ ਦਾਸ ਸਿਖ ਬਣਿਆ। ਇਸ ਦਾ ਪਰੇਮ, ਸਿਦਕ ਤੇ ਯੋਗਤਾ ਦੇਖ ਕੇ ਸਤਿਗੁਰੂ ਜੀ ਨੇ ਇਸ ਨੂੰ ਇਸ ਇਲਾਕੇ ਦਾ ਪ੍ਰਚਾਰਕ ਨੀਯਤ ਕੀਤਾ।

ਇਸ ਤੋਂ ਅਗੇ ਗੜ੍ਹ ਮੁਕਤੇਸਰ, ਮਥਰਾ ਤੇ ਆਗਰੇ ਤੋਂ ਹੁੰਦੇ ਹੋਏ ਤ੍ਰਿਬੇਣੀ (ਪ੍ਰਾਗ) ਪੁਜੇ। ਇਥੇ ਕੁਝ ਚਿਰ ਸਤਿਗੁਰੂ ਨੇ ਨਿਵਾਸ ਕੀਤੇ। ਦਰੀਆ ਪੁਰ ਮਹੱਲੇ ਵਿਚ ਆਪ ਜੀ ਦੀ ਯਾਦ ਵਿਚ ਬੜੀ ਸੰਗਤ ਗੁਰਦਵਾਰਾ ਹੈ। ਤ੍ਰਿਬੇਣੀ ਤੋਂ ਬਾਅਦ ਕਾਂਸ਼ੀ ਪੁਜੇ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ, ਚੌਥੀ ਪਾਤਸ਼ਾਹੀ ਦੇ ਸਮੇਂ ਅਤੇ ਪਿਛੋਂ ਭਾਈ ਗੁਰਦਾਸ ਜੀ ਦੀ ਪ੍ਰਚਾਈ ਹੋਈ ਸਿਖੀ ਮੌਜੂਦ ਸੀ। ਕਾਂਸ਼ੀ ਦੀ ਸੰਗਤ ਨੇ ਬੜੇ ਪਰੇਮ ਨਾਲ ਸੇਵਾ ਕੀਤੀ। ਜੋਨ ਪੁਰ ਦੀ ਸੰਗਤ ਦਰਸ਼ਨ ਕਰਨ ਆਈ। ਇਸ ਨਾਲ ਭਾਈ ਗੁਰਬਖਸ਼ ਸੀ। ਉਸ ਨੇ ਬਹੁਤ ਸੁੰਦਰ ਕੀਰਤਨ ਕੀਤਾ। ਗੁਰੂ ਜੀ ਨੇ ਪ੍ਰਸੰਨ ਹੋ ਕੇ ਇਕ ਚੋਲਾ ਤੇ ਮ੍ਰਿਦੰਗ ਉਸ ਨੂੰ ਬਖਸ਼ਿਆ।

ਕਾਂਸ਼ੀ ਵਿਚ ਮਹਾਰਾਜ ਦੀ ਯਾਦ ਵਿਚ 'ਬੜੀ ਸੰਗਤ' ਗੁਰਦਵਾਰਾ ਹੈ। ਇਥੇ ਗੁਰੂ ਜੀ ਦਾ ਇਕ ਚੋਲਾ ਤੇ ਜੋੜਾ ਪਿਆ ਹੋਇਆ ਹੈ। ਕਿਸੇ ਦਿਨ ਦਿਹਾਰ ਤੇ ਇਨ੍ਹਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਅਸੀਂ ਆਪ ਗੁਰਦਵਾਰੇ ਤੇ ਇਨ੍ਹਾਂ ਚੀਜ਼ਾਂ ਦੇ ਦਰਸ਼ਨ

ਕੀਤੇ ਹਨ। ਉਪਰੰਤ ਕਾਂਸ਼ੀ ਤੋਂ ਚਲ ਕੇ ਸਸਰਾਮ ਪੁਜੇ, ਇਥੇ ਸ਼ੇਰਸ਼ਾਹ ਸੂਰੀ ਦਾ ਮਕਬਰਾ ਹੈ। ਸਸਰਾਮ ਵਿਚ ਫੱਗੁ ਨਾਮੀ ਬੜਾ ਸਿਦਕੀ ਸਿਖ ਰਹਿੰਦਾ ਸੀ, 'ਚਾਚਾ' ਇਸ ਦੀ ਅੱਲ ਸੀ। ਇਸ ਨੇ ਆਪਣਾ ਘਰ ਗੁਰੂ ਜੀ ਦੇ ਨਿਵਾਸ ਲਈ ਸਜਾ ਦਿਤਾ। ਹਜ਼ੂਰ ਨੇ ਚਾਚਾ ਫੱਗੂ ਦੇ ਘਰ ਨੂੰ ਭਾਗ ਲਾਏ। ਇਹ ਹੋਰ ਸੰਗਤ ਗੁਰੂ ਜੀ ਤੇ ਲੰਗਰ ਦੀ ਸੇਵਾ ਲਈ ਪਰੇਰਨਾ ਕਰਦਾ ਸੀ। ਇਕ ਗਰੀਬ ਮਾਈ ਦੇ ਘਰ ਗਿਆ। ਉਹ ਝਾੜੂ ਦੇ ਰਹੀ ਸੀ, ਉਸ ਨੇ ਬੁਕ ਭਰ ਕੇ ਮਿੱਟੀ ਹੀ ਪੱਲੇ ਬੰਨ੍ਹ ਦਿਤੀ। ਜਦ ਸੰਗਤ ਦੀ ਕਾਰ-ਭੇਟ ਗੁਰੂ ਜੀ ਦੇ ਪੇਸ਼ ਹੋਈ ਤਾਂ ਸਤਿਗੁਰੂ ਨੇ ਫੁਰਮਾਇਆ—

"ਚਾਚਾ ਫੱਗੂ ਸਾਡੇ ਨਾਮ ਪਰ ਇਕ ਮਾਈ ਵਲੋਂ ਦਿਤੀ ਹੋਈ ਮਿਟੀ ਤੇਰੇ ਪਾਸ ਅਮਾਨਤ ਹੈ?"

ਇਹ ਬਚਨ ਸੁਣ ਕੇ ਫੱਗੂ ਨੇ ਗੰਢ ਪੇਸ਼ ਕੀਤੀ। ਸਾਰੀ ਸੰਗਤ ਹੈਰਾਨ ਰਹਿ ਗਈ। ਮਹਾਰਾਜ ਨੇ ਕਿਹਾ—

"ਮਾਈ ਨੇ ਇਹ ਮਿਟੀ ਸਾਨੂੰ ਪਰਮ ਕਰ ਕੇ ਦਿਤੀ ਸੀ। ਇਸ ਲਈ ਸਾਨੂੰ ਯਾਦ ਕੀਤਾ ਸੀ।" ਫੱਗੂ ਦਾ ਪਰੇਮ ਦੇਖ ਕੇ ਫੁਰਮਾਇਆ—

ਹੈ ਫਗੂ ਤੂੰ ਗੁਰਮੁਖ ਸਿਖ॥
ਸੁਨਹਿ ਕਥਨ ਸਿਖ ਤੋਹਿ ਭਵਿਖ॥
ਤਿਨ ਕੋ ਸਿਖੀ ਪ੍ਰਾਪਤ ਹੋਇ॥
ਕਾਮ ਕ੍ਰੋਧ ਹੰਕਾਰ ਕੁ ਖੋਇ॥
(ਗੁ: ਪ੍ਰ: ਸੂ:)

ਸਸਰਾਮ ਵਿਚ ਭੀ ਗੁਰਦਵਾਰਾ ਹੈ। ਫੱਗੂ ਦੀ ਸੰਤਾਨ ਸੇਵਾ ਕਰਦੀ ਹੈ। ਅਸੀਂ ਇਸ ਗੁਰਦਵਾਰੇ ਦੇ ਦਰਸ਼ਨ ਕੀਤੇ ਹਨ। ਸਸਰਾਮ ਤੋਂ ਚਲ ਕੇ ਗੁਰੂ ਜੀ 'ਗਯਾ' ਨੂੰ ਪਧਾਰੇ। ਕਾਂਸ਼ੀ ਤੇ

ਤ੍ਰਿਬੇਣੀ ਵਾਂਗ 'ਗਾਜ' ਭੀ ਹਿੰਦੂ ਧਰਮ ਦਾ ਬੜਾ ਪ੍ਰਸਿਧ ਤੀਰਥ ਹੈ ਇਥੇ ਧਰਮ ਦਾ ਉਪਦੇਸ਼ ਕਰਕੇ ਪਟਨੇ ਨੂੰ ਜਾਂਦਿਆਂ ਰਸਤੇ ਵਿਚ ਬਿਹਾਰ ਦੇ ਸ਼ਾਹਆਬਾਦ ਕਿਲੇ ਦੀ ਇਕ 'ਕਰਮ ਨਾਸ਼ਾ' ਨਦੀ ਆਉਂਦੀ ਹੈ। ਇਹ ਨਦੀ ਚੋਸਾ ਦੇ ਪਾਸ ਗੰਗਾ ਵਿਚ ਡਿਗਦੀ ਹੈ। 'ਕਰਮ ਨਾਸ਼ਾ' ਸਬੰਧੀ ਹਿੰਦੂਆਂ ਦੀ ਮਨੌਤ ਸੀ ਕਿ ਇਸ ਵਿਚ ਇਸ਼ਨਾਨ ਕਰਨ ਨਾਲ ਚੰਗੇ ਕਰਮ ਨਾਸ ਹੋ ਜਾਂਦੇ ਹਨ। ਸਤਿਗੁਰ ਨੇ ਇਸ ਭਰਮ ਨੂੰ ਦੂਰ ਕਰਨ ਲਈ ਇਸ ਨਦੀ ਵਿਚ ਇਸ਼ਨਾਨ ਕੀਤਾ ਤੇ ਫੁਰਮਾਇਆ--"ਕਿਸੇ ਥਾਂ ਤੇ ਇਸ਼ਨਾਨ ਕਰਨ ਨਾਲ ਨੇਕੀ ਤੇ ਕਰਮ ਬਰਬਾਦ ਨਹੀਂ ਹੁੰਦੇ ਤੇ ਨਾ ਹੀ ਕਿਸੇ ਥਾਂ ਨਹਾਣ ਨਾਲ ਕੋਈ ਪਾਪੀ ਆਦਮੀ ਪੁੰਨੀ ਹੋ ਜਾਂਦਾ ਹੈ।"

ਅਖੀਰ ਗੁਰੂ ਜੀ ਪਰਵਾਰ ਸਮੇਤ ਪਟਨੇ ਪੁਜੇ ਇਥੇ ਭਾਈ ਜਗਤੇ ਸੇਠ, ਸਾਲਸ ਰਾਇ ਤੇ ਬਦਰਿਕੇ ਦੀ ਸੰਤਾਨ ਤੇ ਸਿੱਖਾਂ ਨੇ ਸਵਾਗਤ ਕੀਤਾ । ਪਟਨੇ ਵਿਚ ਸੰਗਤ ਨੇ ਗੁਰੂ ਜੀ ਦੇ ਨਿਵਾਸ ਲਈ ਮਕਾਨ ਬਣਵਾ ਦਿਤਾ । ਇਥੇ ਹੁਣ ਸ੍ਰੀ ਹਰਿਮੰਦਰ ਪਟਨਾ ਸਾਹਿਬ ਹੈ। ਕੁਝ ਚਿਰ ਪਟਨੇ ਵਿਚ ਨਿਵਾਸ ਕਰ ਕੇ ਪਰਵਾਰ ਨੂੰ ਇਥੇ ਛਡ ਕੇ ਆਪ ਬੰਗਾਲ ਤੇ ਆਸਾਮ ਜਾਣ ਦੀ ਤਿਆਰੀ ਕੀਤੀ।

ਪਟਨੇ ਤੋਂ ਚਲ ਕੇ ਮੁੰਘੇਰ, ਭਾਗਲ ਪੁਰ, ਰਾਜ ਮਹਿਲ ਮਾਲਦਾ ਤੇ ਬਿਹਾਰ ਦੇ ਹੋਰ ਕਈ ਨਗਰਾਂ ਨੂੰ ਤਾਰਿਆ । ਇਸ ਪ੍ਰਚਾਰ ਦੇ ਨਿਸ਼ਾਨ ਅਜੇ ਤੀਕ ਮਿਲਦੇ ਹਨ । ਮੁਜਫਰਪੁਰ ਤੋਂ ਲੰਘ ਕੇ ਕਾਰਾ ਗੋਲਾ ਰੇਲਵੇ ਸ਼ਟੇਸ਼ਨ ਦੇ ਪਾਸ ਨੌਵੇਂ ਪਾਤਸ਼ਾਹ ਦੇ ਸਮੇਂ ਦੇ ਸਿਖ ਬਣੇ ਹੋਏ ਖਾਨਦਾਨ ਲਛਮੀ ਪੁਰ ਆਦਿ ਪਿੰਡਾਂ ਵਿਚ ਮੌਜੂਦ ਹਨ। ਅਸੀਂ ਵੇਖੇ ਹਨ। ਇਸ ਇਲਾਕੇ ਵਿਚ ਬਹੁਤ ਸਾਰੇ ਨਾਨਕ ਪੰਥੀ ਮਿਲਦੇ ਹਨ। ਜਿਥੇ ਜਿਥੇ ਸਤਿਗੁਰੂ ਜੀ ਠਹਿਰਦੇ ਰਹੇ ਉਥੇ ਗੁਰਦਵਾਰਿਆਂ ਦੇ ਨਿਸ਼ਾਨ ਭੀ ਹਨ।

ਬਿਹਾਰ ਤੋਂ ਹੁੰਦੇ ਹੋਏ ਬੰਗਾਲ ਵਿਚ ਗਏ । ਢਾਕੇ ਵਿਚ ਨਿਵਾਸ ਕੀਤਾ । ਇਥੇ ਛੇਵੇਂ ਪਾਤਸ਼ਾਹ ਦਾ ਪਰੇਮੀ ਸਿਖ ਅਲਮਸਤ ਦਾ ਪੋਤਾ ਚਲਾ ਭਾਈ ਨਥਾ ਤੇ ਬੁਲਾਕੀ ਦਾਸ ਮਸੰਦ ਰਹਿੰਦੇ ਸਨ । ਇਹ ਸਤਵੇਂ ਪਾਤਸ਼ਾਹ ਨੂੰ ਢਾਕੇ ਦੇ ਬਸਤਰ ਭੇਜਦੇ ਹੁੰਦੇ ਸਨ । ਦੋਹਾਂ ਵਿਚਕਾਰ ਕੁਝ ਝਗੜਾ ਸੀ, ਨੌਵੇਂ ਪਾਤਸ਼ਾਹ ਨੇ ਉਸ ਨੂੰ ਮਿਟਾਇਆ । ਬੁਲਾਕੀ ਦਾਸ ਦੀ ਮਾਤਾ ਨੇ ਚਿਤਰਕਾਰਾਂ ਨੂੰ ਸਦ ਕੇ ਗੁਰੂ ਜੀ ਦੀ ਤਸਵੀਰ ਬਣਵਾਈ । ਸੰਗਤ ਨੇ ਪਰੇਮ ਕਰਕੇ ਧਰਮਸਾਲਾ ਬਣਵਾਈ ਗੁਰੂ ਜੀ ਨੇ ਪਰੇਮ ਦੇਖ ਕੇ ਫੁਰਮਾਇਆ—

''ਮਮ ਸਿਖੀ ਕੋ ਕੋਠਾ ਢਾਕਾ ।''

ਜਦ ਹਜ਼ੂਰ ਟੁਰਨ ਲਗੇ ਤਾਂ ਬੁਲਾਕੀ ਦਾਸ ਦੀ ਮਾਤਾ ਨੇ ਬੇਨਤੀ ਕੀਤੀ—

ਰਾਵਰ ਕੋ ਦਰਸ਼ਨ ਨਿਤ ਪਾਵੋਂ ॥
ਜਬ ਲਗ ਤਨ ਮੇਂ ਪ੍ਰਾਨ ਬਸਾਵੋਂ ॥
ਇਹੀ ਆਸ ਮੇਰੀ ਸੋ ਦੀਜੈ ॥
ਨਿਤ ਦਰਸਨ ਦੇ ਕਰ ਹਰਖੀਜੈ ॥

ਗੁਰੂ ਜੀ -

ਜਬ ਸ਼ਨਾਨ ਕਰ ਠਾਨਹਿ ਧਿਆਨ ॥
ਤਬ ਉਰ ਦੇਵੋਂ ਦਰਸ ਮਹਾਨ ॥

(ਗੁਰ ਪ੍ਰਤਾਪ ਸੂਰਜ)

ਆਪ ਦੇਸ਼ਾਟਨ ਕਰ ਰਹੇ ਸਨ ਕਿ ਪਟਨੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਹੋਣ ਦੀ ਖਬਰ ਮਿਲੀ । ਆਪ ਨੇ ਪਟਨੇ ਦੇ ਮੁਖੀ ਸਿਖਾਂ ਤੇ ਸੰਗਤ ਦੇ ਨਾਮ ਇਕ ਹੁਕਮਨਾਮਾ ਲਿਖਿਆ, ਜਿਸ ਵਿਚ ਪਰਵਾਰ ਦੀ ਸੇਵਾ ਅਤੇ ਸਾਹਿਬਜ਼ਾਦੇ ਦੀ ਸੰਭਾਲ ਲਈ ਸੰਗਤ ਦੀ ਪ੍ਰਸੰਸਾ ਕੀਤੀ । ਇਹ ਹੁਕਮਨਾਮਾ ਅਜੇ ਤੀਕ ਪਟਨੇ

ਸਾਹਿਬ ਮੌਜੂਦ ਹੈ।

ਬਿਹਾਰ ਅਤੇ ਬੰਗਾਲ ਦਾ ਦੌਰਾ ਕਰਨ ਪਿਛੋਂ ਗੁਰੂ ਜੀ ਆਸਾਮ ਗਏ। ਰੰਗ ਮਤੀ, ਧੋਬੜੀ, ਗੋਹਾਟੀ, ਕਮਖਸ਼ਾ ਆਦਿ ਵਿਚ ਚਰਨ ਪਾਏ ਹਨ। ਰਾਜਾ ਕੂਚ ਬਿਹਾਰ ਤੇ ਰਾਜਾ ਆਸਾਮ ਨੇ ਮੁਗਲ ਹਕੂਮਤ ਦਾ ਕੁਝ ਇਲਾਕਾ ਕਬਜ਼ੇ ਵਿਚ ਕਰ ਲਿਆ ਸੀ। ਔਰੰਗਜ਼ੇਬ ਨੇ ਪਹਿਲੀ ਵੇਰ ਨਵੰਬਰ ੧੬੬੧ ਈਸਵੀ ਵਿਚ ਮੀਰ ਜੁਮਲਾ ਨੂੰ ਮੁਹਿੰਮ ਤੇ ਭੇਜਿਆ। ਇਸ ਤੋਂ ਪਿਛੋਂ ਫਰਵਰੀ ਸੰਨ ੧੬੬੬ ਈਸਵੀ ਨੂੰ ਮਿਰਜ਼ਾ ਰਾਜਾ ਜੈ ਸਿੰਘ ਅੰਬਰ ਦੇ ਪੁਤਰ ਰਾਜਾ ਰਾਮ ਸਿੰਘ ਨੂੰ ੧੫ ਹਜ਼ਾਰ ਫੌਜ, ਤੋਪਖਾਨਾ ਸਹਾਇਕ ਸੈਨਾ ਆਦਿ ਦੇ ਕੇ ਆਸਾਮ ਤੇ ਚੜ੍ਹਾਈ ਲਈ ਭੇਜਿਆ। *ਰਾਜਾ ਰਾਮ ਸਿੰਘ ਚੂੰਕਿ ਗੁਰੂ ਘਰ ਦਾ ਸੇਵਕ ਸੀ, ਇਸ ਲਈ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਸਹਾਇਤਾ ਲਈ ਬੇਨਤੀ ਕੀਤੀ ਇਹ ਗੁਰੂ ਸਾਹਿਬ ਨੂੰ ਕਿਥੇ ਮਿਲਿਆ ? ਇਸ ਸੰਬੰਧੀ ਖੋਜ ਕਰਨ

---

*ਹਿਸਟਰੀ ਆਫ਼ ਔਰੰਗਜ਼ੇਬ ਭਾਗ ੩, ਪੰਨਾ ੨੧੩ ਕ੍ਰਿਤ ਜਾਦੂ ਨਾਥ।

ਸਿਖ ਇਤਿਹਾਸਕਾਰਾਂ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਜੈ ਸਿੰਘ ਸਵਾਈ ਤੇ ਰਾਮ ਸਿੰਘ ਦਾ ਨਾਮ ਬਿਸ਼ਨ ਸਿੰਘ ਲਿਖਿਆ ਹੈ। ਇਹ ਠੀਕ ਨਹੀਂ। ਮਿਰਜ਼ਾ ਰਾਜਾ ਜੈ ਸਿੰਘ ਸ਼ਾਹਜਹਾਂ ਦਾ ਅਹਿਲਕਾਰ ਸੀ, ਔਰੰਗਜ਼ੇਬ ਦੇ ਸਮੇਂ ਭੀ ਮੁਹਿੰਮਾਂ ਤੇ ਜਾਂਦਾ ਰਿਹਾ। ਆਸਾਮ ਤੇ ਚੜ੍ਹਾਈ ਇਸ ਦੇ ਪੁਤਰ ਰਾਮ ਸਿੰਘ ਨੇ ਕੀਤੀ ਸੀ। ਮਿਰਜ਼ਾ ਜੈ ਸਿੰਘ ੧੭੨੩ ਬਿਕ੍ਰਮੀ ਵਿਚ ਮਰਿਆ। ਰਾਜਾ ਜੈ ਸਿੰਘ ਸਵਾਈ ੧੭੫੫ ਤੋਂ ੧੭੯੯ ਬਿ: ਤਕ ਹੋਇਆ। ਦਿਲੀ ਦਾ ਜੰਤਰ ਮੰਤਰ ਇਸ ਨੇ ਬਣਵਾਇਆ ਸੀ।

ਦੀ ਲੋੜ ਹੈ।

ਮਿਸਟਰ ਮੈਕਾਲਿਫ ਨੇ ਲਿਖਿਆ ਹੈ ਕਿ ਪਟਨੇ ਵਿਚ ਮਿਲਿਆ। ਇਹ ਇਸ ਲਈ ਠੀਕ ਨਹੀਂ ਕਿ ੧੭੨੫ ਬਿ: ਵਿਚ ਰਾਮ ਸਿੰਘ ਨੇ ਚੜ੍ਹਾਈ ਕੀਤੀ। ਗੁਰੂ ਸਾਹਿਬ ਸਾਹਿਬਜ਼ਾਦੇ ਦੇ ਜਨਮ ਸਮੇਂ ਪਟਨੇ ਵਿਚ ਨਹੀਂ ਸਨ। ੧੭੨੫ ਵਿਚ ਤਾਂ ਉਹ ਬੰਗਾਲ ਜਾਂ ਆਸਾਮ ਵਿਚ ਸਨ। ਭਾਈ ਸੰਤੋਖ ਸਿੰਘ ਜੀ ਤੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਗਯਾ ਵਿਚ ਮਿਲਣਾ ਲਿਖਿਆ ਹੈ।

ਇਹ ਭੀ ਦਰੁਸਤ ਨਹੀਂ। ਜਾਪਦਾ ਇਹ ਹੈ ਕਿ ਆਸਾਮ ਵਿਚ ਹੀ ਮਿਲਿਆ ਹੈ। ਗੁਰੂ ਜੀ ਉਸ ਦੇ ਪਰੇਮ ਕਰ ਕੇ ਨਾਲ ਹੋ ਗਏ। ਆਸਾਮ ਪੁਜ ਕੇ ਦਰਿਆ ਬ੍ਰਹਮ ਪੁਤਰ ਦੇ ਕਨਾਰੇ ਸ਼ਾਹੀ ਫੌਜ ਦਾ ਕੈਂਪ ਲਗਾ ਹੋਇਆ ਸੀ ਕਿ ਗੁਰੂ ਸਾਹਿਬ ਨੇ ਫੁਰਮਾਇਆ—'ਇਥੇ ਹੜ੍ਹ ਆਉਣ ਦਾ ਅੰਦੇਸ਼ਾ ਹੈ।' ਪਰ ਮੁਗਲ ਸਰਦਾਰ ਨਾ ਮੰਨੇ। ਰਾਤ ਨੂੰ ਅਚਾਨਕ ਹੜ੍ਹ ਆ ਗਿਆ ਤੇ ਸੈਨਾ ਦੇ ਕਈ ਆਦਮੀ ਰੁੜ੍ਹ ਗਏ।

ਸਰ ਜਾਦੂ ਨਾਥ ਲਿਖਦੇ ਹਨ ਕਿ ੧੬੭੦ ਈ: ਵਿਚ ਰਾਜਾ ਰਾਮ ਸਿੰਘ ਨੇ ਸੁਲਾਹ ਦਾ ਮਿਸ਼ਨ ਭੇਜਿਆ। ਦਰਅਸਲ ਗੁਰੂ ਜੀ ਨੇ ਵਿਚ ਪੈਕੇ ਰਾਜਾ ਆਸਾਮ ਤੇ ਰਾਜਾ ਰਾਮ ਸਿੰਘ ਦੀ ਸੁਲਾਹ ਕਰਾ ਦਿਤੀ। ਇਲਾਕੇ ਦੀ ਹੱਦਬੰਦੀ ਹੋ ਗਈ। ਇਸ ਸਮੇਂ ਜਿਹੜੇ ਸਿੱਖ ਗੁਰੂ ਜੀ ਦੇ ਨਾਲ ਸਨ, ਉਨ੍ਹਾਂ ਨੂੰ ਇਕ ਪਿੰਡ ਵਿਚ ਆਬਾਦ ਕੀਤਾ ਗਿਆ। ਇਥੇ ਹਜ਼ੂਰ ਨੇ ਖੰਜਰ ਗੱਡ ਕੇ ਪਿੰਡ ਦਾ ਨਾਮ ਖੰਜਰ ਰਖਿਆ।

ਭਾਈ ਸੰਤੋਖ ਸਿੰਘ, ਜੀ ਲਿਖਦੇ ਹਨ—

ਤਹਿ ਇਕ ਗ੍ਰਾਮ ਬਸਾਇਓ ਭਾਰੀ।
ਖੰਜਰ ਤਾਕੋ ਨਾਮ ਉਚਾਰੀ।

ਦੋਹ ਹਿੰਦੂ ਰਾਜਿਆਂ ਦੀ ਸੁਲਾਹ ਦੇ ਕਾਰਨ ਹਰ ਪਾਸੇ ਖੁਸ਼ੀ ਮਨਾਈ ਗਈ । ਇਸ ਯਾਦ ਵਿਚ ਸਿੱਖਾਂ ਨੇ ਤੇ ਰਾਜਪੂਤ ਸੈਨਾ ਨੇ ਢਾਲਾਂ ਨਾਲ ਮਿਟੀ ਢੋ ਕੇ ਇਕ ਬੜ੍ਹਾ ਬਣਾਇਆ ਜੋ ਆਸਾਮ ਵਿਚ ਗੁਰਦਵਾਰਾ ਧੋਬੜੀ ਦੇ ਨਾਮ ਤੋਂ ਪ੍ਰਸਿਧ ਹੈ। ਸੁਲਾਹ ਪਿਛੋਂ ਰਾਜਾ ਰਾਮ ਸਿੰਘ ਵਾਪਸ ਆ ਗਿਆ। ਮਹਾਰਾਜ ਕੁਝ ਸਮਾਂ ਆਸਾਮ ਹੀ ਟਿਕੇ ਰਹੇ । ਰਾਜਾ ਆਸਾਮ ਨੇ ਗੁਰੂ ਜੀ ਦਾ ਬੜਾ ਸਤਿਕਾਰ ਕੀਤਾ । ਉਸਦੇ ਘਰ ਸੰਤਾਨ ਨਹੀਂ ਸੀ, ਉਸਨੇ ਰਾਣੀ ਸਮੇਤ ਹਾਜ਼ਰ ਹੋ ਕੇ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਮੇਰਾ ਕੋਈ ਪੁਤਰ ਨਹੀਂ ਰਾਜ ਭਾਗ ਦਾ ਮਾਲਕ ਕੌਣ ਬਣੇਗਾ, ਅਸੀਂ ਦੋਵੇਂ ਜੀਅ ਬੜੇ ਉਦਾਸ ਰਹਿੰਦੇ ਹਾਂ, ਆਪ ਅਸ਼ੀਰਵਾਦ ਦਿਓ ਕਿ ਸਾਡੇ ਕੋਈ ਸੰਤਾਨ ਹੋਵੇ, ਅਸੀਂ ਉਸਨੂੰ ਆਪ ਦਾ ਸਿੱਖ ਬਣਾਵਾਂਗੇ।'

ਮਹਾਰਾਜ ਨੇ ਉਤਰ ਦਿਤਾ—

ਰਾਜਨ ! ਬਖਸ਼ਸ਼ਾਂ ਦਾ ਮਾਲਕ ਆਪ ਵਾਹਿਗੁਰੂ ਹੈ, ਉਹੀ ਮਨੁਖ ਨੂੰ ਸਭ ਕੁਝ ਦੇਣ ਵਾਲਾ ਹੈ । ਅਸੀਂ ਤੁਹਾਡੇ ਲਈ ਅਰ-ਦਾਸ ਕਰਦੇ ਹਾਂ ਕਿ ਵਾਹਿਗੁਰੂ ਤੁਹਾਨੂੰ ਰਾਜ ਕੁਮਾਰ ਦੇਵੇ।'

ਸਿਖ ਇਤਿਹਾਸ ਦਸਦਾ ਹੈ ਕਿ ਕੁਝ ਚਿਰ ਪਿਛੋਂ ਰਾਜਾ ਆਸਾਮ ਦੇ ਘਰ ਪੁਤਰ ਜਨਮਿਆ, ਜਿਸਦਾ ਨਾਮ ਰਤਨ ਰਾਇ ਰਖਿਆ ਗਿਆ । ਜਦ ਇਹ ਬਾਰਾਂ ਵਰ੍ਹਿਆਂ ਦਾ ਹੋਇਆ ਤਾਂ ਆਪਣੀ ਮਾਤਾ ਸਮੇਤ ਅਨੰਦ ਪੁਰ ਵਿਖੇ ਸ੍ਰੀ ਕਲਗੀਧਰ ਜੀ ਦੇ ਦਰਸ਼ਨ ਕਰਨ ਆਇਆ। ਇਸਦਾ ਵਰਣਨ ਅਗੇ ਆਵੇਗਾ।

ਗੁਰੂ ਜੀ ਆਸਾਮ ਵਿਚ ਸਨ ਕਿ ਪੰਜਾਬ ਵਿਚ ਬਾਦਸ਼ਾਹ ਦੀ ਸਖਤੀ ਦੀਆਂ ਖਬਰਾਂ ਪੁਜੀਆਂ । ਸਖਤ ਗੜਬੜ ਮਚੀ ਹੋਈ ਸੀ । ਇਸ ਲਈ ਗੁਰਦੇਵ ਨੇ ਵਾਪਸੀ ਦੀ ਤਿਆਰੀ ਕਰ ਲਈ ਆਸਾਮ ਤੋਂ ਚੱਲ ਕੇ ਸਿਧੇ 'ਗਯਾ' ਪੁਜੇ । ਪਟਨੇ ਦੇ ਮੁਖੀ

ਸਿਖਾਂ–ਭਾਈ ਦਿਆਲ ਦਾਸ, ਰਾਮ ਰਾਇ, ਦਰਬਾਰੀ, ਭਾਈ ਭੇਡ ਮਲ ਤੇ ਸੰਗਤਾਂ ਦੇ ਨਾਂ ਇਕ ਹੁਕਮਨਾਮਾ ਲਿਖਿਆ ਕਿ ਉਹ ਸ਼ਹਿਜ਼ਾਦੇ ਅਤੇ ਪ੍ਰਵਾਰ ਨੂੰ ਭੇਜ ਦੇਣ। ਇਹ ਹੁਕਮਨਾਮਾ ਵੀ ਇਸ ਵਕਤ ਪਟਨੇ ਸਾਹਿਬ ਮੌਜੂਦ ਹੈ।

ਗੁਰੂ ਸਾਹਿਬ ਜੀ ਆਸਾਮ ਤੋਂ ਚੱਲ ਕੇ ਬਿਹਾਰ ਤੋਂ ਯੂ. ਪੀ. ਚੋਂ ਹੁੰਦੇ ਹੋਏ ਪੰਜਾਬ ਪੁਜੇ। ਇਥੇ ਕਸ਼ਮੀਰੀ ਪੰਡਤਾਂ ਨੇ ਹਿੰਦੂ ਧਰਮ ਦੀ ਰਖਿਆ ਲਈ ਆ ਕੇ ਕਿਸ ਤਰ੍ਹਾਂ ਪੁਕਾਰ ਕੀਤੀ ? ਕਿਵੇਂ ਗੁਰਦੇਵ ਸ਼ਹੀਦ ਹੋਣ ਲਈ ਦਿਲੀ ਗਏ ? ਇਹ ਬ੍ਰਿਤਾਂਤ ਅਗੇ ਚੱਲ ਕੇ ਵਰਣਨ ਕੀਤਾ ਗਿਆ ਹੈ।

ਬਤੀਵਾਂ ਵਿਆਖਿਆਨ

ਔਰੰਗਜ਼ੇਬ ਦੀ ਅਨੀਤੀ

ਜਹਾਂਗੀਰ ਦੀ ਅਨੀਤੀ ਦੇ ਕਾਰਨ ਪੰਚਮ ਪਾਤਸ਼ਾਹ ਦੀ ਸ਼ਹੀਦੀ ਹੋਈ। ਸ਼ਾਹਜਹਾਂ ਦੀ ਨੀਤੀ ਦੇ ਕਾਰਨ ਛੇਵੇਂ ਪਾਤਸ਼ਾਹ ਨੂੰ ਜੰਗ ਕਰਨੇ ਪਏ । ਔਰੰਗਜ਼ੇਬ ਨੇ ਮਜ਼ਬੀ ਤੁਅੱਸਬ ਕਰਕੇ ਹਿੰਦੂਆਂ ਪਰ ਜੋ ਸਖਤੀ ਕੀਤੀ, ਉਸਨੂੰ ਦੂਰ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਹੋਈ । ਔਰੰਗਜ਼ੇਬ ਨੇ ਸਿਖੀ ਨੂੰ ਭੀ ਮਿਟਾਣਾ ਚਾਹਿਆ, ਇਸ ਲਈ ਉਸ ਦੀ ਅਨੀਤੀ ਦਾ ਵਰਣਨ ਕਰਨਾ ਜ਼ਰੂਰੀ ਹੈ।

ਮੁਗ਼ਲ ਬਾਦਸ਼ਾਹਾਂ ਵਿਚੋਂ ਔਰੰਗਜ਼ੇਬ ਬੜਾ ਚਤੁਰ, ਕੁਟਲ ਨੀਤੀਵਾਨ, ਬਾਹਰੋਂ ਦਿਸਣ ਵਿਚ ਸਾਦਾ, ਸੰਜਮੀ, ਮਜ਼ੁਬ ਦਾ ਪਾਬੰਦ ਅਤੇ ਇਸਲਾਮ ਦਾ ਪ੍ਰਚਾਰਕ ਸੀ । ਪਰ ਉਸ ਨੇ ਮਜ਼ੁਬ ਦੀ ਆੜ ਵਿਚ ਬਹੁਤ ਰਾਜਨੀਤਕ ਜ਼ੁਲਮ ਕੀਤੇ ਹਨ । ਉਸ ਨੇ ੧੬੫੮ ਈਸਵੀ ਤੋਂ ਲੈ ਕੇ ੧੭੦੭ ਈਸਵੀ ਤਕ ਰਾਜ ਕੀਤਾ ਹੈ । ਇਸ ਸਮੇਂ ਵਿਚ ਹਰ ਪਾਸੇ ਬਦਅਮਨੀ ਰਹੀ ਹੈ । ਉਹ ੧੬੮੧ ਈਸਵੀ ਤਕ ਉਤਰ ਪੱਛਮੀ ਹਿੰਦੁਸਤਾਨ ਦੀਆਂ ਮੁਹਿੰਮਾਂ ਅਤੇ ਉਪਰੰਤ ਮਰਦੇ ਦਮ ਤਕ ਦੱਖਣ ਵੱਲ ਰੁਝਾ ਰਿਹਾ । ਜਦ ਮਈ ੧੬੫੮ ਈਸਵੀ ਵਿਚ ਔਰੰਗਜ਼ੇਬ ਸੰਮੂਗੜ੍ਹ ਵਿਚ ਦਾਰਾ ਨੂੰ ਹਾਰ ਦੇ ਕੇ ਆਗਰੇ ਵੱਲ ਵਧਿਆ ਤਾਂ ਅਗੋਂ ਬੁਢੇ ਅਤੇ ਬੀਮਾਰ ਪਿਉ ਸ਼ਾਹਜਹਾਂ ਨੇ ਉਸ ਨੂੰ 'ਆਲਮਗੀਰ' ਨਾਮੀ ਤਲਵਾਰ ਪੇਸ਼ ਕੀਤੀ। ਇਹ ਇਕ ਤਰ੍ਹਾਂ ਰਾਜ ਗੱਦੀ ਸੰਭਾਲਣ ਲਈ ਇਸ਼ਾਰਾ ਸੀ ਪਰ ਸ਼ੱਕ ਦੇ ਕਾਰਨ ਇਸਨੇ ਪਿਉ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ । ਕਿਸੇ ਨੌਕਰ ਚਾਕਰ ਨੂੰ ਬਾਦਸ਼ਾਹ ਨਾਲ ਮਿਲਣ ਦੀ

ਆਗਿਆ ਨਹੀਂ ਸੀ । ਬੰਦੀਖਾਨੇ ਵਿਚ ਕੇਵਲ ਉਸ ਦੀ ਪਿਆਰੀ ਪੁਤਰੀ ਜਹਾਂ ਆਰਾ ਨਾਲ ਸੀ ।

ਬੰਦੀਖਾਨੇ ਵਿਚ ਕਿਸੇ ਕੈਦੀ ਨੂੰ ਜੋ ਤੰਗੀ ਹੋ ਸਕਦੀ ਹੈ, ਉਹ ਸ਼ਾਹਜਹਾਂ ਨੂੰ ਦਿਤੀ ਗਈ । ਗਰਮੀ ਦੀ ਰੁਤ ਸੀ, ਉਸਨੇ ਔਰੰਗਜ਼ੇਬ ਨੂੰ ਇਹ ਚਿਠੀ ਲਿਖੀ–'ਬਾਬਾ ਮਨ, ਬਹਾਦਰ ਮਨ ! ਦੀ ਰੋਜ਼ ਲਕ ਸਵਾਰ ਬੂਦਮ, ਇਮਰੋਜ਼ ਮੁਹਤਾਜ ਯਕ ਕਾਸਾਏ ਆਬਮ, ਦਰੀਂ ਦੁਨੀਆਂ ਮਗਰੂਰ ਨਾ ਬਾਇਦ ਬੂਦ ।'

ਚਿਠੀ ਦੇ ਅੰਤ ਵਿਚ ਇਹ ਰੁਬਾਈ ਲਿਖੀ–

ਆਫ਼ਰੀਂ ਬਾਦ ਹਿੰਦੂਆਂ ਹਰ ਬਾਬ ।
ਮੁਰਦਾ ਰਾ ਮੇ ਦਿਹੰਦ ਦਾਇਮ ਆਬ ।
ਐ ਪਿਸਰ ਤੂ ਅਜਬ ਮੁਸਲਮਾਨੀ ।
ਜ਼ਿੰਦਾ ਜਾਨਮ ਬ ਆਬ ਨ ਰਸਾਨੀ ।

ਭਾਵ–ਐ ਮੇਰੇ ਮਾਨ ਯੋਗ ਪੁਤਰ ! ਕੱਲ੍ਹ ਮੈਂ ਲੱਖਾਂ ਸਵਾਰ ਦਾ ਮਾਲਕ ਸੀ, ਅਜ ਪਾਣੀ ਦੇ ਪਿਆਲੇ ਖੁਣੋ ਮੁਥਾਜ ਹਾਂ । ਇਸ ਦੁਨੀਆਂ ਵਿਚ ਹੰਕਾਰ ਨਹੀਂ ਕਰਨਾ ਚਾਹੀਦਾ ।

ਬੇਟਾ ! ਸ਼ਾਬਾਸੇ ਹਿੰਦੂਆਂ ਨੂੰ, ਜੋ ਆਪਣੇ ਮਰੇ ਹੋਏ ਮਿਤਰਾਂ ਦੇ ਨਾਂ ਤੇ ਪਾਣੀ ਦਿੰਦੇ ਹਨ । ਤੂੰ ਚੰਗਾ ਮੁਸਲਮਾਨ ਹੈ, ਜਿਹੜਾ ਜੀਊਂਦੇ ਪਿਉ ਨੂੰ ਪਾਣੀ ਨਹੀਂ ਦੇ ਸਕਦਾ ?

ਇਸਦਾ ਉਤਰ ਔਰੰਗਜ਼ੇਬ ਨੇ ਦਿਤਾ–'ਪਿਤਾ ਜੀ ! ਇਹ ਤੁਹਾਡੇ ਕੀਤੇ ਦਾ ਫਲ ਹੈ ।'

ਜਿਸ ਵਕਤ ਸ਼ਾਹਜਹਾਂ ਬੰਦੀਖਾਨੇ ਵਿਚ ਸੀ ਉਸਦੀ ਉਮਰ ੬੬ ਵਰ੍ਹੇ ਦੀ ਸੀ । ਸੰਸਾਰ ਦੇ ਇਤਿਹਾਸ ਵਿਚ ਬਾਦਸ਼ਾਹਾਂ ਵਿਚੋਂ ਇਹ ਭੀ ਇਕ ਬਦਕਿਸਮਤ ਸੀ, ਜਿਸ ਨੇ ਸਾਰੀ ਜ਼ਿੰਦਗੀ ਸੁਖ ਦੀ ਗੁਜ਼ਾਰ ਕੇ ਆਪਨੀ ਉਮਰ ਦੇ ਆਖਰੀ ਦਿਨ ਬੰਦੀਖਾਨੇ ਵਿਚ ਗੁਜ਼ਾਰੇ ਤੇ ਉਹ ਭੀ ਆਪਣੀ ਔਲਾਦ ਦੇ ਹਥੋਂ । ਸ਼ਾਹਜਹਾਂ ਦਾ ਦਰਦਨਾਕ ਅੰਤ ਕੈਦ ਵਿਚ ਹੀ ਹੋਇਆ ।

ਔਰੰਗਜ਼ੇਬ ਨੇ ਭਰਾਵਾਂ ਨਾਲ ਕੀ ਵਰਤਾਉ ਕੀਤਾ। ਇਹ ਵਿਥਿਆ ਵੀ ਬੜੀ ਦਰਦਨਾਕ ਹੈ। ਦਾਰਾ ਹਾਰ ਖਾ ਕੇ ਪੰਜਾਬ ਵਲ ਆਇਆ। ਉਸ ਦਾ ਪੁਤਰ ਸੁਲੇਮਾਨ ਸ਼ਕੋਹ ਗੜ੍ਹਵਾਲ ਵਲ ਚਲਾ ਗਿਆ।

ਦਾਰਾ ਆਪਣੀ ਵਹੁਟੀ ਨਾਦਰਾ ਦੇ ਛੋਟੇ ਪੁਤਰ ਸਪੀਹਰ ਸ਼ਕੋਹ ਸਮੇਤ ਪੰਜਾਬ 'ਚੋਂ ਹੁੰਦਾ ਸਿੰਧ ਨੂੰ ਚਲਾ ਗਿਆ। ਔਰੰਗਜ਼ੇਬ ਦਾ ਫੌਜਦਾਰ ਫੌਜ ਲੈ ਕੇ ਪਿਛਾ ਕਰ ਰਿਹਾ ਸੀ। ਇਕ ਜੀਊਨ ਨਾਮੀ ਬਲੋਚ ਸਰਦਾਰ ਦੀ ਗੱਦਾਰੀ ਦੇ ਕਾਰਨ ਦਾਰਾ ਪੁਤਰ ਸਮੇਤ ਗ੍ਰਿਫਤਾਰ ਕੀਤਾ ਗਿਆ। ੨੩ ਅਗਸਤ ੧੬੫੮ ਈ: ਨੂੰ ਇਸ ਬਦ-ਕਿਸਮਤ ਕੈਦੀ ਦਿਲੀ ਪੁਜੇ। ਔਰੰਗਜ਼ੇਬ ਦੇ ਹੁਕਮ ਨਾਲ ਦਿਲੀ ਵਿਚ ਦੋਹਾਂ ਦਾ ਜਲੂਸ ਕਢਿਆ ਗਿਆ। ਬਰਨੀਅਰ (ਫਰੈਂਚ) ਅਤੇ ਮਨੂਚੀ (ਇਟੈਲੀਅਨ) ਉਸ ਵਕਤ ਦਿਲੀ ਵਿਚ ਸਨ। ਦਾਰਾ ਦੇ ਜਲੂਸ ਸੰਬੰਧੀ ਬਰਨੀਅਰ ਲਿਖਦਾ ਹੈ—

'ਮੈਂ ਵੇਖਿਆ ਕਿ ਲੋਕ ਹਰ ਥਾਵੇਂ ਰੋ ਰਹੇ ਸਨ। ਬੜੇ ਦਰਦਨਾਕ ਸ਼ਬਦਾਂ ਵਿਚ ਦਾਰਾ ਦੀ ਬਦਕਿਸਮਤੀ ਦਾ ਜ਼ਿਕਰ ਕਰਦੇ ਸਨ।

ਦੂਜਾ ਲੇਖਕ ਇਸ ਘਟਨਾ ਨੂੰ ਇਉਂ ਵਰਣਨ ਕਰਦਾ ਹੈ ਕਿ ਜਿਸ ਸਮੇਂ ਦਾਰਾ ਦਾ ਜਲੂਸ ਕਿਲ੍ਹੇ ਦੇ ਪਾਸ ਆਇਆ, ਇਕ ਫਕੀਰ ਨੇ ਅਗੇ ਵੱਧ ਕੇ ਕਿਹਾ—'ਐ ਦਾਰਾ! ਜਦ ਤੂੰ ਰਾਜ ਕੁਮਾਰ ਸੀ, ਤੂੰ ਮੈਨੂੰ ਸਦਾ ਕੁਝ ਨ ਕੁਝ ਬਖਸ਼ੀਸ਼ ਕਰਦਾ ਸੀ, ਅਜ ਮੈਂ ਜਾਣਦਾ ਹਾਂ ਕਿ ਤੂੰ ਮੈਨੂੰ ਕੁਝ ਨਹੀਂ ਦੇ ਸਕਦਾ।'

ਫਕੀਰ ਦੇ ਇਹ ਸ਼ਬਦ ਸੁਣ ਕੇ ਸੂਫੀ ਅਤੇ ਨੇਕ ਮਨੁਖ ਦਾਰਾ ਨੇ ਆਪਣੇ ਉਤੇ ਲਿਆ ਹੋਇਆ ਕਾਲੇ ਰੰਗ ਦਾ ਦੁਸ਼ਾਲਾ ਲਾਹ ਕੇ ਫਕੀਰ ਵਲ ਸੁਟਿਆ। ਪਰ ਔਰੰਗਜ਼ੇਬ ਦੇ ਜਰਨੈਲ ਬਹਾ-ਦਰ ਖਾਂ ਨੇ (ਜਿਸ ਨੇ ਦਾਰਾ ਨੂੰ ਗ੍ਰਿਫਤਾਰ ਕੀਤਾ ਸੀ) ਕੋਲੋਂ ਕਿਹਾ—''ਕੈਦੀ ਨੂੰ ਇਹ ਹੱਕ ਨਹੀਂ ਉਹ ਕਿਸੇ ਨੂੰ ਕੋਈ ਚੀਜ਼ ਬਖਸ਼ੀਸ਼ ਕਰੇ।'

ਬੜੀ ਨਿਰਾਦਰੀ ਤੇ ਬੇਤਰਸੀ ਨਾਲ ਦਾਰਾ ਨੂੰ ਕਤਲ ਕੀਤਾ ਗਿਆ। ਉਸਦੇ ਪੁਤ੍ਰ ਸੁਲੇਮਾਨ ਸ਼ਕੋਹ ਨੂੰ ਭੀ ਮਰਵਾਇਆ ਗਿਆ।

ਔਰੰਗਜ਼ੇਬ ਨੇ ਆਪਣੇ ਭਰਾ ਮੁਰਾਦ ਨੂੰ ਤਖ਼ਤ ਦਿਵਾਉਣ ਲਈ ਬੜੇ ਝਾਂਸੇ ਦਿਤੇ। ਉਸ ਦੇ ਸਾਹਮਣੇ ਖੁਦਾ, ਕੁਰਾਨ ਤੇ ਪੈਗੰਬਰ ਦੀਆਂ ਕਸਮਾਂ ਖਾਧੀਆਂ। ਮਥਰਾ ਦੇ ਪਾਸ ਉਸਨੂੰ ਪ੍ਰੀਤੀ ਭੋਜਨ ਤੇ ਸਦਿਆ। ਜਦ ਪ੍ਰੀਤੀ ਭੋਜਨ ਖਤਮ ਹੋਇਆ ਤਾਂ ਔਰੰਗਜ਼ੇਬ ਨੇ ਮੁਰਾਦ ਨੂੰ ਸ਼ਰਾਬ ਦੇ ਨਸ਼ੇ ਵਿਚ ਗੁਟ ਦੇਖ ਕੇ ਗ੍ਰਿਫਤਾਰ ਕਰ ਲਿਆ ਅਤੇ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਕੇ ਭੇਜ ਦਿਤਾ। ੪ ਦਸੰਬਰ ੧੬੬੧ ਈਸਵੀ ਨੂੰ ਉਹ ਵਿਚਾਰਾ ਗਵਾਲੀਅਰ ਦੇ ਕਿਲ੍ਹੇ ਵਿਚ ਮਰ ਗਿਆ।

ਔਰੰਗਜ਼ੇਬ ਦਾ ਤੀਜਾ ਭਰਾ ਸੁਜਾਹ ਨਠ ਕੇ ਆਸਾਮ ਵਲ ਜਾ ਮਰਿਆ। ਮੁਕਦੀ ਗਲ ਸਾਰੇ ਖਾਨਦਾਨ ਦਾ ਖਾਤਮਾ ਕਰਕੇ ਔਰੰਗਜ਼ੇਬ ਨੇ ਦਿਲੀ ਦਾ ਤਖਤ ਪ੍ਰਾਪਤ ਕੀਤਾ।

ਹੇ ਰਾਜਨੀਤ ! ਤੂੰ ਕਿਤਨੀ ਜ਼ਾਲਮ ਅਤੇ ਬੇਦਰਦ ਹੈਂ। ਤੇਰੇ ਹਿਰਦੇ ਵਿਚ ਪਿਤਾ ਲਈ ਸਤਕਾਰ ਤੇ ਵਫਾਦਾਰੀ ਨਹੀਂ, ਭਰਾਵਾਂ ਲਈ ਪਿਆਰ ਅਤੇ ਪੁਤਰਾਂ ਲਈ ਵਿਸ਼ਵਾਸ ਨਹੀਂ, ਕਿਸੇ ਲਈ ਤਰਸ ਨਹੀਂ, ਕਿਸੇ ਲਈ ਇਨਸਾਫ ਨਹੀਂ।

ਔਰੰਗਜੇਬ ਕਿਨਾ ਕੁਟਲ ਨੀਤੀਵਾਨ ਸੀ ? ਇਸ ਦੀਆਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ। ਇਕ ਵਾਰ ਦਾਰਾ ਨੇ ਆਦਮ-ਕੱਦ ਸ਼ੀਸ਼ਾ ਮੰਗਾਇਆ। ਜਮਨਾ ਦੇ ਕਿਨਾਰੇ ਤਹਿਖਾਨਾ ਬਣਵਾ ਕੇ ਉਸ ਵਿਚ ਸ਼ੀਸ਼ੇ ਨੂੰ ਲਵਾਇਆ।

ਇਸ ਖੁਸ਼ੀ ਵਿਚ ਦਾਰਾ ਨੇ ਸਾਰੇ ਪਰਵਾਰ ਦੀ ਦਾਹਵਤ ਕੀਤੀ। ਜਿਸ ਵਿਚ ਸ਼ਾਹਜਹਾਂ ਵੀ ਸ਼ਾਮਲ ਹੋਇਆ। ਜਿਸ ਵਕਤ ਸ਼ਾਹੀ ਖ਼ਾਨਦਾਨ ਦੇ ਸਾਰੇ ਆਦਮੀ ਆਪੋ ਆਪਣੀ ਥਾਂ ਤੇ ਬੈਠ ਗਏ ਤੇ ਸ਼ਾਹਜਹਾਂ ਨੇ ਕੀ ਵੇਖਿਆ ਕਿ ਔਰੰਗਜ਼ੇਬ ਜੁਤੀਆਂ ਵਿਚ

ਬੂਹੇ ਦੇ ਲਾਗੇ ਬੈਠਾ ਹੈ। ਇਹ ਵੇਖਕੇ ਬਾਦਸ਼ਾਹ ਨੇ ਹੱਸਕੇ ਪੁਛਿਆ— 'ਮੌਲਵੀ ਸਾਹਿਬ ਜੁਤੀਆ ਵਿਚ ਕਿਉਂ ਬੈਠੇ ਹਨ ?'

ਔਰੰਗਜ਼ੇਬ ਨੇ ਇਸ ਦਾ ਕੋਈ ਉਤਰ ਨਾ ਦਿਤਾ। ਦਾਹਵਤ ਖਤਮ ਹੋ ਗਈ। ਸ਼ਾਹਜਹਾਂ ਨੇ ਔਰੰਗਜੇਬ ਨੂੰ ਗੁਸਤਾਖ ਸਮਝ ਕੇ ਦਰਬਾਰ ਵਿਚ ਉਸਦਾ ਦਾਖਲਾ ਬੰਦ ਕਰ ਦਿਤਾ।

ਕੁਝ ਸਮਾਂ ਗੁਜ਼ਰ ਗਿਆ। ਵਜ਼ੀਰ ਉਮਰਾਵਾਂ ਨੇ ਵਿਚ ਪੈਕੇ ਪਿਉ ਪੁਤਰ ਦਾ ਸਮਝੌਤਾ ਕਰਾਉਣਾ ਚਾਹਿਆ। ਇਕ ਦਿਨ ਬਾਦਸ਼ਾਹ ਨੇ ਔਰੰਗਜੇਬ ਨੂੰ ਦਰਬਾਰ ਵਿਚ ਸੱਦ ਕੇ ਪੁਛਿਆ—'ਤੂੰ ਕਿਉਂ ਬੂਹੇ ਵਿਚ ਬੈਠਾ ਸੀ ਤੇ ਸਦਣ ਪਰ ਭੀ ਨਹੀਂ ਆਇਆ ਸੀ ?'

ਔਰੰਗਜ਼ੇਬ ਨੇ ਉਤਰ ਦਿਤਾ—'ਜਹਾਂ ਪਨਾਹ ! ਮੈਂ ਇਹ ਸੋਚਕੇ ਜੁਤੀਆਂ ਵਿਚ ਬੈਠਾ ਸੀ ਕਿ ਸ਼ਾਹੀ ਖਾਨਦਾਨ ਦੇ ਸਾਰੇ ਆਦਮੀ ਤਹਿਖਾਨੇ ਵਿਚ ਬੈਠੇ ਸਨ, ਜੇ ਕੋਈ ਦੁਸ਼ਮਨ ਬਾਹਰੋਂ ਹਮਲਾ ਕਰ ਕੇ ਸਾਰਿਆਂ ਨੂੰ ਮਾਰ ਦੇਵੇ ਤਾਂ ਤਖਤ ਦਾ ਵਾਰਸ ਕੌਣ ਬਣਦਾ ?'

ਇਹ ਸੁਣ ਕੇ ਸ਼ਾਹਜਹਾਂ ਨੇ ਠੰਢਾ ਸਾਹ ਭਰਿਆ ਤੇ ਕਿਹਾ— 'ਯਾ ਰੱਬਾ ! ਦਾਰਾ ਨੂੰ ਇਸ ਦੀ ਕੂਟਨੀਤੀ ਤੋਂ ਬਚਾਈਂ'।

ਔਰੰਗਜ਼ੇਬ ਨੂੰ ਇਕ ਵੇਰ ਆਪਣੇ ਪੁਤਰ ਮੁਅਜ਼ਮ (ਬਹਾਦਰ ਸ਼ਾਹ) ਤੇ ਸ਼ੱਕ ਪੈ ਗਿਆ ਕਿ ਉਹ ਬਗਾਵਤ ਕਰਨਾ ਚਾਹੁੰਦਾ ਹੈ। ਉਸ ਨੇ ਬਹਾਦਰ ਸ਼ਾਹ ਨੂੰ ਦਰਬਾਰ ਵਿਚ ਸਦਿਆ। ਮੁਗਲਾਂ ਦੇ ਸਮੇਂ ਸ਼ਾਹੀ ਦਰਬਾਰ ਦਾ ਇਕ ਰਿਵਾਜ ਹੁੰਦਾ ਸੀ ਕਿ ਜਿਸ ਪਰ ਬਾਦਸ਼ਾਹ ਬਹੁਤ ਪ੍ਰਸੰਨ ਹੁੰਦਾ, ਉਸ ਨੂੰ ਆਪਣੇ ਹਥਾਂ ਨਾਲ ਇਤਰ ਲਾਉਂਦਾ ਸੀ। ਔਰੰਗਜ਼ੇਬ ਨੇ ਮੁਅਜ਼ਮ ਨੂੰ ਤਖਤ ਦੇ ਪਾਸ ਬੁਲਾਇਆ। ਉਹ ਸ਼ਸਤਰ ਉਤਾਰ ਕੇ ਜਦ ਕੋਲ ਆਇਆ ਤਾਂ ਔਰੰਗਜ਼ੇਬ ਨੇ ਪੁਛਿਆ— 'ਬੇਟਾ ! ਤੂੰ ਕਿਹੜਾ ਇਤਰ ਪਸੰਦ ਕਰਦਾ ਹੈਂ ?' ਮੁਅਜ਼ਮ ਨੇ ਉਤਰ ਦਿਤਾ—

ਮੈਨੂੰ ਫਿਤਨਾ ਚੰਗਾ ਲਗਦਾ ਹੈ।'

ਔਰੰਗਜ਼ੇਬ ਨੇ ਕਿਹਾ—

'ਮੈਂ ਫਿਤਨੇ (ਫਸਾਦ) ਦਾ ਪ੍ਰਬੰਧ ਕਰ ਲਿਆ ਹੈ।'

'ਬੱਸ ਫੇਰ ਕੀ ਸੀ, ਪਰਦਾ ਡਿਗ ਪਿਆ ਤੇ ਬਹਾਦਰ ਸ਼ਾਹ ਸ਼ਾਹੀ ਫੌਜ ਦੇ ਪਹਿਰੇ ਵਿਚ ਕੈਦੀ ਬਣਾ ਲਿਆ ਗਿਆ।

ਮਨੁਖੀ ਸੁਭਾਵ ਵਿਚ ਇਹ ਕਮਜ਼ੋਰੀ ਹੈ ਕਿ ਉਹ ਆਪਣੇ ਔਗੁਣਾਂ ਜਾਂ ਨਿਜਸ੍ਵਾਰਥ ਨੂੰ ਛੁਪਾਉਣ ਲਈ ਕਿਸੇ ਗਲ ਦੀ ਆੜ ਲਭਦਾ ਹੈ। ਮਜ਼੍ਹਬ ਵਿਚ ਪਖੰਡ ਤੇ ਰਾਜਨੀਤ ਵਿਚ ਲੋਕਾਂ ਨੂੰ ਗੁਮਰਾਹ ਕਰਨਾ ਖਾਸ ਔਗੁਣ ਹਨ। ਔਰੰਗਜ਼ੇਬ ਨੇ ਆਪਣੇ ਰਾਜਨੀਤਕ ਮੰਤਵਾਂ ਦੀ ਪੂਰਤੀ ਲਈ ਮਜ਼ਹਬ ਦੀ ਆੜ ਲਈ। ਉਸ ਨੇ ਸਟੇਟ ਨੂੰ ਮਜ਼ਹਬ ਦਾ ਪ੍ਰਚਾਰਕ ਬਨਾਉਣ ਦਾ ਜਤਨ ਕੀਤਾ।

ਮੌਲਾਨਾ ਅਬੁਲ ਕਲਾਮ ਆਜ਼ਾਦ ਲਿਖਦੇ ਹਨ—'ਏਸ਼ੀਆ ਵਿਚ ਪਾਲਿਟੇਕਸ ਹਮੇਸ਼ਾਂ ਮਜਹਬ ਦੀ ਆੜ ਵਿਚ ਰਿਹਾ ਹੈ। ਹਜ਼ਾਰਾਂ ਖੂੰਰੇਜ਼ੀਆਂ, ਜੋ ਰਾਜਨੀਤਕ ਕਾਰਨਾਂ ਕਰਕੇ ਹੋਈਆਂ, ਉਨ੍ਹਾਂ ਨੂੰ ਮਜਹਬ ਦੀ ਚਾਦਰ ਹੇਠ ਛੁਪਾਇਆ ਗਿਆ। ਰਾਜਨੀਤਕ ਦੂਰ ਅੰਦੇਸ਼ਾਂ ਨੇ ਕਲਮ ਨੂੰ ਰੋਕ ਦਿਤੀ। ਔਰੰਗਜ਼ੇਬ ਦੇ ਹੁਕਮ ਨਾਲ ਮਿਰਜ਼ਾ ਮੁਹੰਮਦ ਕਾਸਮ ਨੇ ਸਮਾਚਾਰ ਲਿਖਣੇ ਸ਼ੁਰੂ ਕੀਤੇ ਪ੍ਰੰਤੂ ਦਸ ਸਾਲ ਪਿਛੋਂ ਹੁਕਮਨ ਬੰਦ ਕੀਤੇ ਗਏ।'*

ਮੁਹੰਮਦ ਹਾਸ਼ਿਮ ਨੇ ਉਸ ਸਮੇਂ ਛੁਪ ਕੇ 'ਮੁੰਤਖਿਬ ਲੁਬਾਬ' ਨਾਮੀ ਤਵਾਰੀਖ ਲਿਖੀ। ਇਸ ਲਈ ਉਸ ਦਾ ਨਾਂ ਹੀ ਖਾਫ਼ੀ ਖਾਂ ਪ੍ਰਸਿਧ ਹੋਇਆ† ਇਸ ਤੋਂ ਸਿਧ ਹੁੰਦਾ ਹੈ ਕਿ ਲੋਕਾਂ ਨੂੰ ਸਹੀ ਹਾਲਾਤ ਲਿਖਣ ਦੀ ਆਗਿਆ ਨਹੀਂ ਸੀ।

ਸਖਤੀ ਦੇ ਕਾਰਨ ਹਿੰਦੂਆਂ ਨੇ ਜੁਰਅਤ ਹੀ ਨਹੀਂ ਕੀਤੀ

---

*'ਰੁਬਾਈਅਤ-ਸਰਮਦ' ਦੀ ਭੂਮਿਕਾ ਵਿਚੋਂ।

†ਰਸਾਲਾ 'ਮੁਆਰਫ' ਮਈ ਸੰਨ ੧੯੩੨, ਸੰਪਾਦਿਕ ਮੌਲਾਨਾ ਸੁਲੇਮਾਨ ਨਦਵੀ।

ਕਿ ਉਹ ਇਤਿਹਾਸ ਲਿਖਣ। ਜੋ ਹਾਲਾਤ ਮਿਲਦੇ ਹਨ, ਉਹ ਮੁਸਲਮਨ ਲੇਖਕਾਂ ਜਾਂ ਬਿਦੇਸ਼ੀ ਇਤਿਹਾਸਕਾਰਾਂ ਦੇ ਲਿਖੇ ਹੋਇ ਮਿਲਦੇ ਹਨ । ਉਨ੍ਹਾਂ ਨੂੰ ਪੜ੍ਹ ਕੇ ਹੀ ਲੂੰ ਕੰਡੇ ਹੋ ਜਾਈਦਾ ਹੈ । ਹਿੰਦੁਸਤਾਨ ਦਾ ਇਤਿਹਾਸ ਦਸਦਾ ਹੈ ਕਿ ਮੁਹੰਮਦ ਬਿਨਕਾਸਮ (੭੧੨ ਈ:) ਤੋਂ ਲੈਕੇ ਜੋ ਮੁਸਲਮਾਨ ਬਾਦਸ਼ਾਹ ਇਸ ਦੇਸ਼ ਵਿਚ ਆਏ ਹਨ ਉਨ੍ਹਾਂ ਨੂੰ ਲੁਟ ਮਾਰ ਤੇ ਕਤਲਾਮ ਕੀਤੀ।

ਅਰਬ, ਤੁਰਕ, ਮੰਗੋਲ, ਤਤਾਰੀ, ਉਜ਼ਬਕ ਇਕੋ ਸੁਭਾਵ ਦੇ ਸਨ। ਇਸ ਵਿਚ ਸੰਦੇਹ ਨਹੀਂ ਕਿ ਹਿੰਦੁਸਤਾਨ ਵਿਚ ਜੋ ਕੋਮਾਂ ਬਾਹਰੋਂ ਆਈਆਂ ਉਹ ਇਥੇ ਹੀ ਖਤਮ ਹੋ ਗਈਆਂ, ਪਰ ਉਨ੍ਹਾਂ ਨੇ ਇਸ ਦੇਸ ਨੂੰ ਖਤਮ ਕਰਨ ਦੀ ਕਸਰ ਨਹੀਂ ਛਡੀ।

ਹੁਣ ਅਸੀਂ ਔਰੰਗਜ਼ੇਬ ਦੀ ਹਿੰਦੂਆਂ ਪਰ ਕੀਤੀ ਗਈ ਸਖਤੀ ਦਾ ਜ਼ਿਕਰ ਕਰਦੇ ਹਾਂ । ਇਤਿਹਾਸ ਦਸਦਾ ਹੈ ਕਿ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਦੀ ਨੀਤੀ ਜਹਾਂਗੀਰ ਨੇ ਭੀ ਬਣਾਈ ਸੀ। ਪੰਜਾਬ ਵਿਚ ੨੦੦ ਖਾਨਦਾਨ ਇਸ ਲਈ ਮੁਸਲਮਾਨ ਕੀਤੇ ਗਏ ਸਨ ਕਿ ਉਨ੍ਹਾਂ ਦਾ ਸਬੰਧ ਮੁਸਲਮਾਨ ਔਰਤਾਂ ਨਾਲ ਸੀ। ਕਸ਼ਮੀਰ ਵਿਚ ਛੇਵੇਂ ਪਾਤਸ਼ਾਹ ਗਏ ਹੀ, ਇਸ ਲਈ ਕਿ ਹਿੰਦੂ ਆਪਣੇ ਵਿਚ ਹੋਏ ਮੁਸਲਮਾਨਾਂ ਨੂੰ ਵਾਪਸ ਨਹੀਂ ਲੈਂਦੇ ਸਨ। ਸਿਖ ਧਰਮ ਵਿਚ ਇਹ ਗੁੰਜਾਇਸ਼ ਸੀ।

ਮੁਗਲ ਬਾਦਸ਼ਾਹਾਂ ਵਿਚੋਂ ਔਰੰਗਜ਼ੇਬ ਨੇ ਤਾਂ ਪੱਖ ਪਾਤ ਦੀ ਹੱਦ ਕੀਤੀ ਹੈ। ੧੬੪੪ ਈ: ਵਿਚ, ਜਦ ਕਿ ਉਹ ਗੁਜਰਾਤ ਦਾ ਸੂਬਾ ਸੀ, ਉਸ ਨੇ ਅਹਿਮਦਾਬਾਦ ਵਿਚ ਚਿੰਤਾਮਣਿ ਦਾ ਮੰਦਰ ਗਿਰਾ ਕੇ ਮਸੀਤ ਬਣਵਾਈ ।

ਔਰੰਗਜ਼ੇਬ ਨੇ ੧੬੫੯ ਵਿਚ ਤਖਤ ਪਰ ਬੈਠ ਕੇ ਸਭ ਤੋਂ ਪਹਿਲੇ ਹਿੰਦੂ ਮੰਦਰਾਂ ਵਿਦਿਆਲਿਆਂ ਦੀ ਉਸਾਰੀ ਬੰਦ ਕੀਤੀ । ੧੬੫੯ ਈਸਵੀ ਵਿਚ ਕੁਝ ਕਾਨੂੰਨ ਬਣਾਏ ਗਏ, ਜਿਨ੍ਹਾਂ ਵਿਚ

ਦਰਜ ਸੀ ਕਿ ਰਾਜ ਪ੍ਰਬੰਧ ਇਸਲਾਮੀ ਢੰਗ ਦਾ ਹੋਵੇਗਾ, ਲੋਕਾਂ ਦਾ ਜੀਵਨ ਕੁਰਾਨ ਦੇ ਮੁਤਾਬਿਕ ਬਣਾਇਆ ਜਾਵੇਗਾ । ਤਖ਼ਤ ਤੇ ਬੈਠਣ ਸਮੇਂ ਬਾਦਸ਼ਾਹ ਨੇ ਸਯਦ ਮੀਰ ਇਬਰਾਹੀਮ ਦੇ ਹਥ ਛੇ ਲਖ ਸਠ ਹਜ਼ਾਰ ਰੁਪਿਆ ਖਜ਼ਾਨੇ ਵਿਚੋਂ ਦੇ ਕੇ ਮਕੇ ਮਦੀਨੇ ਦੇ ਮਜਾਵਰਾਂ ਵਿਚ ਵੰਡਣ ਲਈ ਭੇਜਿਆ । ਸਿਕਿਆਂ ਤੇ ਕਲਮਾਂ ਬੰਦ ਕੀਤਾ ਗਿਆ, ਕਿਉਂਕਿ ਇਹ ਗੈਰ ਮੁਸਲਮਾਨਾਂ ਦੇ ਹਥ ਵਿਚ ਜਾਂਦੇ ਸਨ । ਵੇਦਾਂਤੀ ਤੇ ਸੂਫੀ ਲੋਕਾਂ ਤੇ ਪਾਬੰਦੀਆਂ ਲਾਈਆਂ ਗਈਆਂ। ਮੁਲਾਂ ਵਜ਼ੀਰ ਤੂਰਾਨੀ ਨੂੰ ਇਕ ਹਜ਼ਾਰ ਸਵਾਰ ਦੇ ਕੇ ਲੋਕਾਂ ਦੀ ਨਿਗਰਾਨੀ ਤੇ ਪੜਤਾਲ ਲਈ ਨੀਯਤ ਕੀਤਾ ਗਿਆ, ਤਾਂਕਿ ਪਤਾ ਕਰੇ ਕਿ ਲੋਕੀਂ ਇਸਲਾਮੀ ਸ਼ਰ੍ਹਾ ਅਨੁਸਾਰ ਰਹਿੰਦੇ ਹਨ ਕਿ ਨਹੀਂ। ੧੩ ਮਈ ੧੬੫੮ ਨੂੰ ਹੁਕਮ ਜਾਰੀ ਕੀਤਾ ਗਿਆ ਕਿ ਮਸੀਤਾਂ ਬਣਵਾਈਆਂ ਜਾਣ। ਇਮਾਮ ਤੇ ਖਤੀਬਾਂ ਨੂੰ ਤਨਖਾਹ ਸਰਕਾਰੀ ਖਜ਼ਾਨੇ ਵਿਚੋਂ ਦਿਤੀ ਜਾਇਆ ਕਰੇ।

ਕਾਂਸ਼ੀ ਵਿਚ ਵਿਸ਼ਵਾਨਾਥ ਦਾ ਮੰਦਰ ਅਤੇ ਅਜੁਧਿਆ ਵਿਚ ਸ੍ਰੀ ਰਾਮ ਚੰਦਰ ਜੀ ਦਾ ਜਨਮ ਅਸਥਾਨ ਤੇ ਹੋਰ ਕਈ ਮੰਦਰ ਢਾਹੇ ਗਏ। ਮੂਰਤੀਆਂ ਦਰਿਆ ਵਿਚ ਸੁਟੀਆਂ ਗਈਆਂ । ੧੬੬੦ ਈ: ਵਿਚ ਔਰੰਗਜ਼ੇਬ ਨੇ ਅਬਦੁਲ ਨਬੀ ਨੂੰ ਮਥਰਾ ਦਾ ਫੌਜਦਾਰ ਨੀਯਤ ਕੀਤਾ, ਜਿਸ ਨੇ ਹਿੰਦੂਆਂ ਪਰ ਬੜੀ ਸਖਤੀ ਕੀਤੀ।

ਵੇਚਣ ਵਟਾਣ ਦੀਆਂ ਚੀਜ਼ਾਂ ਤੇ ਜੋ ਮਸੂਲ ਲਾਇਆ ਗਿਆ, ਉਹ ਹਿੰਦੂਆਂ ਲਈ ਪੰਜ ਫੀ ਸਦੀ ਅਤੇ ਮੁਸਲਮਾਨਾਂ ਲਈ ਢਾਈ ਫੀ ਸਦੀ ਸੀ । ਔਰੰਗਜ਼ੇਬ ਨੇ ੧੬੬੭ ਵਿਚ ਮੁਸਲਮਾਨਾਂ ਨੂੰ ਇਹ ਮਸੂਲ ਮਾਫ ਕਰ ਦਿਤਾ । ੧੬੬੮ ਈਸਵੀ ਵਿਚ ਮੇਲੇ ਬੰਦ ਕੀਤੇ ਗਏ । ਸ਼ਹਿਰਾਂ ਵਿਚ ਦੀਪਮਾਲਾ ਬੰਦ ਕੀਤੀ ਗਈ । ਜੇ ਕਿਸੇ ਕਰਨੀ ਹੋਵੇ ਤਾਂ ਸ਼ਹਿਰੋਂ ਬਾਹਰ ਕਰ ਸਕਦਾ ਸੀ ਤਖ਼ਤ ਬੈਠਣ ਦੀ ਯਾਦਗੀਰੀ ਵਰ੍ਹੇ ਗੰਢ ਸਮੇਂ ਔਰੰਗਜ਼ੇਬ ਨੇ ਦਰਬਾਰ ਵਿਚੋਂ

ਗਾਣਾ ਬੰਦ ਕਰ ਦਿਤਾ। ਦਿਲੀ ਵਿਚ ਹਜ਼ਾਰਾਂ ਰਾਗੀਆਂ ਨੇ ਇਕਠੇ ਹੋ ਕੇ ਇਸ ਦੇ ਵਿਰੁਧ ਰੋਸ ਪ੍ਰਗਟ ਕੀਤਾ ਅਤੇ ਰਾਗ ਦੀ ਅਰਥੀ ਕਢੀ, ਜਿਸਨੂੰ ਵੇਖਕੇ ਬਾਦਸ਼ਾਹ ਨੇ ਕਿਹਾ–'ਇਸ ਮੁਰਦੇ ਨੂੰ ਇਤਨਾ ਡੂੰਘਾ ਦਬਾਓ ਕਿ ਫਿਰ ਨਿਕਲ ਨਾ ਸਕੇ।

ਮਥਰਾ ਵਿਚ ਰਾਜਾ ਬੀਰ ਸਿੰਘ ਬੰਧੇਲੇ ਨੇ ਤੇਤ ਲਖ ਰੁਪਈਆ ਖਰਚ ਕੇ ਕੇਸ਼ਵ ਨਾਥ ਦਾ ਮੰਦਰ ਬਣਵਾਇਆ ਸੀ, ਉਸ ਨੂੰ ਗਿਰਾ ਕੇ ਮਸੀਤ ਬਣਵਾਈ ਗਈ। ਇਸ ਪਰ ਗੋਕਲ ਦੀ ਰਹਿਨੁਮਾਈ ਵਿਚ ਜਾਟਾਂ ਨੇ ਬਗਾਵਤ ਕੀਤੀ, ਉਨ੍ਹਾਂ ਨੇ ਫੌਜਦਾਰ ਨੂੰ ਕਤਲ ਕਰ ਦਿਤਾ। ਬਾਦਸ਼ਾਹ ਨੇ ਬੜੇ ਖੂਨ ਖਰਾਬੇ ਨਾਲ ਇਸ ਬਗਾਵਤ ਨੂੰ ਦਬਾਇਆ।

੧੬੭੦ ਈਸਵੀ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਹੁਕਮ ਦਿਤਾ ਗਿਆ ਕਿ ਉਹ ਇਸਲਾਮੀ ਢੰਗ ਨਾਲ ਸਲਾਮ ਕਰਨ। ੧੬੭੧ ਵਿਚ ਸਾਰੇ ਤੁਅਲਕੇਦਾਰਾਂ ਨੂੰ ਹਦਾਇਤ ਕੀਤੀ ਗਈ ਕਿ ਹਿੰਦੂ ਪਟਵਾਰੀ, ਕਾਨੂੰਗੋ ਅਤੇ ਦੀਵਾਨ ਨੌਕਰੀ ਤੋਂ ਹਟਾ ਦੇਣ ਉਨ੍ਹਾਂ ਵਿਚੋਂ ਜਿਨੇ ਮੁਸਲਮਾਨ ਬਣ ਜਾਣ ਉਨ੍ਹਾਂ ਦੀ ਇਜ਼ਤ ਕੀਤੀ ਜਾਵੇ। ੧੬੭੨ ਵਿਚ ਔਰੰਗਜ਼ੇਬ ਦੀ ਸਖਤੀ ਦੇ ਕਾਰਨ ਦਿਲੀਓਂ ਉਰੇ ਨਾਰਨੌਲ ਦੇ ਇਲਾਕੇ ਵਿਚ ਹਿੰਦੂਆਂ ਦੀ ਇਕ ਸੰਪ੍ਰਦਾ 'ਸਤਿਨਾਮੀ' ਸਾਧੂਆਂ ਨੇ ਬਗਾਵਤ ਕੀਤੀ। ਸ਼ਾਹੀ ਫੌਜ ਨੇ ਕੋਈ ਦੋ ਹਜ਼ਾਰ ਸਤਨਾਮੀ ਕਤਲ ਕਰਕੇ ਇਸ ਅੱਗ ਨੂੰ ਬੁਝਾਇਆ।

ਅਕਤੂਬਰ ੧੬੭੫ ਵਿਚ ਜੰਤਸੀਆਂ ਤੇ ਪਾਬੰਦੀ ਲਾਈ ਗਈ। ਰੇਸ਼ਮੀ ਬਸਤਰ ਪਹਿਨਣੇ ਤੇ ਘੋੜੇ ਦੀ ਸਵਾਰੀ ਜੰਗ ਵਿਚ ਸ਼ਾਮਿਲ ਹੋਣ ਵਾਲੇ ਸਰਦਾਰਾਂ ਤੇ ਸਿਪਾਹੀਆਂ ਲਈ ਨੀਯਤ ਕੀਤੀ ਗਈ। 'ਝਰੋਖਾ' ਦਰਸ਼ਨ ਬੰਦ ਕੀਤਾ ਗਿਆ। ਕਸ਼ਮੀਰ ਦੇ ਰਾਸਧਾਰੀਆਂ ਤੇ ਪਾਬੰਦੀ ਲਾਈ ਗਈ।

ਔਰੰਗਜ਼ੇਬ ਦੇ ਦਿਲ ਵਿਚ ਇਸਲਾਮੀ ਰਾਜ ਬਨਾਉਣ

ਦਾ ਖਿਆਲ ਸੀ, ਜਿਸ ਵਿਚ ਕਿਸੇ ਗੈਰ ਮੁਸਲਿਮ ਲਈ ਬਰਾਬਰੀ ਨਹੀਂ ਸੀ। ਹਰੇਕ ਗੈਰ ਮੁਸਲਿਮ ਲਈ ਖਿਰਾਜ ਜਜ਼ੀਆ ਤੇ ਵਗਾਰ ਦੇਣੇ ਜ਼ਰੂਰੀ ਸਨ।

ਖਲੀਫਿਆਂ ਦੇ ਸਮੇਂ ਪੰਜ ਕਿਸਮ ਦੇ ਟੈਕਸ ਸਨ—

(੧) ਕੁਲ ਆਮਦਨ ਦਸਵਾਂ ਹਿਸਾ।

(੨) ਖਿਰਾਜ, ਜ਼ਮੀਨ ਦੀ ਆਮਦਨੀ ਦਾ ਹਿਸਾ।

(੩) ਜ਼ਕਾਤ ਦਾ ਸਦਕਾ।

(੪) ਮਾਲੇ ਗਨੀਮਤ, ਜੰਗ ਵਿਚੋਂ ਲੁਟ ਦਾ ਮਾਲ।

(੫) ਜਜ਼ੀਆ, ਗੈਰ ਮੁਸਲਮਾਨਾਂ ਦੀ ਫੌਜੀ ਰਖਿਆ ਦਾ ਟੈਕਸ ਤੇ ਵਗਾਰ।

ਔਰੰਗਜੇਬ ਦੇ ਸਮੇਂ ਜਜ਼ੀਆ ਇਸ ਪ੍ਰਕਾਰ ਲਾਇਆ ਗਿਆ। ਪਹਿਲਾ ਦਰਜਾ ਸਾਢੇ ਤਿੰਨ ਰੁਪਏ। ਦੂਜਾ ਛੇ ਰੁਪਏ ਦਸ ਆਨੇ ਅਠ ਪਾਈ ਤੀਸਰਾ ਤੇਰਾਂ ਰੁਪਏ ਪੰਜ ਆਨੇ ਚਾਰ ਪਾਈ। ਸਾਲਾਨਾ ਟੈਕਸ ਹਰੇਕ ਆਦਮੀ ਨੂੰ ਦੇਣਾ ਪੈਂਦਾ ਸੀ।

ਇਹ ਇਸਲਾਮੀ ਟੈਕਸ ਸਭ ਤੋਂ ਪਹਿਲੇ ਮੁਹੰਮਦ ਬਿਨਕਾਸਮ ਨੇ ਸਿੰਧ ਦੇ ਹਿੰਦੂਆਂ ਨੇ ਲਾਇਆ ਸੀ, ਉਸ ਤੋਂ ਬਾਅਦ ਫੀਰੋਜ਼ ਸ਼ਾਹ ਤੁਗਲਕ ਨੇ ਲਾਇਆ ਪਰ ਅਕਬਰ ਨੇ ਆ ਕੇ ਹਟਾ ਦਿਤਾ ਸੀ। ਨਿਤ ਦੀ ਮੁਹਿੰਮਾਂ ਤੇ ਖਾਨਾ ਜੰਗੀ ਦੇ ਕਾਰਨ ਸ਼ਾਹੀ ਖਜ਼ਾਨਾ ਖਾਲੀ ਹੋ ਰਿਹਾ ਸੀ। ਉਸ ਦੀ ਪੂਰਤੀ ਲਈ ਹਿੰਦੂਆਂ ਤੇ ਜਜ਼ੀਆ ਲਾਇਆ ਗਿਆ। ੨ ਅਪਰੈਲ ੧੬੭੯ ਈ: ਨੂੰ ਜੁਮੇਵਾਲੇ ਦਿਨ ਹਿੰਦੂਆਂ ਨੇ ਸ਼ਾਹੀ ਮਸੀਤ ਦੇ ਸਾਹਮਣੇ ਦਿਲੀ ਵਿਚ ਇਕਠੇ ਹੋ ਕੇ ਰੋਸ ਕੀਤਾ। ਔਰੰਗਜੇਬ ਮਸੀਤ ਚੋਂ ਨਿਮਾਜ਼ ਪੜ੍ਹ ਕੇ ਹਾਥੀ ਪਰ ਸਵਾਰ ਹੋ ਕੇ ਨਿਕਲਿਆ। ਹਜ਼ਾਰਾਂ ਆਦਮੀਆਂ ਨੇ ਪੁਕਾਰ ਕੀਤੀ, ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ, ਸਗੋਂ ਹਾਥੀ ਦੇ ਪੈਰਾਂ ਥਲੇ ਪਰਜਾ ਨੂੰ ਕੁਚਲਦਾ ਹੋਇਆ ਲੰਘ ਗਿਆ।

ਹਿੰਦੂਆਂ ਪਰ ਸਖਤੀ ਦੇ ਵਿਰੁਧ ਰਾਣਾ ਰਾਜ ਸਿੰਘ ਉਦੇਪੁਰ

ਨੇ ਔਰੰਗਜ਼ੇਬ ਨੂੰ ਚਿਠੀ ਲਿਖੀ, ਜਿਸ ਵਿਚ ਲਿਖਿਆ ਸੀ ਕਿ ਗਰੀਬ ਪਰਜਾ ਤੇ ਕਿਉਂ ਸਖਤੀ ਕਰਦਾ ਹੈ ?

੧੬੭੮ ਈ: ਵਿਚ ਰਾਜਾ ਜਸਵੰਤ ਸਿੰਘ ਜੋਧ ਪੁਰ ਕਾਬਲ ਦੀ ਮੁਹਿੰਮ ਵਿਚ ਮਰ ਗਿਆ । ਔਰੰਗਜ਼ੇਬ ਨੇ ਉਸ ਦੇ ਨਾਬਾਲਗ ਪੁਤਰ ਨੂੰ ਮੁਸਲਮਾਨ ਬਨਾਉਣਾ ਚਾਹਿਆ । ਉਸ ਨੂੰ ਰਾਜ ਮਹਿਲ ਵਿਚ ਦਾਖਲ ਕਰਕੇ ਰਾਜਕੁਮਾਰ ਦਾ ਨਾਂ 'ਮੁਹੰਮਦੀ ਰਾਜ' ਰਖਿਆ ਇਸ ਪਰ ਰਾਜਪੂਤਾਂ ਨੇ ਸਖਤ ਬਗਾਵਤ ਕੀਤੀ, ਜੋ ਬੜੇ ਖੂਨ ਖਰਾਬੇ ਪਿਛੋਂ ਖਤਮ ਹੋਈ ।

ਖਾਫੀ ਖਾਂ ਦੇ ਹਵਾਲੇ ਨਾਲ ਜਾਦੂ ਨਾਥ ਸਰਕਾਰ ਲਿਖਦੇ ਹਨ ਕਿ ਔਰੰਗਜ਼ੇਬ ਨੇ ਸਿਖਾਂ ਦੇ ਧਰਮ ਮੰਦਰ ਭੀ ਗਿਰਾ ਦੇਣ ਦਾ ਹੁਕਮ ਦਿਤਾ । ਸ਼ਹਿਰਾਂ ਵਿਚ ਮਸੰਦ ਕਾਰ ਭੇਟ ਉਗਰਾਹੁੰਦੇ ਤੇ ਗੁਰੂ ਜੀ ਨੂੰ ਭੇਜਦੇ ਸਨ,ਉਨ੍ਹਾਂ ਨੂੰ ਕਢ ਦੇਣ ਦਾ ਹੁਕਮ ਦਿਤਾ ।

ਇਸ ਅਨੀਤੀ ਦੇ ਕਾਰਨ ਪੰਜਾਬ ਵਿਚ ਸਿਖਾਂ ਦਖਣ ਵਿਚ ਮਰਹਟਿਆਂ ਤੇ ਰਾਜਪੂਤਾਨੇ ਵਿਚ ਰਾਜਪੂਤਾਂ ਨੇ ਬਗਾਵਤ ਕੀਤੀ। ਔਰੰਗ-ਜ਼ੇਬ ਨੇ ਸਿਰਫ ਹਿੰਦੂਆਂ ਤੇ ਹੀ ਨਹੀਂ,ਸ਼ਈਆਂ ਤੇ ਸੂਫੀ ਮੁਸਲਮਾਨਾਂ ਤੇ ਭੀ ਸਖਤੀ ਕੀਤੀ। ਮੁਹੰਮਦ ਤਾਹਰ ਬੇਗ ਸ਼ਈਆ ਨੂੰ ਇਸ ਲਈ ਕਤਲ ਕੀਤਾ ਕਿ ਉਹ ਤਿੰਨਾਂ ਖਲੀਫ਼ਿਆਂ ਨੂੰ ਮੰਨਦਾ ਹੈ। ਦਖਣ ਵਿਚ ਗੋਲਕੰਡੇ ਅਤੇ ਬੀਜਾ ਪੁਰ ਦੇ ਸ਼ਈਆ ਮੁਸਲਮਾਨ ਹਾਕਮਾਂ ਨੇ ਔਰੰਗਜ਼ੇਬ ਨਾਲ ਲੜਾਈਆਂ ਕੀਤੀਆਂ ।

ਮਕੇ ਦੇ ਵਡੇ ਮਜੌਰਨੇ ਔਰੰਗਜ਼ੇਬ ਦੀ ਨੀਤੀ ਨਾਲ ਅਸੰਮਤੀ ਪ੍ਰਗਟ ਕੀਤੀ, ਫਾਰਸ ਦਾ ਬਾਦਸ਼ਾਹ ਸ਼ਾਹ ਅਬਾਸ ਇਸ ਦੇ ਵਿਰੁਧ ਹਮੇਸ਼ਾ ਘ੍ਰਿਣਾ ਪ੍ਰਗਟ ਕਰਦਾ ਰਿਹਾ ।

ਸਰਮਦ ਈਰਾਨ ਦਾ ਫਕੀਰ ਸੀ । ਸਿੰਧ ਦੇ ਰਸਤੇ ਹਿੰਦੁਸਤਾਨ ਆਇਆ ਸੀ । ਇਸ਼ਕ ਮਜਾਜ਼ੀ ਤੋਂ ਉਠ ਕੇ ਇਸ਼ਕ ਹਕੀਕੀ ਦੇ ਦਰਜੇ ਤਕ ਪਹੁੰਚਿਆ ਸੀ । ਦਾਰਾ ਉਸ ਦਾ ਬੜਾ

ਪਰੇਮੀ ਸੀ । ਔਰੰਗਜ਼ੇਬ ਦੇ ਹੁਕਮ ਨਾਲ ਸਰਮਦ ਗ੍ਰਿਫ਼ਤਾਰ ਕੀਤਾ ਗਿਆ । ਉਸ ਦੇ ਵਿਰੁਧ ਇਹ ਦੋਸ਼ ਲਾਇਆ ਗਿਆ ਕਿ ਉਹ ਨੰਗਾ ਰਹਿੰਦਾ ਹੈ, ਜੋ ਇਸਲਾਮ ਦੇ ਵਿਰੁਧ ਹੈ । ਸਰਮਦ ਨੇ ਇਸਦਾ ਉਤਰ ਦਿਤਾ–

ਆਂ ਕਸ ਕਿ ਤੁਰਾ ਤਾਜੇ ਜਹਾਂਬਾਨੀ ਦਾਦ ।
ਮਾਰਾ ਹਮਾ ਅਸਬਾਬ ਪਰੇਸ਼ਾਨੀ ਦਾਦ ।
ਪੋਸ਼ਾਨਦ ਲਿਬਾਸ ਹਰ ਕਿ ਰਾ ਐਬੇ ਦੀਦ ।
ਬੇ ਐਬਾਂ ਰਾ ਲਿਬਾਸ ਉਰਿਆਨੀ ਦਾਦ ।

ਐ ਬਾਦਸ਼ਾਹ ! ਜਿਸ ਨੇ ਤੈਨੂੰ ਜਹਾਨ ਦਾ ਤਖ਼ਤ ਦਿਤਾ ਹੈ, ਉਸ ਨੇ ਮੈਨੂੰ ਦਿਲ ਦੀ ਪਰੇਸ਼ਾਨੀ ਦਿਤੀ ਹੈ । ਗੁਨਾਹਗਾਰ ਨੂੰ ਐਬ ਛੁਪਾਣ ਲਈ ਲਿਬਾਸ ਪਹਿਨਾਇਆ ਗਿਆ ਹੈ । ਸਾਡੇ ਵਰਗੇ ਬੇਗੁਨਾਹਾਂ ਨੂੰ ਨੰਗੇ ਰਹਿਣਾ ਹੀ ਲਿਬਾਸ ਦਿਤਾ ਹੈ ।

ਕਾਜ਼ੀਆਂ ਨੇ ਸਰਮਦ ਦੇ ਵਿਰੁਧ ਦੂਜਾ ਦੋਸ ਇਹ ਲਾਇਆ ਕਿ ਉਸ ਨੇ ਦਾਰਾ ਦੇ ਤਖ਼ਤ ਹਾਸਲ ਕਰਨ ਲਈ ਭਵਿਖਤ ਬਾਣੀ ਕੀਤੀ ਸੀ । ਸਰਮਦ ਨੇ ਉਤਰ ਦਿਤਾ–

ਸਰਮਦ ਗਮਿ ਇਸ਼ਕ ਬੁਲਹਵਾਸ ਰਾ ਨ ਦਹਿੰਦ ।
ਸੋਜ਼ੇ ਦਿਲ ਪਰਵਾਨਾ ਮਗਸ ਰਾ ਨ ਦਹਿੰਦ ।
ਉਮਰੇ ਬਾਇਦ ਕਿ ਯਾਰ ਆਬਿਦ ਬਕਿਨਾਰ ।
ਈਂ ਦੌਲਤ ਸਰਮਦ ਹਮਾ ਕਸ ਰਾ ਨ ਦਹਿੰਦ ।

ਐ ਬਾਦਸ਼ਾਹ ! ਤ੍ਰਿਸ਼ਨਾਲੂ ਬੰਦਿਆਂ ਨੂੰ ਪ੍ਰੇਮ ਦਾ ਗਮ ਨਹੀਂ ਦਿਤਾ ਗਿਆ, ਜਿਸ ਤਰ੍ਹਾਂ ਮਖੀਆਂ ਨੂੰ ਪ੍ਰਵਾਨਿਆਂ ਦਾ ਜਲਣਾ ਪ੍ਰਾਪਤ ਨਹੀਂ ਹੋ ਸਕਦਾ । ਸਾਰੀ ਉਮਰ ਇਸ ਲਈ ਗਜ਼ਰੀ ਕਿ ਯਾਰ ਕੋਲ ਆਵੇ, ਇਹ ਦੌਲਤ ਹਰ ਕਿਸੇ ਨੂੰ ਨਹੀਂ ਦਿਤੀ ਗਈ ।

ਜਦ ਮੌਲਵੀਆਂ ਤੇ ਉਲਮਾਵਾਂ ਦੀ ਕੋਈ ਪੇਸ਼ ਨਾ ਗਈ, ਤਦ ਸਰਮਦ ਦੇ ਵਿਰੁਧ ਇਕ ਦੋਸ਼ ਇਹ ਲਾਇਆ ਗਿਆ ਕਿ ਉਹ ਕਲਮਾ ਪੂਰਾ ਨਹੀਂ ਪੜ੍ਹਦਾ । 'ਲਾ ਇਲਾ' ਕਹਿੰਦਾ ਹੈ, ਸੋ ਨਹੀ

(ਕੁਝ ਨਹੀਂ) ਪ੍ਰਗਟ ਕਰਦਾ ਹੈ । ਸਰਮਦ ਨੇ ਕਿਹਾ–'ਅਜੇ ਕੀਰ ਮੈਂ
ਇਸ ਦਰਜੇ ਤੇ ਹੀ ਪੁਜਾ ਹਾਂ। 'ਇੱਲਿਲਾ ਖੁਦਾਈ ਹੋਂਦ ਨੂੰ ਸਮਝਣ
ਤਕ ਮੈਂ ਨਹੀਂ ਪੁਜ ਸਕਿਆ ।' ਕਾਜ਼ੀਆਂ ਨੂੰ ਬਹਾਨਾ ਚਾਹੀਦਾ ਸੀ,
ਉਨ੍ਹਾਂ ਨੂੰ ਕੁਫਰ ਦਾ ਫਤਵਾ ਦਿਤਾ। ਸ਼ਾਹੀ ਮਸਜਦ ਦੇ ਸਾਹਮਣੇ ਜਦ
ਸਰਮਦ ਨੂੰ ਕਤਲ ਕਰਨ ਲਗੇ ਤਾਂ ਉਸ ਨੇ ਇਹ ਰੁਬਾਈ ਪੜ੍ਹੀ–

ਸ਼ੋਰੇ ਸ਼ੁਦੋ ਅਜ਼ ਖ਼ਾਬੇ ਅਦਮ ਚਸ਼ਮ ਕਸ਼ੂਦੇਮ।
ਦੀਦੇਮ ਕਿ ਬਾਕੀਸਤ ਸ਼ਬੇ ਫ਼ਿਤਨਾ ਗ਼ਨੂਦੇਮ।

ਭਾਵ–ਅਣਹੋਂਦ ਦੇ ਸੁਪਨੇ ਚੋਂ ਰੌਲਾ ਗੌਲਾ ਸੁਣਕੇ ਜਾਗੇ ਸਾਂ
ਅਖਾਂ ਖੋਹਲੀਆਂ ਸਨ। ਵੇਖਿਆ ਕਿ ਜੀਵਨ ਦੀ ਰਾਤ ਬਾਕੀ ਹੈ। ਇਸ
ਲਈ ਕਈ ਝਗੜੇ ਹਨ। ਇਸ ਲਈ ਫਿਰ ਸੌਂ ਜਾਂਦੇ ਹਾਂ। ਜਲਾਦ ਨੇ
ਤਲਵਾਰ ਮਾਰੀ, ਸਰਮਦ ਨੂੰ ਸ਼ਹੀਦ ਕਰ ਦਿਤਾ ਗਿਆ ਇਸ ਸੂਫੀ ਦਾ
ਮਜ਼ਾਰ ਦਿੱਲੀ ਵਿਚ ਸ਼ਾਹੀ ਮਸਜਦ ਦੇ ਪਾਸ ਹੈ।

ਕਈ ਆਦਮੀ ਇਹ ਕਹਿੰਦੇ ਹਨ ਕਿ ਪੱਛਮੀ ਲੇਖਕਾਂ ਨੇ
ਜਾਣ ਬੁਝਕੇ ਮੁਗਲ ਬਾਦਸ਼ਾਹਾਂ ਨੂੰ ਬਦਨਾਮ ਕੀਤਾ ਹੈ । ਇਸ ਦਾ
ਉਦੇਸ਼ ਇਥੇ ਪਛਮੀ ਕੌਮਾਂ ਦਾ ਪ੍ਰਭਾਵ ਪਾਉਣਾ ਅਤੇ ਆਪਣੇ ਰਾਜ
ਲਈ ਮੈਦਾਨ ਤਿਆਰ ਕਰਨਾ ਸੀ । ਇਸ ਵਿਚ ਕੋਈ ਸੰਦੇਹ ਨਹੀਂ
ਕਿ ਮੁਗਲ ਰਾਜ ਸਮੇਂ ਅੰਗਰੇਜ਼, ਫਰੈਂਚ ਪੁਰਤਗੇਜ, ਡਚ ਅਤੇ ਡੈਨਿਸ਼
ਇਥੇ ਆਏ ਹੋਏ ਸਨ। ਇਨ੍ਹਾਂ ਕੌਮਾਂ ਦੀ ਨਜ਼ਰ ਹਿੰਦੁਸਤਾਨ ਉਤੇ ਸੀ,
ਪਰ ਮੁਗਲਾਂ ਜਾਂ ਔਰੰਗਜ਼ੇਬ ਬਾਰੇ ਜੋ ਹਾਲਤ ਬਿਦੇਸ਼ੀ ਇਤਿਹਾਸ,
ਕਾਰਾਂ ਨੇ ਲਿਖੇ ਹਨ, ਉਨ੍ਹਾਂ ਦੀ ਪੁਸ਼ਟੀ ਉਸ ਸਮੇਂ ਦੇ ਮੁਸਲਮਾਨ
ਲੇਖਕ ਵੀ ਕਰਦੇ ਹਨ । ਇਸ ਲਈ ਉਹ ਗਲਤ ਨਹੀਂ। ਮੁਗਲ
ਰਾਜ ਕਿਉਂ ਗਿਆ ? ਖਾਨਾਜੰਗੀ, ਅਯਾਸ਼ੀ, ਅੰਦਰੂਨੀ ਬੇਚੈਨੀ-
ਬਾਹਰਦੇ ਹਮਲਿਆਂ ਅਤੇ ਨਵੀਆਂ ਤਾਕਤਾਂ ਦਾ ਕਾਰਨ। ਬਾਬਰ ਨੇ
ਜਿਸ ਰਾਜ ਦਾ ਆਰੰਭ ਕੀਤਾ ਸੀ, ਔਰੰਗਜ਼ੇਬ ਨੇ ਉਸ ਦੇ ਖਾਤਮੇ
ਦੀ ਨੀਂਹ ਰਖੀ।

* *
*

ਤੇਤੀਵਾਂ ਵਿਆਖਿਆਨ

ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਨੌਵੇਂ ਪਾਤਸ਼ਾਹ ਦਿੱਲੀ ਨੂੰ

ਔਰੰਗਜ਼ੇਬ ਦੀ ਸਖਤੀ ਦੇ ਕਾਰਨ ਦੇਸ਼ ਵਿਚ ਗੜਬੜ ਮਚੀ ਹੋਈ ਸੀ । ਪੰਜਾਬ ਅਤੇ ਕਸ਼ਮੀਰ ਵਿਚ ਕਰਕੇ ਬੇਚੈਨੀ ਸੀ । ਸ਼ਾਹੀ ਨੀਤੀ ਅਨੁਸਾਰ ਸ਼ੇਰ ਅਫਗਾਨ ਸੂਬਾ ਕਸ਼ਮੀਰ ਨੇ ਕਸ਼ਮੀਰੀ ਹਿੰਦੂਆਂ ਨੂੰ ਡਰ ਤੇ ਲਾਲਚ ਦੇਕੇ ਜਿਵੇਂ ਹੋ ਸਕਿਆ ਮੁਸਲਮਾਨ ਬਨਾਉਣਾ ਸ਼ੁਰੂ ਕਰ ਦਿਤਾ । ਕਸ਼ਮੀਰ ਨੂੰ ਭਾਰਤ ਦਾ ਸਵਰਗ* ਕਿਹਾ ਜਾਂਦਾ ਹੈ । ਸ਼ਾਇਦ ਇਸੇ ਲਈ ਇਸ ਇਲਾਕੇ ਵਿਚ ਤਬਲੀਗ ਸ਼ੁਰੂ ਕੀਤੀ ਗਈ । ਦੂਸਰੇ ਕਸ਼ਮੀਰ ਦੇ ਨਾਲ ਲਗਦੇ ਇਲਾਕੇ ਸਰਹੱਦ ਅਤੇ ਕਾਬਲ ਨਿਰੋਲ ਮੁਸਲਮਾਨੀ ਸਨ, ਜਿਨ੍ਹਾਂ ਦਾ ਅਸਰ ਪੈਂਦਾ ਸੀ । ਤੀਸਰੇ ਕਸ਼ਮੀਰੀ ਪੰਡਤਾਂ ਦੇ ਮੁਸਲਮਾਨ ਬਨਣ ਨਾਲ ਦਿਮਾਗੀ ਤੌਰ ਤੇ ਚੰਗੇ ਉਨਤ ਆਦਮੀ ਇਸਲਾਮ ਵਿਚ ਆਉਂਦੇ ਸਨ । ਜਿਸ ਦਾ ਅਸਰ ਪੰਜਾਬ ਤੇ

---

*ਕਸ਼ਮੀਰ ਸਬੰਧੀ ਫਾਰਸੀ ਵਿਚ ਕਥਨ ਹੈ–

ਅਗਰ ਫ਼ਰਦੌਸ ਬਰ ਰੂਏ ਜ਼ਮੀਂ ਅਸਤ ।
ਹਮੀਂ ਅਸਤ ਹਮੀਂ ਅਸਤ ਹਮੀਂ ਅਸਤ ।

ਹਿੰਦੁਸਤਾਨ ਦੇ ਸਾਰੇ ਹਿੰਦੂਆਂ ਤੇ ਪੈਂਦਾ ਸੀ।*

ਸੂਬੇ ਦੀ ਸਖਤੀ ਨੂੰ ਦੇਖ ਕੇ ਮੁਖੀ ਪੰਡਤਾਂ ਨੇ ਉਸ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸੂਬੇ ਨੂੰ ਕਿਹਾ ਕਿ ਸਾਨੂੰ ਧਰਮ ਬਦਲਣ ਬਾਰੇ ਛੇ ਮਹੀਨੇ ਦੀ ਮੋਹਲਤ ਦਿਤੀ ਜਾਵੇ । ਇਹ ਗਲ ਸੂਬੇ ਨੇ ਪ੍ਰਵਾਨ ਕਰ ਲਈ। ਮੁਖੀ ਪੰਡਤ ਅਮਰ ਨਾਥ ਦੇ ਮੰਦਰ ਵਿਚ ਇਕਤ੍ਰ ਹੋਏ। ਬੜੀ ਸੋਚ ਵਿਚਾਰ ਦੇ ਬਾਅਦ ਫੈਸਲਾ ਕੀਤਾ ਗਿਆ ਕਿ ਧਰਮ ਦੀ ਰਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲਈ ਜਾਵੇ। ਇਹ ਫੈਸਲਾ ਕਰ ਕੇ ਪੰਡਤ ਸ੍ਰੀ ਅਨੰਦਪੁਰ ਆਏ। ਗੁਰੂ ਦਰਬਾਰ ਵਿਚ ਆ ਕੇ ਉਨ੍ਹਾਂ ਨੇ ਬੇਨਤੀ ਕੀਤੀ–

ਰਾਵਰ ਬਿਨਾ ਆਨ ਨਹਿ ਕੋਈ।
ਸਮਰਥ ਬਲੀ ਜੋ ਰਖਯਕ ਹੋਈ।
ਏਕ ਆਸਰਾ ਆਪ ਗੁਸਾਈਂ।
ਗਹਹੁ ਬਾਹੁ ਬੂਡਤ ਸਬ ਜਾਈ।

(ਸੂ: ਪ੍ਰ: ੧੨-੨੮)

ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਮਹਾਰਾਜ ਕੁਝ ਸੋਚ ਹ

---

*ਪ੍ਰਸਿਧ ਇਸਲਾਮੀ ਸ਼ਾਇਰ ਡਾਕਟਰ ਇਕਬਾਲ ਕਸ਼ਮੀਰੀ ਪੰਡਤਾਂ 'ਚੋਂ ਸਨ। ਆਪ ਆਪਣੇ ਅਸਲੇ ਨੂੰ ਯਾਦ ਕਰਕੇ ਕਹਿੰਦੇ ਹਨ–

ਮਰਾ ਬਿਨਗਰ ਕਿ ਦਰ ਹਿੰਦੋਸਤਾਂ ਦੀਗਰ ਨਮੇ ਬਿਨੀ।
ਬ੍ਰਾਹਮਨ ਜ਼ਾਦਾ ਰਮਜ਼ ਆਸ਼ਨਾਏ ਸ਼ਮਸ਼ੇ ਤਬਰੇਜ ਅਸਤ।

ਭਾਵ-ਮੇਰਾ ਜਿਹਾ ਤੁਹਾਨੂੰ ਹਿੰਦੁਸਤਾਨ ਵਿਚ ਹੋਰ ਕੋਈ ਨਹੀਂ ਦਿਸੇਗਾ, ਜੋ ਬ੍ਰਾਹਮਣ ਦਾ ਪੁਤਰ ਹੋ ਕੇ ਸ਼ਮਸ ਤਬਰੇਜ਼ ਦੀ ਰਮਜ (ਇਸਲਾਮ) ਤੋਂ ਜਾਣੂ ਹੋਵੇ।

ਰਹੇ ਸਨ ਕਿ ਚੋਲੋਂ ਛੋਟੀ ਉਮਰ ਪਰ ਵਡੇ ਜੇਰੇ ਵਾਲੇ ਦਸਮ ਪਾਤਸ਼ਾਹ ਬੋਲੇ—'ਪਿਤਾ ਜੀ ਕੀ ਸੋਚਦੇ ਹੋ ?'

ਗੁਰੂ ਜੀ—'ਬੇਟਾ ! ਧਰਮ ਪਰ ਸੰਕਟ ਆ ਗਿਆ ਹੈ। ਬਾਦਸ਼ਾਹ ਜਬਰ ਤੇ ਅਨਿਆਂ ਕਰਨ ਲਗ ਪਿਆ ਹੈ। ਇਹ ਕਸ਼ਮੀਰੀ ਪੰਡਤ ਹਿੰਦੂ ਧਰਮ ਦੀ ਰਖਿਆ ਲਈ ਪੁਕਾਰ ਕਰਦੇ ਹਨ। ਇਹ ਸੋਚ ਰਹੇ ਹਾਂ ਕਿ ਕੀਤਾ ਕੀ ਜਾਵੇ।'

ਦਸਮ ਪਾਤਸ਼ਾਹ—'ਇਹ ਸੰਕਟ ਤਾਂ ਟਲ ਸਕਦਾ ਹੈ ਜੇ ਕੋਈ ਮਹਾਨ ਵਯਕਤੀ ਆਪਣੇ ਆਪ ਨੂੰ ਧਰਮ ਪਰ ਬਲੀਦਾਨ ਕਰੇ । ਆਪ ਤੋਂ ਵਧ ਕੇ ਹੋਰੀ ਕੋਈ ਸ਼ਖਸੀਅਤ ਨਹੀਂ, ਜੋ ਇਸ ਕਾਰਜ ਨੂੰ ਕਰ ਸਕੇ ।'

ਇਹ ਸੁਣ ਕੇ ਸਾਰੀ ਸੰਗਤ ਵਿਚ ਉਤਸ਼ਾਹ ਤੇ ਬੀਰ ਰਸ ਛਾ ਗਿਆ । ਨੌਵੇਂ ਪਾਤਸ਼ਾਹ ਨੇ ਪੰਡਤਾ ਨੂੰ ਕਿਹਾ—'ਜਾਓ, ਦਿਲੀ ਜਾ ਕੇ ਕਹੋ ਕਿ ਸਾਡੇ ਧਾਰਮਿਕ ਆਗੂ ਗੁਰੂ ਤੇਗ ਬਹਾਦਰ ਜੀ ਹਨ । ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ ।'

ਪੰਡਤ ਦਿਲੀ ਪੁਜੇ। ਉਨ੍ਹਾਂ ਨੇ ਇਹ ਗਲ ਸ਼ਾਹੀ ਦਰਬਾਰ ਵਿਚ ਜਾ ਆਖੀ।

ਔਰੰਗਜ਼ੇਬ ਗੁਰ-ਗੱਦੀ ਨੂੰ ਇਕ ਤਾਕਤ ਸਮਝਦਾ ਸੀ । ਉਸ ਦਾ ਨਿਸਚਾ ਸੀ ਕਿ ਇਹ ਮੇਰੇ ਜ਼ੁਲਮ ਨਾਲ ਟੱਕਰ ਲੈਣ ਵਾਲੀ ਹੈ, ਮੀਰੀ ਪੀਰੀ ਦੇ ਮਾਲਕ ਦੇ ਜੰਗ ਉਸਨੂੰ ਯਾਦ ਸਨ। ਸਤਵੇਂ ਪਾਤਸ਼ਾਹ ਦੇ ਸਮੇਂ ਉਸ ਯਤਨ ਕੀਤਾ ਕਿ ਗੁਰ-ਗੱਦੀ ਜ਼ੇਰ ਹੋਵੇ, ਪਰ ਉਸਨੂੰ ਕੋਈ ਸਫਲਤਾ ਨਾ ਹੋਈ । ਖਿਝਕੇ ਔਰੰਗਜ਼ੇਬ ਨੇ ਨੌਵੇਂ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕੀਤਾ।

ਨੌਵੇਂ ਪਾਤਸ਼ਾਹ ਅਨੰਦ ਪੁਰ ਦਾ ਪ੍ਰਬੰਧ ਮੁਖੀ ਸਿਖਾਂ ਦੇ ਸਪੁਰਦ ਕਰ ਕੇ ਦਿੱਲੀ ਨੂੰ ਚਲ ਪਏ। ਕੀਰਤਪੁਰ ਤੇ ਰੋਪੜ ਤੋਂ ਹੁੰਦੇ ਮਾਲਵੇ ਵਲ ਆਏ । ਸੈਫਾਬਾਦ (ਪੇਪਸੂ) ਵਿਚ

ਇਕ ਪਰੇਮੀ ਪਠਾਣ ਸੈਫਦੀਨ ਨੇ ਮਹਾਰਾਜ ਨੂੰ ਆਪਣੇ ਪਾਸ ਟਿਕਾਇਆ। ਉਸ ਦੇ ਪਰੇਮ ਕਰਕੇ ਗੁਰਦੇਵ ਨੇ ਚੁਮਾਸਾ ਸੈਫਾਬਾਜ ਵਿਚ ਹੀ ਕਟਿਆ। ਇਥੋਂ ਚਲ ਕੇ ਸਮਾਣੇ ਅਤੇ ਗੜ੍ਹੀ ਨਜ਼ੀਰ ਜ਼ਿਲਾ ਕਰਨਾਲ ਵਿਚ ਪੁਜੇ। ਇਥੋਂ ਦੇ ਪਠਾਣ ਸ੍ਰਦਾਰ ਨੇ ਹਜ਼ੂਰ ਦਾ ਸੁਆਗਤ ਕੀਤਾ ਤੇ ਆਪ ਨੂੰ ਗੜ੍ਹੀ ਵਿਚ ਨਿਵਾਸ ਕਰਾਇਆ। ਇਥੇ ਮਹਾਰਾਜ ਦੀ ਭਾਲ ਵਿਚ ਸ਼ਾਹੀ ਘੋੜ ਸੁਆਰ ਭੀ ਆਏ। ਉਨ੍ਹਾਂ ਨੇ ਪਠਾਣ ਸਰਦਾਰ ਪਾਸੋਂ ਮਹਾਰਾਜ ਦਾ ਪਤਾ ਪੁਛਿਆ, ਤਾਂ ਉਸ ਨੇ ਸਰਕਾਰੀ ਆਦਮੀਆਂ ਨੂੰ ਬਹੁਤ ਝਾੜ ਕੇ ਟਲਿਆ। ਜਦ ਉਹ ਚਲੇ ਗਏ ਤਾਂ ਸਰਦਾਰ ਨੇ ਗੁਰੂ ਜੀ ਪਾਸ ਬੇਨਤੀ ਕੀਤੀ–'ਮਹਾਰਾਜ! ਹੁਣ ਕੀ ਬਣੇਗਾ? ਜਾਪਦਾ ਇਹ ਹੈ ਕਿ ਬਾਦਸ਼ਾਹ ਆਪ ਤੇ ਸਖਤੀ ਚਾਹੁੰਦਾ ਹੈ?'

ਗੁਰੂ ਜੀ–'ਵੇਖੋ ਸਰਦਾਰ! ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇਗਾ, ਉਹੀ ਹੋਣਾ ਹੈ। ਡਰਨ ਦੀ ਕੀ ਲੋੜ ਹੈ?'

ਗੁਰੂ ਜੀ ਗੜ੍ਹੀ ਨਜੀਰ ਵਿਚ ਪਠਾਣ ਸਰਦਾਰ ਨੂੰ ਉਪਦੇਸ਼ ਕਰਕੇ ਅਗੇ ਚਲ ਪਏ। ਕਰਹਾਲੀ, ਚਿਹਕਾ, ਖਰਕ ਖਟਕੜ ਆਦਿ ਨਗਰਾਂ ਵਿਚ ਧਰਮ ਦਾ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਚਿਹਕੇ ਦਾ ਇਲਾਕਾ ਹਾਂਸੀ ਦੇ ਮਸੰਦ ਗਲੇਰੇ ਨੂੰ ਤੀਰਾਂ ਦਾ ਭਥਾ ਬਖਸ਼ਿਆ। ਜੀਂਦ ਤੋਂ ਹੁੰਦੇ ਬਾਂਗਰ ਦੇਸ਼ ਨੂੰ ਤਾਰਦੇ ਹੋਏ ਆਪ ਨੇ ਆਗਰੇ ਵਲ ਰੁਖ ਕੀਤਾ। ਇਸ ਸਮੇਂ ਆਪ ਨੇ ਹੋਰ ਸਾਰੇ ਸਿਖਾਂ ਨੂੰ ਵਾਪਸ ਮੋੜ ਦਿਤਾ। ਕੇਵਲ ਇਹ ਪੰਜ ਸਿਖ ਨਾਲ ਰਖੇ– ਭਾਈ ਗੁਰਦਿਤਾ, ਦੀਵਾਨ ਮਤੀਦਾਸ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਚੀਮਾ।

ਆਗਰੇ ਵਿਚ ਗੁਰੂ ਜੀ ਮਾਈ ਥਾਨ ਠਹਿਰੇ। ਇਹ ਇਕ ਪਰੇਮਣ ਮਾਈ ਦਾ ਨਿਵਾਸ ਅਸਥਾਨ ਸੀ। ਗੁਰੂ ਜੀ ਦੇ ਦਰਸ਼ਨ ਕਰ ਕੇ ਮਾਈ ਨਿਹਾਲ ਹੋਈ। ਹਜ਼ੂਰੀ ਵਿਚ ਉਸ ਦਾ ਚਲਾਣਾ

ਹੋ ਗਿਆ ।*

ਗੁਰੂ ਜੀ ਇਕ ਦਿਨ ਸ਼ਹਿਰੋਂ ਬਾਹਰ ਪੰਜ ਕੁ ਮੀਲ ਦੀ ਵਿਥ ਤੇ ਇਕ ਬਾਗ† ਵਿਚ ਬਿਰਾਜੇ ਹੋਏ ਸਨ ਕਿ ਇਕ ਆਜੜੀ ਹਜ਼ੂਰ ਨੂੰ ਮਿਲ ਪਿਆ । ਆਪ ਨੇ ਉਸ ਨੂੰ ਇਕ ਕੀਮਤੀ ਦੁਸ਼ਾਲਾ ਤੇ ਸੋਨੇ ਦੀ ਇਕ ਅੰਗੂਠੀ ਦੇ ਕੇ ਕਿਹਾ—'ਜਾਹ ਬਾਜ਼ਾਰੋਂ ਜਾ ਕੇ ਇਨ੍ਹਾਂ ਦੀ ਮਠਿਆਈ ਲੈ ਆ ।' ਆਜੜੀ ਇਕ ਹਲਵਾਈ ਪਾਸ ਗਿਆ । ਉਸ ਨੇ ਦੋਵੇਂ ਚੀਜ਼ਾਂ ਦੇ ਕੇ ਮਠਿਆਈ ਮੰਗੀ । ਕੀਮਤੀ ਵਸਤਾਂ ਦੇਖ ਕੇ ਹਲਵਾਈ ਹੈਰਾਨ ਹੋ ਗਿਆ । ਸਾਰੇ ਬਾਜ਼ਾਰ ਵਿਚ ਇਸ ਗੱਲ ਦੀ ਚਰਚਾ ਹੋ ਗਈ । ਇਹ ਖਬਰ ਹਸਨ ਅਲੀ ਕੋਤਵਾਲ ਨੂੰ ਭੀ ਹੋਈ । ਪੁਲਿਸ ਨੇ ਆਜੜੀ ਨੂੰ ਪਕੜ ਲਿਆ । ਉਸ ਤੋਂ ਗੁਰੂ ਜੀ ਦਾ ਪਤਾ ਕਢਿਆ ਗਿਆ । ਕੋਤਵਾਲ ਨੇ ਕਿਲ੍ਹੇ ਦੇ ਫੌਜਦਾਰ ਨੂੰ ਖਬਰ ਕੀਤੀ । ੧੦੦ ਘੋੜ ਸਵਾਰਾਂ ਨੇ ਉਸ ਬਾਗ ਨੂੰ ਜਾ ਘੇਰਾ ਪਾਇਆ, ਜਿਥੇ ਗੁਰੂ ਜੀ ਬਿਰਾਜਮਾਨ ਸਨ । ਗੁਰੂ ਜੀ ਨੂੰ ਸਿਖਾਂ ਸਮੇਤ ਗ੍ਰਿਫਤਾਰ ਕਰਕੇ ਕਿਲ੍ਹੇ ਵਿਚ ਪਹੁੰਚਾਇਆ ਗਿਆ ਤੇ ਦਿਲੀ ਨੂੰ ਖਬਰ ਭੇਜੀ ਗਈ ।

ਸ਼ਾਹੀ ਹੁਕਮ ਅਨੁਸਾਰ ੧੨੦੦ ਸਵਾਰਾਂ ਦੇ ਸਖਤ ਪਹਿਰੇ ਵਿਚ ਗੁਰੂ ਜੀ ਸਿਖਾਂ ਸਮੇਤ ਆਗਰੇ ਤੋਂ ਦਿਲੀ ਲਿਆਂਦੇ ਗਏ ।

ਹਕੂਮਤ ਨੂੰ ਡਰ ਸੀ ਕਿ ਰਸਤੇ ਵਿਚ ਮਥਰਾ ਦੇ ਜਾਟ ਹੱਲਾ ਗੁਲਾ ਨਾ ਕਰਨ । ਦਿਲੀ ਵਿਚ ਮਹਾਰਾਜ ਨੂੰ ਇਕ ਉਜੜੀ ਹੋਈ

---

*ਭਾਈ ਰਾਮ ਕਿਸ਼ਨ ਸਿੰਘ ਜੀ 'ਸਿਖ ਇਸਤ੍ਰੀਆਂ ਦੇ ਪ੍ਰਸੰਗ' ਨਾਮੀ ਪੁਸਤਕ ਵਿਚ ਇਸ ਮਾਈ ਦਾ ਨਾਮ 'ਸਾਹਿਬ ਦੌਲਤ' ਲਿਖਦੇ ਹਨ । ਆਗਰੇ ਵਿਚ ਭਾਗਵੰਤੀ ਪ੍ਰਸਿਧ ਹੈ ।

†ਗੁਰੂ ਜੀ ਦਾ ਇਹ ਅਸਥਾਨ ਹੁਣ ਤੀਕ ਮੌਜੂਦ ਹੈ । ਬਾਗ ਤੇ ਤਾਲ ਹੁਣ ਤੀਕ ਮੌਜੂਦ ਹਨ ।

ਹਵੇਲੀ ਵਿਚ ਨਜ਼ਰਬੰਦ ਕੀਤਾ ਗਿਆ।

ਸਾਡੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਿਸ ਵਕਤ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ, ਉਸ ਵਕਤ ਔਰੰਗਜ਼ੇਬ ਦਿੱਲੀ ਵਿਚ ਮੌਜੂਦ ਸੀ। ਉਸ ਨਾਲ ਗੁਰੂ ਜੀ ਦੀ ਗਲਬਾਤ ਹੋਈ। ਖਾਫ਼ੀਖਾਂ, ਲਤੀਫ਼ ਤੇ ਅਲਫਿਨਸਟਨ ਦੀ ਰਾਇ ਹੈ- ਇਹ 'ਮਾਸਰੇਆਲਮਗੀਰੀ' ਦੇ ਲੇਖਕ ਮੁਹੰਮਦ ਸਾਕੀ ਤੇ ਕਾਜ਼ਮ ਖਾਦੀਆਂ ਲਿਖਤਾਂ ਤੋਂ ਸਹੀ ਸਿਧ ਨਹੀਂ ਹੁੰਦੀ। ਇਹ ਠੀਕ ਹੈ ਕਿ ਔਰੰਗਜ਼ੇਬ ਨੇ ਮਹਾਰਾਜ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕੀਤਾ। ਉਸ ਨੇ ਸ਼ਹੀਦ ਕਰਨ ਲਈ ਦੂਸਰਾ ਹੁਕਮ ਭੀ ਦਿਤਾ; ਪਰ ਆਪ ਉਹ ੭ ਅਪਰੈਲ ੧੬੭੪ ਈ: ਨੂੰ ਪਠਾਣਾਂ ਨੂੰ ਸਰ ਕਰਨ ਲਈ ਦਿਲੀਓਂ ਚਲ ਕੇ ੨੬ ਜੂਨ ਨੂੰ ਨਸਨ ਅਖਦਾਲ ਪੁਜਾ। ਉਥੇ ਉਸ ਨੇ ਕਾਫੀ ਚਿਰ ਕਿਆਮ ਕੀਤਾ। ੨੩ ਦਸੰਬਰ ੧੬੭੫ ਈ: (ਮਘਰ ੧੭੩੨ ਬਿ:) ਨੂੰ ਉਥੋਂ ਵਾਪਸ ਮੁੜਿਆ। ੨੧ ਜਨਵਰੀ ੧੬੭੬ ਨੂੰ ਲਾਹੌਰ ਪੁਜਾ।

ਬਾਦਸ਼ਾਹ ਦੀ ਨੀਤੀ ਅਨੁਸਾਰ ਦਿਲੀ ਦੇ ਹੁਕਮਾਂ ਨੇ ਗੁਰੂ ਜੀ ਨਾਲ ਸਖਤੀ ਦਾ ਵਰਤਾਉ ਕੀਤਾ। ਕੈਦ ਦੀ ਹਾਲਤ ਵਿਚ ਕਾਜ਼ੀਆਂ ਤੇ ਮੁਫਤੀਆਂ ਨੇ ਮਹਾਰਾਜ ਨੂੰ ਜਾ ਕੇ ਕਿਹਾ–

'ਬਾਦਸ਼ਾਹ ਦੀ ਖਾਹਿਸ਼ ਹੈ ਕਿ ਆਪ ਦੀਨ ਇਸਲਾਮ ਕਬੂਲ ਕਰ ਲਵੋ। ਇਸਦੇ ਬਦਲੇ ਆਪਨੂੰ ਸੰਸਾਰਕ,ਸੁਖ, ਮਾਨ ਵਡਿਆਈ ਤੇ ਹਕੂਮਤ ਦੇ ਮੁਰਾਤਬੇ ਪ੍ਰਾਪਤ ਹੋਣਗੇ।'

ਗੁਰੂ ਜੀ–'ਸਾਡੇ ਪਾਸ ਵਾਹਿਗੁਰੂ ਦਾ ਬਖਸ਼ਿਆ ਬਹੁਤ ਕੁਝ ਹੈ। ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਬਾਕੀ ਰਹੀ ਮਜ਼੍ਹਬ ਬਦਲਣ ਦੀ ਗੱਲ, ਇਹ ਸਾਨੂੰ ਪ੍ਰਵਾਨ ਨਹੀਂ। ਸਾਡਾ ਆਪਣਾ ਧਰਮ ਸਾਡੇ ਲਈ ਮੁਕਤੀ ਦਾਤਾ ਹੈ। ਕਿਸੇ ਨੂੰ ਜਬਰ ਨਾਲ ਉਸਦੇ ਧਰਮ ਤੋਂ ਪਤਿਤ ਕਰਨਾ ਬੇਇਨਸਾਫੀ ਹੈ।'

ਕਾਜ਼ੀ ਤੇ ਹਾਕਮ–ਬਾਦਸ਼ਾਹ ਚਾਹੁੰਦਾ ਹੈ ਕਿ ਹਿੰਦੁਸਤਾਨ

ਵਿਚ ਇਕੋ ਮਜ਼ਹਬ ਹੋ ਜਾਵੇ,?

ਗੁਰੂ ਜੀ—ਇਹ ਰੱਬ ਨੂੰ ਮਨਜ਼ੂਰ ਨਹੀਂ। ਜਿਸ ਤਰ੍ਹਾਂ ਸਾਰੀਆਂ ਨਦੀਆਂ ਇਕੋ ਰਸਤੇ ਸਮੁੰਦਰ ਵਿਚ ਨਹੀਂ ਮਿਲਦੀਆਂ, ਇਸੇ ਤਰ੍ਹਾਂ ਵਖੋ ਵੱਖ ਮਜ਼ਬ ਹਨ। ਇਹ ਰੱਬ ਨੂੰ ਮਿਲਣ ਦੇ ਰਸਤੇ ਹਨ। ਸਾਰੇ ਮਨੁਖਾਂ ਲਈ ਇਕ ਮਜ਼ਬ ਕਰਨਾ ਅਤੇ ਉਹ ਭੀ ਜਬਰ ਨਾਲ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿਹਾ ਜਾ ਸਕਦਾ।'

ਇਹ ਸੁਣਕੇ ਕਾਜ਼ੀ ਤੇ ਹਾਕਮ ਨਿਰੁਤਰ ਹੋ ਗਏ। ਉਨ੍ਹਾਂ ਨੇ ਖਿਝ ਕੇ ਗੁਰੂ ਜੀ ਤੇ ਹੋਰ ਸਖਤੀ ਕੀਤੀ। ਬੰਦੀਖਾਨੇ ਵਿਚ ਕੁਠਾ ਮਾਸ ਖਾਣ ਲਈ ਘਲਿਆ, ਪਰ ਹਜ਼ੂਰ ਨੇ ਉਹ ਨਹੀਂ ਖਾਧਾ।

ਕਈ ਇਤਿਹਾਸਕਾਰਾਂ ਨੇ ਨੌਵੇਂ ਪਾਤਸ਼ਾਹ ਸਬੰਧੀ ਕੁਝ ਭੁਲੇਖੇ ਪਾਏ ਹਨ, ਇਥੇ ਉਨ੍ਹਾਂ ਦਾ ਦੂਰ ਕਰਨਾ ਜ਼ਰੂਰੀ ਜਾਪਦਾ ਹੈ।

ਗੁਲਾਮ ਹੁਸੈਨ ਕ੍ਰਿਤ ਸੀਰਤੂਲ ਮੁਤਾਖਰੀਨ, ਜੋ ਵਾਰਨ ਹੇਸਟਿੰਗਜ਼ ਗਵਰਨਰ ਬੰਗਾਲ ਦੇ ਸਮੇਂ ਲਿਖੀ ਗਈ ਅਤੇ ਜਿਸ ਵਿਚ ੧੭੦੬ ਈਸਵੀ ਤੋਂ ਲੈਕੇ ੧੭੮੬ ਈਸਵੀ ਤਕ ਦੇ ਹਾਲਾਤ ਦਰਜ ਹਨ, ਉਸ ਪੁਸਤਕ ਵਿਚ ਲਿਖਿਆ ਹੈ—'ਗੁਰੂ ਨਾਨਕ ਦੀ ਗੱਦੀ ਤੇ ਉਨ੍ਹਾਂ ਦੀ ਅਠਵੀਂ ਥਾਵੇਂ ਗੁਰੂ ਤੇਗ ਬਹਾਦਰ ਪ੍ਰਤਾਪੀ ਪੁਰਖ ਸਨ। ਉਨ੍ਹਾਂ ਦੇ ਬਹੁਤ ਸਾਰੇ ਸਿਖ ਸਨ। ਕਈ ਹਜ਼ਾਰ ਆਦਮੀ ਉਨ੍ਹਾਂ ਨਾਲ ਵਿਚਰਦੇ ਸਨ। ਗੁਰੂ ਤੇਗ ਬਹਾਦਰ ਹਿੰਦੂਆਂ ਤੋਂ ਅਤੇ ਸ਼ੇਖ ਅਹਿਮਦ ਸਰਹੰਦੀ ਦਾ ਮੁਰੀਦ ਹਾਫ਼ਿਜ਼ ਆਦਿਕ ਮੁਸਲਮਾਨਾਂ ਪਾਸੋਂ ਜ਼ੋਰ ਜਬਰ ਨਾਲ ਰੁਪਿਆ ਵਸੂਲ ਕਰਦੇ ਸਨ। ਜਦ ਬਾਦਸ਼ਾਹ ਨੂੰ ਇਸ ਗੱਲ ਦੀ ਖਬਰ ਹੋਈ ਤਾਂ ਉਸ ਨੇ ਪੰਜਾਬ ਦੇ ਹੁਕਮਾਂ ਦੇ ਨਾਂ ਹੁਕਮ ਜਾਰੀ ਕੀਤਾ ਕਿ ਉਹ ਗੁਰੂ ਜੀ ਅਤੇ ਹਾਫ਼ਿਜ਼ ਆਦਮ ਨੂੰ ਗ੍ਰਿਫਤਾਰ ਕਰਨ। ਆਦਮ ਨੂੰ ਅਟਕੋਂ ਪਾਰ ਜਲਾਵਤਨ ਕੀਤਾ ਗਿਆ ਤੇ ਗੁਰੂ ਜੀ ਨੂੰ ਕੈਦ ਕਰਕੇ ਦਿਲੀ ਲਿਆਂਦਾ ਗਿਆ। ਦੂਜੇ ਸ਼ਾਹੀ ਹੁਕਮ ਅਨੁਸਾਰ ਉਨ੍ਹਾਂ ਨੂੰ ਕਤਲ ਕੀਤਾ ਗਿਆ।

ਇਹ ਲਿਖਤ ਇਕ ਤੇ ਪਿਛੋਂ ਲਿਖੀ ਗਈ, ਦੂਸਰੇ ਤਅੱਸਬ ਦੀ ਪੱਟੀ ਬੰਨ੍ਹ ਕੇ ਲਿਖੀ ਗਈ ਜਾਪਦੀ ਹੈ । ਇਸ ਵਿਚ ਲੇਖਕ ਨੇ ਸਚਾਈ ਦਾ ਖੂਨ ਕੀਤਾ ਹੈ । ਨੌਵੇਂ ਪਾਤਸ਼ਾਹ ਨੂੰ ਹਿੰਦੂਆਂ ਪਾਸੋਂ ਜ਼ੋਰ ਨਾਲ ਰੁਪਿਆ ਲੈਣ ਦੀ ਕੀ ਲੋੜ ਸੀ ? ਹਜ਼ੂਰ ਨੇ ਵੀਹ ਬਾਈ ਵਰ੍ਹੇ ਇਕਾਂਤ ਵਾਸ ਕੀਤਾ। ਗੱਦੀ ਪਰ ਬੈਠਣ ਦੇ ਬਾਹਦ ਅਨੰਦ ਪੁਰ ਵਸਾਇਆ । ਬੇਅੰਤ ਮਾਇਆ ਉਨ੍ਹਾਂ ਦੇ ਪਾਸ ਮੌਜੂਦ ਸੀ, ਲਖਾਂ ਸਿਖ ਸਨ । ਰਾਜਾ ਰਾਮ ਸਿੰਘ ਤੇ ਰਾਜਾ ਆਸਾਮ ਉਨ੍ਹਾਂ ਦੇ ਸੇਵਕ ਸਨ। ਪੰਜਾਬ ਅਤੇ ਕਸ਼ਮੀਰ ਦੇ ਸਾਰੇ ਹਿੰਦੂ ਗੁਰੂ ਜੀ ਨੂੰ ਆਪਣਾ ਧਰਮ ਰਖਯਕ ਸਮਝਦੇ ਸਨ । ਉਨ੍ਹਾਂ ਨੇ ਕਿਸੇ ਤੇ ਕੀ ਜਬਰ ਕਰਨਾ ਸੀ ? ਹਕੀਕਤ ਇਹ ਹੈ ਕਿ ਹਕੂਮਤਾਂ ਆਪਣੇ ਸਮੇਂ ਵਿਚ ਮਹਾਂ ਪੁਰਖਾਂ ਨੂੰ ਵਿਰੋਧੀ, ਡਾਕੂ ਤੇ ਬਾਗੀ ਕਹਿਕੇ ਮਾਰਦੀਆਂ ਹਨ। ਕਾਨੂੰਨ, ਅਮਨ, ਇਨਸਾਫ ਤੇ ਲੋਕ ਰਖਿਆ ਦੇ ਨਾਮ ਪਰ ਬੇਗੁਨਾਹਾਂ ਦਾ ਲਹੂ ਪੀਤਾ ਜਾਂਦਾ ਹੈ। ਕਈ ਇਤਿਹਾਸਕਾਰ ਇਥੇ ਆ ਕੇ ਥਿੜਕ ਜਾਂਦੇ ਹਨ।

ਅੰਗਰੇਜ਼ ਬੜੇ ਚਲਾਕ ਸਨ। ਉਨ੍ਹਾਂ ਨੇ ਵੀ ਸਾਮਰਾਜੀ ਮੰਤਵਾਂ ਲਈ ਸਿਖ ਇਤਿਹਾਸ ਨੂੰ ਵਿਗਾੜਨ ਦੀ ਪੂਰੀ ਕੋਸ਼ਸ਼ ਕੀਤੀ ਹੈ।

ਮਿਸਟਰ ਮੈਕਾਲਫ ਨੇ 'ਸਿਖ ਰੀਲੀਜਨ' ਅਤੇ ਤਵਾਰੀਖ ਗੁਰੂ ਖਾਲਸਾ ਦੇ ਲੇਖਕ ਨੇ ਇਕ ਸਾਖੀ ਨੌਵੇਂ ਗੁਰੂ ਜੀ ਸਬੰਧੀ ਲਿਖੀ ਹੈ। ਉਹ ਇਹ ਕਿ ਜਿਸ ਸਮੇਂ ਗੁਰੂ ਜੀ ਬੰਦੀਖਾਨੇ ਵਿਚ ਸਨ, ਆਪ ਇਕ ਦਿਨ ਕੇਸੀਂ ਇਸ਼ਨਾਨ ਕਰਕੇ ਕੋਠੇ ਉਪਰ ਚੜ੍ਹੇ। ਆਪ ਸ਼ਾਹੀ ਹਰਮ ਵਲ ਵੇਖ ਰਹੇ ਸਨ, ਆਪ ਦੇ ਵਿਰੁਧ ਸ਼ਕਾਇਤ ਹੋਈ । ਬਾਦਸ਼ਾਹ ਨੇ ਪੁਛਿਆ–'ਕੀ ਵੇਖਦੇ ਹੋ ?'

ਗੁਰੂ ਜੀ ਨੇ ਉਤਰ ਦਿਤਾ–"ਅਸੀਂ ਤੇਰੇ ਮਹਿਲਾਂ ਵਲ ਨਹੀਂ ਵੇਖ ਰਹੇ, ਬਲਕਿ ਪੱਛਮ (ਯੂਰਪ) ਚੋਂ ਆਉਣ ਵਾਲਿਆਂ (ਅੰਗਰੇਜ਼ਾਂ) ਨੂੰ ਵੇਖ ਰਹੇ ਹਾਂ, ਜੋ ਆ ਕੇ ਮੁਗਲ ਬੇਗਮਾਂ ਦਾ ਸਤਰ ਪਾੜਨਗੇ ।" 'ਤਵਾਰੀਖ ਗੁਰੂ ਖਾਲਸਾ ਨੇ ਇਕ ਕਲਪਤ ਦੋਹਿਰਾ

ਉਡਗ ਨਾਥ[੧] ਪਿਤ[੨]ਧਾਮ ਤੇ ਧਰ ਜੋ ਆਵੇ ਟੋਪ[੩]।

ਝਗਰਿ ਕਰੈਗੋ ਖਾਲਸੇ ਤੋਹਿ ਘਟਾਵੇ ਓਪ।*

ਇਹ ਮਨਘੜਤ ਸਾਖੀ ਕਿਨਾ ਚਿਰ ਸਿਖ ਫੌਜਾਂ ਵਿਚ ਸੁਣਾਈ ਜਾਂਦੀ ਰਹੀ ਹੈ। ਇਹ ਇਕ ਤਰ੍ਹਾਂ ਗੁਰੂ ਜੀ ਦੇ ਪਵਿਤਰ ਆਚਰਨ ਤੇ ਹਮਲਾ ਹੈ। ਪਹਿਲੀ ਗਲ ਤਾਂ ਇਹ ਹੈ ਕਿ ਔਰੰਗਜ਼ੇਬ ਉਸ ਵਕਤ ਦਿਲੀ ਵਿਚ ਹੀ ਨਹੀਂ ਸੀ । ਦੂਸਰੇ ਕੋਤਵਾਲੀ ਦੇ ਪਾਸ ਮਹਾਰਾਜ ਕੈਦ ਸਨ, ਉਥੋਂ ਕਿਲ੍ਹੇ ਦੇ ਮਹਿਲ ਦਿਸਦੇ ਹੀ ਨਹੀਂ ਸਨ, ਤੀਸਰੇ ਇਹ ਕਿ ਜੇ ਅੰਗਰੇਜਾਂ ਨੂੰ ਹਿੰਦੁਸਤਾਨ ਦੇ ਰਾਜ ਦਾ ਵਰ ਦੇਣਾ ਸੀ ਤਾਂ ਗੁਰੂ ਜੀ ਨੇ ਆਪਣੇ ਸਿਖਾਂ ਜਾਂ ਹਿੰਦੂਆਂ ਨੂੰ ਕਿਉਂ ਨਾ ਵਰ ਦਿਤਾ ? ਬੰਦੀਖਾਨੇ ਵਿਚ ਇਸ਼ਨਾਨ ਕਰਕੇ ਕੋਠੇ ਉਤੇ ਚੜ੍ਹਨ ਦੀ ਖੁਲ੍ਹ ਕਿਥੋਂ ਸੀ ?

ਇਹ ਸਾਖੀ ਸਿਖਾਂ ਤੇ ਅੰਗਰੇਜ਼ਾਂ ਦੋਹਾਂ ਦੇ ਵਿਰੁਧ ਨਫਰਤ ਫੈਲਾਣ ਵਾਲੀ ਹੈ । ਕੋਈ ਭਲਾ ਮਾਣਸ ਅੰਗਰੇਜ਼ ਨਹੀਂ ਮੰਨੇਗਾ ਕਿ ਅੰਗਰੇਜ਼ਾਂ ਨੇ ਮੁਗਲਾਂ ਦੀ ਬੇਪਤੀ ਕੀਤੀ । ਜੇ ਕਿਸੇ ਲੇਖਕ ਇਹ ਸਾਖੀ ਖੁਸ਼ਾਮਦ ਕਰਕੇ ਲਿਖੀ ਹੈ ਤਾਂ ਮੂਰਖਤਾ ਕੀਤੀ ਹੈ । ਰਾਜਨੀਤਕ ਦ੍ਰਿਸ਼ਟੀ ਕੋਣ ਨਾਲ ਲਿਖੀ ਗਈ ਹੈ। ਜਿਸ ਤਰ੍ਹਾਂ ਮੁਗਲ ਪ੍ਰਭਾਵ ਹੇਠ ਕਿਸੇ ਨੇ ਸਾਖੀ ਜੋੜ ਲਈ ਕਿ ਗੁਰੂ ਨਾਨਕ ਦੇਵ ਨੇ ਉਨ੍ਹਾਂ ਨੂੰ ਸੱਤ ਮੁਠਾਂ ਭੰਗ ਬਦਲੇ, ਸੱਤ ਪੁਸ਼ਤਾਂ ਰਾਜ ਦਾ ਵਰ ਦਿਤਾ । ਇਸੇ ਤਰ੍ਹਾਂ ਅੰਗਰੇਜ਼ਾਂ ਦੇ ਖੁਸ਼ਾਮਦੀਆਂ ਨੇ ਨੌਵੇਂ ਪਾਤ-ਸ਼ਾਹ ਦਾ ਨਾਮ ਵਰਦਾਨ ਦੀ ਸਾਖੀ ਜੋੜ ਲਈ ਹੈ। ਇਸ ਦੀ ਕੋਈ ਅਸਲੀਅਤ ਨਹੀਂ।

---

੧. ਦੇਵਤਿਆਂ ਦਾ ਨਾਥ ਚੰਦਰਮਾ । ੨ ਚੰਦਰਮਾ ਦਾ ਪਿਤਾ ਸਮੁੰਦਰ । ੩. ਟਪੀ ਵਾਲਾ ।

*ਤਵਾਰੀਖ ਗੁਰੂ ਖਾਲਸਾ ਪੰਨਾ, ਪੰਨਾ ੧੩੮੦-੮੧ ਤੇ ੧੪੮੯-੯੦।

ਚੌਤੀਵਾਂ ਵਿਆਖਿਆਨ

ਚਾਂਦਨੀ ਚੌਂਕ ਦੇ ਸ਼ਹੀਦੀ ਸਾਕੇ

ਹੁਣ ਅਸੀਂ ਵੈਰਾਗ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਦੋ 'ਗੁਰਮੁਖ ਸਿਖਾਂ ਦੀ ਸ਼ਹੀਦੀ ਵਰਨਣ ਕਰਦੇ ਹਾਂ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਿਖੀ ਆਦਰਸ਼ ਨੂੰ ਬਚਾਉਣ ਲਈ ਸੀ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਪਰਉਪਕਾਰ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਸੀ, ਗੁਲਾਮੀ ਦੀ ਜੜ੍ਹ ਕੁਰਬਾਨੀ ਨਾਲ ਕੱਟੀ ਜਾ ਸਕਦੀ ਹੈ, ਜੋ ਪੁਰਸ਼ ਕਿਸੇ ਨਾਲ ਅਨਿਆਂ ਜਾਂ ਧਕਾ ਕਰਦਾ ਹੈ, ਉਹ ਕ੍ਰੋਧ ਦੀ ਅੱਗ ਵਿਚ ਸੜਦਾ ਹੈ। ਜੋ ਜ਼ੁਲਮ ਸਹਿੰਦਾ ਹੈ, ਉਹ ਭੀ ਅੰਦਰੋਂ ਉਸ ਅੱਗ ਨਾਲ ਤਪਦਾ ਤੇ ਕਲ੍ਹਝਦਾ ਹੈ। ਜ਼ਾਲਮ ਦੀ ਆਤਮਾ ਜ਼ੁਲਮ ਕਰਨ ਕਰਕੇ ਨਿਰਬਲ ਹੋ ਜਾਂਦੀ ਹੈ ਤੇ ਮਜ਼ਲੂਮ ਦੀ ਜ਼ੁਲਮ ਸਹਿਣ ਕਰਕੇ। 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਭਾਵ 'ਨਾ ਕਿਸੇ ਨੂੰ ਡਰ ਦਿਓ ਅਤੇ ਨਾ ਕਿਸੇ ਦਾ ਡਰ ਮੰਨੋ' ਦਾ ਉਚਾ, ਆਤਮਾ ਨੂੰ ਸੁਰਜੀਤ, ਨਿਰਭੈ ਤੇ ਨਰੋਏ ਰਖਣ ਵਾਲਾ ਆਦਰਸ਼ ਨੌਵੇਂ ਪਾਤਸ਼ਾਹ ਨੇ ਪੇਸ਼ ਕੀਤਾ ਕੀਤਾ ਹੈ। ਕਿਸੇ ਦੀ ਹਕੂਮਤ ਨਾਲ ਕੋਈ ਕੌਮ ਮੁਰਦਾ ਨਹੀਂ ਹੁੰਦੀ। ਮਰਦੀ ਉਦੋਂ ਹੈ, ਜਦ ਉਸਦੀ ਆਤਮਾ ਮਰ ਜਾਵੇ। ਗੁਰੂ ਜੀ ਨੇ ਅਜਿਹਾ ਸਾਕਾ ਵਰਤਾਇਆ, ਜਿਸ ਨਾਲ ਹਕੂਮਤ ਠਠੰਬਰ ਗਈ ਅਤੇ ਕੌਮ ਸੁਰਜੀਤ ਹੋ ਗਈ।

ਕਸ਼ਮੀਰ ਤੋਂ ਲੈਕੇ ਰਾਸਕੁਮਾਰੀ ਤਕ ਔਰੰਗਜ਼ੇਬ ਦੀਜੋ ਨੀਤਾ ਚਲ ਰਹੀ ਸੀ, ਉਸਦੇ ਵਿਰੁਧ ਨੌਵੇਂ ਪਾਤਸ਼ਾਹ ਨੇ ਰੋਸ ਪ੍ਰਗਟ ਕੀਤੀ ਇਸ ਲਈ ਉਨ੍ਹਾਂ ਪਰ ਸਖਤੀ ਹੋਣੀ ਸੀ। ਜਦ ਬੰਦੀਖਾਨੇ ਵਿਚ ਰਖ ਕੇ ਰਾਜ ਕਰਮਚਾਰੀਆਂ ਨੇ ਵੇਖਿਆ ਕਿ ਗੁਰੂ ਜੀ ਈਨ ਨਹੀਂ

ਮੰਨਦੇ, ਕੋਈ ਲਾਲਚ ਤੇ ਡਰ ਉਨ੍ਹਾਂ ਤੇ ਅਸਰ ਨਹੀਂ ਕਰਦਾ, ਤਦ ਦਿਲੀ ਦੇ ਹਾਕਮਾਂ ਨੇ ਇਹ ਨੀਤੀ ਬਣਾਈ ਕਿ ਪਹਿਲੇ ਗੁਰੂ ਕੇ ਸਿਖਾਂ ਨੂੰ ਸਜ਼ਾ ਦਿਤੀ ਜਾਵੇ । ਸਭ ਤੋਂ ਪਹਿਲੇ ਪੰਜਾਂ ਸਿਖਾਂ ਵਿਚੋਂ ਭਾਈ ਮਤੀ ਦਾਸ ਨੂੰ ਕਤਲ ਕਰਨ ਦਾ ਫਤਵਾ ਦਿਤਾ ਗਿਆ । ਹੁਕਮ ਬਾਦਸ਼ਾਹ ਦਾ ਸੀ ਅਤੇ ਫੈਸਲਾ ਕਾਜ਼ੀ ਨੇ ਕਰਨਾ ਸੀ, ਇਸ ਲਈ ਕੋਈ ਦੇਰ ਨਾ ਲੱਗੀ ।

ਜਦ ਮੁਗਲ ਸਿਪਾਹੀ ਭਾਈ ਸਾਹਿਬ ਨੂੰ ਲੈਣ ਆਏ ਤਾਂ ਆਪ ਨੇ ਬੜੇ ਸਿਦਕ ਅਤੇ ਪਿਆਰ ਨਾਲ ਸਤਿਗੁਰੂ ਵਲ ਵੇਖਿਆ ਜਾਪਦਾ ਸੀ ਕਿ ਅੰਤਮ ਸਮੇਂ ਕ੍ਰਿਪਾ ਦ੍ਰਿਸ਼ਟੀ ਚਾਹੁੰਦੇ ਹਨ । ਬੜੇ ਬੀਰ ਅਤੇ ਕਰੁਣਾ ਰਸ ਵਿਚ ਭਰ ਕੇ ਬੇਨਤੀ ਕੀਤੀ–'ਸਚੇ ਪਾਤਸ਼ਾਹ ! ਹੁਕਮ ਦਿਓ ਤਾਂ ਦਿਲੀ ਅਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ ?'

ਗੁਰੂ ਜੀ–'ਜੇ ਵਾਹਿਗੁਰੂ ਸ਼ਕਤੀ ਬਖਸ਼ੇ ਤਾਂ ਉਸ ਨੂੰ ਸੰਭਾਲਕੇ ਵਰਤਣਾ ਚਾਹੀਦਾ ਹੈ । ਅਜਰ ਵਸਤੂ ਨੂੰ ਜਰੀ ਦਾ ਹੈ ।'*

ਇਹ ਬਚਨ ਸੁਣ ਕੇ ਭਾਈ ਮਤੀ ਦਾਸ ਗਦ ਗਦ ਹੋ ਗਏ ।

---

*ਭਾਈ ਮਤੀ ਦਾਸ ਜੀ ਕਿਰਆਲਾ, ਜ਼ਿਲਾ ਜੇਹਲਮ ਦੇ ਵਸਨੀਕ ਛਿੱਬਰ ਗੋਤ ਦੇ ਬ੍ਰਾਹਮਣ, ਭਾਈ ਪਿਰਾਗਾ ਜੀ ਦੇ ਪੁਤਰ ਸਨ । ਆਪ ਦੇ ਦਾਦਾ ਮਹਾਤਮਾ ਗੌਤਮ ਦਾਸ ਜੀ ਬੜੇ ਕਰਨੀਵਾਲੇ ਪੁਰਸ਼ ਸਨ । ਆਪ ਦੇ ਪਿਤਾ ਭਾਈ ਪਿਰਾਗਾ ਜੀ ਨੇ ਛੇਵੇਂ ਪਾਤਸ਼ਾਹ ਪਾਸੋਂ ਸਿੱਖੀ ਧਾਰਨ ਕੀਤੀ । ਇਹ ਧਰਮ ਵੀਰ ਕਈ ਜੰਗਾਂ ਵਿਚ ਸਤਿਗੁਰਾਂ ਦੇ ਨਾਲ ਰਹੇ । ਆਪ ਦੇ ਚਾਰ ਪੁਤ੍ਰ ਸਨ–ਮਤੀ ਦਾਸ, ਸਤੀ ਦਾਸ, ਜਤੀ ਦਾਸ ਅਤੇ ਸਖੀ ਦਾਸ । ਇਨ੍ਹਾਂ ਦੇ ਖਾਨਦਾਨ ਨੂੰ ਹੁਣ ਤੀਕ ਭਾਈ ਪਦਵੀ ਨਾਲ ਯਾਦ ਕੀਤਾ ਜਾਂਦਾ ਹੈ । ਇਸ ਖਾਨਦਾਨ ਵਿਚੋਂ ਭਾਈ ਬਾਲ ਮੁਕੰਦਜੀ ੧੯੧੪ ਦੇ ਸਾਜ਼ਸ਼ ਕੇਸ ਵਿਚ ਦੇਸ਼ ਦੀ ਆਜ਼ਾਦੀ ਲਈ ਫਾਂਸੀ ਤੇ ਚੜੇ ਹਨ ।

ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਕੇ ਆਪ ਦੇ ਰੋਮ ਰੋਮ ਵਿਚ ਝਰਨਾਹਟ ਛਿੜ ਗਈ। ਬੇਗਮ ਪੁਰੇ ਦੇ ਵਾਸੀ ਹੋ ਗਏ, ਜਿਥੇ ਨਾ ਕਿਸੇ ਦਾ ਡਰ ਅਤੇ ਨਾ ਮੌਤ ਦਾ ਭੈ ਸੀ।

ਸਖਤ ਪਹਿਰੇ ਵਿਚ ਭਾਈ ਸਾਹਿਬ ਨੂੰ ਚਾਂਦਨੀ ਚੌਂਕ ਵਿਚ ਲਿਆਂਦਾ ਗਿਆ। ਕਾਜ਼ੀ ਅਬੁਲਵਾਹਬ ਨੇ ਆਪਨੂੰ ਮੌਤ ਦਾ ਹੁਕਮ ਸੁਨਾਉਣ ਤੋਂ ਪਹਿਲੇ ਕਿਹਾ–'ਤੁਹਾਡੀ ਕੋਈ ਖਾਹਿਸ਼ ਹੈ ?'

ਭਾਈ ਮਤੀ ਦਾਸ–'ਇਕੋ ਹੀ ਇੱਛਾ ਹੈ ਕਿ ਜਦ ਮੈਨੂੰ ਕਤਲ ਕਰਨ ਲਗੋ, ਮੇਰਾ ਮੂੰਹ ਗੁਰੂ ਤੇਗ ਬਹਾਦਰ ਜੀ ਵਲ ਕਰ ਦੇਣਾ, ਤਾਂਕਿ ਉਨ੍ਹਾਂ ਦੇ ਦਰਸ਼ਨ ਤੋਂ ਜੀਵਨ-ਰਸ ਲੈਂਦਾ ਰਹਾਂ।'

ਕਾਜ਼ੀ–'ਦੀਨ ਇਸਲਾਮ ਕਬੂਲ ਕਰੋ ਤਾਂ ਮੌਤ ਤੋਂ ਬਚ ਜਾਓਗੇ। ਦੁਨੀਆਂ ਦੇ ਸਾਰੇ ਸੁਖ ਤੁਹਾਨੂੰ ਮਿਲ ਸਕਦੇ ਹਨ।'

ਭਾਈ ਮਤੀ ਦਾਸ ਜੀ–'ਸਾਡਾ ਆਪਣਾ ਧਰਮ ਸਾਨੂੰ ਬਹੁਤ ਪਿਆਰਾ ਹੈ, ਇਸ ਲਈ ਇਸਲਾਮ ਕਬੂਲ ਕਰਨ ਦੀ ਲੋੜ ਨਹੀਂ। ਦੁਨੀਆਂ ਦੇ ਸੁਖ ਭੋਗ ਲਏ ਹਨ। ਅਮਰ ਜੀਵਨ ਦਾ ਸੁਖ ਭੋਗਣਾ ਚਾਹੁੰਦੇ ਹਾਂ। ਇਸ ਲਈ ਸ਼ਹਾਦਤ ਦਾ ਚਾਹਵਾਨ ਹਾਂ।'

ਇਹ ਸੁਣਕੇ ਕਾਜ਼ੀ ਨੇ ਜਲਾਦ ਨੂੰ ਹੁਕਮ ਦਿਤਾ ਕਿ ਦੋ ਫਟਿਆਂ ਵਿਚ ਬੰਨ੍ਹਕੇ ਭਾਈ ਸਾਹਿਬ ਨੂੰ ਚੀਰ ਦਿਤਾ ਜਾਵੇ। ਆਪ ਨੂੰ ਬੰਨ੍ਹਿਆ ਗਿਆ। ਜਲਾਦਾਂ ਦੇ ਸਿਰ ਪਰ ਆਰਾ ਰਖਿਆ ਤੇ ਚੀਰਨ ਲਗੇ। ਇਕ ਕਵੀ ਨੇ ਇਸ ਦ੍ਰਿਸ਼ਯ ਨੂੰ ਇਉਂ ਵਰਣਨ ਕੀਤਾ–

ਦੋ ਉਂਗਲਾਂ ਜਦ ਸੀਸ ਵਿਚ ਆਰੇ ਪਾਇਆ ਚੀਰ।
ਮਤੀ ਦਾਸ ਜੀ ਬੋਲਦੇ ਸੁਣ ਕਾਜ਼ੀ ਧਰ ਧੀਰ।
ਰੋਮ ਰੋਮ ਵਿਚ ਮੈਂਡੜੇ ਵਸਿਆ ਪ੍ਰੀਤਮ ਆਪ।
ਆਰਾ ਮੈਨੂੰ ਭਾਉਂਦਾ ਧਰਮ ਛਡਣਾ ਪਾਪ।
ਟੁਕੜੇ ਏਸ ਸਰੀਰ ਦੇ ਕਰੋ ਜੇ ਲੱਖ ਕਰੋੜ।
ਤਾਂ ਭੀ ਧਰਮ ਨਾ ਛਡਸਾਂ ਦੀਨ ਤੇਰਾ ਨਹੀਂ ਲੋੜ।

ਆਰਾ ਪਿਆਰਾ ਲਗਤ ਹੈ ਕਾਰਾ ਕਰੇ ਬਨਾਇ।
ਸੀਸ ਜਾਇ ਤੋ ਜਾਣ ਦੇ ਸਿਖੀ ਸਿਦਕ ਨ ਜਾਇ।

ਜਲਾਦ ਆਰਾ ਚਲਾਂਦੇ ਗਏ, ਭਾਈ ਸਾਹਿਬ ਸ੍ਰੀ ਜਪੁਜੀ ਦਾ ਪਾਠ ਕਰਦੇ ਰਹੇ। ਜਦ ਸਰੀਰ ਦੇ ਦੋ ਟੁਕੜੇ ਹੋ ਗਏ ਤਾਂ ਉਨ੍ਹਾਂ ਦੀ ਪਵਿਤਰ ਆਤਮਾ ਸਚਖੰਡ ਵਿਚ ਪਹੁੰਚ ਗਈ। ਡਾ: ਤਰਲੋਚਨ ਸਿੰਘ ਨੇ ਲਿਖਿਆ ਹੈ ਇਸੇ ਤਰ੍ਹਾਂ ਆਪ ਦੇ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਵੀ ਤਸੀਹੇ ਦੇਕੇ ਸ਼ਹੀਦ ਕੀਤਾ ਗਿਆ।

ਜਦ ਕੋਈ ਹਕੂਮਤ ਕਿਸੇ ਧਾਰਮਿਕ ਆਗੂ ਜਾਂ ਦੇਸ਼ ਭਗਤ ਨੂੰ ਆਮ ਲੋਕਾਂ ਦੇ ਸਾਹਮਣੇ ਸਖਤ ਸਜ਼ਾ ਦਿੰਦੀ ਹੈ ਜਾਂ ਕਤਲ ਕਰਦੀ ਹੈ ਤਾਂ ਉਸਦਾ ਮਕਸਦ ਇਹ ਹੁੰਦਾ ਹੈ ਕਿ ਲੋਕੀ ਭੈ ਭੀਤ ਹੋ ਜਾਣ ਅਤੇ ਉਸ ਆਦਰਸ਼ ਨੂੰ ਛਡ ਦੇਣ, ਜੋ ਹਕੂਮਤ ਦੇ ਜ਼ੁਲਮ ਜਾਂ ਨੀਤੀ ਨਾਲ ਟਕਰ ਲੈਂਦਾ ਹੈ। ਸ਼ਹੀਦਾਂ ਦਾ ਦ੍ਰਿਸ਼ਟੀਕੋਣ ਇਸ ਦੇ ਉਲਟ ਹੁੰਦਾ ਹੈ। ਉਹਨਾਂ ਦਾ ਨਿਸਚਾ ਹੁੰਦਾ ਹੈ ਕਿ ਪਰਤੱਖ ਸ਼ਹੀਦੀਆਂ ਦਾ ਅਸਰ ਕੌਮ ਨੂੰ ਸੁਰਜੀਤ ਕਰਦਾ ਹੈ। ਭਾਈ ਮਤੀ ਦਾਸ ਜੀ ਅਤੇ ਦਿਆਲਾ ਜੀ ਦੀ ਸ਼ਹੀਦੀ ਦਾ ਸਿਖਾਂ ਤੇ ਇਹੋ ਹੀ ਅਸਰ ਹੋਇਆ।

ਇਥੇ ਇਕ ਹੋਰ ਨੁਕਤਾ ਸਮਝਣ ਵਾਲਾ ਹੈ ਉਹ ਇਹ ਹੈ ਕਿ ਜਦ ਕੋਈ ਹਕੂਮਤ ਸਖਤੀ ਕਰਦੀ ਹੈ ਤਾਂ ਉਸ ਵਕਤ ਕੁਝ ਅਜਿਹੇ ਆਦਮੀ ਹੁੰਦੇ ਹਨ, ਜੋ ਸ਼ਾਂਤਮਈ ਰਹਿਕੇ ਜ਼ੁਲਮ ਨੂੰ ਸਹਾਰਦੇ ਤੇ ਸ਼ਹੀਦ ਹੁੰਦੇ ਹਨ।

ਦੂਜੇ ਅਜਿਹੇ ਆਦਮੀ ਪੈਦਾ ਹੋ ਜਾਂਦੇ ਹਨ, ਜੋ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੁੰਦੇ ਹਨ। ਉਹ ਜ਼ੁਲਮ ਨੂੰ ਦੇਖ ਕੇ ਬੀਰ ਰਸ ਵਿਚ ਭਰ ਜਾਂਦੇ ਹਨ। ਭਾਈ ਮਤੀ ਦਾਸ ਜੀ ਅਤੇ ਦਿਆਲਾ ਜੀ ਦੇ ਸ਼ਹੀਦ ਹੋਣ ਪਿਛੋਂ ਗੁਰੂ ਜੀ ਨਾਲ ਬੰਦੀ ਖਾਨੇ ਵਿਚ ਤਿੰਨ ਸਿਖ ਸਨ—ਭਾਈ ਗੁਰਦਿਤਾ ਜੀ, ਭਾਈ ਊਦਾ ਤੇ

ਭਾਈ ਚੀਮਾ । ਇਤਿਹਾਸ ਤੋਂ ਇਹ ਪਤਾ ਲਗਦਾ ਹੈ ਕਿ ਭਾਈ ਗੁਰਦਿਤਾ ਜੀ* ਅੰਤ ਤਕ ਗੁਰੂ ਜੀ ਦੇ ਨਾਲ ਰਹੇ । ਹਕੂਮਤ ਨੇ ਉਨ੍ਹਾਂ ਨੂੰ ਛੱਡ ਦਿਤਾ, ਉਹ ਵਾਪਸ ਪੰਜਾਬ ਨਹੀਂ ਆਏ । ਦਿਲੀਓਂ ਉਰੇ ਕੁਝ ਵਿਥ ਤੇ ਆ ਕੇ ਸਮਾ ਗਏ । ਦੂਜੇ ਸਿੱਖਾਂ ਨੇ ਬੇਨਤੀ ਕੀਤੀ–'ਸਚੇ ਪਾਤਸ਼ਾਹ ! ਅਸੀਂ ਇਸ ਤਰ੍ਹਾਂ ਨਹੀਂ ਮਰਨਾ ਚਾਹੁੰਦੇ । ਸਾਨੂੰ ਆਗਿਆ ਦਿਓ ਕਿ ਅਸੀਂ ਜੇਹਲ ਤੋੜ ਕੇ ਨਿਕਲ ਜਾਵੀਏ ।' ਮਹਾਰਾਜ ਨੇ ਉਤਰ ਦਿਤਾ– ਜਾ ਸਕਦੇ ਹੋ ।'

ਜਦ ਇਹ ਸੂਰਬੀਰ ਜੇਹਲ ਤੋੜਕੇ ਨਿਕਲ ਗਏ, ਤਦ ਹਕੂਮਤ ਨੇ ਗੁਰੂ ਜੀ ਪਰ ਵਧੇਰ ਸਖਤੀ ਸ਼ੁਰੂ ਕਰ ਦਿਤੀ । ਬੰਦੀਖਾਨੇ ਵਿਚ ਹਜ਼ੂਰ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਪਾਇਆ ਗਿਆ ।

ਜੇਹੜੇ ਸਿਖ ਬਾਹਰ ਆਏ ਸਨ, ਉਹ ਅਵੇਸਲੇ ਨਹੀਂ ਸਨ । ਅਨੰਦ ਪੁਰ ਨੂੰ ਖਬਰਾਂ ਪੁਜ ਰਹੀਆਂ ਸਨ ਕਿ ਨੌਵੇਂ ਪਾਤਸ਼ਾਹ ਨੂੰ ਹਕੂਮਤ ਨੇ ਸ਼ਹੀਦ ਕਰ ਦੇਣਾ ਹੈ । ਅਨੰਦ ਪੁਰ ਵਿਚ ਸ੍ਰੀ ਮਾਤਾ ਗੁਜਰੀ ਜੀ, ਮੁਖੀ ਸਿਖ ਤੇ ਸੰਗਤਾਂ ਬਹੁਤ ਵੈਰਾਗ ਅਤੇ ਚਿੰਤਾ ਕਰ ਰਹੀਆਂ ਸਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿਖ ਨੂੰ

---

*ਭਾਈ ਗੁਰਦਿਤਾ ਜੀ ਬਾਬਾ ਬੁਢਾ ਜੀ ਦੀ ਵੰਸ 'ਚੋਂ ਪੰਜਵੀਂ ਥਾਵੇਂ ਸਨ । ਇਨ੍ਹਾਂ ਦੀ ਪ੍ਰਣਾਲੀ ਇਸ ਤਰ੍ਹਾਂ ਹੈ–ਬਾਬਾ ਬੁਢਾ ਜੀ ਦੇ ਪੁਤਰ ਭਾਨਾ ਜੀ, ਭਾਨੇ ਤੋਂ ਸਰਵਣ ਜੀ ਉਨ੍ਹਾਂ ਦੇ ਝੰਡਾ ਜੀ ਅਤੇ ਝੰਡਾ ਜੀ ਦੇ ਪੁਤਰ ਭਾਈ ਗੁਰਦਿਤਾ ਜੀ ਸਨ । ਅਗੋਂ ਆਪ ਦੇ ਪੁਤਰ ਸਾਹਿਬ ਰਾਮ ਕੌਰ ਅਰਥਾਤ ਭਾਈ ਗੁਰਬਖਸ਼ ਸਿੰਘ ਜੀ ਦਸਮ ਪਾਤਸ਼ਾਹ ਦੇ ਹਜ਼ੂਰੀ ਸਿਖ ਹੋਏ ਹਨ ।

ਭਾਈ ਊਦਾ ਜੀ ਅੰਮ੍ਰਿਤ ਛਕ ਕੇ ਊਦੈ ਸਿੰਘ ਨਾਂ ਤੋਂ ਪ੍ਰਸਿਧ ਹੋਏ । ਭਾਈ ਚੀਮੇ ਸੰਬੰਧੀ ਖੋਜ ਕਰਨ ਦੀ ਲੋੜ ਹੈ ।

ਮਹਾਰਾਜ ਦੀ ਖਬਰ ਲਿਆਉਣ ਲਈ ਭੇਜਿਆ । ਸਿਖ ਦਿਲੀ ਪੁਜਾ, ਉਸਨੇ ਦਰੋਗੇ ਨਾਲ ਗੱਲ ਬਾਤ ਕਰਕੇ ਮਹਾਰਾਜ ਨਾਲ ਮੁਲਕਾਤ ਕੀਤੀ ਸਾਰਾ ਬ੍ਰਿਤਾਂਤ ਸੁਣ ਕੇ ਵੈਰਾਗ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਗਤ ਨੂੰ ਸੰਬੋਧਨ ਕਰ ਕੇ ਪਤ੍ਰਕਾ ਲਿਖੀ। ਜਿਸ ਵਿਚ ਇਹ ਸਲੋਕ ਦਰਜ ਸਨ—

ਸਲੋਕ ਮਹਲਾ ੯ ॥

ਗੁਨ ਗੋਬਿੰਦ ਗਾਇਓ ਨਹੀ ਜਨਮ ਅਕਾਰਥ ਕੀਨ।
ਕਹੁ ਨਾਨਕ ਹਰਿ ਭਜ ਮਨਾ ਜਿਹਿ ਬਿਧਿ ਜਲ ਕੋ ਮੀਨ।੧।
ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸ।
ਕਹੁ ਨਾਨਤ ਭਜੁ ਹਰਿ ਮਨਾ ਪਰੈ ਨਾ ਜਮ ਕੀ ਫਾਸ।੨।
ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ।੩।
ਬਿਰਧ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ।
ਕਹੁ ਨਾਨਕ ਨਰ ਬਾਵਰੇ ਕਿਉ ਨਾ ਭਜੈ ਭਗਵਾਨ।੪।

ਜਦ ਗੁਰੂ ਸਾਹਿਬ ਸੰਗਤ ਨੂੰ ਸੰਬੋਧਨ ਕਰ ਚੁਕੇ, ਤਦ ਜੀਵਨ ਸਾਖੀ ਮਾਤਾ ਗੁਜਰੀ ਜੀ ਨੂੰ ਸੰਬੋਧਨ ਕਰਕੇ ਇਹ ਸਲੋਕ ਲਿਖੇ—

ਰਾਮ ਗਇਓ ਰਾਵਨ ਗਇਓ ਜਾਕਉ ਬਹੁ ਪਰਵਾਰ।
ਕਹੁ ਨਾਨਕ ਥਿਰੁ ਕਛੂ ਨਹੀ ਸੁਪਨੇ ਜਿਉ ਸੰਸਾਰ।੫੦।
ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ।
ਇਹੁ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।੫੧।
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।
ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ।੫੨।

ਇਸ ਤੋਂ ਉਪ੍ਰੰਤ ਗੁਰਦੇਵ ਨੇ ਆਪਣੇ ਹੋਣਹਾਰ ਸਾਹਿਬਜ਼ਾਦੇ ਅਤੇ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਭਾਰਤ ਦੀ ਬੇਬਸੀ

ਦਾ ਇਸ਼ਾਰਾ ਕਰਦੇ ਹੋਏ ਲਿਖਿਆ—

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।
ਕਹੁ ਨਾਨਕ ਅਬ ਓਟਹਰਿ ਗਜਿ ਜਿਉ ਹੋਹੁ ਸਹਾਇ।੫੩।

ਗੁਰੂ ਜੀ ਦੇ ਕੋਮਲ ਤੇ ਪਵਿਤ੍ਰ ਹਿਰਦੇ ਵਿਚ ਦੇਸ਼ ਤੇ ਜਾਤੀ ਲਈ ਅਟੁਟ ਪਿਆਰ ਸੀ। ਇਸ ਲਈ ਉਨ੍ਹਾਂ ਨੇ ਦੇਸ ਦੀ ਪੀੜਾਂ ਨੂੰ ਵਰਨਣ ਕੀਤਾ ਹੈ। ਪਰ ਨਾਲ ਹੀ ਅਗਲੇ ਸ਼ਲੋਕ ਵਿਚ ਸਰਬ ਸ਼ਕਤੀਮਾਨ ਤੋਂ ਪ੍ਰਾਪਤ ਹੋਏ ਆਤਮ ਬਲ, ਸ੍ਵੈਮਾਨ ਤੇ ਆਤਮ ਵਿਸ਼ਵਾਸ ਨੂੰ ਪ੍ਰਗਟ ਕੀਤਾ ਹੈ—

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ।

ਨੌਵੇਂ ਪਾਤਸ਼ਾਹ ਦੇ ਲਿਖੇ ਹੋਏ ੪੯ ਸ਼ਬਦ ਤੇ ੫੭ ਅੰਤਮ ਸਲੋਕ ਹਨ। ਜਿਨ੍ਹਾਂ ਵਿਚ ਭਗਤੀ ਗਿਆਨ ਤੇ ਵੈਰਾਗ ਦੀ ਅੰਮ੍ਰਿਤ ਧਾਰਾ ਚਲਦੀ ਹੈ। ਇਹ ਮੋਹ ਮਾਇਆ ਅਤੇ ਵਿਸ਼ੇ ਵਿਕਾਰਾਂ ਵਿਚ ਖਚਤ ਮਨੁਖਾਂ ਨੂੰ ਪ੍ਰਮਾਤਮਾ ਨਾਲ ਜੋੜਦੀ ਤੇ ਉਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਪ੍ਰੇਰਨਾ ਕਰਦੀ ਹੈ।

ਅਨੰਦਪੁਰੋਂ ਆਏ ਸਿਖ ਨੇ ਨੌਵੇਂ ਪਾਤਸ਼ਾਹ ਦੀ ਇਹ ਪਤ੍ਰਕਾ ਸੰਭਾਲ ਲਈ। ਪਰੇਮ ਤੇ ਸ਼ਰਧਾ ਨਾਲ ਨਮਸਕਾਰ ਕਰਕੇ ਦਿਲੀਓਂ ਤੁਰ ਪਿਆ। ਬੜੀ ਤੇਜ਼ੀ ਨਾਲ ਪੰਧ ਮੁਕਾ ਕੇ ਅਨੰਦਪੁਰ ਪੁਜਾ। ਸਾਰੀ ਸਿਖ ਸੰਗਤ ਅਤੇ ਪਰਵਾਰ ਰਾਹ ਵੇਖਦਾ ਸੀ। ਜਦ ਸਿਖਾਂ ਨੇ ਨੌਵੇਂ ਪਾਤਸ਼ਾਹ ਦੇ ਅੰਤਮ ਸਲੋਕ ਪਤ੍ਰਕਾ ਰੂਪ ਵਿਚ ਪੇਸ਼ ਕੀਤੇ, ਤਦ ਹਰ ਪਾਸੇ ਵੈਰਾਗ ਅਤੇ ਕਰੁਣਾ ਰਸ ਛਾ ਗਿਆ। ਸਭ ਨੂੰ ਨਿਸਚਾ ਹੋ ਗਿਆ ਕਿ ਹੁਣ ਸਤਿਗੁਰੂ ਸ਼ਹੀਦੀ ਪਾ ਜਾਣਗੇ।

ਧਰਮ ਪਿਤਾ ਜੀ ਦੀ ਪਤ੍ਰਕਾ ਪੜ੍ਹ ਕੇ, ਭਾਰਤ ਨੂੰ ਜੀਵਨ ਦੇਣ ਵਾਲੇ, ਪਰ ਅਧੀਨਤਾ ਦੇ ਬੰਧਨ ਕਟਣ ਵਾਲੇ, ਕੁਰਬਾਨੀ ਦੇ ਪੁੰਜ, ਕੌਮ ਦੀਆਂ ਅੰਤ੍ਰੀਵ ਸ਼ਕਤੀਆਂ ਨੇ ਟੁੰਬਣ ਅਤੇ

ਸੁ ਪ੍ਰੇਰਨਾ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਤ੍ਰਕਾ ਦਾ ਉੱਤਰ ਭੇਜਿਆ। ਆਪ ਨੇ ਪੂਜਨੀਕ ਤੇ ਉਪਕਾਰੀ ਸ਼ਹੀਦ ਪਿਤਾ ਨੂੰ ਅੰਤਮ ਨਮਸ਼ਕਾਰ ਭੇਜੀ। ਸਿਖ ਪਤ੍ਰਕਾ ਲੈ ਕੇ ਦਿਲੀ ਪੁਜਾ। ਨੌਵੇਂ ਪਾਤਸ਼ਾਹ ਨੂੰ ਮਿਲਿਆ। ਅਨੰਦ ਪੁਰੋਂ ਲਿਆਂਦੀ ਪਤ੍ਰਕਾ ਹਜ਼ੂਰ ਦੇ ਪੇਸ਼ ਕੀਤੀ। ਮਹਾਰਾਜ ਨੇ ਪਤ੍ਰਕਾ ਪੜ੍ਹੀ। ਆਪ ਨੂੰ ਹੋਣਹਾਰ ਸਾਹਿਬਜ਼ਾਦੇ ਦਾ ਸਾਹਿਬ ਵੇਖ ਕੇ ਨਿਸਚਾ ਹੋ ਗਿਆ ਕਿ ਉਹ ਜ਼ੁਲਮ ਨੂੰ ਮਿਟਾ ਦੇਣਗੇ, ਜਿਸ ਲਈ ਆਪ ਸ਼ਹੀਦ ਹੋ ਰਹੇ ਹਨ। ਸਚੇ ਪਾਤਸ਼ਾਹ ਨੇ ਸ਼ਹੀਦੀ ਦੀ ਤਿਆਰੀ ਕਰ ਲਈ। ਬਾਦਸ਼ਾਹ ਵਲੋਂ ਕਾਜ਼ੀ ਅਤੇ ਮੌਲਵੀ ਗੁਰੂ ਜੀ ਪਾਸ ਆਏ। ਉਨ੍ਹਾਂ ਨੇ ਕਿਹਾ–

ਤੀਨ ਬਾਤ ਨਿਰਨੈ ਕਰ ਲੀਜੈ। ਲਖਹੁ ਭਲੀ ਸੋ ਧਾਰਨ ਕੀਜੈ।
ਸ਼ਰ੍ਹਾ ਚਲਹੁ ਕਲਮੇ ਕੋ ਪਢਿ ਮੁਖ। ਦੇਹੁਸ਼ਾਹ ਭੋਗਹੁ ਸਭ ਬਿਧਿ ਸੁਖ।
ਜੇ ਹਠ ਕਰਹੁ ਨ ਮਾਨਹੁ ਏਹੋ। ਕਰਾਮਾਤ ਕਾਮਲ ਹੋਇ ਦੇਹੁ।
ਜੋ ਇਹ ਦੋਨਹੁ ਨਾਹਿ ਨ ਮਾਨਹੁ। ਅਪਨੇ ਪਾਨ ਪ੍ਰਾਨ ਕਰ ਹਾਨਹੁ।
(ਸੂਰਜ ਪ੍ਰਕਾਸ਼-ਰਾਸ ੧੨–੪)

ਭਾਵ–ਆਪ ਤਿੰਨ ਸ਼ਰਤਾਂ ਪ੍ਰਵਾਨ ਕਰੋ–੧ ਦੀਨ ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ, ੩ ਮੌਤ ਕਬੂਲ ਕਰੋ।

ਗੁਰੂ ਜੀ ਨੇ ਉੱਤਰ ਦਿਤਾ–'ਤੁਹਾਡਾ ਦੀਨ ਕਬੂਲ ਨਹੀਂ ਕਰਨਾ, ਕਿਉਂਕਿ ਸਾਡੇ ਲਈ ਆਪਣਾ ਧਰਮ ਹੀ ਮਿੱਠਾ ਤੇ ਪਿਆਰਾ ਹੈ। ਕਰਾਮਾਤ ਨਾਂ ਕਹਿਰ ਦਾ ਹੈ, ਇਹ ਅਸੀਂ ਵਿਖਾਉਣੀ ਨਹੀਂ, ਕਿਉਂਕਿ ਗੁਰੂ ਆਸ਼ੇ ਦੇ ਵਿਰੁਧ ਹੈ। ਬਾਕੀ ਰਹੀ ਮੌਤ ਦੀ ਗੱਲ, ਇਸ ਨੂੰ ਅਸੀਂ ਖੁਸ਼ੀ ਨਾਲ ਪ੍ਰਵਾਨ ਕਰਦੇ ਹਾਂ। ਸਰੀਰ ਨੇ ਇਕ ਦਿਨ ਜ਼ਰੂਰ ਨਾਸ ਹੋ ਜਾਣਾ ਹੈ। ਜੇ ਜ਼ੁਲਮ ਨੂੰ ਦੂਰ ਕਰਨ ਅਤੇ ਇਨਸਾਫ ਲਈ ਇਹ ਮਿਟ ਵੀ ਜਾਏ ਤਾਂ ਹੋਰ ਕੀ ਚਾਹੀਦਾ ਹੈ?'

ਔਰੰਗਜ਼ੇਬ ਵਲੋਂ ਗੁਰੂ ਜੀ ਨੂੰ ਕਤਲ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਸੀ। ਦਿਲੀ ਦੇ ਹਾਕਮਾਂ ਨੇ ਉਸਦੀ ਤਾਮੀਲ ਕਰਨੀ

ਸੀ। ਮਹਾਰਾਜ ਨੂੰ ਸ਼ਹੀਦ ਕਰਨ ਲਈ ਦਿਨ ਨੀਯਤ ਕੀਤਾ ਗਿਆ, ਇਸ ਦੀ ਖਬਰ ਦਿਲੀ ਦੇ ਸਿੱਖਾਂ ਨੂੰ ਭੀ ਹੋ ਗਈ । ਜਨਤਾ ਨੂੰ ਭੀ ਪਤਾ ਲਗ ਗਿਆ । ਨੀਯਤ ਦਿਨ ਤੇ ਧਰਮ ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬੰਦੀਖਾਨੇ ਵਿਚੋਂ ਕਢਿਆ ਗਿਆ। ਆਪ ਲੋਹੇ ਦੇ ਪਿੰਜਰੇ ਵਿਚ ਬੰਦ ਸਨ । ਆਪ ਨੂੰ ਪਿੰਜਰੇ ਵਿਚੋਂ ਕਢਕੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਲਿਆਂਦਾ ਗਿਆ। ਹਰ ਪਾਸੇ ਮੁਗਲ ਫੌਜ ਦਾ ਪਹਿਰਾ ਸੀ । ਕਾਜ਼ੀ ਅਤੇ ਹਾਕਮ ਸਾਹਮਣੇ ਖੜੇ ਸਨ। ਦਿੱਲੀ ਦੇ ਹਜ਼ਾਰਾਂ ਲੋਕ, ਜਿਨ੍ਹਾਂ ਵਿਚ ਹਿੰਦੂ ਤੇ ਨੇਕ ਮੁਸਲਮਾਨ ਖੜੇ ਸਨ, ਸਹਿਮੇ ਹੋਏ ਦਿਲਾਂ ਨਾਲ ਡਲ੍ਹਕ ਰਹੇ ਨੇਤਰਾਂ ਨਾਲ ਇਹ ਦ੍ਰਿਸ਼ਯ ਵੇਖ ਰਹੇ ਸਨ । ਇਕ ਪਾਸੇ ਨੇਕੀ ਤੇ ਇਨਸਾਫ ਦੀ ਮੰਗ ਸੀ, ਗਰੀਬਾਂ ਤੇ ਮਜ਼ਲੂਮਾਂ ਦੀ ਬਾਂਹ ਫੜਨ ਵਾਲੇ ਧਰਮ ਮੂਰਤਿ ਸਤਿਗੁਰੂ ਖੜੇ ਸਨ, ਦੂਜੇ ਪਾਸੇ ਕੂਟਨੀਤੀ, ਰਾਜ ਮਦ, ਹਕੂਮਤ ਦਾ ਰੋਹਬ ਤੇ ਤਾਕਤ ਦਾ ਮਾਣ ਸੀ, ਜੋਬਨ, ਧਨ, ਪ੍ਰਭਤਾ, ਰਾਜ ਮਦ ਅਤੇ ਮਜ਼ਹਬੀ ਤੁਅੱਸਬ ਮਨੁਖ ਨੂੰ ਅੰਨ੍ਹਿਆਂ ਕਰ ਦਿੰਦੇ ਹਨ। ਮੁਗਲ ਦੀਆਂ ਅਖਾਂ ਅਗੇ ਕਈ ਤਰ੍ਹਾਂ ਦੀਆਂ ਪਟੀਆਂ ਬਝੀਆਂ ਹੋਈਆਂ ਸਨ । ਪੀੜਤ ਜਨਤਾ ਬੇਬਸ ਸੀ, ਦਿਲਾਂ ਵਿਚ ਦਰਦ ਸੀ, ਪਰ ਉਸ ਨੂੰ ਪ੍ਰਗਟ ਕਰਨ ਦੀ ਆਗਿਆ ਨਹੀਂ ਸੀ। ਮੂੰਹਾਂ ਵਿਚ ਜ਼ਬਾਨਾਂ ਸਨ ਪਰ ਉਸ ਲਈ ਇਨਸਾਫ ਦੀ ਮੰਗ ਕਰਨੀ ਕਠਨ ਸੀ।

ਬਹੁਤ ਵਡੀ ਭੀੜ ਵਿਚੋਂ ਵੈਰਾਗ-ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਨਿਕਲੇ । ਗੁਰਦੇਵ ਨਾਲ ਲਗਦੇ ਇਕ ਖੂਹ ਤੇ ਗਏ । ਉਥੇ ਆਪ ਨੇ ਇਸ਼ਨਾਨ ਕੀਤਾ, ਫਿਰ ਸਰਬ ਸ਼ਕਤੀਮਾਨ ਵਾਹਿਗੁਰੂ ਦੇ ਪਿਆਰ ਵਿਚ ਮਗਨ ਹੋ ਕੇ ਸ੍ਰੀ ਜਪੁਜੀ ਦਾ ਪਾਠ ਕਰਕੇ ਚਾਂਦਨੀ ਚੌਂਕ ਵਿਚ ਇਕ ਬੋਹੜ ਥਲੇ ਆ ਬਿਰਾਜੇ। ਇਉਂ ਪ੍ਰਤੀਤ ਹੁੰਦਾ ਸੀ ਕਿ ਜਬਰ ਅਤੇ ਸਬਰ ਦਾ ਘੋਲ ਹੋਣਾ ਹੈ। ਕਾਜ਼ੀ ਕਤਲ ਦਾ ਹੁਕਮ ਸੁਣਾਉਣ ਲਈ ਅਗੇ ਵਧਿਆ।

ਕਾਜ਼ੀ–'ਆਪ ਦਾ ਨਾਂ ਤੇਗ ਬਹਾਦਰ ਕਿਉਂ ਹੈ।'

ਗੁਰੂ ਜੀ—'ਜਿਸ ਸਮੇਂ ਸਾਡੇ ਤੇ ਤਲਵਾਰ ਚਲਾਓਗੇ, ਤੁਹਾਨੂੰ ਇਸ ਦਾ ਉੱਤਰ ਮਿਲ ਜਾਏਗਾ।

ਕਾਜ਼ੀ ਨੇ ਜਲਾਦ ਨੂੰ ਹੁਕਮ ਦਿਤਾ ਕਿ ਗੁਰੂ ਜੀ ਪਰ ਤਲਵਾਰ ਚਲਾਈ ਜਾਵੇ। ਸਯਦ ਜਲਾਲ ਦੀਨ ਸਮਾਣੇ ਵਾਲੇ ਨੇ ਇਸ ਗੁਨਾਹ ਨੂੰ 'ਕਰਿ ਸੁਆਬ' ਸਮਝ ਕੇ ਤਲਵਾਰ ਉਠਾਈ। ਉਸ ਵਕਤ ਗੁਰੂ ਜੀ ਨੇ ਸ੍ਰੀ ਜਪੁਜੀ ਪਾਠ ਜਾ ਸਮਾਪਤ ਕਰ ਕੇ ਹਕੂਮਤ, ਜਬਰ ਅਤੇ ਜ਼ੁਲਮ ਦੇ ਸਾਹਮਣੇ ਨਹੀਂ, ਅਕਾਲ ਪੁਰਖ ਦੇ ਸਾਹਮਣੇ ਆਪਣਾ ਸੀਸ ਝੁਕਾਇਆ, ਜਿਸ ਦੀ ਦਰਗਾਹ ਵਿਚ ਜ਼ੁਲਮ ਕਰਨ ਵਾਲੇ ਹਾਕਮ ਤੇ ਮਹਿਕੂਮ ਨੂੰ, ਜ਼ਾਲਮ ਅਤੇ ਮਜ਼ਲੂਮ ਨੂੰ, ਜਾਬਰ ਅਤੇ ਮਾਸੂਮ ਨੂੰ, ਬਾਦਸ਼ਾਹ ਅਤੇ ਕੰਗਾਲ ਨੂੰ ਇਕੋ ਜੇਹਾ ਇਨਸਾਫ ਮਿਲਦਾ ਹੈ।

ਮਘਰ ਸੁਦੀ ੫ ਸੰਮਤ ੧੭੩੨ ਨੂੰ ਸ਼ਾਮ ਦੇ ਵਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚ ਜਲਾਦ ਨੇ ਤਲਵਾਰ ਮਾਰੀ ਗੁਰੂ ਜੀ ਦਾ ਸੀਸ ਧੜ ਨਾਲੋਂ ਅਡ ਹੋ ਗਿਆ। ਪਰ ਦਰਅਸਲ ਉਸ ਦਿਨ ਮੁਗਲ ਰਾਜ ਦੀ ਜੜ੍ਹ ਕਟੀ ਗਈ।

ਮਹਿੰਦੀ ਪਹਿਲੇ ਪਿਸਦੀ ਹੈ, ਫਿਰ ਰੰਗ ਦਿੰਦੀ ਹੈ। ਕਲਮ ਚਾਕੂ ਨਾਲ ਘੜੀਦੀ ਹੈ ਫਿਰ ਲਿਖਦੀ ਹੈ। ਇਸੇ ਤਰ੍ਹਾਂ ਸ਼ਹੀਦਾਂ ਦਾ ਖ਼ੂਨ ਕੌਮਾਂ ਨੂੰ ਜੀਵਨ ਦੀ ਰੰਗਤ ਦਿੰਦਾ ਹੈ। ਕਲਮ ਵਾਂਗੂ ਉਨ੍ਹਾਂ ਦੇ ਕਟੇ ਹੋਏ ਸੀਸ ਮੁਲਕਾਂ ਅਤੇ ਕੌਮਾਂ ਦੀ ਤਕਦੀਰ ਨੂੰ ਬਦਲਦੇ ਹਨ। ਗੁਰੂ ਜੀ ਦੀ ਸ਼ਹੀਦੀ ਦੇਖ ਕੇ ਲੋਕਾਂ ਨੇ ਹਾਹਾ ਕਾਰ ਕੀਤੀ ਅਤੇ ਕਿਹਾ—'ਧੰਨ ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਜਿਸ ਤਰ੍ਹਾਂ ਚਾਦਰ ਸਾਰੇ ਸਰੀਰ ਨੂੰ ਢਕ ਲੈਂਦੀ ਹੈ, ਸਤਿਗੁਰੂ ਨੇ ਸੀਸ ਦੇ ਕੇ ਸਾਰੇ ਦੇਸ਼ ਦੀ ਲਾਜ ਰਖ ਲਈ। ਇਸ ਲਈ ਗੁਰਦੇਵ ਨੂੰ 'ਹਿੰਦ ਦੀ ਚਾਦਰ' ਆਖਿਆ ਗਿਆ।

ਸਿਆਲ ਦੇ ਦਿਨ ਸਨ, ਸ਼ਾਮ ਪੈ ਚੁਕੀ ਸੀ। ਸਤਿਗੁਰਾਂ ਦਾ

ਧੜ ਤੇ ਸੀਸ ਚਾਂਦਨੀ ਚੌਂਕ ਵਿਚ ਪਏ ਹੋਏ ਸਨ। ਅਨੰਦਪੁਰੋਂ ਆਏ ਗੁਰੂ ਕੇ ਸਿਖ ਭਾਈ ਜੈਤੇ* ਨੇ ਪਹਿਰੇਦਾਰ ਦੀ ਨਜ਼ਰ ਬਚਾ ਕੇ ਗੁਰੂ ਜੀ ਦਾ ਸੀਸ ਚੁਕ ਲਿਆ ਤੇ ਇਕ ਚਾਦਰ ਵਿਚ ਵਲ੍ਹੇਟ ਕੇ ਅਨੰਦਪੁਰ ਦੇ ਰਾਹ ਪੈ ਗਿਆ। ਉਸ ਨੇ ਦਿਲੀਓਂ ਤੁਰ ਕੇ ਤਰਾਊੜੀ ਪੁਜ ਕੇ ਪੜਾ ਕੀਤਾ। ਇਥੇ ਹੁਣ ਤੀਕ ਗੁਰਦਵਾਰਾ ਮੌਜੂਦ ਹੈ। ਛੋਟੀ ਛੋਟੀ ਪੰਧ ਮੁਕਾ ਕੇ ਭਾਈ ਜੈਤਾ ਅਨੰਦਪੁਰ ਪੁਜਾ। ਦਸਮ ਪਾਤਸ਼ਾਹ ਨੇ ਇਸ ਨੂੰ ਛਾਤੀ ਨਾਲ ਲਾਕੇ 'ਰੰਘਰੇਟਾ ਗੁਰ ਕਾ ਬੇਟਾ' ਕਿਹਾ। ਉਪਰੰਤ ਗੁਰਦੇਵ ਅਤੇ ਸਰਬੱਤ ਸੰਗਤ ਨੇ ਬੜੇ ਸਤਕਾਰ ਨਾਲ ਨੌਵੇਂ ਪਾਤਸ਼ਾਹ ਦੇ ਸੀਸ ਦਾ ਅੰਤਮ ਸੰਸਕਾਰ ਕੀਤਾ।

ਨੌਵੇਂ ਪਾਤਸ਼ਾਹ ਦੇ ਧੜ ਨੂੰ ਸੰਭਾਲਣ ਦੀ ਸੇਵਾ ਭਾਈ ਲਖੀ ਸ਼ਾਹ ਵਣਜਾਰੇ ਨੇ ਕੀਤੀ। ਇਸ ਗੁਰੂ ਪਿਆਰੇ ਨੇ ਜਮਨਾ ਦੇ ਨਿਗਮ ਬੋਧ ਘਾਟ ਵਲੋਂ ਇਕ ਸੌ ਬੈਲ ਗੱਡੀਆਂ ਵਿਚ ਰੂੰ ਆਦਿਕ ਲਦ ਕੇ ਹਨੇਰੇ ਵਿਚ ਰਾਇ ਸੀਨੇ ਵਲ ਜਾਣ ਲਈ ਲਾਰ ਬੰਨ੍ਹ ਦਿਤੀ। ਚਾਂਦਨੀ ਚੌਂਕ ਵਿਚ ਪੁਜਕੇ ਬੜੀ ਸਿਆਣਪ ਨਾਲ ਗੁਰੂ ਜੀ ਦਾ ਪਵਿਤ੍ਰ ਧੜ ਇਕ ਗੱਡੀ ਵਿਚ ਰਖ ਲਿਆ। ਰਾਇ ਸੀਨੇ ਪੁਜ ਕੇ ਇਹ ਪਵਿਤ੍ਰ ਧੜ ਆਪਣੇ ਘਰ ਵਿਚ ਜਾ ਰਖਿਆ। ਲਕੜੀਆਂ ਘਿਉ ਤੇ ਸੁਗੰਧਤ ਪਦਾਰਥ ਇਕਤ੍ਰ ਕਰਕੇ ਚਿਖਾ ਬਨਾ, ਬੜੇ ਸਤਿਕਾਰ ਨਾਲ ਉਸ ਪਰ ਮਹਾਰਾਜ ਦੀ ਦੇਹ ਰਖੀ। ਪਰਕਰਮਾਂ

---

*ਭਾਈ ਜੈਤਾ ਜੀ ਦਾ ਪਿੱਛਾ ਰਾਮਦਾਸ ਜ਼ਿਲਾ ਅੰਮ੍ਰਿਤਸਰ ਦਾ ਸੀ। ਆਪ ਭਾਈ ਗੁਰਦਿਤਾ ਜੀ ਦੀ ਸੰਗਤ ਕਰਕੇ ਸਿਖ ਬਣੇ ਸਨ। ਆਪ ਘੋੜਿਆਂ ਦੀ ਸੇਵਾ ਕਰਦੇ ਸਨ। ਅੰਮ੍ਰਿਤ ਛਕ ਕੇ ਆਪ ਭਾਈ ਜੀਊਣ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਏ। ਚਮਕੌਰ ਦੇ ਜੁਧ ਵਿਚ ਆਪ ਨੇ ਸ਼ਹੀਦੀ ਪਾਈ। ਚਮਕੌਰ ਸਾਹਿਬ ਵਿਚ ਆਪ ਦਾ 'ਸ਼ਹੀਦੀ ਬੁਰਜ' ਪ੍ਰਸਿਧ ਹੈ। ਇਸ ਥਾਂ ਅਨੰਦਪੁਰ ਵਿਚ ਗੁਰਦਵਾਰਾ ਸੀਸ ਗੰਜ ਹੈ।

ਕਰਕੇ ਉਸਨੂੰ ਅਗਨੀ ਦੇ ਦਿਤੀ। ਜਾਪਦਾ ਇਉਂ ਸੀ ਕਿ ਲੱਖੀਸ਼ਾਹ ਦੇ ਘਰ ਨੂੰ ਅੱਗ ਲਗ ਗਈ ਤੇ ਘਰ ਸੜਰਿਹਾ ਸੀ। ਪਰ ਅੰਦਰ ਗੁਰਦੇਵ ਦੇ ਪਵਿਤ੍ਰ ਸਰੀਰ ਦਾ ਅੰਤਮ ਸੰਸਕਾਰ ਹੋ ਰਿਹਾ ਸੀ। ਲੱਖੀ ਸ਼ਾਹ ਦੇ ਦਿਲ ਵਿਚ ਗੁਰੂ ਭਗਤੀ ਅਤੇ ਵੈਰਾਗ ਦੀ ਜਵਾਲਾ ਭੜਕ ਰਹੀ ਸੀ। ਮੂੰਹੋਂ ਕਹਿੰਦਾ ਸੀ–'ਲੋਕੋ ਮੇਰਾ ਘਰ ਸੜ ਗਿਆ ਹੈ।' ਸਵੇਰ ਹੋਈ, ਉਸ ਨੇ ਮਹਾਰਾਜ ਦੀਆਂ ਅਸਤੀਆਂ ਤਾਂਬੇ ਦੀ ਗਾਗਰ ਵਿਚ ਪਾਕੇ ਉਸ ਥਾਂ ਦੱਬ ਦਿਤੀਆਂ।

ਦਿਲੀ ਦੇ ਚਾਂਦਨੀ ਚੌਕ ਵਿਚ ਜਿਸ ਥਾਂ ਤੇ ਨੌਵੇਂ ਪਾਤਸ਼ਾਹ ਸ਼ਹੀਦ ਹੋਏ ਸਨ, ਉਸ ਥਾਂ ਦਾ ਨਾਂ ਗੁਰਦਵਾਰਾ ਸੀਸ ਗੰਜ ਹੈ। ਜਿਥੇ ਗੁਰਦੇਵ ਦੇ ਪਵਿਤ੍ਰ ਸਰੀਰ ਦਾ ਸਸਕਾਰ ਹੋਇਆ ਸੀ, ਉਸ ਦਾ ਨਾਂ ਗੁਰਦਵਾਰਾ ਰਕਾਬ ਗੰਜ ਹੈ।* ਇਹ ਨਵੀਂ ਦਿਲੀ ਵਿਚ ਹੈ।

---

*ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਮਿਸਲਾਂ ਨੇ ਜਿਸ ਵਕਤ ਦਿੱਲੀ ਫਤਹ ਕੀਤੀ, ਤਦ ਗੌਹਰ ਅਲੀ ਸ਼ਾਹ ਆਲਮ ਸਾਨੀ ਨੇ ਬੇਨਤੀ ਕੀਤੀ–ਦਿੱਲੀ ਸਾਨੂੰ ਬਖਸ਼ ਦਿਓ। ਖਾਲਸੇ ਨੇ ਉਸ ਨੂੰ ਇਹ ਸ਼ਰਤਾਂ ਪੇਸ਼ ਕੀਤੀਆਂ–੧. ਦਿੱਲੀ ਦੇ ਸਾਰੇ ਗੁਰਦਵਾਰੇ ਬਣਾ ਦਿਓ। ੨. ਪਰਜਾ ਨਾਲ ਇਨਸਾਫ ਕਰੋ। ੩. ਖਰਾਜ ਦਿਓ। ਬਾਦਸ਼ਾਹ ਨੇ ਇਹ ਗੱਲਾਂ ਮੰਨ ਲਈਆਂ। ਤਦ ਗੁਰਦਵਾਰਾ ਸੀਸ ਗੰਜ ਦੀ ਭਾਲ ਸ਼ੁਰੂ ਹੋਈ। ਇਕ ਮਾਸ਼ਕੀ ਦੀ ਬੁਢੀ ਔਰਤ ਨੇ ਇਹ ਥਾਂ ਦਸੀ, ਕਿਉਂਕਿ ਉਸ ਨੇ ਮਹਾਰਾਜ ਦੀ ਸ਼ਹੀਦੀ ਵੇਖੀ ਸੀ। ਉਸ ਥਾਂ ਖਾਲਸੇ ਨੇ ਗੁਰਦਵਾਰਾ ਬਨਾਉਣਾ ਚਾਹਿਆ। ਲਾਗੇ ਮਸੀਤ ਸੀ। ਇਸ ਲਈ ਸਿਖਾਂ ਤੇ ਮੁਸਲਮਾਨਾਂ ਵਿਚਕਾਰ ਤਲਵਾਰ ਚਲੀ। ਪਰ ਬਾਦਸ਼ਾਹ ਨੇ ਵਿਚ ਪੈ ਕੇ ਫੈਸਲਾ ਕਰਵਾ ਦਿਤਾ। ਸੰਨ ੧੮੫੭ ਈਸਵੀ ਦੇ ਗਦਰ ਵਿਚ ਫਿਰ ਇਸ ਥਾਂ ਸਿਖਾਂ ਤੇ ਮੁਸਲਮਾਨਾਂ ਦਾ ਝਗੜਾ ਹੋਇਆ। ਉਦੋਂ ਰਾਜਾ ਸਰੂਪ ਸਿੰਘ

(ਬਾਕੀ ਫੁਟ ਨੋਟ ਦੇਖੋ ਸਫਾ ੩੫੩)

ਜਾਦੂ ਨਾਥ ਸਰਕਾਰ ਲਿਖਦੇ ਹਨ—'ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪਿਛੋਂ ਸਿੱਖਾਂ ਅਤੇ ਮੁਗਲਾਂ ਵਿਚ ਖੁਲ੍ਹੀ ਜੰਗ ਸ਼ੁਰੂ ਹੋ ਗਈ। ਸ਼ਹੀਦ ਗੁਰੂ ਦੇ ਇਕ ਸਿੱਖ ਨੇ ੨੭ ਅਕਤੂਬਰ ੧੬੭੬ ਈ: ਨੂੰ ਜਦ ਕਿ ਔਰੰਗਜ਼ੇਬ ਬੇੜੀ ਚੋਂ ਉਤਰਕੇ ਸ਼ਾਹੀ ਮਸੀਤ ਵਲ ਜਾ ਰਿਹਾ ਸੀ, ਇੱਟਾਂ ਮਾਰੀਆਂ।

ਜਾਪਦਾ ਹੈ ਕਿ ਇਹ ਉਨ੍ਹਾਂ ਸੂਰਬੀਰ ਸਿੱਖਾਂ ਚੋਂ ਕਿਸੇ ਦਾ ਕਾਰਨਾਮਾ ਸੀ, ਜੋ ਜੇਹਲ ਤੋੜਕੇ ਆਏ ਸਨ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਇਕ ਅਜੇਹੀ ਜਵਾਲਾ ਪ੍ਰਚੰਡ ਕੀਤੀ, ਜਿਸ ਨੇ ਮੁਗਲ ਰਾਜ ਦਾ ਖਾਤਮਾ ਕਰਕੇ ਰਖ ਦਿਤਾ। ਪੰਜਾਬ ਤੇ ਕਸ਼ਮੀਰ ਵਿਚ ਹਿੰਦੂ ਧਰਮ ਤੇ ਸਭਿਅਤਾ ਦੇ ਜੋ ਚਿੰਨ੍ਹ ਮਿਲਦੇ ਹਨ, ਉਹ ਨੌਵੇਂ ਪਾਤਸ਼ਾਹ ਦੀ ਕੁਰਬਾਨੀ ਦਾ ਸਦਕਾ ਹਨ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਨਾਲ ਸਿੱਖ ਸੂਰਬੀਰ ਬਣੇ ਸਨ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੂੰ ਮੁਗਲ ਰਾਜ ਵਿਰੁਧ ਸ੍ਰੀ ਕਲਗੀਧਰ ਦੀ ਅਗਵਾਈ ਹੇਠ ਨਵੀਂ ਜੰਗ ਦਾ ਆਰੰਭ ਕੀਤਾ, ਜੋ ਸੌ ਸਾਲ ਭਾਵ ਬਾਰਾਂ ਮਿਸਲਾਂ ਦੇ ਸਮੇਂ ਤੀਕ ਲੜੀ ਗਈ। ਸਦੀਆਂ ਦੀ ਗੁਲਾਮੀ ਦੇ ਕਾਰਨ ਠੰਢੇ ਹੋ ਚੁਕੇ ਖੂਨ ਨੂੰ ਨੌਵੇਂ

(ਸਫਾ ੩੫੨ ਦੇ ਫੁਟ ਨੋਟ ਦੀ ਬਾਕੀ)

ਜੀਂਦ ਨੇ ਪ੍ਰੀਵੀ ਕੌਂਸਲ ਤਕ ਮੁਕਦਮਾ ਲੜਿਆ ਅਤੇ ਗੁਰਦਵਾਰਾ ਸੀਸ ਗੰਜ ਵਾਲੀ ਥਾਂ ਦਾ ਫੈਸਲਾ ਕਰਵਾਇਆ।

ਗੁਰਦਵਾਰਾ ਰਕਾਬ ਗੰਜ ਦੀ ਭਾਲ ਭੀ ਮਿਸਲਾਂ ਨੇ ਕੀਤੀ। ਭਾਈ ਲੱਖੀ ਸ਼ਾਹ ਦੀ ਸੰਤਾਨ ਪਾਸੋਂ ਥਾਂ ਲਭਕੇ ਗੁਰਦਵਾਰਾ ਬਣਾਇਆ।

੧੯੧੪ ਈ: ਵਿਚ ਸਰਕਾਰ ਅੰਗਰੇਜ਼ੀ ਨੇ ਇਸ ਗੁਰਦਵਾਰੇ ਦੀ ਕੰਧ ਗਿਰਾਣੀ ਚਾਹੀ। ਇਸਦੇ ਵਿਰੁਧ ਅੰਦੋਲਨ ਹੋਇਆ। ਇਹ ਇਕ ਤਰ੍ਹਾਂ ਅਕਾਲੀ ਲਹਿਰ ਦਾ ਮੁਢ ਸੀ।

ਪਾਤਸ਼ਾਹ ਦੀ ਸ਼ਹੀਦੀ ਨੇ ਫਿਰ ਗਰਮ ਕੀਤਾ। ਮਿਸਲਾਂ ਦੇ ਸੂਰਬੀਰ ਤੇ ਜ਼ਿੰਦਾ ਸ਼ਹੀਦ ਸਿੰਘਾਂ ਪਾਸੋਂ ਮੁਗਲ ਤੇ ਅਬਦਾਲੀ ਪੁਛਦੇ ਸਨ—'ਤੁਹਾਡੇ ਪਾਸ ਸਾਡੇ ਮੁਕਾਬਲੇ ਤੇ ਸ਼ਸਤ੍ਰ ਬਸਤ੍ਰ ਤੇ ਘੋੜੇ ਚੰਗੇ ਨਹੀਂ ਤੁਸੀਂ ਕਈ ਕਈ ਦਿਨ ਪੇਟੋਂ ਭੁਖੇ ਰਹਿੰਦੇ ਹੋ, ਫਿਰ ਕਿਵੇਂ ਲੜਦੇ ਹੋ ?' ਸਿਖ ਉੱਤਰ ਦਿੰਦੇ ਸਨ—ਜਦ ਅਸੀਂ ਦੇਸ਼ ਅਤੇ ਧਰਮ ਦੀ ਆਜ਼ਾਦੀ ਦੀ ਜੰਗ ਲੜਨ ਲਈ ਤੁਹਾਡੇ ਮੁਕਾਬਲੇ ਤੇ ਆਉਂਦੇ ਹਾਂ ਤਦ ਉਪਕਾਰੀ ਤੇ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਸਾਡੇ ਅਗੇ ਅਗੇ ਉਡਦਾ ਹੈ, ਉਸ ਦੇ ਪਿਛੇ ਪਿਛੇ ਅਸੀਂ ਤਲਵਾਰ ਚਲਾਉਂਦੇ ਹਾਂ। ਇਹ ਨਹੀਂ ਵੇਖਦੇ ਕਿ ਅਗੇ ਖਤਰਾ ਹੈ ਜਾਂ ਦੁਸ਼ਮਨ ਕਿੰਨਾ ਕੁ ਬਲਵਾਨ ਹੈ।'

ਨੌਵੇਂ ਪਾਤਸ਼ਾਹ ਨੇ ਸਾਰੇ ਹਿੰਦੁਸਤਾਨ ਦੀ ਇੱਜ਼ਤ ਨੂੰ ਬਚਾਇਆ ਹੈ, ਇਸ ਲਈ ਉਹ 'ਹਿੰਦ ਦੀ ਚਾਦਰ' ਸਨ।

ਸਾਡੇ ਦੇਸ਼ ਦੇ ਲੋਕੀਂ ਏਕਤਾ ਤੇ ਦੇਸ਼ ਭਗਤੀ ਦੀ ਕਮੀ ਕਰ ਕੇ ਕਈ ਸਦੀਆਂ ਤੀਕ ਗੈਰ ਕੌਮਾਂ ਦੇ ਜ਼ੁਲਮ, ਜਬਰ, ਲੁਟ-ਘਸੁਟ ਅਤੇ ਗੁਲਾਮੀ ਦਾ ਸ਼ਿਕਾਰ ਹੁੰਦੇ ਰਹੇ ਹਨ। ਇਹ ਨਿਜਸਵਾਰਥ ਤੇ ਸੰਪ੍ਰਦਾਇਕ ਝਗੜਿਆਂ ਦੀ ਜਿਲ੍ਹਣ ਤੋਂ ਉਚੇ ਉਠਕੇ ਸਾਂਝੇ ਲਾਭਾਂ ਹਿਤ ਸੋਚ ਹੀ ਨਹੀਂ ਸਕੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਤੇ ਦੇਸ਼ ਦੀ ਰਖਿਆ ਲਈ ਸੀਸ ਦੇ ਕੇ ਹਿੰਦੁਸਤਾਨ ਲਈ ਇਕ ਨਵੇਂ ਪੂਰਨੇ ਪਾਏ ਹਨ। ਉਨ੍ਹਾਂ ਦੀ ਕੁਰਬਾਨੀ ਇਤਿਹਾਸ ਵਿਚ ਸੂਰਜ ਵਾਂਗ ਚਮਕਦੀ ਰਹੇਗੀ ਉਹ ਹਿੰਦੁਸਤਾਨ ਲਈ ਅਮਰ ਜੀਵਨ ਦਾ ਇਕ ਸੰਦੇਸ਼ ਹੈ।*

---

*ਜਹਾਂ ਮੇ ਅਹਿਲੇ ਈਮਾਂ ਮਿਸਲ ਖੁਰਸ਼ੀਦ ਜੀਤੇ ਹੈਂ।
ਇਧਰ ਡੂਬੇ ਉਧਰ ਨਿਕਲੇ ਉਧਰ ਡੂਬੇ ਇਧਰ ਨਿਕਲੇ।
(ਇਕਬਾਲ)

ਪੰਥ ਦੇ ਵਾਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

(੧) ਹਮ ਇਹ ਕਾਜ ਜਗਤ ਮੋ ਆਏ ।
ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ ।
ਦੁਸ਼ਟ ਦੋਖੀਅਨ ਪਕਰਿ ਪਛਾਰੋ ।
ਇਹੈ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ ।
ਦੁਸ਼ਟ ਸਭਨ ਕੋ ਮੂਲ ਉਪਾਰਨ ।
(ਬਚਿਤ੍ਰ ਨਾਟਕ)

(੨) ਹਰ ਸਚੇ ਤਖਤ ਰਚਾਇਆ
ਸਤ ਸੰਗਤਿ ਮੇਲਾ ।
ਨਾਨਕ ਨਿਰਭਉ ਨਿਰੰਕਾਰ
ਵਿਚ ਸਿਧਾਂ ਖੇਲਾ ।
ਗੁਰ ਸਿਮਰ ਮਨਾਈ ਕਾਲਕਾ
ਖੰਡੇ ਕੀ ਵੇਲਾ ।
ਪੀਉ ਪਾਹੁਲ ਖੰਡ ਧਾਰ
ਹੋਇ ਜਨਮ ਸੁਹੇਲਾ ।
ਸੰਗਤ ਕੀਨੀ ਖਾਲਸਾ
ਮਨਮੁਖੀ ਦੁਹੇਲਾ ।
ਵਾਹੁ ਵਾਹ ਗੁਰੂ ਗੋਬਿੰਦ ਸਿੰਘ
ਆਪੇ ਗੁਰ ਚੇਲਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਅਵਤਾਰ ਧਾਰਿਆ-	ਪੋਹ ਸੁਦੀ ਸਪਤਮੀ, ਸੰਮਤ ੧੭੨੩।
ਜਨਮ ਅਸਥਾਨ-	ਹਰਿਮੰਦਰ, ਪਟਨਾ ਸਾਹਿਬ (ਬਿਹਾਰ)।
ਮਾਤਾ ਪਿਤਾ-	ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ। ਮਾਤਾ ਗੁਜਰੀ ਜੀ।
ਮਹਿਲ-	੧. ਸ੍ਰੀ ਜੀਤ ਜੀ, ੨. ਮਾਤਾ ਸੁੰਦਰੀ ਜੀ ਸਾਹਿਬ ਦੇਵੀ ਜੀ।
ਗੁਰ-ਗੱਦੀ-	ਮਘਰ ਸੁਦੀ ੩ ਸੰਮਤ ੧੭੩੨, ਅਨੰਦ ਪੁਰ ਵਿਖੇ।
ਸੰਤਾਨ	ਚਾਰ ਸਾਹਿਬਜ਼ਾਦੇ-ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ।
ਖਾਲਸਾ ਸਾਜਿਆ-	੧ ਵਿਸਾਖ ਸੰਮਤ ੧੭੫੬।
ਜੰਗ-	੧. ਭੰਗਾਣੀ, ੨. ਨਦੌਣ, ੩. ਗੁਲੇਰ, ੪. ਅਨੰਦਪੁਰ, ੫. ਚਮਕੌਰ, ੬. ਮੁਕਤਸਰ।
ਜੋਤੀ ਜੋਤ ਸਮਾਏ-	ਕਤਕ ਸੁਦੀ ੫ ਸੰਮਤ ੧੭੬੫, ਅਬਚਲ ਨਗਰ (ਨਾਦੇੜ) ਹੈਦਰਾਬਾਦ ਮਹਾਰਾਸ਼ਟਰ ਵਿਖੇ।

ਪੈਂਤੀਵਾਂ ਵਿਖਿਆਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ,ਪਟਨੇ ਦੇ ਕੌਤਕ ਅਨੰਦ ਪੁਰ ਆਗਮਨ, ਗੁਰਗੱਦੀ ਭੀਮਚੰਦ ਦਾ ਵਿਰੋਧ

ਜਿਸ ਤਰ੍ਹਾਂ ਅਥਾਹ ਸਮੁੰਦਰ ਵਿਚ ਹਰ ਘੜੀ ਬੇਅੰਤ ਬੁਲਬੁਲੇ ਉਠਦੇ ਅਤੇ ਮਿਟ ਜਾਂਦੇ ਹਨ, ਇਸੇ ਤਰ੍ਹਾਂ ਇਸ ਵਿਸ਼ਾਲ ਜਗਤ ਵਿਚ ਅਨੰਤ ਕਾਲ ਤੋਂ ਅਨਗਿਣਤ ਮਨੁਖ ਪੈਦਾ ਹੋਏ ਤੇ ਮਿਟ ਚੁਕੇ ਹਨ, ਰਚਨਾ ਅਤੇ ਸੰਸਾਰ ਦੀ ਇਹ ਰੌ ਇਕ ਰਸ ਜਾਰੀ ਹੈ। ਮਨੁਖ ਰੂਪ ਵਿਚ ਚਾਰ ਕਿਸਮ ਦੇ ਆਦਮੀ ਆਉਂਦੇ ਹਨ-ਪਹਿਲਾ ਭਾਗ ਅਜਿਹੇ ਮਨੁਖਾਂ ਦਾ ਹੈ, ਜੋ ਨਿਜ ਸਵਾਰਥ, ਅਪਣੀਆਂ ਲੋੜਾਂ ਕਾਮਨਾਵਾਂ ਅਤੇ ਰੁਚੀਆਂ ਤੋਂ ਪਰੇ ਕੁਝ ਨਹੀਂ ਵੇਖ ਸਕਦੇ। ਇਨ੍ਹਾਂ ਜਾ ਜਨਮ ਮਰਨ, ਦੁਖ ਸੁਖ, ਕਾਰ ਵਿਹਾਰ, ਨਿਜ ਸਵਾਰਥ ਦੇ ਇਸ ਰੂਪ ਵਿਚ ਟੱਬਰ ਕਬੀਲੇ ਦੀ ਸੇਵਾ ਹੁੰਦੀ ਹੈ। ਨਿਜ-ਸਵਾਰਥੀ ਦੇ ਵਿਚ ਇਕ ਭਾਗ ਅਜਿਹੇ ਆਦਮੀਆਂ ਦਾ ਵੀ ਹੁੰਦਾ ਹੈ ਜੋ ਪਾਪ ਹੀ ਕਰਦੇ ਹਨ। ਇਹ 'ਕਰਤੂਤ ਪਸੂ ਕੀ ਮਾਨਸ ਜਾਤਿ' ਦੇ ਵਾਕ ਅਨੁ-ਸਾਰ ਪਸੂ ਬ੍ਰਿਤੀ ਦੇ ਹੁੰਦੇ ਹਨ। ਇਹ ਆਚਰਨ ਹੀਨ, ਦੁਰਾਚਾਰੀ ਤੇ ਕੁਕਰਮੀ ਹੁੰਦੇ ਹਨ। ਜਿਵੇਂ ਕੋਈ ਪਸ਼ੂ ਕਿਸੇ ਨਿਰਮਲ ਸੋਮੇ ਵਿਚੋਂ ਜਲ ਪੀਕੇ ਬੇਸਮਝੀ ਦੇ ਕਾਰਨ ਖੌਰੂ ਪਾ ਕੇ ਦੂਜਿਆਂ ਲਈ ਪਾਨੀ ਗੰਧਲਾ ਕਰ ਦਿੰਦਾ ਹੈ, ਇਸੇ ਤਰ੍ਹਾਂ ਕਈ ਮਨੁਖਾਂ ਦਾ ਬਦੀ ਕਰਨ ਵਾਲਾ ਸੁਭਾਵ ਬਣ ਜਾਂਦਾ ਹੈ। ਜਿਸ ਤੋਂ ਮਜਬੂਰ ਹੋਕੇ ਦੂਜੇ ਦਾ ਨੁਕਸਾਨ ਕਰ ਦਿੰਦੇ ਹਨ, ਭਾਵੇਂ ਉਸ ਵਿਚ ਉਨ੍ਹਾਂ ਦਾ ਆਪਣਾ ਕੋਈ ਲਾਭ ਹੀ ਨਾ ਹੋਵੇ।

ਮਨੁਖਾਂ ਵਿਚ ਤੀਜਾ ਭਾਗ ਅਜੇਹੇ ਪੁਰਸ਼ਾਂ ਦਾ ਹੈ ਜਿਹੜੇ ਨਿਜ ਸਵਾਰਥ ਦੇ ਨਾਲ ਹੀ ਆਪਣੇ ਪ੍ਰਾਕਰਮ, ਬਲ, ਬੁਧੀ, ਯੋਗਤਾ, ਹੁਨਰ ਅਤੇ ਸਾਹਸ ਰਾਹੀਂ ਸੰਸਾਰ ਦੀ ਸੇਵਾ ਤੇ ਉਪਕਾਰ ਵੀ ਕਰਦੇ ਹਨ। ਇਹ ਗਲ ਯਾਦ ਰਖਣੀ ਚਾਹੀਦੀ ਹੈ ਕਿ ਨਿਜ ਸਵਾਰਥ ਤੋਂ ਹੀ ਮਨੁਖ ਟਬਰ ਕਬੀਲੇ ਦੀ ਸੇਵਾ ਕਰਦਾ ਹੈ। ਇਹੀ ਜਜ਼ਬਾ ਵਧ ਕੇ ਕੌਮ ਅਤੇ ਦੇਸ਼ ਦੀ ਸੇਵਾ ਦਾ ਰੂਪ ਧਾਰਨ ਕਰ ਲੈਂਦਾ ਹੈ। ਨੇਕੀ ਤੇ ਉਪਕਾਰ ਤਦ ਹੁੰਦਾ ਹੈ ਜਦ ਨਿਜ ਸਵਾਰਥ ਨੂੰ ਭੁਲਾਕੇ ਦੂਜੇ ਦੇ ਭਲੇ ਲਈ ਕੰਮ ਕੀਤਾ ਜਾਵੇ।

ਚੌਥੇ ਮਨੁਖ ਜਾਮੇ ਵਿਚ ਕੁਝ ਮਹਾਨ ਆਤਮਾ ਆਉਂਦੀਆਂ ਹਨ, ਜਿਨ੍ਹਾਂ ਨੂੰ ਗੁਰੂ, ਅਵਤਾਰ, ਪੈਗੰਬਰ, ਮਹਾਂ ਪੁਰਸ਼, ਪੂਰਨ ਪੁਰਸ਼ ਅਤੇ ਜੀਨਸ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜੀਵਨ ਉਦੇਸ਼ ਕਿਸੇ ਜ਼ਾਤੀ ਦਾ ਸੁਧਾਰ ਜਾਂ ਕਿਸੇ ਦੇਸ਼ ਦਾ ਉਧਾਰ ਹੁੰਦਾ ਹੈ। ਇਨ੍ਹਾਂ ਚੋਂ ਕੁਝ ਸ਼ਖਸੀਅਤਾਂ ਅਜੇਹੀਆਂ ਭੀ ਹੁੰਦੀਆਂ ਹਨ, ਜਿਨ੍ਹਾਂ ਦਾ ਆਦਰਸ਼ ਸਾਰੇ ਜਗਤ ਦਾ ਕਲਿਆਣ ਹੁੰਦਾ ਹੈ। ਧਰਮ ਦਾ ਪ੍ਰਚਾਰ, ਨੇਕੀ ਪਰਉਪਕਾਰੀ, ਇਖਲਾਕ, ਪਵਿਤ੍ਰਤਾ, ਨਿਸ਼ਕਾਮ ਕੁਰਬਾਨੀ, ਮਹਾਨ ਆਤਮਾ ਦੇ ਜੀਵਨ ਦਾ ਮੰਤਵ ਹੁੰਦਾ ਹੈ। ਅਜੇਹੀਆਂ ਸ਼ਖਸੀਅਤਾਂ ਕਦੀ ਕਦੀ ਸੰਸਾਰ ਵਿਚ ਆਉਂਦੀਆਂ ਹਨ।

ਜਿਸ ਤਰ੍ਹਾਂ ਅਕਾਸ਼ ਵਿਚ ਅਨਗਿਣਤ ਤਾਰੇ ਹੁੰਦੇ ਹਨ, ਪਰ ਉਨ੍ਹਾਂ ਚੋਂ ਥੋਹੜਿਆਂ ਦੀ ਚਮਕ ਹਨੇਰੀ ਰਾਤ ਵਿਚੋਂ ਪਾਂਧੀਆਂ ਨੂੰ ਰਾਹ ਦਸਦੀ ਹੈ, ਇਸੇ ਤਰ੍ਹਾਂ ਅਨਗਿਣਤ ਮਨੁਖਾਂ ਵਿਚੋਂ ਕੁਝ ਪਵਿਤ੍ਰ ਆਤਮਾ ਅਜੇਹੀਆਂ ਹੁੰਦੀਆਂ ਹਨ, ਜੋ ਮਨੁਖ ਜਾਤੀ ਨੂੰ ਜੀਵਨ ਦੀ ਹਨੇਰੀ ਰਾਤ ਵਿਚ ਸਹੀ ਰੋਸ਼ਨੀ ਦੇ ਕੇ ਸੱਚਾ ਮਾਰਗ ਦਸਦੀਆਂ ਹਨ।

ਜਿਸ ਤਰ੍ਹਾਂ ਕਿਸੇ ਬਾਗ ਦੀ ਸੋਭਾ ਉਸ ਦੇ ਸੁੰਦਰ ਤੇ ਸੁਗੰਧਤ ਫੁਲਾਂ ਨਾਲ ਹੁੰਦੀ ਹੈ, ਮਨੁਖ ਜਾਤੀ ਜਾਂ ਕਿਸੇ ਕੌਮ ਦੀ ਸ਼ੋਭਾ ਮਹਾਂ

ਪੁਰਖਾਂ ਨਾਲ ਹੀ ਹੁੰਦੀ ਹੈ ।

ਸਾਡੇ ਦੇਸ ਦੇ ਇਕ ਕਵੀ ਨੇ ਕਿਹਾ ਹੈ–

ਜਨਨੀ ਜਨੈ ਤਉ ਭਗਤ ਜਨ ਕੈ ਦਾਤਾ ਕੈ ਸੂਰ ।
ਨਾਹਿ ਤਉ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ ।

ਕਵੀ ਦੀ ਕਲਪਨਾ ਅਨੁਸਾਰ ਭਗਤੀ, ਦਾਨ ਅਤੇ ਬੀਰਤਾ ਵਿਚੋਂ ਇਕ ਗੁਣ ਕਿਸੇ ਸ਼ਖਸੀਅਤ ਵਿਚ ਪਾਇਆ ਜਾਂਦਾ ਹੋਵੇ ਤਾਂ ਉਹ ਆਦਰਸ਼ਕ ਹੈ । ਜਿਸ ਲਾਸਾਨੀ ਮਹਾਂ ਪੁਰਸ਼, ਗੁਰੂ ਅਤੇ ਮਹਾਂਬਲੀ ਜੋਧੇ ਦਾ ਜ਼ਿਕਰ ਅਸੀਂ ਕਰਨਾ ਚਾਹੁੰਦੇ ਹਾਂ, ਉਸ ਵਿਚ ਤਿੰਨੇ ਗੁਣ ਭਰਪੂਰ ਪਾਏ ਜਾਂਦੇ ਹਨ । ਅਜੇਹੀ ਮਹਾਨ ਸ਼ਖਸੀਅਤ ਕੌਣ ਹੈ ? ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਇਹ ਗੁਣ ਕੇਵਲ ਉਨ੍ਹਾਂ ਵਿਚ ਹੀ ਨਹੀਂ ਸਨ, ਬਲਕਿ ਉਨ੍ਹਾਂ ਨੇ ਅਗੋਂ ਪੰਥ ਖਾਲਸੇ ਵਿਚ ਹੀ ਪੈਂਦਾ ਕੀਤੇ ।

ਦਸ ਲੱਖ ਦੁਸ਼ਮਣਾਂ ਦੇ ਘੇਰੇ ਵਿਚ ਦਨਾਦਨ ਕਰਦੀਆਂ ਤੋਪਾਂ, ਕਾੜ ਕਾੜ ਕਰਦੀਆਂ ਗੋਲੀਆਂ, ਬਿਜਲੀ ਵਾਂਗੂ ਲਿਸ਼ਕ ਰਹੀਆਂ ਤਲਵਾਰਾਂ ਤੇ ਤੀਰਾਂ ਦੀ ਵਰਖਾ ਵਿਚ ਅਨੰਦਪੁਰ ਦੇ ਪਾਸ ਆਪਣੀ ਸੁਰਤ ਨੂੰ ਕੀਰਤਨ ਭਜਨ ਅਤੇ ਸਿਮਰਨ ਵਿਚ ਜੋੜਨਾ ਇਹ ਦਸਮੇਸ਼ ਜੀ ਦੀ ਭਗਤੀ ਦਾ ਕਮਾਲ ਹੈ ।

ਮਾਤਾ ਪਿਤਾ, ਚਾਰ ਸਾਹਿਬਜ਼ਾਦਿਆਂ ਤੇ ਮਹਿਲਾਂ ਨੂੰ ਕੁਰਬਾਨ ਕਰ ਦੇਣਾ, ਦੁਖ ਵਿਚ ਜੀਵਨ ਨੂੰ ਆਰੰਭ ਕਰਨਾ, ਦੁਖ ਵਿਚ ਗੁਜ਼ਾਰਨਾ ਅਤੇ ਦੁਖ ਵਿਚ ਸੁਖ ਮਨਾਉਂਦੇ ਹੋਏ ਉਸ ਨੂੰ ਖਤਮ ਕਰਨਾ, ਆਪਾ ਵਾਰਨ ਵਾਲੇ ਅਤੇ ਸਰਬੰਸਦਾਨੀ ਕੌਣ ਹਨ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਇਹ ਹਜ਼ੂਰ ਦੇ ਜੀਵਨ ਦਾ ਦੂਜਾ ਕਮਾਲ ਹੈ ।

ਅਕਾਲ ਪੁਰਖ ਦੀ ਓਟ ਲੈ ਕੇ ਮੁਗਲ ਹਕੂਮਤ ਨਾਲ ਟਾਕਰਾ ਕਰਨਾ, ਸਦੀਆਂ ਦੇ ਕੁਚਲੇ ਹੋਏ, ਪਰ ਅਧੀਨ, ਕਾਇਰ,

ਨਿਰਜੀਵ, ਸਾਹਿਸਹੀਣ ਸ਼ੂਦਰਾਂ ਅਤੇ ਨੀਚਾਂ ਨੂੰ ਜੀਅ-ਦਾਨ ਦੇ ਕੇ ਜਾਬਰਾ ਨਾਲ ਲੜਾ ਕੇ ਫਤਹ ਬਖ਼ਸ਼ਣ ਵਾਲੇ; ਕਾਮ,ਕ੍ਰੋਧ ਆਦਿਕ ਅੰਤ੍ਰੀਵ ਤੇ ਬਾਹਰਲੇ ਸ਼ਤਰੂਆਂ ਪਰ ਵਿਜੈ ਪ੍ਰਾਪਤ ਕਰਨ ਵਾਲੇ ਸੂਰਮੇ ਸ੍ਰੀ ਦਸਮ ਪਾਤਸ਼ਾਹ ਸਨ।

ਸਦੀਆਂ ਦੀ ਗੁਲਾਮੀ ਦੇ ਕਾਰਨ ਹਿੰਦੁਸਤਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼, ਆਤਮ ਤਿਆਗ, ਨਿਸ਼ਕਾਮ ਕੁਰਬਾਨੀ ਤੇ ਸਿਖੀ ਦੀ ਸਹੀ ਸਪਿਰਟ ਨੂੰ ਨਹੀਂ ਸਮਝ ਸਕਿਆ । ਜਿਸ ਤਰ੍ਹਾਂ ਮਾਖਿਓਂ ਦੇ ਛਤੇ ਦੇ ਹਰੇਕ ਛੇਕ ਵਿਚ ਮਿਠਾਸ ਭਰੀ ਹੁੰਦੀ ਹੈ, ਗੁਲਾਬ ਦੇ ਫੁੱਲ ਦੀ ਹਰੇਕ ਪੱਤੀ ਸੁੰਦਰਤਾ, ਕੋਮਲਤਾ ਅਤੇ ਸੁਗੰਧੀ ਨਾਲ ਭਰਪੂਰ ਹੁੰਦੀ ਹੈ, ਇਸੇ ਤਰ੍ਹਾਂ ਦਸਮ ਪਾਤਸ਼ਾਹ ਦੇ ਜੀਵਨ ਦੀ ਹਰੇਕ ਗਲ ਜੀਵਨ ਦਾਤਾ, ਰਸਦਾਇਕ ਤੇ ਸਿੱਖਿਆ ਦੇਣ ਵਾਲੀ ਹੈ।

ਦਸਮ ਪਾਤਸ਼ਾਹ ਦੇ ਹਿਰਦੇ ਵਿਚ ਦੇਸ਼ ਲਈ ਪਿਆਰ ਆਜ਼ਾਦੀ ਲੜੀ ਤੜਪ, ਗੁਲਾਮੀ ਲਈ ਨਫਰਤ, ਦੁਖੀਆਂ ਲਈ ਦਰਦ, ਆਦਰਸ਼ ਪ੍ਰਾਪਤੀ ਲਈ ਅਮੁਕ ਉਤਸ਼ਾਹ ਤੇ ਦ੍ਰਿੜ੍ਹਤਾ, ਵਿਰੋਧੀਆਂ ਲਈ ਇਨਸਾਫ, ਭੁਲੜਾਂ ਲਈ ਖਿਮਾ, ਸ਼ਰਨ ਪਿਆਂ ਲਈ ਲਾਜ, ਸੰਸਾਰਕ ਜੀਵਨ ਲਈ ਰਸ ਤੇ ਫ਼ਰਜ਼ ਦੀ ਪਛਾਣ, ਵਿਦਿਆ, ਹੁਨਰ ਤੇ ਸੁੰਦਰਤਾ ਲਈ ਕਦਰ, ਮਨੁਖਾਂ ਲਈ ਖੁਲ ਦਿਲ, ਦੇਸ਼ ਅਤੇ ਮਨੁਖ ਮਾਤ੍ਰ ਦੇ ਭਲੇ ਲਈ ਨਿਸ਼ਕਾਮ ਹੋ ਕੇ ਆਪਾ ਵਾਰਨ ਦਾ ਜਜ਼ਬਾ ਕੰਮ ਕਰਦਾ ਸੀ । ਆਪ ਨੇ ਮਨੁਖਤਾ ਨੂੰ ਸਹੀ ਜੀਵਨ ਫ਼ਿਲਸਫਾ ਸਮਝਾਇਆ । ਵਿਕਾਸ ਅਤੇ ਪਰਿਵਰਤਨ ਨੂੰ ਮੁਖ ਰਖ ਕੇ ਨਵੀਨ ਸਮਾਜ ਦਾ ਆਦਰਸ਼ ਪੇਸ਼ ਕੀਤਾ। ਆਪ ਨੇ ਪਖੰਡ, ਰਸਮੀ ਮਜ਼ਹਬ ਅਤੇ ਬੋਸ਼ੀਦਾ ਸਮਾਜਿਕ ਬੰਧਨਾਂ ਦਾ ਜ਼ੋਰ ਨਾਲ ਖੰਡਨ ਕੀਤਾ । ਇਸ ਤਰ੍ਹਾਂ ਕਰਦਿਆਂ ਪੁਰਾਤਨਤਾ ਨਾਲ ਸਮਝੌਤਾ ਨਹੀਂ ਕੀਤਾ । ਮਨੁਖ ਨੂੰ ਧਾਰਮਿਕ ਅਤੇ ਰਾਜਨੀਤਕ

ਤੌਰ ਤੇ ਜ਼ਾਹਰੀ ਪੂਜਾ ਛੂਤਾ ਤੋਂ ਮੁਕੰਮਲ ਹੋ ਕੇ ਸੇਵਾ, ਇਖਲਾਕ ਅਤੇ ਆਚਰਨ ਦੀ ਉਸਾਰੀ ਲਈ ਪਰੇਰਨਾ ਕੀਤੀ । ਮਜ਼ਹਬ ਵਿਚ ਜਮਹੂਰੀਅਤ ਨੂੰ ਲਿਆਂਦਾ ।

ਗੁਰੂ ਸਾਹਿਬ ਨੇ ਮਨੁਖਤਾ ਦੀ ਬਿਨਾ ਤੇ ਸਾਰੇ ਮਨੁਖਾਂ ਨੂੰ ਬਰਾਬਰੀ ਦਿਤੀ ਹੈ । ਮਨੁਖ ਦੀਆਂ ਅੰਤਰੀਵ ਸ਼ਕਤੀਆਂ ਨੂੰ ਸਾਵਧਾਨ ਕੀਤਾ ਹੈ, ਪਰ ਉਸਨੂੰ 'ਮਨ' ਜਾਂ 'ਹਉਮੈਂ' ਦੇ ਧੁਰੇ ਦੁਆਲੇ ਨਹੀਂ ਘੁਮਾਇਆ, ਬਲਕਿ ਸਰਬ ਸ਼ਕਤੀਮਾਨ ਜਾਗਤ ਜੋਤ ਸ੍ਰੀ ਵਾਹਿਗੁਰੂ ਨਾਲ ਜੋੜ ਕੇ ਉਸ ਨੂੰ 'ਖਾਲਸਾ' ਰੂਪ ਵਿਚ ਮੂਰਤੀਮਾਨ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌਵੇਂ ਪਾਤਸ਼ਾਹ ਤਕ ਸਿੱਖੀ ਦਾ ਜੋ ਆਦਰਸ਼ ਪ੍ਰਚਾਰਿਆ ਗਿਆ ਸੀ, ਉਸ ਨੂੰ ਦਸਮੇਸ਼ ਪਿਤਾ ਨੇ ਸੰਪੂਰਨ ਕੀਤਾ ਹੈ।

ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੋਹ ਸੁਦੀ ਸਪਤਮੀ ੧੭੨੩ ਬਿ: ਨੂੰ ਸ੍ਰੀ ਮਾਤਾ ਗੁਜਰੀ ਜੀ ਤੋਂ ਪਟਨੇ ਵਿਚ ਹੋਇਆ। ਉਸ ਵਕਤ ਨੌਵੇਂ ਪਾਤਸ਼ਾਹ ਆਸਾਮ ਵਿਚ ਸਨ । ਉਨ੍ਹਾਂ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਖਬਰ ਕੀਤੀ ਗਈ । ਸਾਰੇ ਪਰਵਾਰ ਅਤੇ ਸਿਖੀ ਵਿਚ ਅਤਯੰਤ ਖੁਸ਼ੀ ਹੋਈ । ਗੁਰੂ ਜੀ ਨੇ ਆਸਾਮ ਤੋਂ ਪਤ੍ਰਕਾ ਰਾਹੀਂ ਪ੍ਰਸੰਨਤਾ ਪ੍ਰਗਟ ਕਰਕੇ ਭੇਜੀ ਅਤੇ ਸਾਹਿਬਜ਼ਾਦੇ ਦਾ ਨਾਂ ਸ੍ਰੀ ਗੋਬਿੰਦ ਰਾਏ ਰਖਿਆ।

ਸ੍ਰੀ ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਜੀ ਅਤੇ ਹੋਰ ਮੁਖੀ ਸਿਖਾਂ ਨੇ ਬੜੀ ਸਾਵਧਾਨੀ ਨਾਲ ਦਸਮ ਪਾਤਸ਼ਾਹ ਦੀ ਪਰਵਿਰਸ਼ ਸ਼ੁਰੂ ਕੀਤੀ।

ਜਦ ਗੁਰੂ ਜੀ ਪੰਜ ਬਰਸ ਦੇ ਹੋਏ ਤਾਂ ਮਾਤਾ ਜੀ ਨੇ ਆਪ ਨੂੰ ਗੁਰਮੁਖੀ ਪੜ੍ਹਾਈ । ਨੌਵੇਂ ਪਾਤਸ਼ਾਹ ਦੀ ਆਗਿਆ ਅਨੁਸਾਰ ਆਪ ਨੂੰ ਵਿਦਿਆ ਤੇ ਸਿਖਿਆ ਦੇਣੀ ਸ਼ੁਰੂ ਕੀਤੀ ਗਈ । ਸ਼ਸਤ੍ਰ

ਅਭਿਆਸ ਕਰਾਇਆ ਗਿਆ। ਆਪ ਦੂਜੇ ਬਚਿਆਂ ਨਾਲ ਖੇਡਦੇ ਸਨ, ਪਰ ਨਿਰਾਲੀ ਖੇਡ। ਸੈਨਾ ਬਣਾ ਕੇ ਇਕ ਧੜੇ ਦੇ ਸੈਨਾਪਤੀ ਬਣ ਕੇ ਜੁਧ ਰਚਾਉਂਦੇ, ਸਾਥੀਆਂ ਨੂੰ ਜੁਧ ਕਰਨਾ ਸਿਖਾਂਦੇ ਸਨ। ਬਿਹਾਰ ਵਿਚ ਰਹਿਣ ਕਰ ਕੇ ਆਪ ਬਿਹਾਰੀ ਅਤੇ ਬੰਗਲਾ ਚੰਗੀ ਬੋਲਣੀ ਸਿਖ ਗਏ। ਜਨਮ ਅਸਥਾਨ ਵਿਚ ਮਿਠੇ ਜਲ ਦੀ ਇਕ ਖੂਹੀ ਸੀ, ਹੁਣ ਭੀ ਹੈ। ਗਲੀ ਮਹੱਲੇ ਦੀਆਂ ਇਸਤਰੀਆਂ ਅਤੇ ਕਈ ਵੇਰ ਤੁਰਕਾਂ ਦੀਆਂ ਸੁਆਣੀਆਂ ਭੀ ਇਥੋਂ ਆ ਕੇ ਪਾਣੀ ਭਰਦੀਆਂ ਸਨ। ਦਸਮ ਪਾਤਸ਼ਾਹ ਨੇ ਗੁਲੇਲੇ ਮਾਰ ਕੇ ਉਨ੍ਹਾਂ ਦੇ ਘੜੇ ਭੰਨ ਦੇਣੇ। ਇਸ ਪਰ ਮਾਤਾ ਜੀ ਨੇ ਆਪ ਨੂੰ ਸਮਝਾਣਾ—'ਵੇਖੋ ਲਾਲ ਜੀ, ਤੁਰਕਾਂ ਦਾ ਰਾਜ ਹੈ।' ਜਦ ਇਸਤ੍ਰੀਆਂ ਨੇ ਸ਼ਿਕਾਇਤ ਕਰਨੀ ਤਾਂ ਉਨ੍ਹਾਂ ਨੂੰ ਧਨ ਪਦਾਰਥ ਦੇ ਕੇ ਪ੍ਰਸੰਨ ਕਰ ਦਿੰਦੇ।

ਪਟਨੇ ਵਿਚ ਲੋਕ ਗੁਰੂ ਜੀ ਨੂੰ ਨੌਵੇਂ ਪਾਤਸ਼ਾਹ ਦਾ ਸਾਹਿਬ-ਜ਼ਾਦਾ ਸਮਝ ਕੇ ਆਦਰ ਕਰਦੇ ਸਨ। ਆਪ ਭੀ ਬੜੇ ਸੁੰਦਰ, ਸੁਸ਼ੀਲ ਕੋਮਲ ਸੁਭਾਵ, ਉਦਾਰ ਚਿਤ, ਹਸਮੁਖ, ਚੰਗੇ ਗੁਣਾਂ ਵਾਲੇ ਤੇ ਹਰ-ਮਨ ਪਿਆਰੇ ਸਨ। ਗੰਗਾ ਦੇ ਕੰਢੇ ਬੱਚਿਆਂ ਨਾਲ ਖੇਡਦੇ, ਇਸ਼ਨਾਨ ਕਰਦੇ, ਬੇੜੀ ਵਿਚ ਸੈਰ ਕਰਦੇ, ਤੀਰ ਚਲਾਉਂਦੇ ਰਾਜਕੁਮਾਰ ਮਲੂਮ ਹੁੰਦੇ ਸਨ, ਇਕ ਸ਼ਿਵ ਦਤ ਨਾਮੀ ਪੰਡਤ ਗੰਗਾ ਦੇ ਘਾਟ ਤੇ ਇਸ਼-ਨਾਨ ਕਰਕੇ ਭਗਤੀ ਵਿਚ ਬੈਠਦਾ ਤੇ ਸਮਾਧੀ ਲਾਉਂਦਾ ਸੀ। ਆਪ ਉਸ ਦੇ ਪਾਸ ਜਾ ਕੇ ਉਸ ਦੀ ਸਮਾਧੀ ਖੁਲ੍ਹਾ ਦਿੰਦੇ, ਉਸ ਨੇ ਆਪ ਨੂੰ ਕ੍ਰਿਸ਼ਨ ਰੂਪ ਜਾਣ ਕੇ ਪ੍ਰਸੰਨ ਹੋਣਾ। ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੌਵੇਂ ਗੁਰੂ ਜੀ ਦੇ ਪ੍ਰੇਮੀ ਸਨ, ਉਨ੍ਹਾਂ ਨੇ ਭੀ ਪਰੇਮ ਅਤੇ ਸਤਿਕਾਰ ਕਰਨਾ। ਉਨ੍ਹਾਂ ਨੇ ਦੋ ਬਾਗ ਤੇ ਇਕ ਪਿੰਡ ਗੁਰੂ ਜੀ ਦੀ ਭੇਟ ਕੀਤਾ, ਜੋ ਹੁਣ ਤੀਕ ਤਖਤ ਪਟਨਾ ਸਾਹਿਬ ਦੇ ਨਾਂ ਜਾਗੀਰ ਹੈ।

ਰਾਜਾ ਫਤਹਿ ਚੰਦ ਮੈਣੀ ਤੇ ਉਸ ਦੀ ਰਾਣੀ ਦਸਮ ਪਾਤਸ਼ਾਹ

ਨਾਲ ਬੜਾ ਪਰੇਮ ਕਰਦੇ ਸਨ । ਇਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਮਹਾਰਾਜ ਦੇ ਪਰੇਮ ਕਰਕੇ ਪੁਤਰ ਭਾਵਨਾ ਦੂਰ ਹੋ ਗਈ। ਗੁਰੂ ਜੀ ਨੂੰ ਪੁਤ੍ਰ ਸਮਝਕੇ ਪਰੇਮ ਕਰਦੇ ਸਨ। ਆਪ ਨੇ ਕਈ ਵੇਰ ਰਾਣੀ ਦੀ ਗੋਦ ਨੂੰ ਭਾਗ ਲਾਉਣਾ ਤੇ ਮਾਤਾ ਜੀ ਕਰ ਕੇ ਪੁਕਾਰਦੇ ਸਨ। ਛੋਲੇ, ਪੂਰੀਆਂ, ਮਿਠਾਈ, ਫਲ ਜੋ ਮਿਲਦਾ ਦੂਜੇ ਸਾਥੀਆਂ ਸਮੇਤ ਖਾ ਪੀ ਆਉਂਦੇ। ਰਾਜਾ ਫਤਹਿ ਚੰਦ ਅਤੇ ਰਾਣੀ ਦੇ ਪਰੇਮ ਕਰਕੇ ਉਨ੍ਹਾਂ ਦਾ ਘਰ ਗੁਰਦਵਾਰਾ ਬਣ ਗਿਆ, ਜੋ ਪਟਨੇ ਵਿਚ ਹੁਣ ਤੀਕ 'ਮੈਣੀ ਸੰਗਤ' ਦੇ ਨਾਮ ਤੋਂ ਪ੍ਰਸਿਧ ਹੈ। ਇਥੇ ਛੋਲਿਆਂ ਤੇ ਪੂਰੀਆਂ ਦਾ ਪ੍ਰਸ਼ਾਦ ਵਰਤਦਾ ਹੈ। ਇਸ ਦੀ ਹੁਣ ਨਵੀਂ ਇਮਾਰਤ ਬਣੀ ਹੈ।

ਇਕ ਵੇਰ ਦੀ ਗੱਲ ਹੈ, ਕਿਸੇ ਸਿਖ ਨੇ ਗੁਰੂ ਜੀ ਲਈ ਸੋਨੇ ਦੇ ਕੜੇ ਭੇਟ ਕੀਤੇ। ਆਪ ਸ਼ਾਮ ਨੂੰ ਗੰਗਾ ਦੇ ਕਿਨਾਰੇ ਸੈਰ ਕਰਨ ਲਈ ਗਏ ਤਾਂ ਇਕ ਕੜਾ ਲਾ ਕੇ ਦਰਿਆ ਵਿਚ ਸੁਟ ਦਿਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁਛਿਆ—'ਕੜਾ ਕਿਥੇ ਹੈ ?' ਦੂਜਾ ਸੁਟ ਕੇ ਕਹਿਣ ਲਗੇ—'ਔਥੇ ਸੁਟਿਆ ਹੈ।'

ਇਕ ਦਿਨ ਬਚਿਆਂ ਨਾਲ ਖੇਡ ਰਹੇ ਸਨ ਕਿ ਪਟਨੇ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ—

ਬਚਿਓ ! ਸਤਿਕਾਰ ਲਈ ਖੜੇ ਹੋ ਜਾਓ, ਸਲਾਮ ਕਰੋ ਤੇ ਸਿਰ ਝੁਕਾਓ।'

ਬਾਲਕਾਂ ਦੇ ਸਰਦਾਰ ਗੁਰੂ ਜੀ ਨੇ ਸਭ ਨੂੰ ਕਿਹਾ—'ਸਲਾਮ ਨਹੀਂ ਕਰਨਾ, ਸਿਰ ਨਹੀਂ ਝੁਕਾਉਣਾ ।' ਇਹ ਸੁਣ ਕੇ ਸਾਰਿਆਂ ਨੇ ਖਿਲੀ ਮਾਰੀ ਤੇ ਦੌੜ ਗਏ।

ਨੌਵੇਂ ਪਾਤਸ਼ਾਹ ਨੇ ਆਸਾਮ ਤੋਂ ਵਾਪਸ ਆਉਂਦਿਆਂ ਪਰਵਾਰ ਨੂੰ ਪੰਜਾਬ ਸਦ ਭੇਜਿਆ। ਇਸ ਲਈ ਮਾਤਾ ਗੁਜਰੀ ਨੇ ਸਾਹਿਬਜ਼ਾਦੇ ਸਮੇਤ ਪਟਨੇ ਤੋਂ ਚਲਣ ਦੀ ਤਿਆਰੀ ਕਰ ਲਈ। ਸਾਰੀ ਸੰਗਤ ਨੇ ਬੜੇ ਪ੍ਰੇਮ ਤੇ ਸਤਕਾਰ ਨਾਲ ਵਿਦਾ ਕੀਤਾ।

ਫਗਣ ਸੰਮਤ ੧੭੨੮ ਬਿਕ੍ਰਮੀ ਨੂੰ ਮਾਮਾ ਕ੍ਰਿਪਾਲ ਜੀ ਤੇ ਮੁਖੀ ਸਿਖਾਂ ਸਮੇਤ ਪੰਜਾਬ ਨੂੰ ਤੁਰ ਪਏ । ਦਾਨਾ ਪੁਰ, ਬਕਸਰ, ਆਰਾ, ਮਿਰਜ਼ਾ ਪੁਰ, ਕਾਂਸ਼ੀ, ਪ੍ਰਾਗ, ਆਜੁਧਿਆ, ਲਖਨਊ, ਚੰਦੌਸੀ, ਖੁਰਜਾ, ਮਥਰਾ ਤੇ ਸਹਾਰਨ ਪੁਰ ਤੋਂ ਹੁੰਦੇ ਹੋਏ ਭਾਦਰੋਂ ੧੭੨੯ ਨੂੰ ਕਸਬਾ ਲਖਨੌਰ ਜ਼ਿਲਾ ਅੰਬਾਲੇ ਵਿਚ ਪੁਜੇ । ਰਸਤੇ ਵਿਚ ਹਿੰਦੂ ਧਰਮ ਦੇ ਕਈ ਕੇਂਦਰ ਆਏ । ਮਾਤਾ ਜੀ ਅਤੇ ਮਾਮਾ ਜੀ ਨੇ ਜਿਤਨੀਆਂ ਇਤਿਹਾਸਕ ਯਾਦਗਾਰਾਂ ਸਨ, ਉਨ੍ਹਾਂ ਸੰਬੰਧੀ ਦਸਮ ਪਾਤਸ਼ਾਹ ਨੂੰ ਵਾਕਫੀ ਕਰਾਈ ਨਿਰਮਲ ਬੁਧੀ ਹੋਣ ਕਰਕੇ ਕਈ ਤੀਰਥਾਂ ਤੇ ਆਪ ਪੰਡਤਾਂ ਨਾਲ ਪ੍ਰਸ਼ਨੋਤਰ ਭੀ ਕਰਦੇ ਰਹੇ ।

ਲਖਨੌਰ ਵਿਚ ਸਯਦ ਭੀਖਣ ਸ਼ਾਹ ਕੁੜਹਾਮ ਅਤੇ ਪੀਰ ਆਰਫ ਦੀਨ ਨੇ ਆਪ ਦੇ ਦੀਦਾਰ ਕੀਤੇ । ਭੀਖਣ ਸ਼ਾਹ ਨੇ ਦੋ ਕੁਜੀਆਂ ਮਿਠਾਈ ਦੀਆਂ ਅਗੇ ਰਖੀਆਂ । ਇਸ ਭਾਵਨਾ ਨਾਲ ਕਿ ਹਿੰਦੂ ਤੇ ਮੁਸਲਮਾਨ ਦੋ ਮਜ਼ਹਬ ਹਨ, ਵੇਖੀਏ ਕਿਸ ਨੂੰ ਪ੍ਰਵਾਨ ਕਰਦੇ ਹਨ ? ਦਸਮ ਪਾਤਸ਼ਾਹ ਨੇ ਦੋਹਾਂ ਪਰ ਹੱਥ ਰਖਿਆ । ਆਰਫ ਦੀਨ ਨੇ ਸਿਜਦਾ ਕੀਤਾ । ਮੁਤੱਸਬ ਮੁਰੀਦਾਂ ਨੇ ਇਸ ਪਰ ਇਤਰਾਜ਼ ਕੀਤਾ । ਪੀਰ ਨੇ ਕਿਹਾ—'ਇਨ੍ਹਾਂ ਵਿਚ ਮੈਨੂੰ ਰੱਬ ਦਾ ਜਲਵਾ ਦਿਸਿਆ ਹੈ, ਇਸ ਲਈ ਸਿਰ ਝੁਕਾਇਆ ਹੈ ।'

ਕੁਝ ਚਿਰ ਲਖਨੌਰ ਵਿਚ ਨਿਵਾਸ ਕਰਕੇ ਗੁਰੂ ਜੀ ਮਾਘ ੧੭੨੯ ਨੂੰ ਅਨੰਦਪੁਰ ਪੁਜੇ । ਸਾਰੀ ਸੰਗਤ ਨੂੰ ਬਹੁਤ ਖੁਸ਼ੀ ਹੋਈ । ਭਾਈ ਸੰਤੋਖ ਸਿੰਘ ਜੀ ਤੇ ਕਈ ਹੋਰ ਲਿਖਾਰੀਆਂ ਦਾ ਖਿਆਲ ਹੈ ਕਿ ਆਪ ਦੇ ਅਨੰਦ ਪੁਰ ਪੁਜਣ ਤੋਂ ਪਹਿਲੇ ਹੀ ਨੌਵੇਂ ਪਾਤਸ਼ਾਹ ਦਿੱਲੀ ਨੂੰ ਚਲੇ ਗਏ ਸਨ । ਪਰ ਇਹ ਠੀਕ ਨਹੀਂ । ਦਸਮ ਪਾਤਸ਼ਾਹ ਬਚਿਤ੍ਰ ਨਾਟਕ ਵਿਚ ਲਿਖਦੇ ਹਨ—

ਮਦਰ ਦੇਸ* ਹਮ ਕੋ ਲੇ ਆਏ । ਭਾਂਤ ਭਾਂਤ ਦਾਈਅਨ ਦੁਲਰਾਏ ।
ਕੀਨੀ ਅਨਿਕ ਭਾਂਤਿ ਤਨਿ ਰਛਾ । ਦੀਨੀ ਭਾਂਤ ਭਾਂਤ ਕੀ ਸਿਛਾ ।
ਜਬ ਹਮ ਕਰਮ ਧਰਮ ਮੋ ਆਏ । ਦੇਵ ਲੋਕ ਤਬ ਪਿਤਾ ਸਿਧਾਏ ।

ਇਸ ਤੋਂ ਸਪਸ਼ਟ ਹੈ ਕਿ ਅਨੰਦ ਪੁਰ ਪੁਜ ਗਏ ਸਨ । ਕੁਝ ਸਮਾਂ ਨੌਵੇਂ ਪਾਤਸ਼ਾਹ ਦੀ ਨਿਗਰਾਨੀ ਵਿਚ ਆਪਦੀ ਸਿਖਿਆ ਹੋਈ ਅਨੰਦ ਪੁਰ ਵਿਚ ਮੁਨਸ਼ੀ ਸਾਹਿਬ ਚੰਦ ਪਾਸ ਪਾਠ ਕਰਨ ਲਈ ਬਿਠਾਇਆ ਗਿਆ । ਆਪ ਨੇ ਗੁਰਬਾਣੀ ਦਾ ਪਾਠ ਸਿਖਿਆ ਅਤੇ ਗੁਰੂ ਘਰ ਦੀ ਵਿਦਿਆ ਪੜ੍ਹੀ । ਆਪ ਦੇ ਨਾਲ ਸ੍ਰੀ ਸੂਰਜ ਮਲ ਦੇ ਪੁਤਰ ਸਿਆਮ ਸਿੰਘ ਤੇ ਗੁਲਾਬ ਰਾਇ, ਬੀਬੀ ਵੀਰੋ ਜੀ ਦੇ ਪੁਤਰ ਮੋਹਰੀ, ਗੁਲਾਬ, ਸੰਗੋਸ਼ਾਹ ਆਦਿਕ ਤੇ ਹੋਰ ਕਈ ਬਾਲਕ ਗੁਰਬਾਣੀ ਪੜ੍ਹਦੇ ਸਨ । ਇਸ ਤੋਂ ਬਾਅਦ ਆਪ ਨੇ ਮੁਨਸ਼ੀ ਪੀਰ ਮੁਹੰਮਦ ਸਲੋਹ ਵਾਲੇ ਤੋਂ ਫਾਰਸੀ ਪੜ੍ਹੀ । ਉਸ ਦੀ ਸੰਤਾਨ ਪਾਸ ਮਹਾਰਾਜ ਦਾ ਦਿਤਾ ਹੋਇਆ ਇਕ ਹੁਕਮਨਾਮਾ ਹੁਣ ਤੀਕ ਮੌਜੂਦ ਹੈ ।

ਮਾਲਵੇ ਵਿਚ ਕੈਂਬੋਂ ਵਾਲ ਸੁਨਾਮ ਤੋਂ ਚੌਧਰੀ ਕਾਲਾ ਨੌਵੇਂ ਗੁਰੂ ਜੀ ਦੇ ਦਰਸ਼ਨ ਕਰਨ ਆਇਆ । ਉਸਨੇ ਸੇਵਾ ਲਈ ਆਪਣਾ ਪੁਤਰ ਮਨੀਆ ਪੇਸ਼ ਕੀਤਾ । ਇਹ ਦਸਮ ਪਾਤਸ਼ਾਹ ਦੇ ਬਚਪਨ ਦੇ ਸੇਵਕ ਸਨ, ਅੰਮ੍ਰਿਤ ਛਕ ਕੇ ਭਾਈ ਮਨੀ ਸਿੰਘ ਨਾਮ ਤੋਂ ਪ੍ਰਸਿਧ ਗਿਆਨੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਤੇ ਸ਼ਹੀਦ ਹੋਏ ਹਨ ।

---

*ਪੰਜਾਬ ਨੂੰ ਆਰੀਅਨ ਦੇ ਸਮੇਂ ਸਪਤ ਸਿੰਧੂ, ਬੁਧ ਦੇ ਸਮੇਂ ਉਤਰਾ ਪੱਥ, ਵਾਹਿਕ ਤੇ ਸਤਲੁਜੋਂ ਪਾਰ ਦੇ ਇਲਾਕੇ ਨੂੰ 'ਮਧ ਮੰਡਲ' ਕਹਿੰਦੇ ਸਨ । ਆਰੀਅਨ ਦੀ ਇਕ 'ਮਦਰ ਜਾਤੀ' ਦੇ ਨਾਂ ਉਤੇ ਕੁਝ ਇਲਾਕੇ ਦਾ ਨਾਂ ਮਦਰ ਦੇਸ ਵੀ ਸੀ । ਪੰਜਾਬ ਫਾਰਸੀ ਦਾ ਸ਼ਬਦ ਹੈ, ਜੋ ਮੁਸਲਮਾਨ ਬਾਦਸ਼ਾਹਾਂ ਨੇ ਪ੍ਰਚਲਤ ਕੀਤਾ ਸੀ, ਜਿਸ ਨੂੰ ਅੰਗਰੇਜ਼ ਨੇ 'ਫਾਈ ਆਬ' ਬਣਾ ਦਿਤਾ ਹੈ ।

(ਦੇਖੋ ਇਸੇ ਕਲਮ ਲਿਖਤ ਪੁਸਤਕ 'ਸਾਡਾ ਦੇਸ਼' ਪੰਨਾ ੩੩)

ਨੌਵੇਂ ਸਤਿਗੁਰੂ ਦੇ ਜੋਤੀ ਜੋਤਿ ਸਮਾਉਣ ਪਰ ਮਘਰ ੧੭੩੨ ਵਿਚ ਸ੍ਰੀ ਕਲਗੀਧਰ ਜੀ ਨੂੰ ਗੁਰਗੱਦੀ ਦਿਤੀ ਗਈ। ਭਾਵੇਂ ਆਪ ਦੀ ਉਮਰ ਛੋਟੀ ਸੀ ਪਰ ਧਰਮ ਅਤੇ ਰਾਜਨੀਤੀ ਦੇ ਚੰਗੇ ਜਾਣੂ ਸਨ ਦੇਸ਼ ਅਤੇ ਕੌਮ ਦੇ ਸਾਹਮਣੇ ਜੋ ਕਠਨ ਸਮਸਿਆਵਾਂ ਸਨ, ਉਨ੍ਹਾਂ ਨੂੰ ਆਪ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਦਾ ਇਲਾਜ ਸੋਚਦੇ ਸਨ। ਗੱਦੀ ਪਰ ਬੈਠ ਕੇ ਆਪ ਦੀ ਨਿਤ ਕ੍ਰਿਆ ਇਹ ਸੀ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਕੇ ਭਜਨ ਤੇ ਗੁਰਬਾਣੀ ਦਾ ਪਾਠ ਕਰਦੇ। ਉਪ੍ਰੰਤ ਸੰਗਤ ਵਿਚ ਆ ਕੇ ਕੀਰਤਨ ਸੁਣਦੇ। ਦੇਸਾਂ ਵਿਚੋਂ ਆਏ ਸਿਖਾਂ ਨਾਲ ਮੁਲਾਕਾਤ ਕਰਦੇ। ਪ੍ਰਸ਼ਾਦ ਛਕਕੇ ਕੁਝ ਚਿਰ ਬਿਸਰਾਮ ਹੁੰਦਾ ਸੀ। ਸ਼ਾਮ ਨੂੰ ਦੀਵਾਨ ਸਜਾ ਕੇ ਢਾਡੀਆਂ ਤੇ ਕਵੀਆਂ ਪਾਸੋਂ ਬੀਰ ਪੁਰਸ਼ਾਂ ਦੀਆਂ ਦੀਆਂ ਵਾਰਾਂ ਤੇ ਕਾਰਨਾਮੇ ਸੁਣਦੇ ਸਨ। ਸੰਗਤ ਨੂੰ ਬ੍ਰਹਮ ਗਿਆਨ ਅਤੇ ਰਾਜਨੀਤੀ ਦਾ ਉਪਦੇਸ਼ ਕਰਨਾ, ਸ਼ਿਕਾਰ, ਨੇਜ਼ਾਬਾਜ਼ੀ, ਤਰਨਾ, ਘੋੜੇ ਦੀ ਸਵਾਰੀ, ਸ਼ਸਤਰਾਂ ਦਾ ਚਲਾਉਣਾ, ਖਾਲਸੇ ਦੀ ਸੈਨਾ ਤਿਆਰ ਕਰਨੀ ਹਜ਼ੂਰ ਦਾ ਨਿਤ ਕਰਮ ਸੀ। ਪੂਜਨੀਕ ਪਿਤਾ ਦੀ ਸ਼ਹੀਦੀ ਨੇ ਆਪ ਨੂੰ ਡੁਲਾਇਆ ਨਹੀਂ ਸਗੋਂ ਦ੍ਰਿੜ੍ਹ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਦੋ ਬੜੀਆਂ ਭਾਰੀਆਂ ਵਿਰੋਧੀ ਤਾਕਤਾਂ ਸਨ–

(੧) ਮੁਗ਼ਲਾਂ ਦੀ ਜ਼ਬਰਦਸਤ ਰਾਜਨੀਤਕ ਤਾਕਤ।

(੨) ਪੁਰਾਣੇ ਅਤੇ ਬੋਸੀਦਾ ਸਮਾਜਕ ਬੰਧਨਾਂ ਵਿਚ ਜਕੜੇ ਹੋਏ ਜਾਤ ਅਭਿਮਾਨੀ ਬ੍ਰਾਹਮਣ, ਖੱਤਰੀ ਅਤੇ ਪਿਛਾਹਾਂ ਖਿਚੂ ਲੋਕ।

ਇਨ੍ਹਾਂ ਤੋਂ ਬਿਨਾਂ ਸਦੀਆਂ ਦੀ ਗੁਲਾਮੀ, ਮੁਗ਼ਲਾਂ ਦੀ ਸਖਤੀ, ਹਿੰਦੂਆਂ ਦੀ ਗਿਰਾਵਟ ਅਤੇ ਜ਼ਾਤ ਪਾਤ ਦੇ ਬੰਧਨ ਆਦਿਕ ਕਈ ਔਕੜਾਂ ਸਨ।

ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਅਤੇ ਮਹਾਤਮਾ ਬੁਧ ਦੇ ਸਮੇਂ ਹਿੰਦੁਸਤਾਨ ਵਿਚ ਇਕੋ ਜਾਤੀ ਸੀ। ਇਹ ਦੇਸ ਕਿਸੇ ਦਾ ਗੁਲਾਮ ਨਹੀਂ ਸੀ। ਉਨ੍ਹਾਂ ਨੂੰ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਏਨੀਆ

ਔਕੜਾਂ ਨਹੀਂ ਸਨ। ਦਸਮ ਪਾਤਸ਼ਾਹ ਦੇ ਸਾਹਮਣੇ ਦੋ ਮੁਸੀਬਤਾਂ ਦੇ ਪਹਾੜ ਸਨ। ਆਪ ਨੇ ਇਨ੍ਹਾਂ ਕਸ਼ਟਾਂ ਨੂੰ ਦੂਰ ਕਰਨ ਲਈ ਵਿਚਾਰ ਕੀਤੀ, ਏਕਾਂਤਵਾਸ ਕੀਤੀ ਅਤੇ ਪੂਰੀ ਤਿਆਰੀ ਸ਼ੁਰੂ ਕੀਤੀ।

ਦਿੱਲੀ ਦੀ ਸੰਗਤ ਅਨੰਦਪੁਰ ਦਰਸ਼ਨ ਕਰਨ ਆਈ। ਉਸ ਵਿਚ ਭਾਈ ਲਖੀ ਸ਼ਾਹ ਭੀ ਸੀ, ਜਿਸਨੇ ਨੌਵੇਂ ਪਾਤਸ਼ਾਹ ਦੇ ਪਵਿਤ੍ਰ ਧੜ ਦਾ ਸੰਸਕਾਰ ਕੀਤਾ ਸੀ। ਗੁਰੂ ਜੀ ਨੇ ਉਸ ਪਾਸੋਂ ਸਾਰੀ ਵਾਰਤਾ ਪੁਛੀ। ਭਾਈ ਲਖੀ ਸ਼ਾਹ ਨੇ ਦਸਿਆ ਕਿ ਜਿਸ ਸਮੇਂ ਨੌਵੇਂ ਪਾਤਸ਼ਾਹ ਸ਼ਹੀਦ ਹੋਏ ਸਨ, ਦਿਲੀ ਦੇ ਸਾਰੇ ਸਿਖ ਭੈ ਭੀਤ ਸਨ। ਕੋਈ ਸੀਸ ਅਤੇ ਧੜ ਚੁਕਣ ਦਾ ਹੀਆ ਨਹੀਂ ਸੀ ਕਰਦਾ। ਸਾਰੀ ਗਲ ਬਾਤ ਸੁਣ ਕੇ ਦਸਮ ਪਾਤਸ਼ਾਹ ਜਲਾਲ ਵਿਚ ਆ ਗਏ। ਆਪ ਨੇ ਉਸ ਸਮੇਂ ਜੋ ਬਚਨ ਕੀਤੇ, ਉਨ੍ਹਾਂ ਨੂੰ ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ--

''ਸ੍ਰੀ ਗੋਬਿੰਦ ਸਿੰਘ ਸੁਨ ਕਰ ਐਸੇ। ਗਰਜਤਿ ਬੋਲੇ ਘਨਧਰ੧ ਜੈਸੇ। ਇਸ ਬਿਧ ਕੋ ਅਬ ਪੰਥ ਬਨਾਵੋਂ। ਸਕਲ ਜਗਤ ਮਹਿ ਬਹੁ ਬਿਦਤਾਵੋਂ। ਲਾਖਹੁੰ ਨਰ ਜਗ ਜਗ ਕੇ ਇਕ ਥਾਇ। ਤਿਨ ਮਹਿ ਮਿਲੈ ਏਕ ਸਿਖ ਜਾਇ। ਸਭ ਮਹਿ ਪ੍ਰਥਕ੨ ਪਛਾਨਯੋ ਪਰੈ। ਰਲੈ ਨ ਕਯੋਂਹੂੰ ਕੈ ਸਿਉ ਕਰੈ। ਜਥਾ ਬਕਨ੩ ਮਹਿ ਹੰਸ ਨ ਛਿਪੈ। ਗਿਰੀਅਨ੪ ਵਿਖੈ ਮੋਰ ਜਿਮ ਦਿਪੈ। ਜਯੋਂ ਖਰਗਨ ੫ ਮਹਿ ਬਲੀ ਤੁਰੰਗ ੬। ਜਥਾ ਮ੍ਰਿਗਨ ਮਹਿ ਕੇਹਰ ਅੰਗ। ਤਿਮ ਨਾਨਾ ਭੇਖਨ ਕੇ ਮਾਹਿ। ਮਮ ਸਿਖ ਕੋ ਸਗਲੇ ਪਰਖਾਹਿ।'

ਇਹ ਵਾਕ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਦੇ ਇਰਾਦੇ ਨੂੰ ਪ੍ਰਗਟ ਕਰਦੇ ਹਨ।

---

੧ ਬਦਲ। ੨ ਪਹਿਲੋਂ ੩ ਬਗਲੇ। ਪਹਾੜ। ੫ ਗਧੇ। ੬ ਘੋੜੇ।

੧੭੩੬ ਵਿਚ ਕਾਬਲ ਦੀ ਸੰਗਤ ਆਈ। ਉਸ ਨੇ ਗੁਰੂ ਜੀ ਲਈ ਪਸ਼ਮੀਨੇ ਦੀ ਇਕ ਚਾਨਣੀ ਤਿਆਰ ਕਰਕੇ ਲਿਆਂਦੀ। ਸਿਖਾਂ ਨੂੰ ਹੁਕਮ ਸੀ–'ਸ਼ਸਤ੍ਰ ਅਤੇ ਘੋੜਾ ਭੇਟ ਕਰੋ।' ਇਸ ਲਈ ਸੰਗਤ ਇਹ ਵੀ ਲਿਆਉਂਦੀਆਂ ਸਨ। ੧੭੩੭ ਵਿਚ ਰਾਜਾ ਰਾਮ ਰਾਇ ਆਸਾਮ ਦਾ ਪੁਤਰ ਰਤਨ ਰਾਇ ਮਾਤਾ ਸਮੇਤ ਦਰਸ਼ਨ ਕਰਨ ਲਈ ਆਇਆ। ਉਸਨੇ ਸਫੇਦ ਮਥੇ ਵਾਲਾ ਇਕ ਹਾਥੀ, ਚੰਦਨ ਦੀ ਇਕ ਚੌਂਕੀ, ਪੰਜ ਕਲਾ ਸ਼ਸਤ੍ਰ, ਚਾਂਦੀ ਦਾ ਇਕ ਕਟੋਰਾ ਅਤੇ ਹੋਰ ਬਹੁਤ ਸਾਰੇ ਅਣਮੁਲੇ ਬਸਤਰ ਤੇ ਪਦਾਰਥ ਭੇਟਾ ਕੀਤੇ। ਗੁਰੂ ਜੀ ਨੇ ਉਸ ਨੂੰ ਸਿਖ ਬਣਾਇਆ। ਪੰਜ ਮਹੀਨੇ ਅਨੰਦ ਪੁਰ ਰਹਿ ਕੇ ਰਤਨ ਰਾਇ ਵਾਪਸ ਗਿਆ।

ਰਾਜ ਜੋਗੀ ਗੁਰੂ ਜੀ ਨੇ ੧੭੩੯ ਵਿਚ ਰਣਜੀਤ ਨਗਾਰਾ ਬਣਵਾਇਆ। ਮਹਾਰਾਜ ਨੇ ਚੜ੍ਹਦੀ ਕਲਾ, ਸੈਨਿਕ ਤਿਆਰੀ, ਸਾਜ਼ ਬਾਜ਼ ਅਤੇ ਬੀਰ ਰਸੀ ਕਰਤਬ ਵੇਖ ਕੇ ਪਹਾੜੀ ਰਾਜਿਆਂ ਨੂੰ ਬੜੀ ਚਿੰਤਾ ਪੈ ਗਈ। ਇਸ ਦਾ ਇਕ ਕਾਰਨ ਇਹ ਸੀ ਕਿ ਰਾਜੇ ਹਕੂਮਤ ਦੇ ਪਿੱਠੂ ਸਨ। ਆਮ ਹਿੰਦੂਆਂ ਨਾਲ ਹਕੂਮਤ ਸਖਤੀ ਦਾ ਵਰਤਾਉ ਕਰਦੀ ਸੀ, ਪਰ ਉਚੇ ਘਰਾਣੇ ਤੇ ਰੁਤਬੇ ਵਾਲੇ ਅਜਿਹੇ ਹਿੰਦੂਆਂ ਦਾ ਕੋਈ ਘਾਟਾ ਨਹੀਂ ਸੀ, ਜਿਹੜੇ ਹਕੂਮਤ ਦੇ ਧੜੇ ਵਿਚ ਸ਼ਾਮਲ ਹੋ ਗਏ ਸਨ। ਇਹ ਲੋਕਾਂ ਦੇ ਅਖੌਤੀ ਆਗੂ, ਹਕੂਮਤ ਦੇ ਗੂਹੜੇ ਵਫਾਦਾਰ ਮਿਤਰ, ਅਜ਼ਾਦੀ ਅਤੇ ਉਨਤੀ ਦੀਆਂ ਲਹਿਰਾਂ ਦੇ ਵੈਰੀ ਸਨ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦੀਆਂ ਜ਼ਮੀਨਾਂ ਤੇ ਅਧਿਕਾਰ ਨਾ ਖੁਸ ਜਾਣ।*

ਪਹਾੜੀ ਰਾਜੇ ਰਾਜਨੀਤਕ ਤੌਰ ਤੇ ਗਿਰੇ ਹੋਏ ਤੇ ਹਕੂਮਤ ਦੇ ਸਾਥੀ ਸਨ। ਦੂਸਰੇ ਜ਼ਾਤ ਪਾਤ ਤੇ ਪੁਰਾਣੇ ਮਜ਼ਹਬ ਦੇ ਬੰਧਨਾਂ ਵਿਚ ਜਕੜੇ ਹੋਏ ਹੋਣ ਕਰਕੇ ਸਮਾਜਿਕ ਤੌਰ ਤੇ ਭੀ ਪਿਛਾਂਹ ਖਿਚੂ

*ਡਾਕਟਰ ਨਾਰੰਗ।

ਸਨ। ਗੁਰੂ ਜੀ ਦੀ ਤਿਆਰੀ ਵੇਖ ਕੇ ਇਹ ਖਿਝ ਰਹੇ ਸਨ । ਭੀਮ ਚੰਦ ਕਹਿਲੂਰ ਨੇ ਪਹਿਲੇ ਆਪਣੇ ਵਜ਼ੀਰ ਪਰਮਾਨੰਦ ਤੇ ਇਕ ਪਰੋਹਤ ਨੂੰ ਭੇਜਿਆ ਅਤੇ ਮਿਲਵਰਤਨ ਦੀ ਇੱਛਾ ਪ੍ਰਗਟ ਕੀਤੀ । ਕੁਝ ਦਿਰ ਪਿਛੋਂ ਉਸ ਨੇ ਮੁਲਾਕਾਤ ਭੀ ਕੀਤੀ । ਗੁਰੂ ਦਰਬਾਰ ਦਾ ਠਾਠ ਦੇਖ ਕੇ ਉਸ ਦੀ ਕਠੀ ਕਾਇਮ ਨਾ ਰਹੀ । ਉਸਨੇ ਘਰ ਜਾਕੇ ਵਜ਼ੀਰ ਅਤੇ ਕੋਤਵਾਲ ਨੂੰ ਭੇਜਿਆ ਤੇ ਗੁਰੂ ਜੀ ਪਾਸੋਂ ਪ੍ਰਸਾਦੀ ਹਾਥੀ ਪਸ਼ਮੀਨੇ ਦੀ ਚਾਨਣੀ ਤੇ ਕਈ ਹੋਰ ਵਸਤਾਂ ਬੜੇ ਰੋਹਬ ਨਾਲ ਮੰਗ ਭੇਜੀਆਂ। ਪੱਜ ਇਹ ਲਾ ਕੇ ਕਿ ਉਸ ਦੇ ਪੁੱਤਰ ਅਜਮੇਰ ਚੰਦ ਦੀ ਕੁੜਮਾਈ ਸਮੇਂ ਵਰਤਣੀਆਂ ਹਨ। ਗੁਰੂ ਜੀ ਨੇ ਉਤਰ ਦਿਤਾ—''ਇਹ ਸਿਖਾਂ ਦੀਆਂ ਪਰੇਮ ਭੇਟਾ ਹਨ, ਦਿਤੀਆਂ ਨਹੀਂ ਜਾ ਸਕਦੀਆਂ ।'' ਇਸ ਪਰ ਭੀਮ ਚੰਦ ਤੇ ਹੋਰ ਰਾਜੇ ਬਹੁਤ ਔਖੇ ਹੋਏ । ਇਨ੍ਹਾਂ ਨੇ ਰਾਜਾ ਕੇਸਰੀ ਸਿੰਘ ਰਾਹੀਂ ਇਹ ਆਖ ਕੇ ਭੇਜਿਆ—'ਗੁਰੂ ਨਾਨਕ ਦੇਵ ਦੀ ਗੱਦੀ ਸਮਝ ਕੇ ਅਸੀਂ ਹੁਣ ਤੀਕ ਆਪ ਦਾ ਮਾਣ ਕਰਦੇ ਰਹੇ ਹਾਂ, ਤੁਸੀਂ ਸਾਡੀ ਰਈਅਤ ਹੋ। ਤੁਹਾਨੂੰ ਸਾਡੀ ਈਨ ਮੰਨਣੀ ਪਵੇਗੀ ਤੇ ਚੀਜ਼ਾਂ ਦੇਣੀਆਂ ਪੈਣਗੀਆਂ।'

ਦਸਮ ਪਾਤਸ਼ਾਹ ਨੇ ਉਤਰ ਦਿਤਾ—'ਰਈਅਤ ਅਕਾਲ ਪੁਰਖ ਦੀ ਹਾਂ, ਕਿਸੇ ਪਾਸੋਂ ਡਰਦੇ ਨਹੀਂ । ਈਨ ਕਿਸੇ ਦੀ ਮੰਨਣੀ ਨਹੀਂ । ਅਨੰਦਪੁਰ ਸਾਡੇ ਪਿਤਾ ਜੀ ਦੀ ਜ਼ਰ ਖਰੀਦ ਹੈ । ਕਿਸੇ ਪਾਸੋਂ ਕੁਝ ਲੈਂਦੇ ਨਹੀਂ। ਜੇ ਬਿਨਾਂ ਕਾਰਨ ਤੁਸੀਂ ਲੜਨਾ ਹੈ ਤਾਂ ਜੰਗ ਲਈ ਤਿਆਰ ਹਾਂ।'

ਇਹ ਉਤਰ ਸੁਣਕੇ ਭੀਮ ਚੰਦ ਤੇ ਰਾਜੇ ਛਿਥੇ ਹੋ ਗਏ । ਮਾਤਾ ਜੀ ਨੇ ਚਿੰਤਾ ਪ੍ਰਗਟ ਕੀਤੀ। ਦਸਮ ਪਾਤਸ਼ਾਹ ਨੇ ਉਤਰ ਦਿਤਾ—

ਖੜਕ ਕੇਤ ਕੇ ਆਸਰੋ ਇਕ ਰਿਦੇ ਹਮਾਰੇ।
ਮਹਿਦ ਭਰੋਸਾ ਪ੍ਰਭੂ ਕੋ ਨਰ ਕੌਣ ਬਿਚਾਰੇ।

ਤੁਰਕੇਸਰ ਕੀ ਦ੍ਰਿੜ ਜੜ੍ਹਾਂ ਹਮ ਦੇਹਿ ਉਖਾਰੀ।
ਗੁਰਸਿਖ ਛੀਨਹਿ ਧਰਾ ਕਹੂੰ ਦਲ ਬਲ ਭਾਰੀ।
(ਸੂ: ਪ੍ਰ: ਰੁਤ ੧, ਅੰਸੂ ੪੨ ਅੰਕ ੨੨)

ਇਸ ਤੋਂ ਸ੍ਰੀ ਦਸਮੇਸ਼ ਜੀ ਦੇ ਦ੍ਰਿੜ ਸੰਕਲਪ ਤੇ ਚੜ੍ਹਦੀ ਕਲਾ ਦਾ ਪਤਾ ਲਗਦਾ ਹੈ।

ਇਥੇ ਟੂਕ ਮਾਤਰ ਬਾਈਧਾਰ ਦੇ ਪਹਾੜੀ ਰਾਜਿਆਂ ਬਾਰੇ ਇਹ ਗਲ ਦਸਣੀ ਜ਼ਰੂਰੀ ਹੈ। ਉਹ ਇਹ ਹੈ ਕਿ ਮੁਗਲ ਦਰਬਾਰ ਦੇ ਰੀਕਾਰਡ ਵਿਚ ਇਨ੍ਹਾਂ ਨੂੰ ਮੀਏਂ, ਭੂਮੀਏ ਜਾਂ ਵੱਡੇ ਜ਼ਿਮੀਂਦਾਰ ਕਰਕੇ ਲਿਖਿਆ ਹੈ। 'ਰਾਜਾ' ਖਿਤਾਬ ਸਿਰਫ ਉਸ ਨੂੰ ਦਿਤਾ ਜਾਂਦਾ ਸੀ, ਜਿਸਦੀ ਮੁਗਲ ਦਰਬਾਰ ਵਿਚ ਪਹੁੰਚ ਤੇ ਖਾਸ ਅਸਰ ਰਸੂਖ ਹੁੰਦਾ ਸੀ, ਜਾਂ ਜਿਹੜੇ ਮੁਗਲ ਬਾਦਸ਼ਾਹਾਂ ਨੂੰ ਲੜਕੀਆਂ ਦੇ ਡੋਲੇ ਦਿੰਦੇ ਸਨ।

ਮੁਗਲ ਰਾਜ ਸਮੇਂ ਇਕ ਯੂਰਪੀਨ ਨਿਕੋਲਾਈ ਮਨੂਚੀ ਭਾਰਤ ਵਿਚ ਆਇਆ। ਉਹ ਮੁਗਲ ਦਰਬਾਰ ਵਿਚ ਡਾਕਟਰ ਦੀ ਸੇਵਾ ਤੇ ਸ਼ਾਹੀ ਲੰਗਰ ਦੀ ਨਿਗਰਾਨੀ ਕਰਦਾ ਸੀ।

ਉਸਨੇ ਇਕ ਪੁਸਤਕ "ਸਟੋਰੀਆ ਡੂ ਮੋਗਰ" ਲਿਖੀ ਹੈ। ਜਿਸਦੇ ਅਰਥ ਹਨ—"ਮੁਗਲਾਂ ਦੀ ਕਹਾਣੀ।" ਉਸ ਪੁਸਤਕ ਵਿਚ ਮਨੂਚੀ ਨੇ ਲਿਖਿਆ ਹੈ ਕਿ ਜੇ ਹਿੰਦੁਸਤਾਨ ਦੇ ਰਾਜੇ ਆਪਸ ਵਿਚ ਮਿਲਕੇ ਮੁਗਲ ਰਾਜ ਵਿਰੁਧ ਬਗਾਵਤ ਕਰ ਦੇਣ ਤਾਂ ਮੁਗਲ ਹਕੂਮਤ ਢਾਈ ਦਿਨਾਂ ਵਿਚ ਖਤਮ ਹੋ ਸਕਦੀ ਹੈ।'

ਪਰ ਰਾਜੇ ਢਾਈ ਪਾ ਖਿਚੜੀ ਵਖਰੀ ਰਿੰਨ੍ਹਦੇ ਸਨ। ਉਨ੍ਹਾਂ ਵਿਚ ਕੋਈ ਏਕਤਾ ਨਹੀਂ ਸੀ। ਮੁਗਲ ਬਾਦਸ਼ਾਹ ਉਨ੍ਹਾਂ ਦੀ ਇਸ ਕਮਜ਼ੋਰੀ ਤੋਂ ਜਾਣੂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਈਧਾਰ ਦੇ ਰਾਜਿਆਂ ਵਿਚੋਂ ਉਹ ਕਮਜ਼ੋਰੀ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਭੀਮ ਚੰਦ ਕਹਿਲੂਰ ਤੇ ਹੋਰ ਕਈ ਰਾਜਿਆਂ ਨੇ ਸ੍ਰੀ ਦਸਮੇਸ਼ ਜੀ ਦੀ

ਵਿਰੋਧਤਾ ਅਤੇ ਔਰੰਗਜ਼ੇਬ ਦੀ ਕੂਟਨੀਤੀ ਤੇ ਫਿਰਕੂ ਨੀਤੀ ਦੀ ਹਮਾਇਤ ਕੀਤੀ।

ਪਹਾੜੀ ਰਾਜਿਆਂ ਚੋਂ ਰਾਇ ਬਸਾਲੀ, ਰਾਣਾ ਭੰਬੋਰ, ਰਾਜਾ ਮੰਡੀ ਅਤੇ ਰਾਜਾ ਮੇਦਨੀ ਪ੍ਰਕਾਸ਼ ਨਾਹਣ ਗੁਰੂ ਸਾਹਿਬ ਦੇ ਸੇਵਕ ਸਨ। ਪਰ ਭੀਮ ਚੰਦ, ਕੇਸਰੀ ਚੰਦ ਆਦਿਕ ਵਿਰੋਧੀ ਸਨ।

ਗੁਰੂ ਜੀ ਦੇ ਤਿੰਨ ਮਹਿਲ–

(੧) ਮਾਤਾ ਜੀਤੋ ਜੀ–ਆਪ ਲਾਹੌਰ ਨਿਵਾਸੀ ਭਾਈ ਹਰਿ ਜਸ ਸੁਭਿਖੀ ਖਤ੍ਰੀ ਦੀ ਪੁੱਤਰੀ ਸਨ। ਜਦ ਆਪ ਦੀ ਮੰਗਣੀ ਗੁਰੂ ਜੀ ਨਾਲ ਕੀਤੀ ਗਈ, ਤਦ ਆਪਦੇ ਮਾਤਾ ਪਿਤਾ ਚਾਹੁੰਦੇ ਸਨ ਕਿ ਗੁਰੂ ਜੀ ਲਾਹੌਰ ਸ਼ਾਦੀ ਕਰਨ ਲਈ ਆਉਣ। ਮਹਾਰਾਜ ਅਨੰਦ ਪੁਰ ਵਿਚ ਸੈਨਕ ਤਿਆਰੀ ਕਰ ਰਹੇ ਸਨ। ਵਸੋਂ ਅਤੇ ਵਪਾਰਕ ਦ੍ਰਿਸ਼ਟੀ ਨਾਲ ਭੀ ਇਸ ਨੂੰ ਉੱਨਤ ਕਰਨਾ ਚਾਹੁੰਦੇ ਸਨ। ਇਸ ਲਈ ਅਨੰਦ ਪੁਰ ਤੋਂ ੭ ਮੀਲ ਉਤਰ ਵਲ ਪਹਾੜੀ ਵਿਚ ਆਰਜ਼ੀ ਤੌਰ ਤੇ ਗੁਰੂ ਕਾ ਲਾਹੌਰ ਵਸਾਇਆ ਗਿਆ। ਇਥੇ ੧੭੩੪ ਬਿ: ਵਿਚ ਗੁਰੂ ਜੀ ਦੀ ਸ਼ਾਦੀ ਸ੍ਰੀ ਜੀਤੋ ਜੀ ਨਾਲ ਹੋਈ। ਆਪ ਤੋਂ ਤਿੰਨ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਪ੍ਰਗਟ ਹੋਏ। ੧੭੫੭ ਵਿਚ ਸ੍ਰੀ ਮਾਤਾ ਜੀਤੋ ਜੀ ਦਾ ਦੇਹਾਂਤ ਅਨੰਦ ਪੁਰ ਵਿਚ ਹੋਇਆ। ਇਥੇ ਆਪ ਦਾ ਦੇਹੁਰਾ 'ਅਗੰਮ ਪੁਰ' ਦੇ ਨਾਂ ਤੋਂ ਪ੍ਰਸਿਧ ਹੈ। ਹੋਲੇ ਤੇ ਇਸਦੀ ਯਾਤਰਾ ਹੁੰਦੀ ਹੈ। ਭਾਈ ਸੰਤੋਖ ਸਿੰਘ ਜੀ ਨੇ ਮਾਤਾ ਜੀਤੋ ਜੀ ਦਾ ਚਲਾਣਾ ਅਨੰਦਪੁਰ ਵਿਚ ਹੀ ਲਿਖਿਆ ਹੈ।

(੨) ਮਾਤਾ ਸੁੰਦਰੀ ਜੀ–ਆਪ ਲਾਹੌਰ ਨਿਵਾਸੀ ਰਾਮ ਸਰਨ ਕੁਮਰਾਵ ਖਤ੍ਰੀ ਦੀ ਬੇਟੀ ਸਨ। ਵੈਸਾਖ ੧੭੪੧ ਵਿਚ ਆਪ ਦਾ ਅਨੰਦ ਸਤਿਗੁਰੂ ਜੀ ਨਾਲ ਹੋਇਆ। ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਆਪ ਤੋਂ ਪ੍ਰਗਟ ਹੋਏ। ਕਲਗੀਧਰ ਜੀ ਦੇ ਜੋਤੀ

ਜੋਤਿ ਸਮਾਉਣ ਦੇ ਪਿਛੋਂ ਮਾਤਾ ਸੁੰਦਰੀ ਜੀ ਦੀ ਆਗਿਆ ਪੰਥ ਵਿਚ ਮੰਨੀ ਜਾਂਦੀ ਰਹੀ। ਭਾਈ ਮਨੀ ਸਿੰਘ ਜੀ ਨੂੰ ਆਪ ਨੇ ਸ੍ਰੀ ਦਰਬਾਰ ਸਾਹਿਬ ਦਾ ਗਰੰਥੀ ਥਾਪਿਆ। ਜੀਵਨ ਦੇ ਅੰਤਮ ਦਿਨਾਂ ਵਿਚ ਮਾਤਾ ਸੁੰਦਰੀ ਜੀ ਨੇ ਦਿਲੀ ਨਿਵਾਸ ਕੀਤਾ। ਤੁਰਕਮਾਨ ਦਰਵਾਜ਼ੇ ਤੋਂ ਬਾਹਰ ਆਪ ਦੀ ਹਵੇਲੀ ਪ੍ਰਸਿਧ ਹੈ। ਮਾਤਾ ਜੀ ਨੇ ਇਕ ਅਜੀਤ ਸਿੰਘ ਨੂੰ ਆਪਣਾ ਪੁਤਰੇਲਾ ਬਣਾਇਆ, ਜੋ ਬਾਬਾ ਬੰਦਾ ਜੀ ਦੇ ਸਮੇਂ ਮੁਗਲਾਂ ਨੇ ਕਤਲ ਕੀਤਾ। ਸ੍ਰੀ ਸੁੰਦਰੀ ਜੀ ਦਾ ਦੇਹਾਂਤ ਸੰਮਤ ੧੮੦੪ ਵਿਚ ਦਿਲੀ ਵਿਚ ਹੋਇਆ। ਮਾਤਾ ਸੁੰਦਰੀ ਜੀ ਦੀ ਗੁਰਦਵਾਰਾ ਦਿਲੀ ਵਿਚ ਪ੍ਰਸਿਧ ਹੈ।

(੩) ਮਾਤਾ ਸਾਹਿਬ ਦੇਵੀ ਜੀ–ਆਪ ਰੁਹਤਾਸ ਜ਼ਿਲਾ ਜੇਹਲਮ ਨਿਵਾਸੀ ਭਾਈ ਰਾਮੂ ਬੱਸੀ ਖਤਰੀ ਦੀ ਸਪੁਤਰੀ ਸਨ। ਮਾਤਾ ਪਿਤਾ ਨੇ ਦਿਲ ਵਿਚ ਇਹ ਧਾਰ ਲਈ ਕਿ ਆਪ ਦੀ ਸ਼ਾਦੀ ਗੁਰੂ ਜੀ ਨਾਲ ਕਰਨੀ ਹੈ।

ਜਾਪਦਾ ਇਹ ਹੈ ਕਿ ਕਲਗੀਧਰ ਦੀ ਪਹਿਲੀ ਸਾਦੀ ਸ੍ਰੀ ਜੀਤੋ ਜੀ ਨਾਲ ਬਚਪਨ ਵਿਚ ਹੋਈ। ੧੭੫੭ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਲਈ ਕਈ ਪਰੇਮੀਆਂ ਨੇ ਰਿਸ਼ਤਾ ਕਰਨਾ ਚਾਹਿਆ। ਇਸ ਲਈ ਭਾਈ ਰਾਮੂ ਅਨੰਦਪੁਰ ਆਏ। ਉਨ੍ਹਾਂ ਨੇ ਸਾਹਿਬ ਦੇਵੀ ਦੀ ਸ਼ਾਦੀ ਲਈ ਮਹਾਰਾਜ ਨੂੰ ਇਹ ਬਿਨੈ ਕੀਤੀ– 'ਮੇਰੀ ਪੁਤਰੀ ਆਪ ਦੇ ਅਰਪਨ ਹੋ ਚੁਕੀ ਹੈ। ਇਸ ਨੇ ਭੀ ਦਿਲ ਵਿਚ ਨਿਸਚਾ ਕਰ ਲਿਆ ਹੈ। ਕੋਈ ਸਿਖ ਇਸ ਨਾਲ ਸ਼ਾਦੀ ਨਹੀਂ ਕਰੇਗਾ। ਆਪ ਇਸ ਨੂੰ ਪ੍ਰਵਾਨ ਕਰੋ, ਦਸਮ ਪਾਤਸ਼ਾਹ ਨੇ ਉਤਰ ਦਿਤਾ–'ਅਸੀਂ ਹੋਰ ਸਾਦੀ ਕਰਨਾ ਨਹੀਂ ਚਾਹੁੰਦੇ। ਸਾਡਾ ਇਸਦਾ ਆਤਮਿਕ ਸੰਬੰਧ ਹੋਵੇਗਾ। ਇਸ ਨੂੰ ਜੀਵਨ ਜਤ ਸਤ ਅਤੇ ਪਰੇਮ ਭਗਤੀ ਵਿਚ ਗੁਜ਼ਾਰਨਾ ਪਵੇਗਾ।' ਸਾਹਿਬ ਦੇਵੀ ਜੀ ਨੇ ਇਸ

ਨੂੰ ਪ੍ਰਵਾਨ ਕਰ ਲਿਆ। ਇਸ ਲਈ ਸਾਰੇ ਪੁਰਾਤਨ ਇਤਿਹਾਸਾਂ ਵਿਚ ਮਾਤਾ ਜੀ ਨੂੰ ਕੰਵਾਰਾ ਡੋਲਾ ਲਿਖਿਆ ਹੈ।

ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਕ ਦਿਨ ਸਾਹਿਬ ਦੇਵਾਂ ਨੇ ਸ੍ਰੀ ਦਸਮੇਸ਼ ਜੀ ਦੀ ਸੇਵਾ ਵਿਚ ਬੇਨਤੀ ਕੀਤੀ–''ਮੇਰੀ ਕੋਈ ਸੰਤਾਨ ਨਹੀਂ, ਮੇਰੀ ਇਛਾ ਹੈ ਕਿ ਮੇਰਾ ਕੋਈ ਪੁਤ੍ਰ ਹੋਵੇ।'' ਸ੍ਰੀ ਦਸਮੇਸ਼ ਜੀ ਨੇ ਫੁਰਮਾਇਆ–''ਤੇਰੀ ਗੋਦ ਵਿਚ ਪੰਥ ਖਾਲਸਾ ਪੁਤ੍ਰ ਪਾਇਆ ਹੈ।'' ਇਹ ਸੁਣ ਕੇ ਮਾਤਾ ਸਾਹਿਬ ਦੇਵੀ ਬਹੁਤ ਪ੍ਰਸੰਨ ਹੋਈ।

ਇਸ ਅਨੁਸਾਰ ਪੰਥ ਖਾਲਸੇ ਨੂੰ ਅੰਮ੍ਰਿਤ ਛਕਾਣ ਵੇਲੇ ਨਾਦੀ ਪੁਤਰ ਬਣਾ ਕੇ ਮਾਤਾ ਜੀ ਨੂੰ ਗੋਦੀ ਪਾਕੇ ਕਿਹਾ ਜਾਂਦਾ ਹੈ--'ਅਜ ਤੋਂ ਆਪ ਦਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਦੇਵੀ ਜੀ।' ਦਸਮ ਪਾਤਸ਼ਾਹ ਜਦ ਹਜ਼ੂਰ ਸਾਹਿਬ ਗਏ, ਆਪਨੇ ਮਾਤਾ ਜੀ ਨੂੰ ਸੁੰਦਰੀ ਜੀ ਦੇ ਨਾਲ ਕੁਝ ਸ਼ਸਤਰ ਦੇ ਕੇ ਦਿਲੀ ਭੇਜਿਆ। ਮਾਤਾ ਸਾਹਿਬ ਦੇਵੀ ਜੀ ਦਾ ਦੇਹਾਂਤ ਵੀ ਦਿੱਲੀ ਵਿਚ ਹੀ ਹੋਇਆ ਹੈ। ਨਦੇੜ ਵਿਚ ਆਪ ਦੇ ਨਾਂ ਦਾ ਇਕ ਗੁਰਦਵਾਰ ਪ੍ਰਸਿਧ ਹੈ।

ਤਖਤ ਪਟਨਾ ਸਾਹਿਬ ਵਿਖੇ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਦੇ ਲਿਖੇ ਹੋਏ ਕੁਝ ਹੁਕਮਨਾਮੇ ਹਨ, ਜਿਨ੍ਹਾਂ ਚੋਂ ਦੋ ਹੁਕਮਨਾਮੇ ਇਥੇ ਦਰਜ ਕਰਦੇ ਹਾਂ:–

ਹੁਕਮਨਾਮਾ ਮਾਤਾ ਸੁੰਦਰੀ ਜੀ–

੧ ਓ ਸਤਿਗੁਰੂ ਜੀ

ਸ੍ਰੀ ਮਾਤਾ ਜੀ ਦੀ ਆਗਿਆ ਹੈ ਭਾਈ ਨੰਦ ਰੂਪ ਸਿੰਘ ਭਾਈ ਭਾਗ ਸਿੰਘ ਭਾਈ ਬਕਸੀ ਸਿੰਘ ਭਾਈ ਭਗਵੰਤ ਸਿੰਘ ਭਾਈ

ਬੀਰੂ ਸਿੰਘ ਭਾਈ ਆਫ਼ਾ ਸਿੰਘ ਭਾਈ ਪੰਜਾਬ ਸਿੰਘ ਭਾਈ ਬੁਲਾਕੀ ਸਿੰਘ ਭਾਈ ਗੁਰਦਾਸ ਸਿੰਘ ਭਾਈ ਬਾਲ ਸਿੰਘ ਭਾਈ ਦੇਖੀ ਦਾਸ ਭਾਈ ਗੁਲਾਬ ਰਾਇ ਸਰਬ ਸੰਗਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਾਰਣਾ ੨੦੦) ਦੁਇਸੈ ਰਪੀਐ ਲੰਗਰ ਕੇ ਖਰਚ ਦੇ ਵਾਸਤੇ ਤੁਸਾਂ ਉਪਰ ਫੁਰਮਾਇਸ ਹੋਈ ਹੈ । ਹੁਕਮ ਦੇਖਦੇ ਹੁੰਡੀ ਕਰਾਇ ਭੇਜਣੀ ਨਿਹਾਲ ਹੋਵਹੁਗੇ । ਤੁਸਾਡੀ ਖੱਟੀ ਕਮਾਈ ਵਿਚ ਗੁਰੂ ਬਰਕਤਿ ਪਾਵੇਗਾ । ਤੁਸੀਂ ਮੇਰੇ ਫਰਜੰਦ ਹੋ ਤੁਸਾਂ ਉਪਰ ਮੇਰੀ ਬਹੁਤ ਖੁਸ਼ੀ ਹੈ ਤੁਸਾਡੇ ਸਭੇ ਮਨੋਰਥ ਗੁਰੂ ਪੂਰੇ ਕਰੇਗਾ ਸਿਖਾਂ ਪੁਤਾਂ ਦੀ ਸੇਵਾ ਦਾ ਵੇਲਾ ਹੈ ਲੋਚ ਕੇ ਸੇਵਾ ਕਰਹੁਗੇ ਤੁਹਾਡੇ ਸਭੇ ਕਾਰਜ ਗੁਰੂ ਪੂਰਾ ਰਾਸ ਕਰੇਗਾ ਅਰ ਤੁਹਾਡੀ ਸੇਵਾ ਦਰਗਾਹ ਥਾਇ ਪਾਵੇਗੀ । ਸੰਮਤ ੧੭੭੪ ਮਿਤੀ ਕਤਕੋਂ ੨੧ ਸਤਰਾਂ ੧੬ ਹੁਕਮਨਾਮਾ ਮਾਤਾ ਸੁੰਦਰੀ ਜੀ ਕਾ ਦਿਲੀ ।

ਹੁਕਮਨਾਮਾ ਮਾਤਾ ਸਾਹਿਬ ਦੇਵੀ ਜੀ—

੧ ੳ ਸ੍ਰੀ ਵਾਹਿਗੁਰੂਜੀ ਕੀ ਫਤਹ ॥

ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸ੍ਰੀ ਮਾਤਾ ਸਾਹਿਬ ਦੇਵੀ ਜੀ ਦੀ ਆਗਿਆ ਹੈ ਭਾਈ ਅਨੰਦ ਰੂਪ ਸਿੰਘ ਭਾਈ ਬੁਧ ਸਿੰਘ ਭਾਈ ਉਦੇ ਸਿੰਘ ਭਾਈ ਦੇਵੀ ਸਿੰਘ ਸਰਬਤ ਖਾਲਸਾ ਵਾਸੀ ਪਟਨਾ ਗੁਰੂ ਰਖੇ । ਗੁਰੂ ਗੁਰੂ ਜਪਣਾ ਜਨਮ ਸਵਾਰਣਾ । ਮੇਰੀ ਬਹੁਤ ਖੁਸ਼ੀ ਹੈ ਜੀ ਤੁਸੀਂ ਮੇਰੇ ਪੁਤਰ ਫਰਜੰਦਾਨ ਹੁ ਗੁਰੂ ਤੁਹਾਡੀ ਹਰਿ ਬਾਤ ਰਾਖੇ । ਆਕਰੇ ਰੁਪਏ ਤਿਹਤਰ ਤੇਰਾਂ ਆਨੇ ੭੩॥।–) ਅਖਰੀ ਤਿਹਤਰ ਤੇਰਾਂ ਆਨੇ ਮਾਰਫਤਿ ਸਿਧੂ ਸਿੰਘ ਹਜੂਰ ਪਹੁੰਚੇ । ਸਤਸਗਉਂ ਸੁਧਾ ਲੰਗਰ 'ਚ ਪਈ ਖੁਸ਼ੀ ਹੋਈ । ਸਿਖਾਂ ਦੀ ਭਾਵਨੀ

ਬਾਇ ਪਈ । ਜੋ ਸਿਖ ਲੰਗਰ ਦੀ ਕਾਰਿ ਲੋਚ ਕਰਦੇ ਸੀ ਤਿਸਹਿ ਕਿਰਤਿ ਰੁਜਗਾਰਿ ਗੁਰ ਪੂਰਾ ਬਰਕਤ ਕਰੇ ।

ਸੰਮਤ ੧੭੯੫ ਚੇਤ ਸੁਦੀ ੯ ਸਤਰਾਂ ੧੨ ਬਾਰਾਂ ਹੁਕਮ ਸਾਹਿਬ ਦੇਵੀ ਜੀ ਕਾ ਮਾਰਫਤ ਸਿਧੂ ਮੇਵੜੇ ੧॥੪॥

ਇਸ ਹੁਕਮਨਾਮੇ ਦੇ ਉਤਲੇ ਪਾਸੇ ਸਜੇ ਤੋਂ ਖਬੇ ਪਾਸੇ ਇਹ ਅਖਰ ਲਿਖੇ ਹੋਏ ਹਨ–

ੴ ਸਤਿਗੁਰ ਪ੍ਰਸਾਦਿ

ਸਰਬਤ ਖਾਲਸਾ ਵਾਸੀ ਪਟਨਾ ਗੁਰੂ ਰਾਖੇ ।

ਤਖਤ ਪਟਨਾ ਸਾਹਿਬ ਵਲੋਂ ਹੁਕਮਨਾਮਿਆਂ ਦੀ ਇਕ ਐਲਬਮ ਤਿਆਰ ਕਰਵਾਈ ਗਈ ਹੈ । ਜਿਸ ਵਿਚ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਦੇ ਉਪ੍ਰਕਤ ਹੁਕਮਨਾਮੇ ਸ਼ਾਮਲ ਹਨ । ਅਸੀਂ ਇਨ੍ਹਾਂ ਦਾ ਉਤਾਰਾ ਉਸ ਐਲਬਮ ਵਿਚੋਂ ਕੀਤਾ ਹੈ ।

ਕਈ ਸਜਨਾਂ ਦਾ ਖਿਆਲ ਹੈ ਕਿ ਜੀਤੋ ਜੀ ਤੇ ਸੁੰਦਰੀ ਜੀ ਇਕੋ ਮਹਿਲ ਦੇ ਪੇਕੇ ਸੌਹਰੇ ਘਰ ਦੇ ਨਾਮ ਸਨ । ਅਸੀਂ ਇਸ ਨਾਲ ਸਹਿਮਤ ਨਹੀਂ ਹਾਂ ।

ਜਦ ਮਾਤਾ ਜੀਤੋ ਜੀ ਦਾ ਦੇਹੁਰਾ ਅਨੰਦ ਪੁਰ ਸਾਹਿਬ ਵਿਚ ਮੌਜੂਦ ਹੈ, ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਦੇ ਅਸਥਾਨ ਦਿੱਲੀ ਵਿਚ ਵਿਚ ਮੌਜੂਦ ਹਨ, ਇਸ ਹਾਲਤ ਵਿਚ ਸ੍ਰੀ ਦਸਮੇਸ਼ ਜੀ ਦੇ ਤਿੰਨ ਮਹਿਲ ਹੋਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ ।

***

ਛੱਤੀਵਾਂ ਵਿਆਖਿਆਨ

ਨਾਹਣ ਪ੍ਰਵੇਸ਼, ਪਾਉਂਟੇ ਦੀ ਰਚਨਾ
ਰਾਮ ਰਾਇ ਮਿਲਾਪ, ਭੰਗਾਣੀ ਦਾ ਜੁਧ

ਪਹਾੜੀ ਰਾਜਿਆਂ ਨੇ ਜੰਗ ਕੁਝ ਸਮੇਂ ਲਈ ਟਾਲ ਦਿਤੀ। ਇਸ ਲਈ ਦਸਮ ਪਾਤਸ਼ਾਹ ਕੌਮੀ ਉਸਾਰੀ ਦੇ ਕੰਮਾਂ ਵਿਚ ਰੁਝ ਗਏ ਇਸ ਦੌਰਾਨ ਰਾਜਾ ਮੇਦਨੀ ਪ੍ਰਕਾਸ਼ ਨਾਹਣ ਨੇ ਆਪਣਾ ਵਜ਼ੀਰ ਮਹਾਰਾਜ ਦੀ ਸੇਵਾ ਵਿਚ ਭੇਜਿਆ ਤੇ ਬੇਨਤੀ ਕੀਤੀ ਕਿ ਨਾਹਣ ਦਰਸ਼ਨ ਦੇਵੋ। ਇਸਦਾ ਇਕ ਕਾਰਨ ਤੇ ਇਹ ਸੀ ਕਿ ਰਾਜਾ ਫਤਹਿ ਸ਼ਾਹ ਸ੍ਰੀ ਨਗਰ (ਗੜ੍ਹਵਾਲ) ਨੇ ਉਸਦਾ ਕੁਝ ਇਲਾਕਾ ਖੋਹ ਲਿਆ ਸੀ। ਦੂਜੇ ਭੀਮ ਚੰਦ ਕਹਿਲੂਰੀਏ ਨੇ ਆਪਣੇ ਪੁੱਤਰ ਅਜਮੇਰ ਚੰਦ ਦਾ ਸਾਕ ਰਾਜਾ ਫਤਹਿਸ਼ਾਹ ਦੀ ਲੜਕੀ ਨਾਲ ਕੀਤਾ ਸੀ, ਇਸ ਲਈ ਨਾਹਣ ਨਰੇਸ਼ ਨੂੰ ਚਿੰਤਾ ਸੀ ਕਿ ਇਹ ਕੁੜਮਾਚਾਰੀ ਮਿਲਕੇ ਉਸਦਾ ਖਾਤਮਾ ਨਾ ਕਰ ਦੇਵੇ।

ਤੀਜੇ ਰਾਮ ਰਾਇ ਡੇਹਰਾਦੂਨ ਵਿਚ ਨਿਵਾਸ ਕਰਦੇ ਸਨ। ਉਨ੍ਹਾਂ ਦੇ ਸੰਬੰਧ ਰਾਜਾ ਫਤਹਿ ਸ਼ਾਹ ਨਾਲ ਬਹੁਤ ਚੰਗੇ ਸਨ। ਰਾਜੇ ਨੇ ਕੁਝ ਪਿੰਡ ਉਨ੍ਹਾਂ ਨੂੰ ਦਿਤੇ ਭੀ ਸਨ। ਰਾਮ ਰਾਇ ਜੀ ਦਾ ਦਿਲੀ ਦਰਬਾਰ ਵਿਚ ਚੰਗਾ ਰਸੂਖ ਸੀ, ਇਸ ਲਈ ਮੇਦਨੀ ਪ੍ਰਕਾਸ਼ ਨੂੰ ਇਹ ਭੀ ਖਿਆਲ ਸੀ ਕਿ ਰਾਜਾ ਫਤਹਿ ਸ਼ਾਹ ਰਾਮ ਰਾਇ ਰਾਹੀਂ ਹਕੂਮਤ ਤੇ ਅਸਰ ਪਾ ਕੇ ਉਸ ਦੀ ਰਿਆਸਤ ਖੁਹਾ ਨਾ ਦੇਵੇ।

ਗੁਰੂ ਜੀ ਨੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨਕੇ ੧੭੪੨ ਨੂੰ ਪ੍ਰਵਾਰ ਅਤੇ ਪੰਜ ਸੌ ਸਵਾਰਾਂ ਸਮੇਤ ਅਨੰਦਪੁਰ ਤੋਂ ਨਾਹਣ ਨੂੰ

ਕੂਚ ਕੀਤਾ। ਕੀਰਤਪੁਰ ਤੇ ਰੋਪੜ ਤੋਂ ਹੁੰਦੇ ਹੋਏ ਨਾਹਨ ਪੁਜੇ । ਰਾਜਾ ਮੇਦਨੀ ਪ੍ਰਕਾਸ਼ ਨੇ ਬੜੇ ਪਰੇਮ ਨਾਲ ਸੁਆਗਤ ਕੀਤਾ।

ਨਾਹਣ ਨਿਵਾਸ ਸਮੇਂ ਕਲਗੀਧਰ ਜੀ ਨੇ ਪਰਬਤਾਂ ਦੀ ਸੈਰ ਕੀਤੀ। ਸ਼ੇਰ, ਰਿਛ ਆਦਿਕ ਜੰਗਲੀ ਜਨੌਰਾਂ ਦਾ ਸ਼ਿਕਾਰ ਖੇਡਿਆ । ਇਹ ਸਮਾਂ ਸਿਰਫ ਸੈਰ ਤੇ ਸ਼ਿਕਾਰ ਵਿਚ ਹੀ ਨਹੀਂ ਬਤੀਤ ਕੀਤਾ, ਬਲਕਿ ਬਹੁਤ ਬੜੇ ਦੂਰ ਅੰਦੇਸ਼ ਅਤੇ ਰਾਜਨੀਤਕ ਮੁਦੱਬਰ ਵਾਂਗ ਸੋਚ ਵਿਚਾਰ, ਸੈਨਿਕ ਤਿਆਰੀ ਅਤੇ ਕਈ ਗੁੰਝਲਾਂ ਦਰੁਸਤ ਕਰਨ ਵਿਚ ਗੁਜ਼ਾਰਿਆ।

ਗੁਰੂ ਸਾਹਿਬ ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨਾਲ ਸ਼ਿਕਾਰ ਖੇਡ ਰਹੇ ਸਨ ਕਿ ਜਮਨਾ ਦੇ ਕਿਨਾਰੇ ਬਹੁਤ ਸੁੰਦਰ ਅਤੇ ਰਮਣੀਕ ਥਾਂ ਵੇਖ ਕੇ ਰਾਜੇ ਨੇ ਬੇਨਤੀ ਕੀਤੀ–'ਜਿਵੇਂ ਨੌਵੇਂ ਪਾਤਸ਼ਾਹ ਨੇ ਅਨੰਦਪੁਰ ਵਸਾਇਆ ਸੀ, ਆਪ ਮੇਰੇ ਇਲਾਕੇ ਵਿਚ ਕੋਈ ਨਗਰ ਵਸਾਉ, ਜੋ ਆਪਦੇ ਏਥੇ ਚਰਨ ਪਾਉਣ ਦੀ ਪਰੇਮ ਭਰੀ ਯਾਦਗਾਰ ਰਹੇ।'

ਰਾਜੇ ਦੀ ਇਹ ਬੇਨਤੀ ਮੰਨ ਕੇ ਹਜ਼ੂਰ ਨੇ ੧੭੪੨ ਵਿਚ ਕਿਆਰਦੂਨ ਦੀ ਜ਼ਮੀਨ ਵਿਚ ਪਾਉਂਟੇ* ਦੀ ਨੀਂਹ ਰਖੀ । ਇਥੇ ਮੇਦਨੀ ਪ੍ਰਕਾਸ਼ ਦੀ ਪਰਜਾ ਅਤੇ ਸਿਖਾਂ ਨੇ ਰਲਕੇ ਇਕ ਕੱਚਾ ਕਿਲ੍ਹਾ ਤਿਆਰ ਕੀਤਾ। ਪਿਛੋਂ ਹੋਰ ਇਮਾਰਤਾਂ ਬਣੀਆਂ । ਇਥੇ ਚੰਗੀ ਰੌਣਕ ਹੋ ਗਈ।

ਰਾਜਾ ਫਤਹਿ ਸ਼ਾਹ ਭੀ ਗੁਰੂ ਜੀ ਦੀ ਮੁਲਾਕਾਤ ਲਈ ਹਾਜ਼ਰ ਹੋਇਆ । ਆਪ ਨੇ ਉਸ ਨੂੰ ਸਮਝਾ ਬੁਝਾ ਕੇ ਰਾਜਾ ਮੇਦਨੀ ਪ੍ਰਕਾਸ਼ ਨਾਲ ਸੁਲਾਹ ਕਰਾ ਦਿਤੀ । ਰਾਜਾ ਫਤਹਿ ਸ਼ਾਹ ਨੇ ਜਿਹੜਾ ਇਲਾਕਾ ਨਾਹਣ ਨਰੇਸ਼ ਦਾ ਖੋਹਿਆ ਸੀ, ਉਹ ਵਾਪਸ ਕਰਾ

---

*ਪਾਂਵ ਟਿਕਯੋ ਸਤਿਗੁਰੂ ਕੇ ਅਨੰਦ ਪੁਰ ਆਇ।
ਨਾਮ ਧਰਯੋ ਇਸ ਪਾਂਵਟਾ ਸਭ ਦੇਸਨ ਪ੍ਰਗਟਾਇ। (ਸੂ:ਪ੍ਰ:)

ਦਿਤਾ। ਇਹ ਬੜੀ ਭਾਰੀ ਰਾਜਨੀਤਕ ਸਫਲਤਾ ਸੀ।

ਗੁਰੂ ਜੀ ਦਾ ਤੇਜ ਪ੍ਰਤਾਪ ਅਤੇ ਸੈਨਿਕ ਤਿਆਰੀ ਦੇਖ ਕੇ ਰਾਮ ਰਾਇ ਨੂੰ ਬਹੁਤ ਡਰ ਹੋ ਗਿਆ। ਉਹ ਗੁਰੂ ਘਰ ਵਿਚੋਂ ਛੇਕਿਆ ਹੋਇਆ ਹਕੂਮਤ ਦਾ ਸਾਥੀ ਸੀ। ਉਹ ਗੁਰੂ ਜੀ ਦੀ ਤਾਕਤ ਆਪਣੇ ਵਿਰੁਧ ਸਮਝਦਾ ਸੀ, ਪਰ ਉਸਦੇ ਘਰੋਗੀ ਹਾਲਾਤ ਬਹੁਤ ਵਿਗੜ ਚੁਕੇ ਸਨ। ਮਸੰਦ ਆਕੀ ਹੋ ਬੈਠੇ ਸਨ। ਬਹਿਲੋ ਕਾ ਗੁਰਦਾਸ ਅਤੇ ਤਾਰਾ ਰਾਮ ਰਾਇ ਦੇ ਦੋ ਵਡੇ ਮਸੰਦ ਸਨ। ਗੁਰਦਾਸ ਨੇ ਉਸ ਨੂੰ ਸਮਝਾਇਆ ਕਿ ਗੁਰੂ ਜੀ ਬਹੁਤ ਵਿਸ਼ਾਲ ਹਿਰਦੇ ਵਾਲੇ ਨੀਤੀ ਨਿਪੁਨ, ਧੀਰਜ-ਵਾਨ ਅਤੇ ਬਖਸ਼ਿੰਦ ਹਨ। ਇਸ ਲਈ ਉਨ੍ਹਾਂ ਨਾਲ ਮੇਲ ਕਰਨ ਵਿਚ ਕੋਈ ਹਰਜ ਨਹੀਂ।

ਰਾਮ ਰਾਇ ਨੇ ਇਹ ਸਲਾਹ ਮੰਨ ਕੇ ਜਮਨਾ ਦੇ ਕਿਨਾਰੇ ਬੇੜੀ ਵਿਚ ਗੁਰੂ ਜੀ ਨਾਲ ਮੁਲਾਕਾਤ ਕੀਤੀ। ਉਸਨੇ ਆਪਣੇ ਕੀਤੇ ਤੇ ਪਸਚਾਤਾਪ ਕੀਤਾ। ਘਰੋਗੀ ਲੜਾਈ ਤੇ ਮਸੰਦਾਂ ਦੀ ਸੀਨਾਜ਼ੋਰੀ ਦਾ ਜ਼ਿਕਰ ਕਰਕੇ ਸਹਾਇਤਾ ਮੰਗੀ। ਦਸਮ ਪਾਤਸ਼ਾਹ ਨੇ ਰਾਮ ਰਾਇ ਦੀਆਂ ਭੁਲਾਂ ਨੂੰ ਮਾਫ ਕੀਤਾ ਤੇ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿਤਾ।

ਮੁਲਾਕਾਤ ਸਮੇਂ ਰਾਮ ਰਾਇ ਦੇ ਮਸੰਦ ਅਤੇ ਸੇਵਕ ਦੋਹਾਂ ਵਲ ਪਿੱਠ ਕਰਕੇ ਖੜੋਤੇ ਰਹੇ। ਇਸ ਲਈ ਮਹਾਰਾਜ ਨੇ ਬਚਨ ਕੀਤਾ-'ਰਾਮ ਰਾਇ ਗੁਰੂ ਕਾ, ਉਸਦੀ ਸੰਗਤ ਭੂਤਨੀ।' ਇਸ ਤੋਂ ਕੁਝ ਚਿਰ ਬਾਅਦ ਰਾਮ ਰਾਇ ਦਾ ਦੇਹਾਂਤ ਹੋ ਗਿਆ। ਮਸੰਦਾਂ ਨੇ ਸਮਾਧੀ ਵਿਚ ਬੈਠੇ ਹੋਏ ਨੂੰ ਮੁਰਦਾ ਦਸ ਕੇ ਫੂਕ ਦਿਤਾ। ਗੁਰੂ ਜੀ ਡੇਹਰਾ ਦੂਨ ਗਏ। ਆਪ ਨੇ ਉਸ ਦੇ ਘਰੋਂ ਮਾਈ ਪੰਜਾਬ ਕੌਰ ਨੂੰ ਧੀਰਜ ਦਿਤਾ। ਸਾਰੇ ਮਸੰਦਾਂ ਨੂੰ ਸਿਰੋ ਪਾਉ ਦੇਣੇ ਕਰ ਕੇ ਇਕ ਹਵੇਲੀ ਵਿਚ ਬੰਦ ਕਰ ਦਿਤਾ। ਇਕ ਸੁਰੰਗ ਰਾਹੀਂ ਬੁਲਾਕੇ ਧੌਗ ਦੜ ਦਿਤਾ। ਕਈਆਂ ਨੂੰ ਬਖਸ਼ ਭੀ ਦਿਤਾ। ਡੇਹਰਾਦੂਨ ਵਿਚ ਰਾਮ ਦਾ ਦੇਹੁਰਾ ਮੌਜੂਦ ਹੈ। ਇਸ ਦੇ ਨਾਲ ਦਸਮ ਪਾਤਸ਼ਾਹ ਦਾ

ਅਸਥਾਨ ਤੇ ਸੁਰੰਗ ਭੀ ਹੈ।

ਪਾਉਂਟੇ ਵਿਚ ਹੀ ਸਯਦਬਦਰੁਦੀਨ ਉਰਫ ਬੁਧੂਸ਼ਾਹ ਸਢੌਰੇ ਵਾਲਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਗੁਰੂ ਦਰਬਾਰ ਵਿਚ ਉਪਦੇਸ਼ ਸੁਣ ਕੇ ਅਤੇ ਸੰਗਤ ਕਰ ਕੇ ਸਿਦਕੀ ਬਣ ਗਿਆ। ਇਕ ਦਿਨ ਕਹਿਣ ਲਗਾ-

ਅਬ ਹਜ਼ੂਰ ਨੇ ਮੇਲਨ ਕੀਨ। ਬਨੈ ਨ ਬਿਛਰਨ ਮੈ ਲਖ ਲੀਨ।
ਐਸੀ ਮਿਲਨੀ ਅਬ ਮਿਲ ਗਯੋ। ਲੇ ਦਰਸ਼ਨ ਕੋ ਤਨ ਮਨ ਦਯੋ।
(ਸੂਰਜ ਪ੍ਰਕਾਸ਼)

ਬੁਧੂ ਸ਼ਾਹ ਕੁਝ ਚਿਰ ਗੁਰੂ ਜੀ ਪਾਸ ਨਿਵਾਸ ਕਰਕੇ ਵਾਪਸ ਸਢੌਰੇ* ਚਲਾ ਗਿਆ। ਇਸ ਦੇ ਪਾਸ ਪਿੰਡ ਦਾਮਲਾ ਜ਼ਿਲਾ ਕਰਨਾਲ ਦੇ ਪੰਜ ਸੌ ਪਠਾਣ ਆਏ। ਇਹ ਸ਼ਾਹੀ ਫੌਜ ਵਿਚੋਂ ਕਢੇ ਹੋਏ ਰੁਜ਼ਗਾਰ ਤੋਂ ਟੁਟੇ ਹੋਏ ਸਨ। ਪਠਾਣਾਂ ਨੇ ਬੁਧੂ ਸ਼ਾਹ ਨੂੰ ਕਿਹਾ-'ਸਾਨੂੰ ਕਿਤੇ ਨੌਕਰ ਕਰਾ ਦਿਓ।' ਸਯਦ ਇਨ੍ਹਾਂ ਨੂੰ ਗੁਰੂ ਜੀ ਪਾਸ ਪਾਉਂਟੇ ਲੈ ਆਇਆ। ਮਹਾਰਾਜ ਨੇ ਇਹਨਾਂ ਨੂੰ ਫੌਜ ਵਿਚ ਨੌਕਰ ਰਖ ਲਿਆ ਇਹਨਾਂ ਦੇ ਪੰਜ ਮੁਖੀ ਸਰਦਾਰ ਸਨ-ਕਾਲੇ ਖਾਂ, ਭੀਖਣ ਖਾਂ, ਹਯਾਤ ਖਾਂ, ਉਮਰ ਖਾਂ ਅਤੇ ਨਜਾਬਤ ਖਾਂ। ਸਰਦਾਰਾਂ ਦੀ ਤਨਖ਼ਾਹ ਪੰਜ ਰੁਪਏ ਅਤੇ ਘੋੜ ਸਵਾਰਾਂ ਦੀ ਇਕ ਰੁਪਿਆ ਰੋਜ਼ਾਨਾ ਨੀਯਤ ਹੋਈ। ਗੁਰੂ ਕੀ ਫੌਜ ਦੋ ਤਰ੍ਹਾਂ ਦੀ ਸੀ, ਇਕ ਤੇ ਸਿਦਕੀ 'ਨਿਸ਼ਕਾਮ ਪ੍ਰੇਮੀ ਤੇ ਆਪਾ ਵਾਰਨ ਵਾਲੇ ਸੂਰਬੀਰ ਸਿੱਖਾਂ ਦੀ, ਦੂਜੇ ਤਨਖਾਹਦਾਰ ਪਠਾਨ ਆਦਿਕ ਸਨ। ਔਰੰਗਜ਼ੇਬ

---

*ਪਿੰਡ ਸਢੌਰਾ ਤਸੀਲ ਨਰਾਇਣ ਗੜ੍ਹ ਜ਼ਿਲਾ ਅੰਬਾਲਾ ਵਿਚ ਹੈ। ਇਹ ਬੁਧ ਭਿਖਸ਼ੂਆਂ ਦਾ ਪੁਰਾਣਾ ਟਿਕਾਣਾ ਸੀ। ਇਸ ਦਾ ਨਾਂ 'ਸਾਧਵਾਰਾ' ਸੀ, ਵਿਗੜ ਕੇ ਸਢੌਰਾ ਬਣਿਆ ਹੈ। ਇਹ ਕਦੀ ਮੁਸਲਮਾਨਾਂ ਦਾ ਗੜ੍ਹ ਭੀ ਰਿਹਾ ਹੈ।

ਦੇ ਦਰਬਾਰ ਵਿਚੋਂ ਕਢੇ ਹੋਏ ਕੁਝ ਲੋਕ ਰਾਜਪੂਤ ਭੀ ਮਹਾਰਾਜ ਦੀ ਸ਼ਰਨ ਵਿਚ ਰਹਿੰਦੇ ਸਨ।

ਗੁਰਦੇਵ ੧੭੪੨ ਵਿਚ ਹੀ ਕਪਾਲ ਮੋਚਨ ਪੁਜੇ। ਇਥੇ ਆਪ ਨੇ ਲੋਕਾਂ ਨੂੰ ਸਾਫ ਸੁਥਰੇ ਰਹਿਣ ਦਾ ਉਪਦੇਸ਼ ਕੀਤਾ।

ਗੁਰੂ ਜੀ ਨੇ ਕਾਵਿ ਰਚਨਾ ਦਾ ਕੰਮ ਅਨੰਦਪੁਰ ਵਿਚ ਹੀ ਸ਼ੁਰੂ ਕਰ ਦਿਤਾ ਸੀ* । ਇਹ ਕੰਮ ਪਾਉਂਟੇ ਵਿਚ ਪੂਰੇ ਜ਼ੋਰ ਨਾਲ ਜਾਰੀ ਰਿਹਾ । ਆਪ ਨੇ ਸ੍ਰੀ ਜਾਪੁ ਸਾਹਿਬ ਤੇ ਹੋਰ ਕਈ ਬਾਣੀਆਂ ਉਚਾਰਨ ਕੀਤੀਆਂ । ਹਿੰਦੁਸਤਾਨ ਦੇ ਪ੍ਰਸਿਧ ਵਿਦਵਾਨ, ਕਵੀ ਤੇ ਅਨੁਵਾਦਿਕ ਆਪ ਦੀ ਸੇਵਾ ਵਿਚ ਹਾਜ਼ਰ ਹੋਏ । ਇਥੇ ਕਵੀ ਦਰਬਾਰ ਹੁੰਦਾ ਸੀ । ਸਿਖਾਂ ਨੂੰ ਸ਼ਸਤ੍ਰ ਤੇ ਸ਼ਾਸਤ੍ਰ ਦੋਹਾਂ ਵਿਚ ਨਿਪੁੰਨ ਕੀਤਾ।

ਦਸਮ ਪਾਤਸ਼ਾਹ ਦੇ ਪਾਉਂਟੇ ਨਿਵਾਸ ਕਰਨ ਦੇ ਕਾਰਨ ਇਹ ਇਕ ਤਰ੍ਹਾਂ ਧਰਮ ਪ੍ਰਚਾਰ, ਵਿਦਿਆ, ਹੁਨਰ, ਸੈਨਿਕ ਸਿਖਿਆ ਤੇ ਬੀਰ ਰਸੀ ਚਮਤਕਾਰਾਂ ਦਾ ਕੇਂਦਰ ਬਣ ਗਿਆ ਸੀ। ਦੂਰੋਂ ਦੂਰੋਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਸਨ । ਪੰਡਤ, ਕਵੀ ਵਿਦਵਾਨ, ਸਾਧੂ, ਮਹਾਤਮਾ ਤੇ ਸੂਰਬੀਰ ਆਉਂਦੇ ਜਾਂਦੇ ਤੇ ਨਿਵਾਸ ਕਰਦੇ ਸਨ। ਪੰਜ ਸੌ ਉਦਾਸੀ ਸਾਧੂ ਵੀ ਮਹਾਰਾਜ ਪਾਸ ਆ ਟਿਕੇ ਭਗਤੀ, ਗਿਆਨ ਤੇ ਬੀਰ ਰਸ ਦਾ ਸਮੁੰਦਰ ਬੜਾ ਟਿਕਾਉ ਵਿਚ ਸੀ ਕਿ ਅਚਾਨਕ ਉਸ ਵਿਚ ਜਵਾਰ ਭਾਟਾ ਆ ਗਿਆ। ਕਾਰਨ ਇਹ

*ਜੋ ਜੋ ਕ੍ਰਿਸ਼ਨ ਚਰਿਤ੍ਰ ਦਿਖਾਏ।
'ਦਸਮ' ਬੀਚ ਸਭ ਭਾਖ ਸੁਨਾਏ।
ਗਯਾਰਸ ਸਹਿਸ ਬਾਨਵੇ ਛੰਦਾ।
ਕਹੇ ਦਸਮ ਪੁਰ ਬੈਠ ਅਨੰਦਾ।

(ਕ੍ਰਿਸ਼ਨਾ ਵਤਾਰ)

ਸੀ ਕਿ ਰਾਜਾ ਭੀਮ ਚੰਦ ਦੇ ਪੁਤਰ ਅਜਮੇਰ ਚੰਦ ਦੀ ਸ਼ਾਦੀ ਫਤਹ ਸ਼ਾਹ ਸ੍ਰੀ ਨਗਰ (ਗੜ੍ਹਵਾਲ) ਦੀ ਲੜਕੀ ਨਾਲ ਹੋਣੀ ਨੀਯਤ ਹੋਈ। ਕਹਿਲੂਰ ਤੋਂ ਸ੍ਰੀ ਨਗਰ ਨੂੰ ਜਾਂਦਿਆਂ ਪਾਉਂਟਾ ਰਾਹ ਵਿਚ ਆਉਂਦਾ ਸੀ। ਪਹਾੜੀ ਰਾਜਿਆਂ ਦੇ ਦਿਲ ਵਿਚ ਵੈਰ ਤੇ ਈਰਖਾ ਦੀ ਅੱਗ ਬਲ ਰਹੀ ਸੀ। ਉਨ੍ਹਾਂ ਨੇ ਕਪਟ ਕਰਕੇ ਜੰਞ ਦੇ ਨਾਲ ਬਹੁਤ ਸਾਰੀ ਸੈਨਾ ਭੀ ਲੈ ਲਈ। ਦਿਲ ਵਿਚ ਠਾਣੀ ਕਿ ਵਿਆਹ ਦੇ ਪਿਛੋਂ ਗੁਰੂ ਜੀ ਦੇ ਨਾਲ ਕਰਾਰੇ ਹਥ ਕੀਤੇ ਜਾਣ। ਨੀਤੀ ਨਿਪੁੰਨ ਗੁਰੂ ਜੀ ਭੀ ਇਸ ਤੋਂ ਬੇਖਬਰ ਨਹੀਂ ਸਨ।

ਰਾਜਾ ਫਤੇਹ ਸ਼ਾਹ ਤੇ ਗੁਰੂ ਸਾਹਿਬ ਦੇ ਸਬੰਧ ਬਹੁਤ ਚੰਗੇ ਸਨ। ਇਸ ਲਈ ਉਸਨੇ ਆਪਣੀ ਲੜਕੀ ਦੀ ਸ਼ਾਦੀ ਪਰ ਮਹਾਰਾਜ ਨੂੰ ਸੱਦ ਭੇਜਿਆ। ਸਤਿਗੁਰੂ ਜੀ ਆਪ ਨਾ ਗਏ। ਆਪ ਨੇ ਦੀਵਾਨ ਨੰਦ ਚੰਦ ਅਤੇ ਦਇਆ ਰਾਮ ਪਰੋਹਤ ਨੂੰ ਕੁਝ ਸਵਾਰਾਂ ਸਮੇਤ ਸਵਾ ਲਖ ਰੁਪਏ ਦਾ ਤੰਬੋਲ ਦੇ ਕੇ ਭੇਜਿਆ। ਇਧਰੋਂ ਪਹਾੜੀ ਰਾਜੇ ਜੰਞ ਲੈਕੇ ਪਾਉਂਟੇ ਤੋਂ ਤਿੰਨ ਚਾਰ ਕੋਹ ਦੀ ਵਿੱਥ ਤੇ ਆ ਪੁਜੇ। ਇਨ੍ਹਾਂ ਗੁਰੂ ਜੀ ਨੂੰ ਲੁਟਣ ਦੀ ਧਮਕੀ ਦਿਤੀ।

ਇਹ ਇਕ ਤਰ੍ਹਾਂ ਦਾ ਚੈਲੰਜ ਸੀ। ਗੁਰੂ ਜੀ ਨੇ ਸਿਖਾਂ ਨੂੰ ਤਿਆਰੀ ਦਾ ਹੁਕਮ ਦੇ ਦਿਤਾ। ਉਨ੍ਹਾਂ ਨੇ ਪਹਾੜੀਆਂ ਦਾ ਰਸਤਾ ਜਾ ਰੋਕਿਆ। ਰਾਜ ਕੁਮਾਰ ਤੇ ਇਕ ਮੰਤਰੀ ਗੁਰੂ ਜੀ ਦੇ ਦਰਬਾਰ ਵਿਚ ਆਏ ਤੇ ਲੰਘ ਜਾਣ ਦੀ ਬੇਨਤੀ ਕੀਤੀ। ਆਪ ਨੇ ਉਨ੍ਹਾਂ ਨੂੰ ਜਾਣ ਦਿਤਾ। ਲਾੜਾ ਤੇ ਮੰਤਰੀ ਇਕ ਰਸਤੇ ਗਏ ਤੇ ਫੌਜ ਦੂਜੇ ਪਾਸਿਓਂ ਵਲ ਪਾ ਕੇ ਸ੍ਰੀ ਨਗਰ ਪੁਜੀ। ਇਸ ਪਰ ਭੀਮ ਚੰਦ ਸੜ ਬਲ ਗਿਆ। ਸ਼ਾਦੀ ਹੋ ਗਈ। ਜਦ ਨੰਦ ਚੰਦ ਨੇ ਤੰਬੋਲ ਪੇਸ਼ ਕੀਤਾ ਤਾਂ ਇਸਨੇ ਬਲਦੀ ਪਰ ਤੇਲ ਪਾਇਆ। ਭੀਮ ਚੰਦ ਨੇ ਗੁਸੇ ਵਿਚ ਆ ਕੇ ਰਾਜਾ ਫਤਹ ਸ਼ਾਹ ਨੂੰ ਕਿਹਾ—'ਤੁਸੀਂ ਸਾਡੀ ਨੱਕ ਕਟੀ

ਕੀਤੀ ਹੈ। ਗੁਰੂ ਸਾਡਾ ਦੁਸ਼ਮਨ ਹੋਵੇ, ਤੁਸੀਂ ਉਸ ਦਾ ਤੰਬੋਲ ਪ੍ਰਵਾਨ ਕਰੋ ? ਜਾਂ ਇਹ ਤੰਬੋਲ ਮੋੜ ਦਿਓ, ਜਾਂ ਅਸੀਂ ਤੁਹਾਡੀ ਲੜਕੀ ਦਾ ਡੋਲਾ ਛਡਦੇ ਹਾਂ।' ਰਾਜਾ ਫਤੇਹ ਸ਼ਾਹ ਸ਼ਰੀਕਾਂ ਦੇ ਦਬਾ ਵਿਚ ਆ ਗਿਆ। ਸਿਖਾਂ ਨੇ ਪਹਾੜੀਆਂ ਦੀ ਬਦਲੀ ਹੋਈ ਨੀਯਤ ਵੇਖਕੇ ਸਵਾ ਲਖ ਰੁਪਏ ਦੇ ਬਸਤਰ ਤੇ ਕੀਮਤੀ ਚੀਜ਼ਾਂ ਸੰਭਾਲ ਲਈਆਂ, ਘੋੜਿਆਂ ਤੇ ਸਵਾਰ ਹੋਕੇ ਪਾਉਂਟੇ ਵਲ ਚਲ ਪਏ ਪਹਾੜੀ ਸੈਨਾ ਦੇ ਸਵਾਰਾਂ ਨੇ ਮਾਲ ਲੁਟਣ ਲਈ ਪਿਛਾ ਕੀਤਾ, ਪੱਤਣ ਤੇ ਆ ਕੇ ਲੜਾਈ ਹੋਈ। ਪਰ ਸਿਖਾਂ ਨੇ ਉਨ੍ਹਾਂ ਨੂੰ ਪਛਾੜ ਕੇ ਰਖ ਦਿਤਾ। ਉਹ ਸੁਖ ਸਾਂਤੀ ਨਾਲ ਪਾਉਂਟੇ ਪੁਜ ਗਏ।

ਸ੍ਰੀ ਨਗਰ ਤੋਂ ਲਾੜਾ ਲਾੜੀ ਕਹਿਲੂਰ ਨੂੰ ਭੇਜੇ ਗਏ ਅਤੇ ਰਾਜਿਆਂ ਨੇ ਗਿਣ ਮਿਥ ਕੇ ਲੜਾਈ ਕਰਨ ਦਾ ਫੈਸਲਾ ਕਰ ਲਿਆ। ਕਸ਼ਮੀਰ ਤੋਂ ਇਕ ਸਿਖ ਗੁਰੂ ਜੀ ਲਈ ਇਕ ਸੌ ਘੋੜੇ ਲਿਆ ਰਿਹਾ ਸੀ, ਪਹਾੜੀਆਂ ਨੇ ਉਹ ਘੋੜੇ ਖੋਹਣ ਦਾ ਜਤਨ ਕੀਤਾ। ਰਾਜਾ ਫਤੇਹ ਸ਼ਾਹ ਤੇ ਭੀਮ ਚੰਦ ਨੇ ਮਿਲਕੇ ਗੁਰੂ ਜੀ ਪਰ ਚੜ੍ਹਾਈ ਕਰ ਦਿਤੀ। ਬਚਿਤ੍ਰ ਨਾਟਕ ਵਿਚ ਗੁਰੂ ਜੀ ਲਿਖਦੇ ਹਨ—

ਫਤੇਹ ਸ਼ਾਹ ਕੋਪਾ ਤਬ ਰਾਜਾ।
ਲੋਹ ਪਰਾ ਹਮ ਸਿਉ ਬਿਨ ਕਾਜਾ।

ਰਾਜਿਆਂ ਦੀ ਤਿਆਰੀ ਦੇਖ ਕੇ ਗੁਰੂ ਜੀ ਨੇ ਸਿਖਾਂ ਅਤੇ ਪਠਾਣਾਂ ਨੂੰ ਜੁਧ ਦੀ ਤਿਆਰੀ ਦਾ ਹੁਕਮ ਦਿਤਾ। ਉਸ ਸਮੇਂ ਪਹਾੜੀਆਂ ਨੇ ਪਠਾਣਾਂ ਨੂੰ ਚਿਠੀ ਲਿਖੀ—'ਤੁਸੀਂ ਸਾਡੇ ਨਾਲ ਆ ਮਿਲੋ।' ਇਹ ਚਿੱਠੀ ਪੜ੍ਹਕੇ ਪਠਾਣ ਫਿਸਲ ਗਏ। ਕਿਸੇ ਨੇ ਮੁੰਡੇ ਕੁੜੀ ਦੇ ਨਕਾਹ ਦਾ ਬਹਾਨਾ ਕੀਤਾ, ਕਿਸੇ ਨੇ ਸੰਬੰਧੀਆਂ ਦੀ ਮੌਤ ਦਾ, ਕਈਆਂ ਨੇ ਤਨਖਾਹ ਵਧਾਉਣ ਦਾ ਅੜਿਕਾ ਡਾਹਿਆ। ਇਕ

ਕਾਲੇ ਖਾਂ ਤੇ ਉਸ ਦੇ ਨਾਲ ਦੇ ਸੌ ਸਵਾਰਾਂ ਨੂੰ ਛਡ ਕੇ ਬਾਕੀ ਸਾਰੇ ਪਠਾਣ ਗਦਾਰੀ ਕਰਕੇ ਪਹਾੜੀਆਂ ਨਾਲ ਜਾ ਮਿਲੇ।

ਇਥੇ ਟੂਕ ਮਾਤਰ ਇਕ ਇਤਿਹਾਸਕ ਗੱਲ ਦਸਣਾ ਚਾਹੁੰਦੇ ਹਾਂ। ਉਹ ਇਹ ਹੈ ਕਿ ਮੁਗਲ ਸਾਮਰਾਜ ਦੇ ਮੋਢੀ ਬਾਬਰ ਨੇ ਇਬਰਾ-ਹੀਮ ਲੋਧੀ ਪਠਾਣ ਨੂੰ ਮਾਰਕੇ ਰਾਜ ਪ੍ਰਾਪਤ ਕੀਤਾ ਸੀ।

ਇਸ ਲਈ ਮੁਗਲ ਬਾਦਸ਼ਾਹ ਪਠਾਣਾਂ ਪਰ ਭਰੋਸਾ ਨਹੀਂ ਕਰਦੇ ਸਨ। ਉਨ੍ਹਾਂ ਨੂੰ ਰਾਜ ਦਰਬਾਰ ਜਾਂ ਫੌਜ ਵਿਚ ਕੋਈ ਉਚੀ ਪਦਵੀ ਨਹੀਂ ਦਿੰਦੇ ਸਨ। ਪਠਾਣ ਵੀ ਦਿਲੋਂ ਮੁਗਲਾਂ ਦੇ ਵਫਾਦਾਰ ਨਹੀਂ ਸਨ।

ਗੁਰੂ ਸਾਹਿਬ ਨੇ ਬੁਧੂ ਸ਼ਾਹ ਦੀ ਸਿਫਾਰਸ਼ ਦਾਮਲੇ ਦੇ ਪੰਜ ਸੌ ਪਠਾਣ ਆਪਣੀ ਫੌਜ ਵਿਚ ਭਰਤੀ ਕੀਤੇ ਸਨ। ਪਰ ਭੰਗਾਣੀ ਦਾ ਜੁਧ ਆਰੰਭ ਹੋਣ ਤੋਂ ਪਹਿਲੇ ਹੀ ਚਾਰ ਸੌ ਪਠਾਣ ਗਦਾਰੀ ਕਰ ਕੇ ਪਹਾੜੀ ਰਾਜਿਆਂ ਨਾਲ ਜਾ ਮਿਲੇ।

ਜੰਗ ਦੇ ਸਮੇਂ ਕਿਸੇ ਫੌਜ ਦੀ ਟੁਕੜੀ ਦਾ ਦੁਸ਼ਮਣ ਨਾਲ ਜਾ ਮਿਲਣਾ ਬਹੁਤ ਖਤਰਨਾਕ ਹੁੰਦਾ ਹੈ। ਪਰ ਅਜਿਤ ਸੂਰਮੇ ਤੇ ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਭੰਗਾਣੀ ਵਿਚ ਗੁਰੂ ਜੀ ਕੋਲ ਪੰਜ ਸੌ ਉਦਾਸੀ ਸਾਧੂ ਵੀ ਸਨ। ਲੜਾਈ ਦਾ ਨਾਂ ਸੁਣ ਕੇ ਉਹ ਭੀ ਰਾਤ ਨੂੰ ਖਿਸਕ ਗਏ। ਉਨ੍ਹਾਂ ਚੋਂ ਇਕੋ ਮਹੰਤ ਕ੍ਰਿਪਾਲ ਦਾਸ ਪਿੰਡ ਹੇਅਰ (ਲੁਧਿਆਣਾ) ਹੀ ਰਹਿ ਗਿਆ। ਗੁਰੂ ਜੀ ਨੇ ਕ੍ਰਿਪਾਲ ਦਾਸ ਨੂੰ ਸਦਿਆ। ਉਸ ਦੇ ਸਾਥੀਆਂ ਦੇ ਚਲੇ ਜਾਣ ਬਾਰੇ ਪੁਛਿਆ—

ਗੁਰੂ—'ਮਹੰਤ ਜੀ, ਤੁਸੀਂ ਕਿਉਂ ਨਹੀਂ ਗਏ ?'

ਕ੍ਰਿਪਾਲ ਦਾਸ–'ਸਚੇ ਪਾਤਸ਼ਾਹ ! ਉਦਾਸੀ ਗੁਰੂ ਘਰ ਦੇ ਪ੍ਰਚਾਰਕ ਤੇ ਲੂਣ ਖਾਣ ਵਾਲੇ ਹਨ, ਬਿਪਤਾ ਸਮੇਂ ਬੇਮੁਖ ਹੋਣਾ ਠੀਕ ਨਹੀਂ । ਮੈਂ ਤਾਂ ਆਪਦੇ ਹੁਕਮ ਅਨੁਸਾਰ ਰਣ ਖੇਤਰ ਵਿਚ ਹੀ ਜੂਝਣਾ ਹੈ ।'

ਗੁਰੂ ਜੀ--'ਮਹੰਤ ਜੀ, ਤੁਸੀਂ ਉਦਾਸੀਆਂ ਦੀ ਲਾਜ ਰਖ ਲਈ ਹੈ । ਜਾਓ ਸ਼ਸਤਰ ਧਾਰਨ ਕਰੋ । ਸੂਰਬੀਰ ਬਣਕੇ ਧਰਮ ਖੇਤਰ ਵਿਚ ਲੜੋ ।'

ਜਿਸ ਤਰ੍ਹਾਂ ਬੇੜੀ ਵਿਚ ਛੇਕ ਹੋ ਜਾਣ ਤੇ ਬਾਹਰੋਂ ਵੀ ਕਪਰ ਅਤੇ ਛੱਲਾਂ ਪੈਣ ਤਾਂ ਵਿਚ ਬੈਠੇ ਮੁਸਾਫਰ ਘਬਰਾ ਜਾਂਦੇ ਹਨ, ਚਾਰ ਸੌ ਪਠਾਣਾਂ ਦੇ ਗਦਾਰ ਅਤੇ ਉਦਾਸੀਆਂ ਦੇ ਬੇਮੁਖ ਹੋਣ ਨਾਲ ਸਿਖ ਕੁਝ ਘਬਰਾ ਗਏ । ਦੀਵਾਨ ਵਿਚ ਕਈ ਸਿਖਾਂ ਨੇ ਬੇਨਤੀ ਕੀਤੀ--'ਸਚੇ ਪਾਤਸਾਹ, ਹੁਣ ਕਿਵੇਂ ਲੜਾਂਗੇ, ਜਦ ਕਿ ਇਤਨੇ ਆਦਮੀ ਬਿਪਤਾ ਸਮੇਂ ਆਪ ਦਾ ਸਾਥ ਛਡ ਗਏ ਤੇ ਪਠਾਣ ਰਾਜਿਆਂ ਨਾਲ ਜਾ ਮਿਲੇ ਹਨ ?'

ਗੁਰੂ ਜੀ-'ਚਿੰਤਾ ਨਾ ਕਰੋ । ਅਸੀਂ ਮਨੁਖਾਂ ਦੇ ਆਸਰੇ ਨਹੀਂ ਲੜਨਾ, ਅਕਾਲ ਪੁਰਖ ਦੇ ਆਸਰੇ ਜੁਧ ਕਰਨਾ ਹੈ । ਸਾਨੂੰ ਪੂਰਨ ਨਿਸਚਾ ਹੈ ਕਿ ਵਾਹਿਗੁਰੂ ਸਾਨੂੰ ਫਤਹ ਬਖਸ਼ੇਗਾ ।' ਅਜੇ ਭੀ ਜੋ ਕਾਇਰ ਤੇ ਬੁਜ਼ਦਿਲ ਹੈ ਅਤੇ ਜਿਸ ਨੇ ਰਣ ਵਿਚ ਪਿਠ ਦੇਣੀ ਹੈ ਉਹ ਜਾ ਸਕਦਾ ਹੈ।

ਇਹ ਬਚਨ ਸੁਣਕੇ ਸਿਖਾਂ ਵਿਚ ਇਕ ਜੋਸ਼ ਦੀ ਲਹਿਰ ਦੌੜ ਗਈ । ਸਿਦਕੀ ਅਤੇ ਨਿਸ਼ਕਾਮ ਸੇਵਕਾਂ ਨੇ ਤਨ ਮਨ ਧਨ ਵਾਰਨ ਦਾ ਫੈਸਲਾ ਕਰ ਲਿਆ । ਗੁਰੂ ਜੀ ਨੇ ਬੁਧੂ ਸ਼ਾਹ ਨੂੰ ਖਤ ਲਿਖਿਆ । ਜਦ ਉਸ ਨੂੰ ਪਠਾਨਾਂ ਦੀ ਗੱਦਰੀ ਅਤੇ ਭੰਗਾਣੀ ਦੇ ਜੰਗ ਦਾ ਪਤਾ ਲਗਾ ਤਾਂ ਦੋ ਭਰਾ, ਚਾਰ ਪੁਤਰ ਅਤੇ ੭੦੦ ਮੁਰੀਦ ਲੈ ਕੇ ਸਾਦਕ ਤਨ ਮਨ ਵਾਰਨ ਲਈ ਪਾਉਂਟੇ ਹਾਜ਼ਰ ਹੋਇਆ ।

ਗੁਰੂ ਜੀ ਨੇ ਪਾਉਂਟੇ ਤੋਂ ਛੇ ਕੋਹ ਦੀ ਵਿਥ ਤੇ ਭੰਗਾਣੀ ਪਿੰਡ ਦੇ ਪਾਸ ਗਿਰੀ ਨਦੀ ਅਤੇ ਜਮਨਾ ਦੇ ਵਿਚਕਾਰ ਰਣ ਖੰਭਾ ਜਾ ਗਡਿਆ। ਆਪ ਸ਼ਸਤਰ ਬਸਤਰ ਸਜਾ ਕੇ ਘੋੜੇ ਤੇ ਸਵਾਰ ਹੋ ਕੇ ਨਿਕਲੇ। ਆਪ ਜੀ ਦੇ ਨਾਲ ਬੀਬੀ ਵੀਰੋ ਜੀ ਦੇ ਪੁਤਰ ਮੋਹਰੀ, ਗੁਲਾਬ ਰਾਇ, ਜੀਤ ਮਲ, ਸੰਗੋ ਸ਼ਾਹ ਤੇ ਗੰਗਾ ਰਾਮ ਸਨ। ਇਨ੍ਹਾਂ ਤੋਂ ਬਿਨਾਂ ਦੀਵਾਨ ਨੰਦ ਚੰਦ, ਸਾਹਿਬ ਚੰਦ, ਮਾਮਾ ਕ੍ਰਿਪਾਲ ਜੀ, ਪ੍ਰੋਹਤ ਦਇਆ ਰਾਮ, ਭਾਈ ਮੋਹਰਾ, ਕਾਲਾ, ਊਦਾ, ਆਲਮ, ਚੰਦਨ ਰਾਇ ਅਤੇ ਪੀਰ ਬੁਧੂ ਸ਼ਾਹ ਜਥਿਆਂ ਦੀ ਕਮਾਨ ਕਰ ਰਹੇ ਸਨ। ਸਿੱਖ ਸੈਨਾ ਪੰਜ ਕੁ ਹਜ਼ਾਰ ਸੀ। ਪਹਾੜੀ ਸੈਨਾ ਦੇ ਮੁਖੀ ਰਾਜਾ ਭੀਮ ਚੰਦ, ਫਤੇਹ ਸ਼ਾਹ, ਗੁਪਾਲ ਚੰਦ ਗੁਲੇਰੀਆ, ਕ੍ਰਿਪਾਲ ਚੰਦ ਕਾਂਗੜਾ, ਕੇਸਰੀ ਚੰਦ ਜਸਵਾਲ, ਹਰੀ ਚੰਦ ਹੰਡੂਰੀਆ, ਦਿਆਲ ਚੰਦ ਕਾਠਗੜ੍ਹੀਆ, ਕਰਮ ਚੰਦ ਭੰਬੋਰ ਆਦਿਕ ਰਾਜੇ ਅਤੇ ਹਯਾਤ ਖਾਂ ਭੀਖਨ ਖਾਂ, ਨਜਾਬਤ ਖਾਂ ਆਦਿਕ ਪਠਾਣ ਸਰਦਾਰ ਸਨ। ਪਹਾੜੀ ਸੈਨਾ ਦੀ ਗਿਣਤੀ ਸਿਖਾਂ ਨਾਲੋਂ ਬਹੁਤ ਵਧੇਰੀ ਸੀ। ਇਸ ਨਾਲ ਮੁਲਖਈਆ ਭੀ ਸੀ। ੧੯ ਵੈਸਾਖ ੧੭੪੬ ਨੂੰ ਦੋਹਾਂ ਦਲਾਂ ਦਾ ਟਾਕਰਾ ਹੋ ਗਿਆ। ਭਾਈ ਸੰਗੋ ਸ਼ਾਹ ਨੇ ਸਿਖ ਸੈਨਾ ਨੂੰ ਅਜਿਹੀ ਥਾਂ ਖੜਾ ਕੀਤਾ, ਜਿਥੋਂ ਮਾਰ ਵਧੇਰੇ ਹੋ ਸਕਦੀ ਸੀ। ਇਸ ਲਈ ਜਦ ਪਹਾੜੀਏ ਅਗੇ ਵਧੇ ਤਾਂ ਸਿਖਾਂ ਨੇ ਦੋ ਹਜ਼ਾਰ ਬੰਦੂਕਾਂ ਦਾਗ ਦਿਤੀਆਂ ਤੇ ਸੈਂਕੜੇ ਆਦਮੀ ਫੰਡ ਦਿਤੇ। ਘਮਸਾਨ ਦੀ ਜੰਗ ਹੋਈ। ਮਹੰਤ ਕ੍ਰਿਪਾਲ ਦਾਸ ਨੇ ਕੁਤਕੇ ਨਾਲ ਕਮਾਲ ਕਰ ਦਿਤਾ। ਬਚਿਤ੍ਰ ਨਾਟਕ ਵਿਚ ਮਹਾਰਾਜ ਲਿਖਦੇ ਹਨ–

ਕ੍ਰਿਪਾਲ ਕੋਪੀਅੰ ਕੁਤਕੋ ਸੰਭਾਰੀ।
ਹਠੀ ਖਾਨ ਹਯਾਤ ਕੇ ਸੀਸ ਝਾਰੀ।
(ਅਧਿ: ੮ ੭)

ਸੂਰਬੀਰ ਸਾਧੂ ਨੇ ਕੁਤਕੇ ਨਾਲ ਹਯਾਤ ਖਾਂ ਦਾ ਸਿਰ ਫੇਂਹ ਦਿਤਾ। ਨੰਦ ਚੰਦ ਨੇ ਨਜਾਬਤ ਖਾਂ ਦੇ ਛਕੇ ਛੁਡਾ ਦਿਤੇ। ਇਸ ਜੰਗ

ਵਿਚ ਇਕ ਲਾਲ ਚੰਦ ਹਲਵਾਈ ਨੇ ਗੁਰੂ ਜੀ ਦੀ ਕ੍ਰਿਪਾ ਨਾਲ ਉਹ ਤਲਵਾਰ ਚਲਾਈ, ਜਿਸਨੂੰ ਵੇਖਕੇ ਪਹਾੜੀਏ ਤੇ ਪਠਾਣ ਦੰਗ ਰਹਿ ਗਏ। ਧਰਮ ਜੁਧ ਕਰਦਿਆਂ ਇਹ ਸੂਰਬੀਰ ਸ਼ਹੀਦ ਹੋ ਗਿਆ। ਜੀਤ ਮਲ ਤੇ ਸੰਗੋ ਸ਼ਾਹ ਨੇ ਗਾਜ਼ੀ ਚੰਦੇਲ ਅਤੇ ਰਾਜਾ ਹਰੀ ਚੰਦ ਨਾਲ ਕਰਾਰੇ ਹਥ ਕੀਤੇ। ਗਾਜ਼ੀ ਚੰਦ ਤੇ ਨਜਾਬਤ ਖਾਂ ਮਾਰੇ ਗਏ। ਸਿਖਾਂ ਵਲੋਂ ਸ੍ਰੀ ਜੀਤ ਮਲ ਤੇ ਸੰਗੋ ਸ਼ਾਹ ਸ਼ਹੀਦ ਹੋਏ। ਦਸਮੇਸ਼ ਜੀ ਦੇ ਟਾਕਰੇ ਤੇ ਰਾਜਾ ਹਰੀ ਚੰਦ ਆਇਆ। ਗੁਰਦੇਵ ਦੇ ਤੀਰਾਂ ਨਾਲ ਉਹ ਭੀ ਡਿਗ ਪਿਆ। ਬਸ ਫੇਰ ਕੀ ਸੀ ਪਹਾੜੀ ਸੈਨਾ ਨਠ ਗਈ। ਇਸ ਜੰਗ ਵਿਚ ਬਦਰੁਦੀਨ (ਬੁਧੂ ਸ਼ਾਹ) ਦੇ ਦੋ ਪੁਤ੍ਰ ਤੇ ਕਈ ਮੁਰੀਦ ਸ਼ਹੀਦ ਹੋਏ। ਤਿੰਨ ਦਿਨ ਦੀ ਜੰਗ ਦੇ ਬਾਅਦ ੧੮ ਵੈਸਾਖ ੧੭੪੬ ਨੂੰ ਗੁਰੂ ਜੀ ਦੀ ਫਤਹ ਹੋਈ।

ਸੂਰਬੀਰ ਸਿਖਾਂ ਨੂੰ ਸਿਰੋਪਾਉ ਦਿਤੇ ਗਏ। ਸ਼ਹੀਦਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਬੁਧੂ ਸ਼ਾਹ ਨੂੰ ਇਕ ਦਸਤਾਰ, ਕੰਘਾ, ਕ੍ਰਿਪਾਨ ਤੇ ਹੁਕਮਨਾਮੇ ਦੀ ਬਖਸ਼ਸ਼ ਹੋਈ।* ਕੰਵਰ ਰਣਜੋਧ ਸਿੰਹੁ ਨੇ 'ਤ੍ਵਾਰੀਖੇ ਸਰਮੌਰ' ਵਿਚ ਲਿਖਿਆ ਹੈ ਕਿ ਰਾਜਾ ਸ੍ਰੀ ਨਗਰ (ਗੜ੍ਹਵਾਲ) ਨੇ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ ਕਿ ਰਾਜਾ ਸਰਮੌਰ (ਨਾਹਣ)† ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕਰਦਾ ਹੈ। ਇਸ ਪਰ ਬਾਦਸ਼ਾਹ ਨੇ ਉਸਨੂੰ ਤਾੜਨਾ ਕਰ ਕੇ ਛਡ ਦਿਤਾ।

ਭੰਗਾਣੀ ਦਾ ਜੁਧ ਫਤਹ ਹੋਣ ਤੋਂ ਬਾਅਦ ਛੇਤੀ ਹੀ ਗੁਰੂ ਜੀ ਅਨੰਦਪੁਰ ਆ ਗਏ।

---

*ਇਹ ਚੀਜ਼ਾਂ ਗੁ: ਸਿਰਪਾਉ ਨਾਭਾ ਵਿਚ ਮੌਜੂਦ ਹਨ। ਬੁਧੂ ਸ਼ਾਹ ਨੂੰ ਉਸਮਾਨ ਖਾਂ ਹਾਕਮ ਸਢੌਰਾ ਨੇ ਗੁਰੂ ਜੀ ਦੀ ਮਦਦ ਕਰਨ ਦੇ ਦੋਸ਼ ਵਿਚ ਕਤਲ ਕੀਤਾ। ਸੰਮਤ ੧੭੬੬ ਵਿਚ ਬਾਬਾ ਬੰਦਾ ਜੀ ਨੇ ਉਸ ਨੂੰ ਫਾਂਸੀ ਦਿਤੀ। †ਰਿਆਸਤ ਨਾਹਣ ਦਾ ਦੂਜਾ ਨਾ ਸਰਮੌਰ ਸੀ। ਜਿਸਦੇ ਅਰਥ ਹਨ—ਸਿਰ ਦੇ ਮੁਕਟ ਜਾਂ ਸ਼ਰੋਮਣੀ।

ਸੈਂਤੀਵਾਂ ਵਿਆਖਿਆਨ

ਸ੍ਰੀ ਦਸਮੇਸ਼ ਜੀ ਦਾ ਵਿਦਿਆ ਦਰਬਾਰ ਪਰ ਕਵੀਆਂ ਦੀ ਰਚਨਾ

ਕੋਈ ਕੌਮ ਸਰੀਰਕ ਤੌਰ ਤੇ ਬਲਵਾਨ ਤੇ ਸੂਰਬੀਰ ਹੋਵੇ, ਪਰ ਜੇ ਉਹ ਵਿਦਯਕ, ਸਾਹਿਤਕ ਤੇ ਦਿਮਾਗੀ ਤੌਰ ਤੇ ਉਨਤ ਨਹੀਂ ਤਾਂ ਉਸਨੂੰ ਸਹੀ ਉਨਤ ਨਹੀਂ ਸਮਝਣਾ ਚਾਹੀਦਾ । ਬਲ ਅਤੇ ਬੁਧੀ ਦੋਹਾਂ ਦਾ ਹੋਣਾ ਜ਼ਰੂਰੀ ਹੈ। ਬੁਧੀ ਵਿਦਿਆ ਤੇ ਕੋਮਲ ਹੁਨਰਾਂ ਨਾਲ ਚਮਕਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਜਿਥੇ ਸੂਰ-ਬੀਰ ਬਣਾਇਆ, ਉਥੇ ਦਿਮਾਗੀ ਤੌਰ ਤੇ ਵੀ ਉਚਿਆਂ ਕਰਨ ਦਾ ਜਤਨ ਕੀਤਾ ਹੈ । ਆਪ ਖੁਦ ਅਜਿੱਤ ਸੂਰਮੇ ਤੇ ਪ੍ਰਬੀਨ ਸੈਨਾਪਤੀ ਸਨ, ਪਰ ਨਾਲ ਹੀ ਵਿਦਵਾਨ, ਅਦੁਤੀ ਕਵੀ, ਫਿਲਾਸਫਰ, ਕੋਮਲ ਹੁਨਰਾਂ ਦੇ ਜਾਣੂ ਤੇ ਸਾਹਿਤ ਦੀ ਬਹੁਤ ਸੂਖਮ ਤੇ ਉਚੀ ਸੂਝ ਰਖਣ ਵਾਲੇ ਸਨ । ਆਪ ਸੰਸਕ੍ਰਿਤ; ਫਾਰਸੀ, ਅਰਬੀ ਤੇ ਕਈ ਬੋਲੀਆਂ ਦੇ ਜਾਣੂ ਸਨ । ਵਿਦਿਆ ਦੀ ਸਰਪ੍ਰਸਤੀ, ਗੁਣੀਆਂ, ਕਵੀਆਂ ਤੇ ਵਿਦਵਾਨਾਂ ਦੀ ਕਦਰ ਕਰਨ ਵਾਲੇ ਸਨ । ਪਾਉਂਟੇ ਤੋਂ ਵਾਪਸ ਆ ਕੇ ਗੁਰੂ ਜੀ ਨੇ ਸੰਮਤ ੧੭੪੬ ਬਿ: ਵਿਚ ਅਨੰਦਪੁਰ ਵਿਚ ਅਨੰਦ ਗੜ੍ਹ, ਲੋਹ ਗੜ੍ਹ, ਫਤਹ ਗੜ੍ਹ ਤੇ ਤਾਰਾ ਗੜ੍ਹ ਕਿਲੇ ਬਣਵਾਏ ਅਤੇ ਤੋਪਾਂ ਢਲਵਾਈਆਂ ।*

---

*ਹੋਰ ਸਾਰੇ ਕਿਲੇ ਗਿਰ ਗਏ ਹਨ। ਅਨੰਦਗੜ੍ਹ ਦੀ ਉਸਾਰੀ ਹੁਣ ਨਵੇਂ ਸਿਰਿਓਂ ਹੋਈ ਹੈ। ਇਨ੍ਹਾਂ ਚੋਂ ਦੋ ਤੋਪਾਂ ਲਾਹੌਰ ਤੇ ਅਜਾਇਬ ਘਰ ਵਿਚ ਪਈਆਂ ਹਨ। ਹੁਣ ਭਾਰਤ ਆ ਗਈਆਂ ਹਨ।

ਦੋਵੇਂ ਵੇਲੇ ਦੀਵਾਨ ਸਜਦੇ । ਕਥਾ ਕੀਰਤਨ ਤੇ ਧਰਮ ਪ੍ਰਚਾਰ ਦੇ ਨਾਲ ਰਾਜਨੀਤਕ ਸਿਖਿਆ ਵੀ ਦਿਤੀ ਜਾਂਦੀ ਸੀ । ਗੁਰੂ ਜੀ ਵਿਚ ਜਲਾਲ ਜਮਾਲ ਅਤੇ ਵਿਦਿਆ ਦਾ ਕਮਾਲ ਤਿੰਨੇ ਹੀ ਭਰਪੂਰ ਸਨ । ਗੁਰੂ ਦਰਬਾਰ ਵਿਚ ਕੀਰਤਨ ਤਾਂ ਅਗੇ ਹੁੰਦਾ ਹੀ ਸੀ; ਹੁਣ ਕਾਵਯ, ਇਤਿਹਾਸ, ਫਿਲਾਸਫੀ, ਮਜ਼ਹਬ ਤੇ ਰਾਜਨੀਤਕ ਸਾਹਿਤਯ ਨੂੰ ਭੀ ਉਨਤ ਕੀਤਾ ਗਿਆ । ਪਹਿਲੇ ਅਨੰਦਪੁਰ ਵਿਚ ਇਹ ਰੌ ਜਾਰੀ ਹੋਈ, ਪਾਉਂਟੇ ਵਿਚ ਵਧੀ, ਮੁੜ ਅਨੰਦ ਪੁਰ ਵਿਚ ਕੇਂਦਰੀਯ ਹੋ ਗਈ। ਗੁਰੂ ਜੀ ਦੇ ਵਿਦਿਆ ਦਰਬਾਰ ਅਤੇ ਕਾਵਯ ਕਿਆਰੀ ਦਾ ਸੰਖੇਪ ਵਰਨਣ ਕਰਦੇ ਹਾਂ । ਅਨੰਦਪੁਰ ਵਿਚ ਗੁਰੂ ਜੀ ਦੇ ਪਾਸ ਹਿੰਦੁਸਤਾਨ ਦੇ ਪ੍ਰਸਿਧ ਵਿਦਵਾਨ ਕਵੀ ਤੇ ਅਨੁਵਾਦਿਕ ਗਿਣਤੀ ਵਿਚ ੯੦ ਕੁ ਸਨ। ਜਿਨ੍ਹਾਂ ਚੋਂ ਪ੨ ਕਵੀ ਸਨ । ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ–

ਭਾਈ ਨੰਦ ਲਾਲ, ਸੈਨਾਪਤਿ, ਅੰਮ੍ਰਿਤ ਰਾਇ, ਮੰਗਲ, ਸੁਖਦੇਵ, ਚੰਦਨ, ਈਸਰ, ਆਲਮ, ਉਦੇ ਰਾਇ, ਹੰਸ, ਰਾਮ, ਰਾਵਲ, ਸ਼ਾਰਦਾ, ਸੁਦਾਮਾ, ਲਖਣ, ਭੋਜ, ਅੱਲੂ, ਮੱਧੂ, ਚੰਦ, ਲੱਖਾ, ਬਿਧੀ ਚੰਦ, ਬਿਰਜ ਲਾਲ, ਖਾਨਖਾਨਾ, ਪਿੰਡੀ ਦਾਸ, ਰਾਮਦਾਸ, ਹੁਸੈਨ, ਨਿਹਾਲ, ਮਦਨ ਲਾਲ, ਧਰਮ ਸਿੰਘ, ਧਿਆਨ ਸਿੰਘ, ਦਇਆ ਸਿੰਘ, ਰੋਸ਼ਨ ਸਿੰਘ, ਧੰਨਾ ਸਿੰਘ, ਟਹਿਕਣ, ਨੰਦ, ਗੁਰਦਾਸ, ਅਚਲ ਦਾਸ, ਅਲੀ ਰਾਇ, ਸਯਾਮ, ਸੈਨਾ, ਸੇਖਾ, ਰਾਮ ਚੰਦ, ਮਾਲੀ, ਸੁੰਦਰ, ਸੋਹਣ, ਜਾਨ, ਹੀਰ, ਠਾਕਰ ਤੇ ਕੁਵਰੇਸ਼ । ਕੁਵਰੇਸ਼ ਕੇਸ਼ੋ ਦਾਸ ਬੁੰਧੇਲ ਖੰਡ ਦਾ ਪੁਤਰ ਸੀ । ਔਰੰਗਜ਼ੇਬ ਇਸ ਨੂੰ ਮੁਸਲਮਾਨ ਕਰਨਾ ਚਾਹੁੰਦਾ ਸੀ, ਜਿਸ ਕਰਕੇ ਇਹ ਨੱਠ ਕੇ ਅਨੰਦਪੁਰ ਪੁਜਾ ਸੀ ।

ਇਹ ਕਵੀ ਸੰਸਕ੍ਰਿਤ, ਫਾਰਸੀ ਅਰਬੀ, ਬ੍ਰਿਜ ਭਾਸ਼ਾ ਤੇ ਹੋਰ ਕਈ ਬੋਲੀਆਂ ਦੇ ਜਾਣੂ ਸਨ। ਗੁਰੂ ਜੀ ਨੇ ਇਨ੍ਹਾਂ ਪਾਸੋਂ ਧਰਮ, ਫਿਲਾਸਫੀ, ਰਾਜਨੀਤੀ, ਵੈਦਿਕ, ਇਤਿਹਾਸ, ਕਾਵਯ, ਸਾਹਿਤਯ

ਦੇ ਕਈ ਚੰਗੇ ਪੁਸਤਕ ਲਿਖਵਾਏ । ਰਾਮਾਇਣ, ਮਹਾਂ ਭਾਰਤ, ਉਪਨਿਸ਼ਦਾਂ, ਜੈਮਨੀ, ਯੋਗ ਵਸ਼ਿਸ਼ਟ, ਮਨੂ ਸਿਮਰਤੀ, ਵਿਦਰ ਸ਼ੁਕਰ ਤੇ ਚਾਣਕਨੀਤੀ ਅਤੇ ਕਈ ਪੁਰਾਣਕ ਪੁਸਤਕਾਂ ਦੇ ਅਨੁਵਾਦ ਕਰਾਏ । ਰਵਾਇਤ ਹੈ ਕਿ ਹਨੂਮਾਨ ਨਾਟਕ ਮਹਾਰਾਜ ਪਾਸ ਰਖਦੇ ਸਨ । ਅਨੰਦ ਪੁਰ ਵਿਚ ਜੋ ਇਲਮੀ ਖਜ਼ਾਨਾ ਇਕੱਤਰ ਹੋਇਆ, ਉਸ ਚੋਂ ਇਕ ਗ੍ਰੰਥ ਦਾ ਨਾਂ ਵਿਦਿਆ ਸਾਗਰ ਜਾਂ ਵਿਦਿਆ ਧਰ* ਸੀ । ਜਿਸ ਦਾ ਵਜ਼ਨ ਨੌ ਮਣ ਦਾ ਸੀ । ਜੰਗਾਂ ਜੁਧਾਂ ਦੇ ਕਾਰਨ ਇਹ ਗਰੰਥ ਤੇ ਹੋਰ ਬਹੁਤ ਸਾਰੀਆਂ ਰਚਨਾਵਾਂ ਨਸ਼ਟ ਹੋ ਗਈਆਂ । ਇਨ੍ਹਾਂ ਚੋਂ ਕੁਝ ਇਸ ਵਕਤ ਪਟਿਆਲੇ ਦੇ ਪੁਸਤਕਾਲਯ ਵਿਚ ਭੀ ਹਨ। ਅਸੀਂ ਆਪ ਰਿਆਸਤ ਚੰਬੇ ਵਿਚ ਭਾਈ ਧਿਆਨ ਸਿੰਘ ਜੜੀਏ ਪਾਸ ਦਸਮ ਪਾਤਸ਼ਾਹ ਦਾ ਲਿਖਵਾਇਆ ਹੋਇਆ ਵੈਦਿਕ ਦਾ ਇਕ ਗਰੰਥ ਵੇਖਿਆ ਹੈ ।

ਸਾਰੇ ਕਵੀਆਂ ਦੀਆਂ ਰਚਨਾਵਾਂ ਅਪ੍ਰਾਪਤ ਹਨ । ਜੋ ਮਿਲਦੀ ਹੈ ਉਹ ਭੀ ਸਾਰੀ ਨਹੀਂ ਦਿਤੀ ਜਾ ਸਕਦੀ । ਕੁਝ ਕਵੀਆਂ ਦੇ ਸੰਖੇਪ ਹਾਲਾਤ ਤੇ ਕਵਿਤਾ ਦੇ ਨਮੂਨੇ ਦਿਤੇ ਜਾਂਦੇ ਹਨ।

(੧) ਸੈਨਾਪਤਿ-ਇਹ ਗੁਰੂ ਦਰਬਾਰ ਦਾ ਪ੍ਰਸਿਧ ਕਵੀ ਸੀ, ਇਸ ਨੇ 'ਗੁਰ ਸੋਭਾ' ਨਾਮੇ ਗਰੰਥ ਲਿਖਿਆ ਹੈ। ਜਿਸ ਵਿਚ ਅੰਮ੍ਰਿਤ ਪ੍ਰਚਾਰ, ਸਿਖੀ ਦੀ ਰਹਿਤ, ਕਈ ਜੁਧਾਂ ਤੇ ਦਸਮ ਪਾਤਸ਼ਾਹ ਦੇ ਜੋਤੀ ਜਤ ਸਮਾਉਣ ਤਕ ਦੇ ਹਾਲਤ ਲਿਖੇ ਹਨ । ਸੈਨਾਪਤਿ ਨੇ ਹੀ ਸੰਸਕ੍ਰਿਤ ਚੋਂ ਚਾਣਕ ਨੀਤੀ ਦਾ ਅਨੁਵਾਦ ਕੀਤਾ ਹੈ ।

(੨) ਭਾਈ ਆਸਾ ਸਿੰਘ ਮੁਤਸੱਦੀ--ਇਹ ਬੜਾ ਵਿਦਵਾਨ ਤੇ ਦਿਆਨਤਦਾਰ ਸੀ। ਗੁਰੂ ਜੀ ਪਾਸ ਹੁੰਡੀਆਂ ਲਿਖਣ ਦਾ ਕੰਮ

---

*ਨਾਮ ਗਰੰਥ ਕੋ ਵਿਦਿਆ ਸਾਗਰ ।
ਰਾਖਨ ਕੀਨੋ ਸ੍ਰੀ ਪ੍ਰਭ ਨਾਗਰ ।
(ਸੂ: ਪ੍ਰ: ਰੁਤ ੩-੫੧)

ਕਰਦਾ ਸੀ ।

ਇਕ ਦਿਨ ਇਕ ਗਰੀਬ ਸਿਖ ਨੇ ਇਸ ਨੂੰ ਕਿਹਾ—'ਮੇਰੀ ਲੜਕੀ ਜਵਾਨ ਹੈ, ਉਸ ਦੀ ਸ਼ਾਦੀ ਕਰਨੀ ਹੈ, ਮੇਰੀ ਕੋਈ ਮਾਇਕ ਸਹਾਇਤਾ ਕਰੋ ।'

ਭਾਈ ਆਸਾ ਸਿੰਘ ਨੇ ਬਿਨਾ ਮਹਾਰਾਜ ਨੂੰ ਪੁਛੇ ਦਸੇ ਇਕ ਸਿਖੀ ਦੇ ਨਾਂ ਮੋਹਰ ਲਾਕੇ ਪੰਜ ਸੌ ਰੁਪਏ ਦੀ ਹੁੰਡੀ ਕਰ ਦਿਤੀ । ਸਿੱਖ ਨੇ ਹੁੰਡੀ ਤਾਰ ਦਿਤੀ । ਗਰੀਬ ਦੀ ਲੜਕੀ ਦੀ ਸ਼ਾਦੀ ਹੋ ਗਈ ।

ਕੁਝ ਚਿਰ ਪਿਛੋਂ ਜਿਸ ਸਿਖ ਨੇ ਹੁੰਡੀ ਤਾਰੀ ਸੀ, ਅਨੰਦਪੁਰ ਆਇਆ । ਉਸ ਨੇ ਮਹਾਰਾਜ ਨਾਲ ਹੁੰਡੀ ਦਾ ਜ਼ਿਕਰ ਕੀਤਾ । ਜਦ ਭਾਈ ਆਸਾ ਸਿੰਘ ਨੂੰ ਇਸ ਦਾ ਪਤਾ ਲਗਾ ਤਾਂ ਛੁਪ ਕੇ ਦਰਬਾਰ ਵਿਚੋਂ ਚਲਾ ਗਿਆ । ਘਰ ਜਾ ਕੇ ਇਸ ਨੂੰ ਖਿਆਲ ਆਇਆ ਕਿਉਂ ਨਾ ਗੁਰੂ ਜੀ ਨੂੰ ਸਹੀ ਗੱਲ ਦਸ ਦਿਆਂ ? ਇਸ ਨੇ ਚਿਠੀ ਦੇ ਨਾਲ ਇਹ ਦੋਹਰੇ ਲਿਖ ਭੇਜੇ । ਕਲਮੋ ਵਾਚ--

ਮੁਖ ਕਾਰਾ ਮੇਰੋ ਕਰੈ, ਕਰਤ ਨ ਪਰ ਉਪਕਾਰ ।
ਤਾਹੂ ਕੋ ਮਨ ਕਰਨ ਨਿਜ, ਕਾਰੇ ਬਦਨ ਨਿਹਾਰ ।
ਫਟ ਛਾਤੀ, ਦੋ ਟੂਕ ਭਈ, ਰੁਦਤ ਕਰਨ ਲਿਖਜਾਤ ।
ਪਰ ਸੁਆਰਥ ਉਪਕਾਰ ਬਿਨ, ਮੁਝੇ ਨ ਸੁਪਨੇਜ਼ਾਤ ।

ਇਹ ਚਿੱਠੀ ਪੜ੍ਹ ਕੇ ਮਹਾਰਾਜ ਨੇ ਇਸ ਨੂੰ ਬਖਸ਼ ਦਿਤਾ ।

(ੲ) ਚੰਦਨ—ਇਹ ਬੜਾ ਵਿਦਵਾਨ ਕਵੀ ਸੀ । ਜਦ ਗੁਰੂ ਦਰਬਾਰ ਵਿਚ ਆਇਆ ਤਾਂ ਇਸ ਨੂੰ ਫੁਰਨਾ ਫੁਰਿਆ ਕਿ ਗੁਰੂ ਜੀ ਪਾਸ ਜ਼ਿਮੀਦਾਰ, ਤਰਖਾਣ, ਨਾਈ ਤੇ ਝੀਵਰ ਆਦਿ ਜ਼ਾਤਾਂ ਦੇ ਲੋਕ ਇਕਠੇ ਹੋਏ ਹਨ, ਇਨ੍ਹਾਂ ਨੇ ਗੁਣ ਅਤੇ ਵਿਦਿਆ ਦੀ ਕੀ ਕਦਰ ਕਰਨੀ ਹੈ ?

ਗੁਰੂ ਜੀ ਨੇ ਕਿਹਾ—'ਕਵਿਤਾ ਸੁਣਾਓ।

ਕਵੀ ਨੇ ਇਹ ਸਵਯਾ ਪੜ੍ਹਿਆ—

ਨਵ ਸਾਤ ਤ੍ਰਿਯੋ੧ ਨਵ ਸਾਤ ਕੀਯੇ੨ ਨਵ ਸਾਤ ਪੀਏ੩
ਨਵ ਸਾਤ ਪਿਯਾਏ੪ । ਨਵ ਸਾਤ ਰਚੇ੫ ਨਵ ਸਾਤ ਬਦੇ
੬ ਨਵ ਸਾਤ ਪੀਆ ਪਰਿ ਦਾਯਕ ਪਾਏ। ਜੀਤ ਕਲਾ ਨਵ
ਸਾਤਨ੭ ਕੀ ਨਵ ਸਾਤਨ ਕੇ੮ ਮੁਖ ਅੰਚਰ ਛਾਏ।
ਮਾਨਹੁ ਮੇਘ ਕੇ ਮੰਡਲ ਮੈਂ ਕਵਿ ਚੰਦਨ ਚੰਦ
ਕਲੇਵਰ ਛਾਏ।

ਕਲਗੀਧਰ ਨੇ ਚੋਬਦਾਰ ਨੂੰ ਕਿਹਾ 'ਘੋੜਿਆਂ ਦੇ ਸੇਵਾਦਾਰ ਭਾਈ ਧੰਨਾ ਸਿੰਘ ਨੂੰ ਬੁਲਾ ਲਿਆਓ। ਧੰਨਾ ਸਿੰਘ ਆਇਆ ਤਾਂ ਗੁਰਦੇਵ ਨੇ ਉਸ ਨੂੰ ਕਿਹਾ, ਚੰਦਨ ਕਵੀ ਦੀ ਕਵਿਤਾ ਦੇ ਅਰਥ ਕਰੋਂ ਤੇ ਆਪਣੀ ਕਾਵਯ ਸੁਣਾਓ।' ਉਸ ਨੇ ਸਵਯੇ ਦੇ ਅਰਥ ਕੀਤੇ ਅਤੇ ਆਪਣੇ ਵਲੋਂ ਸਵਯਾ ਉਚਾਰਨ ਕੀਤਾ—

ਮੀਨ ਮਰੇ ਜਲ ਕੇ ਪਰਸੇ ਕਬਹੂ ਨ ਮਰੇ ਪਰ ਪਾਵਕ ਪਏ।
ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨਾ ਮਰੇ ਤਨ ਤਾਪ ਕੇ
ਆਏ। ਤੀਯ ਮਰੇ ਪੀਯ ਕੇ ਪਰਸੇ ਕਬਹੂ ਨ ਮਰੇ ਪਰਦੇਸ
ਸਿਧਾਏ। ਗੂੜ ਮੈਂ ਬਾਤ ਕਹੀ ਦ੍ਵਿਜ ਰਾਜ ਵਿਚਾਰ ਸਕੇ ਨ
ਬਿਨਾ ਚਿਤੁ ਲਾਏ।

ਇਸ ਕਵਿਤਾ ਦੇ ਪਹਿਲੇ ਪਾਦ 'ਪਰਸੇ' ਤਕ ਪ੍ਰਸ਼ਨ ਹੈ। 'ਕਬਹੂੰ ਨ' ਉਤਰ ਹੈ। ਇਸਤਰੀ, ਮਛੀ ਤੇ ਹਾਥੀ ਦੀ ਮੌਤ ਕਿਸ ਤਰ੍ਹਾਂ ਹੁੰਦੀ ਹੈ? ਪਿਛਲੀਆਂ ਤੁਕਾਂ ਵਿਚ ਇਸਦਾ ਨਿਰਣਾ ਹੈ। ਚੰਦਨ ਕਵੀ ਇਹ ਸੁਣ ਕੇ ਹੈਰਾਨ ਹੋ ਗਿਆ, ਕੁਝ ਦਸ ਨਾ ਸਕਿਆ। ਭਾਈ ਧੰਨਾ ਸਿੰਘ ਨੇ ਉਸ ਨੂੰ ਆਪਣੀ ਕਵਿਤਾ ਦੇ ਅਰਥ ਸਮਝਾਏ,

---

੧, ਸੋਲਾਂ ਸਾਲ ਦੀ ਇਸਤ੍ਰੀ। ੨. ਸ਼ਿੰਗਾਰ। ੩. ਪਤੀ ੪. ਸੋਲਾਂ ਮਹੀਨਿਆਂ ਪਿਛੋਂ ਪਤੀ ਆਇਆ। ੫. ਸੋਲਾਂ ਘਰ ਵਾਲੀ ਚੋਪੜ। ੬. ਸੋਲਾਂ ਦਾਅ। ੭. ਇਸਤਰੀ ਦੇ ਦਾਅ। ੮. ਚੰਦ੍ਰ ਮੁਖੀ ਨੇ ਲੀੜੇ ਵਿਚ ਮੂੰਹ ਛੁਪਾ ਲਿਆ।

ਦਾ ਹੰਕਾਰ ਦੂਰ ਹੋ ਗਿਆ ।

(੪) ਕਵੀ ਸੁਦਾਮਾ ਗੁਰੂ ਦਰਬਾਰ ਦਾ ਪ੍ਰਸਿਧ ਕਵੀ ਸੀ, ਉਹ ਲਿਖਦਾ ਹੈ-

ਏਕੈ ਸੰਗ ਪਢੇ ਹੈਂ ਅਵੰਤਿਕਾ੧ਸੰਦੀਪਨੀ੨ਕੇ,
ਸੋਈ ਸੁਧ ਆਈ ਤੋ ਬੁਲਾਇ ਬੂਝੀ ਬਾਮਾ੩ ਮੈਂ ।
ਪੁੰਗੀ ਫਲ੪ ਹੋਤ ਤੋ ਅਸੀਸ ਦੇਤੋ ਨਾਥ ਜੀ ਕੋ,
ਤੰਦੁਲ ਲੈ ਦੀਨੇ ਬਾਂਧ ਲੀਨੇ ਫਟੇ ਜਾਮਾ ਮੈਂ ।
ਦੀਨ ਦਯਾਲ ਸੁਨ ਕੈ ਦਯਾਲੁ ਦਰਬਾਰ ਮਿਲੇ,
ਏਤੇ ਕਛੁ ਦੀਨੇ ਪਾਈ ਅਗਿਨਤ ਸਾਮਾ ਮੈਂ ।
ਵਹੀ ਤੂੰ ਗੋਬਿੰਦ ਵਹੀ ਬਾਹਮਨ ਸਦਾਮਾ ਮੈਂ ।

(੫) ਅੰਮ੍ਰਿਤ ਰਾਇ ਲਾਹੌਰ ਦਾ ਕਵੀ ਸੀ । ਇਸ ਨੂੰ ਮਹਾਂ ਭਾਰਤ ਦੇ 'ਸਭਾ ਪਰਵ' ਦਾ ਅਨੁਵਾਦ ਕਰਨ ਪਰ ਮਹਾਰਾਜ ਨੇ ੬੦ ਹਜ਼ਾਰ ਰੁਪਿਆ ਦਿਤਾ ।*

(੬) ਮੰਗਲ-ਇਸ ਨੇ 'ਸਲਯ' ਦਾ ਅਨੁਵਾਦ ਕੀਤਾ ਇਸ ਨੂੰ ਵੀ ਗੁਰੂ ਜੀ ਨੇ ਕਾਫੀ ਧਨ ਦਿਤਾ । ਮੰਗਲ ਕਹਿੰਦਾ ਹੈ-

ਸਲਯ ਪਰਵ ਭਾਸ਼ਾ ਭਯੋ ਗੁਰੂ ਗੋਬਿੰਦ ਕੇ ਰਾਜ ।
ਅਰਬ ਖਰਬ ਬਹੁ ਦਰਬ ਦੇ ਕਵਿਜਨ ਕੀਨੋ ਕਾਜ ।

(੭) ਲੱਖਣ ਤੇ ਭੋਜ ਰਾਜ-ਇਹ ਦੋਵੇਂ ਚਾਂਗਰੇ ਗੋਤ ਦੇ ਰਾਜਪੂਤ ਸਨ । ਲੱਖਣ ਨੇ ਪੰਚ ਤੰਤ੍ਰ ਦਾ ਅਨੁਵਾਦ 'ਹਿਤ ਉਪਦੇਸ਼' ਨਾਮੇ ਪੁਸਤਕ ਦੇ ਰੂਪ ਵਿਚ ਕੀਤਾ ।

(੮) ਹੰਸ ਰਾਮ-ਇਹ ਗੁਰੂ ਦਰਬਾਰ ਦਾ ਪ੍ਰਸਿਧ ਕਵੀ

---

੧ ਨਗਰੀ   ੨ ਸ੍ਰੀ ਕ੍ਰਿਸ਼ਨ ਜੀ ਦਾ ਗੁਰੂ ।   ੩ ਇਸਤ੍ਰੀ
੪ ਨਾਰੀਅਲ ।   *ਗੁਰ ਬਿਲਾਸ ਬਾਬਾ ਸੁਮੇਰ ਸਿੰਘ ।

ਸੀ। ਜੰਗ ਤੋਂ ਪਹਿਲੇ ਅਨੰਦ ਪੁਰ ਤੋਂ ਗੁਰੂ ਜੀ ਨੇ ਇਸ ਨੂੰ ਧਨ ਪਦਾਰਥ, ਹਾਥੀ, ਘੋੜੇ ਆਦਿਕ ਦੇ ਕੇ ਵਿਦਾ ਕੀਤਾ। ਕਵੀ ਦਾ ਠਾਠ ਬਾਠ ਦੇਖ ਕੇ ਪਹਾੜੀਏ ਘਬਰਾ ਗਏ। ਉਨ੍ਹਾਂ ਸਮਝਿਆ ਗੁਰੂ ਜੀ ਹੱਲਾ ਕਰਕੇ ਆ ਰਹੇ ਹਨ। ਹੰਸ ਨੇ ਉਨ੍ਹਾਂ ਦਾ ਤੌਖਲਾ ਦੂਰ ਕਰਨ ਲਈ ਇਹ ਕਬਿੱਤ ਲਿਖ ਕੇ ਭੇਜਿਆ–

ਦੁੰਦਭੀ੧ ਧੁੰਕਾਰੇ ਬਾਜੇ ਮਾਨੋਂ ਜਲਧਰ੨ ਰਾਜੇ,
ਰਾਜਤ੩ ਨਿਸ਼ਾਨ ਭਯ ਭਾਨ੪ ਛਿਪੇਜਾਤ ਹੈਂ।
ਹਾਥਿਨ ਕੇ ਹਲਕਾ੫ ਹਜ਼ਾਰਨ ਗਨੇ ਕੇ ਹਯ੬,
ਜਟਤ ਜਵਾਹਰ ਜੋ ਜਗ ਮਗ ਗਾਤ ਹੈਂ।
ਕੋਰ੭ ਸਾਜੇ ਜੋਰ ਕਰ ਨਾਲਨ ਕੇ ਸ਼ੋਰ ਸੁਨੇ,
ਸੰਕਤ ਸੁਰੇਸ਼੮ ਔ ਨਰੇਸ਼ ਬਿਲਖਾਤ੯ ਹੈਂ।
ਹੰਸ ਰਾਮ ਕਹਿਤ ਬਿਰਾਜੇ ਜਿਨ ਭਾਜੇ,
ਗੁਰੂ ਗੋਬਿੰਦ ਕੇ ਮਾਂਗੇ ਕਵਿਰਾਜ ਚਲੇਜਾਤ ਹੈਂ।

(੯) ਭਾਈ ਨੰਦ ਲਾਲ–ਆਪ ਬੜੇ ਸਾਦਿਕ ਸਿਖ ਅਤੇ ਫ਼ਾਰਸੀ ਦੇ ਪ੍ਰਸਿਧ ਕਵੀ ਹੋਏ ਹਨ। ਆਪ ਦੇ ਪਿਤਾ ਦੀਵਾਨ ਛਜੂ ਰਾਮ ਮੁਈਨੁਦੀਨ ਨਵਾਬ ਗਜ਼ਨੀ ਦੇ ਪਾਸ ਦੀਵਾਨ ਸਨ। ਭਾਈ ਨੰਦ ਲਾਲ ਜੀ ਨੂੰ ਵੈਰਾਗੀ ਸਾਧੂਆਂ ਪਾਸੋਂ ਦੀਖਿਆ ਦੁਆਈ ਗਈ। ੧੭ ਬਰਸਾਂ ਦੀ ਉਮਰ ਵਿਚ ਮਾਤਾ ਜੀ ਤੇ ਦੋ ਬਰਸ ਪਿਛੋਂ ਆਪ ਦੇ ਪਿਤਾ ਦਾ ਦੇਹਾਂਤ ਹੋ ਗਿਆ। ਗਜ਼ਨੀ ਵਿਚ ਨੌਕਰੀ ਕਰਨ ਦੀ ਥਾਵੇਂ ਆਪ ਪੰਜਾਬ ਆ ਗਏ। ਮੁਲਤਾਨ ਵਿਚ ਆਪ ਨੇ ਨਿਵਾਸ ਕੀਤਾ। ਭਾਈ ਸਾਹਿਬ ਨੂੰ ਲੋਕ ਪਠਾਣ ਸਮਝਕੇ ਆਗਾ ਕਹਿੰਦੇ ਸਨ। ਇਸ ਲਈ ਮੁਲਤਾਨ ਵਿਚ ਹੁਣ ਤੀਕ ਉਸ ਮਹੱਲੇ ਦਾ ਨਾਂ ਆਗਾ

---

੧. ਨਗਾਰੇ । ੨, ਬਲਦ । ੩. ਸੋਭਦੇ । ੪, ਸੂਰਜ। ੫. ਘੇਰਾ । ੬. ਘੋੜੇ । ੭. ਕਤਾਰਾ। ੮. ਇੰਦਰ। ੯. ਰੋਣਾ।

ਪੁਰਾ' ਹੈ । ਆਪ ਫਾਰਸੀ ਤੇ ਅਰਬੀ ਦੇ ਬੜੇ ਆਲਮ ਸਨ । ਇਸ ਲਈ ਬਹਾਦਰ ਸ਼ਾਹ ਨੇ ਆਪ ਨੂੰ ਆਗਰੇ ਸਦ ਕੇ ਮੀਰ ਮੁਨਸ਼ੀ ਨੀਯਤ ਕੀਤਾ। ਇਕ ਦਿਨ ਦਰਬਾਰ ਵਿਚ ਕੁਰਾਨ ਦੀ ਕਿਸੇ ਆਇਤ ਤੇ ਵਿਚਾਰ ਹੋ ਰਹੀ ਸੀ। ਭਾਈ ਨੰਦ ਲਾਲ ਜੀ ਨੇ ਉਸ ਦੇ ਅਰਥ। ਕੀਤੇ। ਔਰੰਗਜ਼ੇਬ ਨੇ ਆਪ ਨੂੰ ਮੁਸਲਮਾਨ ਬਨਾਉਣਾ ਚਾਹਿਆ। ਇਸ ਲਈ ਆਪ ਗਿਆਸੁ ਦੀਨ ਦਰੋਗੇ ਸਮੇਤ ਸ਼ਾਹੀ ਦਰਬਾਰ ਛਡ ਕੇ ਅਨੰਦ ਪੁਰ ਆ ਗਏ । ਫ਼ਾਰਸੀ ਵਿਚ ਆਪ ਦੀਆਂ ਇਹ ਪੁਸਤਕਾਂ ਹਨ-੧. ਤੌਸੀਫ਼ਿਸਨਾ । ੨. ਖਾਤਮਾ । ੩. ਜੰਗਨਾਮਾ। ੪. ਜ਼ਿੰਦਗੀ ਨਾਮਾ । ੫. ਦੀਵਾਨ ਗੋਯਾ । ੬. ਇਨਸ਼ਾ ਦਸਤੂਰ । ੭, ਅਰਜ਼ੁਲ ਅਲਫ਼ਾਜ਼।

ਭਾਈ ਨੰਦ ਲਾਲ ਜੀ 'ਗੋਯਾ' ਤਖ਼ਲਸ (ਛਾਪ) ਰਖਦੇ ਸਨ ਆਪ ਦੀ ਕਵਿਤਾ ਹਾਫ਼ਿਜ਼ ਸ਼ੀਰਾਜ਼ੀ ਨਾਲ ਮਿਲਦੀ ਹੈ । ਇਸ ਵਿਚ ਪਰੇਮ ਤੇ ਗੁਰੂ-ਭਗਤੀ ਦੀ ਪ੍ਰਧਾਨਤਾ ਹੈ । ਆਪ ਨੇ ਸੰਮਤ ੧੭੫੭ ਵਿਚ 'ਬੰਦਗੀ ਨਾਮਾ' ਪੁਸਤਕ ਲਿਖ ਕੇ ਦਸਮ ਪਾਤਸ਼ਾਹ ਦੇ ਪੇਸ਼ ਕੀਤੀ । ਗੁਰਦੇਵ ਨੇ ਫ਼ੁਰਮਾਇਆ-'ਇਹ ਜ਼ਿੰਦਗੀ ਨਾਮਾ ਹੈ।'

ਪੁਸਤਕ ਦੇ ਅਖੀਰ ਵਿਚ ਮਹਾਰਾਜ ਨੇ ਆਪਣੀ ਕਲਮ ਨਾਲ ਇਹ ਸ਼ੇਅਰ ਲਿਖਿਆ-

ਆਬੋ ਹੈਵਾਂ ਪੁਰ ਸ਼ੁਦਹ ਚੂੰ ਜਾਮੇ ਓ।
'ਜ਼ਿੰਦਗੀ ਨਾਮਾ' ਸ਼ੁਦਹ ਜ਼ਾਂ ਨਾਮੇ ਓ।

ਭਾਈ ਨੰਦ ਲਾਲ ਜੀ ਨੇ ਆਪਣੀ ਪੁਸਤਕ 'ਤੌਸੀਫ਼ੇ ਸਨਾ' ਵਿਚ ਦਸ ਸਤਿਗੁਰੂਆਂ ਦੀ ਮਹਿਮਾ ਵਿਚ ਵੱਖ ਵੱਖ ਸ਼ਿਅਰ ਲਿਖੇ ਹਨ। 'ਸਲਤਨੱਤ ਦਹਮ' (ਪਾਤਸ਼ਾਹੀ ੧੦ਵੀਂ) ਦੇ ਸਿਰਲੇਖ ਹੇਠਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਵਿੱਚ ਸੱਤਰ ਤੋਂ ਵਧੀਕ ਸ਼ਿਅਰ ਉਚਾਰਨ ਕੀਤੇ ਹਨ। ਅੰਤਮ ਪ੪ ਸ਼ਿਅਰ ਇਕੋ ਬਹਿਰ ਦੇ ਹਨ। ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ-

੧. ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ।
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ।

ਭਾਵ–ਜਿਤਾਂ ਪ੍ਰਾਪਤ ਕਰਨ ਵਾਲੇ ਵਾਹਿਗੁਰੂ ਦੇ ਮਨਜ਼ੂਰ ਗੁਰੂ ਜੀ ਹਨ।

੨. ਹੱਕ ਰਾ ਗੰਜ਼ੂਰ ਗੁਰੂ ਗੋਬਿੰਦ ਸਿੰਘ।
ਜੁਮਲਾ ਫੈਜ਼ਿ ਨੂਰ ਗੁਰੂ ਗੋਬਿੰਦ ਸਿੰਘ।

ਸਚਿਆਈ ਤੇ ਹੱਕ ਦਾ ਭੰਡਾਰ ਤੇ ਸਮੂੰਹ ਫੈਜ਼ਾਂ ਦੇ ਨੂਰ ਹਨ।

੩. ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ।
ਸ਼ਾਹਿ ਸ਼ਾਹਨ ਸ਼ਾਹ ਗੁਰੂ ਗੋਬਿੰਦਸਿੰਘ।

ਹੱਕ ਦੇ ਜਾਣੂ ਸ਼ਹਿਨਸ਼ਾਹ ਦੇ ਸ਼ਾਹ ਹਨ।

੪. ਖਾਲਸੋ ਬੇਕੀਨਾ ਗੁਰੂ ਗੋਬਿੰਦ ਸਿੰਘ।
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ।

ਮਨ ਕਰਕੇ ਖਾਲਸ ਤੇ ਈਰਖਾ ਰਹਿਤ ਹਨ। ਕਿਸੇ ਨਾਲ ਕੀਨਾ ਨਹੀਂ ਕਰਦੇ। ਅਤਿ ਪਵਿਤਰ ਦੇ ਵਿਸ਼ਾਲ ਹਿਰਦਾ ਹਨ।

੫. ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।

ਹੱਕ-ਸਚੇ ਪ੍ਰਮਾਤਮਾ ਨੂੰ ਜਾਣਨ ਵਾਲੇ ਬਾਦਸ਼ਾਹ ਹੋ ਕੇ ਵੀ ਦਰਵੇਸ਼ ਹਨ।*

ਭਾਈ ਨੰਦ ਲਾਲ ਜੀ ਦੇ ਦੀਵਾਨ ਗੋਯਾ ਵਿਚੋਂ ਕਵਿਤਾ ਦੇ ਕੁਝ ਨਮੂਨੇ ਇਸ ਪ੍ਰਕਾਰ ਹਨ--

(੧) ਦੀਨੋ ਦੁਨੀਆ ਦਰ ਕਮੰਦੇ ਆਂ ਪਰੀ ਰੁਖਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰਿ ਮਾ।

---

*ਸਯਦ ਮੁਹੰਮਦ ਲਤੀਫ ਨੇ ਪੰਜਾਬ ਦੇ ਇਤਿਹਾਸ ਵਿਚ ਦਸਮ ਪਾਤਸ਼ਾਹ ਨੂੰ ਇਸਦੇ ਅਨੁਸਾਰ ਹੀ ਬਾਦਸ਼ਾਹ ਦਰਵੇਸ਼ ਲਿਖਿਆ ਹੈ।

ਭਾਵ---ਦੀਨ ਦੁਨੀ ਹਨ ਦੋਵੇਂ ਬੱਧੇ ਅੰਦਰ ਜ਼ੁਲਫ਼ ਪਿਆਰੇ।
ਇਕ ਇਕ ਕੇਸ ਗੁਰਾਂ ਦੇ ਉਤੋਂ ਦੋਵੇਂ ਆਲਮ ਵਾਰੇ।
(੨) ਕੀਸਤ ਗੋਯਾ ਕੋ ਮੁਰਦੇ ਦਿਲ ਨਾ ਯਾਫ਼ਤ।
ਹਰ ਕਸੇ ਬਾ ਨਫ਼ਸ ਖ਼ੁਦ ਕਰਦੇ ਗਜ਼ਬ।
ਭਾਵ-ਕਿਹੜੀ ਮਿਲੀ ਮੁਰਾਦ ਨ ਗੋਯਾ ਕੌਣ ਰਿਹਾ ਕਦ ਖਾਲੀ।
ਮਨ ਨੂੰ ਮਾਰ ਮੁਕਾਇਆ ਜਿਸ ਨੇ ਅੰਦਰ ਪ੍ਰੇਮ ਕੁਠਾਲੀ।

ਸ੍ਰੀ ਦਸਮ ਪਾਤਸ਼ਾਹ ਨੇ ਖਾਲਸੇ ਵਿਚ ਬੀਰਤਾ ਉਤਪੰਨ ਕਰਨ ਤੇ ਸੈਨਿਕ ਸਿਖਿਆ ਲਈ ਹੋਲਾ ਮਹੱਲਾ ਪ੍ਰਚਲਤ ਕੀਤਾ ਸੀ, ਭਾਈ ਨੰਦ ਲਾਲ ੧੭੫੭ ਦੇ ਹੋਲੇ ਮਹੱਲੇ ਦਾ ਦ੍ਰਿਸ਼ ਵੇਖ ਕੇ ਲਿਖਦੇ ਹਨ–ਗੁਲੇ ਹੋਲੀ ਬਬਾਗੇ ਦਹਿਰ ਬਿਸ਼ੁਗੁਫ਼ਤ।
ਲਬੇ ਚੂੰ ਗੁੰਚਹਿ ਰਾ ਫ਼ਰਖੰਦਹ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂੰ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ।

ਭਾਈ ਨੰਦ ਲਾਲ ਜੀ ਦੇ ਨਾਮ ਪਰ ਇਕ ਤਨਖਾਹ ਨਾਮਾ ਭੀ ਹੈ। ਆਪ ਦਾ ਲੰਗਰ ਅਨੰਦਪੁਰ ਵਿਚ ਪ੍ਰਸਿਧ ਸੀ। ਆਪ ਦੀ ਕਾਵਯ ਪ੍ਰਮਾਣੀਕ ਸਮਝਕੇ ਕੀਰਤਨ ਵਿਚ ਵਰਤੀ ਜਾਂਦੀ ਹੈ। ਭਾਈ ਸਾਹਿਬ ਦਾ ਦੇਹਾਂਤ ੭੨ ਬਰਸ ਦੀ ਉਮਰ ਵਿਚ ਹੋਇਆ। ਮੁਲਤਾਨ ਵਿਚ ਆਪ ਦੀ ਸੰਤਾਨ ਸੀ, ਜੋ ਹੁਣ ਹਿੰਦੁਸਤਾਨ ਵਿਚ ਆ ਗਈ ਹੈ।

(੧੦) ਹੰਸ ਰਾਮ-ਕਵੀ ਨੇ ਇਰਗ ਵੇਰ ਕਵਿਤਾ ਲਿਖ ਕੇ ਛੁਪਾਣੀ ਚਾਹੀ। ਗੁਰੂ ਜੀ ਨੇ ਕਿਹਾ–'ਕਵੀਆਂ ਨੂੰ ਇਸ਼ਨਾਨ ਕਰਾਓ' ਕਵੀ ਦਾ ਪਾਜ ਉਘੜ ਗਿਆ ਤੇ ਉਸ ਨੇ ਖਿਮਾ ਮੰਗੀ।

(੧੧) ਭਾਈ ਮਨੀ ਸਿੰਘ ਜੀ–ਆਪ ਗੁਰੂ ਦਰਬਾਰ ਦੇ ਪ੍ਰਸਿਧ ਵਿਦਵਾਨ, ਗਿਆਨੀ ਅਤੇ ਲਿਖਾਰੀ ਸਨ। ੧੭੬੧ ਵਿਚ ਅਨੰਦ ਪੁਰ ਛਡਣ ਸਮੇਂ ਆਪ ਮਾਤਾ ਸੁੰਦਰੀ ਜੀ ਨੇ ਸਾਹਿਬ ਦੇਵੀ ਜੀ ਨੂੰ ਨਾਲ ਲੈ ਕੇ ਦਿੱਲੀ ਗਏ। ੧੭੬੨-੬੩ ਵਿਚ ਦਮਦਮੇ

ਪੁਜੇ । ਇਥੇ ਦਸਮ ਪਾਤਸ਼ਾਹ ਨੇ ਆਪ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖਵਾਈ । 'ਗਯਾਨ ਰਤਨਾਵਲੀ' ਆਪ ਦੀ ਪ੍ਰਸਿਧ ਪੁਸਤਕ ਹੈ । ਸੰਪ੍ਰਦਾਈ ਗਿਆਨੀ ਭੀ ਆਪ ਦੀ ਯਾਦਗਾਰ ਹਨ । ੧੭੨੮ ਵਿਚ ਮਾਤਾ ਸੁੰਦਰੀ ਨੇ ਆਪ ਨੂੰ ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਨੀਯਤ ਕੀਤਾ। ੧੭੯੪ ਵਿਹ ਆਪ ਲਾਹੌਰ ਵਿਚ ਸ਼ਹੀਦ ਹੋਏ।

ਹਿੰਦੁਸਤਾਨ ਦਾ ਪੁਰਾਤਨ ਇਤਿਹਾਸ ਸੰਸਕ੍ਰਿਤ ਵਿਚ ਹੈ। ਉਸ ਵਿਚ ਧਰਮ, ਫ਼ਿਲਾਸਫ਼ੀ, ਰਾਜਨੀਤੀ, ਜੋਤਸ਼, ਕਾਵਿ ਤੇ ਵੈਦਿਕਦੇ ਕੀਮਤੀ ਗ੍ਰੰਥ ਮਿਲਦੇ ਹਨ। ਇਸ ਲਈ ਦਸਮ ਪਾਤਸ਼ਾਹ ਦਾ ਖਿਅਲਾ ਸੀ ਕਿ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੀ ਚਾਹੀਦੀ ਹੈ।

ਇਕ ਵੇਰ ਹਜ਼ੂਰ ਨੇ ਪੰਡਤ ਰਘੂਨਾਥ ਨੂੰ ਕਿਹਾ–'ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਓ।' ਉਸਨੇ ਜ਼ਾਤੀ ਦਾ ਅਭਿਮਾਨ ਤੇ ਪੁਰਾਣੇ ਵਹਿਮ ਕਰਕੇ ਨਾਂਹ ਨੁਕਰ ਕੀਤੀ । ਸੱਚੇ ਪਾਤਸ਼ਾਹ ਨੇ ਭਾਈ ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੈਣਾ ਸਿੰਘ ਤੇ ਰਾਮ ਸਿੰਘ ਨੂੰ ਕਾਂਸ਼ੀ ਭੇਜਿਆ। ਉਨ੍ਹਾਂ ਨੇ ਚੇਤਨ ਮੱਠ ਵਿਚ ਨਿਵਾਸ ਕਰਕੇ ਤੇ ਸਿੱਖੀ ਰਹਿਤ ਵਿਚ ਪ੍ਰਪੱਕ ਰਹਿਕੇ ਵਿਦਿਆ ਪੜ੍ਹੀ ਤੇ ਵਾਪਸ ਆਏ। ਇਨ੍ਹਾਂ ਵਿਦਵਾਨਾਂ ਪੁਰਸ਼ਾਂ ਦੀ ਯਾਦਗਾਰ ਨਿਰਮਲੇ ਸਾਧੂ ਹਨ । ਦਮਦਮੇ (ਸਾਬੋ ਕੀ ਤਲਵੰਡੀ) ਨੂੰ ਗੁਰੂ ਮਹਾਰਾਜ ਨੇ ਵਿਦਿਅਕ ਟਕਸਾਲ ਅਰਥਾਤ ਗੁਰੂ ਕੀ ਕਾਂਸ਼ੀ ਬਣਾਇਆ। ਆਪ ਨੇ ਇਕ ਦਿਨ ਕਲਮਾਂ ਘੜਕੇ ਸੰਗਤ ਵਿਚ ਸੁਟੀਆਂ ਤੇ ਬਚਨ ਕੀਤਾ ਇਥੇ ਲਿਖਣਸਰ ਬਣੇਗਾ। ਸਾਡਾ ਕੋਈ ਸਿੱਖ ਅਨਪੜ ਨਹੀਂ ਰਹਿਣਾ ਚਾਹੀਦਾ।'

ਰਹਿਤਨਾਮੇ ਵਿਚ ਭੀ ਗੁਰੂ ਜੀ ਦਾ ਹੁਕਮ ਹੈ–

ਗੁਰਮੁਖੀ ਅਖਰ ਜੋ ਹੈਂ ਭਾਈ।
ਸਿੰਘ ਸਿੰਘ ਤੇ ਸੀਖੈ ਜਾਈ।
ਔਰ ਜੋ ਵਿਦਯਾ ਜਹਿਂ ਤਹਿਂ ਹੋਈ।
ਅਵਰਨ ਤੇ ਭੀ ਲੇਵੈ ਸੋਈ।

ਅਠਤੀਵਾਂ ਵਿਆਖਿਆਨ

ਸ੍ਰੀ ਮੁਖ ਵਾਕ ਬਾਣੀ, ਦਸਮ ਗ੍ਰੰਥ ਦੀ ਰਚਨਾ ਤੇ ਹੋਰ ਲਿਖਤਾਂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਨ ਕਵੀ, ਉਚ ਕੋਟੀ ਦੇ ਵਿਦਵਾਨ, ਫਿਲਾਸਫਰ ਤੇ ਲੇਖਕ ਸਨ। ਇਸ ਲਈ ਹੁਣ ਆਪ ਦੀ ਬਾਣੀ ਤੇ ਰਚਨਾ ਪਰ ਵਿਚਾਰ ਕਰਦੇ ਹਾਂ । ਅਨੰਦਪੁਰ ਦੇ ਜੰਗ ਸਮੇਂ ਬਹੁਤ ਸਾਰੀ ਬਾਣੀ ਤੇ ਰਚਨਾਵਾਂ ਛਿੰਨ ਭਿੰਨ ਹੋ ਗਈਆਂ। ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਭਾਈ ਮਨੀ ਸਿੰਘ ਨੇ ਜਿਥੋਂ ਕਿਤੋਂ ਜਤਨ ਨਾਲ ਉਪਦੇਸ ਮਈ ਬਾਣੀ ਤੇ ਸੰਸਕ੍ਰਿਤ ਗਰੰਥਾਂ ਦੇ ਅਨੁਵਾਦ ਇਕੱਤਰ ਕਰਕੇ ਇਕ ਬੀੜ 'ਦਸਮ ਪਾਤਸ਼ਾਹ ਕਾ ਗ੍ਰੰਥ' ਤਿਆਰ ਕੀਤਾ। ਭਾਈ ਸਾਹਿਬ ੧੭੨੯ ਵਿਚ ਸ੍ਰੀ ਹਰਿਮੰਦਰ ਜੀ ਦੇ ਗਰੰਥੀ ਨੀਯਤ ਕੀਤੇ ਗਏ । ੧੭੬੪ ਵਿਚ ਲਾਹੌਰ ਸ਼ਹੀਦ ਹੋਏ । ਇਸ ਲਈ ਪੰਥ ਨੇ ਦਸ ਗ੍ਰੰਥ ਦੀ ਬੀੜ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਵਿਚ ਵਿਦਵਾਨਾਂ ਦੀ ਵਿਚਾਰ ਲਈ ਭੇਜ ਦਿਤੀ । ਖਾਲਸੇ ਦੇ ਦੀਵਾਨ ਵਿਚ ਇਸ ਪਰ ਵਿਚਾਰ ਹੋਈ। ਉਹ ਵਕਤ ਕਈ ਮੁਖੀ ਸਿਖਾਂ ਦੀ ਰਾਇ ਸੀ ਕਿ ਦਸਮ ਪਾਤਸ਼ਾਹ ਦੀ ਆਤਮਿਕ ਉਪਦੇਸ਼ ਵਾਲੀ ਬਾਣੀ ਵਖ ਕੀਤੀ ਜਾਵੇ । ਇਤਿਹਾਸ, ਅਨੁਵਾਦ, ਚਰਿਤ੍ਰ, ਹਦਾਇਤਾਂ ਤੇ ਜ਼ਫਰਨਾਮਾ ਆਦਿਕ ਅੱਡ ਹੋਣ ਪਰ ਕੋਈ ਫੈਸਲਾ ਨਾ ਹੋ ਸਕਿਆ, ਇਹ ਗੱਲ ੧੭੬੭ ਦੀ ਹੈ । ਇਸ ਸਮੇਂ ਪੰਥ ਨੂੰ ਇਹ ਖਬਰ ਪੁਜੀ ਕਿ ਮੰਡਿਆਲੇ ਦਾ ਚੌਧਰੀ ਮੱਸਾ ਰੰਗੜ ਸ੍ਰੀ ਦਰਬਾਰ ਸਾਹਿਬ ਦੀ ਬੇਅੱਦਬੀ ਕਰ ਰਿਹਾ

ਹੈ। ਉਸ ਵਕਤ ਭਾਈ ਮਤਾਬ ਸਿੰਘ ਮੀਰਾਂਕੋਟ ਤੇ ਸੁਖਾ ਸਿੰਘ ਮੌਜੂਦ ਸਨ। ਪੰਥ ਨੇ ਦਸਮ ਗ੍ਰੰਥ ਸੰਬੰਧੀ ਉਨ੍ਹਾਂ ਦੀ ਰਾਇ ਭੀ ਲਈ। ਭਾਈ ਸਾਹਿਬਾਂ ਨੇ ਕਿਹਾ–'ਜੇ ਅਸੀਂ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਆਏ ਤਾਂ ਬੀੜ ਭਾਈ ਮਨੀ ਸਿੰਘ ਵਾਲੀ ਰਹਿਣ ਦੇਣੀ ਤੇ ਜੇ ਸ਼ਹੀਦ ਹੋ ਗਏ ਤਾਂ ਵੱਖ ਵੱਖ ਪੋਥੀਆਂ ਵਿਚ ਕਰਨੀ।

ਭਾਈ ਮਤਾਬ ਸਿੰਘ ਤੇ ਭਾਈ ਸੁਖਾ ਸਿੰਘ ਜੀ ਮਾੜੀ ਕੰਬੋ ਕੀ ਮੱਸੇ ਰੰਘੜ ਦਾ ਸਿਰ ਵੱਢਕੇ ਦਮਦਮੇ ਪੁਜੇ। ਇਸ ਲਈ ਦਸਮ ਗਰੰਥ ਦੀ ਬੀੜ ਜਿਉ ਕੀ ਤਿਉਂ ਰਹੀ।*

ਵਰਤਮਾਨ ਸਮੇਂ ਵਿਚ ਦਸਮ ਗਰੰਥ ਦੀਆਂ ਜੋ ਪੋਥੀਆਂ ਮਿਲਦੀਆਂ ਹਨ, ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਦੀ ਲਿਖਤ ਦੇ ਉਤਾਰੇ ਹਨ। ਇਕ ਬੀੜ ਭਾਈ ਸੁਖਾ ਸਿੰਘ ਗਰੰਥੀ ਪਟਨਾ ਸਾਹਿਬ ਦੀ ਲਿਖੀ ਹੋਈ ਤੇ ਇਕ 'ਪਟਨੇ ਦੀ ਮਿਸਲ' ਦੇ ਨਾਂ ਤੋਂ ਮਿਲਦੀ ਹੈ। ਇਸ ਦਾ ਇਕ ਉਤਾਰਾ ਸੰਮਤ ੧੯੨੧-੨੨ ਵਿਚ ਹੋਇਆ। ਉਹ ਸ੍ਰੀ ਅਕਾਲ ਤਖਤ ਸਾਹਿਬ ਮੌਜੂਦ ਹੈ। ਉਪਰੋਕਤ ਬੀੜਾਂ ਦੇ ਅਸਲੀ ਖਰੜੇ ਲਭਣ ਦੀ ਲੋੜ ਹੈ। ਇਨ੍ਹਾਂ ਵਿਚ ਬਾਣੀ ਦੇ ਕ੍ਰਮ ਅਤੇ ਪਾਠਾਂ ਦਾ ਭੇਦ ਹੈ। ਇਸ ਵਕਤ ਦਸਮ ਗਰੰਥ ਦੀਆਂ ਜੋ ਬੀੜਾਂ ਮਿਲਦੀਆਂ ਹਨ, ਉਨ੍ਹਾਂ ਵਿਚ ਕੁਲ ਸਤਾਰਾਂ ਹਜ਼ਾਰ ਦੋ ਸੋ ਸਾਢੇ ਤ੍ਰਿਵੰਜਾ ਛੰਦ ਮਿਲਦੇ ਹਨ। ਦਸਮ ਗਰੰਥ ਦੀਆਂ ਬਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ–

੧. ਜਾਪ ਸਾਹਿਬ ੧੯੯ । ੨. ਅਕਾਲ ਉਸਤਤਿ ੨੭੧॥
੩. ਬਚਿਤ੍ਰ ਨਾਟਕ ੪੭੧ । (ੳ) ਚੰਡੀ ਚਰਿਤ੍ਰ ਦੋਵੇਂ ੪੯੫।
(ਅ) ਚੌਵੀ ਅਵਤਾਰ ਪ੩੦। (ੲ) ਮੀਰ ਮਹਿੰਦੀ ੧੧।
(ਸ) ਉਪ ਅਵਤਾਰ ੧, ਬ੍ਰਹਮਾ ੩੪੫। ੨ ਰੁਦਰ ਦੇ ੯੫੬।
(ਹ) ਸ਼ਬਦ ਰਾਗਾਂ ਕੇ ਸਵੱਈਏ ੪੧।

---

* ਮਹਾਨ ਕੋਸ਼ ਪੰਨਾ ੧੯੪੪।

੪: ਸ੍ਰੀ ਸ਼ਸਤ੍ਰ ਨਾਮ ਮਾਲਾ ੧੪੧੮ । ੫, ਵਾਰ ਸ੍ਰੀ ਭਗਉਤੀ ੫੫ । ੬. ਗਿਆਨ ਪ੍ਰਬੋਧ ੩੩੬ । ੭. ਚਰਿਤਰੋ ਪਖਯਾਨ ੭੫੫੮ । ੮. ਅਸਫੁਟਕ ਕਬਿਤ ਸਵਯੇ । ੫੭ । ੯. ਸੱਦ ਖਿਆਲ ਤੇ ਮਾਝ ੨ । ੧੦. ਜ਼ਫ਼ਰਨਾਮਾ ੬੬੭ ਤੇ ਕੁਲ ਜੋੜ ੧੭੧੫੩।। ਹੈ । ਪ੍ਰਚਲਤ ਬੀੜਾਂ ਨਾਲੋਂ ਪਟਨੇ ਵਾਲੀ ਬੀੜ ਵਿਚ ੨੧੦ ਛੰਦ ਵਧੇਰੇ ਹਨ । ਕੁਝ ਵਿਦਵਾਨ ਇਹ ਮੰਨਦੇ ਹਨ ਕਿ ਦਸਮ ਗ੍ਰੰਥ ਦੀ ਸਾਰੀ ਰਚਨਾ ਦਸਮ ਪਾਤਸ਼ਾਹ ਦੀ ਹੈ ।

ਕੁਝਨਾ ਦੀ ਰਾਇ ਹੈ ਕਿ ਸਾਰੀ ਰਚਨਾ ਗੁਰੂ ਜੀ ਦੀ ਨਹੀਂ, ਜਿਨ੍ਹਾਂ ਬਾਣੀਆਂ ਦਾ ਸਿਰਲੇਖ ਸ੍ਰੀ ਮੁਖਵਾਕ ਪਾਤਸ਼ਾਹੀ ੧੦, ਲਿਖਿਆ ਮਿਲਦਾ ਹੈ, ਉਹ ਗੁਰੂ ਸਾਹਿਬ ਦੀਆਂ ਹਨ ।

ਬਾਕੀ ਕਵੀਆਂ ਦੀਆਂ ਰਚਨਾਵਾਂ ਹਨ । ਜੇਹਾ ਕਿ ਅਵਤਾਰਾਂ ਦੀ ਕਥਾ ਜਾਂ ਤ੍ਰਿਅ ਚਰਿਤ੍ਰ ਹਨ ।

ਦਸਮ ਗਰੰਥ ਵਿਚ ਜਾਪ ਸਾਹਿਬ, ਅਕਾਲ ਉਸਤਤਿ, ੩੩ ਸਵਯੇ, ਬਚਿੱਤ੍ਰ ਨਾਟਕ, ਗਿਆਨ ਪ੍ਰਬੋਧ, ਦੋ ਚੰਡੀ ਚਰਿਤ੍ਰ, ਵਾਰ ਸ੍ਰੀ ਭਗਉਤੀ ਤੇ ਸ਼ਸਤ੍ਰ ਨਾਮ ਮਾਲਾ, ਸ੍ਰੀ ਮੁਖ ਮਾਕ ਬਾਣੀਆਂ ਅਤੇ ਰਚਨਾਵਾਂ ਹਨ ।

ਦਸਮ ਗਰੰਥ ਦੀ ਬਾਣੀ ਅਤੇ ਰਚਨਾਵਾਂ ਨੂੰ ਅਸੀਂ ਚਾਰ ਹਿਸਿਆਂ ਵਿਚ ਵੰਡ ਸਕਦੇ ਹਾਂ ।

(੧) ਸ੍ਰੀ ਮੁਖ ਵਾਕ ਬਾਣੀ ਜਿਸ ਵਿਚ ਆਤਮਿਕ ਉਪਦੇਸ਼ ਤੇ ਸਿਧਾਂਤ ਹਨ ।

(੨) ਬਚਿਤ੍ਰ ਨਾਟਕ ਇਹ ਕੁਝ ਸ੍ਵੈ ਲਿਖਤ ਜੀਵਨ ਹੈ । ਇਸ ਵਿਚ ਕਈ ਜੰਗਾਂ ਦਾ ਵਰਨਣ ਭੀ ਹੈ ।

(੩) ਅਨੁਵਾਦ ਦੇ ਚਰਿਤ੍ਰ ਆਦਿਕ । ਇਨ੍ਹਾਂ ਸਬੰਧੀ ਵਿਦਵਾਨਾਂ ਦੀਆਂ ਦੋ ਰਾਵਾਂ ਹਨ–(ੳ) ਇਹ ਕਵੀਆਂ ਦੀ ਰਚਨਾਂ ਹਨ । ਇਨ੍ਹਾਂ ਵਿਚ ਮਨੁਖੀ ਜੀਵਨ ਦੇ ਅਪੂਰਨ ਤੇ ਕੁਝ ਧੁੰਧਲੇ ਚਿਤ੍ਰ

ਦਰਸਾਏ ਹਨ। ਜੋ ਦਸਮ ਪਾਤਸ਼ਾਹ ਦੀ ਆਤਮਿਕ ਉਚਤਾ ਤੇ ਅਨੁਕੂਲ ਨਹੀਂ ਹਨ। ਸ੍ਰੀ ਮੁਖ ਵਾਕ ਬਾਣੀ ਨਾਲ ਇਨਾਂ ਦੀ ਵਿਚਾਰ ਸ਼ੈਲੀ ਤੇ ਰਸ ਨਹੀਂ ਮਿਲਦਾ।

(ਅ) ਦਸਮ ਗਰੰਥ ਦੀ ਸਾਰੀ ਰਚਨਾ ਦਸਮ ਪਾਤਸ਼ਾਹ ਦੀ ਹੈ। ਅਵਤਾਰਾਂ ਦੀ ਕਥਾ ਤੇ ਚਰਿਤਰ ਭੀ ਉਨਾਂ ਦੇ ਹਨ।

(੪) ਜ਼ਫਰਨਾਮਾ ਤੇ ਖਤ–ਗੁਰੂ ਜੀ ਨੇ ਔਰੰਗਜ਼ੇਬ ਨੂੰ ਦੱਖਣ ਵਿਚ ਇਕ ਖਤ ਮਾਛੀਵਾੜੇ ਤੋਂ ਲਿਖਿਆ ਤੇ ਦੂਜਾ ਕਾਂਗੜ ਤੋਂ। ਕਾਂਗੜ ਵਾਲਾ ਜ਼ਫਰਨਾਮਾ ਹੈ।

ਦਸਮ ਗਰੰਥ ਸਬੰਧੀ ਜੋ ਬਹਿਸ ਛਿੜਦੀ ਹੈ ਉਸ ਦਾ ਇਕ ਕਾਰਨ ਤਾਂ ਬੀੜ ਦਾ ਗੁਰੂ ਜੀ ਦੇ ਸਮੇਂ ਨਾ ਤਿਆਰ ਹੋਣਾ ਹੈ। ਦੂਜਾ ਇਸ ਦੀ ਬਾਣੀ ਤੇ ਰਚਨਾ ਦੇ ਢੰਗ ਨੂੰ ਨਾ ਸਮਝਣਾ ਹੈ। ਅਸੀਂ ਆਤਮਿਕ ਬਾਣੀ, ਨਾਵਲ, ਨਾਟਕ, ਅਨੁਵਾਦ ਤੇ ਇਤਿਹਾਸ ਦਾ ਨਖੇੜਾ ਕਰਨਾ ਨਹੀਂ ਜਾਣਦੇ। ਇਸ ਲਈ ਕਈ ਭੁਲੇਖੇ ਪੈਂਦੇ ਹਨ। ਅਸੀਂ ਕ੍ਰਮ ਅਨੁਸਾਰ ਸ੍ਰੀ ਮੁਖ ਵਾਕ ਬਾਣੀਆਂ ਤੇ ਹੋਰ ਰਚਨਾਵਾਂ ਪਰ ਸੰਖੇਪ ਵਿਚਾਰ ਕਰਦੇ ਹਾਂ।

੧. ਜਾਪੁ ਸਾਹਿਬ–ਇਹ ਗੁਰੂ ਜੀ ਦੀ ਸ੍ਰੀ ਮੁਖ ਬਾਣੀ ਹੈ। ਇਸ ਵਿਚ ਵਾਹਿਗੁਰੂ ਦੇ ਨਿਰਗੁਣ ਸਰੂਪ ਨੂੰ ਕਥਨ ਕੀਤਾ ਗਿਆ ਹੈ। ਇਸ ਦੇ ੧੯੯ ਛੰਦ ਹਨ। ਭੁਯੰਗ, ਚਰਪਟ, ਚਾਚਰੀ, ਭਗਵਤੀ ਆਦਿ ਛੰਦਾਂ ਵਿਚ ਉਚਾਰਨ ਕੀਤੀ ਗਈ ਬਾਣੀ ਹੈ।

ਇਹ ਬਾਣੀ ਭਗਤੀ ਦੀ ਹੈ, ਪਰ ਚੂੰਕਿ ਨਿਕਲੀ ਸੂਰਬੀਰ ਹਿਰਦੇ ਚੋਂ ਹੈ, ਇਸ ਲਈ ਛੰਦਾਂ ਦੀ ਚਾਲ ਐਸੀ ਹੈ, ਜੋ ਬੀਰ ਰਸ ਵਿਚ ਹੀ ਪੜ੍ਹੀ ਜਾ ਸਕਦੀ ਹੈ। ਦ੍ਰਿਸ਼ਟਮਾਨ ਸੁੰਦਰਤਾ ਤੇ ਸਰਗੁਣ ਸਰੂਪ ਤੇ ਕੁਝ ਲਿਖਣਾ ਸੌਖਾ ਹੁੰਦਾ ਹੈ, ਪਰ ਨਿਰਗੁਣ ਤੇ ਏਨੀ ਬਾਣੀ ਉਚਾਰਨ ਕਰਨੀ ਗੁਰੂ ਜੀ ਦਾ ਕਮਾਲ ਹੈ। ਆਤਮ ਸਮਰਪਨ ਕਰਦੇ

ਹੋਏ ਕਹਿੰਦੇ ਹਨ--

'ਤੇਰਾ ਜ਼ੋਰ ਚਾਚਰੀ ਛੰਦ' ਜਾਂ ਤ੍ਵ ਪ੍ਰਸਾਦ ਕਥਯਤੇ।'

ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਇਉਂ ਕਥਨ ਕਰਦੇ ਹਨ--

ਆਦਿ ਰੂਪ ਅਨਾਦਿ ਮੂਰਤਿ ਅਜੋਨ ਪੁਰਖ ਅਪਾਰ।
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ।
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ।
ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ (੭੯)

ਇਸ ਬਾਣੀ ਵਿਚ ਸੰਸਕ੍ਰਿਤ, ਹਿੰਦੀ, ਅਰਬੀ ਤੇ ਫਾਰਸੀ ਦੇ ਸ਼ਬਦ ਡਾਢੀ ਖੂਬੀ ਨਾਲ ਮਿਲਾਕੇ ਵਰਤੇ ਹਨ।

ਉਦਾਹਰਨ ਲਈ--

ਹਰੀਫੁਲ ਅਜੀਮ ਹੈਂ। ਰਜ਼ਾਇਕ ਯਕੀਨੈ।
ਅਨੇਕੁਲ ਤਰੰਗ ਹੈਂ। ਅਭੇਦ ਹੈਂ ਅਭੰਗ ਹੈਂ [੧੨੩]

ਜਾਪੁ ਦੇ ਕਈ ਛੰਦਾਂ ਦੇ ਰੂਪ ਮਿਲਦੇ ਹਨ। ਕਈ ਥਾਈਂ ਸ਼ਬਦਾਂ ਨੂੰ ਦੁਹਰਾਇਆ ਹੈ। ਇਸ ਲਈ ਕੰਠ ਕਰਨ ਤੇ ਪੜ੍ਹਨ ਵਿਚ ਸਾਵਧਾਨੀ ਦੀ ਲੋੜ ਹੁੰਦੀ ਹੈ। ਇਹ ਨਿਤਨੇਮ ਤੇ ਅੰਮ੍ਰਿਤ ਪ੍ਰਚਾਰ ਸਮੇਂ ਪੜ੍ਹੀ ਜਾਣ ਵਾਲੀ ਬਾਣੀ ਹੈ।

[੨] ਅਕਾਲ ਉਸਤਤਿ--ਇਸ ਬਾਣੀ ਵਿਚ 'ਸਰਬ ਲੋਹ ਕੀ ਰਛਾ ਹਮ ਨੈਂ' ਦਾ ਈਸ਼ਵਰ ਸਬੰਧੀ ਨਵਾਂ ਤਸੱਵਰ ਪੇਸ਼ ਕੀਤਾ ਹੈ। ਸਤ, ਚਿਤ ਆਨੰਦ ਸਰੂਪ ਦੀ ਬਜਾਏ ਉਸ ਨੂੰ ਸ੍ਰੀ ਅਸਕੇਤ, ਖੜਗ-ਕੇਤ, ਮਹਾਂ ਕਾਲ, ਖਗ ਖੰਡੇ ਤੇ ਵਾਹਿਗੁਰੂ ਦੀ ਸੰਹਾਰ ਸ਼ਕਤੀ ਨੂੰ ਸ਼ਸਤਰਾਂ ਦਾ ਨਾਂ ਦੇ ਕੇ ਉਸਤਤਿ ਕੀਤੀ ਹੈ।

ਦਸਮ ਪਾਤਸ਼ਾਹ ਉਤਪੰਨ ਤੇ ਸੰਹਾਰ ਸ਼ਕਤੀ ਨੂੰ ਕਿਤਨੀ ਖੂਬੀ ਨਾਲ ਕਥਨ ਕਰਦੇ ਹਨ--

ਸਭ ਕੋ ਕਾਲ ਸਭਨ ਕੋ ਕਰਤਾ।
ਰੋਗ ਸੋਗ ਦੋਖਨ ਕੋ ਹਰਤਾ।

ਏਕ ਚਿਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ।

ਅਕਾਲ ਉਸਤਤਿ ਜਾਂ ਦਸਮ ਪਾਤਸ਼ਾਹ ਦੀਆਂ ਹੋਰ ਕਈ ਬਾਣੀਆਂ ਵਿਚ ਮਹਾਕਾਲ, ਖੜਗ ਕੇਤ, ਸ੍ਰੀ ਅਸਕੇਤ ਭਗਉਤੀ ਆਦਿਕ ਜੋ ਸ਼ਬਦ ਵਰਤੇ ਗਏ ਹਨ, ਸ਼ਸਤ੍ਰ ਪੂਜਾ ਦਾ ਜੋ ਖਿਆਲ ਮਿਲਦਾ ਹੈ ਉਸ ਬਾਰੇ ਕਈ ਲੇਖਕ ਇਹ ਸੰਦੇਹ ਪ੍ਰਗਟ ਕਰਦੇ ਹਨ ਕਿ ਉਪ੍ਰੋਕਤ ਸ਼ਬਦ ਤਾਂਤ੍ਰਿਕ ਮਤਾਂ ਤੋਂ ਲੀਤੇ ਗਏ ਹਨ। ਦਸਮ ਪਾਤਸ਼ਾਹ ਇਕ ਅਕਾਲ ਪੁਰਖ ਤੇ ਨਿਰਾਕਾਰ ਦੇ ਉਪਾਸ਼ਕ ਸਨ। ਉਨ੍ਹਾਂ ਦੀ ਬਾਣੀ ਵਿਚ ਇਹ ਸ਼ਬਦ ਈਸ੍ਵਰ ਲਈ ਨਹੀਂ ਆ ਸਕਦੇ। ਇਹ ਤਾਂਤਿਕ ਕਵੀਆਂ ਦੀ ਰਚਨਾ ਚੋਂ ਹਨ।

ਇਹ ਗਲ ਦਰੁਸਤ ਨਹੀਂ ਹੈ। ਇਸ ਲਈ ਕਿ ਜੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 'ਸ਼ੈਵਾਂ ਦਾ ਈਸ਼੍ਵਰ-ਪ੍ਰਮੇਸ਼ਰ, ਵੇਦਾਂਤ ਦਾ ਪਾਰਬ੍ਰਹਮ, ਵੈਸ਼ਨਵ ਭਗਤਾਂ ਦੇ ਸ਼ਬਦ ਰਾਮ, ਨਰਹਰਿ, ਨਰਾਇਣ, ਬਨਵਾਰੀ, ਗੋਪਾਲ, ਜਗਨ ਨਾਥ, ਦਾਮੋਦਰ, ਮਾਧਵ, ਭਗਤ ਵਛਲ ਤੇ ਭਗਵਾਨ ਆਦਿਕ ਨਿਰਾਕਾਰ ਸ੍ਰੀ ਵਾਹਿਗੁਰੂ ਲਈ ਵਰਤੇ ਜਾ ਸਕਦੇ ਹਨ ਤਾਂ ਦਸਮ ਪਾਤਸ਼ਾਹ ਦੀ ਬਾਣੀ ਵਿਚ ਵੀ ਮਹਾ ਕਾਲ, ਖੜਗਕੇਤ, ਸ੍ਰੀ ਅਸਕੇਤ ਤੇ ਭਗਉਤੀ ਸ਼ਬਦ ਵਾਹਿਗੁਰੂ ਲਈ ਵਰਤੇ ਜਾ ਸਕਦੇ ਹਨ। ਕਿਸੇ ਸਮੇਂ ਅਲਾਹ ਤੇ ਗਾਡ ਪੁਰਾਣੇ ਦੇਵਤਿਆਂ ਨੂੰ ਕਿਹਾ ਜਾਂਦਾ ਸੀ, ਹੁਣ ਨਹੀਂ।

ਅਕਾਲ ਉਸਤਤਿ ਵਿਚ ਅਕਾਲ ਪੁਰਖ ਦੀ ਸਰਬ ਵਿਆ-ਪਕਤਾ ਨੂੰ ਇਉਂ ਵਰਨਣ ਕਰਦੇ ਹਨ–

(੧) ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ,
ਕਹੂੰ ਹੁਇ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੈ।
(੨) ਕਹੂੰ ਦੇਵਤਾਨ ਦੇ ਦਿਵਾਨ ਮੈਂ ਬਿਰਾਜਮਾਨ

ਕਾਹੂੰ ਦਾਨ ਵਾਨ ਕੈ ਗੁਮਾਨ ਮਤ ਦੇਤ ਹੈਂ ।
(੧੨-੧੩)

ਦਸਮ ਪਾਤਸ਼ਾਹ ਨੇ ਆਪਣੀ ਬਾਣੀ ਵਿਚ ਬੜੇ ਦਾਰਸ਼ਨਿਕ ਵਿਚਾਰ ਵੀ ਦਿਤੇ ਹਨ।

ਸੰਸਾਰ ਦੀ ਰਚਨਾ ਵਿਚ ਏਕਤਾ ਦੇ ਨਾਲ ਹੀ ਅਨੇਕਤਾ ਭੀ ਪਾਈ ਜਾਂਦੀ ਹੈ। ਤੱਤਾਂ ਦੇ ਭੇਦ, ਮਨੁਖਾਂ ਦੇ ਰੂਪ, ਗੁਣ, ਅਤੇ ਕਰਮਾਂ ਵਿਚ ਫਰਕ ਹੈ। ਰੰਗਾਂ ਰੰਗਾਂ ਦੇ ਫੂਲ ਫਲ, ਬਨਾਸਪਤੀ, ਪਸ਼ੂ, ਪੰਛੀ, ਸੂਰਜ, ਗ੍ਰਿਹ, ਨਖਤਰ, ਅਨੇਕਤਾ ਦਾ ਅਸਚਰਜ ਨਮੂਨਾ ਹਨ । ਹਿੰਦੁਸਤਾਨ ਦੇ ਰਿਸ਼ੀਆਂ ਨੇ ਇਸ ਅਨੇਕਤਾ ਵਿਚ 'ਏਕਤਾ' ਲਭਣ ਦਾ ਜਤਨ ਕੀਤਾ ਹੈ।

ਨਯਾਇ ਸਾਸਤਰ ਨੇ ਸ੍ਰਿਸ਼ਟੀ ਰਚਨਾ, ਜੀਵ, ਈਸ਼੍ਵਰ ਤੇ ਪ੍ਰਕ੍ਰਿਤੀ (ਪ੍ਰਮਾਣੂਆਂ) ਤੋਂ ਮੰਨੀ ਹੈ। ਵੇਦਾਂਤ ਸਾਰੇ ਬ੍ਰਹਮ ਮੰਨਦਾ ਹੈ। ਪਰ ਜਗਤ ਨੂੰ ਮਿਥਿਆ ਬਿਆਨ ਕਰਦਾ ਹੈ।

ਪੱਛਮੀ ਸਾਇੰਸਦਾਨਾਂ ਨੇ ਹੁਣ ਤੀਕ ਇਕ ਸੌ ਅੱਠ ਤੱਤ ਮਲੂਮ ਕੀਤੇ ਹਨ, ਜਿਨ੍ਹਾਂ ਤੋਂ ਸ੍ਰਿਸ਼ਟੀ ਬਣੀ ਹੈ । ਇਹ ਤੱਤ ਪ੍ਰਮਾਣੂਆਂ ਦੇ ਮੇਲ ਤੋਂ ਬਣੇ ਹਨ।

ਨਯਾਇ ਦਰਸ਼ਨ ਵਾਂਗ ਡਲਟਨ ਦੀ ਰਾਇ ਹੈ ਕਿ ਸਾਰੀ ਰਚਨਾ ਹੀ ਪ੍ਰਮਾਣੂਆਂ ਤੋਂ ਹੋਈ ਹੈ। ਪ੍ਰਮਾਣੂ ਬਣਾਏ ਨਹੀਂ ਜਾ ਸਕਦੇ, ਨਾਸ਼ ਨਹੀਂ ਹੁੰਦੇ। ਜੇਮਜ਼ ਜ਼ੀਨ ਇਕ ਪ੍ਰਮਾਣੂ ਦਾ ਆਕਾਰ ਇਕ ਇੰਚ ਦਾ $\frac{੧}{੨੫੦੦੦੦੦੦}$ ਦਾ ਭਾਗ ਦਸਦੇ ਹਨ।

ਇਕ ਹੋਰ ਖੋਜੀ ਥਾਮਸਨ ਨੇ ਪ੍ਰਮਾਣੂਆਂ ਦੇ ਅੰਦਰ ਹੋਰ ਸੂਖਮ ਬਿਜਲੀ ਕਣ ਅਲੈਕਟਰੋਨ ਤੇ ਪ੍ਰੋਟੋਨ ਸਿਧ ਕੀਤੇ ਹਨ।

ਐਡਿੰਗਟਨ ਕਹਿੰਦਾ ਹੈ–

'ਸ੍ਰਿਸ਼ਟੀ ਦਾ ਮੂਲ ਤੱਤ ਇਕੋ ਹੈ । ਪਹਿਲੇ ਸਾਰੇ ਫੂਲ

ਦਾ ਬੀਜ ਇਕੋ ਹੀ ਸੀ, ਪਰ ਬ੍ਰਹਮੰਡੀ ਕਿਰਨਾਂ ਨੇ ਰੰਗਾਂ ਦੀ ਅਨੇਕਤਾ ਪੈਦਾ ਕਰ ਦਿਤੀ ਹੈ।

ਦਸਮ ਪਾਤਸ਼ਾਹ ਸਾਰੀ ਰਚਨਾ ਦੇ ਮੂਲ ਤੱਤ ਨੂੰ ਇਉਂ ਬਿਆਨ ਕਰਦੇ ਹਨ—

੧—ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈ ਮਿਲਾਹਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਤ ਹੀ ਸਮਾਹਿਗੇ।
ਜੈਸੇ ਏਕ ਨਦਿ ਤੇ ਤਰੰਗ ਕੋਟ ਉਪਜਤ ਹੈ,
ਪਾਨਿ ਕੇ ਤਰੰਗ ਸਭੈ ਪਾਨਿ ਹੀ ਕਹਾਹਿਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਪ ਪ੍ਰਗਟ ਹੁਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ।
(ਅ: ਉ: ੧੭-੮੭)

੨—ਜ਼ਿਮੀ ਜ਼ਮਾਨ ਕੇ ਬਿਖੈ ਸਮਸਤ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।
(੬—੧੧੬)

ਇਸ ਸਰਬ ਵਿਆਪਕਤਾ ਤੇ ਭਾਵ ਨਾਲ ਸ੍ਰਿਸ਼ਟੀ ਲਈ ਪ੍ਰੇਮ ਤੇ ਉਪਕਾਰ ਦੀ ਭਾਵਨਾ ਮੌਜੂਦ ਹੈ।

ਗੁਰੂ ਜੀ ਨੇ ਸਾਰੇ ਮਨੁਖਾਂ ਨੂੰ ਮਨੁਖਤਾ ਦੀ ਬਿਨਾ ਤੇ ਸਮਾਨਤਾ ਦਾ ਸੰਦੇਸ਼ ਦਿਤਾ ਹੈ ਅਤੇ ਮਜ਼ਹਬਾਂ ਦੇ ਵਿਤਕਰੇ ਨੂੰ ਮਿਟਾਇਆ ਹੈ। ਫੁਰਮਾਉਂਦੇ ਹਨ—

੧—ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।
ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫ਼ੀ,

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ।
ਏਕ ਹੀ ਕੀ ਸੇਵ ਏਕ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕ ਜੋਤ ਜਾਨਬੋ ।੧੫-੮੫।
੨–ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ।
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ । ੧੬-੮੬।

੩– ਗੁਰਦੇਵ ਫੁਰਮਾਉਂਦੇ ਹਨ ਕਿ ਵਾਹਿਗੁਰੂ ਸਾਡੇ ਦੋਸ਼ਾਂ ਨੂੰ ਵੇਖ ਕੇ ਵੀ ਆਪਣੀ ਬਖਸ਼ਿਸ਼ ਕਰਦਾ ਹੈ।

ਸਵਯਾ–

ਦੀਨਨ ਕੀ ਪ੍ਰਤਿਪਾਲ ਕਰੈ,
ਨਿਤ ਸੰਤ ਉਬਾਰ ਗਨੀਮਨ ਗਾਰੈ ।
ਪਛ ਪਸੂ ਨਗ ਨਾਗ ਨਰਾਧਪ,
ਸਰਬ ਸਮੇਂ ਸਭ ਕੋ ਪ੍ਰਤਿਪਾਰੈ ।
ਪੋਖਤ ਹੈ ਜਲ ਮੈ ਥਲ ਮੈਂ ਪਲ ਮੈਂ,
ਕਲ ਕੇ ਨਹੀਂ ਕਰਮ ਬਿਚਾਰੈ ।
ਦੀਨ ਦਇਆਲ ਦਇਆ ਨਿਧਿ ਦੋਖਨ,
ਦੇਖਤ ਹੈ ਪਰ ਦੇਤ ਨਾ ਹਾਰੈ ।੪੦੬।

ਨਿਤ ਨੇਮ ਤੇ ਅੰਮ੍ਰਿਤ ਤਿਆਰ ਕਰਨ ਸਮੇਂ ਜੋ ਦਸ

ਸਵਯੇ ਪੜ੍ਹੇ ਜਾਂਦੇ ਹਨ, ਇਹ ਅਕਾਲ ਉਸਤਤਿ ਦਾ ਹਿਸਾ ਹਨ। ਇਨ੍ਹਾਂ ਵਿਚ ਸ਼ਖਸੀ ਮਜ਼ਹਬੀ ਤਾਕਤ ਅਰਥਾਤ ਪ੍ਰੋਹਣਪੁਣੇ ਅਤੇ ਸ਼ਖਸੀ ਪੁਲੀਟੀਕਲ ਤਾਕਤ (ਸ਼ਹਿਨਸ਼ਾਹੀਅਤ) ਨੂੰ ਖੰਡਨ ਕੀਤਾ ਹੈ । ਖਾਲਸੇ ਨੂੰ ਦੋਹਾਂ ਤਾਕਤਾਂ ਤੋਂ ਨਿਰਭੈ ਕਰਕੇ ਵਾਹਿਗੁਰੂ ਦੇ ਅਤੇ ਪ੍ਰੇਮ ਵਿਚ ਜੋੜਿਆ ਹੈ।

ਇਨ੍ਹਾਂ ਸਵਯੀਆਂ ਚੋਂ 'ਅੰਤ ਕੋ ਅੰਤ ਕੇ ਧਾਮ ਸਿਧਾਰੇ' ਦਾ ਤੁਕਾਂਤ ਹਨੂੰਮਾਨ ਨਾਟਕ ਨਾਲ ਮਿਲਦਾ ਹੈ।

ਅਕਾਲ ਉਸਤਤਿ ਵਿਚ ਰਸਮੀ ਮਜ਼੍ਹਬ ਅਤੇ ਪਖੰਡ ਦਾ ਖੰਡਨ ਕੀਤਾ ਹੈ। ਇਸ ਲਈ ਕਿ ਇਹ ਅਕਾਲ ਪੁਰਖ ਨੂੰ ਮਿਲਣ ਦੇ ਰਾਹ ਵਿਚ ਰੁਕਾਵਟ ਹਨ।

(ੲ) ਬਚਿੱਤਰ ਨਾਟਕ–ਇਹ ਗੁਰੂ ਜੀ ਦਾ ਪੁਰਾਣਿਕ ਰੂਪ ਵਿਚ ਕਾਵਿ ਦਾ ਕੁਝ ਸ੍ਵੈ ਲਿਖਤ ਜੀਵਨ ਹੈ । ਇਸ ਵਿਚ ਸ੍ਰਿਸ਼ਟੀ ਰਚਨਾ, ਬੇਦੀ ਬੰਸ, ਸੋਢੀ ਬੰਸ, ਕੁਝ ਸੰਪ੍ਰਦਾਵਾਂ, ਆਪਣੀ ਜਨਮ ਕਥਾ, ਨੌਵੀਂ ਪਾਤਸ਼ਾਹੀ ਦੀ ਸ਼ਹੀਦੀ ਭੰਗਾਣੀ, ਨਦੌਣ, ਗੁਲੇਰ ਆਦਿ ਜੰਗਾਂ ਦਾ ਜ਼ਿਕਰ ਹੈ । ਇਹ ਇਤਿਹਾਸਕ ਦ੍ਰਿਸ਼ਟੀ ਨਾਲ ਵੀ ਕੀਮਤੀ ਹੈ।

ਜੀਵਨ ਜਾਂ ਇਤਿਹਾਸ ਨੂੰ ਕਾਵਿ ਤੇ ਨਸਰ ਦੇ ਕਈ ਰੂਪਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜੇਹਾ ਕਿ ਨਾਵਲ, ਨਾਟਕ, ਗੀਤ, ਵਾਰ, ਬਾਰਾਮਾਹ, ਕਿੱਸੇ ਤੇ ਕਹਾਣੀਆਂ ਵਿਚ ਲਿਖਿਆ ਜਾਂਦਾ ਹੈ।

ਸ੍ਰੀ ਦਸਮੇਸ਼ ਜੀ ਨੇ ਸ੍ਵੈ ਲਿਖਤ ਜੀਵਨ ਦਾ ਕੁਝ ਭਾਗ ਅਤੇ ਘਟਨਾਵਾਂ ਨੂੰ ਨਾਟਕ ਰੂਪ ਵਿਚ ਪੇਸ਼ ਕੀਤਾ ਹੈ । ਇਸ ਦਾ ਨਾਂ ਬਚਿੱਤਰ ਨਾਟਕ ਰਖਿਆ ਹੈ, ਜਿਸ ਦੇ ਮਾਇਨੇ ਹਨ–'ਅਸਚਰਜ ਨਾਟਕ।' ਇਸ ਨੂੰ ਨਾਟਕ ਰੂਪ ਵਿਚ ਹੀ ਨਿਭਾਹਿਆ ਹੈ।

ਇਹ ਸੰਪੂਰਨ ਨਾਟਕ ਨਹੀਂ ਹੈ। ਕਿਉਂਕਿ ਇਸ ਵਿਚ ਖਾਲਸਾ ਸਜਾਉਣ ਤੋਂ ਬਾਅਦ ਦੇ ਹਾਲਾਤ ਤੇ ਘਟਨਾਵਾਂ ਦਰਜ ਨਹੀਂ ਹਨ। ਪਰ ਜਿਤਨਾ ਕੁਝ ਹੈ, ਉਹ ਕੀਮਤੀ ਹੈ।

ਭਾਰਤੀ ਕਾਵਿ ਦੇ ਨੌ ਰਸ ਮੰਨੇ ਗਏ ਹਨ। ਜਿਨ੍ਹਾਂ ਦੇ ਨਾਮ ਹਨ–ਸ਼ਿੰਗਾਰ ਰਸ, ਬੀਰ ਰਸ, ਹਾਸ, ਕਰੁਣਾ, ਸ਼ਾਂਤ, ਰੌਦ੍ਰ ਅਦਭੁਤ, ਬੀਭਤਸ ਅਤੇ ਭਯ।*

ਇਸ ਨਾਟਕ ਵਿਚ ਤਕਰੀਬਨ ਸਾਰੇ ਰਸ ਮਿਲਦੇ ਹਨ। ਉਨ੍ਹਾਂ ਦੇ ਕੁਝ ਪ੍ਰਮਾਣ ਇਸ ਪ੍ਰਕਾਰ ਹਨ–

੧. ਸ਼ਾਂਤ ਰਸ–

ਹਰਿ ਹਰਿ ਜਨ ਦੁਇ ਏਕ ਹੈ,
ਬਿਬ ਬਿਚਾਰ ਕਛੁ ਨਾਹਿ।
ਜਲ ਤੇ ਉਪਜੇ ਤਰੰਗ ਜਿਉਂ,
ਜਲ ਹੀ ਬਿਖੈ ਸਮਾਹਿ। (ਅਧਿ ੬-੬੦)

੨. ਸ਼ਿੰਗਾਰ ਰਸ–

ਅਨੂਪ ਰੂਪ ਰਾਜਿਅੰ। ਨਿਹਾਰ ਕਾਜ ਲਾਜਿਅੰ।
ਅਲੋਕ ਲੋਕ ਸੋਭਿਅੰ। ਬਿਲੋਕ ਲੋਕ ਲੋਭਿਅੰ।
ਚਮੱਕ ਚੰਦ੍ਰ ਸੀਸਿਯੰ। ਰਹਯੋ ਲਜਾਇ ਈਸਯੰ।
ਸੁ ਭੋਗ ਨਾਗ ਭੂਖਣੰ। ਅਨੇਕ ਦੁਸਟ ਦੂਖਣੰ।
(੧-੪੦-੪੬)

ਬੀਰ ਰਸ–

ਬਲੀ ਬੀਰ ਰੁਝੈ। ਸਮੂੰਹ ਸ਼ਸਤ੍ਰ ਜੁਝੈ।
ਲਗੈ ਧੀਰ ਧਕੈ। ਕ੍ਰਿਪਾਣੰ ਛਨੱਕੇ।
ਹਠੀ ਸ਼ਸਤ੍ਰ ਝਾਰੈ। ਨ ਸ਼ੰਕਾ ਬਿਚਾਰੇ।

---

*ਪ੍ਰਥਮ ਸ਼ਿੰਗਾਰ ਸੋ ਹਾਸਯ ਰਸ,
ਕਰੁਣਾ ਰੌਦ੍ਰ ਸੁ ਵੀਰ।
ਭਯ ਬੀਭਤਸਯ ਬਖਾਨਿਯੇ,
ਅਦਭੁਦ ਸ਼ਾਂਤ ਸੁ ਧੀਰ।
(ਰਸਕ ਪ੍ਰਿਯਾ)

ਕਰੈ ਤੀਰ ਮਾਰੰ । ਫਿਰੈ ਲੋਹ ਧਾਰੇ ।

(੧੧-੩੯-੪੧)

੪. ਹਾਸ ਰਸ—ਰਣ ਖੇਤਰ ਵਿਚੋਂ ਕਈ ਬੁਜ਼ਦਿਲ ਤੇ ਕਾਇਰ ਆਦਮੀ ਭਜ ਗਏ। ਉਨ੍ਹਾਂ ਨੂੰ ਬੜੀ ਨਿਰਾਦਰੀ ਨਾਲ ਫੜ ਕੇ ਲਿਆਂਦਾ ਗਿਆ । ਗੁਰੂ ਸਾਹਿਬ ਹਾਸ ਰਸ ਵਿਚ ਉਨ੍ਹਾਂ ਦਾ ਦ੍ਰਿਸ਼ ਪੇਸ਼ ਕਰਦੇ ਹਨ—

ਛਿਕਾ ਤੋਬਰਾ ਬਦਨ ਚੜ੍ਹਾਏ ।
ਜਨ ਗ੍ਰਿਹ ਖਾਨ ਮਲੀਦਾ ਆਏ ।

ਭਾਵ—ਉਨ੍ਹਾਂ ਦੇ ਮੂੰਹ ਪਰ ਛਿਕੇ ਅਤੇ ਤੋਬਰੇ ਚੜ੍ਹਾਏ ਹੋਏ ਹਨ । ਇਉਂ ਜਾਪਦਾ ਹੈ, ਜਿਵੇਂ ਘਰ ਮਲੀਦਾ ਖਾਣ ਲਈ ਆਏ ਹਨ ।

੫. ਰੌਦ੍ਰ—ਉਠੀ ਛਿਛ ਇਛੰ ਕਢਾ ਮੇਝ ਜੋਰੰ ।
ਮਣੋ ਮਾਖਨੰ ਮਟਕੀ ਕਾਨ੍ਹ ਫੋਰੰ । (੭-੭)

੬. ਅਦਭੁਤ ਰਸ—

ਇਸ ਵਿਚ ਵਿਸਮਾਦ ਹੈ ਹੈਰਾਨੀ ਨੂੰ ਪ੍ਰਗਟ ਕੀਤਾ ਜਾਂਦਾ ਹੈ । ਜਿਹਾ ਹੈ—

ਸਿਰੰ ਮਾਲ ਰਾਜੰ । ਲਖੇ ਰੁਦ੍ਰ ਲਾਜੰ ।
ਸੁਭੰ ਚਾਰ ਚਿਤ੍ਰੰ । ਪਰਮੰ ਪਵਿਤ੍ਰੰ । (੧-੨੨)

੭. ਭਯ ਰਸ—ਇਸ ਵਿਚ ਡਰ ਤੇ ਸਹਿਮ ਹੁੰਦਾ ਹੈ ਜਿਹਾ ਕਿ ਵਾਕ ਹਨ—

ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ ।
ਸਭੈ ਕਾਲ ਤੇ ਅੰਤ ਦਾੜਾ ਤਲੇ ਹੈਂ ।
ਜਿਤੇ ਮਾਨਧਾਤਾਦਿ ਰਾਜਾ ਸੁਹਾਏ ।
ਸਭੈ ਬਾਂਧ ਕੈ ਕਾਲ ਜੇਲੈ ਚਲਾਏ । (੧-੨੯)

੮. ਬੀਭਤੱਸ ਰਸ--ਇਸ ਵਿਚ ਗਿਲਾਨੀ ਤੇ ਮਲੀਨਤਾ ਪੇਸ਼

ਕੀਤੀ ਜਾਂਦੀ ਹੈ। ਕਰੁਣਾ ਰਸ ਵਿਚ ਵੈਰਾਗ ਤੇ ਦੁਖ ਬਿਆਨ ਕੀਤਾ ਜਾਂਦਾ ਹੈ। ਸ੍ਰੀ ਦਸਮੇਸ਼ ਜੀ ਨੇ ਆਪਣੀ ਰਚਨਾ ਤੇ ਕਾਵਿ ਵਿਚ ਇਹ ਰਸ ਬੜੀ ਖੂਬੀ ਨਾਲ ਨਿਬਾਹੇ ਹਨ।

ਇਤਿਹਾਸਕ ਕਾਵਿ ਵਿਚ ਘਟਨਾਵਾਂ ਦੇ ਮੇਲ ਤੇ ਕਵੀ ਨਾਟਕ ਵਿਚ ਨਾਇਕ, ਨਾਇਕਾ, ਪਾਤਰ, ਰੰਗ ਭੂਮੀ ਤੇ ਵਾਰਤਾਲਾਪ ਹੁੰਦੀ ਹੈ। ਇਸ ਵਿਚ ਹਨੂੰਮਾਨ ਨਾਟਕ ਵਾਂਗ ਕਹਾਣੀ ਲਿਖੀ ਗਈ ਹੈ, ਵਾਰਤਾਲਾਪ ? ਹੀਂ।

ਨਾਟਕ ਦਾ ਲੇਖਕ ਕਈ ਵੇਰ ਆਪਣੇ ਖਿਆਲ ਨਹੀਂ ਦਿੰਦਾ, ਆਪਣੇ ਆਪ ਨੂੰ ਅੱਡ ਰਖਦਾ ਹੈ। ਪਰ ਦਸਮ ਪਾਤਸ਼ਾਹ ਨੇ ਇਸ ਵਿਚ ਕਈ ਸਿਧਾਂਤ ਭੀ ਦਿਤੇ ਹਨ। ਸਾਡੇ ਦੇਸ਼ ਵਿਚ ਇਤਿਹਾਸ ਨੂੰ ਪੁਰਾਣਕ ਢੰਗ ਨਾਲ ਲਿਖਣ ਦਾ ਰਿਵਾਜ ਸੀ। ਕਾਵਿ ਦਾ ਜਿਹੜਾ ਰੂਪ ਚੁਣਿਆ ਜਾਵੇ ਇਤਿਹਾਸ ਵਿਚ ਉਸਨੂੰ ਨਿਬਾਹੁਣਾ ਪੈਂਦਾ ਹੈ। ਬਚਿਤ੍ਰ ਨਾਟਕ ਵਿਚ ਇਹੀ ਢੰਗ ਵਰਤਿਆ ਹੈ। ਉਸ ਦੀ ਇਕ ਉਦਾਹਰਣ ਪੇਸ਼ ਕਰਦੇ ਹਾਂ। ਦਸਮੇਸ਼ ਜੀ ਲਿਖਦੇ ਹਨ–

ਏਕ ਸਰਵਣ ਤੇ ਮੈਲ ਨਿਕਾਰਾ । ਤਾਤੇ ਮਧ ਕੀਟਭ ਤਨ ਧਾਰਾ।

ਪੁਰਾਣਕ ਮਨੌਤ ਹੈ ਕਿ ਮਧੁ ਕੈਟਭ ਦੀ ਚਰਬੀ ਤੋਂ ਪ੍ਰਿਥਵੀ ਬਣੀ ਹੈ। ਸ੍ਰਿਸ਼ਟੀ ਰਚਨਾ ਬਾਰੇ ਗੁਰਬਾਣੀ ਦਾ ਸਿਧਾਂਤ ਹੈ–

'ਕੀਤਾ ਪਸਾਉ ਏਕੋ ਕਵਾਉ।' (ਜਪੁਜੀ)

ਛੇਵੇਂ ਅਧਿਆਯ ਵਿਚ 'ਹੇਮ ਕੁੰਟ'* ਪਰਬਤ ਤੇ 'ਤਹਿ ਹਮ ਅਧਿਕ ਤਪਸਿਆ ਸਾਧੀ । ਮਹਾ ਕਾਲ ਕਾਲਕਾ ਅਰਾਧੀ।† ਦਾ ਜ਼ਿਕਰ ਕੀਤਾ ਹੈ ।

---

*ਇਹ ਹੇਮਕੁੰਟ ਬਦਰੀਨਾਥ (ਗੜ੍ਹਵਾਲ) ਦੇ ਕੋਲ ਹੈ। ਇਥੇ ਸਪਤ ਸ੍ਰਿੰਗ ਇਕ ਪਹਾੜ ਹੈ। ਕਨਿੰਘਮ ਨੇ ਜੁਗਰਾਫੀਏ ਵਿਚ ਇਹ ਥਾਂ ਪਟਨੇ ਪਾਸ ਦਸੀ ਹੈ।

†ਕਾਲ ਦਾ ਭੀ ਜੋ ਮਹਾਂ ਕਾਲ ਹੈ, ਉਸਦੇ ਅਰਾਧਨ ਵਾਲਾ

ਵਿਗਿਆਨਕ ਦੁਨੀਆਂ ਵਿਚ ਕਾਲ (Time) ਅਤੇ ਦੇਸ਼ (Space) ਤੇ ਬਹੁਤ ਬਹਿਸ ਹੁੰਦੀ ਹੈ। ਕੋਈ ਹਸਤੀ ਕਾਲ ਤੋਂ ਪਰੇ ਹੈ ?

ਦਸਮ ਪਾਤਸ਼ਾਹ ਇਸ ਦਾ ਉਤਰ ਦਿੰਦੇ ਹਨ-

'ਔਰ ਸੁ ਕਾਲ ਸਭੈ ਬਸ ਕਾਲ ਕੇ,
ਏਹ ਹੀ ਕਾਲ ਅਕਾਲ ਸਦਾ ਹੈ।'

ਭਾਵ-ਇਕ ਅਕਾਲ ਪੁਰਖ ਹੀ ਕਾਲ ਤੋਂ ਰਹਿਤ ਹੈ।

ਪੁਰਾਣੇ ਮਜ਼੍ਹਬ ਵਿਚ ਅਵਤਾਰ ਪੂਜਾ, ਪੈਗੰਬਰੀ ਦਾਹਵਿਆਂ ਤੇ ਸ਼ਖਸੀ ਪੂਜਾ ਦਾ ਜ਼ੋਰ ਸੀ। ਦਸਮ ਪਾਤਸ਼ਾਹ ਨੇ ਇਸ ਨੂੰ ਜ਼ੋਰ ਨਾਲ ਖੰਡਨ ਕੀਤਾ ਹੈ। ਫੁਰਮਾਉਂਦੇ ਹਨ-

'ਜੋ ਹਮ ਕੋ ਪ੍ਰਮੇਸਰ ਉਚਰ ਹੈ।
ਤੇ ਸਭ ਨਰਕ ਕੁੰਡ ਮਹਿ ਪਰ ਹੈ।'

ਗੁਰੂ ਜੀ ਪਹਿਲੀ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਨੇ ਮਨੁਖਤਾ ਦੀ ਪੱਧਰ ਤੇ ਇਹ ਸਚਿਆਈ ਬਿਆਨ ਕੀਤੀ ਹੈ। ਰਬ ਵਿਚ ਕੋਈ ਆਤਮਾ ਲੀਨ ਹੋ ਸਕਦੀ ਹੈ, ਉਸਦੇ ਬਰਾਬਰ ਜਾਂ ਤੁਲ ਨਹੀਂ ਹੋ ਸਕਦੀ। ਸਾਰੇ ਅਵਤਾਰ, ਪੈਗੰਬਰ ਤੇ ਮਹਾਂ ਪੁਰਸ਼ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ। ਉਸ ਤੇ ਨਿਰਭਰ ਕਰਦੇ ਹਨ। ਪਰ ਉਹ ਕਿਸੇ ਦਾ ਬਣਾਇਆ ਹੋਇਆ ਨਹੀਂ। ਗੁਰੂ ਸਾਹਿਬ ਦਾ-

'ਕਿਤੇ ਕ੍ਰਿਸ਼ਨ ਸੇ ਕੋਟ ਕੀਟ ਉਪਾਏ।'

ਦਾ ਵਾਕ ਸਪਸ਼ਟ ਕਰਦਾ ਹੈ ਕਿ ਰੱਬ ਦੇ ਮੁਕਾਬਲੇ ਤੇ ਅਵਤਾਰ ਪੈਗੰਬਰ ਆਦਿਕ ਹੇਚ ਹਨ। ਜਿਥੇ ਅਵਤਾਰਾਂ ਦਾ ਖੰਡਨ ਕੀਤਾ ਹੈ, ਉਥੇ ਨਾਲ ਹੀ ਆਪਣੇ ਲਈ ਵੀ 'ਵਾਕ ਇਸ ਕੀਟ ਪ੍ਰਤਿ ਲਿਖਿਆ ਹੈ।

(੪) ਦੋਵੇਂ ਚੰਡੀ ਚਰਿਤਰ-ਬਚਿਤਰ ਨਾਟਕ ਦਾ ਹੀ ਭਾਗ ਹਨ। ਮਾਰਕੰਡੇ ਪੁਰਾਣ ਵਿਚ ਦਿਤੀ ਹੋਈ ੭੦੦ ਸਲੋਕਾਂ ਦੀ 'ਦੁਰਗਾ ਸਤ ਸਈ' ਦੇ ਅਧਾਰ ਪਰ ੨੩੭ ਛੰਦ ਲਿਖੇ ਹਨ। ਇਨ੍ਹਾਂ

ਵਿਚ ਦੇਵਤਿਆਂ ਤੇ ਰਾਖਸ਼ਾਂ ਦੇ ਜੁਧ ਦਾ ਜ਼ਿਕਰ ਹੈ । ਇਹ ਬੀਰ ਰਸ ਪੈਦਾ ਕਰਨ ਲਈ ਅਸਚਰਜ ਬਾਣੀ ਹੈ । ਇਨ੍ਹਾਂ ਦੇ ਨਾਲ ਮਿਲਦੀ ਬਾਣੀ 'ਵਾਰ ਸ੍ਰੀ ਭਗਉਤੀ ਕੀ' ਹੈ। ਇਹ ਪੰਜਾਬੀ ਬੋਲੀ ਵਿਚ ਹੈ । 'ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ' ਇਸ ਵਾਰ ਦਾ ਮੰਗਲ ਹੈ ।

੫. ਗਿਆਨ ਪ੍ਰਬੋਧ—ਇਸ ਬਾਣੀ ਵਿਚ ਦਾਨ, ਧਰਮ ਤੇ ਰਾਜ ਧਰਮ ਦਾ ਵਰਣਨ ਮਿਲਦਾ ਹੈ। ਇਹ ਸੰਪੂਰਨ ਨਹੀਂ ਮਿਲਦੀ।

੬. ਸ਼ਸਤ੍ਰ ਨਾਮ ਮਾਲਾ—ਇਸ ਵਿਚ ਸ਼ਸਤ੍ਰਾਂ ਦੇ ਨਾਂ ਲੈ ਕੇ ਵਾਹਿਗੁਰੂ ਦਾ ਸਿਮਰਨ ਕੀਤਾ ਗਿਆ ਹੈ। ਯਥਾ—

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ।
ਸੈਫ ਸਰੋਹੀ ਸਾਹਥੀ ਯਹੀ ਹਮਾਰੇ ਪੀਰ।

੭. ਚੌਪਈ ਹਮਰੀ ਕਰੋ ਹਾਥ ਦੈ ਰਛਾ—੪੦੫ਵੇਂ ਚਰਿਤ੍ਰ ਦੇ ਅੰਤ ਵਿਚ ਦਿਤੀ ਹੈ। ਇਹ ਚਰਿਤ੍ਰ ਵਿਚ 'ਦੂਲਹ ਦਈ' ਤੇ 'ਸ੍ਵਾਸ ਬੀਰਜ ਰਾਖਸ' ਦੇ ਜੰਗ ਦਾ ਵਰਣਨ ਹੈ। ਇਸ ਚੌਪਈ ਸਬੰਧੀ ਮਨੌਤ ਹੈ ਕਿ ਅਨੰਦ ਪੁਰ ਦੇ ਜੰਗ ਤੋਂ ਪਹਿਲੇ ਗੁਰੂ ਜੀ ਨੇ ਭਬੌਰ (ਅਨੰਦ ਪੁਰੋਂ ੧੧ ਮੀਲ) ਸਤਲੁਜ ਦੇ ਕੰਢੇ ਤੇ ਉਚਾਰਨ ਕੀਤੀ ਹੈ। ਇਥੇ ਹੁਣ ਤੀਕ ਗੁਰਦਵਾਰਾ ਮੌਜੂਦ ਹੈ।

੮. ਅਸਫੋਟਕ—ਖਾਲਸਾ ਪੰਥ ਸਾਜਨ ਸਮੇਂ ਪੰਡਤ ਕੇਸ਼ੋ ਦਾਸ ਪ੍ਰਤਿ 'ਜੋ ਕੁਛ ਲੇਖ ਲਿਖਉ ਬਿਧਨਾ' ਤੇ ਮਾਛੀਵਾੜੇ ਵਿਚ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਅਤੇ ਲੱਖੀ ਜੰਗਲ ਵਿਚ 'ਸੁਣਕੇ ਸਦ ਮਾਹੀ ਦਾ ਮੇਂਹੀਂ ਪਾਣੀ ਘਾਹੁ ਮੁਤੋ ਨੇ' ਦਾ ਸ਼ੱਦ ਅਸਫੋਟਕ ਸਵਜੇ ਤੇ ਸਦ ਹਨ । ਕੇਸ਼ੋ ਦਾਸ ਵਾਲੇ ਸਵਯੇ ਦੇ ਪਹਿਲੇ ਦੋ ਪਦ ਹਨੂਮਾਨ ਨਾਟਕ ਨਾਲ ਮਿਲਦੇ ਹਨ।

੯. ਜ਼ਫ਼ਰਨਾਮਾ—ਸੰਮਤ ੧੭੬੩ ਵਿਚ ਕਾਂਗੜ ਤੋਂ ਔਰੰਗਜ਼ੇਬ ਦੇ ਨਾਂ ਲਿਖਿਆ ਜੇਤ ਪਤ੍ਰ ਹੈ। ਇਹ ਚੜ੍ਹਦੀ ਕਲਾ,

ਅਣਖ ਤੇ ਸ੍ਵੈਮਾਨ ਦਾ ਸਬੂਤ ਹੈ। ਮੁੱਢਲੀ ਦਾਸਤਾਂ ਤੇ ਹਕਾਇਤਾਂ ਮਿਲ ਕੇ ਜ਼ਫਰਨਾਮੇ ਦੇ ੧੯੬ ਬੈਂਤ ਹਨ। ਇਹ ਫਾਰਸੀ ਲਿਖਤ ਦਾ ਸੁੰਦਰ ਨਮੂਨਾ ਹਨ। ਦਸਿਆ ਜਾਂਦਾ ਹੈ ਕਿ ਇਸ ਦੀ ਅਸਲੀ ਕਾਪੀ ਔਰੰਗਾਬਾਦ ਵਿਚ ਔਰੰਗਜ਼ੇਬ ਦੇ ਤੋਸ਼ੇਖਾਨੀਏ ਦੀ ਸੰਤਾਨ ਪਾਸ ਹੈ। ਜਿਸ ਪਰ ਸ਼ਾਹੀ ਮੋਹਰ ਲਾ ਕੇ ਇਹ ਇਬਾਰਤ ਲਿਖੀ ਹੋਈ ਹੈ—

"ਇਸ ਨੂੰ ਤਬਰਕਾਤ ਵਿਚ ਸਤਿਕਾਰ ਨਾਲ ਸੰਭਾਲ ਕੇ ਰਖਿਆ ਜਾਵੇ।"

ਦਸਮ ਪਾਤਸ਼ਾਹ ਦੀ ਬਾਣੀ ਦੀ ਬੋਲੀ ਆਮ ਤੌਰ ਤੇ ਹਿੰਦੀ ਹੈ। ਆਪ ਨੇ ਕਾਵਿ ਦੇ ਸਾਰੇ ਰਸ ਕਥਨ ਕੀਤੇ ਹਨ, ਪਰ ਪ੍ਰਧਾਨਤਾ ਬੀਰ ਰਸ ਦੀ ਹੈ। ਰਾਮ ਕਥਾ ਦੇ ਅੰਤ ਵਿਚ—

"ਪਾਹਿ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੈ ਨਹੀ ਆਨਯੋ।"

ਪ੍ਰਾਰਥਨਾ ਰੂਪ ਵਿਚ ਹੈ। ਪਰ ਇਸ ਵਿਚ 'ਆਂਖ ਤਰੈ ਨਹੀ ਆਨਯੋ' ਬੀਰ ਰਸ ਤੇ ਚੜ੍ਹਦੀ ਕਲਾ ਦਾ ਕਮਾਲ ਹੈ।

ਗੁਰੂ ਜੀ ਨੇ ਆਪ ਕਿਸੇ ਗ੍ਰੰਥ ਦਾ ਸੁਤੰਤ੍ਰ-ਅਨੁਵਾਦ ਨਹੀਂ ਕੀਤਾ, ਕਿਸੇ ਥਾਂ ਕਹਾਣੀ ਦਾ ਪਲਾਟ ਲੈ ਲਿਆ ਹੈ।

ਚੰਡੀ ਚਰਿਤ੍ਰ ਦੇ ਕਈ ਛੰਦ ਇਸ ਤਰ੍ਹਾਂ ਆਉਂਦੇ ਹਨ—

ਤਾਗੜ ਦੰਗ ਤੀਰੰ। ਬਾਗੜ ਦੰਗ ਬਾਣੰ।
ਕਾਗੜ ਦੰਗ ਕਾਤੀ। ਕਟਾਰੀ ਕ੍ਰਿਪਾਣੰ। (੪੦-੧੭)

ਇਹ ਮ੍ਰਿਦੰਗ ਤੇ ਜੋੜੀ ਦੀ ਗਤ ਅਨੁਸਾਰ ਗਾਈ ਜਾਣ ਵਾਲੀ ਰਚਨਾ ਹੈ। ਕਿਸੇ ਕਿਸੇ ਬਾਣੀ ਤੇ ਚਰਿਤ੍ਰਾਂ ਦੇ ਅੰਤ ਵਿਚ ਸੰਸਕ੍ਰਿਤ ਦੇ ਇਹ ਸ਼ਬਦ ਲਿਖੇ ਹਨ—

"ਸਮਾਪਤੰਸਤੁ
ਸ਼ੁਭਸਤੁ"

(ਸਮਾਤਮ-ਅਸਤੁ) ਭਾਵ ਸਮਾਪਤ ਹੋਵੇ। ਸ਼ੁਭ ਹੋਵੇ। ਪਰ

ਸੰਸਕ੍ਰਿਤ ਤੋਂ ਅਣਜਾਣ ਲਿਖਾਰੀਆਂ ਨੇ ਇਸ ਨੂੰ 'ਮਸਤੁ ਸੁਭ ਮਸਤੁ' ਬਣਾ ਦਿਤਾ ਹੈ। ਇਸ ਲਈ ਬਹੁਤ ਸਾਰੇ ਆਦਮੀ ਇਸ ਦਾ ਉਚਾਰਣ ਵੀ ਸੁਧ ਨਹੀਂ ਕਰਦੇ। ਇਸ ਤਰਾਂ–

''ਸੰਮਤ ਸਤਰਾਂ ਸੈ ਸੁ ਭਣਿਜੈ''

ਨੂੰ ਸੈ ਦੀ ਥਾਂ 'ਸਹੰਸ' [ਹਜ਼ਾਰ] ਬਣਾ ਦਿਤਾ ਹੈ। ਦਸਮ ਪਾਤਸ਼ਾਹ ਨੇ ਕਈ ਥਾਈਂ ਕਿਸੇ ਪ੍ਰਸੰਗ ਨੂੰ ਜਾਰੀ ਰਖਣ ਲਈ ਫਾਰਸੀ ਦਾ 'ਅਫ਼ਜੂੰ' [ਵਿਸ਼ੇਸ਼] ਸ਼ਬਦ ਵੀ ਵਰਤਿਆ ਹੈ।

ਗੁਰੂ ਜੀ ਨੇ ਗੁਰਬਾਣੀ ਦੀ ਸੰਭਾਲ ਭੀ ਕੀਤੀ ਹੈ। ਜੇ ਕੋਈ ਸਿਖ ਬੀੜ ਲਿਖਕੇ ਪੇਸ਼ ਕਰਦਾ ਸੀ, ਤਾਂ ਆਪ ਉਸ ਪਰ ਦਸਖਤ ਜਾਂ ਤੀਰ ਨਾਲ ਨਿਸ਼ਾਨ ਕਰਦੇ ਸਨ। ਇਕ ਉਦਾਸੀ ਬੀੜ ਲਿਖਕੇ ਦਸਮ ਪਾਤਸ਼ਾਹ ਨੂੰ ਭੇਟ ਕਰਨ ਲਈ ਲਿਆਇਆ, ਉਹ ਦੀਵਾਨ ਨੰਦ ਚੰਦ ਨੇ ਰਖ ਲਈ। ਜਦ ਮਹਾਰਾਜ ਨੇ ਉਸਨੂੰ ਤਾੜਨਾ ਕੀਤੀ ਤਾਂ ਉਹ ਨੱਠ ਕੇ ਧੀਰਮਲ ਪਾਸ ਚਲਿਆ ਗਿਆ ਅਤੇ ਬੇਮੁਖ ਹੋ ਕੇ ਮਾਰਿਆ ਗਿਆ। ਪਿੰਡ ਕਾਲੇ ਸੰਘੇ [ਕਪੂਰਥਲਾ] ਵਿਚ ਫੂਕਿਆ ਗਿਆ। ਨੰਦ ਚੰਦ ਡਰੌਲੀ ਦਾ ਮਸੰਦ ਸੀ। ਇਸ ਲਈ ਉਹ ਬੀੜ ਹੁਣ ਤੀਕ ਡਰੌਲੀ ਵਿਚ ਮੌਜੂਦ ਹੈ।

ਹਜ਼ੂਰ ਨੇ ਆਤਮਿਕ ਅਨੁਭਵ ਦਵਾਰਾ ਦਮਦਮੇ ਵਿਚ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖਵਾਈ, ਜਿਸ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ। ਸ਼ੋਕ ਕਿ ਇਹ ਵੀ ਵੱਡੇ ਘਲੂ-ਘਾਰੇ ਵਿਚ ਕਿਤੇ ਜਾਂਦੀ ਰਹੀ। ਦਸਮੇਸ਼ ਜੀ ਨੇ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਨਹੀਂ ਚੜ੍ਹਾਈ? ਇਹ ਆਪ ਦੀ ਇਛਾ ਤੇ ਅਧਿਕਾਰ ਦੀ ਗੱਲ ਸੀ। ਇਸਦਾ ਕਾਰਨ ਆਪ ਹੀ ਜਾਣਦੇ ਸਨ।

ਅਸੀਂ ਹੁਣ ਸੰਖੇਪ ਜਿਹਾ ਜ਼ਿਕਰ ਉਨ੍ਹਾਂ ਰਚਨਾਵਾਂ ਦਾ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੂੰ ਦਸਮੇਸ਼ ਜੀ ਦੇ ਨਾਂ ਨਾਲ ਜੋੜਿਆ

ਜਾਂਦਾ ਹੈ-

੧. ਰਹਿਤਨਾਮੇ-ਇਹ ਸਿਖੀ ਰਹਿਤ ਸਬੰਧੀ ਸਿਖਾਂ ਦੇ ਲਿਖੇ ਹੋਏ ਬਚਨ ਹਨ । ਭਾਈ ਦਇਆ ਸਿੰਘ, ਭਾਈ ਨੰਦ ਲਾਲ ਭਾਈ ਦੇਸਾ ਸਿੰਘ, ਚੋਪਾ ਸਿੰਘ ਤੇ ਪ੍ਰਹਿਲਾਦ ਸਿੰਘ ਦੇ ਨਾਵਾਂ ਪਰ ਹਨ।

੨. ਸੌ ਸਾਖੀ-ਇਹ ਪੋਥੀ ਗੁਰੂ ਜੀਦੇ ਅਗੰਮ ਵਾਕ, ਭਵਿਖਤ ਬਾਣੀ ਤੇ ਭਾਈ ਰਾਮ ਕੌਰ ਜੀ ਦੇ ਪ੍ਰਤਿ ਉਚਾਰਨ ਕੀਤੀ ਦਸੀ ਜਾਂਦੀ ਹੈ। ਕਿਤੇ ਭਾਈ ਹੁਕਨਾਕ ਸਿੰਘ ਨੂੰ ਭੀ ਉਪਦੇਸ਼ ਹੈ । ਭਾਈ ਸੰਤੋਖ ਸਿੰਘ ਜੀ ਨੇ ਇਸ ਨੂੰ ਬਹੁਤ ਵਰਤਿਆ ਹੈ । ਦਰਅਸਲ ਇਹ ਕਿਸੇ ਪੁਰਾਣਕ ਦਿਮਾਗ ਦੀ ਰਚਨਾ ਹੈ । ਇਸ ਦਾ ਲੇਖਕ ਮ: ਰਣਜੀਤ ਸਿੰਘ ਦੇ ਸਮੇਂ ੧੯੯੦ ਤੇ ੧੯੦੦ ਬਿ: ਦੇ ਲਗਭਗ ਹੋਇਆ ਹੈ, ਜਦ ਕਿ ਸਿਖਾਂ ਦਾ ਰਾਜ ਭਾਗ ਨਸ਼ਟ ਹੋ ਰਿਹਾ ਸੀ । ਜੇ ਕੋਈ ਸੌ ਸਾਖੀ ਦਾ ਮੂਲ ਸੀ ਤਾਂ ਉਸ ਨੂੰ ਬਹੁਤ ਵਿਗਾੜ ਦਿਤਾ ਗਿਆ ਹੈ । ਉਦਾਹਰਣ ਲਈ ਸਤਿਗੁਰੂ ਜੀ ਨੂੰ 'ਬਿੰਧੀਆਚਲ ਤੇ ਦੁਸ਼ਟ ਦਮਨ ਦਸਣਾ, ਗੋਭੀ ਤੋਂ ਗੋਬਿੰਦ, ਖੱਲ ਤੋਂ ਖਾਲਸਾ । ਅਨੰਦ ਪੁਰ ਨਿਵਾਸ ਸਮੇਂ ਗੁਰੂ ਕੀ ਕਾਸ਼ੀ ਤੇ ਮੁਕਤਸਰ ਦਾ ਮਹਾਤਮ ਦਸਣਾ ਜੋ ਅਜੇ ਬਣੇ ਹੀ ਨਹੀਂ ਸਨ। ਪਾਂਡਵਾਂ ਦੇ ਸਮੇਂ ਸਯਦਾਂ ਦਾ ਹੋਣਾ [ਸਾਖੀ ੧੩] ਈਸਾ ਦੀ ਉਤਪੱਤੀ ਮੂਸਾ ਤੋਂ ਪਹਿਲੇ ਦਸਣੀ [ਸਾਖੀ ੧੪] ਮਹਾਰਾਜਾ ਰਣਜੀਤ ਸਿੰਘ ਨੂੰ ਕੇਸ਼ੋ ਦਾਸ ਦਾ ਅਵਤਾਰ ਦਸਣਾ, ਅਜਿਹੀਆਂ ਗੱਲਾਂ ਹਨ ਜੋ ਸਿਧਾਂਤਕ ਤੇ ਇਤਿਹਾਸਕ ਤੌਰ ਤੇ ਗਲਤ ਹਨ । ਇਸ ਵਿਚ ਮ: ਦਲੀਪ ਸਿੰਘ ਦਾ ਜ਼ਿਕਰ ਵੀ ਕੀਤਾ ਹੈ । ਬਾਬਾ ਰਾਮ ਸਿੰਘ ਬਾਵੀ ਸੁਤ ਦਾ ਵਰਨਣ ਸੂਰਜ ਪ੍ਰਕਾਸ਼ ਲਿਖਣ ਤੋਂ ਪਿਛੋਂ ਆਖੇਪ ਕੀਤਾ ਜਾਪਦਾ ਹੈ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਪੁਰ ਫ਼ਰਾਂਸ ਦੇ ਹਮਲੇ ਦੀ ਚਿੰਤਾ

ਹੋਈ*। ਕੁਝ ਚਿਰ ਪਿਛੋਂ ਉਹ ਖਤਰਾ ਟਲ ਗਿਆ।

੨੫ ਅਪ੍ਰੈਲ ੧੮੦੯ ਈਸਵੀ ਨੂੰ ਸ਼ੇਰੇ ਪੰਜਾਬ ਤੇ ਅੰਗਰੇਜ਼ਾਂ ਦੀ ਅੰਮ੍ਰਿਤਸਰ ਵਾਲੀ ਸੰਧੀ ਹੋਈ। ਸੌ ਸਾਖੀ ਦੇ ਕਰਤਾ ਨੇ ਉਸ ਸਮੇਂ ਦਾ ਪ੍ਰਾਪੇਗੰਡਾ ਕਰਦੇ ਹੋਏ ਲਿਖਿਆ ਹੈ–

'ਜਬ ਰੂਸ ਪੰਜਾਬ ਆਵੈ। ਅੰਨ ਰੁਪਏ ਕਾ ਸੇਰ ਬਿਕਾਵੈ।'

ਇਸ ਤੋਂ ਬਿਨਾ ਸੌ ਸਾਖੀ ਦੀ ਬੋਲੀ ਵੀ ਮੋਟੀ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਦਸਮ ਪਾਤਸ਼ਾਹ ਦੀ ਰਚਨਾ ਨਹੀਂ।

੩. ਸਰਬ ਲੋਹ ਇਹ ਗ੍ਰੰਥ ਵੀ ਕਿਸੇ ਕਵੀ ਦੀ ਰਚਨਾ ਹੈ। ਇਸ ਵਿਚ ਮਹਾਂ ਕਾਲ ਦਾ ਬੀਰਜ ਨਾਦ ਰਾਖਸ਼ ਨੂੰ ਮਾਰਨਾ ਲਿਖਿਆ ਹੈ। ਬੋਲੀ ਇਸ ਦੀ ਭੀ ਮੋਟੀ ਹੈ। ਲਿਖਿਆ ਹੈ–

'ਰੂਪ ਦੀਪ ਭਾਖਾ ਕਰੀ ਪਿੰਗਲ ਗਰੁੜ ਸ਼ੇਸ਼ ਸੁਰ ਗਿਆਨਾ।'

ਦਸਮ ਪਾਤਸ਼ਾਹ ੧੭੬੫ ਵਿਚ ਜੋਤੀ ਜੋਤ ਸਮਾਏ। ਰੂਪ ਦੀਪ ਪਿੰਗਲ ਜੈਕ੍ਰਿਸ਼ਨ ਭੋਜਗ ਨੇ ਦਸ ਸਾਲ ਪਿਛੋਂ ੧੭੭੫ ਵਿਚ ਲਿਖਿਆ। ਇਸ ਤੋਂ ਸਿਧ ਹੁੰਦਾ ਹੈ ਕਿ ਇਹ ਰਚਨਾ ਪਿਛੋਂ ਕੀਤੀ ਗਈ ਹੈ।†

ਇਸ ਤਰ੍ਹਾਂ ਬਿਜੈ ਮੁਕਤ ਦੀਆਂ ਸਾਖੀਆਂ ਘੜਨ ਵਾਲਾ ਇਕ ਜੱਟ ਹੁਣੇ ਹੀ ਹੋਇਆ ਹੈ।○ ਨਾਮਧਾਰੀਆਂ ਦੇ ਗੁਟਕੇ ਵਿਚ ਉਗਰਦੰਤੀ ਨਾਂ ਦੀ ਇਕ ਬਾਣੀ ਭੀ ਲਿਖੀ ਹੈ। ਇਕ ਨਿਰਮਲੇ ਸੰਤ ਭਾਈ ਸੁਰਜਨ ਸਿੰਘ ਨੇ ਪੂਰਨਮਾਸ਼ੀ ਦੀ ਕਥਾ ਤੇ ਇਕ ਪੈਂਤੀ ਅੱਖਰੀ ਜੋੜੀ ਹੈ। ਉਹ ਸਾਨੂੰ ਸੰਨ ੧੯੨੬-੨੭ ਵਿਚ ਪੰਜਾ ਸਾਹਿਬ ਮਿਲਿਆ ਸੀ। ਇਹ ਰਚਨਾਵਾਂ ਗੁਰੂ ਜੀ ਦੀਆਂ ਨਹੀਂ।

---

*ਮ: ਰਣਜੀਤ ਸਿੰਘ ਲੇਖਕ ਪ੍ਰੋ: ਅਬਦੁਲ ਕਾਦਰ।

†ਗੁਰਮਤਿ ਨਿਰਣਯ ਸਾਗਰ, ਕ੍ਰਿਤ ਪੰਡਤ ਤਾਰਾ ਸਿੰਘ ਪੰਨਾ ੬੫੬-੧੪।

○ਸੂਰਜ ਪ੍ਰਕਾਸ਼ ਟੀਕਾ ਭਾਈ ਵੀਰ ਸਿੰਘ ਪੰਨਾ ੫੧੧੨।

ਉਨਤਾਲੀਵਾਂ ਵਿਆਖਿਆਨ

ਅਮਨ ਸਮੇਂ ਦੇ ਕੌਤਕ, ਦੁਰਗਾ ਪੂਜਾ ਦਾ ਪੋਲ ਖਾਲਸਾ ਪੰਥ ਸਾਜਨਾ ਤੇ ਸਿਖੀ ਦੀ ਰਹਿਤ

ਅਨੰਦ ਪੁਰ ਵਿਚ ਕਈ ਸਾਲ ਨਿਵਾਸ ਕਰਕੇ ਕਲਗੀਧਰ ਨੇ ਅਮਨ ਸਮੇਂ ਜੋ ਕੌਤਕ ਕੀਤੇ ਹਨ, ਹੁਣ ਉਨ੍ਹਾਂ ਦਾ ਸੰਖੇਪ ਜ਼ਿਕਰ ਕਰਨਾ ਚਾਹੁੰਦੇ ਹਾਂ। ਇਕ ਵੇਰ ਗੁਰੂ ਜੀ ਪਾਸ ਸੰਨਿਆਸੀਆਂ ਦੀ ਮੰਡਲੀ ਆਈ। ਉਹ ਫੋਕੇ ਵੈਰਾਗ ਅਤੇ ਤਿਆਗ ਦੀ ਚਰਚਾ ਕਰਦੇ ਸਨ। ਹਜ਼ੂਰ ਨੇ ਉਨ੍ਹਾਂ ਦੀਆਂ ਝੋਲੀਆਂ ਤੇ ਚਿੱਪੀਆਂ ਦੀ ਤਲਾਸ਼ੀ ਕਰਵਾਈ। ਉਨ੍ਹਾਂ ਵਿਚੋਂ ਮੋਹਰਾਂ ਨਿਕਲੀਆਂ। ਇਕ ਰੋੜਾ ਜਲਾਲੀ ਫ਼ਕੀਰ ਦਰਸ਼ਨ ਕਰਨ ਆਇਆ। ਉਸਨੇ ਫੁਲ ਭੇਟਾ ਕਰਕੇ ਕਿਹਾ—

'ਹਜ਼ੂਰ ਮੇਰੇ ਪਾਸ ਹੋਰ ਕੁਝ ਨਹੀਂ, ਇਹ ਤੁਛ ਭੇਟਾ ਹੀ ਪ੍ਰਵਾਨ ਕਰੋ।' ਮਹਾਰਾਜ ਦੇ ਕਹਿਣ ਪਰ ਇਕ ਸਿਖ ਨੇ ਰੋੜੇ ਦੀ ਟੋਪੀ ਲਾਹੀ ਤੇ ਉਸ ਵਿਚੋਂ ਭੀ ਮਾਇਆ ਨਿਕਲੀ। ਇਸ ਤੋਂ ਸਿਖਾਂ ਨੂੰ ਦਸਿਆ ਕਿ ਹਿੰਦੁਸਤਾਨ ਦੀ ਫ਼ਕੀਰੀ ਪਖੰਡ ਬਣ ਚੁਕੀ ਹੈ।

ਉਸ ਵਕਤ ਮਸੰਦ ਭੀ ਬਹੁਤ ਵਿਗੜ ਗਏ ਸਨ। ਗੁਰੂ ਜੀ ਨੇ ਉਨ੍ਹਾਂ ਦੀ ਭੀ ਸੁਧਾਈ ਕੀਤੀ ਤੇ ਸਖਤ ਦੰਡ ਦਿਤਾ। ਉਨ੍ਹਾਂ ਵਿਚੋਂ ਨਕੋ ਦੇ ਮਸੰਦ ਭਾਈ ਫੇਰੂ ਨੂੰ 'ਸੰਗਤ ਸਾਹਿਬ ਸੱਚੀ ਦਾਹੜੀ' ਦੀ ਪਦਵੀ ਬਖਸ਼ੀ ਤੇ ਖਿਮਾਂ ਕੀਤਾ। ਇਸ ਦੇ ਨਾਲ ਕਮਲੀਏ ਦੇ ਜੋਧ, ਦੀਪਾਲਪੁਰ ਦੇ ਰਾਊ ਤਖਤ ਮਲ ਨੂੰ ਵੀ ਬਖਸ਼ ਦਿਤਾ।

ਇਕ ਵੇਰ ਸਿਦਕ ਦੀ ਪ੍ਰੀਖਿਆ ਲਈ ਇਕ ਪਿੰਡ ਦੇ ਸਿਖਾਂ ਨੂੰ ਹੁਕਮ ਦਿਤਾ ਕਿ ਤੁਸੀਂ ਅਨੰਦ ਪੁਰੋਂ ਜਾਣਾ ਨਹੀਂ। ਸਿਖ ਘਬਰਾ ਗਏ। ਇਕ ਦਿਨ ਉਹ ਆਪਣੇ ਮੁਖੀ ਨੂੰ ਮੁਰਦਾ ਬਣਾ ਕੇ

ਫੂਕਣ ਦੇ ਬਹਾਨੇ ਖਿਸਕਣ ਲਗੇ। ਗੁਰੂ ਜੀ ਨੇ ਫ਼ਰਜ਼ੀ ਮੁਰਦੇ ਦਾ ਪਾਜ ਉਧੇੜ ਦਿਤਾ। ਉਹ ਬਹੁਤ ਸ਼ਰਮਿੰਦੇ ਹੋਏ।

ਖਾਲਸਾ ਪੰਥ ਸਾਜਨਾ–ਸ੍ਰੀ ਦਸਮੇਸ਼ ਜੀ ਦੇ ਜੀਵਨ ਦਾ ਇਕ ਮਹਾਨ ਕੰਮ ਹੈ। 'ਦਸ ਗੁਰੂ' ਵਾਹਿਗੁਰੂ ਦਾ ਪ੍ਰਕਾਸ਼ ਹਨ। ਖਾਲਸਾ ਉਨ੍ਹਾਂ ਦਾ ਪ੍ਰਕਾਸ਼ ਹੈ। ਭਗਤੀ, ਸਮਾਨਤਾ, ਸੇਵਾ, ਬੀਰਤਾ ਤੇ ਕੁਰਬਾਨੀ ਆਦਿਕ ਗੁਣ ਦੇ ਕੇ ਆਦਰਸ਼ ਤੇ ਪੂਰਨ ਮਨੁਖ ਨੂੰ ਮੂਰਤੀ ਮਾਨ ਕੀਤਾ ਗਿਆ, ਉਸ ਦਾ ਨਾਮ ਖਾਲਸਾ ਹੈ।*

ਪੰਥ ਸਾਜਨਾ ਤੋਂ ਪਹਿਲਾਂ ਦੀ ਇਕ ਸਾਖੀ ਇਤਿਹਾਸ ਵਿਚ ਆਉਂਦੀ ਹੈ ਕਿ ਦਸਮ ਪਾਤਸ਼ਾਹ ਨੇ ਨੈਣੇ ਦੇ ਟਿੱਲੇ ਤੇ ਹਵਨ ਕੀਤਾ ਤੇ ਦੁਰਗਾ ਦੀ ਪੂਜਾ ਕੀਤੀ। ਦੇਵੀ ਪ੍ਰਗਟ ਹੋਈ। ਉਸ ਨੇ ਵਰ ਦਿਤਾ। ਗੁਰਮਤਿ ਸਿਧਾਂਤ ਤੇ ਇਤਿਹਾਸਕ ਖੋਜ ਨਾਲ ਇਹ ਗਲ ਗਲਤ ਸਾਬਤ ਹੁੰਦੀ ਹੈ। ਹਿੰਦੁਸਤਾਨ ਵਿਚ ਸਾਕਤ ਤੇ ਤਾਂਤ੍ਰਿਕ ਮਤ ਵਾਲਿਆਂ ਨੇ ਦੁਰਗਾ ਕਾਲੀ, ਭਵਾਨੀ, ਚੰਡਕਾ ਆਦਿਕ ਨਾਵਾਂ ਵਾਲੀ ਦੇਵੀ ਨੂੰ ਸ਼ਕਤੀ ਮੰਨ ਕੇ ਪੂਜਾ ਕੀਤੀ ਹੈ। ਕਿਸੇ ਪੁਰਾਣਕ ਦਿਮਾਗ ਨੇ ਦੁਰਗਾ ਪੂਜਾ ਦੀ ਸਾਖੀ ਗੁਰੂ ਜੀ ਦੇ ਨਾਂ ਨਾਲ ਜੋੜ ਦਿਤੀ ਹੈ। ਜਿਤਨੇ ਇਤਿਹਾਸਕਾਰਾਂ ਨੇ ਇਹ ਸਾਖੀ ਲਿਖੀ ਹੈ, ਉਹ ਇਕ ਦੂਜੇ ਨਾਲ ਨਹੀਂ ਮਿਲਦੀ। ਕੋਈ ਕਹਿੰਦਾ ਹੈ–'ਬੀਰ ਰਸ ਪੈਦਾ ਕਰਨ ਲਈ ਅਰਜਨ ਭੀਮਾਦਿਕ ਦੀਆਂ ਕਥਾਵਾਂ ਮਹਾਰਾਜ ਨੇ ਸੁਣੀਆਂ, ਉਨ੍ਹਾਂ ਤੋਂ ਦੇਵੀ ਪ੍ਰਗਟ ਕਰਨ ਦਾ ਖਿਆਲ ਪੈਦਾ ਹੋਇਆ।' ਕਈ ਕਹਿੰਦੇ ਹਨ– 'ਬ੍ਰਾਹਮਣਾਂ ਦਾ ਕਥਨ ਸੀ ਕਿ ਕਲਜੁਗ ਵਿਚ ਦੇਵੀ ਪ੍ਰਗਟ ਨਹੀਂ ਹੋ ਸਕਦੀ, ਇਸ ਲਈ ਪ੍ਰਗਟ ਕੀਤੀ ਗਈ।'

ਮੈਕਾਲਫ਼ ਤੇ ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ–

ਦੇਵੀ ਸਬੰਧੀ ਬ੍ਰਾਹਮਣਾਂ ਦੀ ਮਨੌਤ ਨੂੰ ਖੰਡਨ ਕਰਨਾ

---

*ਮੁਗਲਾਂ ਦੇ ਸਮੇਂ ਬਾਦਸ਼ਾਹ ਜਾਂ ਜਾਇਦਾਦ ਦੇ ਪ੍ਰਬੰਧਕ ਨੂੰ ਭੀ ਖਾਲਸਾ ਕਹਿੰਦੇ ਸਨ।

ਸੀ, ਇਸ ਲਈ ਹਵਨ ਕੀਤਾ ਗਿਆ ।' ਇਸੇ ਤਰ੍ਹਾਂ ਦੇਵੀ ਦਾ ਰੂਪ, ਉਸ ਦੀ ਭੇਟਾ, ਉਸ ਦੀਆਂ ਦਿਤੀਆਂ ਚੀਜ਼ਾਂ ਤੇ ਹਵਨ ਦੇ ਸਮੇਂ ਬਾਰੇ ਵੀ ਸਾਰੇ ਲੇਖਕਾਂ ਵਿਚ ਮਤ ਭੇਦ ਹੈ।

ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ ਹਵਨ ਕਰਾਉਣ ਵਾਲੇ ਪੰਡਤ ਦਾ ਨਾਂ ਕੇਸ਼ੋ ਦਾਸ, ਭਾਈ ਸੁਖਾ ਸਿੰਘ ਗੁਰਬਿਲਾਸ ਵਿਚ ਦਾਤਾ ਨੰਦ ਉਜੈਨ ਤੇ ਬਾਬਾ ਸੁਮੇਰ ਸਿੰਘ 'ਗੁਰੂ ਪਦ ਪਰੇਮ ਪ੍ਰਕਾਸ਼' ਵਿਚ ਕਾਲੀ ਦਾਸ ਗੁਜਰਾਤੀ ਦਸਦੇ ਹਨ। ਫਿਰ ਲਿਖਦੇ ਹਨ, ਗੁਰੂ ਸਾਹਿਬ ਨੇ ਯੱਗ ਕੀਤਾ । ਉਸ ਵਿਚ ਪੰਡਤ ਨੂੰ ਨਹੀਂ ਸਦਿਆ। ਜਦ ਉਸ ਨੇ ਸ਼ਿਕਾਇਤ ਕੀਤੀ ਤਾਂ ਹਜ਼ੂਰ ਨੇ ਉਤਰ ਦਿਤਾ–

'ਜੋ ਕੁਛ ਲੇਖ ਲਿਖਯੋ ਬਿਧਨਾ ਸੋਈ,
ਪਾਈਅਤ ਮਿਸਰ ਜੂ ਸ਼ੋਕ ਨਿਵਾਰੋ।
ਮੇਰੋ ਕਛੂ ਅਪ੍ਰਾਧ ਨਹੀ ਗਯੋ,
ਯਾਦ ਤੇ ਭੂਲ ਨ ਕੋਪ ਚਿਤਾਰੋ।'

ਇਹ ਸਾਖੀ ਨੂੰ ਗਹੁ ਨਾਲ ਪੜ੍ਹਿਆਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਦੇਵੀ ਦੀ ਪੂਜਾ ਨਹੀਂ ਕੀਤੀ। ਦੇਵੀ ਦੇਵਤਿਆਂ ਦੀ ਪੂਜਾ ਬਾਰੇ ਗੁਰਮਤਿ ਸਿਧਾਂਤ ਇਹ ਹੈ-

(੧) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ–
ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।

[ਸੋਰਠ ਮ: ੧]

(੨) ਜਨਮ ਸਾਖੀ ਵਿਚ ਲਿਖਿਆ ਹੈ ਕਿ ਦੇਵੀ ਗੁਰ-ਦਰਬਾਰ ਵਿਚ ਝਾੜੂ ਦਿੰਦੀ ਸੀ।

(੩) ਦਸਮ ਪਾਤਸ਼ਾਹ ਜੀ ਨੇ ਜਾਪੁ ਤੇ ਅਕਾਲ ਉਸਤਤਿ ਉਚਾਰਨ ਕੀਤੀ। ਇਨ੍ਹਾਂ ਦੋਹਾਂ ਬਾਣੀਆਂ ਵਿਚ ੴ ਨਿਰਾਕਾਰ ਸ੍ਰੀ ਵਾਹਿਗੁਰੂ ਦੀ ਉਸਤਤਿ ਕੀਤੀ ਹੈ। ਆਪ '੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਤੋਂ ਹਰ ਬਾਣੀ ਤੇ ਲਿਖਤ ਦਾ ਆਰੰਭ ਕਰਦੇ ਹਨ।

ਆਪ ਦੇ ਵਾਕ ਹਨ–

(੪) ਬਿਨ ਕਰਤਾਰ ਨ ਕਿਰਤਮ ਮਾਨੋ । (੩੩ ਸਵਯੇ

(੫) ਅਨਹਦ ਰੂਪ ਅਨਾਹਦ ਬਾਨੀ ।

ਚਰਨ ਸਰਨ ਜਿਹ ਬਸਤ ਭਵਾਨੀ । (ਅਕਾਲ ਉਸਤਤਿ)

ਇਨ੍ਹਾਂ ਵਾਕਾਂ ਤੋਂ ਸਿਧ ਹੁੰਦਾ ਹੈ ਕਿ ਗੁਰੂ ਜੀ ਦੇਵੀ ਪੂਜਕ ਨਹੀਂ ਸਨ। ਅਕਾਲ ਪੁਰਖ ਵਲੋਂ ਦਸਦੇ ਹਨ–

ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕੌ ਸਾਜਾ।'

ਦੂਜੀ ਰਹੀ ਬੀਰ ਰਸ ਦੀ ਗਲ। ਇਹ ਸਿਖਾਂ ਵਿਚ ਛੇਵੇਂ ਪਾਤਸ਼ਾਹ ਨੇ ਪ੍ਰਗਟ ਕੀਤਾ ਸੀ । ਦਸਮ ਪਾਤਸ਼ਾਹ ਨੇ ਵੀ ਜੱਗ ਕਰਨ ਤੋਂ ਪਹਿਲੇ ਭੰਗਾਣੀ, ਨਦੌਣ ਆਦਿਕ ਕਈ ਜੰਗ ਕੀਤੇ ਸਨ । ੧੭੫੫ ਵਿਚ 'ਰਾਮ ਅਵਤਾਰ' ਲਿਖਿਆ ਗਿਆ। ਉਸ ਦੇ ਅੰਤ ਤੇ ਜ਼ਫ਼ਰਨਾਮੇ ਵਿਚ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ। ਹਜ਼ੂਰੀ ਕਵੀ ਸੈਨਾਪਤਿ ਤੇ ਭਾਈ ਨੰਦ ਲਾਲ ਨੇ ਰਹਿਤ ਨਾਮਿਆਂ ਵਿਚ ਭੀ ਦੇਵੀ ਪੂਜਾ ਦਾ ਖੰਡਨ ਕੀਤਾ ਹੈ । ਕਿਸੇ ਨੇ ਇਹ ਸਾਖੀ ਨਹੀਂ ਲਿਖੀ। ਫਿਰ ਇਹ ਕਿਸ ਤਰ੍ਹਾਂ ਪ੍ਰਚਲਤ ਹੋਈ ? ਦਰਅਸਲ ਇਹ ਮਹਿਮਾ ਪ੍ਰਕਾਸ਼ ਦੇ ਲਿਖਾਰੀ ਨੇ ਪ੍ਰਚਲਤ ਕੀਤੀ ਹੈ। ਮਹਿਮਾ ਪ੍ਰਕਾਸ਼ ਦੋ ਹਨ–ਇਕ ਨਸਰ ਦਾ, ਦੂਜਾ ਕਵਿਤਾ ਵਿਚ ਹੈ । ਪਹਿਲੇ ਲਿਖਣ ਦਾ ਸੰਮਤ ੧੭੯੯ ਹੈ।

ਪਹਿਲੇ ਮਹਿਮਾ ਪ੍ਰਕਾਸ਼ ਦੇ ਲਿਖਾਰੀ ਨੇ ਦੁਰਗਾ ਪੂਜਾ ਦਾ ਜ਼ਿਕਰ ਨਹੀਂ ਕੀਤਾ, ਸਿਰਫ ਹਵਨ ਕਰਨਾ ਹੀ ਲਿਖਿਆ ਹੈ। ਦੂਜਾ ਪਿਛੋਂ ਲਿਖਿਆ ਗਿਆ ਹੈ, ਉਸ ਦੇ ਲਿਖਾਰੀ ਨੇ ਹਵਨ ਤੋਂ ਦੁਰਗਾ ਪੂਜਾ ਦੀ ਸਾਖੀ ਘੜ ਲਈ। ਉਸ ਤੋਂ ਬਾਅਦ ਭਾਈ ਸੁਖਾ ਸਿੰਘ ਨੇ ਸੰਮਤ ੧੮੫੪ ਬਿਕ੍ਰਮੀ ਵਿਚ ਗੁਰ ਬਿਲਾਸ ਲਿਖਿਆ ਤੇ ਇਹ ਸਾਖੀ ਲਿਖ ਦਿਤੀ ਅਤੇ ਅਗੋਂ ਸਾਰੇ ਮੱਖੀ ਤੇ ਮੱਖੀ ਮਾਰਦੇ ਚਲੇ ਗਏ । ਇਸ ਸਾਖੀ ਦੀ ਕੋਈ ਅਸਲੀਅਤ ਨਹੀਂ।

ਖਾਲਸਾ ਸਜਾਉਣਾ—

ਸ੍ਰੀ ਗੁਰੂ ਨਾਨਕ ਦੇਵ ਨੇ ਮਨੁਖ ਨੂੰ ਜੋ ਸੰਦੇਸ਼ ਦਿਤਾ। ਸੇਵਾ ਦੋ ਸੌ ਬਰਸ ਜਿਸ ਨੂੰ ਨੌਂ ਜਾਮੇ ਧਾਰ ਕੇ ਦ੍ਰਿੜ੍ਹ ਕਰਾਇਆ ਗਿਆ ਸੀ, ਉਸ ਨੂੰ ਜਿਨ੍ਹਾਂ ਕਮਾਇਆ, ਸਿਖ ਅਖਵਾਏ। ਅਕਾਲ ਪੁਰਖ ਦਾ ਹੁਕਮ ਪੂਰਾ ਕਰਨ ਲਈ ਉਨ੍ਹਾਂ ਦੀ ਪ੍ਰੀਖਿਆ ਕੀਤੀ ਗਈ। ਦਸਮ ਪਾਤਸ਼ਾਹ ਨੇ ਨੌ ਸਾਲ ਦੀ ਉਮਰ ਵਿਚ ਖਾਲਸਾ ਪੰਥ ਪ੍ਰਗਟ ਕਰਨ ਦਾ ਜੋ ਇਰਾਦਾ ਕੀਤਾ ਸੀ, ਕਈ ਸਾਲਾਂ ਦੇ ਅਨੁਭਵ, ਵਿਚਾਰ ਤਜਰਬੇ ਤੇ ਇਕਾਂਤਵਾਸ ਵਿਚ ਆਤਮਾਂ ਦੀਆਂ ਡੂੰਘਾਣਾ ਵਿਚ ਖਾਲਸੇ ਦਾ ਜੋ ਅਨੂਪਮ ਚਿਤ੍ਰਿਆ ਸੀ, ਉਸ ਨੂੰ ਮੂਰਤੀ ਮਾਨ ਕਰਨ ਲਈ ਹੁਕਮਨਾਮੇ ਭੇਜ ਕੇ ੧੭੫੬ ਵਿਚ ਅਨੰਦਪੁਰ ਵਿਚ ਵੈਸਾਖੀ ਦਾ ਜੋੜ ਮੇਲਾ ਕੀਤਾ ਗਿਆ। ਉਨ੍ਹਾਂ ਦਿਨਾਂ ਵਿਚ ਆਵਾਜਾਈ ਦਾ ਪ੍ਰਬੰਧ ਚੰਗਾ ਨਹੀਂ ਸੀ। ਹਕੂਮਤ ਤੇ ਪਿਛਾਂਹ ਖਿਚੂ ਲੋਕ ਭੀ ਵਿਰੋਧੀ ਸਨ ਫਿਰ ਭੀ ਸੱਤਰ ਅੱਸੀ ਹਜ਼ਾਰ ਦਾ ਇਕੱਠ ਹੋਇਆ। ਸਮੇਂ ਦੇ ਲਿਹਾਜ਼ ਨਾਲ ਇਕ ਬਹੁਤ ਭਾਰੀ ਸੀ।

ਅਨੰਦਪੁਰ ਵਿਚ ਸ੍ਰੀ ਕੇਸ ਗੜ੍ਹ ਵਾਲੀ ਥਾਂ ਤੇ ਦੀਵਾਨ ਸਜਿਆ ਹੋਇਆ ਸੀ, ਲਾਗੇ ਤੰਬੂ ਲਗੇ ਹੋਏ ਸਨ, ਕਨਾਤਾਂ ਭੀ ਸਨ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਸਨ। ਸ੍ਰੀ ਦਸਮੇਸ਼ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ਼ਸਤਰ ਬਸਤਰ ਸਜਾ ਕੇ ਰਬੀ ਧਿਆਨ ਵਿਚ ਮਗਨ, ਦੇਵੀ ਉਚਤਾ ਤੇ ਜਲਾਲ ਵਿਚ ਭਰੇ ਹੋਏ ਬਿਰਾਜਮਾਨ ਸਨ। ਕੀਰਤਨ ਦੀ ਸਮਾਪਤੀ ਦੇ ਬਾਅਦ ਸ੍ਰੀ ਸਾਹਿਬ ਲੈ ਕੇ ਖੜੇ ਹੋ ਗਏ ਤੇ ਬਚਨ ਕੀਤਾ—

'ਇਕ ਸੀਸ ਦੀ ਲੋੜ ਹੈ?' ਇਸ ਪਰ ਸਾਰੇ ਸਨਾਟਾ ਛਾ ਗਿਆ। ਭੀੜ ਚੋਂ ਇਕ ਪਰੇਮੀ ਸਿਖ ਭਾਈ ਦਇਆ ਰਾਮ ਖੱਤਰੀ ਲਾਹੌਰ ਨਿਵਾਸੀ ਉਠਿਆ ਉਸ ਨੇ ਕਿਹਾ—

'ਸਚੇ ਪਾਤਸ਼ਾਹ! ਮੇਰਾ ਸਿਰ ਹਾਜ਼ਰ ਹੈ। ਜੋ ਹਡੀਆਂ ਤੇ ਮਿੱਝ ਦਾ ਇਕ ਨਿਕਾ ਜਿਹਾ ਢਾਂਚਾ ਦਿਤਿਆਂ ਆਪ ਦੀ ਖੁਸ਼ੀ

ਪ੍ਰਾਪਤ ਹੋਵੇ ਤਾਂ ਹੋਰ ਕੀ ਚਾਹੀਦਾ ਹੈ ?' ਮਹਾਰਾਜ ਉਸ ਨੂੰ ਤੰਬੂ ਵਿਚ ਲੈ ਗਏ। ਉਥੇ ਤਲਵਾਰ ਚਲਣ ਦੀ ਅਵਾਜ਼ ਆਈ ਤੇ ਲਹੂ ਦੀ ਧਾਰ ਬਾਹਰ ਨਿਕਲੀ।

ਕਈ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਨੇ ਬਕਰੇ ਝਟਕਾਏ। ਇਸ ਨੂੰ ਗੁਰੂ ਜੀ ਜਾਣਦੇ ਹਨ। ਉਹਨਾਂ ਨੇ ਲਹੂ ਦੀ ਭਰੀ ਤਲਵਾਰ ਲੈ ਕੇ ਫਿਰ ਇਕ ਸੀਸ ਦੀ ਮੰਗ ਕੀਤੀ । ਇਸ ਪਰ ਹਸਤਨਾ ਪੁਰ ਨਿਵਾਸੀ ਜੱਟ ਧਰਮ ਚੰਦ ਜੀ ਉਠੇ । ਉਹ ਵੀ ਤੰਬੂ ਵਿਚ ਲਿਜਾਏ ਗਏ, ਅੰਦਰ ਬਕਰੇ ਝਟਕਾਏ ਗਏ । ਲਹੂ ਨਾਲ ਭਰੀ ਹੋਈ ਸ੍ਰੀ ਸਾਹਿਬ ਲੇ ਕੇ ਦੀਵਾਨ ਵਿਚ ਆਏ । ਤਿੰਨ ਵਾਰ ਫਿਰ ਸੀਸ ਦੀ ਮੰਗ ਕੀਤੀ ਗਈ। ਦੀਵਾਨ ਵਿਚੋਂ ਕਈ ਲੋਕ ਖਿਸਕਣੇ ਸ਼ੁਰੂ ਹੋ ਗਏ । ਕਈ ਮਸੰਦ ਮਾਤਾ ਜੀ ਪਾਸ ਗਏ ਤੇ ਕਹਿਣ ਲਗੇ– "ਅਜ ਗੁਰੂ ਜੀ ਨੂੰ ਕੀ ਹੋ ਗਿਆ ਹੈ ? ਸਿਖਾਂ ਨੂੰ ਕਤਲ ਕਰਨ ਉਤੇ ਉਤਰ ਆਏ ਹਨ ?"

ਦੀਵਾਨ ਵਿਚੋਂ ਭਾਈ ਮੁਹਕਮ ਚੰਦ ਛੀਂਬਾ ਦਵਾਰਕਾ ਨਿਵਾਸੀ, ਹਿੰਮਤ ਰਾਇ ਝੀਵਰ ਜਗਨ ਨਾਥ ਤੇ ਬਿਦਰ ਪੁਰ ਦੇ ਸਾਹਿਬ ਚੰਦ ਨਾਈ ਨੇ ਆਪਣੇ ਸੀਸ ਪੇਸ਼ ਕੀਤੇ।

ਕਲਗੀਧਰ ਨੇ ਕਿਹਾ–'ਸ੍ਰੀ ਗੁਰੂ ਨਾਨਕ ਦੇਵ ਦੀ ਪ੍ਰੀਖਿਆ ਵਿਚ ਇਕ ਸ੍ਰੀ ਲਹਿਨਾ ਜੀ ਨਿਤਰੇ ਸਨ, ਮੈਨੂੰ ਪੰਜ ਪਿਆਰੇ ਮਿਲੇ ਹਨ।' ਇਨ੍ਹਾਂ ਪੰਜਾਂ ਨੂੰ ਤੰਬੂ ਵਿਚ ਸ਼ਸਤ੍ਰ ਬਸਤ੍ਰ ਸਜਾ ਕੇ ਤਿਆਰ ਬਰ ਤਿਆਰ ਕੀਤਾ। ਆਪ ਬੀਰ ਆਸਨ ਹੋ ਕੇ ਬੈਠ ਗਏ । ਲੋਹੇ ਦਾ ਖੰਡਾ* ਤੇ ਬਾਟਾ ਮੰਗਵਾ ਕੇ ਬਾਟੇ ਵਿਚ ਨਿਰਮਲ ਜਲ ਪਾਇਆ

*ਦਸਮ ਪਾਤਸ਼ਾਹ ਜੀ ਦਾ ਇਹ ਖੰਡਾ, ਇਕ ਕਟਾਰ, ਕਰਪਾਨ, ਬਰਛਾ ਤੇ ਅਨੰਦ ਪੁਰ ਜੰਗ ਵਿਚ ਭਾਈ ਬਚਿਤ੍ਰ ਸਿੰਘ ਜੀ ਨੂੰ ਬਖਸ਼ੀ ਹੋਈ ਨਾਗਣੀ, ਬਹਾਦਰ ਸ਼ਾਹ ਵਲੋਂ ਭੇਟ ਕੀਤੀ ਹੋਈ ਸੈਫ ਤੇ ਇਕ ਬੰਦੂਕ, ਕੁਲ ਛੇ ਸ਼ਸਤ੍ਰ ਤਖਤ ਕੇਸ ਗੜ੍ਹ ਸਾਹਿਬ ਵਿਖੇ ਮੌਜੂਦ ਹਨ ।

ਗਿਆ। ਆਪ ਵਾਹਿਗੁਰੂ ਨਾਲ ਸੁਰਤ ਜੋੜ ਕੇ ਬਾਣੀ ਦਾ ਪਾਠ ਕਰਨ ਤੇ ਜਲ ਵਿਚ ਖੰਡਾ ਫੇਰਨ ਲਗ ਪਏ। ਜਦ ਅੰਮ੍ਰਿਤ ਤਿਆਰ ਹੋ ਚੁਕਾ ਤਾਂ ਪੰਜਾਂ ਪਿਆਰਿਆਂ ਨੂੰ ਪਹਿਲੇ ਪੰਜ ਪੰਜ ਚੁਲੇ ਛਕਾ ਕੇ ਕਿਹਾ–

'ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।'

ਨੇਤ੍ਰਾਂ ਨੇ ਸਵੈਮਾਨ ਨਾਲ ਉਚਿਆਂ ਕਰਨ ਲਈ ਪੰਜ ਛੱਟੇ ਅੰਮ੍ਰਿਤ ਦੇ ਅੱਖਾਂ ਵਿਚ ਮਾਰੇ। ਦਿਮਾਗ ਚੋਂ ਸਦੀਆਂ ਦੀ ਗੁਲਾਮੀ ਕਢਣ ਲਈ ਪੰਜ ਚੁਲੇ ਕੇਸਾਂ ਵਿਚ ਪਾਏ। ਇਸਨੇ ਮਨੋਵਿਗਿਆਨਕ ਤੌਰ ਤੇ ਜਾਦੂ ਦਾ ਅਸਰ ਕੀਤਾ। ਪੰਜਾਂ ਨੂੰ ਮੂਲ ਮੰਤਰ ਤੇ ਵਾਹਿਗੁਰੂ ਗੁਰ ਮੰਤਰ ਦਿਤਾ ਗਿਆ। ਸਿੰਘ ਪਦਵੀ ਬਖਸ਼ੀ ਤੇ ਆਪ ਧਾਰਨ ਕੀਤੀ। ਖਾਲਸੇ ਦਾ ਇਹ ਆਦਰਸ਼ ਦਸਿਆ–

ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨਾ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬਰਤ ਗੋਰ ਮੜੀ ਮਟ ਭੂਲ ਨਾ ਮਾਨੈ।
ਤੀਰਥ ਦਾਨ ਦਯਾ ਤਪ ਸੰਜਮ,
ਏਕ ਬਿਨਾ ਨ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸਾ ਤਾਹਿ ਨਖਾਲਸ ਜਾਨੈ।

ਪਿਛਲੀ ਜਾਤ ਗੋਤ ਮਿਟਾਕੇ ਸਭ ਨੂੰ ਗੁਰਭਾਈ ਬਣਾਇਆ, ਸੰਗਤ ਦੀ ਥਾਂ ਪੰਥ ਕੀਤਾ। ਨਾਦੀ ਪਿਤਾ ਆਪ ਬਣੇ ਤੇ ਮਾਤਾ ਸਾਹਿਬ ਦੇਵੀ ਜੀ ਹੋਏ, ਵਾਸੀ ਅਨੰਦ ਪੁਰ ਦੀ ਤੇ ਜਨਮ ਪਟਨੇ ਦਾ ਦਸਿਆ।

ਪਾਹੁਲ ਦੇ ਅਰਥ ਹਨ–

'ਰੰਗਤ ਦੇਣੀ ਜਾਂ ਦਰਵਾਜ਼ਾ।'

ਚਰਨ ਪਾਹੁਲ ਜਾਂ ਚਰਨਾਮ੍ਰਿਤ ਦੀ ਥਾਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ। ਇਸ ਵਿਚ ਲੋਹੇ ਦੀ ਸਖਤੀ, ਜਲ ਦੀ ਨਿਮਰਤਾ ਤੇ

ਠੋਢਕ, ਪਤਾਸਿਆਂ ਦੀ ਮਿਠਾਸ ਤੇ ਲੀਨਤਾ, ਬਾਣੀ ਵਿਚੋਂ ਨਾਮ, ਦਿੱਬ ਦ੍ਰਿਸ਼ਟੀ ਤੇ ਇਕਾਗਰਤਾ ਵਿਚੋਂ ਆਤਮਿਕ ਜੀਵਨ ਬਖਸ਼ਿਆ।

ਅੰਮ੍ਰਿਤ ਕੀ ਹੈ ?

ਜਿਸ ਦੇ ਪੀਣ ਨਾਲ ਮ੍ਰਿਤੂ ਨਾ ਹੋਵੇ। ਜਦ ਦੀ ਮਨੁਖ ਨੇ ਸੁਰਤ ਸੰਭਲੀ ਹੈ, ਉਹ ਅਜਿਹੀ ਵਸਤੂ ਦੀ ਤਲਾਸ਼ ਕਰ ਰਿਹਾ ਹੈ। ਮਨੋ ਬਿਰਤੀ ਨੂੰ ਮੁਤਾਲਿਆ ਕਰਨ ਤੋਂ ਪਤਾ ਲਗਦਾ ਹੈ ਕਿ ਮਨੁਖ ਤਿੰਨ ਗੱਲਾਂ ਦਿਲੋਂ ਚਾਹੁੰਦਾ ਹੈ—

ਜੀਉਣਾ, ਸੁਖੀ ਰਹਿਣਾ ਤੇ ਪ੍ਰਫੁਲਤ ਹੋਣਾ। ਅਮਰ ਜੀਵਨ ਕਿਉਂ ਚਾਹੁੰਦਾ ਹੈ ? ਇਸ ਲਈ ਕਿ ਇਸ ਦੀ ਆਤਮਾ ਅਬਿਨਾਸ਼ੀ ਵਾਹਿਗੁਰੂ ਦੀ ਅੰਸ਼ ਹੈ। ਅੰਮ੍ਰਿਤ ਦੇ ਚਾਰ ਗੁਣ ਦਸੇ ਗਏ ਹਨ—

[ੳ] ਅਮਰ ਹੋਣਾ। [ਅ] ਬੁਢੇ ਨਾ ਹੋਣਾ। [ੲ] ਤ੍ਰਿਪਤ ਹੋ ਜਾਣਾ। [ਸ] ਹੋਰ ਰਸ ਫਿਕੇ ਮਲੂਮ ਹੋਣੇ। ਕੀ ਗੁਰੂ ਕੇ ਅੰਮ੍ਰਿਤ ਨੇ ਇਹ ਗੱਲਾਂ ਕੀਤੀਆਂ ਹਨ ? ਨਿਸਚਿਤ ਤੌਰ ਤੇ ਪਹਿਲੇ ਸਤਿਗੁਰਾਂ ਨੇ ਨਾਮ ਅੰਮ੍ਰਿਤ, ਚਰਨਾਮ੍ਰਿਤ ਤੇ ਅੰਮ੍ਰਿਤਸਰ ਦਿਤਾ ਸੀ। ਦਸਮ ਪਾਤਸ਼ਾਹ ਨੇ ਸੀਸ ਮੰਗ ਕੇ ਅਮਰ ਜੀਵਨ ਤੇ ਮੌਤ ਦਾ ਭੇਦ ਸਮਝਾਇਆ, ਇਸ ਲਈ ਖੰਡੇ ਦਾ ਅੰਮ੍ਰਿਤ ਦਿਤਾ।

ਪੁਰਾਣੇ ਮਜ਼ਬ ਵਿਚ ਗੁਰਦੀਖਿਆ ਜਾਂ ਖਿਪਤ ਸਮਾਂ ਦੇਣ ਅਤੇ ਬੈਤ ਕਰਨ ਸਮੇਂ ਇਸਤਰੀ ਕਦੀ ਸ਼ਾਮਲ ਨਹੀਂ ਹੋਈ ਸੀ। ਗੁਰੂ ਜੀ ਨੇ ਅੰਮ੍ਰਿਤ ਸਮੇਂ ਮਾਤਾ ਸਾਹਿਬ ਦੇਵਾਂ ਨੂੰ ਸ਼ਾਮਲ ਕੀਤਾ। ਆਪ ਨਾਦੀ ਸੰਤਾਨ ਖਾਲਸੇ ਦੇ ਪਿਤਾ ਬਣੇ ਤੇ ਪੰਥ ਨੂੰ ਸ੍ਰੀ ਸਾਹਿਬ ਦੇਵੀ ਜੀ ਦੀ ਗੋਦੀ ਪਾਇਆ। ਮਰਦਾਂ ਨੂੰ ਅੰਮ੍ਰਿਤ ਛਕਾਕੇ 'ਸਿੰਘ' ਤੇ ਇਸਤਰੀਆਂ ਨੂੰ ਅੰਮ੍ਰਿਤ ਪਾਨ ਕਰਾਕੇ 'ਕੰਵਰ' (ਛੋਟਾ ਰਾਜੰਕੁਮਾਰ) ਜਾਂ ਕੌਰ ਨਾਂ ਰਖਿਆ।

ਗੁਰੂ ਸਾਹਿਬ ਨੇ ਖਾਲਸੇ ਨੂੰ ਸਖਸ਼ੀ ਤੇ ਪੰਥਕ ਰਹਿਤ ਦਸੀ। ਰਹਿਤ ਦੇ ਅਰਥ ਹਨ—

ਉਹ ਨਿਜਮ ਬੁਧ, ਧਾਰਮਿਕ ਤੇ ਸੰਜਮੀ ਜੀਵਨ, ਜਿਸ

ਰਾਹੀਂ ਸਿਖ ਆਪਣੇ ਮਨ ਤੇ ਵਿਸ਼ੇ ਵਿਕਾਰਾਂ ਪਰ ਕਾਬੂ ਪਾਉਂਦਾ ਹੈ। ਸਰੀਰਕ, ਆਤਮਿਕ ਤੇ ਭਾਈਚਾਰਕ ਉਨਤੀ ਕਰਦਾ ਹੈ। ਜਗਤ ਕਲਯਾਨ ਲਈ ਤਿਆਰ ਹੁੰਦਾ ਹੈ। ਗੁਰੂ ਵਾਕ ਹੈ–

'ਰਹਤ ਰਹਤ ਰਹਿ ਜਾਹਿ ਬਿਕਾਰਾ।
ਗੁਰ ਪੂਰੇ ਕੈ ਸਬਦ ਅਪਾਰਾ।'

[ਗਉੜੀ ਬਾਵਨ ਅਖਰੀ ਮ: ੫

ਰਹਿਤਨਾਮੇ ਵਿਚ ਬਚਨ ਹੈ–

ਰਹਿਣੀ ਰਹੈ ਸੋਈ ਸਿਖ ਮੇਰਾ।
ਉਹ ਸਾਹਿਬ ਮੈ ਉਸ ਕਾ ਚੇਰਾ।

(ਰਹਿਤਨਾਮਾ ਭਾਈ ਦੇਸਾ ਸਿੰਘ)

ਗੁਰੂ ਜੀ ਨੇ ਸਖਸ਼ੀ ਰਹਿਤ ਦੋ ਹਿੱਸਿਆਂ ਵਿਚ ਦਸੀ ਹੈ–
(ੳ) ਮਨ ਦੀ ਪਵਿਤ੍ਰਤਾ। (ਅ) ਸਰੀਰ ਦੀ ਸ਼ੁਧ ਰਹਿਣੀ ਬਹਿਣੀ।

ਮਨ ਦੀ ਪਵਿਤ੍ਰਤਾ ਦਾ ਸੰਬੰਧ ਨਿਜ ਸਰੂਪ ਨਾਲ ਹੈ। ਬਾਹਰ ਮੁਖੀ ਰਹਿਤ ਦਾ ਸੰਬੰਧ ਪੰਥ ਤੇ ਜਥੇਬੰਦੀ ਨਾਲ ਹੈ। ਮਨ ਦੀ ਪਵਿਤ੍ਰਤਾ ਲਈ ਕਿਹਾ ਹੈ–

ਗੁਰ ਸਿਖ ਰਹਿਤ ਸੁਨਹੁ ਰੇ ਮੀਤ।
ਪ੍ਰਭਾਤੇ ਉਠ ਕਰ ਨਿਤ ਚੀਤ।
ਵਾਹਿਗੁਰੂ ਗੁਰ ਮੰਤ੍ਰ ਸੋ ਜਾਪ।
ਕਰ ਇਸਨਾਨ ਪੜ੍ਹੋ ਜਪ ਜਾਪ।
ਸੰਧਿਆ ਸਮੇ ਸੁਣੇ ਰਹਿਰਾਸ।
ਕੀਰਤਨ ਕਥਾ ਸੁਣੇ ਹਰਿ ਜਾਸਿ।
ਇਨ ਮਹਿ ਟੇਕ ਜੋ ਨੇਮ ਕਰਾਏ।
ਸੋ ਸਿਖ ਅਮਰਪੁਰੀ ਕੋ ਜਾਇ।

ਤਨ ਅਤੇ ਮਨ ਦੋ ਚੀਜ਼ਾਂ ਹਨ। ਗੁਰੂ ਜੀ ਨੇ ਇਨ੍ਹਾਂ ਨੂੰ ਇਕ ਤੁਰ ਕੀਤਾ ਹੈ। ਅੰਦਰੂਨੀ ਪਵਿਤ੍ਰਤਾ ਤੋਂ ਬਿਨਾਂ ਬਾਹਰਲੇ ਚਿਨ੍ਹ

ਧਾਰਨ ਕਰ ਲੈਣ ਦਾ ਗੁਰਮਤਿ ਵਿਚ ਪਖੰਡ ਜਾਂ ਦੰਭ ਕਿਹਾ ਹੈ। ਮਾਨਸਿਕ ਤੇ ਸਰੀਰਕ ਦੋਵੇਂ ਤਰ੍ਹਾਂ ਦੀ ਰਹਿਤ ਰਖਣੀ ਦਸੀ ਹੈ। ਮਨ ਪਵਿਤ੍ਰ ਰਹਿ ਸਕਦਾ ਹੈ–ਨਾਮ, ਸਿਮਰਨ, ਗੁਰਬਾਣੀ ਦੇ ਪਾਠ, ਸ਼ੁਭ ਵਿਚਾਰ ਰਖਣ, ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਨਾਲ। ਕਾਮ ਤੋਂ ਬਚਣ ਲਈ ਸਿਖ ਨੂੰ ਗ੍ਰਿਹਸਤੀ ਬਣਾਇਆ ਹੈ। ਮਾਲਵੇ ਦਾ ਇਕ ਸਿਖ ਭਾਈ ਨੰਦ ਸਿੰਘ ਵੈਰਾਗੀ ਬਣ ਕੇ ਅਤੀਤ ਜੀਵਨ ਗੁਜ਼ਾਰਨਾ ਚਾਹੁੰਦਾ ਸੀ। ਗੁਰੂ ਜੀ ਨੇ ਉਸ ਨੂੰ ਗ੍ਰਿਹਸਤੀ ਬਣਨ ਦਾ ਉਪਦੇਸ਼ ਕੀਤਾ। ਕਰੋਧ ਨੂੰ ਬੀਰਤਾ ਵਿਚ ਬਦਲਿਆ ਹੈ। ਸਿਖ ਨੇ ਲੋਭ ਨਹੀਂ ਕਰਨਾ, ਧਰਮ ਦੀ ਕਿਰਤ ਕਰਨੀ ਹੈ। ਵਢੀ ਨਹੀਂ ਲੈਣੀ, ਚੋਰੀ ਨਹੀਂ ਕਰਨੀ, ਜੂਆ ਨਹੀਂ ਖੇਲਣਾ, ਪੂਜਾ ਨਹੀਂ ਖਾਣੀ, ਦਾਨ ਨਹੀਂ ਲੈਣਾ, ਦਸਾਂ ਨੌਹੁਆਂ ਦੀ ਕਿਰਤ ਕਰਨੀ, ਵੰਡ ਛਕਣਾ ਤੇ ਦਸਵੰਧ ਦੇਣਾ ਹੈ। ਹੰਕਾਰ ਦੀ ਥਾਂ ਸਵੈਮਾਨ ਦਸਿਆ ਹੈ। ਗੁਰਮਤਿ ਵਿਚ ਹਉਮੈ ਦਾ ਤਿਆਗ ਵਰਣਨ ਕੀਤਾ ਹੈ। ਇਸ ਨਾਲ ਮਨੁਖ ਨਿਜ ਸਰੂਪ ਸ੍ਰੀ ਵਾਹਿਗੁਰੂ ਨੂੰ ਭੁਲ ਜਾਂਦਾ ਹੈ। ਇਸ ਲਈ ਬਦੀ ਤੇ ਪਾਪ ਪੈਦਾ ਹੁੰਦੇ ਹਨ। ਸਿਦਕੀ ਸਿਖ ਭਾਈ ਜੋਗਾ ਸਿੰਘ ਪਸ਼ੌਰ ਤੋਂ ਗੁਰੂ ਦਾ ਹੁਕਮ ਮਿਲਣ ਤੇ ਫੇਰੇ ਛਡ ਕੇ ਆ ਗਿਆ, ਪਰ ਹਉਮੈ ਦਾ ਸ਼ਿਕਾਰ ਹੋ ਗਿਆ ਤੇ ਹੁਸ਼ਿਆਰਪੁਰ ਵਿਚ ਵੇਸਵਾ ਦੇ ਦੁਆਰੇ ਭਟਕਦਾ ਫਿਰਿਆ। ਗੁਰੂ ਜੀ ਨੇ ਸਿਖੀ ਰਹਿਤ ਵਿਚ ਮਨੁਖ ਨੂੰ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਬਚਾਇਆ ਹੈ। ਸਰੀਰਕ ਰਹਿਤ ਇਹ ਦਸੀ ਹੈ–

ਨਿਸ਼ਾਨੇ ਸਿਖੀ ਈਂ ਕਿ ਪੰਜ ਹਰਫ਼ ਕਾਫ਼।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼।
ਕੜਾ, ਕਾਰਦੋ, ਕੱਛ ਕੰਘਾ ਬਿਦਾਂ।
ਬਿਲਾ ਕੇਸ਼ ਹੇਚ ਅਸਤ ਜੁਮਲਾ ਨਿਸ਼ਾਂ।

ਕੇਸ ਕੁਦਰਤੀ ਹਨ। ਕੰਘਾ ਕੇਸਾਂ ਦੀ ਸਫਾਈ ਲਈ ਹੈ। ਕ੍ਰਿਪਾਨ ਸ੍ਵੈ ਰਖਿਆ ਤੇ ਉਪਕਾਰ ਲਈ ਕਛਹਿਰਾ ਪਰਦੇ ਲਈ

ਤੇ ਕੜਾ ਪ੍ਰਤੱਗਯਾ ਦਾ ਚਿੰਨ੍ਹ ਹੈ । ਇਹ ਚਾਰ ਕੁਰਹਿਤਾਂ ਦਸੀਆਂ—ਕੇਸ-ਕਟਾਣੇ, ਕੁਠਾ ਖਾਣਾ, ਮੁਸਲੀ ਦੀ ਸੰਗਤ ਤੇ ਤਮਾਕੂ ਵਰਤਣਾ। ਦਾਹੜੀ, ਕੇਸ ਗੁਰੂ ਕਾ ਰੂਪ ਤੇ ਆਤਮਕ ਉਚਤਾ ਦਾ ਨਿਸ਼ਾਨ ਹਨ। ਕੁਠਾ ਇਸ ਲਈ ਮਨ੍ਹਾ ਕੀਤਾ ਹੈ ਕਿ ਇਕ ਤੇ ਮੁਸਲਮਾਨ ਆਪਣੇ ਇਸ਼ਟ ਅਗੇ ਭੇਟ ਕਰਦੇ ਹਨ, ਦੂਜੇ ਜੋਰ ਨਾਲ ਖੁਆਉਂਦੇ ਸਨ। ਤੀਜੇ ਜਾਨਵਰ ਨੂੰ ਹਲਾਲ ਕਰਨ ਸਮੇਂ ਵਧੇਰੇ ਕਸ਼ਟ ਹੁੰਦਾ ਹੈ। ਖਾਲਸੇ ਨੂੰ ਝਟਕਾ ਛਕਣ ਦੀ ਆਗਿਆ ਦਿਤੀ। ਮੁਸਲੀ ਦੀ ਸੰਗਤ ਤੋਂ ਇਸ ਲਈ ਮਨ੍ਹਾ ਕੀਤਾ ਕਿ ਪੰਜਾਬ ਵਿਚ ਵੇਸਵਾ ਆਦਿਕ ਆਮ ਤੋਰ ਤੇ ਮੁਸਲਮਾਨ ਹੁੰਦੀਆਂ ਸਨ, ਦੂਜੇ ਮੁਸਲਮਾਨ ਬਾਦਸ਼ਾਹਾਂ ਨੇ ਹਿੰਦੂਆਂ ਦੀਆਂ ਬਹੂ ਬੇਟੀਆਂ ਨੂੰ ਜਬਰ ਨਾਲ ਘਰੀਂ ਪਾਇਆ ਸੀ, ਗੁਰੂ ਸਾਹਿਬ ਚਾਹੁੰਦੇ ਸਨ ਕਿ ਬਦਲੇ ਦੀ ਸਪਿਰਟ ਵਿਚ ਸਿਖ ਇਖਲਾਕ ਤੋਂ ਨਾ ਗਿਰਨ। ਤੀਸਰੇ ਕਿਸੇ ਮੁਸਲਮਾਨ ਇਸਤਰੀ ਨਾਲ ਸੰਬੰਧ ਹੋਣ ਕਰਕੇ ਹਕੂਮਤ ਜਬਰਨ ਮੁਸਲਮਾਨ ਬਨਾਉਂਦੀ ਸੀ। ਗੁਰਬਾਣੀ ਵਿਚ ਪਰ ਇਸਤ੍ਰੀ ਦੀ ਸੰਗਤ ਦੀ ਮਨਾਹੀ ਕੀਤੀ ਹੈ। ਰਹਿਤਨਾਮੇ ਵਿਚ ਸਮੇਂ ਦੀ ਲੋੜ ਅਨੁਸਾਰ ਮੁਸਲੀ ਦੀ ਸੰਗਤ ਨੂੰ ਕੁਰਹਿਤ ਕਿਹਾ ਹੈ।

ਸਾਰੇ ਨਸ਼ੇ ਗੁਰਮਤਿ ਵਿਚ ਵਿਵਰਜਤ ਹਨ, ਪਰ ਤਮਾਕੂ ਉਸ ਵੇਲੇ ਵਧ ਰਿਹਾ ਸੀ। ਇਹ ਅਰੋਗਤਾ ਤੇ ਸਫਾਈ ਲਈ ਹਾਨੀਕਾਰਕ ਸੀ। ਇਸ ਦੀ ਬੰਦਸ਼ ਕੀਤੀ ਗਈ। ਇਸ ਤੋਂ ਬਿਨਾਂ ਧੀਰਮਲੀਏ, ਰਾਮਰਾਈਏ, ਮੀਣੇ ਮਸੰਦ, ਸਿਰ ਗੁੰਮ, ਨੜੀ ਮਾਰ ਤੇ ਕੁੜੀ ਮਾਰ ਦੀ ਸੰਗਤ ਤੋਂ ਮਨ੍ਹਾਂ ਕੀਤਾ। ਇਹ ਲੋਕ ਸਿਖ ਧਰਮ ਦੇ ਵਿਰੋਧੀ ਤੇ ਗੁਰ ਗੱਦੀ ਤੋਂ ਇਨਕਾਰੀ ਸਨ। ਰਹਿਤ ਵਿਚ ਕੋਈ ਭੁਲ ਹੋ ਜਾਵੇ ਤਾਂ ਸਿਖ ਸੰਗਤ ਵਿਚ ਉਸਨੂੰ ਬਖਸ਼ਾਵੇ। ਉਸ ਦੇ ਬਦਲੇ ਜੋ ਦੰਡ ਮਿਲੇ ਉਹ 'ਤਨਖਾਹ' ਹੈ।

ਭਾਈ ਸੁਖਾ ਸਿੰਘ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਲਿਖਦੇ ਹਨ ਕਿ ਸ੍ਰੀ ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ

ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਤੋਂ ਆਪ ਛਕਿਆ । ਹਜ਼ੂਰ ਨੇ ਪੰਜਾਂ ਪਿਆਰਿਆਂ ਨੂੰ ਕਿਹਾ–

ਜਯੋ ਪ੍ਰਹਲਾਦ* ਤੁਮਕੋ ਗੁਰ ਦੀਨਾ।
ਤਸ ਤੁਮ ਹਮਕੋ ਦੇਹੁ ਪ੍ਰਬੀਨਾ।

ਇਹ ਬਚਨ ਸੁਣਕੇ ਪੰਜਾਂ ਪਿਆਰਿਆਂ ਨੇ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ–

ਸਵੈਯਾ–ਦੀਨ ਕਮੀਨ ਅਧੀਨ ਸਦਾ ਹਮ,
ਜੰਤ ਅਨਾਥ ਮਹਾ ਬੁਰਿਆਈ ।
ਕਾਮ ਕਰੋਧ ਸੇ ਦਾਰਿਦ ਚੰਪਤ੧
ਝੂਠਰੁ ਲੋਭ ਪਰੇ ਮਧਿ੨ ਜਾਰੀ ।
ਘੋਰ ਹੁਤੇ ਬਿਪਤਾ ਦਲ ਸੰਕਟ,
ਆਵਨ ਜਾਨ ਸਿਰੂਪਰ੩ ਭਾਰੀ ।
ਅੰਮ੍ਰਿਤ ਪਾਇ ਬਚਾਇ ਲਏ,
ਮੁਖ ਅਉਰ ਨਹੀ ਸੁ ਉਕਤ੪ ਹਮਾਰੀ ।।੭੫।।

ਇਹ ਸੁਣਕੇ ਗੁਰੂ ਸਾਹਿਬ ਨੇ ਫੁਰਮਾਇਆ–

'ਆਪ ਹੁਣ ਦੀਨ ਕਮੀਨ ਤੇ ਕਿਸੇ ਦੇ ਅਧੀਨ ਨਹੀਂ ਹੋ । ਮੇਰਾ ਰੂਪ ਹੋ । ਆਪ ਨੂੰ ਗੁਰ ਮੰਤ੍ਰ ਦੇਣ ਅਤੇ ਖੰਡੇ ਦੀ ਪਾਹੁਲ ਦੇਣ ਦਾ ਅਧਿਕਾਰ ਹੈ । ਖਾਲਸਾ ਇਕ ਸੰਤ ਸਰੂਪ ਆਦਰਸ਼ ਤੇ ਅਕਾਲ ਪੁਰਖ ਦੀ ਮੂਰਤਿ ਹੈ ।'

ਏ ਹੈ ਗੁਰੂ ਖਾਲਸਾ ਆਦੀ ।
ਹੋਵਤ ਆਯੋ ਆਦਿ ਜੁਗਾਦੀ ।

---

*ਅੰਮ੍ਰਿਤ ਪ੍ਰਾਣ ਦਾਤਾ ।

੧. ਦਬਾਉਂਦੇ । ੨. ਵਿਚ । ੩. ਜਨਮ ਮਰਨ ਸਿਰ ਉਪਰ ਹੈ । ੪. ਕਥਨ ਤੇ ਦਲੀਲ ।

ਝੂਠ ਉਪਾਵ ਜਗਤ ਤੇ ਤਯਾਗਹੁ।
ਨਿਸ ਦਿਨ ਯਾਕੀ ਚਰਨੀ ਲਾਗਹੁ।
ਆਦਿ ਅਕਾਲ ਨਾਥ ਕੀ ਮੂਰਤਿ।
ਪਰਮ ਜੋਤਿ ਨਾਨਾ ਬਿਧ ਪੂਰਤ।
ਯੋ ਸੁਨ ਕਰ ਸਤਿਗੁਰ ਕੀ ਬਾਨੀ।
ਪਰਮ ਖਾਲਸੇ ਪੂਜ ਪ੍ਰਮਾਨੀ।
ਅੰਮ੍ਰਿਤ ਕੀਯਸ ਸੁ ਤਬੈ ਤਯਾਰਾ।
ਮਿਲ ਬੈਠੇ ਪਾਚੋਂ ਤਬ ਪਯਾਰਾ।

(ਗੁਰਬਿਲਾਸ)

ਇਥੇ ਖਾਲਸੇ ਦੇ ਅਰਥ ਹਨ–ਖਾਲਸ, ਨਿਰੋਲ। ਜਿਸ ਵਿਚ ਕੋਈ ਖੋਟ ਨਾ ਹੋਵੇ।

ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਤੋਂ ਛਕਿਆ। ਇਸੇ ਲਈ ਹਜ਼ੂਰੀ ਸਿਖ ਭਾਈ ਗੁਰਦਾਸ ਦੂਜੇ ਨੇ ਲਿਖਿਆ ਹੈ–

ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰ ਚੇਲਾ।

ਖਾਲਸਾ ਪੰਥ ਦੀ ਸਾਜਨਾ, ਮਜ਼ਬ, ਸਮਾਜ ਤੇ ਰਾਜਨੀਤੀ ਵਿਚ ਇਨਕਲਾਬ ਪੈਦਾ ਕਰਨਾ ਸੀ। ਸਾਡੇ ਦੇਸ ਵਿਚ ਮਨੂੰ ਸਿਮਰਤੀ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਦੀ ਵੰਡ ਪੁਰਾਣੀ ਚਲੀ ਆ ਰਹੀ ਸੀ। ਇਹ ਇਤਨੀ ਵਧ ਗਈ ਸੀ ਕਿ ਕੇਵਲ ਬ੍ਰਾਹਮਣਾਂ ਵਿਚ ੨੦੦੦ ਅਤੇ ਖੱਤਰੀਆਂ ਵਿਚ ੯੫੦ ਜਾਤਾਂ ਸਨ। ਜਿਸ ਦਾ ਗੋਤ ਪਤਾ ਨਹੀਂ ਸੀ ਲਗਦਾ, ਉਸਨੂੰ 'ਕੁਸ਼ਲ ਗੋਤ' ਵਿਚ ਸ਼ਾਮਲ ਕਰ ਲੀਤਾ ਜਾਂਦਾ ਸੀ। ਕਰੋੜਾਂ ਆਦਮੀ ਅਛੂਤ, ਹੀਣੇ ਤੇ ਨੀਚ ਸਮਝੇ ਜਾਂਦੇ ਸਨ। ਇਸ ਵੰਡ ਦਾ ਸਮਾਜਕ ਨੁਕਸਾਨ ਤੇ ਇਹ ਹੋਇਆ ਕਿ ਕੌਮੀ ਏਕਤਾ ਕਾਇਮ

ਨਾ ਹੋ ਸਕੀ । ਪੁਲੀਟੀਕਲ ਹਾਨੀ ਇਹ ਹੋਈ ਕਿ ਚੌਹਾਂ ਵਰਣਾਂ ਚੋਂ ਖੱਤਰੀ ਹੀ ਲੜਨ ਵਾਲੇ ਰਹਿ ਗਏ । ਜਰਵਾਣਿਆਂ ਨਾਲ ਲੜਦੇ ਥੱਕ ਗਏ । ਬਾਕੀ ਤਿੰਨ ਵਰਣ ਕੁਝ ਕਰਨ ਜੋਗੇ ਨਹੀਂ ਸਨ । ਇਸ ਲਈ ਹਿੰਦੁਸਤਾਨ ਗੁਲਾਮ ਹੋ ਗਿਆ । ਗੁਰੂ ਜੀ ਨੇ ਖਾਲਸਾ ਸਜਾ ਕੇ ਕਿਹਾ–

ਨਾਮ ਗਰੀਬ ਨਿਵਾਜਾ ਹਮਾਰਾ । ਹੈ ਜਗ ਮੈ ਪ੍ਰਸਿਧ ਅਪਾਰਾ ।
ਸੋ ਸਫਲਾ ਜਗ ਮੈ ਤਬ ਥੈਹੈ । ਲਘੁ ਜਾਤਨ ਕੋ ਬਡਪਨ ਦੈ ਹੈ ।
ਜਿਨ ਕੀ ਜਾਤ ਔਰ ਕੁਲ ਮਾਹੀ । ਸਰਦਾਰੀ ਨਹਿ ਭਈ ਕਦਾਹੀ ।
ਕੀਟਨ ਤੇ ਇਨ ਕੋ ਮ੍ਰਿਗਿੰਦੂ । ਕਰੋਂ ਹਰਨ ਹਿਤ ਤੁਰਕ ਗਜਿੰਦੂ ।
ਇਨਹੀ ਕੋ ਸਰਦਾਰ ਬਨਾਵੋਂ । ਤਬੈ ਗੋਬਿੰਦ ਸਿੰਘ ਨਾਮ ਕਹਾਵੋਂ ।
(ਪੰਥ ਪ੍ਰਕਾਸ਼)

ਇਹ ਕਰਕੇ ਵਿਖਾ ਦਿਤਾ ।

ਬੁਧ ਮਤ ਨੇ ਜ਼ਾਤਪਾਤ ਮਿਟਾਈ ਸੀ । ਪਰ ਉਹ ਆਪ ਮਿਟ ਚੁਕਾ ਸੀ । ਉਸ ਦੇ ਪਿਛੋਂ ਫਿਰ ਕਾਇਮ ਹੋ ਗਈ ਸੀ । ਇਸਲਾਮ ਤੇ ਈਸਾਈਅਤ ਜਿਥੇ ਪੈਦਾ ਹੋਏ, ਉਥੇ ਇਹ ਵੰਡ ਨਹੀਂ ਸੀ । ਗੁਰੂ ਜੀ ਨੇ ਦੇਸ਼ ਵਿਚੋਂ ਇਸ ਸਮਾਜਕ ਵੰਡ ਨੂੰ ਅਮਲੀ ਤੌਰ ਤੇ ਦੂਰ ਕੀਤਾ ਹੈ ।

ਖਾਲਸੇ ਦੀ ਰਹਿਤ–

ਗੁਰੂ ਜੀ ਨੇ ਇਕ ਨਵਾਂ ਖਿਆਲ ਇਹ ਦਿਤਾ ਕਿ ਸਮਾਜਕ ਜੀਵਨ ਦੇ ਨਿਯਮ ਬਣਾਇ ਜਾ ਸਕਦੇ ਹਨ । ਸਿੰਮ੍ਰਤੀ ਬਾਰੇ ਕਿਹਾ ਹੈ:–

ਜੋ ਸਿਮਰਤਨ ਕੇ ਭਏ ਅਨੁਰਾਗੀ ।
ਤਿਨ ਤਿਨ ਬ੍ਰਹਮ ਕੀ ਤਿਆਗੀ ।

ਸ੍ਰੀ ਦਸਮੇਸ਼ ਜੀ ਨੇ ਕਿਹਾ–ਜਨਮ ਕਰਕੇ ਕੋਈ ਉਚਾ ਨਹੀਂ । ਖੇਤੀ ਵਣਜ ਵਪਾਰ ਜਾਂ ਸੇਵਾ ਆਦਿਕ ਕੰਮਾਂ ਕਰਕੇ ਕੋਈ ਨੀਚ ਨਹੀਂ । ਸੁਭਾਵਕ ਗੁਣਾਂ ਅਨੁਸਾਰ ਹਰੇਕ ਮਨੁਖ ਨੂੰ ਉਨਤੀ ਕਰਨ ਦਾ ਅਧਿਕਾਰ ਹੈ ।

ਪੱਛਮ ਦੀ ਸਮਾਜ ਪਲੇਟੋ ਦੇ ਵਿਚਾਰਾਂ ਤੇ ਖੜੀ ਕੀਤੀ ਗਈ

ਸੀ। ਉਸ ਨੇ ਬੁਧੀ, ਤਾਕਤ ਅਤੇ ਪ੍ਰੀਸ਼ਰਮ ਕਰਨ ਵਾਲੇ ਤਿੰਨ ਭਾਗ ਬਣਾਏ ਸਨ। ਪਰ ਉਹ ਸਮਾਜ ਰਚਨਾ ਭੀ ਸਫਲ ਨਹੀਂ ਹੋ ਸਕੀ।

ਭਾਰਤ ਵਿਚ ਮਨੂੰ ਸਿਮ੍ਰਤੀ ਦੇ ਆਧਾਰ ਤੇ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਚਾਰ ਵਰਣਾਂ, ਮਨੁਖੀ ਜੀਵਨ ਨੂੰ ਬ੍ਰਹਮਚਰਜ, ਗ੍ਰਿਹਸਤ, ਬਾਣ ਪ੍ਰਸਤ ਤੇ ਸੰਨਿਆਸ ਚੌਹਾਂ ਆਸ਼ਰਮਾਂ ਵਿਚ ਵੰਡਿਆ ਗਿਆ। ਪਰ ਵਰਣਾਸ਼੍ਰਮ ਦੀ ਇਹ ਵੰਡ ਵੀ ਸਫਲ ਨਹੀਂ ਹੋ ਸਕੀ। ਸ੍ਰੀ ਗੁਰੂ ਨਾਨਕ ਦੇਵ ਤੇ ਦਸਮ ਪਾਤਸ਼ਾਹ ਨੇ ਇਕ ਨਵੀਨ ਸਮਾਜ ਦਾ ਆਦਰਸ਼ ਪੇਸ਼ ਕੀਤਾ, ਜਿਸ ਵਿਚ ਨਾਮ ਜਪਣਾ, ਵੰਡ ਕੇ ਛਕਣਾ, ਕਿਰਤ ਕਰਨੀ, ਬਰਾਬਰੀ, ਸੇਵਾ, ਕੁਰਬਾਨੀ, ਵਿਕਾਸ਼, ਬੀਰਤਾ ਤੇ ਆਤਮਿਕ ਗੁਣ ਪਾਏ ਜਾਂਦੇ ਹਨ।

ਇਸ ਦਾ ਪੁਲੀਟੀਕਲ ਅਸਰ ਕੀ ਹੋਇਆ ? ਹਕੂਮਤ ਹਿਲ ਗਈ। ਔਰੰਗਜ਼ੇਬ ਨੇ ਆਪਣੇ ਇਕ ਖਤ ਵਿਚ, ਜੋ ਉਸ ਨੇ ੧੭੦੧ ਈ: ਵਿਚ ਲਿਖਿਆ, ਜ਼ਿਕਰ ਕਰਦਾ ਹੈ—'ਸ਼ਾਹ ਆਲਮ ਦੇ ਕੈਂਪ ਚੋਂ ਖਵਾਜਾ ਮੁਬਾਰਕ ਦੇ ਲਿਖੇ ਹੋਏ ਖਤ ਮਿਲੇ ਹਨ। ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਵੀਹ ਹਜ਼ਾਰ ਹਿੰਦੂ ਆਪਣੇ ਆਪ ਨੂੰ ਖਾਲਸਾ ਅਤੇ ਗੁਰੂ ਨਾਨਕ ਦੇ ਸਿਖ ਕਹਿਲਾਉਂਦੇ ਹਨ। ਉਹ ਬਾਰਕਜ਼ਈ ਪਠਾਣਾਂ ਦੇ ਇਲਾਕੇ ਪਰ ਚੜ੍ਹਾਈ ਕਰਕੇ ਮੱਲਾਂ ਮਾਰਨ ਲਗ ਪਏ ਹਨ।'* ਭਾਈ ਸੰਤੋਖ ਸਿੰਘ ਲਿਖਦੇ ਹਨ—

ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ,
ਵਾਹਿਗੁਰੂ ਜੀ ਕੀ ਮਿਲ ਫਤਹਿ ਸੁ ਬੁਲਾਈ ਹੈ।
ਪੀਰ ਪਾਤਸਾਹ ਕਰਾਮਾਤੀ ਜੋ ਅਪਰ ਪੰਥ,
ਹਿੰਦੂ ਕਹਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜ਼੍ਹਬ ਜਗ ਦੇਖ ਕੈ ਅਜਬ ਮਹਾਂ,
ਵੈਰੀ ਕੈ ਗਜ਼ਬ ਪਰਯੋ ਛੀਨੋ ਠਕੁਰਾਈ ਹੈ।
ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ,
ਵਾਹਿਗੁਰੂ ਜਾਪਬੇ ਕੋ ਰੀਤ ਯੋਂ ਚਲਾਈ ਹੈ।

*ਸਰ ਜਾਦੂ ਨਾਥ ਲਿਖਤ ਔਰੰਗਜ਼ੇਬ ਪੰਨਾ ੩੬੨।

ਚਾਲੀਵਾਂ ਵਿਆਖਿਆਨ

ਸ੍ਰੀ ਦਸਮੇਸ਼ ਜੀ ਦੇ ਧਰਮ ਯੁਧ, ਦੇਸ਼ ਲਈ ਕੁਰਬਾਨੀ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਮੁਕਤਸਰ ਦਾ ਜੰਗ

ਅੰਮ੍ਰਿਤ ਪ੍ਰਚਾਰ ਇਕ ਤਰ੍ਹਾਂ ਦਾ ਭਾਰੀ ਸਮਾਜਕ ਇਨਕਲਾਬ ਸੀ। ਜਿਸ ਤਰ੍ਹਾਂ ਗੰਗਾ ਜਲ ਹਿਮਾਲੇ ਦੀਆਂ ਚੋਟੀਆਂ ਚੋਂ ਨਿਕਲ ਕੇ ਖੇਤਾਂ ਤੇ ਵਣਾਂ ਵਿਚ ਆ ਕੇ ਬੂਟਿਆਂ ਦੀਆਂ ਜੜ੍ਹਾਂ ਵਿਚ ਸਿੰਜਰ ਕੇ ਉਨ੍ਹਾਂ ਨੂੰ ਹਰੇ ਭਰੇ ਤੇ ਪ੍ਰਫੁਲਤ ਕਰਦਾ ਹੈ, ਇਸੇ ਤਰ੍ਹਾਂ ਗੁਰੂ ਜੀ ਨੇ ਸਿਖਾਂ ਵਿਚ ਲੀਨ ਹੋ ਕੇ ਉਨ੍ਹਾਂ ਨੂੰ ਸੁਰਜੀਤ ਕੀਤਾ। ਪੰਜਾਂ ਪਿਆਰਿਆਂ ਤੋਂ ਪਿਛੋਂ ਭਾਈ ਰਾਮ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫਤਹਿ ਸਿੰਘ ਤੇ ਹੋਰ ਹਜ਼ਾਰਾਂ ਨੇ ਅੰਮ੍ਰਿਤ ਛਕਿਆ। ਰਾਜਿਆਂ ਨੂੰ ਭੀ ਗੁਰੂ ਜੀ ਨੇ ਕਿਹਾ—

'ਜ਼ਾਤ ਪਾਤ ਛੋੜ ਦਿਓ ਤੇ ਸ਼ੂਦਰਾਂ ਨੂੰ ਗਲ ਲਾਓ, ਸਿਖੀ ਧਾਰਨ ਕਰੋ। ਆਓ ਮਿਲ ਕੇ ਤੁਰਕ ਰਾਜ ਦਾ ਖਾਤਮਾ ਕਰੀਏ।' ਪਹਾੜੀਆਂ ਨੇ ਇਸ ਦਾ ਉਤਰ ਦਿਤਾ—'ਅਸੀਂ ਨੀਵਿਆਂ ਨਾਲ ਨਹੀਂ ਮਿਲ ਸਕਦੇ। ਮੁਗਲ ਬਾਜ਼ਾਂ ਦੇ ਸਾਹਮਣੇ ਤੁਹਾਡੇ ਸਿਖ ਅਤੇ ਅਸੀਂ ਚਿੜੀਆਂ ਹਾਂ। ਸਾਡੇ ਲਈ ਹਕੂਮਤ ਦਾ ਟਾਕਰਾ ਕਰਨਾ ਕਠਨ ਹੈ।' ਇਹ ਸੁਣਕੇ ਆਸ਼ਾਵਾਦੀ ਗੁਰਦੇਵ ਨੇ ਕਿਹਾ—

ਚਿੜੀਆਂ ਸੇ ਮੈਂ ਬਾਜ਼ ਤੁੜਾਊਂ।
ਤਬੀ ਗੋਬਿੰਦ ਸਿੰਘ ਨਾਮ ਕਹਾਊਂ।

ਇਸ ਦਾ ਸਿਖੀ ਉਤੇ ਜੋ ਅਸਰ ਹੋਇਆ ਉਸ ਦੀ ਇਥੇ ਇਕੋ ਮਿਸਾਲ ਪੇਸ਼ ਕਰਦੇ ਹਾਂ। ਮਾਝੇ ਦੀ ਸੰਗਤ ਅਨੰਦ ਪੁਰ ਆ ਰਹੀ

ਸੀ। ਸੰਗਤ ਦੇ ਨਾਲ ਇਕ ਬੀਬੀ ਦੀਪ ਕੌਰ ਭੀ ਸੀ। ਤਲਥਣ ਪਿੰਡ ਜ਼ਿਲਾ ਜਲੰਧਰ ਦੇ ਪਾਸ ਵਹੀਰ ਅਗੇ ਲੰਘ ਗਈ। ਇਹ ਬੱਚੀ ਪਿਛੇ ਰਹਿ ਗਈ। ਇਕਲੀ ਵੇਖ ਕੇ ਤਿੰਨ ਚਾਰ ਤੁਰਕ ਮੁੰਡਿਆਂ ਨੇ ਇਸ ਨੂੰ ਹਥ ਪਾਣਾਂ ਚਾਹਿਆ। ਦੀਪ ਕੌਰ ਨੇ ਸੋਨੇ ਦਾ ਕੰਗਣ ਲਾਹ ਕੇ ਸੁਟਿਆ। ਜਦ ਇਕ ਤੁਰਕ ਚੁਕਣ ਲਗਾ, ਬੀਬੀ ਨੇ ਸ੍ਰੀ ਸਾਹਿਬ ਨਾਲ ਉਸ ਨੂੰ ਝਟਕਾ ਦਿਤਾ। ਦੂਜੇ ਨੂੰ ਭੀ ਮਾਰਿਆ, ਬਾਕੀ ਦੇ ਨਠ ਗਏ। ਗੁਰੂ ਜੀ ਨੇ ਇਸ ਦੀ ਸੂਰਮਤਾਈ ਤੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ। ਇਸੇ ਤਰ੍ਹਾਂ ਸਿਖਾਂ ਨੇ ਕਲਮੋਟ, ਬਜਰੂੜ ਤੇ ਕਈ ਹੋਰ ਪਿੰਡਾਂ ਦੇ ਗੁਜਰਾਂ ਤੇ ਰੰਗੜਾਂ ਦੀ ਸੁਧਾਈ ਕੀਤੀ ਜੋ ਛੇੜਖਾਨੀ ਕਰਦੇ ਸਨ। ੧੭੫੭ ਵਿਚ ਹੀ ਵਾਯੂ ਮੰਡਲ ਅਜਿਹਾ ਹੋ ਗਿਆ ਜਿਸ ਤੋਂ ਜਾਪਦਾ ਸੀ ਕਿ ਖਾਲਸੇ ਨੂੰ ਜੰਗ ਲੜਨੇ ਪੈਣਗੇ।

ਦਸਮ ਪਾਤਸ਼ਾਹ ਦੇ ਜੰਗ—

ਛੇਵੇਂ ਪਾਤਸ਼ਾਹ ਦੇ ਜੀਵਨ ਅਸੀਂ ਧਰਮ ਤੇ ਨੀਤੀ, ਸ਼ਾਂਤਮਈ ਤੇ ਤਲਵਾਰ ਅਤੇ ਜੰਗ ਦੀ ਫ਼ਿਲਾਸਫ਼ੀ ਤੇ ਵਿਚਾਰ ਕਰ ਆਏ ਹਾਂ। ਦਸਮ ਪਾਤਸ਼ਾਹ ਨੇ ਕਿਉਂ ਜੰਗ ਕੀਤੇ ? ਹੁਣ ਇਸ ਪਰ ਵਿਚਾਰ ਕਰਦੇ ਹਾਂ।

ਅਸਲ ਗਲ ਇਸ ਹੈ ਕਿ ਗੁਰੂ ਜੀ ਨੇ ਹਰ ਪਹਿਲੂ ਤੋਂ ਕੌਮ ਦੀ ਉਸਾਰੀ ਕੀਤੀ ਹੈ। ਪਹਾੜੀ ਰਾਜਿਆਂ ਤੇ ਹਕੂਮਤ ਨੇ ਸਮਝਿਆ ਕਿ ਸਿਖੀ ਦੀ ਤਾਕਤ ਸਾਡਾ ਰਾਜ ਖੋਹਣ ਲਈ ਬਣੀ ਹੈ। ਇਹ ਭੁਲੇਖਾ ਜੰਗ ਦਾ ਵਡਾ ਕਾਰਨ ਸੀ।

ਵਰਤਮਾਨ ਸਮੇਂ ਵਿਚ ਮਹਾਤਮਾ ਗਾਂਧੀ, ਟਾਲਸਟਾਏ, ਬਰਨਾਰਡ ਸ਼ਾਅ ਤੇ ਰੋਮਨ ਰੋਲੈਂਡ ਦੇ ਜੰਗ ਤੇ ਖੂਨ ਖਰਾਬੇ ਦੀ ਥਾਂ ਅਮਨ, ਪਿਆਰ ਤੇ ਸ਼ਾਂਤੀ ਦਾ ਆਦਰਸ਼ ਪੇਸ਼ ਕੀਤਾ ਹੈ। ਸਾਇੰਸ ਨੇ ਦੁਨੀਆਂ ਨੂੰ ਬਹੁਤ ਛੋਟਾ ਕਰ ਦਿਤਾ ਹੈ। ਕੌਮਾਂ ਦਾ ਮੇਲ ਜੋਲ

ਵਧ ਰਿਹਾ ਹੈ । ਇਸ ਵਕਤ ਕੋਈ ਕੌਮ ਖੁਲ੍ਹਾ ਜ਼ੁਲਮ ਨਹੀਂ ਕਰ ਸਕਦੀ। ਲੋਕ ਰਾਇ ਇਕ ਤਾਕਤ ਬਣ ਗਈ ਹੈ । ਭਾਵੇਂ ਲੜਾਈ ਅਜੇ ਮਨੁਖ ਦੇ ਸੁਭਾਵ ਵਿਚੋਂ ਨਹੀਂ ਨਿਕਲੀ। ਐਟਮ ਤੇ ਹਾਈਡਰੋਜਨ ਬੰਬ ਵਰਗੇ ਖਤਰਨਾਕ ਹਥਿਆਰ ਭੀ ਬਣਾਏ ਜਾ ਰਹੇ ਹਨ, ਪਰ ਫਿਰ ਭੀ ਜੰਗ ਨੂੰ ਸ੍ਰਿਸ਼ਟਾਚਾਰ ਨਹੀਂ ਸਮਝਿਆ ਜਾਂਦਾ । ਹੁਣ ਸਭਿਅਤਾ, ਆਜ਼ਾਦੀ, ਸਵੈ ਰਖਿਆ, ਜਮਹੂਰੀਅਤ, ਨਿਰਬਲ ਕੌਮਾਂ ਅਤੇ ਆਜ਼ਾਦ ਦੁਨੀਆਂ ਦੀ ਰਾਖੀ ਦੇ ਬਹਾਨੇ ਬਣਾ ਕੇ ਜੰਗ ਲੜੀ ਜਾਂਦੀ ਹੈ । ਕੀ ਅਜਿਹੇ ਹਾਲਤ ਵਿਚ ਦਸਮ ਪਾਤਸ਼ਾਹ ਦੀ ਪਦਵੀ ਮਹਾਂ ਪੁਰਸ਼ਾਂ ਵਿਚ ਹੋ ਸਕਦੀ ਹੈ ? ਸਾਡੀ ਰਾਇ ਵਿਚ ਉਨ੍ਹਾਂ ਨੇ ਮਨੁਖ ਨੂੰ ਹਰ ਪਹਿਲੂ ਤੋਂ ਉਚਿਆਂ ਕੀਤਾ ਹੈ । ਉਨ੍ਹਾਂ ਦੇ ਜੰਗ ਭੀ ਆਦਰਸ਼ਕ ਸਨ । ਇਸ ਲਈ ਬਹੁਤ ਉਚੇ ਮਹਾਂ ਪੁਰਸ਼ ਤੇ ਪੂਰਨ ਪੁਰਸ਼ ਸਨ । ਆਪ ਨੇ ਉਸ ਸਮੇਂ ਜੋ ਸਾਧਨ ਵਰਤੇ, ਉਹ ਸਮੇਂ ਦੇ ਲਿਹਾਜ਼ ਨਾਲ ਠੀਕ ਸਨ । ਹਕੂਮਤ ਜਿਸ ਤਰ੍ਹਾਂ ਦਾ ਜ਼ੁਲਮ ਕਰਦੀ ਸੀ, ਉਸ ਨੂੰ ਦੂਰ ਕਰਨ ਦੇ ਸਾਧਨ ਭੀ ਉਹੋ ਜਿਹੇ ਸਨ । ਅਜ ਕੋਈ ਹਕੂਮਤ ਕਿਸੇ ਤੇ ਖੁਲ੍ਹਾ ਜਿਸਮਾਨੀ ਤਸ਼ੱਦਦ ਨਹੀਂ ਕਰ ਸਕਦੀ । ਓਦੋਂ ਦਿਲੀ ਦੇ ਚਾਂਦਨੀ ਚੌਂਕ ਵਿਚ ਬਿਠਾਲ ਕੇ ਕਤਲ ਕੀਤਾ ਜਾਂਦਾ ਸੀ । ਓਦੋਂ ਦਾ ਜ਼ੁਲਮ ਜਿਸਮਾਨੀ ਤੇ ਮੋਟਾ ਠੁਲ੍ਹਾ ਸੀ । ਅਜ ਕਲ ਕੋਠੜੀਆਂ ਵਿਚ ਡਕ ਕੇ ਮਾਨਸਿਕ ਕਸ਼ਟ ਦਿਤਾ ਜਾਂਦਾ ਹੈ । ਟਾਰਚਰ ਕੀਤਾ ਜਾਂਦਾ ਹੈ । ਕਿਸੇ ਕੌਮ ਦੀ ਅਣਖ ਸ੍ਵੈਮਾਨ, ਸਭਿਅਤਾ ਤੇ ਵਪਾਰ ਨੂੰ ਨਸ਼ਟ ਕਰ ਦਿਤਾ ਜਾਂਦਾ ਹੈ । ਅਜ ਸਭ੍ਯ ਦੇਸ਼ਾਂ ਵਿਚ ਫਾਂਸੀ ਦੀ ਸਜ਼ਾ ਨਹੀਂ ਰਹੀ । ਬਿਜਲੀ ਨਾਲ ਮਾਰਦੇ ਹਨ । ਇਸ ਲਈ ਅਸੀਂ ਉਸ ਸਮੇਂ ਦੇ ਜ਼ੁਲਮ ਅਜ ਦੇ ਜ਼ੁਲਮ ਤੇ ਉਸ ਨੂੰ ਦੂਰ ਕਰਨ ਦੇ ਸਾਧਨਾਂ ਦਾ ਟਾਕਰਾ ਨਹੀਂ ਕਰ ਸਕਦੇ ।

ਦਸਮ ਪਾਤਸ਼ਾਹ ਲਿਖਦੇ ਹਨ—

ਚੂਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।*
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।

ਭਾਵ—ਜਦ ਕੋਈ ਚਾਰਾ ਨਾ ਚਲੇ, ਫਿਰ ਤਲਵਾਰ ਪਕੜਨੀ ਚੰਗਾ ਕੰਮ ਹੈ । ਪਾਪ ਦੇ ਵਿਰੁਧ ਲੜਨਾ ਨੇਕੀ ਹੈ। ਆਪ ਨੇ ਕਿਸੇ ਦੁਸ਼ਟ ਜਾਂ ਪਾਪੀ ਨਾਲ ਨਫਰਤ ਨਹੀਂ ਕੀਤੀ, ਪਾਪ ਤੇ ਦੁਸ਼ਟਪੁਣੇ ਨਾਲ ਕੀਤੀ ਹੈ। ਜਦੋਂ ਕੋਈ ਸੁਧਰ ਗਿਆ, ਉਸ ਨਾਲ ਪ੍ਰੇਮ ਕੀਤਾ ਹੈ । ਇਹ ਸੱਚੀ ਅਹਿੰਸਾ ਹੈ । ਡਾਕਟਰ ਰੋਗੀ ਦੇ ਫੋੜੇ ਨੂੰ ਨਸ਼ਤਰ ਉਸ ਦੇ ਭਲੇ ਲਈ ਮਾਰਦਾ ਹੈ। ਧਰਤੀ ਨੂੰ 'ਕੋਊ ਖੋਦੇ ਕੋਈ ਚੰਦਨ ਲੇਪ' ਤਾਂ ਕੋਈ ਦੁਖ ਸੁਖ ਨਹੀਂ ਹੁੰਦਾ, ਪਰ ਜੇ ਕੋਈ ਉਸ ਨੂੰ ਮਥਾ ਮਾਰੇ ਤਾਂ ਉਸ ਦਾ ਮੱਥਾ ਭਜਨਾ ਜ਼ਰੂਰੀ ਹੈ। ਇਸ ਤਰ੍ਹਾਂ ਬ੍ਰਹਮ ਗਿਆਨੀ ਪੁਰਸ਼ ਨੂੰ ਦਿਤੇ ਕਸ਼ਟ ਦਾ ਪ੍ਰਤਿਕਰਮ ਨਸ਼ਟ ਹੋ ਸਕਦਾ ।

ਦਸਮ ਪਾਤਸ਼ਾਹ ਆਮ ਰਾਜਸੀ ਆਗੂਆਂ, ਬਾਦਸ਼ਾਹਾਂ ਤੇ ਸੈਨਾਪਤੀਆਂ ਵਰਗੇ ਜੰਗ ਜੂ ਨਹੀਂ ਸਨ, ਜਿਹੜੇ ਲੜਾਈ ਵਿਚ ਧਰਮ, ਇਖਲਾਕ ਤੇ ਸਚਾਈ ਨੂੰ ਛਡ ਦਿੰਦੇ ਹਨ । ਗੁਰਦੇਵ ਦੇ ਜੀਵਨ ਵਿਚ ਇਹ ਦੋਸ਼ ਨਹੀਂ ਸਨ। ਉਨ੍ਹਾਂ ਨੇ ਦਰਜਨ ਦੇ ਕਰੀਬ ਲੜਾਈਆਂ ਲੜੀਆਂ । ਪਰ ਜ਼ਰ ਜੋਰੂ ਜ਼ਮੀਨ ਲਈ ਨਹੀਂ । ਕਿਸੇ ਜੰਗ ਵਿਚ ਸਰੇਸ਼ਟਾਚਾਰ ਦਾ ਤਿਆਗ ਨਹੀਂ ਕੀਤਾ । ਆਪ ਵਿਜਈ ਕੌਮਾਂ ਤੇ ਦੇਸ਼ਾਂ ਨੂੰ ਜਿਤ ਸਕੇ ਹਨ, ਪਰ ਆਪਣੇ ਮਨ ਤੇ ਵਿਕਾਰਾਂ ਨੂੰ ਨਹੀਂ ਜਿੱਤ ਸਕੇ । ਦਸਮੇਸ਼ ਜੀ ਦੋਹਾਂ ਪਹਿਲੂਆਂ ਵਿਚ ਵਰਿਆਮ ਤੇ ਅਜਿੱਤ ਸੂਰਮੇ ਸਨ ।

---

*ਇਹ ਸ਼ਿਅਰ ਥੋੜੇ ਜਿਹੇ ਸ਼ਬਦ ਭੇਦ ਨਾਲ ਸ਼ੇਖ ਸਾਅਦੀ ਦੀ 'ਗੁਲਿਸਤਾਂ' ਵਿਚ ਵੀ ਮਿਲਦਾ ਹੈ । (ਦੇਖੋ ਤਰਜਮਾ ਗੁਲਿਸਤਾਂ ਸਫ਼ਾ ੨੪੭, ਲਿਖਤ ਕਾਜ਼ੀ ਸਜਾਦ ਹੁਸੈਨ ਮਦਰਸਾ ਆਲੀਆ, ਫਤਹਿ ਪੁਰੀ ਦਿਲੀ ।

ਅਨੰਦ ਪੁਰ ਵਿਚ ਇਕ ਸੁੰਦਰੀ ਰੂਪ ਕੌਰ ਦਸਮੇਸ਼ ਜੀ ਦਾ ਸੁੰਦਰ ਸਰੂਪ ਦੇਖ ਕੇ ਮੋਹਤ ਹੋ ਗਈ। ਉਸ ਨੇ ਆਪ ਨੂੰ ਏਕਾਂਤ ਵਿਚ ਸਦਿਆ ਅਤੇ ਮਾੜੀ ਮਨੋ ਕਾਮਨਾ ਪ੍ਰਗਟ ਕੀਤੀ। ਗੁਰਦੇਵ ਨੇ ਉਸਨੂੰ ਉਪਦੇਸ਼ ਕੀਤਾ-

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੇਯਹੁ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।

ਦਸਮੇਸ਼ ਜੀ ਨੇ ਇਸੇ ਤਰ੍ਹਾਂ ਦੂਜੇ ਵਿਕਾਰਾਂ ਤੇ ਵੀ ਕਾਬੂ ਪਾਇਆ।

ਗੁਰੂ ਜੀ ਨੇ ਕਈ ਪਹਾੜੀ ਰਾਜਿਆਂ ਜਾਂ ਮੁਗਲ ਹਕੂਮਤ ਨੂੰ ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦਿਤਾ। ਚੂੰਕਿ ਉਹ ਮਾਰਸ਼ਲ ਸਪਿਰਟ ਪੈਦਾ ਕਰਨ ਵਿਚ ਲਗੇ ਹੋਏ ਸਨ ਇਸ ਲਈ ਉਨ੍ਹਾਂ ਨੂੰ ਤੰਗ ਕੀਤਾ ਗਿਆ। ਉਨ੍ਹਾਂ ਨੇ ਮਜਬੂਰ ਹੋ ਕੇ ਤਲਵਾਰ ਪਕੜੀ।*

ਕਈ ਮਾਵਾਂ ਨੇ ਅਜਿਹੇ ਇੰਜੀਨੀਅਰ ਪੁਤਰ ਜਣੇ ਹਨ, ਜਿਨ੍ਹਾਂ ਨੇ ਸਮੁੰਦਰ ਅਤੇ ਦਰਿਆਵਾਂ ਨੂੰ ਬੰਨ੍ਹ ਮਾਰੇ ਹਨ। ਪਰ ਕਿਸੇ ਇੰਜੀਨੀਅਰ ਨੇ ਵਹਿਣ ਨੂੰ ਨਹੀਂ ਬਦਲਿਆ। ਸ੍ਰੀ ਮਾਤਾ ਗੁਜਰੀ ਦੇ ਲਾਲ ਨੇ ਕਾਬਲ, ਕੰਧਾਰ, ਗਜ਼ਨੀ, ਈਰਾਨ ਤੇ ਪਛਮ ਵਲੋਂ ਵਗਣ ਵਾਲੇ ਜ਼ੁਲਮ ਦੇ ਦਰਿਆ ਨੂੰ ਬੰਨ੍ਹ ਨਹੀਂ ਮਾਰਿਆ, ਬਲਕਿ ਉਸ ਦਾ ਰੁਖ ਬਦਲ ਦਿਤਾ ਹੈ।

ਭੰਗਾਣੀ ਅਤੇ ਨਦੌਣ ਦਾ ਜੰਗ-ਭੰਗਾਣੀ ਵਿਚ ਅਕਾਰਣ ਪਹਾੜੀਆਂ ਨੇ ਗੁਰੂ ਜੀ ਨਾਲ ਜੰਗ ਕੀਤਾ। ਨਾਦੌਣ ਦਾ ਜੰਗ

---

*ਲਾਲਾ ਦੌਲਤ ਰਾਇ ਲਿਖਤ ਜੀਵਨ ਗੁਰੂ ਗੋਬਿੰਦ ਸਿੰਘ ਪੰਨਾ ੧੪।

ਹਕੂਮਤ ਤੇ ਰਾਜਿਆਂ ਵਿਚਕਾਰ ਸੀ। ਪਹਾੜੀਆਂ ਨੇ ਕਈ ਸਾਲਾਂ ਦਾ ਖਿਰਾਜ ਨਹੀਂ ਦਿਤਾ ਸੀ । ਔਰੰਗਜ਼ੇਬ ਨੇ ਮੀਆਂ ਖਾਂ ਨੂੰ ਭੇਜਿਆ, ਉਹ ਜੰਮੂ ਨੂੰ ਚਲਾ ਗਿਆ । ਉਸ ਨੇ ਆਪਣੇ ਭਤੀਜੇ ਅਲਫ਼ ਖਾਂ ਨੂੰ ਖਿਰਾਜ ਲੈਣ ਲਈ ਭੇਜਿਆ । ਭੀਮ ਚੰਦ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਇਸ ਜੰਗ ਵਿਚ ਸਹਾਇਤਾ ਕੀਤੀ । ੧੭੪੭ ਵਿਚ ਇਹ ਜੰਗ ਹੋਈ । ਅਲਫ਼ ਖਾਂ ਹਾਰ ਕੇ ਵਾਪਸ ਚਲਾ ਗਿਆ।

ਗੁਲੇਰ ਦਾ ਜੰਗ—

ਅਲਫ਼ ਖਾਂ ਦੀ ਹਾਰ ਦੇ ਬਾਅਦ ਦਿਲਾਵਰ ਖਾਂ ਸੂਬਾ ਲਾਹੌਰ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭੇਜਿਆ । ਉਸ ਨੇ ਅਨੰਦਪੁਰ ਤੇ ਹਮਲਾ ਕਰਨਾ ਚਾਹਿਆ । ਇਕ ਨੇ ਸਿੱਖਾਂ ਤੇ ਟਾਕਰਾ ਕੀਤਾ, ਦੂਸਰੇ ਬਰਖਾ ਦੀ ਰੁਤ ਸੀ, ਹਮਾਇਤੀ ਨਾਲੇ ਨੇ ਰੋਕ ਪਾਈ । ਉਹ ਭੀ ਅਸਫ਼ਲ ਹੋ ਕੇ ਮੁੜ ਗਿਆ। ਇਸ ਤੋਂ ਬਾਹਦ ਹੁਸੈਨੀ ਹਮਲਾ ਕੀਤਾ। ਕ੍ਰਿਪਾਲ ਚੰਦ ਕਟੋਚ ਨੇ ਉਸ ਦੀ ਮਦਦ ਕੀਤੀ । ਰਾਜਾ ਚੰਦ ਗੁਲੇਰੀਏ ਨੇ ਮੁਗਲ ਫੌਜ ਨਾਲ ਜੰਗ ਕੀਤੀ। ਉਸ ਨੇ ਗੁਰੂ ਜੀ ਦੀ ਸਹਾਇਤਾ ਮੰਗੀ, ਹਜ਼ੂਰ ਨੇ ਭਾਈ ਸੰਗਤੀਏ ਦੀ ਕਮਾਨ ਹੇਠ ਸਿਖਾਂ ਦਾ ਇਕ ਜਥਾ ਭੇਜਿਆ । ਹੁਸੈਨੀ ਨੂੰ ਹਾਰ ਹੋਈ। ਭਾਈ ਜੀ ਸਤ ਸਿਖਾਂ ਸਮੇਤ ਸ਼ਹੀਦ ਹੋਏ। ਇਨ੍ਹਾਂ ਦੋਹਾਂ ਜੰਗਾਂ ਵਿਚ ਦਸਮ ਪਾਤਸ਼ਾਹ ਕੇਵਲ ਸਹਾਇਕ ਸਨ ।

੧੭੫੩ ਵਿਚ ਔਰੰਗਜ਼ੇਬ ਨੇ ਇਸ ਗੜ ਬੜ ਨੂੰ ਦਬਾਉਣ ਲਈ ਸ਼ਾਹਜ਼ਾਦਾ ਮੁਅਜ਼ਮ ਨੂੰ ਭੇਜਿਆ । ਉਸ ਨੂੰ ਭਾਈ ਨੰਦ ਲਾਲ ਨੇ ਸਾਰੀ ਪੋਜ਼ੀਸ਼ਨ ਸਮਝਾਈ, ਇਸ ਲਈ ਉਸ ਨੇ ਗੁਰੂ ਜੀ ਪਰ ਚੜ੍ਹਾਈ ਨਹੀਂ ਕੀਤੀ । ਰਾਜਿਆਂ ਤੋਂ ਸਖਤੀ ਨਾਲ ਖਿਰਾਜ ਲੈ ਕੇ ਵਾਪਸ ਚਲਾ ਗਿਆ।

ਨਦੌਣ ਤੇ ਗੁਲੇਰ ਦੇ ਜੰਗਾਂ ਅਤੇ ਸ਼ਾਹਜ਼ਾਦੇ ਤੇ ਆਉਣ ਦਾ ਜ਼ਿਕਰ ਬਚਿਤ੍ਰ ਨਾਟਕ ਵਿਚ ਕੀਤਾ ਗਿਆ । ਭਾਵੇਂ ਇਹ

ਦੋਵੇਂ ਜੰਗ ਰਾਜਿਆਂ ਤੇ ਹਕੂਮਤ ਵਿਚਕਾਰ ਸਨ ਤੇ ਗੁਰੂ ਜੀ ਸਿਰਫ ਸਹਾਇਕ ਸਨ, ਪਰ ਇਨ੍ਹਾਂ ਤੋਂ ਗੁਰੂ ਜੀ ਨੂੰ ਪਹਾੜੀਆਂ ਦੇ ਕਪਟ ਤੇ ਨੀਚਤਾ ਦਾ ਪਤਾ ਲਗ ਗਿਆ। ਇਹ ਭੀ ਨਿਸਚਾ ਹੋ ਗਿਆ ਕਿ ਇਹ ਲੋਕ ਆਜ਼ਾਦੀ ਦੀ ਜੰਗ ਨਹੀਂ ਲੜ ਸਕਦੇ। ਪੰਥ ਸਾਜਨ ਪਰ ਰਾਜਿਆਂ ਨੂੰ ਨਿਸਚਾ ਹੋ ਗਿਆ ਕਿ ਉਹ ਇਕਲੇ ਸਿਖਾਂ ਦੀ ਤਾਕਤ ਦਾ ਮੁਕਾਬਲਾ ਨਹੀਂ ਕਰ ਸਕਦੇ, ਇਸ ਲਈ ਉਨ੍ਹਾਂ ਹਕੂਮਤ ਦੀ ਸਰਨ ਲਈ।

ਪਹਾੜੀਆਂ ਨੇ ਪਹਿਲੇ ਗੁਰੂ ਜੀ ਨੂੰ ਕਿਹਾ, 'ਸਾਡੇ ਮਤੀਹ ਹੋ ਜਾਓ।' ਮਹਾਰਾਜ ਨੇ ਇਨਕਾਰ ਕੀਤਾ। ਇਕ ਵੇਰ ਇਨ੍ਹਾਂ ਨੇ ਸ਼ਿਕਾਰ ਵਿਚ ਗੁਰੂ ਜੀ ਤੇ ਹਮਲਾ ਕੀਤਾ, ਪਰ ਖਾਲਸੇ ਨੇ ਇਨ੍ਹਾਂ ਨੂੰ ਪਛਾੜ ਕੇ ਰਖ ਦਿਤਾ। ਭੀਮ ਚੰਦ ਤੇ ਬਾਈਧਾਰ ਦੇ ਰਾਜਿਆਂ ਨੇ ਮਿਲ ਕੇ ਸੂਬਾ ਸਰਹਿੰਦ ਤੇ ਦਿੱਲੀ ਨੂੰ ਚਿੱਠੀ ਲਿਖੀ ਕਿ ਗੁਰੂ ਸਾਡੇ ਦੋਹਾਂ ਲਈ ਖਤਰਾ ਹੈ। ੧੭੫੧ ਵਿਚ ਵੈਸਾਖੀ ਤੇ ਰਵਾਲਸਰ ਤੇ ਰਾਜਿਆਂ ਦਾ ਇਕਠ ਹੋਇਆ। ਉਥੇ ਗੁਰੂ ਜੀ ਨੇ ਆਪਣਾ ਖਾਲਸਾ ਸਜਾਉਣ ਦਾ ਉਦੇਸ਼ ਪ੍ਰਗਟ ਕੀਤਾ ਪਰ ਰਾਜਿਆਂ ਨੇ ਪ੍ਰਵਾਨ ਨਹੀਂ ਕੀਤਾ। ਰਾਜਿਆਂ ਚੋਂ ਮੰਡੀ, ਰਾਣਾ ਭਬੌਰ, ਨਾਹਣ ਤੇ ਰਾਇ ਬਸਾਲੀ ਗੁਰੂ ਜੀ ਦੇ ਪਰੇਮੀ ਸਨ। ਬਾਕੀ ਸਾਰੇ ਵਿਰੁਧ ਸਨ।

ਅਨੰਦ ਪੁਰ ਦੇ ਜੰਗ—

ਭੀਮ ਚੰਦ ਨੇ ਵੀਹ ਹਜ਼ਾਰ ਰੁਪਿਆ ਤੇ ਆਪਣੇ ਖਾਨਦਾਨ 'ਚੋਂ ਇਕ ਸਾਕ ਦੇਣਾ ਕਰਕੇ ਸੂਬਾ ਸਰਹਿੰਦ ਪਾਸੋਂ ਪੈਂਦੇ ਖਾਂ ਦੀਨ ਬੇਗ ਦੀ ਕਮਾਨ ਹੇਠਾਂ ਦਸ ਹਜ਼ਾਰ ਫੌਜ ਚੜ੍ਹਾ ਲਿਆਂਦੀ। ਅੰਤੂ ੧੭੫੮ ਵਿਚ ਸ਼ਾਹੀ ਫੌਜ ਤੇ ਖਾਲਸੇ ਦੀ ਜੰਗ ਹੋਈ।

ਇਕ ਦਿਨ ਪਹਾੜੀਆਂ ਨੇ ਇਕ ਹਾਥੀ ਨੂੰ ਸ਼ਰਾਬ ਪਿਆ ਕੇ ਲਿਆਂਦਾ। ਗੁਰੂ ਜੀ ਨੇ ਦੁਨੀ ਚੰਦ ਮਸੰਦ ਮਜੀਠੇ ਨੂੰ ਮਸਤ ਹਾਥੀ

ਦਾ ਟਾਕਰਾ ਕਰਨ ਲਈ ਕਿਹਾ। ਪਰ ਉਹ ਡਰ ਗਿਆ। ਰਾਤ ਨੂੰ ਕੰਧ ਟਪਦਿਆਂ ਡਿਗ ਕੇ ਲੱਤ ਭੰਨਾ ਬੈਠਾ। ਅੰਤ ਨੂੰ ਬੇਮੁਖ ਹੋ ਕੇ ਮਰਿਆ। ਗੁਰੂ ਜੀ ਨੇ ਭਾਈ ਬਚਿਤ੍ਰ ਸਿੰਘ ਨੂੰ ਨਾਗਣੀ ਬਰਛਾ* ਦੇ ਕੇ ਟਾਕਰਾ ਕਰਨ ਲਈ ਹੁਕਮ ਦਿਤਾ।

---

*ਭਾਈ ਬਚਿਤ੍ਰ ਸਿੰਘ ਜੀ ਦਾ ਨਾਗਣੀ ਬਰਛਾ ਤਖਤ ਸ੍ਰੀ ਕੇਸਗੜ੍ਹ ਤੇ ਖੜਗ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੌਜੂਦ ਹੈ। ਭਾਈ ਸਾਹਿਬ ਦੀ ਪ੍ਰਨਾਲੀ ਬਾਰੇ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ–

ਪੁਰ ਸੁਲਤਾਨ ਅਲੀ ਪੁਰ ਨੇਰੇ।
ਮਾਹੀ ਦਾਸ ਰਾਜਪੂਤ ਬਸੇਰੇ।
ਤਿਨ ਕੇ ਮਨੀ ਰਾਮ ਸੁਤ ਜੋਇ।
ਆਇ ਤਹਾਂ ਗੁਰ ਦਰਸ਼ਨ ਹੋਇ।
ਪੰਚ ਪੁਤਰ ਲੈ ਅਪਨੇ ਸਾਥ।
ਸਰਨੀ ਪਰਿਓ ਰਹਿਓ ਗੁਰਨਾਥ।
ਬਡੋ ਬਚਿਤ੍ਰ ਸਿੰਘ ਭਟ ਭਇਓ।
ਉਦੇ ਸਿੰਘ ਦੂਸਰ ਬਿਧਿਤਇਓ।
ਅਜਬ ਸਿੰਘ ਪੁਨ ਮਾਨਕ ਸਿੰਘ।
ਪੰਚਮ ਭਇਓ ਅਜਾਇਬ ਸਿੰਘ।
ਸੋ ਪੰਚਹੁ ਭਰਾਤਾ ਕਰ ਖਰੇ।
ਸਿੰਘ ਨਾਮ ਗੁਰ ਕੇ ਤਿਨ ਧਰੇ।
ਅੰਮ੍ਰਿਤ ਖੰਡੇ ਕੇ ਤਿਨ ਦੀਨਾ।
ਮਾਨੋ ਪੰਚ ਪਾਂਡਵ ਬਲ ਭੀਨਾ।
ਰਣ ਮਹਿ ਕਰੇ ਕਰਮ ਤਿਨ ਭੀਖਣ।
ਰਿਪ ਆਗੇ ਜਿਨ ਸਸਤ੍ਰ ਤੀਖਣ।

ਇਸ ਸੂਰਮੇ ਨੇ ਬਰਛਾਂ ਹਾਥੀ ਦੇ ਮਥੇ ਵਿਚ ਮਾਰਿਆ, ਜੋ ਲੋਹੇ ਦੇ ਤਵੇ ਵਿੰਨ੍ਹਕੇ ਪਾਰ ਹੋ ਗਿਆ । ਹਾਥੀ ਮੁਗਲ ਸੈਨਾ ਨੂੰ ਮਿਧਦਾ ਹੋਇਆ ਨੱਠ ਗਿਆ। ਇਸ ਸੂਰਮਤਾਈ ਤੇ ਪ੍ਰਸੰਨ ਹੋ ਕੇ ਗੁਰਦੇਵ ਨੇ ਇਕ ਖੜਗ ਭੀ ਭਾਈ ਬਚਿੱਤਰ ਸਿੰਘ ਨੂੰ ਬਖਸ਼ੀ।

ਇਸ ਜੰਗ ਵਿਚ ਭਾਈ ਉਦੇ ਸਿੰਘ ਨੇ ਜਮਤੁਲੇ ਰੰਗੜ ਨੂੰ ਮਾਰਿਆ ਤੇ ਰਾਜਾ ਕੇਸਰੀ ਚੰਦ ਦਾ ਸਿਰ ਬਰਛੇ ਵਿਚ ਪਰੋ ਕੇ ਗੁਰਦੇਵ ਦੇ ਪੇਸ਼ ਕੀਤਾ । ਪੈਂਦੇ ਖ਼ਾਂ ਭੀ ਮਾਰਿਆ ਗਿਆ। ਦੀਨ ਬੇਗ ਜ਼ਖਮੀ ਹੋ ਕੇ ਤਿੱਤਰ ਹੋ ਗਿਆ। ਖਾਲਸੇ ਦੀ ਜਿੱਤ ਹੋਈ। ਕੁਝ ਸਮਾਂ ਗੁਰੂ ਜੀ ਬਸਾਲੀ ਤੇ ਭਭੌਰ ਟਿਕੇ। ਪਹਾੜੀ ਰਾਜਿਆਂ ਨੇ ਫਿਰ ਦੋ ਜਰਨੈਲ ਸਯਦ ਬੇਗ ਤੇ ਅਲਫ ਖ਼ਾਂ ਚੜ੍ਹਾ ਲਿਆਂਦੇ । ਸਯਦ ਬੇਗ ਸੇਵਕ ਬਣ ਗਿਆ ਤੇ ਅਲਫ ਖ਼ਾਂ ਅਸਫਲ ਹੋ ਕੇ ਮੁੜ ਗਿਆ।

ਇਸ ਤੋਂ ਬਾਅਦ ਸੈਦ ਖ਼ਾਂ ਨੂੰ ਲਿਆਂਦਾ ਗਿਆ । ਗੁਰੂ ਕੇ ਸੇਵਕ ਮੈਮੂੰ ਖ਼ਾਂ ਪਠਾਨ ਤੇ ਸਯਦ ਬੇਗ ਨੇ ਉਸਦਾ ਟਾਕਰਾ ਕੀਤਾ । ਗੁਰੂ ਦਰਸ਼ਨ ਕਰਕੇ ਸੈਦ ਖ਼ਾਂ ਭੀ ਮੁਰੀਦ ਹੋ ਗਿਆ। ਚਰਨਾਂ ਵਿਚ ਆ ਕੇ ਕਹਿਣ ਲਗਾ–

ਸਭ ਕੁਛ ਖ਼ੁਦਾ ਸੇ ਮਾਂਗ ਲੀਆਂ ਤੁਝ ਕੋ ਮਾਂਗ ਕਰ,
ਉਠਤੇ ਨਹੀਂ ਹੈਂ ਹਾਥ ਮੇਰੇ ਇਸ ਦੁਆ ਕੇ ਬਾਹਦ।

ਇਸ ਅਸਫਲਤਾ ਦੇ ਪਿਛੋਂ ਪਹਾੜੀ ਰਾਜਿਆਂ ਨੇ ਸੂਬਾ ਸਰਹਿੰਦ ਤੇ ਔਰੰਗਜ਼ੇਬ ਨੂੰ ਚਿਠੀ ਲਿਖੀ ਕਿ ਗੁਰੂ ਜੀ ਨੂੰ ਦਬਾਇਆ ਜਾਵੇ। ਇਸ ਪਤ ਬਾਦਸ਼ਾਹ ਨੇ ਸੂਬਾ ਸਰਹਿੰਦ, ਦਿਲੀ ਤੇ ਲਾਹੌਰ ਦੇ ਨਾਂ ਹੁਕਮ ਜਾਰੀ ਕੀਤਾ । ਪਹਾੜੀ ਤੇ ਮੁਗਲ ਸੈਨਾ, ਰੰਗੜਾਂ ਤੇ ਮੁਲਖਈਏ ਨੇ ਮਿਲ ਕੇ ਅਨੰਦ ਪੁਰ ਤੇ ਹਮਲਾ ਕੀਤਾ । ਇਸ ਵੇਰ ਸਿਖਾਂ ਦੀ ਗਿਣਤੀ ਦਸ ਕੁ ਹਜ਼ਾਰ ਸੀ ਅਤੇ ਦੁਸ਼ਮਨ ਦਸ ਲਖ ਸੀ। ਜ਼ਬਰਦਸਤ ਖ਼ਾਂ ਸੂਬਾ ਲਾਹੌਰ, ਖਵਾਜਾ ਖਿਜ਼ਰ (ਮਰਦੂਦ) ਵਜ਼ੀਰ

ਸੂਬਾ ਸਰਹਿੰਦ, ਅਜਮੇਰ ਚੰਦ ਬਿਲਾਸ ਪੁਰ, ਘੁਮੰਡ ਚੰਦ ਕਾਂਗੜਾ, ਬੀਰ ਸਿੰਘ ਜਸਪਾਲ ਆਪਣੀ ਆਪਣੀ ਸੈਨਾ ਦੀ ਕਮਾਨ ਕਰ ਰਹੇ ਸਨ। ਖਾਲਸੇ ਵਲੋਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਸਾਹਿਬ ਅਜੀਤ ਸਿੰਘ, ਭਾਈ ਉਦੇ ਸਿੰਘ, ਭਾਈ ਆਲਮ ਸਿੰਘ, ਭਾਈ ਬਚਿਤ੍ਰ ਸਿੰਘ, ਭਾਈ ਨਾਹਰ ਸਿੰਘ ਤੇ ਸ਼ੇਰ ਸਿੰਘ ਆਦਿਕ ਜਥੇਦਾਰ ਸਨ।

ਦਸਮ ਪਾਤਸ਼ਾਹ ਜਿਗਾ-ਕਲਗੀ* ਤੇ ਸ਼ਸਤ੍ਰ ਬਸਤ੍ਰ ਸਜਾ ਕੇ ਨੀਲੇ ਤੇ ਸਵਾਰ ਹੋ ਕੇ ਸਾਰਿਆਂ ਮੋਰਚਿਆਂ ਦੀ ਦੇਖ ਭਾਲ ਕਰਦੇ ਸਨ। ਬਹੁਤ ਭਿਆਨਕ ਜੰਗ ਸ਼ੁਰੂ ਹੋ ਗਈ। ਇਸ ਵਿਚ 'ਬਾਘਨ' ਤੇ 'ਬਿਜਘੋਖ' ਪ੍ਰਸਿਧ ਤੋਪਾਂ ਖਾਲਸੇ ਨੇ ਵਰਤੀਆਂ। ਪਹਿਲੇ ਖੁਲ੍ਹੀ ਜੰਗ ਹੁੰਦੀ ਰਹੀ। ਫਿਰ ਸ਼ਾਹੀ ਫੌਜ ਨੇ ਅਠ ਮਹੀਨੇ ਘੇਰਾ ਪਾਈ ਰਖਿਆ। ਖਾਲਸਾ ਕਿਲੇ ਵਿਚ ਡਟਿਆ ਰਿਹਾ।

ਭਾਈ ਘਨਈਆ ਜੀ ਦੀ ਸੇਵਾ – ਜਿਸ ਤਰ੍ਹਾਂ ਨਰਗਸ ਆਪਣੇ ਸਰੂਪ ਨੂੰ ਕਿਸੇ ਨਿਰਮਲ ਜਲ ਦੇ ਚਸ਼ਮੇਂ ਵਿਚ ਦੇਖ ਕੇ ਪ੍ਰਸੰਨ ਹੁੰਦੀ ਹੈ, ਗੁਰੂ ਜੀ ਆਪਣੀ ਸਪਿਰਟ ਨੂੰ ਸਿਖਾਂ ਵਿਚ ਦੇਖ ਕੇ ਪ੍ਰਸੰਨ ਹੁੰਦੇ ਸਨ। ਇਸ ਜੰਗ ਵਿਚ ਇਕ ਸਮਦਰਸੀ ਸਿਖ ਭਾਈ ਘਨਈਆ ਦੋਹਾਂ ਧਿਰਾਂ ਨੂੰ ਪਾਣੀ ਪਿਆਉਂਦਾ ਸੀ। ਸਿਖਾਂ ਨੇ ਸ਼ਿਕਾਇਤ ਕੀਤੀ, 'ਸਚੇ ਪਾਤਸ਼ਾਹ ! ਜਿਨ੍ਹਾਂ ਨੂੰ ਅਸੀਂ ਮਾਰਦੇ ਹਾਂ, ਉਨ੍ਹਾਂ ਨੂੰ ਇਹ ਪਾਣੀ ਪਿਆ ਕੇ ਜੀਵਾਉਂਦਾ ਹੈ ?'' ਗੁਰਦੇਵ

---

*ਇਹ ਕਲਗੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਸ਼ੇਖਾਨੇ ਵਿਚ ਸੀ। ਜਿਸ ਵਕਤ ੨੯ ਮਾਰਚ ੧੮੪੯ ਨੂੰ ਪੰਜਾਬ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਗਿਆ, ਤੋਸ਼ੇ ਖਾਨੇ ਦੀਆਂ ਚੀਜ਼ਾਂ ਡਾਕਟਰ ਲਾਗਨ ਦੇ ਸਪੁਰਦ ਕੀਤੀਆਂ ਗਈਆਂ। ਉਨ੍ਹਾਂ ਵਿਚ ਇਹ ਕਲਗੀ ਭੀ ਸੀ। ਇਹ ਵਲਾਇਤ ਭੇਜੀ ਗਈ। ਹੁਣ ਪਤਾ ਨਹੀਂ ਕਿਥੇ ਹੈ।

ਭਾਈ ਘਨਈਏ ਨੂੰ ਸਦ ਕੇ ਪੁਛਿਆ। ਭਾਈ ਜੀ ਨੇ ਉਤਰ ਦਿਤਾ—

ਮੇਰੇ ਪਾਤਸ਼ਾਹ ਸਾਰੇ ਮੈਦਾਨ ਅੰਦਰ,
ਤੈਥੋਂ ਬਾਹਰ ਕੋਈ ਨਜ਼ਰ ਆਇਆ ਹੀ ਨਹੀਂ।
ਜਿਥੇ ਚੋਆਂ ਪਾਣੀ ਤੇਰਾ ਮੂੰਹ ਦਿਸੇ,
ਕਿਸੇ ਗੈਰ ਦੇ ਮੂੰਹ ਵਿਚ ਪਾਇਆ ਹੀ ਨਹੀਂ।
ਤੇਰਾ ਦਸਿਆ ਤੈਨੂੰ ਮੈਂ ਕੀ ਦਸਾਂ,
ਤੈਂ ਨੇ ਦੂਈ ਦਾ ਪਾਠ ਪੜ੍ਹਾਇਆ ਹੀ ਨਹੀਂ।
ਇਕ ਹੱਥ ਖੰਡਾ ਇਕ ਹੱਥ ਅੰਮ੍ਰਿਤ,
ਕਿਸੇ ਹੋਰ ਨੇ ਏਦਾਂ ਪਿਲਾਇਆ ਹੀ ਨਹੀਂ।

ਇਹ ਸੁਣਕੇ ਗੁਰੂ ਜੀ ਨੇ ਕਿਹਾ—

ਭਾਈ ਘਨਈਆ ਜੀ, ਤੁਸੀਂ ਉਚੀ ਆਤਮਿਕ ਅਵਸਥਾ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਲਿਆ ਹੈ। ਮਰਮ ਦੀ ਡੱਬੀ ਦੇ ਕੇ ਕਿਹਾ—'ਇਹ ਵੀ ਲਾਇਆ ਕਰੋ। ਜਾਓ, ਹੁਣ ਰੂਹਾਂ ਤੇ ਜਿੱਤਾਂ ਪ੍ਰਾਪਤ ਕਰੋ।'

ਸ਼ਾਹੀ ਫੌਜ ਦੇ ਕਾਰਨ, ਪਹਾੜੀ ਇਲਾਕਾ ਬਰਬਾਦ ਹੋ ਰਿਹਾ। ਜੰਗ ਵਿਚ ਸਫਲਤਾ ਨਹੀਂ ਸੀ ਹੋ ਰਹੀ। ਤੰਗ ਆ ਕੇ ਰਾਜਿਆਂ ਤੇ ਮੁਗਲ ਸੈਨਾਪਤੀਆਂ ਨੇ ਗੁਰੂ ਜੀ ਵੱਲ ਏਲਚੀ ਭੇਜਿਆ। ਇਕ ਪੰਡਤ ਹੱਥ ਆਟੇ ਦੀ ਗਊ ਬਣਾਕੇ ਭੇਜੀ। ਅਖੀਰ ਵਿਚ ਬਾਦਸ਼ਾਹ ਦਾ ਇਕ ਖਤ ਲਿਆਂਦਾ ਗਿਆ ਕਿ ਜੇ ਅਨੰਦ ਪੁਰ ਦਾ ਕਿਲ੍ਹਾ ਛੱਡ ਦਿਉ, ਤਾਂ ਤੁਹਾਨੂੰ ਕੋਈ ਤਕਲੀਫ ਨਹੀਂ ਦਿਤੀ ਜਾਏਗੀ। ਬਹੁਤ ਸਾਰੇ ਸਿਖ ਸ਼ਹੀਦ ਹੋ ਚੁਕੇ ਸਨ, ਬਾਕੀ ਭੁਖ ਤੋਂ ਆਤੁਰ ਸਨ। ਗੁਰੂ ਜੀ ਨੇ ਸਿਖਾਂ ਨੂੰ ਕਿਹਾ, ਪਹਾੜੀਆਂ ਤੇ ਤੁਰਕਾਂ ਦਾ ਇਤਬਾਰ ਨਾ ਕਰੋ।'' ਇਕ ਦਿਨ ਆਪ ਨੇ ਕੂੜੇ ਦੀਆਂ ਛੱਟਾਂ ਲੱਦ ਕੇ ਬਾਹਰ ਭੇਜੀਆਂ। ਉਹ ਦੁਸ਼ਮਨਾਂ ਨੇ ਲੁਟ ਲਈਆਂ। ਗੁਰੂ ਜੀ ਨੇ ਸਿਖਾਂ ਨੂੰ ਫੁਰਮਾਇਆ, 'ਇਕ ਮਹੀਨਾ ਸਬਰ ਕਰੋ।' ਪਰ ਲੋਕੀਂ ਘਬਰਾਏ ਹੋਏ ਸਨ। ਕੁਝ ਸਿਖ ਭੁਖ ਤੋਂ

ਤੋਰ ਆ ਕੇ ਬੇਦਾਵਾ ਲਿਖ ਕੇ ਚਲੇ ਗਏ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਭਈ ਕੋਪ ਮਨ ਮਾਤ ਬਡੇਰੀ।
ਲਿਖਯੋ ਬੇਦਾਵਾ ਜਨਨਿ ਨ ਤੇਰੀ।

ਅਖੀਰ ਜਦ ਸਾਰੇ ਸਿਖਾਂ ਦੀ ਰਾਇ ਬਣ ਗਈ ਕਿ ਕਿਲ੍ਹਾ ਖਾਲੀ ਕਰ ਦਿਤਾ ਜਾਵੇ, ਤਦ ਗੁਰੂ ਜੀ ਨੇ ੪ ਪੋਹ ੧੭੬੧ ਨੂੰ ਗੁਰਬਖਸ਼ ਉਦਾਸੀ ਨੂੰ ਗੁਰ ਅਸਥਾਨਾਂ ਦੀ ਸੇਵਾ ਸੌਂਪ ਕੇ ਅੱਧੀ ਰਾਤ ਸਮੇਂ ਸਮੇਤ ਪ੍ਰਵਾਰ ਦੇ ਅਨੰਦ ਪੁਰ ਦਾ ਕਿਲ੍ਹਾ ਖਾਲੀ ਕਰ ਦਿਤਾ ਤੇ ਰੋਪੜ ਵਲ ਚਲ ਪਏ। ਪੰਜ ਸੌ ਸਿੰਘ ਨਾਲ ਸਨ। ਦੁਸ਼ਮਨ ਨੇ ਪਿਛਾ ਕੀਤਾ। ਸਰਸਾ ਦੇ ਕੰਢੇ ਸਖਤ ਲੜਾਈ ਹੋਈ। ਭਾਈ ਉਦੇ ਸਿੰਘ ਤੇ ਬਹੁਤ ਸਾਰੇ ਸਿੰਘ ਇਥੇ ਸ਼ਹੀਦ ਹੋ ਗਏ। ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਇਥੋਂ ਨਿਖੜ ਗਏ। ਕੁਝ ਸਰਸਾ ਵਿਚ ਰੁੜ੍ਹ ਗਏ, ਬਾਕੀ ਖਿੰਡ ਪੁੰਡ ਗਏ। ਗੁਰੂ ਜੀ ਰੋਪੜ ਵਲ ਹੋ ਗਏ। ਉਥੋਂ ਮਹਿਲਾਂ ਨੂੰ ਦਿਲੀ ਭੇਜ ਦਿਤਾ।

ਸਰਸਾ ਦੀ ਜੰਗ ਵਿਚ ਭਾਈ ਬਚਿਤਰ ਸਿੰਘ ਸਖਤ ਜ਼ਖਮੀ ਹੋ ਕੇ ਕੋਟਲਾ ਨਿਹੰਗ ਖਾਂ (ਰੋਪੜ) ਵਿਚ ਪੁਜੇ ਉਥੋਂ ਦੇ ਪਠਾਣ ਸਰਦਾਰ ਨੇ ਭਾਈ ਸਾਹਿਬ ਨੂੰ ਪਨਾਹ ਦਿਤੀ। ਕੁਝ ਮੁਗਲ ਸਿਪਾਹੀ ਕੋਟਲੇ ਪੁਜੇ। ਉਨ੍ਹਾਂ ਨੇ ਪਠਾਣ ਸਰਦਾਰ ਨੂੰ ਪੁਛਿਆ-

'ਤੇਰੇ ਘਰ ਵਿਚ ਕੋਈ ਸਿਖ ਤਾਂ ਨਹੀਂ ?'

ਪਠਾਣ ਨੇ ਉਤਰ ਦਿਤਾ-'ਮੇਰੇ ਘਰ ਵਿਚ ਤਾਂ ਸਿਰਫ ਧੀਆਂ ਜੁਆਈ ਹਨ। ਹੋਰ ਕੋਈ ਆਦਮੀ ਨਹੀਂ।'

ਇਸ ਪਰ ਸਿਪਾਹੀ ਚਲੇ ਗਏ। ਪਠਾਨ ਦੀ ਲੜਕੀ ਵਿਆਹੀ ਹੋਈ ਨਹੀਂ ਸੀ। ਉਸ ਨੇ ਪਿਉ ਦੇ ਬਚਨ ਅਨੁਸਾਰ ਭਾਈ ਬਚਿਤ੍ਰ ਸਿੰਘ ਨੂੰ ਆਪਣੇ ਮਨ ਵਿਚ ਪਤੀ ਸਮਝਕੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ। ਪਰ ਜ਼ਖਮਾਂ ਕਾਰਨ ਤੀਸਰੇ ਦਿਨ ਭਾਈ ਸਾਹਿਬ ਸ਼ਹੀਦੀ ਪ੍ਰਾਪਤ

ਕਰ ਗਏ। ਰੋਪੜ ਦੇ ਲਾਗੇ ਕੋਟਲਾ ਨਿਹੰਗ ਵਿਚ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ ਤੇ ਸਮਾਧਿ ਬਣਾਈ ਗਈ। ਪਠਾਨ ਸਰਦਾਰ ਦੀ ਲੜਕੀ ਉਸ ਸਮਾਧਿ ਦੀ ਜੀਵਨ ਪ੍ਰਯੰਤ ਦੇਖ ਭਾਲ ਕਰਦੀ ਰਹੀ। ਲੋਕ ਉਸ ਨੂੰ ਸਤਵੰਤੀ ਸਮਝਕੇ ਸਤਕਾਰਦੇ ਰਹੇ।*

ਚਮਕੌਰ ਦੀ ਜੰਗ–

ਗੁਰੂ ਜੀ ਨੇ ਰੋਪੜ ਤੋਂ ਚਮਕੌਰ ਵਲ ਰੁਖ ਕੀਤਾ। ਵਡੇ ਦੋ ਸਾਹਿਬਜ਼ਾਦੇ ਤੇ ਕੁਝ ਸਿੰਘ ਆਪ ਦੇ ਨਾਲ ਸਨ। ਰੋਪੜ ਤੋਂ ਬੂਰ ਮਾਜਰੇ ਪੁਜ ਕੇ ਜਲ ਪਾਨ ਕੀਤਾ। ਉਥੋਂ ਚਲ ਕੇ ਚਮਕੌਰ ਦੇ ਦਖਣ ਵਲ ਇਕ ਬਾਗ ਵਿਚ ਜਾ ਬਿਰਾਜੇ। ਇਸ ਬਾਗ ਚੋਂ ਮਹਾਰਾਜ ਨੇ ਪੰਜਾਂ ਸਿੰਘਾਂ ਨੂੰ ਚਮਕੌਰ ਦੀ ਗੜ੍ਹੀ ਦੇ ਮਾਲਕ ਚੌਧਰੀ ਵਲ ਭੇਜਿਆ ਤੇ ਕਿਹਾ ਕਿ ਕੁਝ ਚਿਰ ਲਈ ਸਾਨੂੰ ਗੜ੍ਹੀ ਦਿਤੀ ਜਾਵੇ। ਚੌਧਰੀ ਨੇ ਗੜ੍ਹੀ ਦੇਣ ਤੋਂ ਇਨਕਾਰ ਕਰ ਦਿਤਾ।

ਮਹਾਰਾਜ ਨੇ ਦੂਜੀ ਵੇਰ ਭਾਈ ਦਇਆ ਸਿੰਘ ਤੇ ਇਕ ਹੋਰ ਸਿਖ ਨੂੰ ਪੰਜ ਦੀਨਾਰ (ਸਿੱਕੇ) ਦੇ ਕੇ ਚੌਧਰੀ ਵਲ ਭੇਜਿਆ। ਇਸ ਤੇ ਚੌਧਰੀ ਆਪ ਗੁਰਦੇਵ ਦੀ ਸੇਵਾ ਵਿਚ ਹਾਜ਼ਰ ਹੋਇਆ। ਸ਼ਾਹੀ ਫੌਜ ਦੇ ਡਰ ਤੋਂ ਉਹ ਗੜ੍ਹੀ ਦੇਣਾ ਨਹੀਂ ਸੀ ਚਾਹੁੰਦਾ।

ਗੁਰੂ ਸਾਹਿਬ ਨੇ ਚਮਕੌਰ ਦੀ ਗੜ੍ਹੀ ਵਿਚ ਪ੍ਰਵੇਸ਼ ਕੀਤਾ। ਅਠ ਅਠ ਸਿੰਘਾਂ ਨੂੰ ਗੜ੍ਹੀ ਦੀ ਇਕ ਇਕ ਬਾਹੀ ਤੇ ਨੀਯਤ ਕਰਕੇ ਮੋਰਚੇਬੰਦੀ ਕਰਨ ਦਾ ਹੁਕਮ ਦਿਤਾ।

ਗੁਰੂ ਸਾਹਿਬ ਦਾ ਪਿਛਾ ਕਰਦੀ ਹੋਈ ਸ਼ਾਹੀ ਸੈਨਾ ਵੀ ਚਮਕੌਰ ਪੁਜ ਗਈ। ਉਸ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਜੰਗ ਸ਼ੁਰੂ ਹੋ ਗਈ।

---

*ਦੇਖੋ ਗਿ: ਅੰਮ੍ਰਿਤ ਦਿਸੰਬਰ ੧੯੭੧ ਸਫ਼ਾ ੨੫ ਲੇਖ ਸ: ਸ਼ਮਸ਼ੇਰ ਸਿੰਘ ਅਸ਼ੋਕ।

ਚਮਕੌਰ ਦੇ ਮੈਦਾਨੇ ਜੰਗ ਵਿਚ ਮੁਠੀ ਭਰ ਸਿੰਘਾਂ ਨੇ ਕਮਾਲ ਦਰਜੇ ਦੀ ਸੂਰਬੀਰਤਾ ਵਿਖਾਈ। ਇਕ ਇਕ ਸਿੰਘ ਹਜ਼ਾਰਾਂ ਦੁਸ਼ਮਣਾਂ ਨਾਲ ਲੜਕੇ ਸ਼ਹੀਦ ਹੋਇਆ । ਪਰ ਕਿਸੇ ਨੇ ਈਨ ਨਹੀਂ ਮੰਨੀ। ਇਸ ਜੰਗ ਵਿਚ ਸ੍ਰੀ ਦਸਮੇਸ਼ ਜੀ ਦੇ ਦੋ ਪਿਆਰੇ ਭਾਈ ਹਿੰਮਤ ਸਿੰਘ ਤੇ ਮੋਹਕਮ ਸਿੰਘ ਸ਼ਹੀਦ ਹੋ ਗਏ।

ਗੁਰੂ ਸਾਹਿਬ ਨੇ ਇਸ ਜੰਗ ਵਿਚ ਆਪਣੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ, ਜਿੰਨਾਂ ਦੀ ਉਮਰ ੧੯ ਸਾਲ ਦੀ ਸੀ ਤੇ ਉਨ੍ਹਾਂ ਤੋਂ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਨੂੰ ਜਿੰਨਾਂ ਦੀ ਉਮਰ ਚੌਦਾਂ ਸਾਲ ਸੀ, ਸ਼ਾਹੀ ਸੈਨਾ ਨਾਲ ਲੜਨ ਲਈ ਭੇਜਿਆ। ਪੂਜ-ਪਿਤਾ ਪਾਸੋਂ ਵਿਦਾ ਹੋਣ ਸਮੇਂ ਸਾਹਿਬ ਅਜੀਤ ਸਿੰਘ ਜੀ ਨੇ ਕਿਹਾ:—

ਮੈਂ ਨਾਮ ਕਾ ਅਜੀਤ ਜੀਤਾ ਨਾ ਜਾਊਂਗਾ।
ਜੀਤਾ ਤੋ ਖੈਰ ਹਾਰਕੇ ਜੀਤਾ ਨਾ ਆਊਂਗਾ।

ਦੋਹਾਂ ਸਾਹਿਬਜ਼ਾਦਿਆਂ ਨੇ ਕਈ ਦੁਸ਼ਮਨਾਂ ਨੂੰ ਤੀਰਾਂ ਨਾਲ ਵਿੰਨਕੇ ਅਤੇ ਕਈਆਂ ਨੂੰ ਤਲਵਾਰ ਨਾਲ ਝਟਕਾ ਕੇ ਵੀਰ ਗਤਿ ਪ੍ਰਾਪਤ ਕੀਤੀ।*

---

*ਚਮਕੌਰ ਦੇ ਸਾਕੇ ਬਾਰੇ ਇਕ ਮੁਸਲਮਾਨ ਕਵੀ ਅਰਸ਼ਦ ਗੋਰਗਾਨੀ ਨੇ 'ਜੌਹਰੇ ਤੇਗ' ਵਿਚ ਲਿਖਿਆ ਹੈ ਕਿ ਜੰਗ ਵਿਚੋਂ ਸਾਹਿਬ ਜੁਝਾਰ ਜੀ ਨੇ ਵਾਪਸ ਆ ਕੇ ਸ੍ਰੀ ਦਸਮੇਸ਼ ਜੀ ਤੋਂ ਪਾਣੀ ਮੰਗਿਆ। ਉਨ੍ਹਾਂ ਨੇ ਪਾਣੀ ਦੇਣ ਤੋਂ ਇਨਕਾਰ ਕੀਤਾ। ਇਹ ਗਲ ਕਿਸੇ ਸਿਖ ਇਤਿਸਹਾਕਾਰ ਨੇ ਨਹੀਂ ਲਿਖੀ। ਕਵੀ ਨੇ ਕਰਬਲਾ ਦੀ ਘਟਨਾ ਨਾਲ ਨਕਲ ਕੀਤੀ ਜਾਪਦੀ ਹੈ। ਜਿਸ ਵਿਚ ਇਰਾਕ ਦੇ ਹਾਕਮ ਯਜ਼ੀਦ ਨੇ ਖਿਲਾਫਤ ਝਗੜੇ ਕਾਰਨ ਇਰਾਕ ਦੇ ਦਰਿਆ ਫਰਾਤ ਦੇ ਕੰਢੇ ਕਰਬਲਾ ਦੇ ਮਕਾਮ ਪਰ ਸੰਨ ੫੧ ਹਿਜਰੀ ਵਿਚ ਹ: ਮੁਹੰਮਦ ਦੇ ਦੋਹਤੇ ਤੇ ਅਲੀ ਦੇ ਪੁਤਰ ਹੁਸੈਨ ਨੂੰ ਫੌਜ ਦੇ ਘੇਰੇ ਵਿਚ ਲੈ ਕੇ ਭੁਖੇ ਪਿਆਸੇ ਮਾਰਿਆ ਸੀ। (ਪ.ਸ.)

ਜਦ ਚਮਕੌਰ ਦੇ ਰਣਖੇਤਰ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਉਸ ਵਕਤ ਬਚੇ ਹੋਏ ਸਿੰਘਾਂ ਨੇ ਸ੍ਰੀ ਦਸਮ ਪਾਤਸ਼ਾਹ ਨੂੰ ਸਰਬ ਸੰਮਤੀ ਨਾਲ ਗੁਰਮਤਾ ਕਰਕੇ ਕਿਹਾ—'ਸਚੇ ਪਾਤਸ਼ਾਹ ! ਆਪ ਹੁਣ ਏਥੋਂ ਚਲੇ ਜਾਓ। ਕਿਉਂਕਿ ਆਪ ਦੀ ਜੀਵਨ ਛੋਹ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਅਨਗਿਣਤ ਸੂਰਬੀਰ ਤੇ ਸ਼ਹੀਦ ਪੈਦਾ ਹੋ ਸਕਦੇ ਹਨ। ਸਾਨੂੰ ਏਥੇ ਹੀ ਜੂਝਣ ਦਿਉ।

ਗੁਰੂ ਜੀ ਨੇ ਸਿੰਘਾਂ ਦੇ ਫੈਸਲੇ ਨੂੰ ਪ੍ਰਵਾਨ ਕੀਤਾ। ਭਾਈ ਜੀਊਣ ਸਿੰਘ ਨੂੰ ਕਿਹਾ—ਅੰਤਮ ਸੁਆਸਾਂ ਤੀਕ ਚੜ੍ਹਦੀ ਕਲਾ 'ਚ ਨਗਾਰਾ ਵਜਾਈ ਜਾਣਾ।' ਉਸ ਨੇ ਇਹੀ ਕੀਤਾ।

ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ—

ਦਯਾ ਸਿੰਘ ਅਰ ਧਰਮ ਸਿੰਘ ਮਾਨ ਸਿੰਘ ਤੀਜੋ ਬਰਬੀਰ।
ਸੰਗਤ ਸਿੰਘ ਸੰਤ ਸਿੰਘ ਪੰਚਮ, ਤਿਨਹੁ ਬਿਠਾਯੋ ਦੇ ਕਰ ਧੀਰ।
ਗੁਰਤਾ ਅਰਪਣ ਲਗੇ ਖਾਲਸੇ ਪੰਚ ਸਿੰਘ ਤਿਹ ਸੋਹਿ ਸਰੀਰ।
ਪੰਚਹੁ ਮਹਿ ਨਿਤ ਵਰਤਤ ਮੈਂ ਹੌਂ, ਪੰਚ ਮਿਲਹਿ ਸੋ ਪੀਰਨ ਪੀਰ।

(ਰੁਤ ੬ ਅੰਸੂ ੪੧)

ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਆਨੰਦ ਪੁਰ ਸਾਹਿਬ ਵਿਚ ਖੰਡੇ ਦਾ ਅੰਮ੍ਰਿਤ ਛਕਾ ਕੇ ਤੇ ਉਨ੍ਹਾਂ ਤੋਂ ਆਪ ਛਕ ਕੇ ਗੁਰਤਾ ਤਾਂ ਉਨ੍ਹਾਂ ਨੂੰ ਬਖਸ਼ ਹੀ ਦਿਤੀ ਸੀ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਸਮੇਂ ਪੰਜਾਂ ਸਿੰਘਾਂ ਨੂੰ ਸ਼ਸਤਰ ਤੇ ਬਸਤਰ ਭਾਈ ਸੰਤ ਸਿੰਘ ਨੂੰ ਜਿਗਾ ਕਲਗੀ ਦੇ ਕੇ ਗੜ੍ਹੀ ਤੇ ਜੰਗ ਦੀ ਕਮਾਨ ਸੌਂਪੀ ਹੈ। ਦੂਜੇ ਇਹ ਸਾਬਤ ਕੀਤਾ ਕਿ ਉਹ ਪੰਜਾਂ ਸਿੰਘਾਂ ਦੀ ਆਗਿਆ ਦਾ ਪਾਲਨ ਕਰਦੇ ਹੋਏ ਜਾ ਰਹੇ ਹਨ।

ਸ੍ਰੀ ਦਸਮੇਸ਼ ਜੀ ਰਾਤ ਦੇ ਸਮੇਂ ਘੋੜੇ ਪਰ ਸਵਾਰ ਹੋ ਕੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ। ਆਪ ਨੇ ਬੜੀ ਦਲੇਰੀ ਨਾਲ ਤਾੜੀ ਮਾਰ ਕੇ ਜ਼ੋਰ ਨਾਲ ਕਿਹਾ:—'ਗੁਰੂ ਚਲਿਆ ਜੇ।'

ਉਸ ਵਕਤ ਭਾਈ ਦਇਆ ਸਿੰਘ, ਧਰਮ ਸਿੰਘ ਮਨ ਸਿੰਘ ਨਾਲ ਸਨ। ਪਰ ਗੜ੍ਹੀ ਚੋਂ ਨਿਕਲਣ ਦੇ ਪਿਛੋਂ ਉਹ ਵੀ ਨਿਖੜ ਗਏ। ਪਹੁ ਫੁਟਦੀ ਨੂੰ ਕਿੜੀ ਪਿੰਡ ਪੁਜ ਗਏ। ਉਸ ਦੇ ਲਾਗੇ ਅਲਫੂ ਤੇ ਗਾਮੂੰ ਦੇ ਗੁਜਰਾਂ ਨੇ ਗੁਰੂ ਸਾਹਿਬ ਨੂੰ ਫੜਾਉਣਾ ਚਾਹਿਆ । ਆਪ ਨੇ ਉਨ੍ਹਾਂ ਨੂੰ ਝਟਕਾ ਦਿਤਾ। ਕਿੜੀ ਤੋਂ ਚਲ ਕੇ ਬਹਿਲੋਲ ਪੁਰ ਤੋਂ ਹੁੰਦੇ ਹੋਏ ਹੁਣ ਜਿਥੇ ਗੁਰਦਵਾਰਾ ਝਾੜ ਸਾਹਿਬ ਹੈ, ਜਾ ਪੁਜੇ । ਉਸ ਵਕਤ ਆਪ ਦੇ ਬਸਤਰ ਫਟੇ ਹੋਏ ਤੇ ਪੇਟੋਂ ਭੁਖੇ ਸਨ। ਚਰਨਾਂ ਵਿਚ ਜੋੜਾ ਨਹੀਂ ਸੀ। ਛਾਲੇ ਪਏ ਹੋਏ ਸਨ। ਕੰਡੇ ਲਗਣ ਕਰਕੇ ਲਹੂ ਵਗ ਰਿਹਾ ਸੀ । ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਸਤਿਗੁਰੂ ਨੇ ਉਸ ਵਕਤ ਇਹ ਸ਼ਬਦ ਉਚਾਰਨ ਕੀਤਾ:-

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ,
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ,
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਣਾ,
ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆਂ ਦਾ ਰਹਣਾ।

ਝਾੜ ਹੇਠਾਂ ਕੁਝ ਚਿਰ ਬਿਰਾਜ ਕੇ ਤੁਰ ਪਏ । ਮਾਛੀ ਵਾੜੇ ਦੇ ਬਾਗ ਵਿਚ ਆ ਟਿਕੇ । ਪਿਛੋਂ ਭਾਲ ਕਰਦੇ ਹੋਏ ਭਾਈ ਦਇਆ ਸਿੰਘ ਤੇ ਮਾਨ ਸਿੰਘ ਆ ਮਿਲੇ । ਉਸ ਵਕਤ ਜ਼ਖਮਾਂ ਦੇ ਕਾਰਨ ਮਹਾਰਾਜ ਤੋਂ ਤੁਰਿਆ ਨਹੀਂ ਸੀ ਜਾਂਦਾ । ਆਪ ਨੇ ਜਲ ਛਕਣ ਦੀ ਇਛਾ ਪ੍ਰਗਟ ਕੀਤੀ। ਭਾਈ ਮਾਨ ਸਿੰਘ ਆਪ ਨੂੰ ਮੋਂਢੇ ਉਤੇ ਚੁਕ ਕੇ ਖੂਹ ਉਤੇ ਲੈ ਗਏ। ਉਥੇ ਹਜ਼ੂਰ ਨੇ ਜਲ ਛਕਿਆ। ਇਸ ਥਾਂ ਗੁਰਦਵਾਰਾ ਚਰਨ ਕੰਵਲ ਮੌਜੂਦ ਹੈ।

ਮਾਛੀਵਾੜੇ ਵਿਚ ਗੁਲਾਬਾ ਮਸੰਦ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਆਇਆ ਅਤੇ ਚੁਬਾਰੇ ਵਿਚ ਨਿਵਾਸ ਕਰਾਇਆ। ਉਥੇ ਆਪ ਨੇ ਬੰਦੂਕ ਨਾਲ ਬਕਰਾ ਝਟਕਾਇਆ ਅਤੇ ਪ੍ਰਸ਼ਾਦ ਛਕਿਆ। ਮਾਛੀ ਵਾੜੇ ਵਿਚ ਗੁਰੂ ਜੀ ਦੇ ਸਾਦਿਕ ਗਨੀ ਖਾਂ ਤੇ ਨਬੀ ਖਾਂ ਮਹਾਰਾਜ ਨੂੰ ਮਿਲੇ। ਉਨ੍ਹਾਂ ਨੇ ਵੀ ਸੇਵਾ ਕੀਤੀ। ਉਥੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਕ ਖਤ ਲਿਖਿਆ, ਜਿਸ ਨੂੰ ਲੇਖਕ 'ਖਾਲਸਾ ਨਾਮਾ' ਕਹਿੰਦੇ ਹਨ। ਉਸ ਖਤ ਦੇ ੨੩ ਸ਼ਿਅਰ ਮਿਲਦੇ ਹਨ।* ਜਿਨ੍ਹਾਂ ਵਿਚੋਂ ਦੋ ਸ਼ਿਅਰ ਇਸ ਪ੍ਰਕਾਰ ਹਨ:—

੧—ਤੁਰਾ ਤੁਰਕ ਤਾਜ਼ੀ ਬਾਮਕਰੋ ਰਿਆ।
ਮਰਾ ਚਾਰਾ ਸਾਜ਼ੀ ਬਸਿਦਕੋ ਸਫ਼ਾ।

ਭਾਵ—ਹੇ ਬਾਦਸ਼ਾਹ! ਤੇਰੀ ਦੌੜ ਭੱਜ ਮਕਰ ਅਤੇ ਫਰੇਬ ਦੀ ਹੈ। ਮੇਰੀ ਸਚਿਆਈ ਅਤੇ ਸਿਦਕ ਦੀ ਹੈ।

੨—ਨਾ ਜ਼ੇਬਦ ਤੁਰਾ ਨਾਮੇ ਔਰੰਗਜ਼ੇਬ।
ਕਿ ਔਰੰਗਜ਼ੇਬਾਂ ਨਿਯਾਇਦ ਫ਼ਰੇਬ।

ਭਾਵ—ਤੈਨੂੰ ਔਰੰਗਜ਼ੇਬ ਨਾਮ ਸੋਭਦਾ ਨਹੀਂ, ਕਿਉਂਕਿ ਬਾਦਸ਼ਾਹਾਂ ਨੂੰ ਫਰੇਬ ਕਰਨਾ ਚੰਗਾ ਨਹੀਂ ਲਗਦਾ।

ਇਹ ਗੁਰੂ ਸਾਹਿਬ ਦੀ ਸਚਿਆਈ, ਨਿਰਭੈਤਾ ਅਤੇ ਚੜ੍ਹਦੀ ਕਲਾ ਦਾ ਸਬੂਤ ਹੈ। ਚਮਕੌਰ ਵਿਚ ਸਾਰੇ ਸਿੰਘ ਸ਼ਹੀਦੀ ਪਾ ਗਏ। ਮੁਗਲ ਸਿਪਾਹੀਆਂ ਨੇ ਭਾਈ ਸੰਤ ਸਿੰਘ ਦੇ ਸਿਰ ਉਤੇ ਕਲਗੀ ਵੇਖਕੇ ਗੁਰੂ ਗੋਬਿੰਦ ਸਮਝਕੇ ਬੜੀ ਖੁਸ਼ੀ ਕੀਤੀ ਤੇ ਉਸ ਦਾ ਸਿਰ

---

*ਇਹ ਖਤ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਕੋਲ ਸੀ। ਉਨ੍ਹਾਂ ਨੇ ਸੰਮਤ ੧੯੪੯ ਬਿ: ਵਿਚ ਬਾਬੂ ਜਗਨ ਨਾਥ ਦਾਸ ਰਤਨਕਾਰ ਨੂੰ ਉਤਾਰਾ ਕਰਵਾਇਆ। ਰਤਨਕਾਰ ਜੀ ਤੋਂ ਸਰਦਾਰ ਉਮਰਾਓ ਸਿੰਘ ਮਜੀਠੀਏ ਨੇ ਕਾਪੀ ਕੀਤੀ, ਜੋ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੈ।

ਘੇਰ ਲਿਆ ਪਰ ਪਿਛੋਂ ਉਨ੍ਹਾਂ ਨੂੰ ਇਹ ਪਤਾ ਲਗਾ ਕਿ ਗੁਰੂ ਸਾਹਿਬ ਬਚ ਕੇ ਨਿਕਲ ਗਏ ਹਨ। ਇਸ ਲਈ ਕਈ ਸਿਪਾਹੀ ਆਪ ਦੀ ਭਾਲ ਵਿਚ ਤੁਰ ਪਏ।

ਮਾਛੀਵਾੜੇ ਤੋਂ ਗੁਰੂ ਜੀ ਨੀਲੇ ਬਸਤਰ ਪਹਿਨਕੇ ਉਚ ਦਾ ਪੀਰ ਬਣ ਕੇ ਨਿਕਲੇ। ਉਸ ਵਕਤ ਗਨੀ ਖਾਂ ਨਬੀ ਖਾਂ ਭਾਈ ਮਾਨ ਸਿੰਘ ਭਾਈ ਧਰਮ ਸਿੰਘ ਵੀ ਨੀਲੇ ਲਿਬਾਸ ਵਿਚ ਮਹਾਰਾਜ ਦਾ ਪਲੰਘ ਚੁਕੀ ਜਾ ਰਹੇ ਸਨ। ਪੀਰ ਮੁਹੰਮਦ ਸਲੋਹ ਵਾਲਾ ਜਿਸ ਪਾਸੋਂ ਗੁਰੂ ਸਾਹਿਬ ਨੇ ਅਰਬੀ ਫ਼ਾਰਸੀ ਪੜ੍ਹੀ ਸੀ, ਸਯਦ ਅਨਾਯਤ ਅਲੀ ਨੂਰਪੁਰ ਅਤੇ ਸਯਦ ਹਸਨ ਅਲੀ ਮੋਠੂ ਮਾਜਰੀਆ ਵੀ ਨਾਲ ਸਨ। ਇਕੇ ਦੁਕੇ ਸ਼ਾਹੀ ਦਸਤੇ ਗੁਰੂ ਜੀ ਦੀ ਭਾਲ ਵਿਚ ਸਨ। ਰਸਤੇ ਵਿਚ ਇਕ ਦਲੇਲ ਖਾਂ ਮੁਗਲ ਸੈਨਕ ਨੇ ਵੇਖਕੇ ਕਿਹਾ–

''ਮੈਨੂੰ ਪੀਰ ਸਾਹਿਬ ਦੇ ਦੀਦਾਰ ਕਰਾਉ।'' ਇਸ ਪਰ ਗੁਰੂ ਜੀ ਕੁਝ ਠਹਿਰ ਗਏ। ਸਿੰਘਾਂ ਨੇ ਕ੍ਰਿਪਾਨ ਭੇਟ ਕਰਕੇ ਉਸ ਦਾ ਪ੍ਰਸ਼ਾਦਿ ਛਕਿਆ। ਪਰ ਦਲੇਲ ਖਾਂ ਜਾਂ ਮੁਗਲ ਸਿਪਾਹੀ ਆਪ ਨੂੰ ਪਛਾਣ ਨਹੀਂ ਸਕੇ। ਰਾਮ ਪੁਰ ਕਟਾਣੀ ਪੁਜ ਕੇ ਰਾਤ ਨੂੰ ਬਿਸਰਾਮ ਕੀਤਾ। ਦੂਜੇ ਦਿਨ ਇਥੋਂ ਗਨੀ ਖਾਂ ਤੇ ਨਬੀ ਖਾਂ ਨੂੰ ਪ੍ਰਸੰਨਤਾ ਨਾਲ ਇਕ ਹੁਕਮਨਾਮਾ ਦੇ ਕੇ ਵਾਪਸ ਕਰ ਦਿਤਾ। ਕਟਾਣੀ ਤੋਂ ਚਲ ਕੇ ਘੁੰਗਰਾਲੀ ਪਿੰਡ ਪੁਜੇ। ਉਥੇ ਇਕ ਮਿਸਤਰੀ ਨਥੂ ਨੇ ਆਪ ਦੀ ਸੇਵਾ ਵਿਚ ਸ਼ਸਤਰ ਪੇਸ਼ ਕੀਤੇ। ਇਸ ਤੋਂ ਉਪ੍ਰੰਤ ਪਿੰਡ ਹੇਅਰ ਪੁਜ ਗਏ। ਉਥੇ ਮਹੰਤ ਕ੍ਰਿਪਾਲ ਦਾਸ ਉਦਾਸੀ, ਜਿਸ ਨੇ ਭੰਗਾਣੀ ਦੇ ਜੰਗ ਵਿਚ ਆਪ ਦਾ ਸਾਥ ਦਿਤਾ ਸੀ, ਬੜੀ ਸੇਵਾ ਕੀਤੀ।

ਹੇਅਰਾਂ ਤੋਂ ਚਲਕੇ ਲੁਧਿਆਣੇ ਦੇ ਲਾਗੇ ਪਿੰਡ ਆਲਮਗੀਰ ਵਿਚ ਪੁਜੇ। ਇਥੇ ਭਾਈ ਮਨੀ ਸਿੰਘ ਦਾ ਵਡਾ ਭਰਾ ਨਗਾਹੀਆ ਸਿੰਘ ਪੁਤਰ ਸਮੇਤ ਮਹਾਰਾਜ ਨੂੰ ਮਿਲਿਆ। ਉਸ ਨੇ ਇਕ ਕੁਮੈਤੀ ਘੋੜਾ ਭੇਟਾ ਕੀਤਾ। ਗੁਰੂ ਸਾਹਿਬ ਨੇ ਨੀਲੇ ਬਸਤਰ ਉਤਾਰ ਦਿਤੇ।

ਘੋੜੇ ਤੇ ਆਲਗੀਰ ਤੋਂ ਚਲਕੇ ਰਸਤੇ ਦੇ ਕਈ ਪਿੰਡਾਂ ਵਿਚੋਂ ਹੁੰਦੇ ਹੋਏ ਰਾਇਕੋਟ ਜਾ ਬਿਰਾਜੇ । ਉਥੇ ਰਾਇ ਕਲੇ ਨੂੰ ਮਿਲੇ । ਉਸ ਨੇ ਬੜੇ ਪ੍ਰੇਮ ਨਾਲ ਆਪ ਦੀ ਸੇਵਾ ਕੀਤੀ ।

ਇਥੋਂ ਗੁਰੂ ਜੀ ਨੇ ਮਾਹੀ ਹਰਕਾਰੇ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲਿਆਉਣ ਲਈ ਸਰਹਿੰਦ ਭੇਜਿਆ । ਉਸ ਨੇ ਆ ਕੇ ਦਸਿਆ ਕਿ ਸਾਹਿਬਜ਼ਾਦੇ ਸ਼ਹੀਦ ਕਰ ਦਿਤੇ ਗਏ ਹਨ । ਇਹ ਵਾਰਤਾ ਸੁਣਕੇ ਆਪ ਕੁਝ ਸੋਚ ਰਹੇ ਸਨ। ਤੀਰ ਨਾਲ ਘਾਹ ਦਾ ਬੂਟਾ ਪੁਟ ਕੇ ਕਹਿਣ ਲਗੇ–'ਮੁਗਲ ਰਾਜ ਦੀ ਜੜ੍ਹ ਪੁਟੀ ਗਈ।'

ਰਾਇ ਕੋਟ ਤੋਂ ਚਲਕੇ ਕਈ ਪਿੰਡਾਂ ਨੂੰ ਤਾਰਦੇ ਹੋਏ ਕੋਟ ਕਪੂਰੇ ਪੁਜ ਗਏ। ਉਥੇ ਆਪ ਕਪੂਰੇ ਨੂੰ ਮਿਲੇ ਤੇ ਕਿਹਾ–'ਤੁਰਕਾਂ ਨਾਲ ਜੰਗ ਕਰਨ ਲਈ ਆਪਣੀ ਗੜ੍ਹੀ ਦਿਉ।' ਉਸ ਨੇ ਮੁਗਲਾਂ ਤੋਂ ਡਰ ਕੇ ਕਮ ਦਿਲੀ ਵਿਖਾਈ । ਗੁਰੂ ਸਾਹਿਬ ਨੂੰ ਗੜ੍ਹੀ ਦੇਣ ਤੋਂ ਇਨਕਾਰ ਕਰ ਦਿਤਾ। ਪਰ ਪਿਛੋਂ ਪਸਚਾਤਾਪ ਕੀਤਾ।

ਕੋਟ ਕਪੂਰੇ ਦੇ ਲਾਗੇ ਮਹਾਰਾਜ ਨੇ ਇਕ ਜੰਗਲ ਵਿਚ ਪੜਾ ਕੀਤਾ। ਉਥੇ ਖਾਲਸਾ ਇਕਤਰ ਹੋਇਆ । ਗੁਰੂ ਜੀ ਨੇ ਉਸ ਥਾਂ ਨੂੰ 'ਲੱਖੀ ਜੰਗਲ' ਕਿਹਾ ਅਤੇ ਉਥੇ ਪੰਜਾਬੀ ਵਿਚ ਇਕ ਸੱਦ ਉਚਾਰਨ ਕੀਤਾ–

ਸੁਣ ਕੇ ਸਦ ਮਾਹੀ ਦਾ ਮਹੀ ਪਾਣੀ ਘਾਹ ਮੁਤੋਨੇ।'

ਇਸ ਦੌਰਾਨ ਲਾਹੌਰ ਤੋਂ ਕੁਝ ਚੌਧਰੀ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ–'ਆਪ ਹੁਣ ਜੰਗ ਬੰਦ ਕਰ ਦਿਉ। ਅਸੀਂ ਸੁਲਾਹ ਕਰਵਾਉਣ ਲਈ ਤਿਆਰ ਹਾਂ ।' ਮਹਾਰਾਜ ਨੇ ਉਨ੍ਹਾਂ ਦੀ ਕੋਈ ਪ੍ਰਵਾਹ ਨਾ ਕੀਤੀ।

ਮੁਕਤਸਰ ਦਾ ਜੰਗ–

ਵੈਸਾਖ ਸੰਮਤ ੧੭੬੨ ਬਿ: ਨੂੰ ਗੁਰੂ ਸਾਹਿਬ ਖਿਦਰਾਣੇ ਦੀ ਢਾਬ ਲਾਗੇ ਠਹਿਰੇ ਸਨ । ਸੂਬਾ ਸਰਹਿੰਦ ਦੀ ਫੌਜ, ਪਿਛਾ

ਕਰਦੀ ਪੁਜ ਗਈ। ੨੧ ਵੈਸਾਖ ੧੭੬੨ ਨੂੰ ਢਾਬ ਦੇ ਕਿਨਾਰੇ ਸਿਖਾਂ ਤੇ ਮੁਗ਼ਲ ਸੈਨਾਂ ਦਾ ਭਾਰੀ ਜੁਧ ਹੋਇਆ। ਇਸ ਜੁਧ ਵਿਚ ਝਬਾਲ ਦੇ ਚੌਧਰੀ ਅਬਦੁਲ ਖੈਰ ਦੀ ਵੰਸ ਵਿਚੋਂ ਭਾਈ ਲੰਗਾਹਾ ਦੇ ਭਰਾ ਪੇਰੋ ਸ਼ਾਹ ਦੀ ਪੁਤਰੀ ਮਾਈ ਭਾਗੋ, ਭਾਈ ਮਹਾਂ ਸਿੰਘ ਨਗਰ ਸੁਰ ਸਿੰਘ* ਦੀ ਜਥੇਦਾਰੀ ਹੇਠ ਅਨੰਦਪੁਰ ਤੋਂ ਬੇਦਾਵਾ ਦੇ ਕੇ ਆਏ ਸਿੰਘਾਂ ਨੂੰ ਨਾਲ ਲੈ ਕੇ ਪੁਜੀ। ਇਨ੍ਹਾਂ ਸਿੰਘਾ ਨੇ ਮੁਗਲ ਸੈਨਾ ਨਾਲ ਮਾਰਕੇ ਦੀ ਜੰਗ ਕਰਦੇ ਹੋਏ ਸ਼ਹੀਦੀਆਂ ਪਾਈਆਂ।

ਭਾਈ ਮਹਾਂ ਸਿੰਘ ਜੀ ਅਜੇ ਸਿਸਕ ਰਹੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੁਛਿਆ–

'ਕਿਸੇ ਗਲ ਦੀ ਇਛਿਆ ਹੈ ?'

ਭਾਈ ਸਾਹਿਬ–'ਸਚੇ ਪਾਤਸ਼ਾਹ, ਸਾਡਾ ਬੇਦਾਵਾ ਫਾੜ ਦਿਓ।'

ਗੁਰੂ ਜੀ ਨੇ ਬੇਦਾਵਾ ਫਾੜ ਦਿਤਾ ਤੇ ਕਿਹਾ–ਤੁਸੀਂ ਟੁਟੀ ਗੰਢ ਲਈ ਹੈ।' ਜੰਗ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਮੁਕਤੇ ਦੀ ਪਦਵੀ ਬਖਸ਼ੀ।

ਈਸਾ ਦੇ ਸ਼ਗਿਰਦਾਂ ਨੇ ਵੀ ਬਿਪਤਾ ਸਮੇਂ ਉਸ ਦਾ ਸਾਥ ਛੋੜਿਆ ਸੀ, ਪਰ ਉਹ ਮੁੜ ਕੇ ਨਹੀਂ ਮਿਲੇ। ਇਹ ਕਲਗੀਧਰ ਦੀ ਦਿਲ ਖਿਚਵੀਂ ਮਹਾਨ ਸ਼ਖਸੀਅਤ ਸੀ, ਜਿਸ ਨੇ ਬੇਮੁਖਾਂ ਨੂੰ ਸਨਮੁਖ ਜੂਝਣ ਲਈ ਪ੍ਰੇਰਨਾ ਦਿਤੀ। ਸ਼ਹੀਦਾਂ ਦੀ ਆਤਮਾ ਸੁਰਖਰੂ ਹੋ ਕੇ ਸਚਖੰਡ ਵਿਚ ਗਈ।

ਖਿਦਰਾਣੇ ਦੀ ਢਾਬ ਦੇ ਕੰਢੇ ਸ਼ਹੀਦਾਂ ਸਿੰਘਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਗੁਰੂ ਜੀ ਨੇ ਇਸ ਦਾ ਨਾਂ ਮੁਕਤਸਰ

---

*ਭਾਈ ਮਹਾਂ ਸਿੰਘ ਜੀ ਦਾ ਪਹਿਲਾ ਨਗਰ ਸੁਰ ਸਿੰਘ ਸੀ। ਇਥੇ ਇਨ੍ਹਾਂ ਦਾ ਖਾਨਦਾਨ ਤੇ ਇਕ ਧਰਮਸਾਲਾ ਮੌਜੂਦ ਹੈ। ਰਟੌਲ ਜ਼ਿਲਾ ਅੰਮ੍ਰਿਤਸਰ ਵਿਚ ਆਪਦੇ ਨਾਨਕੇ ਸਨ। ਪ. ਸ.

ਰਖਿਆ । ਇੰਨਾਂ ਸ਼ਹੀਦਾਂ ਦੀ ਯਾਦ ਵਿਚ ਮਾਘੀ ਦਾ ਮੇਲਾ ਹੁੰਦਾ ਹੈ ।

ਮੁਕਤਸਰ ਦੇ ਇਲਾਕੇ ਵਿਚ ਹੀ ਇਕ ਸਯਦ ਮਹਿਮੀ ਸ਼ਾਹ ਅੰਮ੍ਰਿਤ ਛਕ ਕੇ ਅਜਮੇਰ ਸਿੰਘ ਸਜਿਆ । ਜਿਸ ਬਾਰੇ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ :–

ਸ੍ਰੀ ਮੁਖ ਤੇ ਤਬ ਨਾਮ ਉਚਰਯੋ ।
ਸ਼ੁਭ ਅਜਮੇਰ ਸਿੰਘ ਤਿਹ ਕਰਯੋ ।

ਜ਼ਫ਼ਰਨਾਮਾ ਲਿਖਣਾ–

ਗੁਰੂ ਜੀ ਨੂੰ ਮਾਲਵੇ ਵਿਚ ਹੀ ਮੁਲਾਕਾਤ ਲਈ ਔਰੰਗਜ਼ੇਬ ਦਾ ਖਤ ਮਿਲਿਆ, ਜਿਸ ਦੇ ਉਤਰ ਵਿਚ ਆਪ ਨੇ ਕਾਂਗੜੇ ਤੋਂ ਜ਼ਫ਼ਰਨਾਮਾ ਲਿਖਿਆ ।

ਜ਼ਫ਼ਰਨਾਮੇ ਦੇ ਅਰਥ ਹਨ–ਜਿੱਤ ਪਤ੍ਰ । ਇਹ ਭਾਈ ਦਇਆ ਸਿੰਘ ਤੇ ਪੰਜ ਸਿੰਘਾਂ ਦੇ ਹੱਥ ਬਾਦਸ਼ਾਹ ਨੂੰ ਭੇਜਿਆ । ਜ਼ਫ਼ਰਨਾਮਾ ਸ੍ਰੀ ਦਸਮੇਸ਼ ਜੀ ਦੀ ਅਲੌਕਕ ਵੀਰਤਾ, ਦ੍ਰਿੜ ਵਿਸ਼ਵਾਸ਼ ਤੇ ਚੜ੍ਹਦੀ ਕਲਾ ਦਾ ਸਬੂਤ ਹੈ। ਉਸ ਚੋਂ ਕੁਝ ਸ਼ਿਅਰ ਇਸ ਪ੍ਰਕਾਰ ਹਨ :–

੧–ਹਕੇ ਯਾਰ ਬਾਸ਼ਦ, ਚਿਹ ਦੁਸ਼ਮਨ ਕੁਨੱਦ।
ਅਗਰ ਦੁਸ਼ਮਨੀ ਰਾ, ਬਿੱਹ ਸਦ ਤਨ ਕੁਨੱਦ।

ਜੇ ਵਾਹਿਗੁਰੂ ਮਿਤਰ ਹੋਵੇ ਤਾਂ ਵੈਰੀ ਸੌ ਗੁਣਾਂ ਹੋ ਕੇ ਵੀ ਕੁਝ ਨਹੀਂ ਕਰ ਸਕਦਾ।

੨–ਕਿ ਬਖਸ਼ਸ਼ ਕਬੀਰ ਅਸਤ ਦਰਜੰਗੇ ਕੋਹ ।
ਮਲਾਇਕ ਸਿਫ਼ਤ ਚੋ ਸਰੱਈਆ ਸ਼ਿਕੋਹ ।
ਕਿ ਰੋਸ਼ਨ ਜ਼ਮੀਰ, ਅਸਤੋ, ਹੁਸਨਲ ਜ਼ਮਾਲ ।
ਖ਼ੁਦਾ ਵੰਦ, ਬਖਸ਼ਿੰਦਹ, ਏ ਮੁਲ ਕੋ ਮਾਲ।

ਅਕਾਲ ਪੁਰਖ ਦੀ ਕਿਰਪਾ ਨਾਲ ਮੈਨੂੰ ਸ਼ਕਤੀ, ਧਨ ਅਤੇ ਧਰਤੀ ਮਿਲੇ ਹਨ ਤੇ ਮੈਂ ਪਰਬਤ (ਸ਼ਿਵਲਾਕ) ਵਿਖੇ ਇਕ ਅਜੇਹੀ

ਸੈਨਾ ਤਿਆਰ ਕਰ ਲਈ ਹੈ, ਜਿਸ ਦਾ ਹਰੇਕ ਸੈਨਕ ਦੈਵੀ ਗੁਣਾਂ ਦਾ ਮਾਲਕ ਹੈ, ਅਤੇ ਉਸ ਦੀ ਸ਼ਾਨ ਤਾਰਿਆਂ ਨਾਲੋਂ ਉਚੀ ਹੈ।

੩–ਚਮਕੌਰ ਦੇ ਜੰਗ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ :–

ਗਰੁਸਨਾ ਚਿਹ ਕਾਰੇ ਕਰਦ ਚਹਲ ਨਰ ।
ਕਿ ਦਹ ਲਕ ਬਰਆਇਦ ਬਰੋ ਬੇ ਖਬਰ ।

ਅਰਥ–ਚਾਲੀ ਭੁਖੇ ਭਾਣੇ ਕੀ ਕਰਦੇ, ਜਦ ਕਿ ਉਨ੍ਹਾਂ ਪਰ ਅਚਨਚੇਤ ਦਸ ਲਖ ਸੈਨਕਾਂ ਨੇ ਹਮਲਾ ਕਰ ਦਿਤਾ।

੪–ਜ਼ਫ਼ਰਨਾਮੇ ਵਿਚ ਔਰੰਗਜ਼ੇਬ ਦੇ ਕਈ ਗੁਣਾਂ ਦੀ ਤਾਰੀਫ ਵੀ ਕੀਤੀ ਹੈ। ਪਰ ਉਸ ਨੂੰ ਨਿਰਭੈਤਾ ਨਾਲ ਲਿਖਿਆ ਹੈ:–

'ਮਰਾ ਇਤਬਾਰੇ ਬਰੀਂ ਹਲਫ ਨੇਸਤ।
ਕਿ ਏਜ਼ਦ ਗਵਾਹ ਅਸਤੋ ਯਜ਼ਦਾਂ ਯਕੇਸ਼ਤ।

ਭਾਵ–ਈਸ਼ਵਰ ਇਕ ਹੈ। ਮੈਂ ਉਸ ਨੂੰ ਸਾਖੀ ਰਖਕੇ ਕਹਿੰਦਾ ਹਾਂ ਕਿ ਮੈਨੂੰ ਤੇਰੀ ਕਸਮ ਤੇ ਕੋਈ ਯਕੀਨ ਨਹੀਂ।

੫–ਘਰ ਘਾਟ ਬਰਬਾਦ ਤੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਜਾਣ ਦੇ ਬਾਅਦ ਜ਼ਫਰਨਾਮੇ ਵਿਚ ਗੁਰੂ ਦੇਵ ਨੇ ਔਰੰਗਜ਼ੇਬ ਨੂੰ ਲਿਖਿਆ :–

ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ ।

ਭਾਵਾਰਥ–ਕੀ ਹੋਇਆ ਮੇਰੇ ਚਾਰ ਪੁਤਰ ਮਾਰੇ ਗਏ ਹਨ। ਕੁੰਡਲੀਆਂ ਨਾਗ ਉਸੇ ਤਰ੍ਹਾਂ ਕਾਇਮ ਹੈ।

–o–

ਇਕਤਾਲੀਵਾਂ ਵਿਆਖਿਆਨ

ਸਾਬੋਕੀ ਤਲਵੰਡੀ ਵਿਚ ਨਿਵਾਸ, ਅੰਮ੍ਰਿਤ ਪ੍ਰਚਾਰ, ਦਿਲੀਉਂ ਮਹਲਾਂ ਦਾ ਆਉਣਾ। ਬੀੜ ਲਿਖਵਾਉਣੀ, ਡਲੇ ਦੀ ਪ੍ਰੀਖਿਆ, ਰਾਜਸਥਾਨ ਨੂੰ ਕੂਚ

ਮੁਕਤਸਰ ਦੇ ਜੰਗ ਦੇ ਬਾਅਦ ਮਾਲਵੇ ਦੇ ਅਨੇਕਾਂ ਨਗਰਾਂ ਨੂੰ ਤਾਰਦੇ ਹੋਏ ਸ੍ਰੀ ਦਸਮੇਸ਼ ਜੀ ਸਾਬੋਕੀ ਤਲਵੰਡੀ ਵਿਚ ਪੁਜੇ। ਜਿਸ ਨੂੰ ਦਮਦਮਾ ਸਾਹਿਬ ਕਹਿੰਦੇ ਹਨ। ਸਾਬੋਕੀ ਤਲਵੰਡੀ ਵਿਚ ਮਹਾਰਾਜ ਕੋਈ ਸਵਾ ਨੌਂ ਮਹੀਨੇ ਬਿਰਾਜੇ। ਇਥੇ ਅੰਮ੍ਰਿਤ ਪ੍ਰਚਾਰ ਹੋਇਆ। ਇਕ ਲਖ ਵੀਹ ਹਜ਼ਾਰ ਸਿੰਘਾਂ ਨੇ ਅੰਮ੍ਰਿਤ ਪਾਨ ਕੀਤਾ। ਟਰੇਪ

ਇਕ ਦਿਨ ਗੁਰੂ ਜੀ ਦਮਦਮੇ ਸਾਹਿਬ ਦੀਵਾਨ ਵਿਚ ਸਜੇ ਹੋਏ ਸਨ ਡਲੇ ਨੇ ਕਿਹਾ--'ਜੇ ਆਪ ਜੰਗ ਸਮੇਂ ਮੈਨੂੰ ਤੇ ਮੇਰੇ ਸਾਥੀਆਂ ਨੂੰ ਯਾਦ ਕਰਦੇ, ਤਾਂ ਅਸੀਂ ਵਧ ਚੜ੍ਹ ਕੇ ਸੇਵਾ ਕਰਦੇ।'

ਹਜ਼ੂਰ ਨੇ ਦੂਜੇ ਦਿਨ ਇਕ ਬੰਦੂਕ ਮੰਗਵਾਈ। ਡਲੇ ਨੂੰ ਕਹਿਣ ਲਗੇ--'ਇਸ ਦਾ ਨਿਸ਼ਾਨਾ ਪਰਖਣ ਲਈ ਤੇਰਾ ਇਕ ਜਵਾਨ ਚਾਹੀਦਾ ਹੈ।' ਡਲੇ ਨੇ ਉਤਰ ਦਿਤਾ ਜੰਗ ਸਮੇਂ ਯਾਦ ਕਰਦੇ ਤਦ ਹਾਜ਼ਰ ਸਾਂ। ਇਸ ਤਰ੍ਹਾਂ ਕੌਣ ਮਰ ਸਕਦਾ ਹੈ?' ਡਲੇ ਦੇ ਸਾਥੀ ਮੂਧੀਆਂ ਪਾ ਕੇ ਬੈਠੇ ਰਹੇ। ਗੁਰੂ ਜੀ ਨੇ ਘੋੜਿਆਂ ਦੇ ਇਕ ਸੇਵਾਦਾਰ ਨੂੰ ਸਦਣ ਲਈ ਹੁਕਮ ਦਿਤਾ। ਭਾਈ ਬੀਰ ਸਿੰਘ

ਤੇ ਉਨ੍ਹਾਂ ਦੇ ਪਿਤਾ ਹਾਜ਼ਰ ਹੋਏ। ਦੋਹਾਂ ਨੇ ਛਾਤੀ ਤਾਣ ਦਿਤੀ। ਹਜ਼ੂਰ ਨੇ ਗੋਲੀ ਚਲਾਈ ਜੋ ਉਨ੍ਹਾਂ ਦੇ ਸਿਰਾਂ ਤੋਂ ਲੰਘ ਗਈ।* ਗਿਆਨੀ ਸਿੰਘ ਜੀ ਲਿਖਦੇ ਹਨ ਕਿ ਹਜ਼ੂਰ ਨੇ ਬਚਨ ਕੀਤਾ–

ਅਹੋ ਸਿਖ ਤੈਂ ਰਾਖੀ ਸਿਖੀ। ਖੰਡਿਓਂ ਤਿਖੀ ਵਾਲਹੁ ਨਿਕੀ।
ਤੁਮ ਰੰਘਰੇਟੇ ਗੁਰ ਕੇ ਬੇਟੇ । ਰਹੋ ਪੰਥ ਕੇ ਸੰਗ ਅਮੇਟੇ।

ਗੁਰੂ ਜੀ ਨੇ ਡਲੇ ਦਾ ਹੰਕਾਰ ਦੂਰ ਕਰ ਦਿਤਾ। ਉਹ ਭੀ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ।

ਦਮਦਮੇ ਸਾਹਿਬ ਹੀ ਗੁਰੂ ਕੇ ਮਹਿਲ ਦਿਲੀਓਂ ਆਏ । ਉਨ੍ਹਾਂ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਮਾਤਾ ਜੀ ਦਾ ਚਲਾਣਾ ਸੁਣ ਕੇ ਵੈਰਾਗ ਕੀਤਾ। ਸਚੇ ਪਾਤਸ਼ਾਹ ਨੇ ਉਨ੍ਹਾਂ ਨੂੰ ਧੀਰਜ ਦਿਤਾ ਤੇ ਕਿਹਾ–

'ਸ਼ੋਕ ਕਰਨ ਦੀ ਕੋਈ ਲੋੜ ਨਹੀਂ। ਮੇਰਾ ਪੁਤਰ ਪੰਥ ਖਾਲਸਾ ਜੀਉਂਦਾ ਹੈ।' ਇਕ ਕਵੀ ਨੇ ਲਿਖਿਆ ਹੈ ਕਿ ਸ੍ਰੀ ਦਸਮੇਸ਼ ਜੀ ਨੇ ਸਿੰਘਾਂ ਵਲ ਇਸ਼ਾਰਾ ਕਰਕੇ ਕਿਹਾ:–

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਨ ਕਈ ਹਜ਼ਾਰ।

---

*ਸਾਬੋਕੀ ਤਲਵੰਡੀ ਵਿਚ ਸਿੰਘਾਂ ਪਾਸ ਇਕ ਬੰਦੂਕ ਹੈ, ਜਿਸ ਨੂੰ ਰਾਇ ਡਲੇ ਦੀ ਪ੍ਰੀਖਿਆ ਵਾਲੀ ਬੰਦੂਕ ਦਸਿਆ ਜਾਂਦਾ ਹੈ। ਪਰ ਇਸ ਦੇ ਘੋੜੇ ਲਾਗੇ ਸੰਮਤ ੧੮੧੮ ਉਕਰਿਆ ਹੋਇਆ ਹੈ। ਇਸ ਲਈ ਇਹ ਬੰਦੂਕ ਦਸਮੇਸ਼ ਜੀ ਦੀ ਨਹੀਂ ਜਾਪਦੀ।

(ਦੇਖੋ ਇਤਿਹਾਸਕ ਪਤ੍ਰ ਸੈਂਚੀ ਅੰਕ ੩ ਪੰਨਾ ੧੮)
ਸਾਲ ੧੯੪੯-੫੦

ਤਖਤ ਕੇਸ ਗੜ੍ਹ ਵਿਖੇ ਵੀ ਇਕ ਬੰਦੂਕ ਹੈ, ਜਿਸ ਉਤੇ ਨੰਬਰ ੨੦੪ ਐਚ. ਪੀ. ਲਿਖਿਆ ਹੋਇਆ ਹੈ।

ਸਾਬੋਕੀ ਤਲਵੰਡੀ ਵਿਚ ਹੀ ਸ੍ਰੀ ਦਸਮੇਸ਼ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਅੰਤਰ ਧਿਆਨ ਹੋ ਕੇ ਅਨੁਭਵ ਪ੍ਰਕਾਸ਼ ਨਾਲ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬੀੜ ਲਿਖਵਾਈ, ਜਿਸ ਨੂੰ 'ਦਮਦਮੀ ਬੀੜ' ਕਹਿੰਦੇ ਹਨ। ਇਸ ਦੇ ਚਾਰ ਉਤਾਰੇ ਕੀਤੇ ਗਏ । ਜੋ ਚਾਰ ਤਖਤਾਂ ਪਰ ਭੇਜੇ ਗਏ।

ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਨੂੰ ਗੁਰੂ ਸਾਹਿਬ ਨੇ ਗੁਰੂ ਕੀ ਕਾਂਸ਼ੀ (ਵਿਦਿਅਕ ਟਕਸਾਲ) ਹੋਣ ਦਾ ਵਰ ਦਿਤਾ । ਇਕ ਦਿਨ ਦੀਵਾਨ ਵਿਚ ਸਜੇ ਹੋਏ ਕਲਮਾਂ ਘੜਕੇ ਸੁਟੀਆਂ । ਸਿੰਘਾਂ ਨੇ ਬੇਨਤੀ ਕੀਤੀ-

'ਸਚੇ ਪਾਤਸ਼ਾਹ ! ਕਲਮਾਂ ਸੁਟਣ ਦਾ ਕੀ ਮਕਸਦ ਹੈ ? ਗੁਰੂ ਜੀ ਨੇ ਕਿਹਾ-ਸਾਡਾ ਕੋਈ ਸਿਖ ਅਨਪੜ੍ਹ ਨਹੀਂ ਹੋਣਾ ਚਾਹੀਦਾ । ਉਸ ਨੂੰ ਲਿਖਣਾ ਪੜ੍ਹਨਾ ਜ਼ਰੂਰ ਆਉਣਾ ਚਾਹੀਦਾ ਹੈ।'

ਨੌਂ ਮਹੀਨੇ ਤੋਂ ਵਧੀਕ ਦਮਦਮਾ ਸਾਹਿਬ ਸਾਬੋਕੀ ਤਲਵੰਡੀ ਵਿਚ ਨਿਵਾਸ ਕਰਨ ਦੇ ਉਪ੍ਰੰਤ ਜਦ ਗੁਰੂ ਜੀ ਦਖਣ ਨੂੰ ਤਿਆਰ ਹੋਏ ਤਾਂ ਬੈਰਾੜਾਂ ਨੇ ਕਿਹਾ-'ਸਾਨੂੰ ਤਲਬਾਂ ਦੇ ਕੇ ਜਾਓ ।' ਗੁਰੂ ਜੀ ਨੇ ਉਤਰ ਦਿਤਾ, 'ਇਸ ਵਕਤ ਮਾਇਆ ਸਾਡੇ ਪਾਸ ਹੈ ਨਹੀਂ । ਸਾਰਿਆਂ 'ਚੋਂ ਦਾਨ ਸਿੰਘ ਸਿਦਕ ਵਿਚ ਸਾਬਤ ਰਿਹਾ । ਉਸ ਨੇ ਤਲਬ ਨਹੀਂ ਮੰਗੀ । ਹਜ਼ੂਰ ਨੇ ਫੁਰਮਾਇਆ-'ਦਾਨ ਸਿੰਘ ਤੂੰ ਬਰਾੜਾਂ ਦੀ ਲਾਜ ਰਖ ਲਈ ਹੈ ।' ਮਾਇਆ ਆ ਗਈ, ਤਲਬਾਂ ਦਿਤੀਆਂ ਗਈਆਂ।

ਪਿਛੇ ਦਸ ਆਏ ਹਾਂ ਕਿ ਕਾਂਗੜ ਦੀਨੇ ਤੋਂ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਂ ਇਕ ਖਤ ਅਰਥਾਤ 'ਜ਼ਫਰਨਾਮਾਂ' ਲਿਖਿਆ । ਉਹ ਲੈ ਕੇ ਭਾਈ ਦਯਾ ਸਿੰਘ ਪੰਜ ਸਾਥੀਆਂ ਸਮੇਤ ਬਾਦਸ਼ਾਹ ਪਾਸ ਜਾ ਪੁਜੇ।

ਔਰੰਗਾਬਾਦ ਦਖਣ ਵਿਚ ਔਰੰਗਜ਼ੇਬ ਨੂੰ ਗੁਰੂ ਜੀ ਦਾ

ਜ਼ਫਰਨਾਮਾ ਮਿਲਿਆ। ਉਸ ਨੇ ਮੁਨਅੱਮ ਖਾਂ ਵਜ਼ੀਰ ਨੂੰ ਚਿਲੀ ਚਿਠ ਲਿਖੀ। ਇਹ ਮੁਹੰਮਦ ਬੇਗ ਗੁਰਜ਼ ਬਰਦਾਰ ਤੇ ਸ਼ੇਖ ਯਾਰ ਮੁਹੰਮਦ ਦੇ ਸਪੁਰਦ ਕੀਤੀ ਗਈ । ਇਸ ਵਿਚ ਦਰਜ ਸੀ ਕਿ ਗੁਰੂ ਜੀ ਨੂੰ ਤੰਗ ਨਾ ਕੀਤਾ ਜਾਵੇ, ਉਹਨਾਂ ਦੀ ਜ਼ਬਤ ਜਾਇਦਾਦ ਵਿਚੋਂ ਖਰਚ ਲਈ ਰੁਪਿਆ ਦਿਤਾ ਜਾਵੇ ਤੇ ਉਨ੍ਹਾਂ ਨੂੰ ਦਖਣ ਆਉਣ ਲਈ ਕਿਹਾ ਜਾਵੇ ।

ਗੁਰੂ ਜੀ ੫ ਕਤਕ ੧੭੬੨ ਨੂੰ ਸਾਬੋਕੀ ਤਲਵੰਡੀ ਤੋਂ ਰਾਜਪੂਤਾਨੇ ਵਲ ਚਲ ਪਏ । ਰਿਆਸਤ ਜੈਪੁਰ ਵਿਖੇ ਦਾਦੂਦਵਾਰੇ ਦੇ ਮਹੰਤ ਜੈਤ ਰਾਮ ਨੂੰ ਮਿਲੇ । ਉਸ ਨੂੰ ਸੂਰਮਤਾਈ ਦਾ ਉਪਦੇਸ਼ ਕੀਤਾ । ਬਘੌਰ ਵਿਚ ਭਾਈ ਦਯਾ ਸਿੰਘ ਜੀ ਮਹਾਰਾਜ ਨੂੰ ਆ ਕੇ ਮਿਲੇ ।

ਜਾਜੂ ਦੀ ਜੰਗ--

ਫਰਵਰੀ ੧੭੦੭ ਵਿਚ ਔਰੰਗਜ਼ੇਬ ਮਰ ਗਿਆ । ਉਸ ਦੇ ਪੁਤਰਾਂ ਸ਼ਾਹਜ਼ਾਦਾ ਮੁਅੱਜ਼ਮ ਤੇ ਤਾਰਾ ਆਜ਼ਮ ਵਿਚਕਾਰ ਤਖਤ ਲਈ ਝਗੜਾ ਹੋਇਆ । ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਦੀ ਰਾਹੀਂ ਗੁਰੂ ਜੀ ਤੋਂ ਸਹਾਇਤਾ ਮੰਗੀ। ਉਹ ਆਪਣੇ ਪਿਓ ਨਾਲੋਂ ਖੁਲ੍ਹ ਦਿਲਾ ਤੇ ਚੰਗਾ ਸੀ। ਇਸ ਲਈ ਗੁਰੂ ਜੀ ਨੇ ਉਸ ਦੀ ਮਦਦ ਕੀਤੀ। ਭਾਈ ਧਰਮ ਸਿੰਘ ਦੀ ਜਥੇਦਾਰੀ ਹੇਠ ਇਕ ਜਥਾ ਸਹਾਇਤਾ ਲਈ ਭੇਜਿਆ। ਜਾਜੂ ਦੇ ਮੁਕਾਮ ਤੇ ਦੋਹਾਂ ਭਰਾਵਾਂ ਦਾ ਜੰਗ ਹੋਇਆ, ਜਿਸ ਵਿਚ ਤਾਰਾ ਆਜ਼ਮ ਮਾਰਿਆ ਗਿਆ । ਮੁਅੱਜ਼ਮ ਬਹਾਦਰ ਸ਼ਾਹ ਨਾਂ ਤੇ ਦਿੱਲੀ ਦਾ ਬਾਦਸ਼ਾਹ ਬਣਿਆ ।

ਗੁਰੂ ਜੀ ਦੀ ਬਹਾਦਰ ਸ਼ਾਹ ਨਾਲ ਮੁਲਾਕਾਤ--

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਪਹਿਲੀ ਮੁਲਾਕਾਤ ੨੩ ਸਾਵਣ ਸੰਮਤ ੧੭੬੪ ਮੁਤਾਬਕ ੨੪ ਜੁਲਾਈ ੧੭੦੭ ਈ: ਨੂੰ ਆਗਰੇ ਵਿਚ ਹੋਈ । ਇਸ ਦਾ ਜ਼ਿਕਰ ਬਹਾਦਰ

ਸ਼ਾਹ ਦੇ ਰੋਜ਼ਨਾਮਚੇ ਵਿਚ ਮਿਲਦਾ ਹੈ। ਉਹ ਰਿਆਸਤ ਜੈ ਪੁਰ ਦੇ ਪੁਰਾਣੇ ਰੀਕਾਰਡ ਵਿਚ ਮੌਜੂਦ ਹੈ। ਉਸ ਵਿਚ ਲਿਖਿਆ ਹੈ–

'ਗੋਬਿੰਦ ਨਾਨਕੀ ਬਮੂਜਬ ਹੁਕਮ ਬ ਯਰਾਕ੧
ਆਮਦਹ ਮੁਲਾਜ਼ਮਤ੨ ਕਰਦਹ ਯਕ ਸਦ੩
ਅਸ਼ਰਫ਼ੀ ਨਿਆਜ਼੪ ਗੁਜ਼ਾਰੀਨਦ ਖਿਲਅਤ੫
ਵ ਪਦਕ ਮੁਰੱਸਾ ਇਨਆਮ ਰੁਖ਼ਸਤ ਸ਼ੁਦ।

ਭਾਵ--ਗੁਰੂ ਨਾਨਕ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਾਦਸ਼ਾਹ ਦੇ ਹੁਕਮ ਦੇ ਮੁਤਾਬਕ ਹਥਿਆਰ ਬੰਦ ਹੋ ਕੇ ਉਸ ਨਾਲ ਮੁਲਾਕਾਤ ਕੀਤੀ। ਇਕ ਸੌ ਮੋਹਰ ਬਾਦਸ਼ਾਹ ਨੂੰ ਦਿਤੀ। ਬਾਦਸ਼ਾਹ ਨੇ ਅਗੋਂ ਉਨ੍ਹਾਂ ਨੂੰ ਸਰੋਪਾ ਤੇ ਇਕ ਜੜਾਊ ਖੜਾਂਵ ਭੇਟ ਕੀਤੀ ਤੇ ਵਿਦਾ ਕੀਤਾ।

ਇਤਿਹਾਸਕਾਰ ਲਿਖਦੇ ਹਨ–

ਆਗਰੇ ਵਿਚ ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਗਲਬਾਤ ਕਰਦੇ ਹੋਏ ਪੁਛਿਆ–

'ਕਿਹੜਾ ਮਜ਼ਬ ਚੰਗਾ ਹੈ, ਜਿਸ ਨੂੰ ਕਬੂਲ ਕਰਕੇ ਮਨੁਖ ਗੁਨਾਹ ਕਰਕੇ ਵੀ ਬਖਸ਼ਿਆ ਜਾ ਸਕਦਾ ਹੈ?'

ਗੁਰੂ ਜੀ ਨੇ ਉਤਰ ਦਿਤਾ–'ਹਰ ਮਨੁਖ ਸ਼ੁਭ ਕਰਨੀ ਨਾਲ ਰੱਬ ਦੀ ਦਰਗਾਹ ਵਿਚ ਕਬੂਲ ਹੁੰਦਾ ਤੇ ਉਸ ਦੇ ਗੁਨਾਹ ਬਖਸ਼ੇ ਜਾਂਦੇ ਹਨ। ਕੋਈ ਕਲਮਾਂ ਜਾਂ ਮੰਤ੍ਰ ਪੜ੍ਹਨ ਨਾਲ ਕੋਈ ਬਖਸ਼ਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਖੋਟੇ ਸਿਕੇ ਪਰ ਕਲਮਾਂ ਲਿਖਿਆ ਹੋਵੇ ਤਾਂ ਖਰਾ ਨਹੀਂ ਬਣ ਸਕਦਾ। ਉਸ ਦੇ ਬਦਲੇ ਕੋਈ ਚੀਜ਼ ਨਹੀਂ ਮਿਲਦੀ। ਇਸੇ ਤਰ੍ਹਾਂ ਖੋਟਾ ਮਨੁਖ ਪ੍ਰਵਾਨ ਨਹੀਂ ਹੁੰਦਾ।

ਆਗਰੇ ਵਿਚ ਹੀ ਸਯਦ ਅਮੀਰ ਮੁਨਵਰ ਅਲੀ ਖਾਂ ਨੇ ਗੁਰੂ ਜੀ ਨੂੰ ਪੁਛਿਆ–'ਮੁਅਜਜ਼ਾ ਪੈਗੰਬਰੀ ਦੀ ਸ਼ਰਤ ਹੈ, ਅਤੇ

---

੧ ਹਥਿਆਰ ਬੰਦ। ੨ ਮਿਲੇ ੩ ਇਕ ਸੌ ਮੋਹਰ। ੪ ਭੇਟਾ ਦਿਤੀ। ੫ ਸਰੋਪਾ ਤੇ ਜੜਾਊ ਖੜਾਂਵ।

ਕਰਾਮਾਤ ਫਕੀਰਾਂ ਦੀ ਹੈ। ਆਪ ਵੀ ਕੋਈ ਕਰਾਮਾਤ ਵਿਖਾਉ ?

ਗੁਰੂ ਜੀ ਨੇ ਉੱਤਰ ਦਿਤਾ—ਸਿਖੀ ਵਿਚ ਕਰਾਮਾਤ ਨਾਮ ਕਹਿਰ ਦਾ ਹੈ। ਦੁਨਿਆਵੀ ਤੌਰ ਤੇ ਤਿੰਨ ਚੀਜ਼ਾਂ ਕਰਾਮਾਤ ਹਨ:—

ਹਕੂਮਤ, ਦੌਲਤ ਅਤੇ ਤਲਵਾਰ। ਜਿਸ ਕੋਲ ਹੋਣਗੀਆਂ, ਉਸ ਨੂੰ ਦੁਨੀਆਂ ਮੰਨੇਗੀ।

'ਮੁਲਾਜ਼ਮਤ 'ਕਰਦਹ' ਤੋਂ ਕਈ ਇਤਿਹਾਸਕਾਰਾਂ ਨੂੰ ਇਹ ਭੁਲੇਖਾ ਲਗਾ ਹੈ ਕਿ ਗੁਰੂ ਜੀ ਨੇ ਬਾਦਸ਼ਾਹ ਦੀ ਨੌਕਰੀ ਕਰ ਲਈ। ਇਹ ਗੱਲ ਬਿਲਕੁਲ ਗਲਤ ਹੈ। ਅਰਬੀ ਵਿਚ ਮੁਲਾਜ਼ਮਤ ਦੇ ਅਰਥ ਹਨ 'ਨੇੜੇ ਹੋਣਾ।'

ਇਸ ਬਾਰੇ ਫ਼ਾਰਸਟਰ ਲਿਖਦਾ ਹੈ 'ਸਿਖ ਕਹਿੰਦੇ ਹਨ ਕਿ ਜਦ ਬਹਾਦਰ ਸ਼ਾਹ ਨੂੰ ਉਨ੍ਹਾਂ ਦੀ ਜੋਗਤਾ ਦਾ ਪਤਾ ਲਗਾ, ਤਦ ਉਸ ਨੇ ਗੁਰੂ ਜੀ ਨੂੰ ਫੌਜ ਵਿਚ ਇਕ ਅਹੁਦਾ ਦੇ ਦਿਤਾ।'

ਫਾਰਸਟਰ ਨੇ ਨਹੀਂ ਦਸਿਆ ਕਿ ਕਿਹੜੇ ਸਿਖ ਇਹ ਗੱਲ ਕਹਿੰਦੇ ਹਨ ਤੇ ਕੇਹੜਾ ਅਹੁਦਾ ਦਿਤਾ ?

ਪਿਛੋਂ ਕਨਿੰਘਮ ਨੇ ਲਿਖ ਦਿਤਾ--'ਸਾਰੇ ਲਿਖਾਰੀ ਸਰਬ ਸੰਮਤੀ ਨਾਲ ਕਹਿੰਦੇ ਹਨ ਕਿ ਗੁਰੂ ਜੀ ਨੇ ਬਾਦਸ਼ਾਹ ਦੀ ਮੁਲਾਜ਼ਮਤ ਕੀਤੀ।'

ਉਸ ਨੇ ਵੀ ਇਹ ਨਹੀਂ ਦਸਿਆ ਕਿ ਕਿਹੜੇ ਲਿਖਾਰੀ ਇਹ ਗਲ ਮੰਨਦੇ ਹਨ ?

ਕਵੀ ਸੈਨਾਪਤਿ ਹਜ਼ੂਰੀ ਕਵੀ ਸੀ। ਉਸ ਨੇ 'ਗੁਰ ਸੋਭਾ' ਵਿਚ ਨੌਕਰੀ ਦਾ ਕੋਈ ਜ਼ਿਕਰ ਨਹੀਂ ਕੀਤਾ। ਖਾਫ਼ੀ ਖਾਂ ਨੇ ਲਿਖਿਆ ਹੈ-- 'ਗੁਰੂ ਜੀ ਤਿੰਨ ਸੌ ਨੇਜ਼ਾ ਬਾਜ ਸਵਾਰਾਂ ਸਮੇਤ ਦਖਣ ਵਲ ਸੈਰ ਕਰਨ ਲਈ ਸ਼ਾਹੀ ਕੈਂਪ ਦੇ ਨਾਲ ਗਏ। ਉਹ ਆਮ ਲੋਕਾਂ ਵਿਚ ਪ੍ਰਚਾਰ ਕਰਦੇ ਸਨ। ਉਸ ਨੇ ਵੀ ਗੁਰੂ ਜੀ ਦੀ ਨੌਕਰੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਹ ਦਰੁਸਤ ਹੈ ਕਿ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਸੰਬੰਧ ਚੰਗੇ ਹੋ ਗਏ ਸਨ। ਉਹ ਕੁਝ ਚਿਰ ਸ਼ਾਹੀ ਕੈਂਪ ਦੇ ਨਾਲ ਵੀ ਰਹੇ। ਪਰ ਉਨ੍ਹਾਂ ਨੇ ਕਦੀ ਵੀ ਉਸ ਦੀ ਅਧੀਨਤਾ ਜਾਂ ਨੌਕਰੀ ਕਬੂਲ ਨਹੀਂ ਕੀਤੀ। ਜਿਸ ਸਤਿਗੁਰੂ ਨੇ ਸਾਰੀ ਜ਼ਿੰਦਗੀ ਔਰੰਗਜ਼ੇਬ ਦੀ ਕੂਟਲਨੀਤੀ ਤੇ ਜਬਰ ਦੇ ਵਿਰੁਧ ਘੋਲ ਕੀਤਾ ਹੋਵੇ, ਉਨ੍ਹਾਂ ਨੇ ਨੌਕਰੀ ਕੀ ਕਰਨੀ ਸੀ?

ਜਾਪਦਾ ਹੈ ਕਿ ਬਹਾਦਰ ਸ਼ਾਹ ਗੁਰੂ ਜੀ ਨੂੰ ਮਰਹਟਿਆਂ ਦੇ ਵਿਰੁਧ ਵਰਤਣਾ ਚਾਹੁੰਦਾ ਸੀ। ਉਨ੍ਹਾਂ ਨੇ ਇਸ ਤੋਂ ਇਨਕਾਰ ਕੀਤਾ ਤੇ ਉਸ ਨਾਲੋਂ ਅਡ ਹੋ ਗਏ। ਨਾਦੇੜ ਤੋਂ ਆਪ ਨੇ ਬੰਦਾ ਬਹਾਦਰ ਨੂੰ ਪੰਜ ਤੀਰ, ਹੁਕਮਨਾਮਾ ਤੇ ਸਿੰਘ ਨਾਲ ਦੇ ਕੇ ਸੂਬਾ ਸਰਹਿੰਦ ਦੀ ਸੁਧਾਈ ਲਈ ਪੰਜਾਬ ਵਲ ਭੇਜਿਆ। ਕੀ ਕੋਈ ਪਰ ਅਧੀਨ ਆਦਮੀ ਇਹ ਗਲ ਕਰ ਸਕਦਾ ਹੈ? ਹਰਗਿਜ਼ ਨਹੀਂ।

ਜੇ ਗੁਰੂ ਸਾਹਿਬ ਨੇ ਮੁਗਲਾਂ ਦੀ ਅਧੀਨਗੀ ਕਬੂਲ ਕਰਨੀ ਹੁੰਦੀ ਤਾਂ ਉਹ ਔਰੰਗਜ਼ੇਬ ਦੀ ਕਰਦੇ। ਜਿਸ ਦੀ ਹਮੈਤ ਕਰਕੇ ਕਈ ਹਿੰਦੂ ਰਾਜਿਆਂ ਨੇ ਖਿਤਾਬ ਤੇ ਜਗੀਰਾਂ ਲਈਆਂ। ਗੁਰੂ ਵੰਸ਼ ਵਿਚੋਂ ਰਾਮ ਰਾਇ ਨੇ ਔਰੰਗਜ਼ੇਬ ਦੀ ਅਧੀਨਗੀ ਕਬੂਲ ਕਰਕੇ 'ਸੱਜਾਦਾ ਨਸ਼ੀਨ, ਦਾ ਖਿਤਾਬ ਤੇ ਡੇਹਰਾਦੂਨ ਦੀ ਜਗੀਰ ਲਈ। ਫਿਰ ਦਸਮੇਸ਼ ਜੀ ਨੂੰ ਜੰਗ ਜੁਧ ਕਰਨ, ਕਸ਼ਟ ਉਠਾਉਣ ਤੇ ਸਰਬੰਸ ਕੁਰਬਾਨ ਕਰਨ ਦੀ ਲੋੜ ਨਹੀਂ ਸੀ। ਉਨ੍ਹਾਂ ਕਿਸੇ ਦੀ ਈਨ ਨਹੀਂ ਮੰਨੀ। ਅਧੀਨਗੀ ਕਬੂਲ ਨਹੀਂ ਕੀਤੀ।

—o—

ਬਤਾਲੀਵਾਂ ਵਿਆਖਿਆਨ

ਨਾਦੇੜ ਵਿਚ ਸਚਖੰਡ ਪ੍ਰਵੇਸ਼
ਮਾਧੋ ਦਾਸ ਬੈਰਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਵਲ ਭੇਜਣਾ, ਸੂਬਾ ਸਰਹਿੰਦ ਦੇ ਭੇਜੇ ਦੋ ਪਠਾਣਾਂ ਵਲੋਂ ਗੁਰੂ ਜੀ ਪਰ ਹਮਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਤੇ ਜੋਤੀ ਜੋਤ ਸਮਾਉਣਾ।

ਜਿਸ ਤਰ੍ਹਾਂ ਕੋਈ ਨਦੀ ਕਿਸੇ ਪਰਬਤ ਚੋਂ ਨਿਕਲਕੇ ਜੰਗਲ ਬੀਅਬਾਨਾਂ ਮੈਦਾਨੀ ਇਲਾਕਿਆਂ ਤੇ ਖੇਤਾਂ ਨੂੰ ਹਰਾ ਭਰਾ ਕਰਦੀ ਹੋਈ ਸਮੁੰਦਰ ਵਿਚ ਜਾ ਲੀਨ ਹੁੰਦੀ ਹੈ। ਇਸੇ ਤਰ੍ਹਾਂ ਪਟਨੇ ਵਿਚ ਗੰਗਾ ਦੇ ਕੰਢੇ ਅਵਤਾਰ ਧਾਰਨ ਵਾਲੇ, ਜਮਨਾ ਦੇ ਕੰਢੇ ਪਾਉਂਟਾ ਸਾਹਿਬ ਬਣਾਕੇ ਕਵੀ ਦਰਬਾਰ ਤੇ ਬੀਰ ਰਸੀ ਕਰਤਵ ਕਰਨ ਤੇ ਆਨੰਦ ਪੁਰ ਸਾਹਿਬ ਵਿਖੇ ਸਤਲੁਜ ਦੇ ਕੰਢੇ ਖਾਲਸਾ ਪੰਥ ਸਜਾ ਕੇ ਮੁਗਲ ਸਮਾਰਾਜ ਦੇ ਜਬਰ ਵਿਰੁਧ ਲੜਨ ਵਾਲੇ ਸਰਬੰਸ ਦਾਨੀ ਜੀਵਨ ਦਾ ਬਚਿਤਰ ਨਾਟਕ ਸਮਾਪਤ ਕਰਨ ਲਈ ਰਾਜਪੂਤਾਨੇ ਤੇ ਮੱਧ ਭਾਰਤ ਚੋਂ ਹੁੰਦੇ ਹੋਏ ਨਾਦੇੜ ਜਾ ਪੁਜੇ। ਉਸ ਵਕਤ ਪੰਜਾਂ ਪਿਆਰਿਆਂ ਚੋਂ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਨਾਲ ਸਨ। ਮੁਕਤਸਰ ਦੀ ਜੰਗ ਵਿਚ ਅਨੰਦ ਪੁਰ ਤੋਂ ਬੇਦਾਵਾ ਦੇ ਕੇ ਆਏ ਸਿੰਘਾਂ ਨੂੰ ਭਾਈ ਮਹਾਂ ਸਿੰਘ ਦੀ ਜਥੇਦਾਰੀ ਹੇਠ ਮੁੜ ਗੁਰੂ ਚਰਨਾਂ ਨਾਲ ਜੋੜਨ ਤੇ ਟੁਟੀ ਗੰਢਣ ਵਾਲੀ ਮਾਈ ਭਾਗ ਤੇ ਹੋਰ ਬਹੁਤ ਸਾਰੇ ਸਿੰਘ ਨਾਲ ਸਨ।

ਸ੍ਰੀ ਦਸਮੇਸ਼ ਜੀ ਨੇ ਨਾਦੇੜ ਵਿਚ ਨਿਵਾਸ ਤੇ ਬਿਸਰਾਮ

ਕੀਤਾ । ਇਸ ਥਾਂ ਇਕ ਮਾਧੋ ਦਾਸ ਵੈਰਾਗੀ ਸਾਧੂ ਰਹਿੰਦਾ ਸੀ । ਉਹ ਤਾਂਤ੍ਰਿਕ ਮੱਤ ਅਨੁਸਾਰ ਜੰਤ੍ਰ ਮੰਤ੍ਰ ਦੇਵੀ ਦੇਵਤਿਆਂ ਦਾ ਜਾਪ ਤੇ ਅਰਾਹਨ ਕਰਦਾ ਸੀ। ਉਹ ਆਪਣੀਆਂ ਮਾਨਸਕ ਸ਼ਕਤੀਆਂ ਨਾਲ ਲੋਕਾਂ ਉਤੇ ਪ੍ਰਭਾਵ ਪਾਉਂਦਾ ਸੀ । ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਮਾਧੋ ਦਾਸ ਦੀ ਕੁਟੀਆ ਵਿਚ ਚਲੇ ਗਏ । ਉਸ ਦੇ ਸਿੰਘਾਸਨ ਪਰ ਜਾ ਬਿਰਾਜੇ। ਜਦ ਮਾਧੋ ਦਾਸ ਨੇ ਵੇਖਿਆ ਤਾਂ ਬਹੁਤ ਕ੍ਰੋਧਾਤੁਰ ਹਇਆ । ਉਸ ਨੇ ਆਪਣੀਆਂ ਮਾਨਸਕ ਸ਼ਕਤੀਆਂ ਨੂੰ ਗੁਰੂ ਜੀ ਦੇ ਵਿਰੁਧ ਵਰਤਿਆ, ਪਰ ਉਸ ਦੀ ਕੋਈ ਪੇਸ਼ ਨਾ ਗਈ । ਮਾਧੋ ਦਾਸ ਨੇ ਮਹਾਰਾਜ ਦੇ ਚਰਨ ਫੜ ਲਏ ਤੇ ਕਿਹਾ : 'ਆਪ ਦਾ ਬੰਦਾ ਹਾਂ।' ਉਸ ਵਕਤ ਗੁਰੂ ਸਾਹਿਬ ਨੇ ਉਸ ਨੂੰ ਉਪਦੇਸ਼ ਕੀਤਾ—'ਜਿਸ ਸਮੇਂ ਧਰਮ ਅਤੇ ਦੇਸ਼ ਸੰਕਟ ਵਿਚ ਹੋਵੇ, ਇਥੇ ਤੇਰੇ ਭਜਨ ਬੰਦਗੀ ਤੇ ਮਾਨਸਕ ਸ਼ਕਤੀਆਂ ਵਿਖਾ ਕੇ ਲੋਕਾਂ ਨੂੰ ਭਰਮਾਉਣ ਦਾ ਕੀ ਲਾਭ ਹੈ ? ਸੂਰਬੀਰ ਤੇ ਕਰਮ ਯੋਗੀ ਬਣ ਕੇ ਜ਼ੁਲਮੀ ਰਾਜ ਦੀ ਜੜ੍ਹ ਪੁਟਣ ਲਈ ਤਿਆਰ ਹੋ ਜਾ।'

ਸ੍ਰੀ ਦਸਮੇਸ਼ ਜੀ ਦੇ ਦਰਸ਼ਨ ਤੇ ਉਪਦੇਸ਼ ਨੇ ਮਾਧੋ ਦਾਸ ਦੀ ਕਾਂਇਆ ਪਲਟ ਦਿਤੀ। ਉਸ ਵਿਚ ਨਵੀਂ ਰੂਹ ਫੂਕੀ ਗਈ, ਉਸ ਦੇ ਮਨ ਵਿਚ ਬੀਰਤਾ ਕੁਰਬਾਨੀ ਤੇ ਦੇਸ਼ ਪਿਆਰ ਦਾ ਸਮੁੰਦਰ ਠਾਠਾਂ ਮਾਰਨ ਲਗ ਪਿਆ । ਉਸ ਦਾ ਅਧਿਆਤਮਕ ਤੌਰ ਤੇ ਪੁਨਰ ਜਨਮ ਹੋ ਗਿਆ । ਪਹਿਲੇ ਮਾਧੋ ਦਾਸ ਵੈਰਾਗੀ ਤੇ ਵੈਸ਼ਨਵ ਸੀ । ਸ੍ਰੀ ਦਸਮੇਸ਼ ਜੀ ਦੀ ਚਰਨ ਛੋਹ ਤੇ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਕੇ ਬੰਦਾ ਬਹਾਦਰ ਬਣ ਗਿਆ ।

ਗੁਰੂ ਸਾਹਿਬ ਨੇ ਬੰਦੇ ਨੂੰ ਹੁਕਮਨਾਮਾ, ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਤੇ ਪੰਜ ਸਿੰਘ ਨਾਲ ਦੇ ਕੇ ਪੰਜਾਬ ਵਿਚੋਂ ਮੁਗ਼ਲ ਰਾਜ ਦੀ ਜੜ੍ਹ ਪੁਟਣ ਲਈ ਭੇਜਿਆ ।

ਪਠਾਣਾਂ ਦਾ ਵਾਰ–

ਗੁਰੂ ਸਾਹਿਬ ਨਾਦੇੜ (ਦਖਣ) ਵਿਚ ਠਹਿਰੇ ਹੋਏ ਸਨ। ਉਥੇ ਇਕ ਦਿਨ ਸ਼ਾਮ ਵੇਲੇ ਦੋ ਪਠਾਣਾਂ ਨੇ ਤੰਬੂ ਵਿਚ ਆਪ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਪੇਟ ਵਿਚ ਖੰਜਰ ਮਾਰਿਆ। ਮਹਾਰਾਜ ਨੇ ਇਕ ਪਠਾਣ ਜਮਸ਼ੇਦ ਖਾਂ ਨੂੰ ਤਲਵਾਰ ਮਾਰ ਕੇ ਝਟਕਾ ਦਿਤਾ। ਦੂਜੇ ਨੂੰ ਸਿਖਾਂ ਮਾਰ ਬੁਲਾਇਆ।

ਇਸ ਘਟਨਾ ਬਾਰੇ ਵੀ ਇਤਿਹਾਸ ਵਿਚ ਤਿੰਨ ਗੱਲਾਂ ਲਿਖੀਆਂ ਹੋਈਆਂ ਮਿਲਦੀਆਂ ਹਨ–

(੧) ਇਹ ਪਠਾਣ ਪੈਂਦੇ ਖਾਂ ਦੇ ਪੋਤਰੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਤਰੰਜ ਖੇਡਦਿਆਂ ਆਪਣੇ ਦਾਦੇ ਦਾ ਕਤਲ ਚੇਤੇ ਕਰਾਇਆ।

(੨) ਪਠਾਣਾਂ ਨੇ ਗੁਰੂ ਜੀ ਕੋਲ ਘੋੜੇ ਵੇਚੇ ਸਨ। ਘੋੜਿਆਂ ਦੀ ਕੀਮਤ ਬਾਰੇ ਝਗੜਾ ਹੋਇਆ।

(੩) ਇਹ ਪਠਾਣ ਸੂਬਾ ਸਰਹਿੰਦ ਜਾਂ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਕਤਲ ਕਰਨ ਲਈ ਭੇਜੇ ਸਨ।

ਜੇ ਪਹਿਲੀ ਗਲ ਸਹੀ ਮੰਨੀ ਜਾਏ, ਤਦ ਇਸ ਦਾ ਮਤਲਬ ਇਹ ਹੈ ਕਿ ਗੁਰੂ ਜੀ ਨੇ ਆਪ ਉਕਸਾ ਕੇ ਜਾਂ ਪ੍ਰੇਰਨਾ ਦੇ ਕੇ ਮੌਤ ਸਹੇੜੀ। ਮਹਾਂਬਲੀ ਸਤਿਗੁਰੂ ਤੋਂ ਇਸ ਗੱਲ ਦੀ ਆਸ ਨਹੀਂ ਹੋ ਸਕਦੀ।

ਘੋੜਿਆਂ ਦੀ ਕੀਮਤ ਬਾਰੇ ਝਗੜਾ ਹੋਣ ਦੀ ਸਾਖੀ ਵੀ ਨਿਰਮੂਲ ਹੈ, ਕਿਉਂਕਿ ਗੁਰੂ ਸਾਹਿਬ ਵਿਹਾਰ ਦੇ ਅਤਿ ਸੁਚੇ ਸਨ। ਉਨ੍ਹਾਂ ਨੇ ਘੋੜਿਆਂ ਦੇ ਮੁਲ ਬਾਰੇ ਕੀ ਝਗੜਾ ਕਰਨਾ ਸੀ ?

ਤੀਜੇ ਹੈ ਬਹਾਦਰ ਸ਼ਾਹ ਵਲੋਂ ਕਤਲ ਕਰਾਉਣ ਦੀ ਸਾਜਸ਼, ਇਹ ਕੋਈ ਵਡੀ ਗਲ ਨਹੀਂ। ਪਰ ਬਹਾਦਰ ਸ਼ਾਹ ਉਸ ਵਕਤ ਹੈਦਰਾਬਾਦ ਦਖਣ ਵਿਚ ਸੀ ਅਤੇ ਕਾਤਲ ਪਠਾਣ ਪੰਜਾਬ ਵਿਚੋਂ ਗਏ ਸਨ। ਇਹ ਸੂਬਾ ਸਰਹਿੰਦ ਨੇ ਭੇਜੇ ਸਨ।

ਹਕੀਕਤ ਇਕ ਹੈ ਗੁਰੂ ਜੀ ਤੇ ਬਹਾਦਰ ਸ਼ਾਹ ਦਾ ਨੇੜ ਹੋਣ ਨਾਲ ਸੂਬਾ ਸਰਹਿੰਦ ਨੂੰ ਆਪਣੇ ਜ਼ੁਲਮ ਦੀ ਸਜ਼ਾ ਮਿਲਣ ਦਾ ਡਰ ਸੀ। ਇਸ ਲਈ ਉਸ ਨੇ ਦੋ ਪਠਾਣ ਗੁਰੂ ਜੀ ਨੂੰ ਕਤਲ ਕਰਨ ਲਈ ਨਾਦੇੜ ਭੇਜੇ । ਪਹਿਲੇ ਇਹ ਪਠਾਣ ਮਾਤਾ ਸੁੰਦਰੀ ਜੀ ਕੋਲ ਦਿਲੀ ਗਏ। ਉਨ੍ਹਾਂ ਤੋਂ ਮਹਾਰਾਜ ਦਾ ਪਤਾ ਕਰਕੇ ਨਦੇੜ ਪੁਜੇ। ਉਨ੍ਹਾਂ ਨੇ ਗੁਰੂ ਜੀ ਤੇ ਮਾਰੂ ਹਮਲਾ ਕੀਤਾ ।

ਗੁਰੂ ਜੀ ਦੇ ਪੇਟ ਦਾ ਜ਼ਖਮ ਸੀਤਾ ਗਿਆ । ਸ਼ਾਹੀ ਰੋਜ਼ਨਾਮਚੇ ਤੋਂ ਪਤਾ ਲਗਦਾ ਹੈ ਕਿ ਅਕਤੂਬਰ ੧੭੦੮ ਨੂੰ ਬਹਾਦਰ ਸ਼ਾਹ 'ਬਿਦਰ' ਰਿਆਸਤ ਹੈਦਰਾਬਾਦ ਵਿਚ ਜਮਸ਼ੇਦ ਖਾਂ ਪਠਾਣ ਦੇ ਹਥੋਂ ਗੁਰੂ ਜੀ ਦੇ ਜ਼ਖਮੀ ਹੋਣ ਦੀ ਇਤਲਾਹ ਮਿਲੀ ਤੇ ਜਮਸ਼ੇਦ ਖਾਂ ਮਾਰੇ ਜਾਣ ਦਾ ਵੀ ਪਤਾ ਲਗਾ ।

ਬਹਾਦਰ ਸ਼ਾਹ ਨੇ ਗੁਰੂ ਜੀ ਦੀ ਵੇਖ ਭਾਲ ਲਈ ਆਪਣਾ ਇਕ ਡਾਕਟਰ ਵੀ ਭੇਜਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੇਟ ਦਾ ਜ਼ਖਮ ਬਹੁਤ ਡੂੰਘਾ ਸੀ। ਇਤਿਹਾਸਕਾਰ ਲਿਖਦੇ ਹਨ ਕਿ ਤੀਰ ਕਮਾਨ ਚੜ੍ਹਾਣ ਕਰ ਕੇ ਪੇਟ ਦੇ ਟਾਂਕੇ ਟੁਟ ਗਏ। ਸਮਾਉਣ ਦਾ ਸਮਾਂ ਨੇੜੇ ਆ ਗਿਆ ਸੀ।

ਭਾਈ ਸੁਖਾ ਸਿੰਘ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਲਿਖਦੇ ਹਨ ਕਿ ਗੁਰੂ ਸਾਹਿਬ ਦੀ ਦਸ਼ਾ ਵੇਖ ਕੇ ਸਿੰਘਾਂ ਵਿਚ ਵੈਰਾਗ ਤੇ ਕਰੁਣਾ ਰਸ ਪੈਦਾ ਹੋ ਗਿਆ। ਉਨਾਂ ਨੇ ਬੇਨਤੀ ਕੀਤੀ—

ਤਾਤੇ ਇਹੈ ਬਿਨੈ੧ ਹਮ ਪਾਵੈ ।
ਕਹਾ ਖਾਲਸਾ ਸ਼ੀਸ਼ ਟਿਕਾਵੈ ।
ਤਾਤੇ ਅੰਚਰ੨ ਹਮ ਪਕਰਾਵਹੁ ।
ਜਹਾ ਆਪ ਸੋ ਠੌਰ੩ ਬਤਾਵਹੁ ।

੧; ਬੇਨਤੀ, ੨, ਲੜ, ਅੰਚਲ, ੩. ਥਾਂ

ਭਾਵ-ਸਾਡੀ ਬੇਨਤੀ ਹੈ ਕਿ ਹਜੂਰ ਦੇ ਬਾਅਦ ਅਸੀਂ ਕਿਸ ਨੂੰ ਸੀਸ ਝੁਕਾਉਣਾ ਹੈ, ਸਾਨੂੰ ਆਪ ਕਿਸ ਦੇ ਲੜ ਲਾ ਚਲੇ ਹੋ ?

ਗੁਰੂ ਸਾਹਿਬ ਨੇ ਉੱਤਰ ਦਿਤਾ-

ਸ੍ਰੀ ਅਸਧੁਜ ਕਾਲ ਰੂਪ ਕਹਾਯੋ।
ਅਕਾਲ ਪੁਰਖ ਕੀ ਚਰਨੀ ਲਾਯੋ।
ਤਾਕਹ ਨਿਰਖ ਜਪੋ ਮਨ ਮਾਹੀ।
ਅਧਿਕ ਸੁਖ ਹੈ, ਤੁਮੈ ਮਹਾਹੀ।੨੫।
ਲੋਕ ਸੁਖੀ ਪ੍ਰਲੋਕ ਬਨਾਯੋ।
ਸ੍ਰੀ ਹਰਿ ਜੂ ਕੇ ਚਰਨਿਨ ਧਿਆਯੋ।
ਦਸ ਮਹਲਨ ਕੀ ਪੜੀਐ ਬਾਨੀ।
ਅਦ੍ਰੁਤ ਸੁਖ ਪਾਵਹ ਨਿਰਬਾਨੀ।
ਹਮ ਕਹ ਲਖੋ ਨ ਇਨ ਤੇ ਦੂਰੀ।
ਹਮ ਤੁਮਰੇ ਸਦ ਸੰਗ ਹਜੂਰੀ।੨੭।
ਚੌਕੀ ਸ਼ਬਦ ਪੂਰਬ ਗੁਰ ਕਰੀਐ।
ਰਹਿਤ ਖਾਲਸੇ ਕੀ ਉਰ ਧਰੀਐ।
ਪੰਚ ਸੁ ਮੇਲ* ਪੰਥ ਕੇ ਤਿਯਾਗੀ।
ਗੁਰ ਮੂਰਤ ਹੂ ਜੋ ਅਨੁਰਾਗੀ।

ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਇਸੇ ਦੀ ਪ੍ਰਸ਼ਟੀ ਕਰਦੇ ਹੋਏ ਲਿਖਿਆ ਹੈ ਕਿ ਖਾਲਸੇ ਨੇ ਬੇਨਤੀ ਕੀਤੀ-

ਨੌ ਪਾਤਸ਼ਾਹ ਅੰਤ ਕੋ ਸਾਰੇ।
ਸੰਗਤ ਲਰ ਪਕਰਾਇ ਉਦਾਰੇ।
ਪੁਨ ਬੈਕੁੰਠ ਗਮਨ ਕੋ ਕਰੈਂ।
ਹਮ ਕਿਸ ਕੇ ਪਗ ਪਰ ਸਿਰ ਧਰੈਂ।
ਕਿਤ ਕੋ ਕਰ ਬਿਲੰਬ ਕੋ ਚਲੇ।
ਪੰਥ ਖਾਲਸਾ ਤੁਮਰੇ ਭਲੇ।

*ਨੜੀ ਮਾਰ, ਕੁੜੀ ਮਾਰ, ਸਿਰ ਗੁੰਮ ਆਦਿਕ।

ਦਸਮ ਪਾਤਸ਼ਾਹ ਨੇ ਉਤਰ ਦਿਤਾ—

ਗੰਥ ਅਕਾਲ ਪੁਰਖ ਕੋ ਪਾਯੋ।
ਸੌਂਪਨ ਕਰ ਅੰਚਲ ਪਕਰਾਯੋ।
ਪੜੀਅਹਿ ਸਰਬ ਗੁਰਨ ਕੀ ਬਾਨੀ।
ਰਖੀਅਹਿ ਰਹਿਤ ਜੋ ਹਮਹੁ ਬਖਾਨੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਪ੍ਰਵੇਸ਼ ਕਰਨ ਤੋਂ ਪਹਿਲੇ—

'ਕਰਦ ਕਮਾਨ ਪਾਨ੧ ਮੇਂ ਧਰਾ।
ਧਾਠ ਮਖਮਲ ਸੰਪੂਰਨ ਕਾਰਾ।
ਪੁਨ ਅਰਦਾਸ ਕਮਰਕਸ ਲੀਨੀ।
ਕੰਧੇ ਧਨਖ ਟਿਕਾਵਨ ਕੀਨੀ।
ਕਰਦ ਪਾਗਰ੨ ਮੇਂ ਧਰੀ ਬਨਾਇ।
ਲਈ ਹਾਥ ਮੇਂ ਤੁਪਕ ਉਠਾਇ।

ਬਾਵਾ ਸਰੂਪ ਦਾਸ ਨੇ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ—

'ਸਿਖਾਂ ਨੇ ਪੂਛਾ ਅਬ ਦਰਸਨ ਕਹਾਂ ਕਰਹਿ।' ਸਤਿਗੁਰ ਦੀਨ ਦਿਆਲ ਬਚਨ ਕੀਆ ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਂਗੀ।'

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਲੇਖਕ ਮੁਨਸ਼ੀ ਸੋਹਨ ਲਾਲ ਨੇ ਆਪਣੀ 'ਉਮਦਾਤੁ ਤ੍ਵਾਰੀਖ' ਵਿਚ ਲਿਖਿਆ ਹੈ ਕਿ ਜੋਤੀ ਜੋਤ ਸਮਾਉਣ ਤੋਂ ਪਹਿਲਾਂ 'ਸ਼ੁਖਸ ਅਜ਼ ਨਿਆਜ ਮੰਦਾਂ ਅਰਜ਼ ਨਮੂਦ ਕਿ ਕਦਾਮ ਕਸਰਾ ਗੁਰੂ ਮੁਕੱਰਰ ਨਮੂਦਾ।'

---

੧ ਹਥ ਵਿਚ ਕ੍ਰਿਪਾਨ ਲਈ। ੨ ਦਸਤਾਰ ਵਿਚ ਛੋਟੀ ਕ੍ਰਿਪਾਨ ਧਾਰਨ ਕੀਤੀ।

ਭਾਵ—ਸਿਖ ਸੇਵਕਾਂ ਵਿਚੋਂ ਇਕ ਨੇ ਮਹਾਰਾਜ ਨੂੰ ਪੁਛਿਆ—'ਆਪ ਨੇ ਕਿਸ ਨੂੰ ਗੁਰੂ ਨੀਯਤ ਕੀਤਾ ਹੈ ?

ਦਸਮ ਪਾਤਸ਼ਾਹ ਨੇ ਉਤਰ ਦਿਤਾ—'ਗੁਰੂ ਗ੍ਰੰਥ ਜੀ ਅਸਰ'

ਗਿਅਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ:—ਦਸਮ ਪਾਤਸ਼ਾਹ ਨੇ ਫੁਰਮਾਇਆ—

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਯੋ ਗਰੰਥ ।
ਗੁਰੂ ਗ੍ਰੰਥ ਜੀ ਮਾਨੀਯੋ ਪ੍ਰਗਟ ਗੁਰਾਂ ਕੀ ਦੇਹ ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇਂ ਲੇਹ ।

ਇਹ ਬਚਨ ਕਰਕੇ ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦਿਤੀ ਅਤੇ ਅੰਤਮ ਨਮਸ਼ਕਾਰ ਕੀਤੀ । ਇਹ ਵੀ ਕਿਹਾ ਸਾਡੀ ਸਮਾਧ ਜਾਂ ਮੜੀ ਨਹੀਂ ਬਣਾਉਣੀ ।* ਅਸੀਂ ਖਾਲਸੇ ਦੇ ਅੰਗ ਸੰਗ ਹਾਂ ।

ਸਚੇ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਚ ਖਾਲਸਾ ਸਜਾ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੇ ਗੁਰਮੰਤ੍ਰ ਦੇਣ ਦਾ ਅਧਿਕਾਰ ਦੇ ਕੇ ਸ਼ਖਸੀ ਗੁਰਤਾ ਨੂੰ ਪੰਥ ਵਿਚ ਮੁੰਤਕਿਲ ਕਰ ਦਿਤਾ ਸੀ । ਨਾਦੇੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦੇ ਕੇ 'ਬਾਣੀ ਗੁਰੂ ਗੁਰੂ ਹੈ ਬਾਣੀ' ਤੇ 'ਗਿਆਨ ਗੁਰੂ ਆਤਮ ਉਪਦੇਸਹੁ' ਦੇ ਆਦਰਸ਼ ਨੂੰ ਸੰਪੂਰਨ ਕਰਕੇ ਵਿਅਕਤੀ ਉਪਾਸ਼ਨਾ (Personal cult) ਜਾਂ ਸ਼ਖਸੀ ਪੂਜਾ ਦਾ ਖਾਤਮਾ ਕਰ ਦਿਤਾ ।

ਜੀਵਨ ਲੀਲ੍ਹਾ ਸਮਾਪਤ ਕਰਨ ਤੋਂ ਪਹਿਲੋ ਫੁਰਮਾਇਆ:—

'ਪੂਜਾ ਅਕਾਲ ਪੁਰਖ ਕੀ,
ਦਰਸ਼ਨ ਖਾਲਸੇ ਕਾ,
ਅਤੇ ਪਰਚਾ ਸ਼ਬਦ ਕਾ ।'

---

*ਰਿਨੈ ਮਹਿਲ ਤਿਸ ਕੁਲ ਗਲ ਜਾਇ । (ਸੂਰਜ ਪ੍ਰਕਾਸ਼)

ਨਾਦੇੜ ਵਿਚ ਕਤਕ ਸੁਦੀ ੫ ਸੰਮਤ ੧੭੬੫ ਬਿ: ਨੂੰ ਅਧੀਰਾਤ ਵੇਲੇ ਮਹਾਰਾਜ ਬਿਸਤਰੇ ਤੋਂ ਉਠੇ। ਆਪ ਨੇ ਸਿਖ ਸੰਗਤ ਨੂੰ ਸਦ ਕੇ ਅੰਤਮ ਬਚਨ ਕੀਤਾ--'ਖਾਲਸਾ ਜੀ ! ਅਸੀਂ ਹੁਣ ਤੁਹਾਨੂੰ ਆਖਰੀ ਫਤਹਿ ਬੁਲਾਉਂਦੇ ਹਾਂ।'

ਇਸ ਤੋਂ ਪਿਛੋਂ ਧਰਮ ਤੇ ਦੇਸ਼ ਰਖਿਅਕ, ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੁਲ੍ਹਾਂ ਤੇ ਆਖਰੀ ਮੁਸਕ੍ਰਾਹਟ ਆਈ ਤੇ ਨੈਣ ਮੁੰਦ ਗਏ। ਫਿਰ--

ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਮਹਾਰਾਜ ਦੇ ਜੋਤੀ ਜੋਤ ਸਮਾਉਣ ਦੇ ਅੰਤਮ ਦ੍ਰਿਸ਼ ਨੂੰ ਇਉਂ ਬਿਆਨ ਕਰਦੇ ਹਨ:--

ਸੁੰਨ ਸਮਾਧਿ ਅਨਹੱਦ ਲਿਵਲਾਈ।
ਜੋਗ ਅਗਨਿ ਤੂਰਨ ਉਪਜਾਈ।
ਚਢ ਅਕਾਸ ਕੇ ਪੰਥ ਪਧਾਰੇ।
ਹਾਇ ਹਾਇ ਨਰ ਖਰੇ ਪੁਕਾਰੇ।

ਮਹਿਮਾ ਪ੍ਰਕਾਸ਼ ਅਨੁਸਾਰ--

'ਸ੍ਰੀ ਗੁਰੂ ਜੀ ਕੇ ਸਰੀਰ,
ਕਾ ਸਸਕਾਰ ਹੂਆ।

ਨਾਦੇੜ ਵਿਚ ਜਿਥੇ ਸਤਿਗੁਰੂ ਜੀ ਜੋਤੀ ਜੋਤ ਸਮਾਏ, ਉਸ ਅਸਥਾਨ ਦਾ ਨਾਂ ਸਚਖੰਡ ਹਜ਼ੂਰ ਸਾਹਿਬ ਹੈ। ਇਹ ਚਾਰ ਤਖਤਾਂ ਵਿਚੋਂ ਇਕ ਹੈ।

ਦਰਬਾਰ ਪ੍ਰਿੰਟਿੰਗ ਪ੍ਰੈਸ, ਘੰਟਾ ਘਰ, ਅੰਮ੍ਰਿਤਸਰ।